# ਭਿੰਡਰਾਂਵਾਲੇ ਸੰਤਾਂ ਦੇ ਆਖਰੀ ਛੇ ਦਿਨ



ਬਲਬੀਰ ਸਿੰਘ ਸੰਧੂ

ੴ ਵਾਹਿਗੁਰੂ ਜੀ ਕੀ ਫਤਹਿ॥

# ਭਿੰਡਰਾਂ ਵਾਲੇ ਸੰਤਾਂ ਦੇ ਆਖਰੀ ਛੇ ਦਿਨ


ਲੇਖਕ

ਬਲਬੀਰ ਸਿੰਘ ਸੰਧੂ



*Published by:*

**SIKH INFORMATION CENTRE U.K.**

**84 Westbourne Park Road, London W2. U.K.**

*Printed by:*

**COMPOSET PRINTERS**

478 Lady Margaret Road, Southall, Middx. UB1 2NW.

Tel: 081 575 8694 Fax: 081 575 8659

## ਸਮਰਪਤ

'ਰਾਜ ਕਰੇਗਾ ਖਾਲਸਾ' ਦੇ ਸੰਕਲਪ

ਅਤੇ

ਖਾਲਿਸਤਾਨ ਲਹਿਰ ਦੇ ਸ਼ਹੀਦਾਂ

ਅਤੇ ਘੁਲਾਟੀਆਂ ਨੂੰ

ਬਲਬੀਰ ਸਿੰਘ ਸੰਧੂ



# ਕੁੱਝ ਲੇਖਕ ਬਾਰੇ

ਸੰਧੂ ਸਾਹਿਬ ਦਾ ਨਾਂ ਤੇ ਪਹਿਲਾਂ ਬਹੁਤ ਸੁਣਿਆ ਸੀ। ਉਨ੍ਹਾਂ ਦੀ ਇਕ ਰਚਨਾ 'ਧੂੜ ਉੱਡਦੀ ਗਈ'ਵੀ ਮੈਨੂੰ ਪੜ੍ਹਨ ਦਾ ਮੌਕਾ ਮਿਲਿਆ ਸੀ, ਪਰ ਆਮ੍ਹੋ-ਸਾਹਮਣੇ ਟਾਕਰਾ 1977 ਵਿੱਚ ਹੋਇਆ ਜਦੋਂ ਮੈਂ ਐਮਰਜੈਂਨਸੀ ਹਟਣ ਅਤੇ ਮਿਸਿਜ਼ ਗਾਂਧੀ ਦੇ ਹਾਰਨ ਤੋਂ ਬਾਅਦ ਤਕਰੀਬਨ ਸੱਤ ਸਾਲ ਦੀ ਜਲਾਵਤਨੀ ਕੱਟ ਕੇ ਦੇਸ ਪਰਤਿਆ ਸਾਂ।

ਮੈਂ ਖਾਲਿਸਤਾਨ ਦੀ ਗੱਲ ਨੂੰ ਅੱਗੇ ਤੋਰਨ ਲਈ ਦਿਲਕੁਸ਼ਾ ਮਾਰਕੀਟ ਜਾਲੰਧਰ ਵਿੱਚ ਇਕ ਦਫਤਰ ਖੋਲ੍ਹਿਆ ਸੀ। ਇਕ ਦਿਨ ਸਵੇਰੇ ਸਵੇਰੇ ਹੀ, ਕਾਫੀ ਬਿਰਧ ਹੋਏ ਸਾਈਕਲ ਨਾਲ ਢੋ ਲਾਈ, ਐਨਕਾਂ ਪਹਿਨੀ ਇਕ ਤੀਹ ਪੈਂਤੀ ਸਾਲਾਂ ਦਾ ਬੰਦਾ ਖੜ੍ਹਾ, ਬੜੇ ਗੌਹ ਨਾਲ ਦਫਤਰ ਦੇ ਬੋਰਡ ਅਤੇ ਲਹਿਰਾਉਂਦੇ ਹੋਏ ਖਾਲਸਾਈ ਝੰਡੇ ਨੂੰ ਤੱਕ ਰਿਹਾ ਸੀ। ਨਿਹਾਇਤ ਸਾਦਾ ਲਿਬਾਸ ਅਤੇ ਗੰਭੀਰ ਚੇਹਰੇ ਵਾਲੇ ਇਸ ਸੱਜਣ ਨੂੰ ਮੈਂ ਬਾਹਰ ਆ ਕੇ ਫਤਹਿ ਬੁਲਾਈ ਅਤੇ ਅੰਦਰ ਆਉਣ ਲਈ ਕਿਹਾ।

ਉਸ ਵੇਲੇ ਡਰ ਦੇ ਮਾਰੇ, ਬਹੁਤ ਘੱਟ ਲੋਕ ਹੀ ਇਸ ਦਫਤਰ ਵਿਚ ਆਉਂਦੇ ਸਨ। ਜਦੋਂ ਉਹਨੀਂ ਆਪਣੀ ਜਾਣ ਪਛਾਣ ਕਰਾਉਂਦਿਆਂ ਨੇ ਮੈਨੂੰ ਆਪਣਾ ਨਾਂ ਦੱਸਿਆ ਤਾਂ ਮੈਂ ਉਹਨਾਂ ਨੂੰ ਉੱਠ ਕੇ ਜੱਫੀ ਪਾ ਲਈ।

ਹੋਰ ਗੱਲ ਬਾਤ ਕਰਨ ਤੋਂ ਪਹਿਲਾਂ ਉਹਨੀਂ ਮੈਨੂੰ ਪਹਿਲਾ ਸਵਾਲ ਹੀ ਇਹ ਪੁਛਿਆ, 'ਕੀ ਮੈਂ ਇਸ ਨੇਕ ਕੰਮ ਵਿਚ ਤੁਹਾਡੀ ਕੋਈ ਮਦਦ ਕਰ ਸਕਦਾ ਹਾਂ।'

ਬੱਸ ਉਸ ਦਿਨ ਤੋਂ ਹੀ ਸੰਧੂ ਸਾਹਿਬ ਨੇ ਦਫਤਰ ਦਾ ਸਾਰਾ ਕੰਮ ਸਾਂਭ ਲਿਆ। ਸੰਧੂ ਸਾਹਿਬ ਮਾਝੇ ਦੀ ਉਸ ਜੁਝਾਰੂ ਧਰਤੀ ਦੇ ਜੰਮ-ਪਲ ਹਨ ਜਿਸਨੂੰ ਛੇ ਗੁਰੂ ਸਾਹਿਬਾਨ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ ਅਤੇ ਜਿਥੋਂ ਖਾਲਸਾ ਇਕਲਾਬ ਦਾ ਮਹੂਰਤ ਹੋਇਆ।

ਬਲਬੀਰ ਸਿਘ ਜੀ ਸੰਧੂ ਪਿਛਲੇ ਬਾਰਾਂ ਸਾਲਾਂ ਤੋਂ ਹੀ ਤਨ ਮਨ ਅਤੇ ਧਨ ਨਾਲ ਖਾਲਿਸਤਾਨ ਦੇ ਸੰਘਰਸ਼ ਵਿਚ ਜੁਟੇ ਹੋਏ ਨੇ। 15 ਮਈ 1980 ਨੂੰ ਉਹਨੀਂ ਪੰਜਾਂ ਸਿਘਾਂ ਨੂੰ ਨਾਲ ਲੈਕੇ ਖਾਲਿਸਤਾਨ ਦੀ ਸਰਕਾਰ ਦਾ ਐਲਾਨ, ਅਕਾਲ ਤਖਤ ਸਾਹਿਬ ਵਿਖੇ ਅਰਦਾਸ ਕਰਕੇ ਅਤੇ ਖਾਲਿਸਤਾਨ ਦਾ ਪਾਸਪੋਰਟ ਜਾਰੀ ਕਰਕੇ ਕੀਤਾ ਸੀ। ਉਹ ਉਸ ਦਿਨ ਤੋਂ ਹੀ ਅੰਡਰਗਰਾਉਂਡ ਹੋ ਗਏ ਸਨ।

ਉਹ ਦਰਬਾਰ ਸਾਹਿਬ ਉੱਤੇ ਹਿੰਦ ਸਰਕਾਰ ਦੀ ਫੌਜ ਦਾ ਹਮਲਾ ਹੋਣ ਵੇਲੇ ਉੱਥੇ ਮੌਜੂਦ ਸਨ। ਸੰਧੂ ਸਾਹਿਬ ਕਲਮ ਅਤੇ ਬੰਦੂਕ ਦੋਨਾਂ ਦੇ ਹੀ ਧਨੀ ਹਨ। ਸੰਤ ਜਰਨੈਲ ਸਿਘ ਜੀ ਭਿੰਡਰਾਂਵਾਲਿਆਂ ਦੇ ਆਦੇਸ਼ ਅਨੁਸਾਰ ਉਹ ਹਮਲੇ ਵਿਚੋਂ ਬਚ ਨਿਕਲਣ ਵਿਚ ਸਫਲ ਹੋਏ ਅਤੇ ਉਸ ਦਿਨ ਤੋਂ ਹੀ ਮੈਦਾਨੇ ਜੰਗ ਵਿਚ ਕਲਮ ਅਤੇ ਬੰਦੂਕ ਦੋਨਾਂ ਨਾਲ ਹੀ ਸੰਘਰਸ਼ ਵਿਚ ਜੂਝ ਰਹੇ ਹਨ।

'ਸੰਤ ਜਰਨੈਲ ਸਿਘ ਜੀ ਦੇ ਆਖਰੀ ਛੇ ਦਿਨ' ਪੁਸਤਕ ਦੀ ਰਚਨਾ ਜੰਗਲਾਂ ਬੀਆ ਬਾਨਾਂ ਵਿਚ ਬੈਠ ਕੇ ਹੀ ਕੀਤੀ ਗਈ ਹੈ। ਇਹ ਪਹਿਲੀ ਵਾਰ ਹੈ ਕਿ ਇਕ ਸਿਖ ਜੁਝਾਰੂ ਨੇ ਹਿੰਦ-ਪੰਜਾਬ ਦੀ ਜੰਗ ਦਾ ਅੱਖੀਂ ਡਿੱਠਾ ਹਾਲ ਆਪਣੀ ਕਲਮ ਨਾਲ ਆਪ ਲਿਖਿਆ ਹੈ। ਇਹ ਰਚਨਾ ਖਾਲਿਸਤਾਨ ਦੇ ਇਨਕਲਾਬ ਦੀ ਸਾਖੀ ਦਾ ਮੁੱਢ ਹੈ। ਇਸ ਕਿਤਾਬ ਨੂੰ ਹਰੇਕ ਸਿਖ ਲਈ ਪੜ੍ਹਨਾ ਅਤੇ ਇਸਤੇ ਅਮਲ ਕਰਨਾ ਬਹੁਤ ਜਰੂਰੀ ਹੈ।

ਜੇ ਮੈਂ ਇਸ ਕਿਤਾਬ ਨੂੰ ਖਾਲਸਾ ਇਨਕਲਾਬ ਦੀ ਟੈਕਸਟ-ਬੁਕ ਦੇ ਨਾਮ ਨਾਲ ਸੰਬੋਧਨ ਕਰਾਂ ਤੇ ਇਹ ਕੋਈ ਅਤਿ ਕਥਨੀ ਨਹੀਂ ਹੋਵੇਗੀ।

ਡਾਕਟਰ ਜਗਜੀਤ ਸਿਘ

# ਪਾਠਕਾਂ ਨੂੰ ਬੇਨਤੀ

ਕਿਹਾ ਜਾਂਦਾ ਹੈ ਕਿ ਸਿਖ ਹਿਸਟਰੀ ਬਨਾਉਣਾ ਜਾਣਦੇ ਹਨ ਪਰ ਲਿਖਣੀ ਨਹੀਂ ਜਾਣਦੇ। ਖਾਲਸਾ ਰਾਜ ਦੀ ਢਲਦੀ ਸ਼ਾਮ ਦਾ ਜ਼ਿਕਰ ਭੀ ਸ਼ਾਹ ਮੁਹੰਮਦ ਨੇ ਹੀ ਕਲਮ-ਬੰਦ ਕੀਤਾ ਸੀ ਅਤੇ ਹਿਦ ਪੰਜਾਬ ਦੀ ਆਖਰੀ ਜੰਗ ਦਾ ਹਾਲ ਭੀ ਉਸਨੂੰ ਹੀ ਲਿਖਣਾ ਪਿਆ ਸੀ।

ਇਹ ਪਹਿਲੀ ਵਾਰ ਹੈ ਕਿ ਇਕ ਸਿੱਖ ਜੁਝਾਰੂ ਨੇ ਖਾਲਸਾ ਕੌਮ ਦੀ ਜੰਗੇ ਆਜ਼ਾਦੀ ਦੇ ਪਹਿਲੇ ਘੋਲ ਵਿਚ ਆਪ ਹਿਸਾ ਭੀ ਲਿਆ ਅਤੇ ਮੁੜ ਉਸ ਦਾ ਅੱਖੀਂ ਡਿੱਠਾ ਹਾਲ ਭੀ ਆਪਣੀ ਕਲਮ ਨਾਲ ਲਿਖਿਆ।

'ਸੰਤ ਜਰਨੈਲ ਸਿੰਘ ਜੀ ਦੇ ਆਖਰੀ ਛੇ ਦਿਨ' ਕਿਤਾਬ ਜਿੱਥੇ ਅੱਖੀਂ ਡਿੱਠੇ ਹਾਲ ਦਾ ਬਿਆਨ ਕਰਦੀ ਹੈ ਉੱਥੇ ਖਾਲਸਾ ਸਿਧਾਂਤ, ਖਾਲਸਾਈ ਜੀਵਨ ਅਤੇ ਖਾਲਸਾਈ ਸੰਘਰਸ਼ ਨੂੰ ਬੜੀ ਹੀ ਸਾਦਾ ਅਤੇ ਸਪਸ਼ਟ ਜ਼ਬਾਨ ਵਿੱਚ ਪਾਠਕਾਂ ਸਾਹਮਣੇ ਪੇਸ਼ ਕਰਦੀ ਹੈ। ਜਿਹੜਾ ਵੀ ਸਿੱਖ ਮਾਈ ਭਾਈ ਇਸ ਕਿਤਾਬ ਨੂੰ ਪੜ੍ਹੇਗਾ ਉਸਨੂੰ ਉਸਦੇ ਹਰ ਸਵਾਲ ਅਤੇ ਸ਼ੰਕੇ ਦਾ ਜਵਾਬ ਮਿਲ ਜਾਵੇਗਾ।

ਇਸ ਕਿਤਾਬ ਨੂੰ ਪੜ੍ਹਕੇ ਦੂਜੇ ਸਿਖਾਂ ਨੂੰ ਵੀ ਪੜ੍ਹਾਓ। ਜਿਉਂ ਜਿਉਂ ਇਸ ਕਿਤਾਬ ਨੂੰ ਆਪ ਪੜ੍ਹੋਗੇ, ਦੂਸਰਿਆਂ ਨੂੰ ਪੜ੍ਹਾਉਗੇ ਅਤੇ ਕੌਮ ਦੇ ਨਾਮ ਇਸ ਪੁਸਤਕ ਵਿਚ ਦਿਤੇ ਸੰਦੇਸ਼ 'ਤੇ ਅਮਲ ਕਰੋਗੇ ਤਿਉਂ ਤਿਉਂ ਹੀ ਖਾਲਿਸਤਾਨ ਦੀ ਮੰਜ਼ਲ ਨੇੜੇ ਆਉਂਦੀ ਦਿਸੇਗੀ।

**ਵੱਸਣ ਸਿੰਘ ਜ਼ੱਫ਼ਰਵਾਲ**
**ਮੈਂਬਰ ਪੰਥਕ ਕਮੇਟੀ**



# ਪਾਠਕਾਂ ਲਈ ਜ਼ਰੂਰੀ ਦੋ ਗੱਲਾਂ

ਇਤਹਾਸ ਇਕ ਦਿਨ ਦਾ ਲਿਖਣਾ ਹੋਵੇ ਜਾਂ ਸੌ ਸਾਲ ਦਾ, ਉਸ ਵਿਚ ਕਲਪਨਾ ਤੋਂ ਕੰਮ ਲੈਣਾ ਬਹੁਤ ਹੀ ਵੱਡਾ ਸਮਾਜਕ ਦੋਸ਼ ਹੁੰਦਾ ਹੈ, ਕਿਉਂਕਿ ਇਤਹਾਸ ਨਾਲ ਸੰਬੰਧਤ ਹਕੀਕੀ ਤਥਾਂ, ਘਟਨਾਵਾਂ ਤੇ ਵਾਕਿਆਤ ਵਿਚ ਮਿਲਾਵਟ ਕਰਨ ਅਤੇ ਉਹਨਾਂ ਵਿਚ ਗਲਤ ਰੰਗ ਭਰਨ ਨਾਲ ਸਮੇਂ ਤੇ ਹਾਲਾਤ ਦਾ ਸੱਚ ਸੰਸਾਰ ਦੇ ਸਾਹਮਣੇ ਅਸਲ ਰੂਪ ਵਿਚ ਉਜਾਗਰ ਨਹੀਂ ਹੁੰਦਾ।

ਐਸੀਆਂ ਇਤਹਾਸਕ ਰਚਨਾਵਾਂ ਜਿੰਨਾਂ ਵਿਚ ਹੰਗਾਲ, ਮਿਲਾਵਟ ਤੇ ਮਨੌ-ਕਲਪਨਾ ਤੋਂ ਕੰਮ ਲਿਆ ਗਿਆ ਹੁੰਦਾ ਹੈ, ਵਾਸਤਵ ਵਿਚ ਉਹ ਰਚਨਾਵਾਂ ਉਸ ਸੰਬੰਧਤ ਕੌਮ ਲਈ ਵੀ ਲਾਹੇਵੰਦੀਆਂ ਸਾਬਤ ਹੋਣ ਦੀ ਥਾਂ ਭੁਲੇਖਾ ਪਾਊ ਤੇ ਹਾਨੀਕਾਰਕ ਸਾਬਤ ਹੁੰਦੀਆਂ ਹਨ, ਜਿਸ ਕੌਮ ਦੀ ਵਡਿਆਈ ਤੇ ਚੜ੍ਹਦੀ ਕਲਾ ਦੇ ਮਨੋਰਥ ਨਾਲ ਉਹ ਰਚਨਾਵਾਂ ਲਿਖੀਆਂ ਗਈਆਂ ਹੁੰਦੀਆਂ ਹਨ।

ਦੂਸਰੇ ਪਾਸੇ ਇਸੇ ਹੀ ਤਰ੍ਹਾਂ, ਇਤਹਾਸ ਲਿਖਦੇ ਸਮੇਂ ਹਾਲਾਤ ਤੇ ਵਾਕਿਆਤ ਨਾਲ ਸੰਬੰਧਤ ਹਕੀਕੀ ਤਥਾਂ, ਮਹੱਤਵ ਪੂਰਨ ਘਟਨਾਵਾਂ, ਬਲਵਾਨ ਤੇ ਮਾਅਰਕਾ-ਖੇਜ਼ ਕਾਰਨਾਮਿਆਂ ਅਤੇ ਸੂਰਬੀਰਤਾ ਭਰਪੂਰ ਚਮਤਕਾਰੀ ਵਾਕਿਆਤ ਨੂੰ, ਕਿਸੇ ਵੀ ਲੇਖਕ ਵੱਲੋਂ, ਕੇਵਲ ਇਸੇ ਕਰਕੇ ਹੀ ਅਸਲ ਰੰਗ ਵਿਚ ਪੇਸ਼ ਕਰਨ ਤੋਂ ਸੰਕੋਚ ਕਰ ਜਾਣਾ ਤੇ ਕੰਨੀ ਕਤਰਾ ਜਾਣਾ ਕਿ ਕਿਤੇ ਇਤਹਾਸ ਦੇ ਪਾਰਖੂ ਅਤੇ ਦੂਸਰੀਆਂ ਕੌਮਾਂ ਦੇ ਲੋਕ ਉਸ ਕਿਰਤ ਨੂੰ ਪੱਖਪਾਤੀ ਰੁਚੀ ਅਤੇ ਕਲਪਨਾ ਉੱਪਰ ਆਧਾਰਤ ਨਾ ਸਮਝ ਲੈਣ, ਇਕ ਐਸੀ ਇਖਲਾਕੀ ਕਮਜ਼ੋਰੀ ਹੁੰਦੀ ਹੈ ਜੋ ਉਸ ਇਤਹਾਸ ਨਾਲ ਸੰਬੰਧਤ ਕੌਮ ਦੀਆਂ ਵਰਤਮਾਨ ਤੇ ਭਵਿੱਖ ਦੀਆਂ ਪੀਹੜੀਆਂ ਲਈ ਬਹੁਤ ਹੀ ਘਾਤਕ ਸਾਬਤ ਹੁੰਦੀ ਹੈ।

ਉਪ੍ਰੋਕਤ ਦੋਹਾਂ ਹੀ ਪੱਖਾਂ ਨੂੰ ਮੁਖ ਰਖਦਿਆਂ ਹੋਇਆਂ, ਦਾਸ ਨੇ 'ਭਿੰਡਰਾਂਵਾਲੇ ਸੰਤਾਂ ਦੇ ਆਖਰੀ ਛੇ ਦਿਨ' ਪੁਸਤਕ ਲਿਖਦੇ ਸਮੇਂ ਨਾ ਤਾਂ ਹੰਗਾਲ ਅਤੇ ਮਨੋ ਕਲਪਨਾ ਤੋਂ ਹੀ ਕੰਮ ਲਿਆ ਹੈ ਅਤੇ ਨਾ ਹੀ ਉਹਨਾਂ ਠੋਸ ਹਕੀਕਤਾਂ, ਤਥਾਂ, ਪ੍ਰਸਥਿਤੀਆਂ, ਘਟਨਾਵਾਂ ਅਤੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਸਿਖਾਂ, ਸੂਰਮਿਆਂ ਵੱਲੋਂ ਭਾਰਤੀ ਫੌਜ ਦੀ ਬੇ ਬਹਾ ਜੰਗੀ ਸ਼ਕਤੀ ਦੇ ਮੁਕਾਬਲੇ, ਜੂਨ 1984 ਦੇ ਘਲੂਘਾਰੇ ਦੌਰਾਨ, ਵਖਾਏ ਗਏ ਸੂਰਬੀਰਤਾ ਭਰਪੂਰ ਚਮਤਕਾਰੀ ਕਾਰਨਾਮਿਆਂ ਨੂੰ ਅਸਲ ਰੰਗ ਵਿਚ ਪੇਸ਼ ਕਰਨ ਤੋਂ ਸੰਕੋਚ ਹੀ ਕੀਤਾ ਹੈ।

ਇਸ ਲਈ ਦਾਸ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਖੂਨੀ ਸਾਕੇ ਨੂੰ 1 ਜੂਨ 1984 ਤੋਂ ਲੈ ਕੇ 6 ਜੂਨ ਤੱਕ, ਇਨ੍ਹਾਂ ਛਿਆਂ ਦਿਨਾਂ ਦੇ ਦੌਰਾਨ, ਜਿਸ ਹਾਲਤ ਤੇ ਜਿਸ ਰੂਪ ਵਿਚ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਰਹਿੰਦਿਆਂ ਤੇ ਵਿਚਰਦਿਆਂ ਹੋਇਆਂ, ਆਪਣੀ ਅੱਖੀਂ ਅਸਲ ਰੂਪ ਵਿਚ ਵੇਖਿਆ ਤੇ ਪਿੰਡੇ ਹੰਡਾਇਆ ਹੈ ਐਨ ਉਸੇ ਹੀ ਰੰਗ ਰੂਪ ਤੇ ਤਸਵੀਰ ਵਿਚ ਪਰਗਟ ਕੀਤਾ ਹੈ।

ਇਸ ਸਾਰੇ ਸਮੇਂ ਦੌਰਾਨ ਜਿਸ ਜਿਸ ਜਥੇਬੰਦੀ ਸੰਪਰਦਾ, ਦਲ ਤੇ ਵਿਅਕਤੀ ਦਾ, ਕੰਪਲੈਕਸ ਅੰਦਰ, ਜਿੰਦਾਂ ਜਿੰਦਾਂ ਦਾ ਅਤੇ ਜਿੰਨਾ ਜਿੰਨਾ ਕਰਦਾਰ ਤੇ ਜੋ ਵੀ ਵਤੀਰਾ ਰਿਹਾ ਹੈ ਉਸਨੂੰ ਆਪਣੀ ਵਲੋਂ ਬਿਨਾ ਕਿਸੇ ਪੱਖ-ਪਾਤ ਤੇ ਝਿਜਕ ਤੋਂ ਉਸੇ ਹੀ ਸ਼ਕਲ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ।

ਦਾਸ, ਇਸ ਪੁਸਤਕ ਦੇ ਸੁਹਿਰਦ ਪਾਠਕਾਂ ਨੂੰ ਪੁਸਤਕ ਦੇ ਮੁਖ ਬੰਦ ਵਿਚ ਉਲਝਾਉਣਾ ਨਹੀਂ ਚਾਹੁੰਦਾ ਅਤੇ ਨਾ ਹੀ ਇਸ ਪੁਸਤਕ ਨਾਲ ਸਬੰਧਤ ਆਪਣੀ ਮੇਹਨਤ, ਸੁਲਗਨਤਾ, ਸਚਾਈ ਤੇ ਸੰਜੀਦਗੀ ਦੀ ਭਾਵਨਾ ਬਾਰੇ ਕੋਈ ਵਧ ਚੜ੍ਹ ਕੇ ਗੱਲ ਹੀ ਦੱਸਣੀ ਚਾਹੁੰਦਾ ਹੈ, ਪਰ ਇਸਦੇ ਬਾਵਜੂਦ ਸਿਖ ਕੌਮ ਦੀ ਚੜ੍ਹਦੀ ਕਲਾ ਅਤੇ ਆਨ-ਸ਼ਾਨ ਤੇ ਆਜ਼ਾਦੀ ਦੀ ਖਾਤਰ ਜੂਝ ਰਹੀਆਂ ਜਥੇਬੰਦੀਆਂ, ਸੰਪਰਦਾਵਾਂ ਤੇ ਦਲਾਂ ਦੇ ਮੁੱਖੀਆਂ, ਅਹੁਦੇਦਾਰਾਂ ਤੇ ਹਤੈਸ਼ੀਆਂ ਦੀ ਸੇਵਾ ਵਿਚ ਇਕ ਗੱਲ ਬੜੇ ਹੀ ਸਨਿਮਰ ਰੂਪ ਵਿਚ ਹੱਥ ਜੋੜ ਕੇ ਜ਼ਰੂਰ ਹੀ ਕਹਿਣੀ ਚਾਹਵਾਂਗਾ।

ਉਹ ਗੱਲ ਇਹ ਹੈ ਕਿ ਜੇ ਕਿਸੇ ਕਾਰਨ ਕਿਸੇ ਨੂੰ ਇਸ ਕਿਰਤ ਵਿਚਲੀਆਂ ਸਚਾਈਆਂ, ਤਥਾਂ, ਹਕੀਕਤਾਂ, ਘਟਨਾਵਾਂ ਤੇ ਵਾਕਿਆਤ ਨੂੰ ਕੌੜੇ ਸੱਚ ਦੇ ਰੂਪ ਵਿਚ ਉਘੇੜੇ ਜਾਣ ਦੇ ਕਾਰਨ ਕੁਝ ਦੁਖ ਮਹਿਸੂਸ ਹੋਇਆ ਹੋਵੇ ਤਾਂ ਉਸ ਹਾਲਤ ਵਿਚ ਮੇਰੀ ਉਹਨਾਂ ਪਾਸ ਇਹੋ ਹੀ ਬੇਨਤੀ ਹੈ ਕਿ ਉਹ ਰੋਸ ਜਾਂ ਗੁੱਸਾ ਕਰਨ ਦੀ ਬਜਾਏ ਵਾਹਿਗੁਰੂ ਨੂੰ ਯਾਦ ਕਰਕੇ ਸੱਚ ਨੂੰ ਪਛਾਨਣ ਤੇ ਸਚਾਈ ਨੂੰ ਸਵੀਕਾਰ ਕਰਨ ਦੀ ਹਿੰਮਤ ਤੇ ਦਲੇਰੀ ਧਾਰਦੇ ਹੋਏ ਆਪਣੀਆਂ ਕਮਜ਼ੋਰੀਆਂ ਤੇ ਖਾਮੀਆਂ ਨੂੰ ਸਿਖ ਨੌਜਵਨ ਪਾਸੋਂ ਛੁਪਾਉਣ ਲੁਕਾਉਣ ਦਾ ਰਸਤਾ ਅਖਤਿਆਰ ਕਰਨ ਦੀ ਥਾਂ ਸਗੋਂ ਨੇੜੇ ਭਵਿੱਖ ਵਿਚ ਖਾਲਿਸਤਾਨ ਦੀ ਪ੍ਰਾਪਤੀ-ਸਥਾਪਤੀ ਲਈ ਜੂਝ ਰਹੀਆਂ ਜਥੇਬੰਦੀਆਂ ਨਾਲ ਮਨੋ ਚਿਤੋਂ ਇਕ ਸੁਰ ਹੋ ਕੇ ਜਥੇਬੰਦਕ ਰੂਪ ਵਿਚ ਚੱਲਣ ਦਾ ਰਾਹ ਮੱਲਣ।

ਕਿਸੇ ਵੀ ਜਥੇਬੰਦੀ ਜਾਂ ਜਥੇਬੰਦੀ ਦੇ ਜਥੇਦਾਰਾਂ ਅਰਥਾਤ ਮੁਖੀਆਂ ਤੇ ਮੋਹਰੀਆਂ ਵਲੋਂ ਕਿਸੇ ਵੇਲੇ ਮੈਦਾਨ ਛੱਡ ਜਾਣ ਅਤੇ ਇਮਤਿਹਾਨ ਦੀ ਕਸਵੱਟੀ ਉੱਪਰ ਪੂਰਿਆਂ ਨਾ ਉਤਰਨ ਦਾ ਇਹ ਮਤਲਬ ਬਿਲਕੁਲ ਨਹੀਂ ਨਿਕਲਦਾ ਕਿ ਭਵਿੱਖ ਵਿਚ ਉਸ ਜਥੇਬੰਦੀ ਜਾਂ ਉਸ ਨਾਲ ਸਬੰਧਤ ਵਿਅੱਕਤੀਆਂ ਲਈ ਸੇਵਾ, ਘਾਲਨਾ, ਕੁਰਬਾਨੀ ਸ਼ਹਾਦਤ ਅਤੇ ਜੁਝਾਰੂ ਸਰਗਰਮੀਆਂ ਦਾ ਰਾਹ ਬੰਦ ਹੋ ਗਿਆ ਹੈ। ਆਪਣੀ ਕੌਮ ਦੀ ਆਜ਼ਾਦੀ ਤੇ ਖੁਦਮੁਖਤਿਆਰੀ ਲਈ ਕੁਰਬਾਨੀ ਕਰਨ ਦੇ ਦਰਵਾਜ਼ੇ ਤਾਂ ਹਰ ਵਿਅਕਤੀ ਅਤੇ ਹਰ ਜਥੇਬੰਦੀ ਵਾਸਤੇ ਸਦਾ ਹੀ ਬੇ-ਰੋਕ ਟੋਕ ਰੂਪ ਵਿਚ ਖੁੱਲੇ ਰਹਿੰਦੇ ਹਨ ਕਿਉਂਕਿ ਕੁਰਬਾਨੀ ਦੀ ਰਾਹ ਵੱਲ ਨੂੰ ਜਾਂਦਾ ਰਸਤਾ ਤਾਂ ਹਮੇਸ਼ਾਂ ਹੀ ਮਰਜੀਵੜਿਆਂ ਦੀ ਬੜੀ ਤੀਬਰਤਾ ਨਾਲ ਉਡੀਕ ਕਰ ਰਿਹਾ ਹੁੰਦਾ ਹੈ। ਇਸ ਲਈ ਕੁਰਬਾਨੀ ਕਿਸੇ ਵੇਲੇ ਵੀ ਕੀਤੀ ਜਾ ਸਕਦੀ ਹੈ ਅਤੇ ਸ਼ਹਾਦਤ ਕਿਸੇ ਵੀ ਸਮੇਂ ਉੱਪਰ ਦਿੱਤੀ ਜਾ ਸਕਦੀ ਹੈ। ਇਸ ਗੱਲ ਦਾ ਭਾਵ ਇਹ ਹੈ ਕਿ ਸਿਰ ਦੇ ਕੇ ਬਦਾਵਾ ਕਿਸੇ ਵੇਲੇ ਵੀ ਪੜਵਾਇਆ ਜਾ ਸਕਦਾ ਹੈ, ਇਸ ਤੋਂ ਬਿਨਾ ਨਹੀਂ।

ਗੁਰੂ ਪੰਥ ਦਾ ਦਾਸ
ਮਿਤੀ 1-1-89 ਬਲਬੀਰ ਸਿੰਘ ਸੰਧੂ



# 1.

ਦਰਬਾਰ ਸਾਹਿਬ ਉੱਪਰ ਭਾਰਤ ਸਰਕਾਰ ਵਲੋਂ ਬੋਲੇ ਗਏ ਫੌਜੀ ਹਮਲੇ ਨੂੰ ਹੋਇਆਂ ਦੋ ਮਹੀਨੇ ਬੀਤ ਚੁਕੇ ਸਨ, ਪਰ ਸਿਖ ਜਗਤ ਅੰਦਰ ਫੈਲੀ ਹੋਈ ਦਹਿਸ਼ਤ ਤੇ ਅੰਫਰਾਤਫਰੀ ਦਾ ਮਾਹੌਲ ਅਜੇ ਵੀ ਸਿਖਰਾਂ ਨੂੰ ਛੂਹ ਰਿਹਾ ਸੀ।

ਪੰਜਾਬ ਦੇ ਸਿਖ ਅਰਬਾਂ ਖਰਬਾਂ ਰੁਪਿਆਂ ਦੀ ਜ਼ਮੀਨ-ਜਾਇਦਾਦ, ਆਪਣੇ ਮਹਾਨ ਸਿਧਾਂਤ, ਅਜ਼ੀਮ ਵਿਰਸੇ, ਸ਼ਾਨਦਾਰ ਇਤਹਾਸ ਅਤੇ ਆਪਣੀ ਇਸ ਜਨਮ ਭੂਮੀ ਦੇ ਜੱਦੀ-ਪੁਸ਼ਤੀ ਰੂਪ ਵਿਚ ਮਾਲਕ ਤੇ ਵਾਰਸ ਹੁੰਦੇ ਹੋਏ ਵੀ ਅੱਜ ਆਪਣੇ ਆਪ ਨੂੰ ਬੇਬਸ, ਲਾਚਾਰ ਤੇ ਗੁਲਾਮੀ ਵਾਲੀ ਹਾਲਤ ਵਿਚ ਘਿਰੇ ਤੇ ਫਸੇ ਹੋਏ ਮਹਿਸੂਸ ਕਰ ਰਹੇ ਸਨ।

ਪੰਜਾਬ ਦੇ ਲਗਪਗ ਬਾਰਾਂ ਹਜ਼ਾਰ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿਚ ਵਸਦੇ ਲੱਖਾਂ ਸਿਖਾਂ ਨੂੰ ਅਜੇ ਵੀ ਇਸਤਰਾਂ ਜਾਪ ਰਿਹਾ ਸੀ ਕਿ ਜਿਵੇਂ ਕਿਸੇ ਆਦਮ ਖੋਰ ਤੇ ਦ੍ਰਿੰਦਾ-ਸੀਰਤ ਵਿਦੇਸ਼ੀ ਧਾੜਵੀਆਂ ਦੇ ਜੱਬਾਰ ਲਸ਼ਕਰ ਨੇ ਉਹਨਾਂ ਉੱਪਰ ਲਗਾਤਾਰ ਧਾਵਾ ਬੋਲ ਰੱਖਿਆ ਹੋਵੇ ਅਤੇ ਉਹ ਆਪਣੇ ਸਿਰ ਉੱਪਰ ਜਬਰ ਜ਼ੁਲਮ ਦੇ ਭੇਖੜ ਤੇ ਮੌਤ ਦੇ ਫਰਿਸ਼ਤੇ ਨੂੰ ਝੂਲਦਿਆਂ ਤੇ ਮੰਡਲਾਉਂਦਿਆਂ ਹੋਇਆਂ ਪ੍ਰਤੱਖ ਵੇਖ ਰਹੇ ਹੋਣ।

ਹਜ਼ਾਰਾਂ ਸਿਖ ਨੌਜਵਾਨ ਤੇ ਅੰਮ੍ਰਿਤਧਾਰੀ ਸਿਘ ਅਜੇ ਵੀ ਭਾਰਤੀ ਫੌਜ ਦੇ ਛਾਪਿਆਂ ਅਤੇ ਉਸਦੀਆਂ ਗੋਲੀਆਂ ਦੀ ਬੁਛਾੜ ਤੋਂ ਬਚਣ ਲਈ ਘਰੋਂ ਬੇਘਰ ਹੋ ਖੇਤਾਂ, ਝੁੱਗੀਆਂ, ਝਾੜੀਆਂ, ਦੂਰ ਨੇੜੇ ਦੀਆਂ ਲੁੱਕਾਂ, ਢਾਹੇ ਕੰਢਿਆਂ ਅਤੇ ਨਿੱਕੀਆਂ ਮੋਟੀਆਂ ਠਾਹਰਾਂ ਵਾਲੀਆਂ ਥਾਵਾਂ ਉੱਪਰ ਡੱਕੇ-ਡੋਲੇ ਖਾਂਦੇ ਅਤੇ ਇਧਰ ਉੱਧਰ ਭਟਕਦੇ ਹੋਏ ਪਨਾਹ ਭਾਲਦੇ ਫਿਰਦੇ ਸਨ।

ਪੰਜਾਬ ਭਰ ਵਿਚ ਸਿਖਾਂ ਦੀ ਦੁਨੀਆਂ ਅੰਦਰ ਮੱਚੀ ਹੋਈ ਇਸ ਪਰਲੋ ਦੇ ਆਲਮ ਵਿਚ ਮੈਂ ਵੀ ਜੂਨ ਮਹੀਨੇ ਦੀਆਂ ਤਪਦੀਆਂ ਭਖਦੀਆਂ ਲੂਆਂ, ਸੜਦੀਆਂ ਬਲਦੀਆਂ ਧੁੱਪਾਂ ਅਤੇ ਗਜ਼ਬ ਢਾਹ ਰਹੇ ਹੁੰਮਸ ਦੀਆਂ ਮਾਰਾਂ ਨੂੰ ਝੱਲਦਾ ਅਤੇ ਖੇਤਾਂ, ਰਕੜਾਂ, ਰੇਤਲੇ ਟਿੱਬਿਆਂ ਤੇ ਕੱਸੀਆਂ ਨਾਲਿਆਂ ਦੀਆਂ ਜੂਹਾਂ ਗਾਹੁੰਦਾ ਤੇ ਥਾਂ ਥਾਂ ਉੱਪਰ ਠਾਹਰਾਂ ਭਾਲਦਾ ਹੋਇਆ ਪੰਜਾਬ ਦੇ ਨਾਲ ਲਗਦੇ ............ ਸੂਬੇ ਦੇ ਇਕ ਵਿਰੋਲਿਤਰੇ ਜਿਹੇ ਪਿੰਡ ............ ਆਪਣੇ ਇਕ ਦੋਸਤ ............ ਦੇ ਡੇਰੇ ਵਿੱਚ ਕੁਝ ਸਮੇਂ ਤੱਕ ਗੁਪਤ ਵਾਸ ਕਰਨ ਦੇ ਖਿਆਲ ਤੇ ਮਨੋਰਥ ਨਾਲ ਜਾ ਪੁੱਜਾ ਸਾਂ।

ਮੈਨੂੰ ਆਪਣੇ ਦੋਸਤ ਦਾ ਦਰਵਾਜ਼ਾ ਖੜਕਾਇਆਂ ਭਾਵੇਂ ਕੁਝ ਹਫਤੇ ਹੋ ਗਏ ਸਨ ਅਤੇ ਉਸਦੇ ਕੋਲ ਮੈਨੂੰ ਹਰ ਤਰ੍ਹਾਂ ਦੀ ਸੁਰੱਖਿਆ ਤੇ ਸੁਖ ਆਰਾਮ ਵੀ ਸੀ ਪਰ ਇਸਦੇ ਬਾਵਜੂਦ ਮੇਰਾ ਜਿਸਮ ਦਿਨੋ ਦਿਨ ਮਾਂਦਾ ਪੈਂਦਾ ਤੇ ਨਿਢਾਲ ਹੁੰਦਾ ਜਾ ਰਿਹਾ ਸੀ ਅਤੇ ਪਿੰਡੇ ਉੱਪਰ ਚੰਗਿਆੜਿਆਂ ਵਾਂਗ ਉੱਠ ਆਈ ਪਿੱਤ ਦਿਨੋ ਦਿਨ ਵਿਗੜਦੀ ਤੁਰੀ ਜਾ ਰਹੀ ਸੀ।

ਅਸਲ ਵਿਚ ਅੱਜੜੇ ਰਾਹਾਂ ਦੇ ਲੰਮੇ ਤੇ ਬਿਖੜੇ ਪੈਂਡਿਆਂ, ਝੋਰੇ ਵਾਲੀਆਂ ਪੈਲੀਆਂ ਦੇ ਵੱਟਾਂ ਬੰਨਿਆਂ ਤੇ ਫਸਲਾਂ ਦੇ ਹੁੰਮਸ ਅਤੇ ਜੂਨ ਮਹੀਨੇ ਦੀਆਂ ਅੱਗ ਲਵੇਟੀਆਂ ਧੁੱਪਾਂ ਤੇ ਲੂਆਂ ਦੀ ਲਗਾਤਾਰ ਮਾਰ ਨੇ ਹੁਣ ਆ ਕੇ ਆਪਦਾ ਰੰਗ ਤੇ ਅਸਰ ਵਖਾਉਣਾ ਸ਼ੁਰੂ ਕਰ ਦਿੱਤਾ ਸੀ ਜਿਸ ਕਰਕੇ ਮੇਰੇ ਸਰੀਰ ਉੱਪਰ ਆਏ ਛਾਲਿਆਂ ਤੇ ਫਲੂਹਿਆਂ ਦੀ ਜਲਣ ਕਾਰਨ ਮੇਰਾ ਜਿਸਮ ਮੇਰੇ ਆਪਣੇ ਲਈ ਹੀ ਇਕ ਆਜ਼ਾਬ ਬਣਿਆਂ ਹੋਇਆ ਸੀ, ਹੱਥਾਂ ਪੈਰਾਂ ਦੀਆਂ ਤਲੀਆਂ ਤੇ ਤਾਲੂ 'ਚੋਂ ਅੱਗ ਨਿਕਲਦੀ ਹੋਈ ਮਹਿਸੂਸ ਹੁੰਦੀ ਸੀ। ਅੱਖਾਂ ਵਿਚ ਚੰਗਿਆੜੇ ਭਰ ਗਏ ਜਾਪਦੇ ਸਨ। ਜਿਸਮ ਦੇ ਰੋਮ ਰੋਮ 'ਚੋਂ ਉਠ ਰਹੇ ਸਾੜ ਦੇ ਕਾਰਨ ਮੇਰੀ ਆਪਣੀ ਚਮੜੀ ਤੇ ਹਥੇਲੀਆਂ ਦੇ ਮਾਸ ਅਤੇ ਸਿਰ ਦੀ ਖੋਪਰੀ ਨੂੰ ਨੋਚ ਕੇ ਪਰ੍ਹਾਂ ਵਗਾਹ ਮਾਰਨ ਨੂੰ ਦਿਲ ਕਰਦਾ ਸੀ। ਛਾਲਿਆਂ ਤੇ ਫਲੂਹਿਆਂ ਦੇ ਕਾਰਨ ਝੁਲਸੀ ਹੋਈ ਚਮੜੀ ਦੀ ਉਤਲੀ ਪਰਤ ਤੋਂ ਸੁੱਕੇ ਸੜੇ ਹੋਏ ਮਾਸ ਦੇ ਛਿਲਕਿਆਂ ਨੂੰ ਐਵੇਂ ਮਾੜਾ ਜਿਹਾ ਖਰੂੰਡਣ ਦੇ ਨਾਲ ਹੀ ਉਹ ਇਸਤਰਾਂ ਉੱਚੜਨ ਲੱਗ ਜਾਂਦੇ ਸਨ ਜਿਵੇਂ ਕਿਸੇ ਔੜ ਮਾਰੀ ਤੇ ਤਪਸ਼ ਝੁਲਸੀ ਹੋਈ ਜ਼ਮੀਨ ਦੇ ਧਵਾਂਖੇ ਹੋਏ ਉਪਰਲੇ ਤਲ ਤੋਂ ਪੇਪੜੀਆਂ ਤੇ ਖੇਪੜ ਲੱਥ ਰਹੇ ਹੁੰਦੇ ਹਨ।

ਐਸੀ ਹਾਲਤ ਵਿਚ ਜਦੋਂ ਕਦੀ ਮੈਂ ਇਕੱਲ ਵਿਚ ਬੈਠਾ ਆਪਣੇ ਹੀ ਖਿਆਲਾਂ ਦੇ ਸਮੁੰਦਰ ਵਿਚ ਉੱਤਰਿਆ ਹੋਇਆ ਹੁੰਦਾ ਸਾਂ ਤਾਂ ਉਸ ਸਮੇਂ ਮੇਰੇ ਅੰਦਰ ਅਕਸਰ ਉਹਨਾਂ ਸਾਰੀਆਂ ਘਟਨਾਵਾਂ ਵਾਕਿਆਤ ਤੇ ਦਾਸਤਾਨਾਂ ਦਾ ਤਸੱਵਰ ਬੜੇ ਹੀ ਤਿੱਖੇ ਵੇਗ ਵਿਚ ਜਾਗ ਪੈਂਦਾ, ਜਿਨਾਂ ਨੂੰ ਮੈਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਤੇ ਅੰਮ੍ਰਿਤਸਰ ਸ਼ਹਿਰ ਅਤੇ ਪੰਜਾਬ ਦੇ ਵੱਖ ਵੱਖ ਭਾਗਾਂ ਵਿਚ ਵਾਪਰਦਿਆਂ ਹੋਇਆਂ ਅੱਖੀਂ ਵੇਖਿਆ ਤੇ ਪਿੰਡੇ ਹੰਢਾਇਆ ਸੀ ਅਤੇ ਇਸ ਸਭ ਕੁਝ ਨੂੰ ਅਖੀਂ ਵੇਖਣ ਤੇ ਪਿੰਡੇ ਹੰਢਾਉਣ ਵਾਲੇ ਸਿੰਘਾਂ, ਸਿੰਘਣੀਆਂ ਅਤੇ ਜ਼ਮਾਵਾਰ ਅਤੇ ਭਰੋਸੇ ਯੋਗ ਵਿਅੱਕਤੀਆਂ ਦੀ ਜ਼ਬਾਨੀ ਆਪਣੇ ਕੰਨੀ ਸੁਣਿਆਂ ਤੇ ਫਿਰ ਆਪਣੇ ਅਨੁਭਵ ਦੀ ਕਸਵਟੀ ਉੱਪਰ ਬੜੇ ਡੂੰਘੇ ਮਨ ਨਾਲ ਪਰਖਿਆ, ਜਾਚਿਆ ਤੇ ਵਿਚਾਰਿਆ ਸੀ।

ਕਦੀ ਕਦੀ ਤਾਂ ਮੈਂ ਇਸ ਹਾਲਤ ਵਿਚ ਬੈਠਾ ਹੋਇਆ ਇਹ ਸੋਚ ਕੇ ਬੜਾ ਹੀ ਹੈਰਾਨ ਹੁੰਦਾ ਤੇ ਅਸਚਰਜ ਰਹਿ ਜਾਂਦਾ ਸਾਂ ਕਿ ਮੈਂ 6 ਜੂਨ 1984 ਵਾਲੇ ਦਿਨ ਸਵੇਰ ਭਖਣ ਤੋਂ ਪਿਛੋਂ ਜੇਕਰ, ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਤੇ ਬਾਹਰ ਸਭ ਪਾਸੇ ਮੱਚੀ ਹੋਈ ਤਬਾਹੀ ਤੇ ਬਾਰੂਦੀ ਅੱਗ ਦੇ ਭੰਬੜਾਂ ਭਾਂਬੜਾਂ ਅਤੇ ਟੈਂਕਾਂ, ਤੋਪਾਂ, ਮਸ਼ੀਨਗੰਨਾਂ ਤੇ ਫੌਜ ਦੇ ਸੰਘਣੇ ਘੇਰੇ ਚੋਂ ਬਚ ਕੇ ਬਾਹਰ ਨਿਕਲ ਗਿਆ ਸਾਂ ਤਾਂ ਕਿਵੇਂ? ਦਰ ਅਸਲ ਮੈਨੂੰ ਇਹ ਵਾਕਿਆ ਆਪਣੇ ਆਪ ਵਿਚ ਇਕ ਰੱਬੀ ਚਮਤਕਾਰ ਤੇ ਕੁਦਰਤੀ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ ਲਗਦਾ।

ਮੇਰੇ ਸਾਹਮਣੇ ਹੁਣ ਵੀ ਜਦੋਂ ਕੰਪਲੈਕਸ 'ਚੋਂ ਬਾਹਰ ਨਿਕਲਣ ਸਮੇਂ ਦਾ ਦ੍ਰਿਸ਼ ਯਾਦ ਬਣਕੇ ਆ ਖਲੋਂਦਾ ਹੈ ਤਾਂ ਮੈਨੂੰ ਇਹ ਗੱਲ ਪੂਰਨ ਈਮਾਨਦਾਰੀ ਤੇ ਸਚਾਈ ਨਾਲ ਮਨੋਂ ਕਰਕੇ ਮੰਨਣੀ ਪੈਂਦੀ ਹੈ ਕਿ ਉਹਨਾਂ ਹਾਲਤਾਂ ਵਿਚ ਉਥੋਂ ਬਾਹਰ ਨਿਕਲਣ ਵਿਚ ਨਾ ਤਾਂ ਮੇਰੀ ਕੋਈ ਸਿਆਣਪ ਜਾਂ ਦਲੇਰੀ ਸੀ ਤੇ ਨਾ ਹੀ ਕਿਸੇ ਤਰ੍ਹਾਂ ਦੀ ਕੋਈ ਚਤਰਾਈ ਹੀ ਸੀ, ਸਗੋਂ ਇਹ ਤਾਂ ਇਕ ਰੱਬੀ ਕੌਤਕ ਸੀ ਜੋ ਮੈਨੂੰ ਉਸ ਸਮੇਂ ਕੰਪਲੈਕਸ ਵਿਚ ਘਿਰੀਆਂ ਹੋਈਆਂ ਬੀਬੀਆਂ ਦੀ ਇਜ਼ਤ ਨੂੰ ਫੌਜੀਆਂ ਹੱਥੋਂ ਬਚਾਉਣ ਦਾ ਇਕ ਵਸੀਲਾ ਬਹਾਨਾ ਬਣਾਕੇ ਆਪਣੀ ਉਂਗਲੇ ਲਾ ਉਥੋਂ ਬਾਹਰ ਕੱਢ ਲਿਆਇਆ ਸੀ।

ਸਮੁੰਦਰੀ ਹਾਲ ਤੇ ਗੁਰੂ ਨਾਨਕ ਨਿਵਾਸ ਦੇ ਪਿਛਲੇ ਪਾਸੇ ਸਮੁੱਚੇ ਕੰਪਲੈਕਸ ਦੇ ਪੂਰਬ ਵੱਲ ਨੂੰ



ਪੈਂਦੀ ਬਾਗ ਵਾਲੀ ਗਲੀ ਦੇ ਇਕ ਸਿਖ ਪਰਵਾਰ ਦੀ ਪਨਾਹ (ਹਿਫਾਜ਼ਤ) ਵਿਚ ਬੀਬੀਆਂ ਨੂੰ ਬਠਾਉਣ ਤੋਂ ਕੁਝ ਸਮਾਂ ਬਾਅਦ ਜਦ ਮੈਂ ਉਸੇ ਹੀ ਘਰ ਦੀ ਤੀਸਰੀ ਮੰਜ਼ਲ ਉੱਪਰ ਪੈਂਦੇ ਇਕ ਨਿੱਕੇ ਜਿਹੇ ਚੁਬਾਰੇ 'ਚੋਂ ਦਰਬਾਰ ਸਾਹਿਬ ਕੰਪਲੈਕਸ ਵਲ ਤੱਕਿਆ ਤਾਂ ਉਸ ਸਮੇਂ ਗੁਰੂ ਰਾਮਦਾਸ ਸਰਾਂ, ਗੁਰੂ ਰਾਮਦਾਸ ਲੰਗਰ, ਸਮੁੰਦਰੀ ਹਾਲ ਤੇ ਗੁਰੂ ਨਾਨਕ ਨਿਵਾਸ ਦੀਆਂ ਛਤਾਂ ਉੱਪਰ ਚਾਰ ਚੁੱਫੇਰੇ ਮਸ਼ੀਨਗੰਨਾਂ ਬੀੜੀ, ਕਾਰਬਾਈਨਾਂ ਤਾਣੀ, ਸਟੇਨਗੰਨਾਂ ਸੰਭਾਲੀ ਅਤੇ ਹੋਰ ਅਸਲੇ ਬਾਰੂਦ ਨਾਲ ਲੈਸ ਫੌਜ ਦੀ ਫੌਜ ਦਿੱਸ ਰਹੀ ਸੀ।

ਐਸੀ ਸਥਿਤੀ ਵਿਚ ਜਿਸ ਸਮੇਂ ਮੈਂ ਬੀਬੀਆਂ ਨੂੰ ਆਪਣੇ ਘਰ ਵਿਚ ਪਨਾਹ ਦੇਣ ਵਾਲੇ ਪਰਵਾਰ ਦੇ ਸਿਖ ਨੌਜਵਾਨਾਂ, ਬਜ਼ੁਰਗਾਂ ਤੇ ਮਾਈਆਂ ਬੀਬੀਆਂ ਵਲੋਂ ਦਿੱਤੀ ਗਈ ਸਲਾਹ ਅਤੇ ਸਹਿਯੋਗ ਦੇ ਨਤੀਜੇ ਵਜੋਂ ਕੋਧਾਂ ਕੋਠਿਆਂ ਦੀ ਆੜ ਮੱਲਦਾ ਅਤੇ ਛੱਤਾਂ ਬਨੇਰੇ ਪਲਾਂਘਦਾ ਤੇ ਟੱਪਦਾ ਹੋਇਆ ਚੌਕ ਪਰਾਗਦਾਸ ਵੱਲ ਨੂੰ ਨਿਕਲਦੀ ਇਕ ਲੰਮੀ ਗਲੀ ਵਲ ਨੂੰ ਸੇਧ ਮੱਲੀ ਜਾ ਰਿਹਾ ਸਾਂ ਤਾਂ ਉਸ ਸਮੇਂ ਸ਼ਹਿਰ ਅੰਦਰ ਪਿਛਲੇ ਚੌਂਹ ਦਿਨਾਂ ਤੋਂ ਲੱਗੇ ਹੋਏ ਕਰਫਿਊ ਵਿਚ ਤਿੰਨ ਵਜੇ ਸ਼ਾਮ ਤੋਂ ਲੈਕੇ ਪੰਜ ਵਜੇ ਸ਼ਾਮ ਤੱਕ ਦੋ ਘੰਟੇ ਲਈ ਢਿੱਲ ਦੇਣ ਦਾ ਸਰਕਾਰੀ ਤੌਰ 'ਤੇ ਐਲਾਨ ਹੋ ਚੁਕਾ ਸੀ।

ਜਦੋਂ ਮੈਂ ਗਲੀ ਦੇ ਲੋਕਾਂ ਵਿਚ ਰਲ ਜਾਣ ਉਪ੍ਰੰਤ ਉਹਨਾਂ ਦੀ ਹੀ ਭੀੜ ਵਿਚ ਗਵਾਚ ਕੇ ਚੌਕ ਪਰਾਗ ਦਾਸ ਦੇ ਨਜ਼ਦੀਕ ਜਾ ਨਿਕਲਿਆ ਤਾਂ ਉਸ ਸਮੇਂ ਚੌਕ ਵਲ ਪੈਂਦੇ ਸਭ ਗਲੀ ਬਾਜ਼ਾਰਾਂ 'ਚੋਂ ਲੋਕਾਂ ਦਾ ਹੜ ਵੱਖ ਵੱਖ ਲਹਿਰਾਂ ਉਛਾਲਦਿਆਂ ਤੇ ਵਹਿਣ ਦੇ ਰੂਪ ਵਿਚ ਇਸਤਰਾਂ ਉਮਡਦਾ ਤੁਰਿਆ ਆ ਰਿਹਾ ਸੀ ਕਿ ਜਿਵੇਂ ਕਿਸੇ ਝੀਲ ਜਾਂ ਦਰਿਆ ਦੇ ਬੰਨ ਨੂੰ ਅਚਨਚੇਤ ਰੂਪ ਵਿਚ ਕਿਸੇ ਜ਼ਬਰਦਸਤ ਭੂਚਾਲੀ ਝਟਕੇ ਨਾਲ ਥਾਂ ਥਾਂ ਤੋਂ ਦਰਾੜਾਂ ਆ ਗਈਆਂ ਹੋਣ।

ਇਸ ਪਾਸੇ ਵੱਲ ਦੇ ਗਲੀ ਮੁੱਹਲਿਆਂ ਤੇ ਬਾਜ਼ਾਰਾਂ ਵੱਲੋਂ ਲਹਿਰ-ਦਰ-ਲਹਿਰ ਰੂਪ ਵਿਚ ਦਰਬਾਰ ਸਾਹਿਬ ਵੱਲ ਨੂੰ ਅੱਗੇ ਵਧ ਰਹੀ ਭੀੜ ਦੇ ਵਹਿਣ ਵਿਚ ਜੋ ਇਕ ਖਾਸ ਗੱਲ ਵੇਖਣ ਵਿਚ ਆ ਰਹੀ ਸੀ ਉਹ ਇਹ ਸੀ ਕਿ ਉਸ ਵਿਚ ਸਿਖ ਹੀ ਸਿਖ ਨਜ਼ਰ ਆ ਰਹੇ ਸਨ ਤੇ ਉਹ ਵੀ ਹੱਦ ਦਰਜੇ ਤੱਕ ਗਮ ਵਿਚ ਡੁੱਬੇ ਤੇ ਚੁੱਪ ਵਿਚ ਗਵਾਚੇ ਹੋਏ ਅਤੇ ਅੱਖਾਂ ਵਿਚ ਕਿਸੇ ਡਾਹਢੇ ਗੁੱਸੇ ਤੇ ਰੋਹ ਦੀ ਲਾਲੀ ਤੇ ਦਰਦ ਵਿੰਨੇ ਖਾਮੋਸ਼ ਅੱਥਰੂਆਂ ਦਾ ਦਰਿਆ ਸਾਂਭੀ ਹੋਏ। ਜਦੋਂ ਕਿ ਗਲੀ ਬਾਜ਼ਾਰਾਂ ਦੇ ਮੋੜਾਂ ਅਤੇ ਚੌਕਾਂ ਮੁਹੱਲਿਆਂ ਵਿਚ ਥਾਂ ਥਾਂ ਉੱਪਰ ਜਮਘਟੇ ਦੇ ਰੂਪ ਵਿਚ ਜੰਮੇ ਦੇ ਝੁਟੇ ਖਲੋਤੇ ਹੋਏ ਹਿੰਦੂਆਂ ਦੇ ਟੋਲੇ ਕਿਸੇ ਡਾਢੀ ਖੁਸ਼ੀ ਤੇ ਚੋਤੇ ਵਿਚ ਟਹਿਕਦੇ ਹੋਏ ਨਜ਼ਰੀ ਆ ਰਹੇ ਸਨ ਅਤੇ ਉਹ ਇਕ ਦੂਸਰੇ ਨਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉੱਪਰ ਹੋਏ ਫੌਜੀ ਹਮਲੇ ਦੌਰਾਨ ਮੱਚੀ ਤਬਾਹੀ ਤੇ ਸਿਖਾਂ ਦੀ ਹੋਈ ਕਤਲ-ਏ-ਆਮ ਉੱਪਰ ਕੱਛਾਂ ਵਜਾਉਂਦੇ ਤੇ ਖੁਸ਼ੀ ਮਨਾਉਂਦੇ ਹੋਏ ਦਿਸ ਰਹੇ ਸਨ।

ਅੰਮ੍ਰਿਤਸਰ ਸ਼ਹਿਰ ਅੰਦਰ ਲਗਾਏ ਕਰਫ਼ਿਊ ਵਿਚ ਦੋ ਘੰਟੇ ਦੀ ਦਿੱਤੀ ਗਈ ਢਿੱਲ ਦੇ ਬਾਵਜੂਦ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਫੌਜੀ ਐਕਸ਼ਨ ਅਜੇ ਵੀ ਭਿਆਨਕ ਰੂਪ ਵਿਚ ਜਾਰੀ ਸੀ ਅਤੇ ਕੰਪਲੈਕਸ ਦੇ ਸਮੁੱਚੇ ਆਲੇ ਦੁਆਲੇ ਵਿਚ ਫੌਜ ਨੇ ਦਹਿਸ਼ਤ ਦਾ ਵਖਾਵਾ ਕਰਨ ਪੱਖੋਂ ਇਰਾਦਾ ਕਰ ਰੱਖੀ ਸੀ ਅਤੇ ਥਾਂ ਥਾਂ ਉੱਪਰ ਬੜਾ ਹੀ ਸਖਤ ਤੇ ਦਹਿਸ਼ਤਨਾਕ ਘੇਰਾ ਪਾਇਆ ਹੋਇਆ ਸੀ।

ਐਸੇ ਹਾਲਾਤ ਵਿਚ ਜਿਸ ਪਾਸੇ ਵੱਲ ਵੀ ਨਜ਼ਰ ਜਾਂਦੀ ਸੀ ਉਧਰ ਹੀ ਹਥਿਆਰ ਬੰਦ ਫੌਜੀ, ਸਿਖਾਂ ਉੱਪਰ ਕਹਿਰ ਭਰੇ ਗੁੱਸੇ ਦਾ ਪਰਗਟਾਵਾ ਕਰਦੇ ਹੋਏ ਦਿਸ ਰਹੇ ਸਨ. ਜਦੋਂ ਕਿ ਚੁੱਪ ਦੇ ਡੂੰਘੇ ਸਾਗਰ ਵਿਚ ਲੱਥੇ-ਉਤਰੇ ਹੋਏ ਸਿਖਾਂ ਦਾ ਹੜ ਸਭ ਪਾਸਿਆਂ ਵਲੋਂ ਬੇਧਿਆਨ ਹੋਕੇ ਦਰਬਾਰ ਸਾਹਿਬ ਵੱਲ ਨੂੰ ਰੁਖ ਕਰੀ ਤੁਰਿਆ ਆ ਰਿਹਾ ਸੀ। ਪਰ ਸਿਖਾਂ ਦੀ ਇਸ ਸੰਘਣੀ ਭੀੜ ਦੀਆਂ ਲਹਿਰਾਂ ਜਦੋਂ

ਹੀ ਦਰਬਾਰ ਸਾਹਿਬ ਕੰਪਲੈਕਸ ਵੱਲ ਅੱਗੇ ਵਧਦੀਆਂ ਤਾਂ ਉਹਨਾਂ ਨੂੰ ਅੱਗੋਂ ਹਿੰਦੂ ਫੌਜੀਆਂ ਦੇ ਅੱਤ ਕਠੋਰ ਤੇ ਅਨ-ਮਨੁੱਖੀ ਵਤੀਰੇ ਅਤੇ ਹੱਦ ਦਰਜੇ ਤੱਕ ਦੀਆ ਗਾਹਲਾਂ ਅਤੇ ਸਿਖ ਗੁਰੂ ਸਾਹਿਬਾਨ ਦੀ ਸ਼ਾਨ ਦੇ ਖਿਲਾਫ ਬੋਲ ਕਬੋਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਜ਼ਾਤ ਵਿਰੁੱਧ ਘਟੀਆ ਤੋਂ ਘਟੀਆ ਗੱਲਾਂ, ਖਾਲਸਾ ਪੰਥ ਦੀ ਦਸਤਾਰ ਅਤੇ ਸ੍ਰੀ ਸਾਹਿਬ ਤੇ ਖਾਲਸਾਈ ਸਰੂਪ ਦੀ ਆਨ ਸ਼ਾਨ ਦੇ ਸਬੰਧ ਵਿਚ ਗੰਦੇ ਤੋਂ ਗੰਦੇ ਲਫਜ਼ਾਂ ਸ਼ਬਦਾਂ ਦੀ ਮਾਰ ਦਾ ਸਾਹਮਣਾ ਕਰਨਾ ਪੈਂਦਾ।

ਕਰਫੀਊ ਖੁੱਲਣ ਦੇ ਨਾਲ ਹੀ ਜਦ ਮੈਂ ਚੌਕ ਪਰਾਗ ਦਾਸ ਦੇ ਬਾਜ਼ਾਰ ਵਿਚ ਕਦਮ ਰੱਖਿਆ ਸੀ ਤਾਂ ਉਸ ਸਮੇਂ ਸਿਖ ਭੀੜ ਦੇ ਵਹਿੰਦੇ ਹੋਏ ਦਰਿਆ ਤੋਂ ਇਲਾਵਾ ਜਿਸ ਦ੍ਰਿਸ਼ ਨੇ ਮੇਰਾ ਧਿਆਨ ਆਪਣੇ ਵੱਲ ਖਿਚਿਆ, ਉਹ ਦੋ ਸਿਖ ਗੱਭਰੂਆਂ ਦੀਆਂ ਲਾਸ਼ਾਂ ਸਨ, ਜੋ ਬਾਜ਼ਾਰ ਦੇ ਇਕ ਪਾਸੇ ਜਿਹੇ ਕਰਕੇ ਧਰਤੀ ਉੱਪਰ ਚੰਫਾਲ ਪਈਆਂ ਹੋਈਆਂ ਸਨ।

ਇਨ੍ਹਾਂ ਦੋਹਾਂ ਲਾਸ਼ਾਂ, ਚੋਂ ਇਕ ਲਾਸ਼ ਅੰਮ੍ਰਿਤਧਾਰੀ ਸਿੰਘ ਦੀ ਸੀ ਅਤੇ ਉਸਦੇ ਗਾਤਰੇ ਪਈ ਹੋਈ ਸ੍ਰੀ ਸਾਹਿਬ ਉਸਦੀ ਧੌਨ ਦੁਆਲਿਉਂ ਪਿਛਾਂਹ ਵੱਲ ਨੂੰ ਪਲਮ ਕੇ ਗੰਦੀ ਨਾਲੀ ਵਿਚ ਪਈ ਹੋਈ ਸੀ ਅਤੇ ਉਸਦੇ ਸੁਹਣੇ ਸੁਨਹਿਰੀ ਕੱਕੇ ਕੇਸ ਉਸਦੇ ਤਾਂਬੇ ਵਾਂਗ ਭਖਦੇ ਜਵਾਨ ਚਿਹਰੇ ਤੋਂ ਦੀ ਮੋੜਾ ਖਾਕੇ ਖਿਲਰਵੇਂ ਜਿਹੇ ਰੂਪ ਵਿਚ ਉਸੇ ਹੀ ਨਾਲੀ ਦੇ ਖਲੋਤੇ ਹੋਏ ਗੰਦੇ ਪਾਣੀ ਵਿਚ ਝਾਲਰ ਵਾਂਗ ਤਰ ਰਹੇ ਸਨ।

ਇਸੇ ਤਰ੍ਹਾਂ ਦੂਸਰੇ ਸਿੰਘ ਦੀ ਲਾਸ਼ ਜੋ ਆਪਣੇ ਹੀ ਤਾਜ਼ੇ ਡੁੱਲੇ ਹੋਏ ਖੂਨ ਨਾਲ ਲੇਬੂ ਪੇਬੂ ਹੋਈ ਪਈ ਸੀ, ਬਾਜ਼ਾਰ ਦੇ ਇਕ ਪਾਸੇ ਜਿਹੇ ਕਰਕੇ ਧਰਤੀ 'ਤੇ ਵਿਛੀ ਹੋਈ ਸੀ ਅਤੇ ਉਸਦੇ ਨਜ਼ਦੀਕ ਹੀ ਸਿਰ ਵਾਲੇ ਪਾਸੇ ਦੋ ਹਿੰਦੂ ਫੌਜੀ ਆਪਣੇ ਆਟੋ ਮੈਟਕ ਹਥਿਆਰਾਂ ਦੇ ਬਲ ਬੋਤੇ ਇਸਤਰਾਂ ਤਣੇ ਅਰਥਾਤ ਆਕੜੇ ਖਲੋਤੇ ਸਨ ਜਿਵੇਂ ਉਹ ਕਿਸੇ ਹੋਰ ਸ਼ਿਕਾਰ ਉੱਪਰ ਝਪਟਨ ਦੇ ਇਰਾਦੇ ਨਾਲ ਪੈਂਤੜਾ ਮੱਲ ਰਹੇ ਹੋਣ।

ਹਿੰਦੂ ਫੌਜੀਆ ਦਾ ਵਤੀਰਾ ਹੱਦ ਦਰਜੇ ਤਕ ਦਾ ਕਰੂਰ ਹੋਣ ਕਰਕੇ ਭੈਭੀਤ ਕਰਨ ਵਾਲਾ ਸੀ। ਉਹਨਾਂ ਦੀਆਂ ਨਜ਼ਰਾਂ ਵਿਚ ਜਿਥੇ ਅੱਤਾਂ ਦਾ ਕਹਿਰ ਮਚਲ ਰਿਹਾ ਸੀ ਉਥੇ ਹਰ ਸਿਖ ਪ੍ਰਤੀ ਨਫਰਤ ਤੇ ਗੁੱਸੇ ਦੀ ਜਵਾਲਾ ਬਲਦੀ ਭਖਦੀ ਹੋਈ ਸਾਫ ਦਿਖਾਈ ਦੇ ਰਹੀ ਸੀ।

ਹਿੰਦੂ ਫੌਜੀ, ਸਿਖਾਂ ਦੀ ਭੀੜ ਵੱਲ ਵੇਖ ਵੇਖ ਕੇ ਗਜ਼ਬਨਾਕ ਹੱਦ ਤੱਕ ਦੇ ਗੁੱਸੇ ਨਾਲ ਆਪਣੇ ਪੈਰ ਬਾਰ ਬਾਰ ਧਰਤੀ ਉੱਪਰ ਪਟਕ ਰਹੇ ਸਨ ਅਤੇ ਗੁੱਸੇ ਤੇ ਨਫਰਤ ਨਾਲ ਭਵਾਂ ਤਾਨ ਤਾਨ ਕੇ ਕਚੀਚੀਆ ਵੱਟ ਰਹੇ ਸਨ, ਉਹ ਫੌਜੀ ਕਦੀ ਕਦੀ ਆਪਣੇ ਫੌਜੀ ਬੂਟਾਂ ਤੇ ਸਵੈਚਾਲਕ ਹਥਿਆਰਾਂ ਦੀ ਮਾਰ ਹੇਠ ਵਿਛੀਆਂ ਹੋਈਆਂ ਲਾਸ਼ਾਂ ਉੱਪਰ ਥੁੱਕ ਦੇਂਦੇ ਅਤੇ ਜਦੋਂ ਹੀ ਕੋਈ ਸਿਖ ਉਥੇ ਪਈਆਂ ਹੋਈਆਂ ਲਾਸ਼ਾਂ ਵੱਲ ਜ਼ਰਾ ਕੁ ਵੀ ਟਿਕਾਵੀਆਂ ਨਜ਼ਰਾਂ ਨਾਲ ਵੇਖਦਾ ਤਾਂ ਉਹਨਾਂ ਫੌਜੀਆਂ ਦੇ ਗੁੱਸੇ ਦਾ ਪਾਰਾ ਪੈਰ 'ਤੇ ਹੀ ਸਿਖਰ ਤੱਕ ਪੁੱਜ ਜਾਂਦਾ ਅਤੇ ਇਸਦੇ ਨਾਲ ਹੀ ਉਸ ਉੱਪਰ ਮਾਵਾਂ, ਭੈਣਾਂ ਤੇ ਧੀਆਂ ਦੀਆਂ ਗਾਹਲਾਂ ਦਾ ਰਾਬਾ ਛੱਡ ਦੇਂਦੇ।

ਚੌਕ ਪਰਾਗ ਦਾਸ ਵਿਚ ਕਦਮ ਰੱਖਣ ਉੱਪਰ ਮੇਰਾ ਰੁਖ ਸੁਲਤਾਨ ਵਿੰਡ ਗੇਟ ਵੱਲ ਨੂੰ ਜਾਂਦੇ ਬਾਜ਼ਾਰ ਵੱਲ ਹੋ ਗਿਆ ਸੀ, ਐਸੀ ਹਾਲਤ ਵਿਚ ਜਦ ਮੈਂ ਪੁਲੀਸ ਦੀ ਨਜ਼ਰ ਤੋਂ ਬਚਣ ਦੇ ਖਿਆਲ ਨਾਲ ਗਲੀਆਂ ਬਾਜ਼ਾਰਾਂ ਨੂੰ ਕੱਛਦਾ ਹੋਇਆ ਆਪਣੇ ਹੀ ਧਿਆਨ ਵਿਚ ਭੀੜ ਚੋਂ ਦੀ ਲੰਘਦਾ ਤੁਰਿਆ ਜਾ ਰਿਹਾ ਸਾਂ ਤਾਂ ਉਸ ਸਮੇਂ ਮੈਨੂੰ ਸਿਖ ਬਹੁ-ਗਿਣਤੀ ਵਾਲੇ ਮੁਹੱਲਿਆਂ ਵਿਚ ਸਭ ਪਾਸੇ ਇਕ ਅਜੀਬ ਜਿਹਾ ਆਲਮ ਵਖਾਈ ਦੇ ਰਿਹਾ ਸੀ। ਐਸਾ ਆਲਮ (ਸੰਸਾਰ) ਜਿਸ ਵਿਚੋਂ ਪਥਰਾਏ



ਚੇਹਰਿਆਂ, ਅਥਰੂ ਵਹਾ ਵਹਾ ਖੁਸ਼ਕ ਹੋਈਆਂ ਅੱਖਾਂ, ਡੂੰਘੀ ਉਦਾਸ ਚੁੱਪ ਦਾ ਸ਼ਿਕਾਰ ਹੋਏ ਵਜੂਦ, ਮੁਰਝਾਏ ਹੋਏ ਚੇਹਰਿਆਂ 'ਚੋਂ ਬਾਹਰ ਵੱਲ ਨੂੰ ਝਾਕ ਰਿਹਾ ਮਜਬੂਰ ਤੇ ਲਾਚਾਰ ਰੋਹ, ਬੰਦ ਮੁੱਠੀਆਂ ਵਿਚ ਭਰਿਆ ਹੋਇਆ ਗੁੱਸਾ, ਦਿਲ ਹਿਲਾ ਦੇਣ ਵਾਲੀ ਸਿਖ ਬੱਚਿਆਂ ਤੇ ਅੌਰਤਾਂ ਦੀ ਚੀਖ-ਪੁਕਾਰ ਅਤੇ ਭਾਰਤ ਸਰਕਾਰ ਤੇ ਹਿੰਦੂ ਸਾਮਰਾਜ ਪ੍ਰਤੀ ਨਫਰਤ ਤੇ ਗੁੱਸੇ ਦੇ ਮਿਲੇ ਜੁਲੇ ਪ੍ਰਭਾਵ ਦੇ ਦ੍ਰਿਸ਼ ਦਿਖਾਈ ਦੇ ਰਹੇ ਸਨ।

ਅਸਲ ਵਿਚ ਗੁਰੂ ਨਾਨਕ ਦੇ ਘਰ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਟੇਕ ਰੱਖਣ ਵਾਲਾ ਹਰ ਸਿਖ ਆਪਣੀ ਮਜਬੂਰੀ ਤੇ ਲਾਚਾਰੀ ਦੀ ਦਸ਼ਾ ਵਿਚ ਵੀ ਆਪਣੀਆਂ ਨਜ਼ਰਾਂ ਪਿਛੇ ਬੜੇ ਤਕੜੇ ਰੂਪ ਵਿਚ ਕੁਝ ਇਸਤਰਾਂ ਦਾ ਪ੍ਰਭਾਵ ਤੇ ਜਲਵਾ ਲੁਕਾਈ ਬੈਠਾ ਸੀ ਜਿਹਦੇ ਅੰਦਰ, ਨੇੜੇ ਭਵਿੱਖ ਵਿਚ ਭਾਰਤ ਸਰਕਾਰ ਤੇ ਉਸਦੇ ਹਿੰਦੂ ਸਾਮਰਾਜ ਦੀ ਤਬਾਹੀ ਚਿਤਵਦੇ ਜਜ਼ਬਾਤ ਤੇ ਵਲਵਲੇ ਅੰਗੜਾਈਆਂ ਭਰਦੇ ਹੋਏ ਸਾਫ ਦਿਸ ਰਹੇ ਸਨ।

ਜਿਨਾ ਜਿਨਾ ਪਾਸਿਆ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ, ਕਰਮਚਾਰੀਆਂ, ਰਾਗੀ ਸਿੰਘਾਂ ਤੇ ਗ੍ਰੰਥੀ ਸਿੰਘਾਂ ਦੇ ਕੁਆਰਟਰ ਤੇ ਘਰ ਸਨ, ਉਹਨਾਂ ਦੇ ਪਰਵਾਰਾਂ ਦੀ ਦਸ਼ਾ ਬੜੀ ਹੀ ਦਰਦਨਾਕ ਤੇ ਦਿਲ ਹਲਾਊ ਸੀ। ਐਸੇ ਮੁਹੱਲਿਆ ਤੇ ਕਾਲੋਨੀਆਂ ਦੇ ਗਲੀ-ਮੋੜਾਂ ਉੱਪਰ ਦਿਲ ਹਿਲਾ ਦੇਣ ਵਾਲਾ ਰੋਣਾ ਧੋਣਾ ਤੇ ਚੀਕ ਚਿਹਾੜਾ ਮੱਚਿਆ ਹੋਇਆ ਸੀ।

ਜਿਸ ਸਮੇਂ ਮੈਂ ਸੁਲਤਾਨ ਵਿੰਡ ਗੇਟ ਵੱਲ ਨੂੰ ਜਾਂਦੇ ਗਲੀ ਬਾਜ਼ਾਰਾਂ ਤੇ ਮੁਹੱਲਿਆਂ 'ਚੋਂ ਦੀ ਲੰਘਦਾ ਹੋਇਆ ਚਾਟੀ ਵਿੰਡ ਦਰਵਾਜ਼ੇ ਵੱਲ ਨੂੰ ਜਾਂਦੀ ਸੜਕ ਉੱਪਰ ਕਦਮ ਰੱਖਿਆ ਤਾਂ ਉਸ ਸਮੇਂ ਸਿਖ ਹਜੂਮ ਦੀ ਵਿਸ਼ਾਲ ਭੀੜ ਤੋਂ ਇਲਾਵਾ ਜੋ ਦ੍ਰਿਸ਼ ਮੇਰੀ ਨਜ਼ਰੇ ਪਿਆ ਉਹ ਬੜੀ ਹੀ ਤੇਜ਼ ਰਫਤਾਰ ਨਾਲ ਆ ਰਹੀਆਂ ਦੋ ਫੌਜੀ ਗੱਡੀਆਂ ਸਨ, ਜਿਨਾ ਅੰਦਰ ਪੰਜ ਪੰਜ ਸਤ ਸਤ ਦੇ ਲਗ ਪਗ ਸਿੰਘਾਂ ਦੀਆਂ ਲਾਸ਼ਾਂ ਇਕ ਦੂਸਰੇ ਉੱਪਰ ਪਈਆਂ ਹੋਈਆਂ ਸਨ।

ਉਹਨਾਂ ਸਿੰਘਾਂ ਦੀਆਂ ਲਾਸ਼ਾਂ ਉੱਪਰ ਮੱਛੀ-ਝਾਤ ਪੈਣ ਦੇ ਨਾਲ ਹੀ ਮੈਨੂੰ ਜੋ ਇਕ ਵਾਰਗੀ ਮਹਿਸੂਸ ਹੋਇਆ ਉਹ ਇਹ ਸੀ ਕਿ ਭਾਰਤ ਸਰਕਾਰ ਦੀ ਫੌਜ ਕੇਵਲ ਦਰਬਾਰ ਸਾਹਿਬ ਦੇ ਅੰਦਰ ਤੇ ਆਲੇ ਦੁਆਲੇ ਵਿਚ ਹੀ ਖੂਨ ਦੀ ਹੋਲੀ ਨਹੀਂ ਖੇਡ ਰਹੀ, ਸਗੋਂ ਬਾਹਰ ਪਿੰਡਾਂ ਤੇ ਕਸਬਿਆ ਵਿਚ ਵੀ ਸਿੰਘਾਂ ਦਾ ਸ਼ਿਕਾਰ ਖੇਡ ਰਹੀ ਹੈ।

ਸਿੰਘਾਂ ਦੀਆਂ ਲਾਸ਼ਾ ਦੇ ਹੁਲੀਏ ਲਗਪਗ ਵਿਗੜੇ ਹੋਏ ਸਨ ਅਤੇ ਉਹਨਾ ਦੇ ਕੇਸ ਖਿਲਰੇ ਹੋਏ ਸਨ। ਕੁਝ ਲਾਸ਼ਾ ਦੀਆਂ ਤਾਂ ਮੁਸ਼ਕਾਂ ਬੱਝੀਆਂ ਹੋਈਆਂ ਸਾਫ ਦਿਸਦੀਆਂ ਸਨ, ਜਿਵੇਂ ਉਹਨਾ ਦੀਆ ਦਸਤਾਰਾਂ ਨਾਲ ਬੰਨ੍ਹ ਕੇ ਬਾਅਦ ਵਿਚ ਉਹਨਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਹੋਵੇ। ਸਿੰਘਾਂ ਦੀਆਂ ਲਾਸ਼ਾਂ ਇਕ ਦੂਸਰੇ ਉੱਪਰ ਇਸਤਰਾਂ ਉੱਗੜੇ ਦੁਗੜੇ ਰੂਪ ਵਿਚ ਮੂਧੇ ਸਿੱਧੇ ਮੂਹ ਪਈਆਂ ਹੋਈਆਂ ਸਨ, ਜਿਵੇਂ ਕੜਬ (ਸੁੱਕੇ ਹੋਏ ਮਕਈ ਟਾਂਡਿਆਂ) ਦੀਆਂ ਭਰੀਆ ਇਕ ਦੂਸਰੀ ਉੱਪਰ ਚਲਾਵੀਆਂ ਸੁੱਟੀਆਂ ਗਈਆਂ ਹੁੰਦੀਆਂ ਹਨ।

ਐਸੇ ਸਮੇਂ ਜਦੋਂ ਮੈਂ ਬਿਨਾ ਕਿਸੇ ਮੰਜ਼ਲ ਟਿਕਾਣੇ ਦੀ ਆਸ ਦੇ ਕੇਵਲ ਰੱਬ ਦੀ ਡੋਰੀ ਦਾ ਆਸਰਾ ਮੱਲੀ ਤੁਰਿਆ ਜਾ ਰਿਹਾ ਸਾਂ ਤਾਂ ਉਸ ਸਮੇਂ ਮੈਨੂੰ ਆਪਣੇ ਆਪ ਵਿਚ ਇਸਤਰਾਂ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਭਾਰਤ ਸਰਕਾਰ ਦੀ ਸਮੁੱਚੀ ਫੌਜੀ ਸ਼ਕਤੀ ਅਤੇ ਹਿੰਦੁਸਤਾਨ ਭਰ ਦੇ ਸਮੂਹ ਹਿੰਦੂ ਸਾਮਰਾਜ ਨੇ ਪਿਛਲੇ ਲੰਮੇ ਸਮੇਂ ਤੋਂ ਆਪਣੇ ਦਿਲ ਦਿਮਾਗ ਵਿਚ ਸਿਖ ਕੌਮ ਪ੍ਰਤੀ ਜਮਾ ਕਰ ਰੱਖੇ ਨਫਰਤ, ਈਰਖਾ ਤੇ ਦੁਸ਼ਮਣੀ ਦੇ ਜ਼ਹਿਰ ਨੂੰ ਇਕੋਵਾਰ ਇਕੱਠਿਆਂ ਹੀ ਉਗਲੱਛ ਦਿਤਾ ਹੁੰਦਾ ਹੈ।

# 2.

ਪਹਿਲੀ ਜੂਨ 1984 ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਭਵਨ ਅਤੇ ਕੰਪਲੈਕਸ ਉੱਪਰ ਸੈਂਟਰਲ ਰੀਜ਼ਰਵ ਪੁਲੀਸ ਵਲੋਂ ਲਗਾਤਾਰ ਸਤ ਘੰਟੇ ਤੱਕ ਫਾਇਰਿੰਗ ਕੀਤੇ ਜਾਣ, ਸਰਕਾਰ ਵਲੋਂ ਅੰਮ੍ਰਿਤਸਰ ਸ਼ਹਿਰ ਵਿਚ ਕਰਫੀਊ ਲਗਾਏ ਜਾਣ ਅਤੇ ਫਿਰ ਦੋ ਦਿਨ ਪਿਛੋਂ ਭਾਰਤ ਦੀ ਸੈਂਟਰ ਸਰਕਾਰ ਵਲੋਂ ਪੰਜਾਬ ਨੂੰ ਫੌਜੀ ਰਾਜ ਦੇ ਅਧੀਨ ਕਰਨ, ਪੰਜਾਬ ਭਰ ਦੇ ਸਮੂਹ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿਚ ਕਰਫੀਊ ਲਗਾਉਣ ਦਾ ਐਲਾਨ ਕਰਨ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਗੁਰਧਾਮਾਂ ਉੱਪਰ ਸਿਧਾ ਹਮਲਾ ਸ਼ੁਰੂ ਹੋ ਜਾਣ ਦੇ ਕਾਰਨ ਸਿਖ ਕੌਮ ਦੇ ਸਾਹਮਣੇ ਇਹ ਗੱਲ ਖੁਲ੍ਹ ਕੇ ਆ ਗਈ ਸੀ ਕਿ ਖਾਲਸਾ ਪੰਥ ਦੀ ਪ੍ਰਭੂ-ਸੱਤਾ, ਆਜ਼ਾਦ ਹਸਤੀ, ਮਾਨ-ਪ੍ਰਤਿਸ਼ਟਾ ਤੇ ਇਸਦੇ ਅਮੀਰ ਵਿਰਸੇ ਦੀਆਂ ਬੁਨਿਆਦਾਂ ਉੱਪਰ ਹਿੰਦੂ ਸਾਮਰਾਜ ਨੇ ਐਲਾਨੀਆਂ ਹਮਲਾ ਬੋਲ ਦਿੱਤਾ ਹੈ।

ਇਨ੍ਹਾਂ ਹਾਲਾਤ ਵਿਚ ਥਾਂ ਥਾਂ ਉੱਪਰ ਹਰ ਇਕ ਸਿਖ ਨੂੰ ਆਪਣੇ ਆਪ 'ਚ ਇਸਤਰ੍ਹਾਂ ਭਾਸ ਰਿਹਾ ਤੇ ਦਿਸ ਰਿਹਾ ਸੀ, ਜਿਵੇਂ ਸਿਖ ਕੌਮ ਦਾ ਸਾਰਾ ਸੰਸਾਰ ਹੀ ਅੱਗ ਦੇ ਭਾਂਬੜ ਦੀ ਲਪੇਟ ਵਿਚ ਆ ਗਿਆ ਹੁੰਦਾ ਹੈ। ਇਸ ਦਸ਼ਾ ਵਿਚ ਉਸਦੇ ਸਾਹਮਣੇ ਉਹਨਾਂ ਮਾਰੂ ਤੇ ਭਖੜੀਲੇ ਭਾਂਬੜਾਂ ਦੀਆਂ ਲਾਟਾਂ ਲਪਟਾਂ ਤੋਂ ਆਪਣੇ ਪਵਿੱਤਰ ਸਥਾਨ ਤੇ ਜੀਵਨ ਦਾਤਾ ਗੁਰਧਾਮਾਂ ਨੂੰ ਬਚਾਉਣ ਲਈ ਆਪਣੀਆਂ ਦੁਸ਼ਮਨ ਤਾਕਤਾਂ ਦੇ ਮੁਕਾਬਲੇ ਮੈਦਾਨ ਵਿਚ ਉਤਰਨ ਤੋਂ ਬਗੈਰ ਹੋਰ ਕੋਈ ਚਾਰਾ ਤੇ ਰਸਤਾ ਹੀ ਨਹੀਂ ਰਹਿ ਗਿਆ ਹੁੰਦਾ।

ਹਰ ਇਕ ਸਿਖ ਦਾ ਮਨ ਅੰਤਾਂ ਦਾ ਦੁਖੀ ਤੇ ਪੀੜਤ ਸੀ ਅਤੇ ਭਾਰਤ ਸਰਕਾਰ ਵਿਰੁਧ ਅਥਾਹ ਜੋਸ਼ ਤੇ ਗੁੱਸੇ ਨਾਲ ਭਰਿਆ ਪਿਆ ਸੀ। ਹਰ ਅੱਖ ਵਿਚ ਲਹੂ ਉਤਰਿਆ ਹੋਇਆ ਸੀ ਅਤੇ ਉਸਦੇ ਰੋਹ ਨਾਲ ਭਖਦੇ ਹੋਏ ਗੂਹੜੇ ਲਹੂ ਰੰਗੇ ਡੋਰਿਆਂ ਦੇ ਪਿਛੇ ਸਮੁੱਚੇ ਹਿੰਦੂ ਸਾਮਰਾਜ ਦੇ ਵਿਰੁਧ ਝੁਲਦੇ ਹੋਏ ਜਜ਼ਬਾਤ ਦੇ ਝੱਖੜ 'ਚੋਂ ਬਹੁਤ ਕੁਝ ਪੜ੍ਹਿਆ ਜਾ ਸਕਦਾ ਸੀ।

ਸਿਖਾਂ ਦੀਆਂ ਨਜ਼ਰਾਂ ਤੇ ਚੇਹਰਿਆਂ ਦੇ ਹਾਵ ਭਾਵ ਤੋਂ ਇਸਤਰ੍ਹਾਂ ਲਗਦਾ ਸੀ ਜਿਵੇਂ ਉਹਨਾਂ ਨਾਲ ਕੋਈ ਭਿਆਨਕ ਕਿਸਮ ਦਾ ਧਰੋਹ ਤੇ ਵਿਸ਼ਵਾਸਘਾਤ ਹੋ ਗਿਆ ਹੁੰਦਾ ਹੈ ਅਤੇ ਉਹ ਆਪਣੇ ਦੁਸ਼ਮਨਾਂ ਵਲੋਂ, ਜਿਨ੍ਹਾਂ ਨੂੰ ਪੰਥਕ ਆਗੂਆਂ ਨੇ 1947 ਤੋਂ ਪਹਿਲਾਂ ਸਿਖਾਂ ਦੇ ਵਿਸ਼ਵਾਸ ਪਾਤਰ ਸਮਝ ਕੇ ਸਿਖ ਕੌਮ ਦੀ ਕਿਸਮਤ ਦੀ ਵਾਗ ਡੋਰ ਫੜਾ ਦਿੱਤੀ ਸੀ, ਵਖਾਈ ਗਈ ਅਕਿਰਤਘਣਤਾ ਦਾ ਬਦਲਾ ਲੈਣ ਲਈ ਆਪਣੀਆਂ ਜਾਨਾਂ ਹਥੇਲੀ 'ਤੇ ਰੱਖ ਕੇ ਕੁਰਬਾਨਗਾਹ ਵੱਲ ਵਹੀਰਾਂ ਘੱਤ ਤੁਰੇ ਹੋਣ, ਜਿਸ ਕਰਕੇ ਸਿਖਾਂ ਦੇ ਜਥੇ ਤੇ ਹਜੂਮ ਥਾਂ ਥਾਂ ਉੱਪਰ ਸੜਕਾਂ ਤੇ ਮੈਦਾਨਾਂ ਵਿਚ ਨਿਕਲ ਆਏ ਸਨ।

ਉਹਨਾਂ ਸਭ ਜੱਥਿਆਂ ਤੇ ਹਜੂਮਾਂ ਦੇ ਹੱਥਾਂ ਵਿਚ ਡਾਂਗਾਂ ਦਾਤਰੇ, ਸ੍ਰੀ ਸਾਹਿਬਾਂ ਤੇ ਹੋਰ ਛੋਟੇ ਮੋਟੇ



ਰਵਾਇਤੀ ਹਥਿਆਰਾਂ ਦੀ ਹੀ ਭਰਮਾਰ ਦਿਸਦੀ ਸੀ। ਕਿਸੇ ਵਿਰਲੇ ਟਾਵੇਂ ਸਿਘ ਦੇ ਹੱਥ ਵਿਚ ਹੀ ਕੋਈ ਦੁਨਾਲੀ, ਇਕ ਨਾਲੀ ਜਾਂ ਪੱਕਾ ਹਥਿਆਰ ਸੀ, ਜਦੋਂ ਕਿ ਉਹਨਾਂ ਜਥਿਆਂ ਵਿਚ ਸ਼ਾਮਲ ਸਿਘਾਂ ਨੂੰ ਇਸ ਗੱਲ ਦਾ ਭਲੀ ਭਾਂਤ ਪਤਾ ਸੀ ਕਿ ਉਹਨਾਂ ਦੇ ਇਨ੍ਹਾਂ ਹਥਿਆਰਾਂ ਦੇ ਮੁਕਾਬਲੇ ਫੌਜ ਕੋਲ ਐੱਸ ਐੱਲ ਆਰਜ਼, ਕਾਰਬਾਈਨਜ਼, ਮਸ਼ੀਨ ਗੰਨਾਂ, ਰਾਕਟ ਲਾਂਚਰਜ਼, ਗੈਸੀ ਗੋਲੇ, ਟੈਂਕਾਂ, ਤੋਪਾਂ, ਅਸਲਾ ਬਾਰੂਦ ਨਾਲ ਲੱਦੀਆਂ ਗੱਡੀਆਂ, ਜੰਗੀ ਹੈਲੀ ਕਾਪਟਰ ਤੇ ਬੰਬਾਰ ਹਵਾਈ ਜਹਾਜ਼ ਅਤੇ ਹੋਰ ਸਭ ਤਰ੍ਹਾਂ ਦੇ ਤਬਾਹਕੁਨ ਹਥਿਆਰਾਂ ਤੇ ਬੰਬਾਂ ਦੀ ਭਰਮਾਰ ਹੈ।

ਪਰ ਇਨ੍ਹਾਂ ਹਾਲਾਤ ਵਿਚ ਵੀ ਹਰ ਇਕ ਸਿਘ ਦੇ ਮਨ ਵਿਚ ਇਹੋ ਹੀ ਤੜਪ ਸੀ ਕਿ ਜਿਵੇਂ ਕਿਵੇਂ ਹੋ ਸਕੇ ਉਹ ਛੇਤੀ ਤੋਂ ਛੇਤੀ ਆਪਣੇ ਗੁਰਾਂ ਦੀ ਨਗਰੀ ਅੰਮ੍ਰਿਤਸਰ ਪਹੁੰਚ ਜਾਵੇ ਅਤੇ ਉਹ ਫੌਜ ਹੱਥੋਂ ਸੱਚ ਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਰੱਖਿਆ ਕਰਨ ਦੇ ਸਬੰਧ ਵਿਚ ਆਪਣੀ ਜਾਨ ਦੀ ਬਾਜ਼ੀ ਲਗਾ ਕੇ ਵੀ ਆਪਣਾ ਧਰਮ ਪਾਲ ਸਕੇ। ………ਪਰ ਇਸ ਅਥਾਹ ਜੋਸ਼, ਰੋਹ ਅਤੇ ਪਰਜਵਲਤ ਜਜ਼ਬਾਤ ਤੇ ਵਲਵਲਿਆਂ ਦੇ ਹੁੰਦਿਆਂ ਹੋਇਆਂ ਵੀ ਪੰਜਾਬ ਭਰ ਅੰਦਰ ਥਾਂ ਥਾਂ ਉੱਪਰ ਸੜਕਾਂ ਤੇ ਨਿਕਲ ਆਏ ਇਨ੍ਹਾਂ ਜੁਝਾਰੂ ਜਥਿਆਂ ਦੀ ਦਸ਼ਾ ਆਪ ਮੁਹਾਰੇ ਰੂਪ 'ਚ ਝੁੱਲ ਰਹੇ ਭਖੜੀਲੇ ਵਰੋਲਿਆਂ ਵਰਗੀ ਹੀ ਸੀ। ਜਾਂ ਇਸ ਗੱਲ ਨੂੰ ਇਉਂ ਕਹਿ ਲਉ ਕਿ ਉਹਨਾਂ ਜੰਗੀ ਹਾਥੀਆਂ ਵਰਗੀ ਦਸ਼ਾ ਸੀ ਜੋ ਰਣ-ਤੱਤੇ ਵਿਚ ਆਪਣੀ ਬਲਵਾਨ ਸ਼ਕਤੀ ਦਾ ਪਰਗਟਾਵਾ ਕਰਨ ਪੱਖੋਂ ਤਾਂ ਪੂਰੇ ਸੂਰੇ ਤੇ ਸਮਰਥ ਦਿਸਦੇ ਹੋਣ, ਪਰ ਉਹ ਜੰਗੀ ਰਖਵਾਲਾ (ਸਿਪਾਹ-ਸਾਲਾਰ) ਦੇ ਕੁੰਡੇ ਤੇ ਅਗਵਾਈ ਤੋਂ ਵਾਂਝੇ ਹੋਣ।

ਸਿਰ ਲੱਥ ਸੂਰਮਿਆਂ ਦੇ ਇਨ੍ਹਾਂ ਜੱਥਿਆਂ ਹਜੂਮਾਂ ਨਾਲ ਕਿਸੇ ਥਾਂ ਉੱਪਰ ਕੋਈ ਮਜ਼ਬੂਤ, ਤਜਰਬੇਕਾਰ ਤੇ ਪ੍ਰਭਾਵਸ਼ਾਲੀ ਲੀਡਰਸ਼ਿਪ ਨਹੀਂ ਸੀ ਅਤੇ ਨਾ ਹੀ ਇਕ ਦੂਸਰੇ ਜਥੇ ਤੇ ਇਲਾਕੇ ਦੇ ਸਿਘਾਂ ਦਾ ਦੂਸਰੇ ਇਲਾਕਿਆਂ ਦੇ ਜੱਥਿਆਂ ਤੇ ਸਿਘਾਂ ਨਾਲ ਕੋਈ ਤਾਲਮੇਲ ਹੀ ਸੀ, ਪਰ ਜਿਥੋਂ ਤੱਕ ਜਜ਼ਬੇ ਤੇ ਕੁਰਬਾਨੀ ਦੀ ਭਾਵਨਾ ਦਾ ਸਵਾਲ ਸੀ ਉਹ ਅੰਤਾਂ ਦੀ ਹੋਣ ਕਰਕੇ ਸਿਖਰਾਂ ਨੂੰ ਛੂਹ ਰਹੀ ਸੀ।

ਇਨ੍ਹਾਂ ਦਿਨਾਂ ਵਿਚ ਪਿੰਡ ਪਿੰਡ ਤੇ ਕਸਬੇ ਕਸਬੇ ਅੰਦਰ ਜੋ ਆਮ ਮਾਹੌਲ ਵੀ ਵੇਖਣ ਵਿਚ ਆ ਰਿਹਾ ਸੀ ਉਸਨੂੰ ਵੇਖਣ ਜਾਨਣ ਤੇ ਸਮਝਣ ਤੋਂ ਬਾਅਦ ਇਹੋ ਗੱਲ ਉੱਭਰ ਕੇ ਸਾਹਮਣੇ ਆ ਰਹੀ ਸੀ ਕਿ ਹਰ ਸਿਖ ਯਵਕ ਨੌਜਵਾਨ ਤੇ ਅਧਖੜ ਵਿਅਕਤੀ ਤੋਂ ਲੈ ਕੇ ਬਿਰਧਾਂ ਤੱਕ ਸਭ ਦੇ ਮਨਾਂ ਅੰਦਰ ਭਾਰਤ ਸਰਕਾਰ, ਉਸਦੇ ਹਵਾਰੀਆਂ ਅਤੇ ਹੋਰ ਸਭ ਸਿਖ ਦੁਸ਼ਮਨ ਤਾਕਤਾਂ ਬਾਰੇ ਗੁੱਸੇ ਤੇ ਰੋਹ ਦੀਆਂ ਭਾਵਨਾਵਾਂ ਪਰਚੰਡ ਤੇ ਭਰਪੂਰ ਰੂਪ ਵਿਚ ਪਾਈਆਂ ਜਾ ਰਹੀਆਂ ਸਨ।

ਮੈਦਾਨ ਵਿਚ ਉਤਰਨ ਵਾਲੇ ਨੌਜਵਾਨ ਤੇ ਜੁਝਾਰੂ ਸਿਘਾਂ ਤੋਂ ਇਲਾਵਾ ਪਿੰਡਾਂ ਕਸਬਿਆਂ ਦੇ ਆਮ ਕਾਰੋਬਾਰੀ ਅਤੇ ਪੱਗ ਬੰਨ੍ਹ ਸਿਖ ਵੀ ਥਾਉਂ-ਥਾਈਂ ਬੈਠੇ, ਖਲੋਤੇ ਹੋਏ ਕਿਸੇ ਡਾਹਢੀ ਅੰਦਰਲੀ ਪੀੜ ਨਾਲ ਵਿਆਕੁਲ ਹੋਏ ਦਿਸਦੇ ਸਨ ਅਤੇ ਉਹ ਸਿਖ ਕੌਮ ਉੱਪਰ ਬੋਲੇ ਗਏ ਇਸ ਭਿਆਨਕ ਫੌਜੀ ਹੱਲੇ ਦੇ ਵਿਰੁਧ ਆਪਣੇ ਜਜ਼ਬਾਤ ਦਾ ਪਰਗਟਾਵਾ ਕਰਦੇ ਹੋਏ ਆਪਣੇ ਆਪਣੇ ਮਨ ਦੀ ਹਵਾੜ ਤੇ ਗੁਭਗਲ੍ਹਾਟ ਕਢਦੇ ਹੋਏ ਦਿਸ ਰਹੇ ਸਨ।

ਮਾਈਆਂ ਬੀਬੀਆਂ ਨੂੰ ਰੋਟੀ ਪਾਣੀ ਅਤੇ ਚੌਂਕੇ ਚੁੱਲੇ ਤੇ ਘਰ ਬਾਹਰ ਦਾ ਕੰਮ ਕਾਰ ਇਕ ਪ੍ਰਕਾਰ ਨਾਲ ਭੁੱਲਿਆ ਵਿਸਰਿਆ ਹੀ ਹੋਇਆ ਸੀ। ਜੇ ਉਹ ਬੱਚਿਆਂ ਤੇ ਘਰ ਦੇ ਜੀਆਂ ਲਈ ਰੋਟੀ ਪਾਣੀ ਦਾ ਆਹਰ-ਪਾਹਰ ਕਰਦੀਆਂ, ਦੁੱਧ ਪਦਾਰਥ ਸਾਂਭਦੀਆਂ ਅਤੇ ਪਰਿਵਾਰ ਦੇ ਛੋਟੇ ਵੱਡੇ ਬਾਲਾਂ

ਬੱਚਿਆਂ ਵੱਲ ਧਿਆਨ ਦੇਂਦੀਆਂ ਹੋਈਆਂ ਦਿਸਦੀਆਂ ਵੀ ਸਨ ਤਾਂ ਉਹਨਾ ਵੱਲ ਵੇਖਿਆਂ ਇਹ ਹੀ ਜਾਪਦਾ ਸੀ ਕਿ ਜਿਵੇਂ ਉਹ ਇਹ ਸਭ ਕੁਝ ਉਪਰੋਂ ਉਪਰੋਂ ਖੁਸੇ ਟੁੱਟੇ ਹੋਏ ਤੇ ਉਦਾਸ ਉਦਾਸ ਮਨ ਨਾਲ ਹੀ ਕਰ ਰਹੀਆਂ ਹਨ।

ਅਸਲ ਵਿਚ ਕੰਮਕਾਰ ਕਰਦਿਆਂ ਹੋਇਆਂ ਵੀ ਕਿਸੇ ਸਿਖ ਮਾਈ ਭਾਈ ਦਾ ਮਨ ਕੰਮ ਵਿਚ ਨਹੀਂ ਸੀ ਖੁਭਿਆ ਹੁੰਦਾ, ਸਗੋਂ ਹਰ ਇਕ ਵਿਅਕਤੀ ਨੂੰ ਆਪਣੀ ਆਪਣੀ ਥਾਂ, 'ਤੇ ਬੈਠਿਆਂ, ਖਲੋਤਿਆਂ, ਤੁਰਦਿਆਂ, ਫਿਰਦਿਆਂ ਤੇ ਕੰਮ ਕਰਦਿਆਂ ਹੋਇਆਂ ਵੀ ਕੁਝ ਇਸਤਰਾਂ ਦੇ ਤੌਖਲਿਆਂ ਵਿਚਾਰਾਂ ਸ਼ੰਕਿਆਂ ਤੇ ਵਿਸਵਿਸਿਆਂ ਨੇ ਘੇਰ ਰੱਖਿਆ ਹੁੰਦਾ ਸੀ।

ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਪਵਿਤਰ ਤੇ ਮਹਾਨ ਭਵਨਾਂ ਦਾ ਟੈਂਕਾਂ, ਤੋਪਾਂ ਤੇ ਮਸ਼ੀਨ ਗੰਨਾਂ ਦੀ ਮਾਰ ਵਿਚ ਕੀ ਹਾਲ ਹੋਇਆ ਹੋਵੇਗਾ? ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦਾ ਕੀ ਬਣਿਆਂ ਹੋਵੇਗਾ! ਖਾਲਿਸਤਾਨ ਕੌਂਸਲ, ਦਲ ਖਾਲਸਾ, ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ, ਅਕਾਲ ਫੈਡਰੇਸ਼ਨ, ਬੱਬਰ ਖਾਲਸਾ ਤੇ ਹੋਰ ਜੁਝਾਰੂ ਜਥੇਬੰਦੀਆਂ ਦੇ ਸਿੰਘਾਂ ਨਾਲ ਕੀ ਬੀਤੀਆਂ ਹੋਣਗੀਆਂ? ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ, ਭਾਈ ਰਛਪਾਲ ਸਿੰਘ, ਗਿਆਨੀ ਪੂਰਨ ਸਿੰਘ, ਬਲਬੀਰ ਸਿੰਘ ਜੰਧ, ਜਥੇਦਾਰ ਸੁਖਦੇਵ ਸਿੰਘ ਬੱਬਰ ਖਾਲਸਾ ਅਤੇ ਫੈਡਰੇਸ਼ਨ ਦੇ ਜਵਾਨਾਂ, ਜਥੇ ਦੇ ਸਿੰਘਾਂ, ਸਿਖ ਸੰਗਤਾਂ, ਦਰਬਾਰ ਸਾਹਿਬ ਦੇ ਸੇਵਾਦਾਰਾਂ ਰਾਗੀ ਸਿੰਘਾਂ, ਗ੍ਰੰਥੀ ਸਿੰਘਾਂ, ਜੁਝਾਰੂ ਸਿੰਘਾਂ ਤੇ ਧਰਮ ਯੁੱਧ ਵਿਚ ਹਿੱਸਾ ਪਾਉਣ ਲਈ ਗਏ ਸਿੰਘ ਸਿੰਘਣੀਆਂ ਤੇ ਭੁਝੰਗੀਆਂ ਭੁਝੰਗਣਾਂ ਨਾਲ ਕੀ ਭਾਣਾ ਵਰਤਿਆ ਹੋਵੇਗਾ? ਸੰਤ ਹਰਚੰਦ ਸਿੰਘ ਲੌਂਗੋਵਾਲ, ਸ: ਗੁਰਚਰਨ ਸਿੰਘ ਟੌਹੜਾ, ਅਤੇ ਹੋਰ ਅਕਾਲੀ ਜਥੇਦਾਰ, ਜਿਨ੍ਹਾਂ ਨੇ ਆਪਣੇ ਆਪ ਨੂੰ ਫੌਜ ਦੇ ਹਵਾਲੇ ਕਰ ਦਿੱਤਾ ਸੀ, ਇਸ ਸਮੇਂ ਕੀ ਸੋਚ ਰਹੇ ਹੋਣਗੇ? ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਹੋਰ ਗੁਰਧਾਮਾਂ ਤੇ ਪੰਜਾਬ ਅੰਦਰ ਹੁਣ ਤੱਕ ਖਾਲਸਾ ਪੰਥ ਦੇ ਅਨੁਆਈਆਂ ਅਤੇ ਮਰਜੀਵੜਿਆਂ ਜੁਝਾਰੂਆਂ ਦੀਆਂ ਕਿੰਨੀਆਂ ਕੁ ਸ਼ਹੀਦੀਆਂ ਹੋ ਚੁਕੀਆਂ ਹੋਣਗੀਆਂ?

ਸਮੁੱਚੇ ਸਿਖ ਜਗਤ ਅੰਦਰ ਘਰ ਕਰੀ ਬੈਠੇ ਇਨ੍ਹਾਂ ਤੌਖਲਿਆਂ ਤੇ ਵਿਚਾਰਾਂ ਵਿਸਵਸਿਆਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਭਵਨ ਸ੍ਰੀ ਅਕਾਲ ਤਖਤ ਸਾਹਿਬ, ਤੋਸ਼ਾ ਖਾਨਾ, ਸ੍ਰੀ ਦਰਬਾਰ ਸਾਹਿਬ ਸਿਖ ਰੈਫਰੈਂਸ ਲਾਇਬਰੇਰੀ, ਸਿਖ ਅਜਾਇਬ ਘਰ, ਗੁਰੂ ਰਾਮਦਾਸ ਲੰਗਰ, ਅਕਾਲ ਰੈਸਟ ਹਾਊਸ, ਗੁਰੂ ਰਾਮਦਾਸ ਸਰਾਂ, ਸਮੁੰਦਰੀ ਹਾਲ, ਗੁਰੂ ਨਾਨਕ ਨਿਵਾਸ, ਮੰਜੀ ਸਾਹਿਬ, ਦੀਵਾਨ ਹਾਲ, ਬਾਬਾ ਅਟੱਲ ਸਾਹਿਬ, ਮਾਤਾ ਕੌਲਾਂ ਜੀ ਦੇ ਅਸਥਾਨ - ਕੌਲ ਸਰ ਸਾਹਿਬ, ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਅਤੇ ਪੰਜਾਬ ਭਰ ਦੇ ਹੋਰ ਸਮੂਹ ਇਤਿਹਾਸਕ ਗੁਰਧਾਮਾਂ ਸਿਖ ਸੰਪਰਦਾਵਾਂ ਦੇ ਡੇਰਿਆਂ, ਬੁੰਗਿਆਂ ਨਿਹੰਗ ਸਿੰਘਾਂ ਦੀਆਂ ਛਾਉਣੀਆਂ ਤੇ ਅਸਥਾਨਾਂ ਬਾਰੇ ਵੱਖ ਵੱਖ ਪੱਖਾਂ ਤੋਂ ਕਿਆਸਆਰਾਈਆਂ ਹੋਣ ਦੇ ਨਾਲ ਨਾਲ ਭਾਰਤ ਸਰਕਾਰ ਤੇ ਉਸਦੀ ਫੌਜ ਵੱਲੋਂ ਵਰਤਾਏ ਜਾ ਚੁੱਕੇ ਤੇ ਵਰਤਾਏ ਜਾ ਰਹੇ ਕਾਲੇ ਘਿਨਾਉਣੇ ਕਾਰਿਆਂ ਬਾਰੇ ਨਫਰਤ ਤੇ ਗੁੱਸੇ ਨਾਲ ਖੋਲਦੇ ਹੋਏ ਰੋਹ ਤੇ ਜੋਸ਼ ਭਰੇ ਚਰਚਾ ਦੇ ਦ੍ਰਿਸ਼ ਵੇਖਣ ਸੁਨਣ ਵਿਚ ਆਮ ਆ ਰਹੇ ਸਨ।

ਇਸ ਪਰਕਾਰ ਦੀ ਚਰਚਾ ਵਿਚ ਸਮੇਂ ਸਮੇਂ ਪ੍ਰਾਪਤ ਹੋਣ ਵਾਲੀਆਂ ਕਨਸੋਆਂ ਤੇ ਨਵੀਆਂ ਤੋਂ ਨਵੀਆਂ ਖਬਰਾਂ ਦੇ ਕਾਰਨ ਜੋ ਵਾਧਾ ਹੋਇਆ ਸੀ ਉਹ ਸੀ ਪੰਜਾਬ ਭਰ ਅੰਦਰ ਸਿਖਾਂ ਨਾਲ ਫੌਜੀ ਕੈਂਪ ਵਿਚ ਕੀਤੇ ਜਾ ਰਹੇ ਵਹਿਸ਼ਿਆਨਾ ਸਲੂਕ, ਸ਼ਹੀਦ ਹੋ ਚੁੱਕੇ ਸਿੰਘਾਂ ਸਿੰਘਣੀਆਂ ਤੇ ਬੱਚਿਆਂ ਦੀਆਂ ਲਾਸ਼ਾਂ ਦੀ ਕੀਤੀ ਜਾ ਰਹੀ ਦੁਰਦਸ਼ਾ, ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਗੁਰੂਧਾਮਾਂ ਦੀ ਹਿੰਦੂ



ਫੌਜ ਵੱਲੋਂ ਕੀਤੀ ਜਾ ਰਹੀ ਘੋਰ ਬੇਅਦਬੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਬੀੜਾਂ ਨੂੰ ਸਾੜਨ ਅਤੇ ਪੰਥਕ ਵਿਰਸੇ ਦੀਆਂ ਮਹਾਨ ਯਾਦਾਂ ਨੂੰ ਤਬਾਹ ਕਰਨ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਭਵਨ ਨੂੰ ਢਹਿ ਢੇਰੀ ਕਰਕੇ ਰੱਖ ਦੇਣ ਬਾਰੇ ਖੁੱਲ੍ਹੀ ਤੇ ਵਿਆਪਕ ਚਰਚਾ।

ਅਸਲ ਵਿਚ ਇਹ ਇਕ ਐਸਾ ਦੌਰ ਸੀ ਜਿਸ ਵਿਚ ਪੰਜਾਬ ਭਰ ਦੇ ਸਿਖਾਂ ਅੰਦਰ ਇਹ ਖਿਆਲ ਆਮ ਪਾਇਆ ਜਾ ਰਿਹਾ ਸੀ ਕਿ ਭਾਰਤੀ ਫੌਜ ਵਲੋਂ ਜਿਸ ਕਿਸੇ ਸਿਖ ਦੇ ਵੀ ਗਾਤਰੇ ਪਈ ਹੋਈ ਛੋਟੀ ਤੋਂ ਛੋਟੀ ਸ੍ਰੀ ਸਾਹਿਬ ਵੇਖੀ ਗਈ, ਜੇ ਕੋਈ ਸਿੰਘ ਨੀਲੀ, ਕਾਲੀ ਤੇ ਕੇਸਰੀ ਦਸਤਾਰ ਵਿਚ ਵੇਖਿਆ ਗਿਆ ਅਤੇ ਜਾਂ ਉਹ ਸਿਖੀ ਬਾਣੇ ਵਿਚ ਤੁਰਦਾ ਫਿਰਦਾ ਹੋਇਆ ਨਜ਼ਰੀ ਆ ਗਿਆ ਅਤੇ ਜੇ ਕਿਸੇ ਸਿਖ ਦੇ ਹਥ ਵਿਚ ਕੋਈ ਡਾਂਗ ਸੋਟਾ ਤੇ ਛੋਟਾ ਮੋਟਾ ਹਥਿਆਰ ਵੇਖਿਆ ਤਾਂ ਉਸਨੂੰ ਵੱਡੀ ਤੋਂ ਵੱਡੀ ਮੁਸੀਬਤ ਇਥੋਂ ਤੱਕ ਕਿ ਮੌਤ ਦਾ ਵੀ ਸਾਹਮਣਾ ਕਰਨਾ ਤੇ ਮੂੰਹ ਵੇਖਣਾ ਪੈ ਸਕਦਾ ਸੀ।

ਐਸੀ ਹਾਲਤ ਵਿਚ ਪੰਜਾਬ ਭਰ ਅੰਦਰ ਸਿਖਾਂ ਦੀ ਦੁਨੀਆਂ ਇਕ ਅਜੀਬ ਕਿਸਮ ਦੀ ਮਾਨਸਿਕ, ਸਮਾਜਕ, ਧਾਰਮਕ ਤੇ ਰਾਜਸੀ ਸਥਿਤੀ ਵਿਚ ਬੁਰੀ ਤਰ੍ਹਾਂ ਨਾਲ ਫਸੀ ਤੇ ਘਿਰੀ ਹੋਈ ਦਿੱਸ ਰਹੀ ਸੀ। ਜਿਸ ਕਰਕੇ ਹਰ ਸਿਖ ਨੂੰ ਇਸ ਅਫਰਾਤਫਰੀ, ਤਬਾਹੀ ਤੇ ਮਾਨਸਿਕ ਕਸ਼ਮਕਸ਼ ਦੇ ਪ੍ਰਤੀਕ ਆਲਮ ਵਿਚ ਆਪਣੀ ਦੁਨੀਆਂ ਆਬਾਦ ਦਿਸਦੀ ਹੋਈ ਵੀ ਬੇਆਬਾਦ, ਖਿਲਰੀ ਪੁਲਰੀ ਤੇ ਰਸ ਹੀਨ ਹੋਈ ਨਜ਼ਰੀ ਆ ਰਹੀ ਸੀ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਪੂਰਨ ਟੇਕ ਅਤੇ ਖਾਲਸਾ ਪੰਥ ਦੀ ਆਜ਼ਾਦ ਹਸਤੀ ਤੇ ਪੰਥ ਦੀਆਂ ਮਹੱਤਵ ਭਰਪੂਰ ਸਿਧਾਂਤਕ ਰਵਾਇਤਾਂ ਉੱਪਰ ਵਿਸ਼ਵਾਸ ਰੱਖਣ ਵਾਲੇ ਹਰ ਸਿਖ ਉੱਪਰ ਇਹ ਗੱਲ ਪਰਗਟ ਹੋ ਗਈ ਸੀ ਕਿ ਭਾਰਤ ਸਰਕਾਰ ਦੇ ਨਾਲ ਨਾਲ ਹਰ ਜਨ-ਸਾਧਾਰਨ ਹਿੰਦੂ ਤੇ ਹਿੰਦੂ ਫੌਜੀ ਦੇ ਦਿਲ ਦਿਮਾਗ ਅੰਦਰ ਸਿਖਾਂ ਲਈ ਗਜ਼ਬਨਾਕ ਹੱਦ ਤੱਕ ਦੇ ਵੈਰ-ਵਿਰੋਧ ਤੇ ਭਿਆਨਕ ਕਿਸਮ ਦੀ ਈਰਖਾ ਦਾ ਭਾਂਬੜ ਮੱਚ ਰਿਹਾ ਹੈ ਅਤੇ ਉਹ ਸਿਖਾਂ ਦੇ ਸੰਸਾਰ ਉੱਪਰ ਕਹਿਰ ਢਾਹੁਣ ਤੇ ਆਪਣੇ ਅੰਦਰਲਾ ਜ਼ਹਿਰ ਉਗਲਣ ਲਈ ਆਪੋ ਆਪਣੀ ਥਾਂ 'ਤੇ ਕਾਹਲੇ ਪੈ ਰਹੇ ਹਨ।

ਫੌਜੀ ਜਰਨੈਲਾਂ ਤੇ ਅਧਿਕਾਰੀਆਂ ਵਲੋਂ ਪੰਜਾਬ ਭਰ ਦੇ ਪਿੰਡਾਂ ਤੇ ਕਸਬਿਆਂ ਦੀ ਇਕ ਬਾਕਾਇਦਾ ਮਨਸੂਬਾ ਬੰਧੀ ਦੇ ਅਨੁਸਾਰ ਸਰਕਲ ਵੰਡ ਕੀਤੀ ਗਈ ਸੀ, ਲਗਪਗ ਹਰ ਦਸਾਂ ਬਾਰ੍ਹਾਂ ਪਿੰਡਾਂ ਦੇ ਸਰਕਲ ਪਿੱਛੇ ਲੈਫਟੀਨੈਂਟ ਕੈਪਟਨ ਜਾਂ ਮੇਜਰ ਰੈਂਕ ਦੇ ਅਫਸਰ ਨੂੰ ਇਕ ਖੁਦਮੁਖਤਿਆਰ ਹਾਕਮ ਦੇ ਰੂਪ ਵਿਚ ਫੌਜੀ ਅਮਲੇ ਫੈਲੇ ਤੇ ਜੰਗੀ ਸਾਧਨ ਵਸੀਲਿਆਂ ਨਾਲ ਪੂਰੀ ਤਰ੍ਹਾਂ ਲੈਸ ਕਰਕੇ ਨਿਯੁਕਤ ਕੀਤਾ ਹੋਇਆ ਸੀ ਅਤੇ ਉਹਨਾਂ ਦਾ ਨਿਸਚਤ ਅੱਡੇ ਟਿਕਾਣਿਆਂ ਉੱਪਰ ਸਥਾਪਤ ਕੀਤੇ ਹੋਏ ਫੌਜੀ ਕੈਂਪਾਂ ਤੇ ਹੈੱਡ ਕੁਆਰਟਰਜ਼ ਨਾਲ ਸਿੱਧਾ ਸੰਪਰਕ ਕਾਇਮ ਸੀ, ਜਿਸ ਕਰਕੇ ਸਭ ਪਾਸੇ ਦੂਰ ਦੂਰ ਅੱਡਿਆਂ, ਚੌਰਾਹਿਆਂ, ਰੈਸਟ ਹਾਊਸਾਂ, ਸਕੂਲਾਂ ਕਾਲਜਾਂ ਜਾਂ, ਬਲਾਕ ਦੇ ਦਫਤਰਾਂ ਸਰਕਾਰੀ ਤੇ ਨੀਮ ਸਰਕਾਰੀ ਅਦਾਰਿਆਂ, ਸਭ ਥਾਵਾਂ ਉੱਪਰ ਮਿਲਟਰੀ ਦੇ ਕੈਂਪਾਂ ਅਤੇ ਗਸ਼ਤੀ ਦਸਤਿਆਂ ਦੀ ਹੀ ਭਰਮਾਰ ਦਿਸਦੀ ਜੀ।

ਛੋਟੀਆਂ ਵੱਡੀਆਂ ਸੜਕਾਂ ਅਤੇ ਸੂਇਆਂ ਨਹਿਰਾਂ ਆਦਿ ਦੀਆਂ, ਪਟੜੀਆਂ ਉੱਪਰ ਫੌਜੀ ਜੀਪਾਂ ਤੇ ਗੱਡੀਆਂ, ਝੱਖੜ ਝੁਲਾਉਂਦੀਆਂ ਹੋਈਆਂ ਇਧਰ ਉਧਰ ਭੱਜੀਆਂ ਦੌੜੀਆਂ ਫਿਰਦੀਆਂ ਸਨ ਅਤੇ ਉਹਨਾਂ ਵਿਚ ਸਵਾਰ ਹਿੰਦੂ ਫੌਜੀ ਬਾਹਰ ਵੱਲ ਨੂੰ ਦੂਰ ਦੂਰ ਤੱਕ ਖੇਤਾਂ, ਹੱਕੜਾਂ, ਦਰਖਤਾਂ ਦੇ ਝੁੰਡਾਂ, ਕਸਬਿਆਂ ਤੇ ਪਿੰਡਾਂ ਦੀਆਂ ਨਿਆਈਆਂ ਵਿਚਲੀਆਂ ਫਸਲਾਂ ਦੇ ਆਲੇ ਦੁਆਲੇ ਵੱਲ ਸ਼ਿਕਾਰ 'ਤੇ

ਨਿਕਲੇ ਸ਼ਿਕਾਰੀਆਂ ਦੀ ਤਰ੍ਹਾਂ ਆਪਣੀਆਂ ਤੇਜ਼-ਤਿੱਖੀਆਂ ਤੇ ਮਾਰੂ ਨਜ਼ਰਾਂ ਸੁੱਟ ਰਹੇ ਸਨ।

ਐਸੀ ਹਾਲਤ ਵਿਚ ਜਦੋਂ ਹੀ ਚੌਂਹ ਪਾਸੇ ਸਿੱਖਾਂ ਦਾ ਗਰੁਪ ਖੇਤਾਂ ਵਿਚ ਪਠਾ ਦੇਖਾ ਕਰਦਾ, ਕਿਸੇ ਰੁੱਖ ਹੇਠ ਬੈਠਾ, ਪਿੰਡੋਂ ਬਾਹਰ ਕਿਸੇ ਥਾਂ ਖਲੋਤਾ, ਟੀਊਬਵੈੱਲ ਉੱਪਰ ਨਹਾਉਂਦਾ ਧੋਂਦਾ ਅਤੇ ਜਾਂ ਕਿਸੇ ਬਾਰਿਕ ਤੇ ਵਾੜੇ ਦੇ ਆਸ ਪਾਸ ਬੈਠਾ ਖਲੋਤਾ ਹੋਇਆ ਉਹਨਾਂ ਦੀਆਂ ਨਜ਼ਰਾਂ ਵਿਚ ਜ਼ਰਾ ਕੁ ਵੀ ਸ਼ੱਕੀ ਹਾਲਤ ਵਿਚ ਦਿਸਦਾ ਜਾਂ ਭਾਸਦਾ ਤਾਂ ਉਸੇ ਸਮੇਂ ਜੀਪ ਜਾਂ ਫੌਜੀ ਗੱਡੀ ਉਹਨਾਂ ਦੇ ਸਿਰ ਉੱਪਰ ਜਾ ਕੂਕਦੀ ਅਤੇ ਉਹਨਾਂ ਸਿੱਖਾਂ ਨੂੰ ਬਿਨਾ ਕਿਸੇ ਪੁੱਛ ਪ੍ਰਤੀਤ ਦੇ ਰਾਈਫਲਾਂ ਆਦਿ ਦੇ ਬਾਟਾਂ ਦੀਆਂ ਹੁੱਜਾਂ ਤੇ ਬੂਟਾਂ ਦੇ ਠੁੱਡਿਆਂ ਦੀ ਮਾਰ ਪੈਣ ਲੱਗ ਪੈਂਦੀ ਅਤੇ ਉਹਨਾਂ ਨੂੰ ਗੰਦੀਆਂ ਤੋਂ ਗੰਦੀਆਂ ਗਾਹਲਾਂ ਦੀ ਭੰਬ ਨਾਲ ਭੰਬਿਆ ਜਾਣ ਲੱਗ ਪੈਂਦਾ ਪਰ ਜੇ ਕੋਈ ਸਿੱਖ ਉਹਨਾਂ ਫੌਜੀਆਂ ਅੱਗੇ ਜ਼ਰਾ ਕੁ ਵੀ ਉਭਾਸਰਦਾ ਜਾਂ ਉਹਨਾਂ ਫੌਜੀਆਂ ਤੋਂ ਇਸ ਅੰਨ੍ਹੇ ਜਬਰ ਤੇ ਅਨਿਆ ਦਾ ਕਾਰਨ ਪੁੱਛ ਬੈਠਦਾ ਤਾਂ ਅੱਗੋਂ ਬਿਨਾ ਕੋਈ ਦਲੀਲ ਦਿੱਤਿਆਂ ਤੋਂ ਹੀ ਉਥੇ ਬੈਠੇ ਜਾਂ ਖਲੋਤੇ ਹੋਏ ਸਿੱਖਾਂ ਦੀਆਂ ਛਾਤੀਆਂ ਵੱਲ ਹਥਿਆਰ ਸੇਧ ਦਿੱਤੇ ਜਾਂਦੇ ਅਤੇ ਵੇਖਦਿਆਂ ਹੀ ਵੇਖਦਿਆਂ ਉਹਨਾਂ ਸਿੱਖਾਂ ਦੀਆਂ ਹੀ ਦਸਤਾਰਾਂ ਨਾਲ ਉਹਨਾਂ ਦੀਆਂ ਮੁਸ਼ਕਾਂ ਬੰਨ੍ਹ ਕੇ ਉਹਨਾਂ ਨੂੰ ਜੀਪ ਜਾਂ ਗੱਡੀ ਵਿਚ ਸੁੱਟ ਲਿਆ ਜਾਂਦਾ।

ਕਿਸੇ ਨਦੀ ਨਾਲੇ, ਨਹਿਰ, ਨਖਾਸੂ ਤੇ ਸੂਏ ਆਦਿ ਤੱਕ ਦੇ ਪੁਲਾਂ ਤੋਂ ਦੀ ਗੁਜ਼ਰਨਾ ਜਾਂ ਉਹਨਾਂ ਦੇ ਵਿਚੋਂ ਦੀ ਲੰਘ ਕੇ ਇਕ ਪਿੰਡ ਤੋਂ ਦੂਸਰੇ ਪਿੰਡ ਤੱਕ ਜਾਣਾ, ਉੱਕਾ ਹੀ ਮਮਨੂਹ ਅਰਥਾਤ ਮਨ੍ਹਾਂ ਸੀ, ਨਹਿਰਾਂ ਤੇ ਵੱਡੇ ਸੂਇਆਂ ਉੱਪਰ ਪੈਦਲ ਚੱਲਣ ਜਾਂ ਸਾਈਕਲ, ਰਿਕਸ਼ਾ ਗੱਡੀ ਜਾਂ ਗੱਡਾ ਟਾਂਗਾ ਚਲਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਪੰਜਾਬ ਭਰ ਅੰਦਰ ਜੂਨ ਦੇ ਪਹਿਲੇ ਤਿੰਨਾਂ ਹਫਤਿਆਂ ਵਿਚ ਤਾਂ ਸਥਿਤੀ ਇਸਤਰਾਂ ਦੀ ਬਣੀ ਹੋਈ ਸੀ ਕਿ ਹਰ ਸਿਖ ਜਿਥੇ ਮਨੋਂ ਕਰਕੇ ਆਪਣੇ ਆਪ ਨੂੰ ਪਰਲੋ ਵਰਗੀ ਭਿਆਨਕ ਹਾਲਤ ਵਿਚ ਫਾਥਾ ਹੋਇਆ ਸਮਝਦਾ ਸੀ ਉਥੇ ਸਿਖਾਂ ਦੇ ਮੁਕਾਬਲੇ ਹਰ ਹਿਦੂ ਆਪਣੇ ਆਪ ਨੂੰ ਉਸ ਪਰਲੋ ਅਰਥਾਤ ਮੌਤ ਵੰਡਦੇ ਖੂਨੀ ਤੱਖਤ ਉੱਪਰ ਛਾਏ ਹੋਏ ਸ਼ਾਹ-ਸਵਾਰ ਤੇ ਖੁਦਮੁਖਤਿਆਰ ਹਾਕਮ ਦੀ ਤਰ੍ਹਾਂ ਜਲਵਾਗਰ ਹੋਇਆ ਸਮਝ ਰਿਹਾ ਸੀ।

ਉਹਨਾਂ ਦਿਨਾਂ ਵਿਚ ਹਿਦੂਆਂ ਨੂੰ ਆਪਣੇ ਆਪ ਵਿਚ ਇਸਤਰ੍ਹਾਂ ਭਾਸ ਰਿਹਾ ਸੀ ਕਿ ਜਿਵੇਂ ਉਹ ਇਕ ਬਹੁਤ ਵੱਡੇ ਸਾਮਰਾਜ ਦੇ ਖੁਦ ਵਾਹਿਦ ਮਾਲਕ ਹੋਦੇ ਹਨ ਜਿਸ ਕਰਕੇ ਪੰਜਾਬ ਦਾ ਹਰ ਛੋਟਾ ਵੱਡਾ ਹਿਦੂ ਆਪਣੇ ਆਪ ਵਿਚ ਇਸਤਰ੍ਹਾਂ ਸਮਝ ਰਿਹਾ ਸੀ ਕਿ ਜਿਵੇਂ ਭਾਰਤ ਭਰ ਦੀਆਂ ਫੌਜਾਂ, ਨੀਮ ਫੌਜੀ ਅਦਾਰੇ, ਸਮੂਹ ਫੌਜੀ ਛਾਉਣੀਆਂ, ਟੈਂਕਾਂ ਤੋਪਾਂ ਤੇ ਅਸਲੇ ਬਾਰੂਦ ਦੇ ਸਭ ਭੰਡਾਰਾਂ ਅਤੇ ਹਵਾਈ ਜਹਾਜ਼ਾਂ ਤੇ ਸ਼ਕਤੀ ਦੇ ਹੋਰ ਸਭ ਸਾਧਨਾਂ, ਵਸੀਲਿਆਂ ਉੱਪਰ ਉਸਦੀਆਂ ਆਪਣੀਆਂ ਹੀ ਨੀਤੀਆਂ, ਇਛਾਵਾਂ ਤੇ ਫੈਸਲਿਆਂ ਦੀ ਮੋਹਰ ਛਾਪ ਲੱਗੀ ਹੋਈ ਹੁੰਦੀ ਹੈ ਅਤੇ ਚੌਂਹ ਕੂਟਾਂ ਵਿਚ ਉਸਦਾ ਆਪਣਾ ਹੀ ਹੁਕਮ ਚੱਲ ਰਿਹਾ ਹੁੰਦਾ ਹੈ। ਜਿਸ ਕਰਕੇ ਸਭ ਪਾਸੇ, ਪਿੰਡਾਂ, ਕਸਬਿਆਂ ਔਂਡਿਆਂ ਟਿਕਾਣਿਆਂ ਅਤੇ ਸੜਕਾਂ ਦੇ ਮੋੜਾਂ ਚੌਰਸਤਿਆਂ ਦੇ ਆਸ ਪਾਸ ਵਸਣ ਵਾਲੇ ਤੇ ਆਪ ਆਪਣੀਆਂ ਲੂਣ ਤੇਲ, ਬਜਾਜੀ, ਆੜ੍ਹਤ, ਖਾਦ ਖੁਰਾਕ ਤੇ ਅਨਾਜ, ਲੋਹੇ, ਸੀਮੇਂਟ, ਮਨਿਆਰੀ, ਸਬਜ਼ੀ ਤਰਕਾਰੀ, ਫਲ ਫਰੂਟ, ਚਾਹ ਪਾਣੀ ਅਤੇ ਕਲ ਪੁਰਜ਼ਿਆਂ, ਛੋਟੀ ਮੋਟੀ ਮਸ਼ੀਨਰੀ ਤੇ ਹੋਰ ਸੌਦੇ ਸੂਤ ਦੀਆਂ ਦੁਕਾਨਾਂ ਉੱਪਰ ਹਿਕ ਕੱਢ ਕੇ ਤੇ ਧੌਣਾਂ ਅਕੜਾ ਕੇ ਬੈਠੇ ਖਲੋਤੇ ਹੋਏ ਹਿਦੂ ਦੁਕਾਨਦਾਰ ਗੱਲ ਗੱਲ ਉੱਪਰ ਨਕਾਂ 'ਚੋ ਠੂਹੇ ਕੇਰ ਰਹੇ ਸਨ।



ਐਸੀ ਹਾਲਤ ਵਿਚ ਜਦ ਉਹ ਆਪਣੀਆਂ ਦੁਕਾਨਾਂ ਦੇ ਸਾਹਮਣੇ ਜਾਂ ਆਸ ਪਾਸ ਫੌਜੀਆਂ ਦੇ ਪਹਿਰੇ ਵਿਚ ਮੁਸ਼ਕਾਂ ਬੱਝੇ ਹੋਏ ਸਿੱਖਾਂ ਨੂੰ ਮੂਧੇ ਮੂੰਹ ਪਿਆ ਹੋਇਆ ਵੇਖਦੇ ਤਾਂ ਉਹਨਾਂ ਚੋਂ ਬਹੁਤ ਸਾਰੇ ਹਿਦੂ ਸਿੱਖਾਂ ਦੇ ਖੱਬੇ ਸੱਜੇ ਝੁਰਮਟ ਜਿਹਾ ਪਾ ਕੇ ਖਲੋ ਜਾਂਦੇ ਤੇ ਫਿਰ ਉਹਨਾਂ 'ਚੋਂ ਕਿਸੇ ਇਕ ਦੋਂਹ ਵਾਕਫਕਾਰਾਂ ਨੂੰ ਆਪਣੇ ਪੈਰਾਂ ਦੀ ਅੜੇਸ ਤੇ ਜੁੰਬਸ਼ ਨਾਲ ਜ਼ਰਾ ਕੁ ਠੋਕਰ ਮਾਰ ਕੇ ਭਾਤ ਭਾਤ ਦੇ ਥੋਥਲਾਂ ਸਵਾਲਾਂ ਦੀ ਬੁਛਾੜ ਨਾਲ ਸੰਬੋਧਤ ਕਰਦੇ ਹੋਏ ਕਹਿੰਦੇ ਤੇ ਪੁੱਛਦੇ, 'ਜੇ ਕੇਹਵੇਂ ਤਾਂ ਫੌਜੀ ਅਫਸਰਾਂ ਤੇ ਜਵਾਨਾਂ ਕੋਲ ਤੇਰੇ ਹੱਕ 'ਚ ਸਫਾਰਸ਼ ਕਰਾਂ? ਇਸ ਇਲਾਕੇ ਦੇ ਸਭ ਫੌਜੀ ਅਫਸਰ ਆਪਣੀ ਬੜੀ ਮੰਨਦੇ ਨੇ। ਇਨ੍ਹਾਂ ਦੇ ਵੱਡੇ ਅਫਸਰ ਵੀ ਸਾਡੇ ਕੋਲ ਬਹਿ ਖਲੋ ਕੇ ਜਾਂਦੇ ਨੇ ਤੇ ਸਾਡੇ ਸਭਨਾਂ ਦਾ ਹਾਲ ਚਾਲ ਪੁਛਦੇ ਰਹਿੰਦੇ ਨੇ। ਜੇ ਆਪਾਂ ਕਿਸੇ ਸਿਖ ਦੇ ਹੱਕ ਵਿਚ ਰਿਪੋਰਟ ਦੇ ਦਈਏ ਤੇ ਉਸਦੀ ਸਫਾਰਸ਼ ਕਰ ਦਈਏ ਤਾਂ ਉਹ ਉਸ ਉੱਪਰ ਗੌਰ ਕਰਦੇ ਨੇ ਤੇ ਮੰਨ ਵੀ ਜਾਂਦੇ ਨੇ। ਮੈਂ ਤੈਨੂੰ ਕਿੰਨਾਂ ਵਰਜਦਾ ਹੁੰਦਾ ਸਾਂ ਕਿ ਮੋਰਚਿਆਂ ਤੇ ਜਥਿਆਂ ਦੇ ਗੇੜ 'ਚ ਨਾ ਪਉ ਤੇ ਆਹ ਜੋ ਤੁਸੀ ਸਿਰ ਉੱਪਰ ਨੀਲੇ ਪੀਲੇ ਪਟਕੇ ਬੰਨ੍ਹੀ ਫਿਰਦੇ ਜੇ, ਇਹ ਸਭ ਕੁਝ ਕਿਸੇ ਦਿਨ ਤੁਹਾਨੂੰ ਮਹਿੰਗਾ ਪੈਣਾ। ........ ਚੱਲ ਹੱਛਾ ਹੁਣ ਸੁਣਾ ਫਿਰ ਕੀ ਮਰਜ਼ੀ ਆ ਜੇ ਕਹਵੇਂ ਤਾਂ ਫੌਜੀ ਅਫਸਰ ਦੇ ਸਫਾਰਸ਼ ਕਰਾਂ? ਬਸ ਉਸ ਵੇਲੇ ਜ਼ਰਾ ਤੂੰ ਵੀ ਦੋ ਚਾਰ ਮਿੰਟਾਂ ਲਈ ਉਹਦੇ ਸਾਹਮਣੇ ਤਰਲੇ ਮਿੰਤਾਂ ਕਰ ਲਈਂ।'

ਇਨ੍ਹਾਂ ਹਿਦੂਆਂ ਦੀਆਂ ਇਸਤਰਾਂ ਦੀਆਂ ਗੱਲਾਂ ਨੂੰ ਸਿਘ ਅੱਗੋਂ ਉੱਕਾ ਹੀ ਨਾ ਗੌਲਦੇ ਤੇ ਵਾਹਿਗੁਰੂ ਕਹਿ ਕੇ ਮੂੰਹ ਦੂਜੇ ਪਾਸੇ ਫੇਰ ਲੈਂਦੇ।

ਇਸ ਦੌਰ ਦੀ ਭਿਆਨਕਤਾ ਤੇ ਸਿਖਾਂ ਵਿਚ ਦਹਿਸ਼ਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾਂ ਸਕਦਾ ਹੈ ਕਿ ਇਨ੍ਹਾਂ ਦਿਨਾਂ ਵਿਚ ਜਦ ਮਿਲਟਰੀ ਦੀਆਂ ਜੀਪਾਂ ਗੱਡੀਆਂ ਕਿਸੇ ਪਿੰਡ ਜਾਂ ਕਸਬੇ ਵਿਚ ਜਾਕੇ ਖਲੋਂਦੀਆਂ ਤਾਂ ਉਸ ਸਮੇਂ ਹਰ ਸਿਖ ਨੌਜਵਾਨ ਤੇ ਜੁਝਾਰੂ ਸਿੱਖਾਂ ਦੇ ਪਰਵਾਰਾਂ ਨੂੰ ਇਸਤਰਾਂ ਜਾਪ ਰਿਹਾ ਹੁੰਦਾ ਕਿ ਜਿਵੇਂ ਫੌਜ ਉਹਨਾਂ ਦੇ ਹੀ ਘਰ ਉੱਪਰ ਛਾਪਾ ਮਾਰਨ ਤੇ ਧਾਵਾ ਬੋਲਣ ਆਈ ਹੁੰਦੀ ਹੈ।

ਜਦ ਫੌਜ ਆਪਣੀ ਗਿਣੀ ਮਿਥੀ ਕਾਰਵਾਈ ਕਰਨ ਤੋਂ ਬਾਅਦ ਸਬੰਧਤ ਪਿੰਡ ਤੇ ਕਸਬੇ ਦੇ ਸਭ ਬਾਲਗ ਤੇ ਪੱਗ ਬੰਨ੍ਹ ਮੁਖੀਆਂ ਨੂੰ ਪੰਚਾਇਤਘਰ ਆਦਿ ਕਿਸੇ ਅਸਥਾਨ ਉੱਪਰ ਇਕੱਠਿਆਂ ਹੋਣ ਦਾ ਹੁਕਮ ਚਾਹੜ ਦਿੰਦੀ ਤਾਂ ਉਸ ਸਮੇਂ ਪਿੰਡ ਵਿਚ ਸੁੰਨ-ਮਸਾਨ ਜਿਹੀ ਵਰਤ ਜਾਂਦੀ। ਜੇ ਕਿਸੇ ਹਾਲਤ ਵਿਚ ਉਹਨਾਂ ਦੇ ਇਕਠੇ ਹੋਣ ਵਿਚ ਦੇਰੀ ਹੋ ਜਾਂਦੀ ਤਾਂ ਉਸ ਦਸ਼ਾ ਵਿਚ ਪਿੰਡ ਦੇ ਮੁਖੀਆਂ ਤੇ ਪੱਗ ਬੰਨ੍ਹ ਵਿਅੱਕਤੀਆਂ ਉੱਪਰ ਖੂਬ ਧੌਂਸ ਜਮਾਈ ਜਾਂਦੀ ਅਤੇ ਉਹਨਾਂ ਨੂੰ ਪਿੰਡ ਦਾ ਛੇਤੀ ਤੋਂ ਛੇਤੀ ਇਕੱਠ ਕਰਨ ਸਬੰਧੀ ਸਖਤ ਧਮਕੀਆਂ ਦਿੱਤੀਆਂ ਜਾਂਦੀਆਂ।

ਪਿੰਡ ਦਾ ਇਕੱਠ ਹੋ ਜਾਣ ਤੋਂ ਬਾਅਦ ਫੌਜੀ ਅਫਸਰ ਪਿੰਡ ਦੇ ਪੰਚਾਂ, ਸਰਪੰਚਾਂ ਨੰਬਰਦਾਰਾ ਅਤੇ ਰੀਟਾਇਰਡ ਸਿਵਲ ਤੇ ਫੌਜੀ ਵਿਅਕਤੀਆਂ ਆਦਿ ਨੂੰ ਉਸ ਇਕੱਠ ਤੋਂ ਜ਼ਰਾ ਕੁ ਵਖਰਿਆਂ ਕਰ ਲੈਂਦੇ ਅਤੇ ਫਿਰ ਇਸਦੇ ਨਾਲ ਹੀ ਆਪਣੀ ਜੇਬ 'ਚੋਂ ਇਲਾਕੇ ਦੇ ਹਿਦੂਆਂ ਤੇ ਪੁਲੀਸ ਅਧਿਕਾਰੀਆਂ ਵਲੋਂ ਮਿਲੀ ਇਤਲਾਹ ਦੇ ਆਧਾਰ ਉੱਪਰ ਤਿਆਰ ਕੀਤੀ ਹੋਈ ਲਿਸਟ ਕੱਢ ਲੈਂਦੇ ਤੇ ਫਿਰ ਉਹਨਾਂ ਉੱਪਰ ਰੁਹਬ ਝਾੜਦਿਆਂ ਹੋਇਆਂ ਆਮ ਤੌਰ 'ਤੇ ਕੁਝ ਇਸਤਰਾਂ ਦੀਆਂ ਹੀ ਰਲਵੀਆਂ ਮਿਲਵੀਆਂ ਜਿਹੀਆਂ ਗੱਲਾਂ ਸ਼ੁਰੂ ਕਰ ਦਿੰਦੇ।

'ਸਾਨੂੰ ਇਸ ਗੱਲ ਦੀ ਇਤਲਾਹ ਮਿਲੀ ਹੈ ਕਿ ਤੁਹਾਡੇ ਪਿੰਡ ਵਿਚ ਬਹੁਤ ਸਾਰਾ ਅਸਲਾ ਬਾਰੂਦ ਹੈ। ਸਾਨੂੰ ਇਹ ਵੀ ਪਤਾ ਲੱਗਾ ਹੈ ਕਿ ਇਸ ਪਿੰਡ ਵਿਚ ਭਿੰਡਰਾਂਵਾਲੇ ਦੇ ਬਹੁਤ ਸਾਰੇ ਹਮਾਇਤੀ

ਰਹਿੰਦੇ ਨੇ ਤੇ ਇਨ੍ਹਾਂ ਲੋਕਾਂ ਤੋਂ ਹਿਦੂਆਂ ਨੂੰ ਜਾਨ ਦਾ ਖਤਰਾ ਹੈ, ....ਤੁਹਾਡੇ ਪਿੰਡ ਦੇ ਲੋਕ ਗੁਰਦੁਆਰਿਆਂ ਦੁਆਲਿਉਂ ਫੌਜ ਦਾ ਘੇਰਾ ਤੋੜਣ ਲਈ ਹਜੂਮ ਦੀ ਸ਼ਕਲ ਵਿਚ ਹਥਿਆਰ ਬੰਦ ਹੋਕੇ ਫੌਜ ਨਾਲ ਟੱਕਰ ਲੈਂਦੇ ਰਹੇ ਨੇ। ਤੁਹਾਡੇ ਪਿੰਡ ਦੇ ਫੈਡਰੇਸ਼ਨ ਦੇ ਜਵਾਨਾਂ ਤੇ ਜਥੇ ਵਾਲਿਆਂ ਨੇ ਆਲੇ ਦੁਆਲੇ ਦੇ ਪਿੰਡਾਂ ਕਸਬਿਆਂ ਦੇ ਹਿਦੂਆਂ ਨੂੰ ਵੀ ਜਾਨੋ ਮਾਰ ਦੇਣ ਦੀਆਂ ਧਮਕੀਆਂ ਦਿੱਤੀਆਂ ਸੀ ਤੇ ਕੁਝ ਥਾਵਾਂ ਉੱਪਰ ਉਹਨਾਂ ਤੇ ਹਮਲਾ ਕਰਨ ਦੀਆਂ ਕੋਸ਼ਸ਼ਾਂ ਵੀ ਕੀਤੀਆਂ ਗਈਆਂ ਸੀ। ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਪਿੰਡ ਉੱਪਰ ਸਖਤੀ ਨਾ ਕੀਤੀ ਜਾਵੇ ਤਾਂ ਤੁਸੀਂ ਇਸਤਰਾਂ ਦੇ ਸਭ ਖਤਰਨਾਕ ਵਿਅਕਤੀ ਅਤੇ ਅਸਲਾ ਬਾਰੂਦ ਤੇ ਸਭ ਛੋਟੇ ਮੋਟੇ ਹਥਿਆਰ ਇਥੇ ਹੁਣੇ ਹੀ ਪੇਸ਼ ਕਰੋ ਨਹੀਂ ਤਾਂ......'

ਜਦ ਸੰਬੰਧਤ ਪਿੰਡ ਦੀ ਤਲਾਸ਼ੀ ਦਾ ਕੰਮ ਸ਼ੁਰੂ ਹੁੰਦਾ ਤਾਂ ਉਸ ਸਮੇਂ ਸਭ ਬੱਚੇ ਬੀਬੀਆਂ ਤੇ ਬਿਰਧਾਂ ਤੱਕ ਨੂੰ ਵੀ ਘਰਾਂ ਦੇ ਕੋਠਿਆਂ, ਕਮਰਿਆਂ 'ਚੋਂ ਬਾਹਰ ਸਿਖਰ ਦੁਪਹਿਰ ਦੀ ਸੜਦੀ ਭੁਜਦੀ ਹੋਈ ਧੁੱਪ ਹੇਠ ਵਿਹੜਿਆਂ ਤੇ ਗਲੀਆਂ ਵਿਚ ਖਲਿਆਰ ਦਿੱਤਾ ਜਾਂਦਾ। ਐਸੀ ਹਾਲਤ ਵਿਚ ਸਭ ਛੋਟਿਆਂ ਵੱਡਿਆਂ ਲਈ ਬੋਲਣਾ ਜਾਂ ਆਪਸ ਵਿਚ ਕੋਈ ਗੱਲ ਬਾਤ ਤੇ ਸਲਾਹ ਮਸ਼ਵਰਾ ਕਰਨਾ ਤੇ ਇਧਰ ਉਧਰ ਫਿਰਨਾ ਤੁਰਨਾ ਜਾਂ ਕਿਸੇ ਪਾਸੇ ਵੱਲ ਜ਼ਰਾ ਕੁ ਵੀ ਧਿਆਨ ਲਗਾ ਕੇ ਝਾਕਣਾ ਓਕਾ ਹੀ ਮਨ੍ਹਾਂ ਹੁੰਦਾ।

ਘਰਾਂ ਦੀ ਤਲਾਸ਼ੀ ਸ਼ੁਰੂ ਹੋਣ ਦੇ ਨਾਲ ਵੇਖਦਿਆਂ ਦੀ ਵੇਖਦਿਆਂ ਘਰਾਂ ਦਾ ਸਮਾਨ ਟਰੰਕਾਂ, ਸੰਦੂਕਾਂ 'ਚੋਂ ਬਾਹਰ ਖਿਲਰਣ ਲਗ ਪੈਂਦਾ। ਅਨਾਜ ਦੇ ਭੜੋਲੇ ਚੁਰਾਸੇ ਤੇ ਬੋਰੇ ਬੋਰੀਆਂ ਮੂਧੇ ਹੋਣ ਲਗ ਪੈਂਦੇ। ਕਪੜੇ ਲੀੜੇ ਤੇ ਬਾਗ-ਫੁਲਕਾਰੀਆਂ ਆਦਿ ਉਗੜ ਦੁਗੜੇ ਰੂਪ ਵਿਚ ਕੱਚੀਆਂ ਪੱਕੀਆਂ ਥਾਵਾਂ ਉੱਪਰ ਢੇਰੀ ਹੋਣ ਲੱਗ ਜਾਂਦੀਆਂ, ਤਲਾਸ਼ੀ ਦੌਰਾਨ ਘਰਾਂ 'ਚੋਂ ਨਿਕਲਣ ਵਾਲੀਆਂ ਛੋਟੀਆਂ ਵੱਡੀਆਂ ਸ੍ਰੀ ਸਾਹਿਬਾਂ ਨੀਲੀਆਂ ਪੀਲੀਆਂ ਤੇ ਕਾਲੀਆਂ ਦਸਤਾਰਾਂ ਅਤੇ ਛੋਟੇ ਵੱਡੇ ਬਾਣਿਆਂ ਚੋਲਿਆਂ ਤੇ ਕਛਹਿਰਿਆਂ ਤੱਕ ਦੇ ਬਾਰੇ ਲੰਮੀ ਚੌੜੀ ਪੁੱਛ ਗਿੱਛ ਸ਼ੁਰੂ ਹੋ ਜਾਂਦੀ। ਇਨ੍ਹਾਂ ਸਾਰੀਆਂ ਗੱਲਾਂ ਤੋਂ ਇਲਾਵਾ ਸਭ ਘਰਾਂ ਹਵੇਲੀਆਂ 'ਚੋਂ ਹੱਥ ਲੱਗਣ ਵਾਲੇ ਡਾਂਗਾ ਸੋਟੇ, ਸ੍ਰੀ ਸਾਹਿਬਾਂ, ਟਕੂਏ ਕੁਲਹਾੜੀਆਂ ਦਾਤਰ ਕੰਧਾਲੇ ਤੇ ਢਾਂਗੀ ਪਰਾਣੀਆਂ ਤੱਕ ਫੌਜੀ ਗੱਡੀਆਂ ਵਿਚ ਲੱਦੇ ਜਾਣ ਲੱਗ ਪੈਂਦੇ।

ਕਈ ਪਿੰਡਾਂ ਦੇ ਲੋਕਾਂ ਨੂੰ ਤਾਂ ਸਾਰਾ ਸਾਰਾ ਦਿਨ ਪਿੰਡ ਬਾਹਰ ਸ਼ਮਸ਼ਾਨ ਭੂਮੀਆਂ ਪੁਰਾਣੀਆਂ ਕਬਰਾਂ ਰੋਕੜ ਰੋੜਾਂ ਤੇ ਜਾਂ ਕਿਸੇ ਟਿੱਬੇ ਟਿੱਬੀ ਉੱਪਰ ਕਹਿਰਾਂ ਦੀ ਧੁੱਪ ਗਰਮੀ ਵਿਚ ਹੀ ਖਲਿਆਰ ਛੱਡਿਆ ਜਾਂਦਾ ਤੇ ਘਰਾਂ ਹਵੇਲੀਆਂ ਦੀਆਂ ਤਲਾਸ਼ੀਆਂ ਪਿੰਡ ਦੇ ਕੁਝ ਕੁ ਵਿਅਕਤੀਆਂ ਨੂੰ ਨਾਲ ਲੈਕੇ ਉਹਨਾਂ ਦੀ ਗੈਰ ਹਾਜ਼ਰੀ ਵਿਚ ਹੀ ਕੀਤੀਆਂ ਜਾਂਦੀਆਂ। ਸੂਰਜ ਅਸਤਨ ਦੇ ਨੇੜੇ ਸਿਰਫ ਬੱਚਿਆਂ ਤੇ ਮਾਈਆਂ ਬੀਬੀਆਂ ਨੂੰ ਹੀ ਘਰਾਂ ਵਿਚ ਵਾਪਸ ਜਾ ਕੇ ਟੁੱਕ ਪਾਣੀ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਪਰ ਇਹ ਇਜਾਜ਼ਤ ਦੇਣ ਸਮੇਂ ਵੀ ਸਾਰੇ ਦਿਨ ਦੀਆਂ ਭੁੱਖੀਆਂ ਪਿਆਸੀਆਂ ਬੀਬੀਆਂ ਨੂੰ ਕਈ ਪਰਕਾਰ ਦੀਆਂ ਹਦਾਇਤਾਂ ਤੇ ਧਮਕੀਆਂ ਚਿਤਾਵਨੀਆਂ ਆਦਿ ਦਿੱਤੀਆਂ ਜਾਂਦੀਆਂ।

ਮਰਦਾਂ ਨੂੰ ਤਾਂ ਕਾਫੀ ਰਾਤ ਗਿਆਂ ਤੋਂ ਪਿਛੋਂ ਘਰੋ ਘਰੀ ਜਾਣ ਦੀ ਛੁੱਟੀ ਮਿਲਦੀ ਅਤੇ ਉਹਨਾਂ ਨੂੰ ਆਪਣੇ ਘਰੋ ਘਰੀ ਜਾਣ ਤੋਂ ਪਹਿਲਾਂ ਆਪਣੇ ਪਿੰਡ ਤੇ ਆਲੇ ਦੁਆਲੇ ਵਿਚ ਅਮਨ ਅਮਾਨ ਕਾਇਮ ਅਤੇ ਆਪੋ ਆਪਣੇ ਗਵਾਂਢੀ ਹਿੰਦੂਆਂ ਦੀ ਰਾਖੀ ਕਰਨ ਸਬੰਧੀ ਸਖਤ ਤਾੜਨਾ ਕਰ ਦਿੱਤੀ ਜਾਂਦੀ। ਇਸ ਤੋਂ ਇਲਾਵਾ ਪਿੰਡ ਦੀ ਪੰਚਾਇਤ ਤੇ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਨੂੰ ਕਿਸੇ ਵੀ



ਗੁਰਦੁਆਰੇ ਵਿਚ ਸੰਗਤ ਰੂਪ 'ਚ ਇਕੱਠਿਆਂ ਨਾ ਹੋਣ, 'ਬੋਲੇ ਸੋ ਨਿਹਾਲ, ਸੱਤ ਸ੍ਰੀ ਅਕਾਲ' ਦੇ ਜੈਕਾਰੇ ਨਾ ਛਡੋਣ ਅਤੇ ਨਾ ਉਹ ਸਪੀਕਰ ਲਗਾ ਕੇ ਗੁਰਬਾਣੀ ਪੜ੍ਹਨ ਬਾਰੇ ਸਖਤ ਹਦਾਇਤਾਂ ਦੇ ਦਿੱਤੀਆਂ ਜਾਂਦੀਆਂ। ਪਿੰਡ ਦੇ ਲੋਕਾਂ ਨੂੰ ਘਰਾਂ ਜਾਂ ਹਵੇਲੀਆਂ ਆਦਿ ਕਿਸੇ ਵੀ ਥਾਂ ਉੱਪਰ ਆਪਣੇ ਪਾਸ ਡਾਂਗ ਸੋਟਾ ਨਾ ਰੱਖਣ ਬਾਰੇ ਸਖਤ ਚਿਤਾਵਨੀ ਦੇ ਦਿੱਤੀ ਜਾਂਦੀ। ਇਸ ਤੋਂ ਇਲਾਵਾ ਉਹਨਾਂ ਨੂੰ ਰਾਤ ਸਮੇਂ ਪਿੰਡ ਦੀ ਫਿਰਨੀ ਤੋਂ ਬਾਹਰ ਕਦਮ ਨਾ ਰਖਣ ਅਤੇ ਸੂਰਜ ਚੜ੍ਹੇ ਤੋਂ ਪਹਿਲਾਂ ਮਾਲ ਡੰਗਰ ਨਾ ਛੱਡਣ ਬਾਰੇ ਵੀ ਤਾੜਨਾ ਕਰ ਦਿੱਤੀ ਜਾਂਦੀ।

ਪਿੰਡ ਦੇ ਸਰਪੰਚਾਂ ਅਤੇ ਮੈਂਬਰਾਂ ਤੇ ਨੰਬਰਦਾਰਾਂ ਆਦਿ ਨੂੰ ਸੂਚੀ ਦਰਜ ਸ਼ੱਕੀ ਨੌਜਵਾਨਾਂ ਤੇ ਵਿਅਕਤੀਆਂ ਨੂੰ ਪੇਸ਼ ਕਰਨ, ਸਿਖ ਨੌਜਵਾਨਾਂ ਉੱਪਰ ਸਖਤ ਨਜ਼ਰ ਰੱਖਣ ਅਤੇ ਫੈਡਰੇਸ਼ਨ ਤੇ ਭਿੰਡਰਾਂਵਾਲੇ ਜਥੇ ਨਾਲ ਸੰਬੰਧਤ ਵਿਕਤੀਆਂ ਦੀ ਅੱਠਾਂ ਪਹਿਰਾਂ ਦੇ ਵਿਚ ਵਿਚ ਲਿਸਟ ਤਿਆਰ ਕਰਕੇ ਸੰਬੰਧਤ ਥਾਣੇ ਜਾਂ ਨਜ਼ਦੀਕ ਦੇ ਫੌਜੀ ਹੈਡ ਕੁਆਟਰ ਨੂੰ ਭੇਜਣ ਬਾਰੇ ਵੀ ਉਥੇ ਖਲੋਤਿਆਂ ਖਲੋਤਿਆਂ ਹੀ ਹੁਕਮ ਚਾਹੜ ਦਿੱਤਾ ਜਾਂਦਾ।

ਪਿੰਡਾਂ ਨਾਲ ਲਗਦੀਆਂ ਬਾਹਰ ਖੇਤਾਂ ਵਿਚਲੀਆਂ ਬੈਠਕਾਂ ਵਿਚ ਤਾਂ ਸਿਖ ਪਰਵਾਰਾਂ ਨੂੰ ਰਾਤ ਸਮੇਂ ਵੀ ਚੈਨ ਨਾ ਲੈਣ ਦਿੱਤਾ ਜਾਂਦਾ, ਹਿੰਦੂਆਂ ਵਲੋਂ ਕਿਸੇ ਸਮੇਂ ਵੀ ਮੁਖਬਰੀ ਮਿਲਣ ਉੱਪਰ ਫੌਜੀ ਗਾਰਦਾਂ ਸਿਖਾਂ ਦੇ ਘਰਾਂ ਤੇ ਹਵੇਲੀਆਂ ਵਿਚ ਦਾਖਲ ਹੋਕੇ ਵਿਹੜਿਆਂ ਦਾਲਾਨਾਂ ਤੇ ਛੱਤਾਂ ਨੂੰ ਜਾ ਮਲਦੀਆਂ ਅਤੇ ਹਥਿਆਰ ਬੰਦ ਸੈਨਿਕ ਘਰ ਦੇ ਜੀਆਂ ਦੇ ਪੈਂਦ ਸਰਹਾਣੇ ਜਾ ਖਲੋਂਦੇ। ਮਾਈਆਂ ਬੀਬੀਆਂ ਤੇ ਬਿਰਧਾਂ ਤੱਕ ਨੂੰ ਕੌੜੇ ਫਿਕੇ ਬੋਲਾਂ ਅਤੇ ਬੰਦੂਕੀ ਬਾਟਾਂ ਦੀਆਂ ਹੁਝਾਂ ਤੇ ਅੜੇਸਾਂ ਨਾਲ ਉਠਾ ਲਿਆ ਜਾਂਦਾ ਤੇ ਉਹਨਾਂ ਦੇ ਚੇਹਰਿਆਂ ਉੱਪਰ ਬਾਰ ਬਾਰ ਰੋਸ਼ਨੀ ਸੁੱਟੀ ਜਾਂਦੀ। ਹਰ ਛੋਟੇ ਵੱਡੇ ਕਮਰੇ, ਇਥੋਂ ਤਕ ਕਿ ਕੂੜਾਂ ਢਾਰਿਆਂ ਤੇ ਗੁਸਲਖਾਨਿਆਂ ਅਤੇ ਛੱਤਾਂ ਚੁਬਾਰਿਆਂ ਦੀਆਂ ਨੁਕਰਾਂ ਤੱਕ ਦੀ ਤਲਾਸ਼ੀ ਲਈ ਜਾਂਦੀ। ਘਰ ਦੇ ਹਰ ਛੋਟੇ ਵੱਡੇ ਜੀਆਂ ਨੂੰ ਪੌਂਸ ਵਖਾਈ ਜਾਂਦੀ ਤੇ ਉਹਨਾਂ ਉੱਪਰ ਅਜੀਬ ਅਜੀਬ ਤਰ੍ਹਾਂ ਦੇ ਸਵਾਲ ਕੀਤੇ ਜਾਂਦੇ। ਐਸੇ ਸਮੇਂ ਜੇ ਕਿਸੇ ਸਿਖ ਦੇ ਮੱਥੇ ਉੱਪਰ ਜਰਾ ਜਿੰਨੀ ਵੀ ਤਿਊੜੀ ਜਾਂ ਨਜ਼ਰਾਂ ਤੇ ਬੋਲਾਂ ਵਿਚ ਰੋਹ ਗੁੱਸੇ ਤੇ ਕੌੜ ਦੀ ਝਲਕ ਵੇਖੀ ਜਾਂਦੀ ਤਾਂ ਉਸ ਹਾਲਤ ਵਿਚ ਜੋ ਉਸ ਨਾਲ ਬੀਤਦੀ ਤੇ ਉਸਦੇ ਪਰਵਾਰ ਦਾ ਜੋ ਹਾਲ ਹੁੰਦਾ ਉਸਦੀ ਪੀੜਤ ਦਸ਼ਾ ਦਾ ਸਿਰਫ ਉਸਨੂੰ ਤੇ ਉਸਦੇ ਪਰਵਾਰ ਨੂੰ ਹੀ ਅਹਿਸਾਸ ਹੋ ਸਕਦਾ ਹੈ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁਕਾ ਹੈ ਫੌਜ ਨੂੰ ਹਰ ਤਰ੍ਹਾਂ ਨਾਲ ਖੁੱਲੀ ਛੁੱਟੀ ਸੀ ਤੇ ਉਹ ਕਿਸੇ ਵੀ ਸਿਖ ਦਾ ਕਿਸੇ ਵੀ ਸਮੇਂ ਤੇ ਕਿਸੇ ਵੀ ਥਾਂ ਉੱਪਰ ਖੁੱਲੇ ਆਮ ਸ਼ਿਕਾਰ ਕਰਨ ਦਾ ਪੂਰਨ ਅਧਿਕਾਰ ਰਖਦੀ ਸੀ। ਐਸੀ ਹਾਲਤ ਵਿਚ ਫੌਜੀਆਂ ਵਲੋਂ ਕੀਤੇ ਜਾਣ ਵਾਲੇ ਕਿਸੇ ਵੀ ਖੂਨੀ ਕਾਰੇ ਦੇ ਸਬੰਧ ਵਿਚ ਕਿਧਰੇ ਕੋਈ ਦਾਦ ਫਰਿਆਦ ਨਹੀਂ ਸੀ ਹੋ ਸਕਦੀ। ਬਸ, ਜੋ ਕੁਝ ਫੌਜ ਨੇ ਕਰ ਦਿੱਤਾ ਸੋ ਕਰ ਦਿੱਤਾ।

ਜੇ ਪੰਜਾਬ ਦੇ ਸਿਖਾਂ ਉੱਪਰ ਫੌਜ ਵੱਲੋਂ ਢਾਹੇ ਜਾਂਦੇ ਰਹੇ ਜਬਰ ਜ਼ੁਲਮ ਦੀ ਅਸਲ ਤਸਵੀਰ ਤੇ ਸਥਿਤੀ ਬਾਰੇ ਇਨ-ਬਿਨ ਰੂਪ ਵਿਚ ਸਹੀ ਸਹੀ ਜਾਇਜ਼ਾ ਲੈਣਾ ਹੋਵੇ ਅਤੇ ਅਸਲ ਜਾਣਕਾਰੀ ਹਾਸਲ ਕਰਨੀ ਹੋਵੇ ਤਾਂ ਐਂਵੇ ਨਾਮ ਮਾਤਰ ਰੂਪ ਵਿਚ ਹੀ ਹੇਠਾਂ ਦਿੱਤੀਆਂ ਜਾ ਰਹੀਆਂ ਇਨ੍ਹਾਂ ਦੋਹ-ਤਿੰਨਾਂ ਖੂਨੀ ਝਾਕੀਆਂ ਤੇ ਘਟਨਾਵਾਂ ਨੂੰ ਜ਼ਰਾ ਡੂੰਘੇ ਮਨ ਨਾਲ ਜਾਚਣਾ ਪਰਖਣਾ ਤੇ ਤੋਲਣਾ ਹੋਵੇਗਾ।

ਜਿੱਥੋਂ ਤੱਕ ਮੈਨੂੰ ਯਾਦ ਹੈ, ਮੋਗੇ ਤੋਂ ਲੁਧਿਆਣੇ ਵੱਲ ਨੂੰ ਜਾਂਦੀ ਜੀ. ਟੀ. ਰੋਡ ਤੋਂ ਤਲਵੰਡੀ ਦਮਾਂਝ ਵੱਲ ਨੂੰ ਇਕ ਪੱਕੀ ਸੜਕ ਨਿਕਲਦੀ ਹੈ ਅਤੇ ਉਹਨਾਂ ਦਿਨਾਂ ਵਿਚ ਫੌਜ ਨੇ ਇਸ ਪਾਸੇ

ਵੱਲ ਵੀ ਪੰਜਾਬ ਭਰ ਦੇ ਦੂਸਰੇ ਭਾਗਾਂ ਦੀ ਤਰ੍ਹਾਂ ਜ਼ਬਰਦਸਤ ਦਹਿਸਤ ਫੈਲਾ ਰੱਖੀ ਸੀ।

ਫੌਜ ਵਲੋਂ ਤਲਵੰਡੀ ਦਸਾਂਝ ਤੇ ਉਸ ਇਲਾਕੇ ਦੇ ਸਿਖਾਂ ਉੱਪਰ ਸਿਰਫ ਇਸ ਕਰਕੇ ਹੀ ਜਬਰ ਤੇ ਅਤਿਆਚਾਰ ਢਾਹਿਆ ਗਿਆ ਸੀ ਕਿ ਤਾਂ ਜੋ ਆਲੇ ਦੁਆਲੇ ਦੇ ਸਮੁੱਚੇ ਬਾਹਰੇ ਵਿਚ ਦੂਰ ਦੂਰ ਤੱਕ ਫੌਜ ਦੀ ਧਾਂਕ ਬੈਠ ਜਾਵੇ ਤੇ ਸਿਖਾਂ ਨੂੰ ਪਤਾ ਲੱਗ ਜਾਵੇ ਕਿ ਫੌਜ ਆਪਣਾ ਹੁਕਮ ਕਿਸਤਰਾਂ ਮਨਵਾਉਂਦੀ ਹੈ।

ਇਸ ਇਲਾਕੇ ਵਿਚ ਸਿਖਾਂ ਨੂੰ ਸਿਰਫ ਇਸ ਕਰਕੇ ਹੀ ਗੋਲੀਆਂ ਨਾਲ ਭੁੰਨਿਆ ਗਿਆ ਕਿ ਉਹ ਫੌਜੀ ਅਫਸਰਾਂ ਦੇ ਰੁਹਬ, ਆਦਾਬ, ਹੁਕਮ ਤੇ ਉਹਨਾਂ ਦੀ ਧੌਂਸ ਅੱਗੇ ਸਿਰ ਕਿਉਂ ਨਹੀਂ ਝੁਕਾਉਂਦੇ?

ਇਸ ਤੋਂ ਇਲਾਵਾ ਇਸ ਇਲਾਕੇ ਦੇ ਸਿਖਾਂ ਉੱਪਰ ਇਸ ਕਰਕੇ ਵੀ ਗੋਲੀਆਂ ਵਰ੍ਹਾਈਆਂ ਗਈਆਂ ਕਿ ਉਹ ਫੌਜੀ ਗੱਡੀਆਂ ਤੇ ਜੀਪਾਂ ਨੂੰ ਵੇਖਕੇ ਖੇਤਾਂ ਤੇ ਰੁੱਖਾਂ ਬਾਗਾਂ ਵੱਲ ਨੂੰ ਰੁਖ ਕਿਉਂ ਕਰਦੇ ਨੇ? ਨਹਿਰਾਂ ਸੂਇਆਂ ਨੂੰ ਪਾਰ ਕਰਕੇ ਇਕ ਪਿੰਡ ਤੋਂ ਦੂਸਰੇ ਪਿੰਡ ਵੱਲ ਨੂੰ ਕਿਉਂ ਜਾਂਦੇ ਨੇ? ਨਹਿਰਾਂ ਆਦਿ ਦੇ ਪੁਲਾਂ ਤੇ ਪਟੜੀਆਂ ਨੂੰ ਲਾਂਘਾ ਕਿਉਂ ਬਣਾਉਂਦੇ ਨੇ? ਸੂਰਜ ਅਸਤਨ ਤੋਂ ਬਾਅਦ ਤੇ ਸੂਰਜ ਚੜ੍ਹਨ ਤੋਂ ਪਹਿਲਾਂ ਪਿੰਡ ਦੀ ਫਿਰਨੀ ਤੋਂ ਬਾਹਰ ਕਦਮ ਕਿਉਂ ਰਖਦੇ ਨੇ? ਗੁਰਦੁਆਰਿਆਂ ਅੰਦਰ ਸੰਗਤ ਰੂਪ ਵਿਚ ਇਕੱਠੇ ਕਿਉਂ ਹੁੰਦੇ ਨੇ ਤੇ ਬੋਲੇ ਸੋ ਨਿਹਾਲ ... ਸਤਿ ਸ੍ਰੀ ਅਕਾਲ ਦੇ ਜੈਕਾਰੇ ਕਿਉਂ ਛਡਦੇ ਨੇ?

ਜਦ ਫੌਜ ਨੂੰ ਸਿਖਾਂ ਦੇ ਗੁਰਦੁਆਰੇ ਅੰਦਰ ਸੰਗਤ ਰੂਪ ਵਿਚ ਇਕੱਠੇ ਹੋਣ ਬਾਰੇ ਪਤਾ ਲੱਗਾ ਤਾਂ ਫੌਜ ਵਲੋਂ ਗੁਰਦੁਆਰੇ ਦਾ ਜ਼ਬਰਦਸਤ ਰੂਪ 'ਚ ਘੇਰਾ ਘੱਤ ਲਿਆ ਗਿਆ ਅਤੇ ਉਹਨਾਂ ਨੂੰ ਅਨਮਨੁੱਖੀ ਤੇ ਹੱਦ ਦਰਜੇ ਤੱਕ ਅਸਭਿਆ ਬੋਲਾਂ ਕਬੋਲਾਂ ਦੇ ਰੂਪ ਵਿਚ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਪਰ ਜਦ ਕੁਝ ਇਕ ਸਿਖਾਂ ਵੱਲੋਂ ਜੁੱਰਅਤ ਨਾਲ ਗੱਲ ਕਰਦਿਆਂ ਹੋਇਆਂ ਫੌਜੀ ਅਫਸਰ ਨੂੰ ਗੁਰਦੁਆਰੇ ਦੀ ਪਵਿਤਰਤਾ ਤੇ ਸੰਗਤ ਦੀ ਮਾਨ ਪ੍ਰਤਿਸ਼ਟਤਾ ਦਾ ਖਿਆਲ ਰੱਖਣ ਅਤੇ ਅਖਲਾਕ ਦੀ ਹੱਦ ਵਿਚ ਰਹਿੰਦਿਆਂ ਹੋਇਆਂ ਸਲੀਕੇ ਤੇ ਦਲੀਲ ਨਾਲ ਗੱਲ ਕਰਨ ਲਈ ਕਿਹਾ ਤਾਂ ਉਸਦੇ ਸਿੱਟੇ ਵਜੋਂ ਗੁਰਦੁਆਰੇ ਵਿਚ ਮੌਜੂਦ ਸੰਗਤ ਉੱਪਰ ਫਾਇਰਿੰਗ ਖੋਹਲ ਦਿੱਤੀ ਗਈ। ਇਸ ਦੇ ਬਾਅਦ ਹਰਾਸਤ ਵਿਚ ਲਏ ਗਏ ਸਿਖਾਂ ਉੱਪਰ ਜੀਅ ਭਰਕੇ ਤਸ਼ੱਦਦ ਢਾਇਆ ਗਿਆ। ਹਰਾਸਤ ਵਿਚ ਲਏ ਗਏ ਸਿਖਾਂ ਉੱਪਰ ਤਸ਼ੱਦਦ ਢਾਹੁਣ ਤੋਂ ਬਾਅਦ ਉਹਨਾਂ ਨੂੰ ਅਲਫ ਨੰਗਿਆਂ ਕੀਤਾ ਗਿਆ ਅਤੇ ਉਹਨਾਂ ਨੂੰ ਸੜਕਾਂ ਤੇ ਰਾਹਾਂ ਉੱਪਰ ਘੰਟਿਆਂ ਬੱਧੀ ਨੰਗ ਧੜੰਗੇ ਰੂਪ ਵਿਚ ਖਲਿਆਰੀ ਰੱਖਿਆ ਗਿਆ। ਐਸੀ ਹਾਲਤ ਵਿਚ ਪਿੰਡ ਦੇ ਸਰਪੰਚ ਵਲੋਂ ਦਖਲ ਦੇਣ ਉਪਰ ਉਸਨੂੰ ਧਰਤੀ 'ਤੇ ਲਿਟਾ ਲਿਆ ਗਿਆ ਤੇ ਬੂਟਾਂ ਬੂਟਾਂ ਦੀਆਂ ਸੱਟਾਂ ਮਾਰਾਂ ਅਤੇ ਹੋਰ ਭਿਆਨਕ ਤਰੀਕਿਆਂ ਨਾਲ ਉਸਦਾ ਸਰੀਰ ਛੇਹ ਸੁੱਟਿਆ। ਉਸਨੂੰ ਧਰਤੀ ਉੱਪਰ ਧੂਹਿਆ ਘਸੀਟਿਆਂ ਗਿਆ ਤੇ ਫਿਰ ਉਸਦੇ ਬਿਲਕੁਲ ਨਿਢਾਲ ਹੋ ਜਾਣ ਤੋਂ ਬਾਅਦ ਉਸਦੀ ਵੀ ਜੀਅ ਭਰਕੇ ਬੇਪਤੀ ਕੀਤੀ ਗਈ। ਅਤੇ ਉਸਦੇ ਸਿਖੀ ਸਰੂਪ ਨੂੰ ਪੂਰੀ ਪੂਰੀ ਮਨ ਆਈ ਕਰਕੇ ਰੋਲਿਆ ਤੇ ਵਲੂੰਦਰਿਆ ਗਿਆ।

ਇਸੇ ਤਰ੍ਹਾਂ ਇਕ ਪਿੰਡ ਹਰੀਹਰ, ਫੀਰੋਜ਼ਪੁਰ ਤੋਂ ਕੋਈ ਸੱਤ ਅੱਠ ਮੀਲ ਦੂਰ ਫੀਰੋਜ਼ਪੁਰ ਮੁਕਤਸਰ ਰੋਡ ਉੱਪਰ ਪੈਂਦਾ ਹੈ। ਉਸ ਪਿੰਡ ਦੇ ਆਲੇ ਦੁਆਲੇ ਦੇ ਇਲਾਕੇ ਦੀ ਦਰਦ ਭਰੀ ਦਾਸਤਾਨ ਕੁਝ ਇਸਤਰਾਂ ਹੈ।

ਫੌਜ ਵਲੋਂ ਇਸ ਇਲਾਕੇ ਵਿਚ ਵੀ ਸਿਰਫ ਸਿਖਾਂ ਅੰਦਰ ਦਹਿਸ਼ਤ ਫੈਲਾਉਣ ਦੇ ਖਿਆਲ ਤੇ ਨਿਸ਼ਾਨੇ ਨਾਲ ਪੁਲਾਂ ਤੇ ਖਾਸ ਖਾਸ ਥਾਵਾਂ ਤੇ ਰਸਤਿਆਂ ਉੱਪਰ ਜ਼ਬਰਦਸਤ ਨਾਕਾ ਬੰਦੀ ਕੀਤੀ



ਗਈ। ਜ਼ਰਾ ਕੁ ਵੀ ਵੇਲੇ ਕੁਵੇਲੇ ਇਧਰ ਉੱਧਰ ਆ ਜਾ ਰਹੇ ਸਿਖਾਂ ਨੂੰ ਬਿਨਾ ਕੁਝ ਪੁੱਛਿਆਂ ਦੱਸਿਆਂ ਤੇ ਵਾਰਨਿੰਗ ਦਿੱਤਿਆਂ ਤੋਂ ਹੀ ਗੋਲੀਆਂ ਦਾ ਨਿਸ਼ਾਨਾ ਬਣਾਇਆ। ਉਹਨਾਂ ਦੀਆਂ ਲਾਸ਼ਾਂ ਨੂੰ ਸੜਕਾਂ ਦੇ ਕਿਨਾਰੇ ਵਖਾਵੇ ਲਈ ਰੱਖਿਆ ਗਿਆ ਅਤੇ ਇਸਤਰਾਂ ਨਾਲ ਸਿਖਾਂ ਦੀਆਂ ਲਾਸ਼ਾਂ ਦੀ ਖੁੱਲੀ ਨੁਮਾਇਸ਼ ਲਾਈ ਗਈ।

ਇਸਤੋਂ ਇਲਾਵਾ ਰਾਹ ਜਾਂਦੇ ਸਿਖਾਂ ਦੀਆਂ ਮੁਸ਼ਕਾਂ ਬੰਨ੍ਹੀਆਂ ਗਈਆਂ ਅਤੇ ਉਹਨਾਂ ਨੂੰ ਸਿਖਰ ਦੁਪਹਿਰ ਸੜਦੀ ਬਲਦੀ ਧੁੱਪ ਵਿਚ ਸੜਕਾਂ ਰਾਹਾਂ ਵਿਚ ਸੁੱਟੀ ਰੱਖਿਆ ਗਿਆ। ਜੇ ਕੋਈ ਸਿਘ ਅਗੋਂ ਥੋੜਾ ਜਿੰਨਾ ਵੀ ਉਭਾਸਰਦਾ ਜਾਂ ਫੌਜ ਦੇ ਕਿਸੇ ਅਫਸਰ ਤੇ ਸਿਪਾਹੀ ਉੱਪਰ ਕੋਈ ਸਵਾਲ ਕਰਦਾ ਤਾਂ ਉਸਨੂੰ ਅਗੋਂ ਇਨ੍ਹਾਂ ਗੱਲਾਂ ਦਾ ਜਵਾਬ ਮੌਕੇ ਤੇ ਹੀ ਗੋਲੀ ਦੇ ਰੂਪ ਵਿਚ ਦੇ ਦਿੱਤਾ ਜਾਂਦਾ

ਅਸਲ ਵਿਚ ਪੰਜਾਬ ਭਰ ਦੇ ਅੰਦਰ ਹਰ ਪੰਦਰਾਂ ਵੀਹਾਂ ਪਿੰਡਾਂ ਦੇ ਪਿਛੇ ਕੋਈ ਨਾ ਕੋਈ ਪਿੰਡ ਤੇ ਕਸਬਾ ਐਸੀਆਂ ਹੀ ਘਿਨਾਉਣੀਆਂ ਤੇ ਭਿਆਨਕ ਖੂਨੀ ਝਾਕੀਆਂ ਤੇ ਦਰਦਨਾਕ ਘਟਨਾਵਾਂ ਯਾਦਾਂ ਦਾ ਪ੍ਰਤੀਕ ਹੋਣ ਵਜੋਂ ਸਮੁੱਚੇ ਖਾਲਸਾ ਪੰਥ ਨੂੰ ਪੁਕਾਰ ਕੇ ਇਸ ਗੱਲ ਦਾ ਪ੍ਰਤਖ ਰੂਪ ਵਿਚ ਹੋਕਾ ਦੇ ਰਿਹਾ ਸੀ ਕਿ,

'ਖਾਲਸਾ ਜੀ, ਜੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸੱਚੇ ਸਪੂਤ ਹੋਣ ਦੇ ਨਾਤੇ ਸਿਘ ਸੂਰਮਿਆਂ ਵਾਂਗ ਆਨ ਸ਼ਾਨ ਨਾਲ ਜੀਉਣਾ ਲੋਚਦੇ ਹੋ ਤਾਂ ਫਿਰ ਹਿੰਦੂ ਰਾਜ ਦੀ ਗੁਲਾਮੀ ਦੇ ਜੂਲੇ ਨੂੰ ਉਤਾਰਨ ਲਈ ਇਕ ਮੁੱਠ ਹੋ ਜਾਓ। ਹਥਿਆਰ ਬੰਦ ਤੇ ਜਥੇਬੰਦ ਹੋਕੇ ਆਪਣੇ ਵਿਸ਼ਵਾਸ਼ ਘਾਤਕ ਤੇ ਅਕ੍ਰਿਤਘਣ ਦੁਸ਼ਮਨ ਹਿੰਦੂ ਸਾਮਰਾਜ ਦੇ ਮੁਕਾਬਲੇ ਮਨੋ ਚਿਤੋਂ ਇਕ ਸੁਰ ਤੇ ਦ੍ਰਿੜ ਹੋਕੇ ਰਣ ਤੱਤੇ ਵਿਚ ਉੱਤਰ ਆਉ। ਫਤਹਿ ਤੁਹਾਡੇ ਅੰਗ ਸੰਗ ਹੋਵੇਗੀ ਕਿਉਂਕਿ ਤੁਸੀਂ ਹੱਕ ਤੇ ਸਚਾਈ ਤੇ ਹੋ, ਤੁਸੀ ਅਜ਼ਾਦੀ ਦੀ ਮੰਜ਼ਲ ਵੱਲ ਇਕ ਕਦਮ ਅੱਗੇ ਵਧੋਗੇ ਤਾਂ ਆਜ਼ਾਦੀ ਦੀ ਮੰਜ਼ਲ ਤੁਹਾਡੇ ਵੱਲ ਦਸ ਕਦਮ ਅੱਗੇ ਵਧੇਗੀ। ਤੁਰਦੇ ਤੁਰੇ ਜਾਉ ਵਧਦੇ ਚਲੇ ਜਾਉ।' ...ਜਿੱਤਾਂ ਅਵੱਸ਼ ਹੀ ਉਹਨਾਂ ਕੌਮਾਂ ਦੇ ਪੈਰ ਚੁੰਮਦੀਆਂ ਨੇ ਜਿਨਾਂ ਦਾ ਖਾਸਾ ਮਰਜੀਵੜਿਆਂ ਤੇ ਸਿਰ ਲੱਥ ਸੂਰਮਿਆਂ ਨੂੰ ਪੈਦਾ ਕਰਨਾ ਹੁੰਦਾ ਹੈ ਅਤੇ ਇਹ ਖਾਸਾ ਤੇ ਗੁਣ ਲੱਛਣ ਤਾਂ ਤੁਹਾਨੂੰ ਵਿਰਸੇ ਵਿਚ ਨਸੀਬ ਨੇ ਪਰ ਇਸ ਗੱਲ ਨੂੰ ਹੁਣ ਪੱਕੇ ਤੌਰ ਤੇ ਅਤੇ ਦ੍ਰਿੜ ਰੂਪ ਵਿਚ ਮਨਾਂ 'ਚ ਉਤਾਰਨਾ ਤੇ ਵਸਾਉਣਾ ਹੋਵੇਗਾ ਕਿ ਤਖਤ ਨਹੀਂ ਮਿਲਦੇ ਮੰਗਿਆਂ।'

## 3.

ਜੂਨ ਦੇ ਮਹੀਨੇ ਦੇ ਜਿੰਨਾਂ ਦਿਨਾਂ ਵਿਚ ਪੰਜਾਬ ਭਰ ਦੇ ਪਿੰਡਾਂ ਤੇ ਕਸਬਿਆਂ ਵਿਚ ਫੌਜ ਵਲੋਂ ਸਿਖ ਕੌਮ ਦੇ ਜਜ਼ਬਾਤ ਨੂੰ ਕੁਚਲਿਆ ਤੇ ਪੰਥਕ ਮਾਨ ਪ੍ਰਤਿਸ਼ਟਾ ਨੂੰ ਰੋਲਿਆ-ਘਚੋਲਿਆ ਜਾ ਰਿਹਾ ਸੀ ਅਤੇ ਸਿਘਾਂ ਦਾ ਸ਼ਿਕਾਰ ਖੇਡਿਆ ਜਾ ਰਿਹਾ ਸੀ ਉਹਨਾਂ ਹੀ ਦਿਨਾਂ ਦੌਰਾਨ ਸਿਖਾਂ ਨਾਲ ਜੋ ਕੁਝ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ, ਇਸਦੇ ਆਲੇ ਦੁਆਲੇ ਅਤੇ ਅੰਮ੍ਰਿਤਸਰ ਦੇ ਵੱਖ ਵੱਖ ਭਾਗਾਂ ਤੇ ਮਿਲਟਰੀ ਕੈਂਪਾਂ ਵਿਚ ਵਾਪਰ ਰਿਹਾ ਸੀ ਉਹ ਤਾਂ ਹੱਦ ਦਰਜੇ ਤੱਕ ਖੌਫਨਾਕ ਤੇ ਭਿਆਨਕ ਸੀ।

ਇਸ ਦੌਰ ਵਿਚ ਅੰਮ੍ਰਿਤਸਰ ਸ਼ਹਿਰ ਅੰਦਰ ਜਿਥੇ ਇਕ ਪਾਸੇ ਸਿਖਾਂ ਉਪਰ ਫੌਜ ਗਜ਼ਬ ਢਾਹ ਰਹੀ ਸੀ ਉਥੇ ਅੰਮ੍ਰਿਤਸਰ ਸ਼ਹਿਰ ਦਾ ਹਿੰਦੂ ਵੀ ਫੌਜ ਦੇ ਬਲ ਬੂਤੇ, ਆਪਣੇ ਕਾਬੂ ਆਉਣ ਤੇ ਢਹੇ ਚੜ੍ਹਨ ਵਾਲੇ ਸਿਖਾਂ ਨਾਲ ਘੱਟ ਨਹੀਂ ਸੀ ਗੁਜ਼ਾਰ ਰਿਹਾ।

ਉਸ ਸਮੇਂ ਭਾਰਤ ਸਰਕਾਰ, ਭਾਰਤੀ ਫੌਜ ਤੇ ਹਿੰਦੂਆਂ ਦੇ ਪੰਥ ਘਾਤਕ ਜਜ਼ਬਾਤ ਤੇ ਕਰਦਾਰ ਤੋਂ ਇਹ ਗੱਲ ਐਨ ਸਪਸ਼ਟ ਹੋ ਰਹੀ ਸੀ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉਪਰ ਭਾਰਤ ਸਰਕਾਰ ਵਲੋਂ ਕੀਤੀ ਗਈ ਫੌਜੀ ਕਾਰਵਾਈ ਕੋਈ ਆਮ ਪੱਧਰ ਦੀ ਫੌਜੀ ਕਾਰਵਾਈ ਨਹੀਂ ਸੀ, ਸਗੋਂ ਇਹ ਤਾਂ ਸਮੁੱਚੇ ਖਾਲਸਾ ਪੰਥ ਦੀ ਹੋਂਦ ਤੇ ਹਸਤੀ ਉਪਰ ਸਮੁੱਚੇ ਹਿੰਦੂ ਸਾਮਰਾਜ ਵਲੋਂ ਕੀਤਾ ਗਿਆ ਵੱਡੀ ਪੱਧਰ ਤੇ ਮਾਰੂ ਢੰਗ ਦਾ ਇਕ ਯੋਜਨਾਬਧ ਤੇ ਫੈਸਲਾਕੁੰਨ ਫੌਜੀ ਹਮਲਾ ਸੀ।

ਪੰਜ ਜੂਨ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਪਛਮ ਤੇ ਉੱਤਰ ਪਛਮ ਵਿਚ ਅਰਥਾਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਨਾਲ ਨਾਲ ਪੈਂਦੇ ਹਿੰਦੂ ਆਬਾਦੀ ਵਾਲੇ ਗਲੀ ਮੁਹੱਲਿਆਂ ਵਿਚ ਜੋ ਵੀ ਕੋਈ ਸਿਖ ਨੌਜਵਾਨ ਤੇ ਅੰਮ੍ਰਿਤਧਾਰੀ ਸਿਘ ਹਿੰਦੂਆਂ ਦੇ ਸ਼ਕੰਜੇ ਵਿਚ ਫਸ ਗਿਆ ਤੇ ਘੇਰੇ ਵਿਚ ਆ ਜਾਣ ਕਰਕੇ ਢਹੇ ਚੜ੍ਹ ਗਿਆ ਹਿੰਦੂਆਂ ਨੇ ਸਭ ਤੋਂ ਪਹਿਲਾਂ ਉਸਦੇ ਕੇਸਾਂ ਨੂੰ ਹੱਥ ਪਾਇਆ।

ਹਿੰਦੂਆਂ ਦੇ ਢਹੇ ਚੜ੍ਹ ਜਾਣ ਵਾਲੇ ਸਿਖ ਨੌਜਵਾਨਾਂ ਤੇ ਸਿਘਾਂ ਦੇ ਕਪੜੇ ਪਾੜ ਸੁੱਟੇ ਜਾਂਦੇ, ਦਾਹੜੀ ਕੇਸ ਖੋਹ ਖਲਾਰ ਸੁੱਟੇ ਜਾਂਦੇ ਤੇ ਕਈਆਂ ਦੇ ਕੇਸ ਕਤਲ ਕਰ ਦਿੱਤੇ ਜਾਂਦੇ। ਉਹਨਾਂ ਨੂੰ ਬੱਚਿਆਂ ਤੇ ਔਰਤਾਂ ਤੋਂ ਠੁੱਡੇ ਮਰਵਾਏ ਜਾਂਦੇ, ਸਿਰਾਂ ਵਿਚ ਘੱਟਾ ਮਿਟੀ ਪਵਾਇਆ ਜਾਂਦਾ ਤੇ ਉਹਨਾਂ ਦੇ ਚੇਹਰਿਆਂ ਉਪਰ ਥੁੱਕਿਆ ਤੇ ਥੁਕਵਾਇਆ ਜਾਂਦਾ।

ਕੁਝ ਸਿਖ ਨੌਜਵਾਨ ਸਿਘਾਂ ਨੂੰ ਤਾਂ ਹਿੰਦੂਆਂ ਨੇ ਆਪਣੇ ਹਥੀਂ ਕਤਲ ਕੀਤਾ ਤੇ ਬਹੁਤਿਆਂ ਨੂੰ ਹਦ ਦਰਜੇ ਤੱਕ ਜ਼ਲੀਲ ਤੇ ਰੁਸਵਾ ਕਰਨ ਤੋਂ ਬਾਅਦ ਫੌਜ ਦੇ ਹਵਾਲੇ ਕਰ ਦਿੱਤਾ ਜਾਂਦਾ ਅਤੇ ਫਿਰ ਇਸਦੇ ਨਾਲ ਹੀ ਉਹਨਾਂ ਵਲੋਂ ਹਿੰਦੂ ਫੌਜੀਆਂ ਨੂੰ ਉਹਨਾਂ ਸਿਖ ਨੌਜਵਾਨਾਂ ਦਾ ਸਫਾਇਆ ਕਰਨ ਅਰਥਾਤ ਸ਼ਕਾਰ ਖੇਡਨ ਲਈ ਕਿਹਾ ਜਾਂਦਾ।



ਐਸੀ ਹਾਲਤ ਵਿਚ ਫੌਜੀਆਂ ਵਲੋਂ ਪੰਜਾਂ ਪੰਜਾਂ ਸੱਤਾਂ ਸੱਤਾਂ ਸਿਘਾਂ ਨੂੰ ਉਹਨਾਂ ਦੀਆਂ ਦਸਤਾਰਾਂ ਨਾਲ ਜਕੜ ਕਰਕੇ ਉਹਨਾਂ ਸਭਣਾ ਦੇ ਹੱਥ ਪਿੱਛੇ ਬੰਨ ਦਿੱਤੇ ਜਾਂਦੇ ਤੇ ਉਹਨਾਂ ਦੇ ਖਿਲਰੇ ਖਿਲਾਰੇ ਹੋਏ ਕੇਸਾਂ ਨਾਲ ਉਹਨਾਂ ਦੇ ਚੇਹਰਿਆਂ ਨੂੰ ਢੱਕ ਦਿਤਾ ਜਾਂਦਾ ਅਤੇ ਫਿਰ ਹਿੰਦੂਆਂ ਨੂੰ ਕੋਲ ਖਲਿਆਰ ਕੇ ਉਹਨਾਂ ਸਿਘਾਂ ਨੂੰ ਗਲੀਆਂ ਦੇ ਮੋੜਾਂ ਉੱਪਰ ਇਕ ਪਾਸੇ ਜਿਹੇ ਕੰਧਾਂ ਨਾਲ ਖੜਿਆ ਕਰਕੇ ਸਟੇਨ ਗੰਨਾਂ ਦੇ ਬਰਸਟ ਮਾਰੇ ਜਾਂਦੇ ਅਤੇ ਫਿਰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ।

ਸਿਘਾਂ ਨੂੰ ਮੌਤ ਦੇ ਘਾਟ ਉਤਾਰੇ ਜਾਣ ਤੋਂ ਬਾਅਦ ਕੁਝ ਥਾਵਾਂ ਉੱਪਰ ਹਿੰਦੂਆਂ ਨੇ ਸਿਖ ਨੌਜਵਾਨਾਂ ਤੇ ਸਿਘਾਂ ਦੀਆਂ ਲਾਸ਼ਾਂ ਦੇ ਆਸ ਪਾਸ ਖਲੋ ਕੇ ਭੰਗੜੇ ਪਾਏ ਅਤੇ ਹਿੰਦੂ ਫੌਜੀਆ ਨਾਲ ਮਿਲਕੇ 'ਜੈ ਬਜਰੰਗ ਬਲੀ ਦੇ ਬੋਲੇ-ਜੈਕਾਰੇ ਛੱਡੇ ਗਏ ਅਤੇ ਹਿੰਦੂ ਜੀ ਕੇ ਬੋਲ ਬਾਲੇ ਤੇ ਫੌਜੀ ਰਾਜ .. ਜ਼ਿੰਦਾ ਬਾਦ' ਦੇ ਨਾਅਰੇ ਲਾਏ ਗਏ।

ਸਿਘਾਂ ਦੀਆਂ ਲਾਸ਼ਾ ਵੱਲ ਵੇਖ ਵੇਖ ਹਿੰਦੂ ਔਰਤਾਂ ਵੱਲੋਂ ਗਿੱਧੇ ਤਾੜੀਆਂ ਮਾਰੇ ਗਏ ਤੇ ਧਮਚੜੇ ਪਾਏ ਗਏ ਅਤੇ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਤੇ ਸਿਘਾਂ ਦੇ ਖਲਾਫ਼ ਗੰਦੇ ਤੋਂ ਗੰਦੇ ਤੇ ਘਟੀਆ ਤੋਂ ਘਟੀਆ ਬੋਲ ਕਬੋਲ ਕਹਿ ਕੇ ਆਪਣੇ ਮਨਾਂ ਅੰਦਰਲੀ ਸਿਖ ਵਿਰੋਧੀ ਜ਼ਹਿਰੀਲੀ ਭੜਾਸ ਕੱਢੀ ਗਈ।

ਅੰਮ੍ਰਿਤਸਰ ਦੇ ਇਨ੍ਹਾਂ ਹਿੰਦੂਆਂ ਤੇ ਹਿੰਦੂ ਔਰਤਾਂ ਵੱਲੋਂ ਆਪਣੇ ਬੱਚਿਆਂ ਨੂੰ ਬੜੇ ਚਾਅ ਨਾਲ ਸਿਘਾਂ ਦੀਆਂ ਲਾਸ਼ਾਂ ਦੇ ਕੋਲ ਲੈ ਜਾਇਆ ਜਾਂਦਾ ਤੇ ਫਿਰ ਉਹਨਾਂ ਬੱਚਿਆਂ ਤੋਂ ਬੜੇ ਲਾਡ ਨਾਲ ਪੁਛਿਆ ਜਾਂਦਾ ਕਿ, 'ਦਸੋ, ਇਹ ਕੌਣ ਮਰੇ ਪਏ ਨੇ?'

ਜਦ ਬੱਚੇ ਸਿਘਾਂ ਦੀਆਂ ਲਾਸ਼ਾਂ ਵੱਲ ਬਿਟਰ ਬਿਟਰ ਵੇਖਣ ਪਿੱਛੋਂ ਆਪਣੀਆਂ ਨਜ਼ਰਾਂ ਉਧਰੋਂ ਭਵਾ ਲੈਂਦੇ ਤਾਂ ਉਸ ਹਾਲਤ ਵਿਚ ਹਿੰਦੂ ਔਰਤਾਂ ਤੇ ਮਰਦ ਉਹਨਾਂ ਬੱਚਿਆਂ ਦਾ ਧਿਆਨ ਮੁੜ ਉਧਰ ਨੂੰ ਕਰਕੇ ਉਹਨਾਂ ਨੂੰ ਖੁਸ਼ ਹੋ ਹੋ ਕੇ ਦੱਸਦੇ, 'ਇਹ ਲਾਸ਼ਾਂ ਸਿਖਾਂ ਦੀਆਂ ਨੇ, ਸਾਡੇ ਬਹਾਦਰ ਫੌਜੀਆਂ ਨੇ ਇਨ੍ਹਾਂ ਨੂੰ ਗੋਲੀਆਂ ਚਲਾ ਕੇ ਮਾਰ ਸੁੱਟਿਆ। ਇਹ ਵਖੱਰਾ ਸਿਖ ਰਾਜ ਮੰਗਦੇ ਸੀ, ਅਸਾਂ ਇਨ੍ਹਾਂ ਨੂੰ ਰਾਜ ਦੇ ਦਿੱਤਾ।' ਫਿਰ ਆਪ ਹੀ ਖਿੜ ਖੜਾ ਕੇ ਹੱਸ ਪੈਂਦੇ ਤੇ ਇਸਦੇ ਨਾਲ ਹੀ ਆਪਣੇ ਕੁੱਛੜ ਚੁੱਕੇ ਹੋਏ ਬੱਚੇ ਵੱਲ ਵੇਖਕੇ ਕਹਿੰਦੇ, 'ਅਸਾਂ ਤਾਂ ਆਪ ਆਪਣੇ ਬੇਟੇ ਨੂੰ ਵੱਡੇ ਹੋਏ 'ਤੇ ਫੌਜ ਵਿਚ ਅਫ਼ਸਰ ਭਰਤੀ ਕਰਵਾਉਣਾ। ਹਛਾ ਬੇਟਾ ਤੂੰ ਵੱਡਾ ਹੋਕੇ ......।'

ਗੱਲ ਕੀ ਕਿ ਇਨ੍ਹਾ ਹਿੰਦੂ ਆਬਾਦੀ ਵਾਲੇ ਗਲੀ ਮੁਹੱਲਿਆਂ ਵਿਚ ਲਗਾਤਾਰ ਕਈ ਦਿਨਾਂ ਤੱਕ ਸਿਘਾਂ ਦੀ ਮੌਤ ਤੇ ਦਰਬਾਰ ਸਾਹਿਬ ਕੰਪਲੈਕਸ ਦੀ ਹੋਈ ਤਬਾਹੀ ਤੇ ਬਰਬਾਦੀ ਉਪਰ ਦਿਲ ਖੋਹਲ ਕੇ ਖੁਸ਼ੀਆਂ ਦਾ ਪਰਗਟਾਵਾ ਕੀਤਾ ਜਾਂਦਾ ਰਿਹਾ। ਹਰ ਹਿੰਦੂ ਹਿੰਦਨੀ ਦੇ ਜਜ਼ਬਾਤ, ਹਾਵ ਭਾਵ, ਮਨ ਦੇ ਉਦਗਾਰਾਂ, ਉਸਦੇ ਤੁਰਨ ਫਿਰਨ ਤੇ ਗੱਲਾਂ ਬਾਤਾਂ ਦੇ ਅੰਦਾਜ਼ ਅਤੇ ਅੱਖਾਂ ਦੀ ਚਮਕ ਤੇ ਨਜ਼ਰਾਂ ਦੇ ਪ੍ਰਭਾਵ ਤੋਂ ਇਸਤਰਾਂ ਲਗਦਾ ਸੀ ਕਿ ਜਿਵੇਂ ਉਹਨਾਂ ਨੇ ਕਿਸੇ ਬਹੁਤ ਵੱਡੇ ਦੇਸ਼ ਮੁਲਕ ਉਪਰ ਫਤਹਿ ਹਾਸਲ ਕਰ ਲਈ ਹੋਵੇ ਅਤੇ ਉਹਨਾਂ ਦੇ ਹੱਥ ਅਰਬਾਂ ਖਰਬਾਂ ਰੁਪੈਆਂ ਦਾ ਤੇ ਸੋਨੇ ਅਤੇ ਹੀਰੇ ਜਵਾਹਰਾਤਾਂ ਦੇ ਭੰਡਾਰਾਂ ਨਾਲ ਭਰਪੂਰ ਖਜ਼ਾਨਾ ਲਗ ਗਿਆ ਹੋਵੇ ਅਤੇ ਉਹਨਾਂ ਦੀਆਂ ਨਸਲੀਆਂ ਪੁਸ਼ਤਾਂ ਤੱਕ ਦਾ ਅਗਾ ਸੌਰ ਗਿਆ ਹੋਵੇ।

ਇਨ੍ਹਾਂ ਹਿੰਦੂ ਆਬਾਦੀ ਵਾਲੇ ਗਲੀ ਮੁਹੱਲਿਆਂ ਵਿਚ ਇਹ ਲੋਕ ਘਰ ਘਰ ਜਾ ਕੇ ਇਕ ਦੂਸਰੇ ਨੂੰ ਵਧਾਈਆਂ ਦੇਂਦੇ ਰਹੇ। ਫੌਜੀਆਂ ਲਈ ਉਚੇਚੇ ਪਕਵਾਨਾਂ ਤੇ ਪਦਾਰਥਾਂ ਦਾ ਪ੍ਰਬੰਧ ਕਰਦੇ ਰਹੇ। ਹਿੰਦੂ

ਔਰਤਾਂ ਤਾਂ ਆਪਣੇ ਗਲੀ ਮੁਹੱਲਿਆਂ ਵਿਚ ਗਸ਼ਤ ਕਰਨ ਵਾਲੇ ਅਤੇ ਮੋਰਚਾ ਬੰਦੀ ਤੇ ਨਾਕਾ ਬੰਦੀ ਲਈ ਬੈਠੇ ਫੌਜੀ ਸੈਣਕਾਂ ਤੇ ਅਫਸਰਾਂ ਦਾ ਆਪ ਮੂੰਹ ਮਿਠਾ ਕਰਵਾਉਂਦੀਆਂ ਰਹੀਆਂ ਤੇ ਉਹਨਾਂ ਦੇ ਮੱਥੇ ਉੱਪਰ ਸਿੱਖਾਂ ਉੱਪਰ ਹੋਈ ਜਿੱਤ ਦੀ ਖੁਸ਼ੀ ਵਿਚ ਸੁੱਖਾਂ ਸਗਣਾ ਦੇ ਟਿਕੇ ਲਾਉਂਦੀਆਂ ਰਹੀਆਂ।

ਜਦ ਇਹ ਹਿਦੂ ਮੁਟਿਆਰਾਂ ਤੇ ਸ੍ਰੀਮਤਾਂ ਹਿਦੂ ਫੌਜੀਆਂ ਦੀ ਜਬਾਨੀ ਪੰਜ ਛੇ ਜੂਨ ਦੀ ਰਾਤ ਤੋਂ ਲੈਕੇ ਉਸ ਸਮੇਂ ਤੱਕ ਦੇ ਦੌਰਾਨ ਦਰਬਾਰ ਸਾਹਿਬ ਕੰਪਲੈਕਸ ਅੰਦਰ ਹੋ ਚੁੱਕੀ ਤਬਾਹੀ ਤੇ ਬਰਬਾਦੀ ਅਤੇ ਸਿੱਖਾਂ ਦੀ ਕੰਪਲੈਕਸ ਦੇ ਅੰਦਰ ਤੇ ਬਾਹਰ ਕੀਤੀ ਗਈ ਕਤਲ-ਏ-ਆਮ ਅਤੇ ਫੌਜੀ ਕੈਂਪਾਂ ਵਿਚ ਕੀਤੀ ਜਾ ਰਹੀ ਦੁਰਦਸ਼ਾ ਤੇ ਦੁਰਗਤੀ ਦਾ ਹਾਲ ਸੁਣਦੀਆਂ ਤਾਂ ਉਸ ਸਮੇਂ ਉਹ ਖੁਸ਼ੀ ਵਿਚ ਠਹਾਕੇ ਮਾਰ ਮਾਰ ਹਸਦੀਆਂ ਅਤੇ ਫਿਰ ਇਸ ਖੁਸ਼ੀ ਵਿਚ ਚਹਿਕਦਿਆਂ ਟਹਿਦਿਆਂ ਹੋਇਆਂ ਖਾਣ ਪੀਣ ਦੀਆਂ ਖੁਲੀਆਂ ਚੀਜ਼ਾਂ ਵਸਤਾਂ ਉਹਨਾਂ ਫੌਜੀਆਂ ਅੱਗੇ ਪੇਸ਼ ਕਰਨ ਦੇ ਨਾਲ ਹੀ ਉਹਨਾਂ ਦੇ ਲਾਗੇ ਹੋ ਢੁੱਕ ਢੁੱਕ ਕੇ ਬਹਿਦੀਆਂ ਖਲੋਂਦੀਆਂ।

ਇਨ੍ਹਾਂ ਦਿਨਾਂ ਵਿਚ ਜੋ ਸਿੱਖ ਨੌਜਵਾਨ ਤੇ ਸਿੰਘ ਫੌਜੀਆਂ ਹੱਥੋਂ ਮੌਤ ਦੇ ਮੂੰਹਾਂ 'ਚ ਸੁਟੇ ਜਾਣ ਤੋਂ ਬਚ ਜਾਂਦੇ ਸਨ ਉਹਨਾਂ ਦੇ ਹੱਥ ਪਿਛੇ ਬੰਨ੍ਹ ਲਏ ਜਾਂਦੇ ਅਤੇ ਰਾਈਫਲਾਂ ਦੇ ਬੱਟ ਮਾਰ ਮਾਰ ਕੇ ਉਹਨਾਂ ਦੇ ਸਿਰ ਮੱਥੇ ਫੇਹ ਸੁੱਟੇ ਜਾਂਦੇ। ਉਹਨਾਂ ਦੇ ਕੇਸ ਖਲਾਰ ਕੇ ਉਹਨਾਂ ਦੇ ਚੇਹਰਿਆਂ ਤੇ ਅੱਖਾਂ ਨੂੰ ਢੱਕ ਦਿਤਾ ਜਾਂਦਾ ਅਤੇ ਫਿਰ ਬੂਟ ਠੁੱਡਿਆਂ ਤੇ ਬੱਟਾਂ ਦੀਆਂ ਮਾਰਾਂ ਨਾਲ ਉਹਨਾਂ ਨੂੰ ਗਲੀਆਂ ਤੇ ਬਾਜ਼ਾਰਾਂ ਵਿਚ ਉਹਨਾਂ ਪਸ਼ੂਆਂ ਦੀ ਨਿਆਈਂ ਹਿਕਿਆ ਜਾਂਦਾ ਜਿਨ੍ਹਾਂ ਦੀ ਬੁਚੜ ਖਾਨੇ ਵਿਚ ਬੜੀ ਡਾਢੀ ਉਡੀਕ ਕੀਤੀ ਜਾ ਰਹੀ ਹੋਵੇ।

ਛੇ ਜੂਨ ਤੋਂ ਲੈ ਕੇ ਲਗਪਗ ਬਾਰਾਂ ਜੂਨ ਦੇ ਦੌਰਾਨ ਇਨ੍ਹਾਂ ਹਿਦੂ ਆਬਾਦੀ ਵਾਲੇ ਗਲੀ ਮੁਹਲਿਆਂ ਚੋਂ ਫੜੇ ਗਏ ਸਿੰਘਾਂ ਨੂੰ ਜਿਨਾ ਜਿਨਾ ਭਿਆਨਕ ਹਾਲਤਾਂ ਚੋਂ ਦੀ ਗੁਜ਼ਾਰਿਆ ਗਿਆ ਉਹਨਾਂ ਦੀ ਇਕ ਹੋਰ ਝਲਕ ਮਾਤਰ ਘਿਨਾਉਣੀ ਤਸਵੀਰ ਦਾ ਖੂਨੀ ਦ੍ਰਿਸ਼ ਕੁਝ ਇਸਤਰਾਂ ਦਾ ਹੈ

ਫੌਜ ਦੇ ਅੰਨ੍ਹੇ ਜਬਰ ਜ਼ੁਲਮ ਦਾ ਸਾਇਆ ਇਨ੍ਹਾਂ ਸਿੰਘਾਂ ਦੇ ਸਿਰ ਉੱਪਰ ਸਵਾਰ ਹੋਣ ਕਰਕੇ, ਵਾਲ ਚੇਹਰੇ ਉੱਪਰ ਖਿਲਰੇ ਹੋਏ ਹੋਣ ਕਰਕੇ ਹੱਥ ਪਿਠਾਂ ਪਿਛੇ ਬੱਝੇ ਹੋਣ ਅਤੇ ਇਕ ਦੂਸਰੇ ਸਿੰਘਾਂ ਨਾਲ ਨਰੜੇ ਹੋਏ ਹੋਣ ਕਰਕੇ, ਮੂੰਹ ਸਿਰ ਤੇ ਪੁੜਪੁੜੀਆਂ ਆਦਿ ਅੰਗਾਂ 'ਚੋਂ ਲਹੂ ਦੀਆਂ ਫੁਹਾਰਾਂ ਵਗ ਰਹੀਆਂ ਹੋਣ ਕਰਕੇ ਅਤੇ ਅੰਗ ਅੰਗ ਭਿਆਨਕ ਮਾਰ ਦੀ ਪੀੜ ਤੇ ਜ਼ਖਮਾਂ ਦੀਆਂ ਚੀਸਾਂ ਨਾਲ ਕੁਰਲਾ ਰਿਹਾ ਹੋਣ ਕਰਕੇ ਅਤੇ ਆਖਰਾਂ ਦੀ ਤੇਹ ਤੇ ਤ੍ਰਿਹਾਕਲੇ ਕਾਰਨ ਸਰੀਰ ਬੇਹਿਸ ਹੋਏ ਹੋਣ ਕਰਕੇ ਭਾਵੇਂ ਉਹਨਾਂ ਦੀਆਂ ਨਜ਼ਰਾਂ ਅੱਗੇ ਹਨੇਰਾ ਛਾਇਆ ਹੋਇਆ ਹੁੰਦਾ ਸੀ ਤੇ ਕਦਮ ਉਹਨਾਂ ਦਾ ਸਾਥ ਨਹੀਂ ਸਨ ਦੇ ਰਹੇ ਹੁੰਦੇ, ਪਰ ਇਸਦੇ ਬਾਵਜੂਦ ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਰਾਹ ਵਿਚ ਕਦਮ ਕਦਮ ਉੱਪਰ ਡਿੱਗਣ ਤੋਂ ਬਚਾਈ ਤੁਰਿਆ ਜਾ ਰਿਹਾ ਹੁੰਦਾ ਸੀ ਕਿ ਉਹਨਾਂ ਦੇ ਨਿਢਾਲ ਜਾਂ ਬੇਹੋਸ਼ ਹੋਕੇ ਢਹਿ ਪੈਣ ਦੇ ਨਤੀਜੇ ਵਜੋਂ ਮੌਤ ਅਰਥਾਤ ਗੋਲੀ ਤੋਂ ਬਿਨਾਂ ਉਹਨਾਂ ਨੂੰ ਹੋਰ ਕੁਝ ਵੀ ਨਸੀਬ ਨਹੀਂ ਹੋਣਾ।

ਜਿਨ੍ਹਾਂ ਗਲੀਆਂ ਦੇ ਮੋੜਾਂ ਤੇ ਤੰਗ ਬਾਜ਼ਾਰਾਂ ਚੋਂ ਦੀ ਇਨ੍ਹਾਂ ਸਿੰਘਾਂ ਨੂੰ ਲੰਘਾਇਆ ਜਾ ਰਿਹਾ ਹੁੰਦਾ ਉਹਨਾਂ ਰਾਹਾਂ ਤੇ ਗਲੀਆਂ ਬਾਜ਼ਾਰਾਂ ਵਿਚ ਥੋੜੇ ਬਹੁਤ ਫਾਸਲੇ ਉੱਪਰ ਫੌਜ ਹੱਥੋਂ ਸ਼ਹੀਦੀਆਂ ਪਾ ਚੁਕੇ ਸਿੰਘਾਂ ਦੀਆਂ ਲਾਸ਼ਾਂ ਖਿਲਰੀਆਂ ਹੋਈਆਂ ਹੁੰਦੀਆਂ, ਕਈਆਂ ਸ਼ਹੀਦ ਸਿੰਘਾਂ ਦੇ ਕੱਟੇ ਵੱਢੇ ਹੋਏ ਅੰਗ, ਫੌਜ ਦੇ ਪਹਿਰੇ ਵਿਚ ਲੈ ਜਾਏ ਜਾਣ ਵਾਲੇ ਸਿੰਘਾਂ ਦੇ ਪੈਰਾਂ ਨਾਲ ਟੱਕਰਾ ਜਾਂਦੇ, ਲਹੂ ਮਿਝ ਤੇ ਲਹੂ ਥੇਟੀਆਂ ਉਹਨਾਂ ਦੇ ਨੰਗੇ ਪੈਰਾਂ ਨਾਲ ਚੰਬੜ ਜਾਂਦੀਆਂ ਜਿਸ ਕਰਕੇ ਉਹਨਾਂ ਦੇ



ਆਪਣੇ ਸਰੀਰਾਂ 'ਚੋਂ ਵਗ ਰਿਹਾ ਲਹੂ ਸਦਾ ਦੀ ਨੀਂਦ ਸੌਂ ਚੁੱਕੇ ਸਿੰਘਾਂ ਦੇ ਲਹੂ ਨਾਲ ਰਲ-ਗਡ ਹੋ ਜਾਂਦਾ।

ਇਨ੍ਹਾਂ ਗਲੀ ਮੁਹਲਿਆਂ ਚੋਂ ਹਿਰਾਸਤ ਵਿਚ ਲਏ ਜਾਣ ਵਾਲੇ ਸਿਖ ਨੌਜਵਾਨ ਤੇ ਸਿੰਘਾਂ ਨੂੰ ਅਕਸਰ ਪਹਿਲਾਂ ਜਲ੍ਹਿਆਂ ਵਾਲੇ ਬਾਗ ਵਿਚ ਲੈ ਜਾਇਆ ਜਾਂਦਾ ਜਿਥੇ ਉਹਨਾਂ ਨੂੰ ਉਸੇ ਹੀ ਹਾਲਤ ਵਿਚ ਮੂਧੇ ਮੂੰਹ ਲਿਟਾ ਦਿੱਤਾ ਜਾਂਦਾ ਅਤੇ ਫਿਰ ਕਈ ਕਈ ਘੰਟਿਆਂ ਤੱਕ ਉਹਨਾਂ ਨੂੰ ਭੁੱਖਿਆਂ ਤਿਹਾਇਆਂ ਤੇ ਤੜਫਦਿਆਂ ਲਛਦਿਆਂ ਹੋਇਆਂ ਰੱਖਿਆ ਜਾਂਦਾ।

ਜਦ ਉਹਨਾਂ ਚੋਂ ਕੁਝ ਇਕ ਨੂੰ ਦੋ ਘੁੱਟ ਪਾਣੀ ਦਿੱਤਾ ਜਾਣ ਲਗਦਾ ਅਰਥਾਤ ਜਾਂ ਕੌਲੇ ਵਿਚ ਛਲਕਦਾ ਹੋਇਆ ਪਾਣੀ ਉਹਨਾਂ ਨੂੰ ਵਖਾਇਆ ਜਾਂਦਾ ਤਾਂ ਪਹਿਲਾਂ ਉਹਨਾਂ ਉੱਪਰ ਕਈ ਤਰ੍ਹਾਂ ਦੇ ਸਵਾਲਾਂ ਦੇ ਤੀਰ ਛੱਡੇ ਜਾਂਦੇ, ਐਸੀ ਹਾਲਤ ਵਿਚ ਜੇ ਕਿਸੇ ਫੌਜੀ ਅਫਸਰ ਨੂੰ ਇਹ ਸ਼ੱਕ ਪੈ ਜਾਂਦਾ ਕਿ ਉਹਨਾਂ ਚੋਂ ਕਿਸ ਕਿਸ ਦੇ ਭਿੰਡਰਾਂਵਾਲੇ ਜੱਥੇ ਦੇ ਨਾਲ ਸਬੰਧ ਹਨ? ਕਿਸ ਕਿਸ ਨੇ ਅੰਮ੍ਰਿਤਪਾਨ ਕਰ ਰੱਖਿਆ ਹੈ ਅਤੇ ਕੌਣ ਕੌਣ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਮੈਂਬਰ ਹੈ ਤਾਂ ਉਸ ਹਾਲਤ ਵਿਚ ਉਹਨਾਂ ਸਾਹਮਣੇ ਗਲਾਸਾਂ ਤੇ ਕੌਲਿਆਂ ਵਿਚ ਛਲਕਾ ਛਲਕਾ ਕੇ ਵਖਾਇਆ ਜਾਣ ਵਾਲਾ ਪਾਣੀ ਉਹਨਾਂ ਨੂੰ ਦੇਣ ਦੀ ਬਜਾਏ ਉਹਨਾਂ ਦੇ ਮੂੰਹ ਉੱਪਰ ਡੋਲ ਦਿੱਤਾ ਜਾਂਦਾ।

ਸਿਖ ਨੌਜਵਾਨਾਂ ਤੇ ਸਿੰਘਾਂ ਨਾਲ ਇਹ ਭਿਆਨਕ ਵਰਤਾਰੇ ਉਸ ਜਲ੍ਹਿਆਂ ਵਾਲੇ ਬਾਗ ਦੇ ਅੰਦਰ ਤੇ ਬਾਹਰ ਕੀਤੇ ਜਾ ਰਹੇ ਸਨ ਜਿਸ ਜਲ੍ਹਿਆਂ ਵਾਲੇ ਬਾਗ ਵਿਚ ਲਗਪਗ ਪੈਂਠ ਸਾਲ ਪਹਿਲਾਂ ਕਈ ਇਕ ਹਜ਼ਾਰ ਤੋਂ ਵਧ ਸਿੰਘਾਂ ਨੇ ਉਸ ਸਮੇਂ ਅੰਗਰੇਜ਼ ਹੁਕਮਰਾਨਾਂ ਦੀਆਂ ਮਸ਼ੀਨਗੰਨਾਂ ਦਾ ਲੁਕਮਾ ਬਣਕੇ ਹਿਦੂਸਤਾਨ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਦੀ ਅਹੂਤੀ ਦਿੱਤੀ ਸੀ। ਪਰ ਅੱਜ ਉਹਨਾਂ ਅਜੀਬ ਤੇ ਲਾਮਿਸਾਲ ਕੁਰਬਾਨੀਆਂ ਦੇ ਸਿਰ ਸਦਕਾ ਅੰਗਰੇਜ਼ਾਂ ਦੀ ਗੁਲਾਮੀ ਤੋਂ ਨਜਾਤ ਪਾ ਚੁੱਕੇ ਹਿਦੂਸਤਾਨ ਉੱਪਰ ਰਾਜ ਕਰ ਰਿਹਾ ਹਿਦੂ ਸਾਮਰਾਜ ਉਹਨਾਂ ਸ਼ਹੀਦ ਹੋ ਚੁੱਕੇ ਸਿੰਘਾਂ ਦੇ ਪੜਪੋਤਿਆਂ ਤੇ ਪੜਦੋਤਿਆਂ ਉੱਪਰ ਜਬਰ ਜ਼ੁਲਮ ਤੇ ਕਹਿਰ ਢਾਹੁਣ ਪੱਖੋਂ ਉਸ ਸਮੇਂ ਦੇ ਅੰਗਰੇਜ਼ ਹੁਕਮਰਾਨਾਂ ਨੂੰ ਵੀ ਹਰ ਤਰ੍ਹਾਂ ਨਾਲ ਮਾਤ ਦੇ ਰਿਹਾ ਸੀ।

ਇਨ੍ਹਾਂ ਭਿਆਨਕ ਸਾਕੀਆਂ ਤੇ ਘਟਨਾਵਾਂ ਤੋਂ ਇਲਾਵਾ 6 ਜੂਨ ਵਾਲੇ ਦਿਨ ਕਰਫਿਊ ਖੁੱਲਣ ਦੇ ਸਮੇਂ ਦੌਰਾਨ ਜੋ ਖੂਨੀ ਮੰਜ਼ਰ ਚੌਕ ਘੰਟਾ ਘਰ ਦੇ ਆਲੇ ਦੁਆਲੇ ਜਲ੍ਹਿਆਂ ਵਾਲਾ ਬਾਗ ਤੇ ਗੁਰੂ ਬਾਜ਼ਾਰ ਦੇ ਆਸ ਪਾਸ ਅਤੇ ਧਰਮ ਸਿੰਘ ਮਾਰਕੀਟ, ਮਲਕਾ ਚੌਕ, ਕੰਠਵਾਲੀ ਅਤੇ ਕਟੜਾ ਆਹਲੂਵਾਲੀਆਂ ਆਦਿ ਦੇ ਚੌਕਾਂ ਬਾਜ਼ਾਰਾਂ ਵਿਚ ਲੋਕਾਂ ਵਲੋਂ ਵੇਖੇ ਗਏ ਉਹਨਾਂ ਦੇ ਕੁਝ ਪੱਖਾਂ ਦੀ ਅੱਖੀਂ ਝਲਕ ਮਾਤਰ ਰੂਪ ਵਿਚ ਤਸਵੀਰ ਇਸਤਰਾਂ ਹੈ:

ਚੌਕ ਘੰਟਾ ਘਰ ਵਿਚ ਦਰਬਾਰ ਸਾਹਿਬ ਦੀ ਉੱਤਰੀ ਦਰਸ਼ਨੀ ਡਿਉੜੀ ਦੇ ਸਾਹਮਣੇ ਜਿਹੇ ਕਰਕੇ ਚਾਰ ਦਿਓ ਹੈਕਲ ਟੈਂਕ ਸੇਧ ਵਿਚ ਅੱਗੜ ਪਿਛੜ ਰੂਪ 'ਚ ਕੁਝ ਕੁਝ ਫਾਸਲੇ ਉੱਪਰ ਖਲੋਤੇ ਹੋਏ ਸਨ ਅਤੇ ਉਹਨਾਂ ਦੇ ਆਸ ਪਾਸ ਦੂਰ ਦੂਰ ਤੱਕ ਥਾਂ ਪੁਥਾਂ ਖਲੋਤੇ ਹੋਏ ਹਿਦੂ ਫੌਜੀ ਦਸਤੇ ਕਿਸੇ ਹੁਕਮ ਦੀ ਉਡੀਕ ਵਿਚ ਜਾਪਦੇ ਸਨ। ਬਾਜ਼ਾਰ ਮਾਈ ਸੇਵਾਂ ਅਤੇ ਉਸਦੇ ਆਸ ਪਾਸ ਦੀਆਂ ਗਲੀਆਂ ਵਿਚ ਸਿਖ ਨੌਜਵਾਨ ਤੇ ਸਿੰਘਾਂ ਦੀਆਂ ਲਾਸ਼ਾਂ ਇਧਰ ਉਧਰ ਖਿਲਰੀਆਂ ਹੋਈਆਂ ਸਨ। ਚੌਕ ਦੇ ਇਕ ਪਾਸੇ ਜਿਹੇ ਖਲੋਤੇ ਹੋਏ ਚਾਰ ਫੌਜੀ ਟਰੱਕਾਂ ਵਿਚ ਲਾਸ਼ਾਂ ਭਰੀਆਂ ਪਈਆਂ ਸਨ, ਜਿਨ੍ਹਾਂ ਬਾਰੇ ਇਹ ਚਰਚਾ ਸੀ ਕਿ ਇਹ ਲਾਸ਼ਾਂ ਬਾਹਰ ਪਿੰਡਾਂ ਵਿਚ ਗੋਲੀਆਂ ਨਾਲ ਭੁੰਨੇ ਉਡਾਏ ਗਏ ਸਿੰਘਾਂ ਦੀਆਂ ਹਨ। ਫੌਜੀਆਂ ਵਲੋਂ ਇਨ੍ਹਾਂ ਲਾਸ਼ਾਂ ਨੂੰ ਬਾਹਰੋਂ ਪਿੰਡਾਂ 'ਚੋਂ ਢੋਇਆ ਗਿਆ ਹੈ ਤੇ ਇਥੇ ਵੱਖਰੇ

ਫੌਜੀ ਟਰੱਕਾਂ ਵਿਚ ਭਰ ਦਿਤਾ ਗਿਆ ਹੈ।

ਇਕ ਟਰੱਕ ਵਿਚ ਤਾਂ ਲਾਸ਼ਾਂ ਉੱਪਰ ਕੁਝ ਲੱਤਾਂ ਬਾਹਾਂ ਤੇ ਹੱਥਾਂ ਪੈਰਾਂ ਦੇ ਡੁੱਕਰੇ ਵੱਖ ਹੀ ਪਏ ਹੋਏ ਨਜ਼ਰੀਂ ਆ ਰਹੇ ਸਨ। ਲਾਸ਼ਾਂ ਨਾਲ ਲੱਦੇ ਹੋਏ ਇਹਨਾਂ ਟਰੱਕਾਂ 'ਚੋਂ ਸਿੰਘਾਂ ਦਾ ਲਹੂ ਬਾਹਰ ਵੱਲ ਅਜੇ ਵੀ ਚੋ ਰਿਹਾ ਸੀ ਅਤੇ ਉਹਨਾਂ ਟਰੱਕਾਂ ਦੇ ਖੱਬੇ ਸੱਜੇ ਤੇ ਪਿਛਲੇ ਪਾਸੇ ਲਹੂ ਬੂੰਦੀਆਂ ਦੀਆਂ ਪੇਪੜੀਆਂ ਜੰਮੀਆਂ ਹੋਈਆਂ ਸਾਫ ਦਿਸ ਰਹੀਆਂ ਸਨ। ਇਸੇ ਹੀ ਸਮੇਂ ਦੌਰਾਨ ਚੌਕ ਮਲਕਾ ਤੇ ਕੋਤਵਾਲੀ ਦੇ ਦਰਮਿਆਨ ਇਕ ਹੋਰ ਭਿਆਨਕ ਮੰਜ਼ਰ ਵੇਖਣ ਵਿਚ ਆ ਰਿਹਾ ਸੀ। ਕੋਈ ਚੌਦਾਂ ਪੰਦਰਾਂ ਦੇ ਲਗਪਗ ਸਿੰਘਾਂ ਨੂੰ, ਜੋ ਸਾਰੇ ਦੇ ਸਾਰੇ ਨੌਜਵਾਨ ਸਨ, ਹਿੰਦੂ ਫੌਜੀਆਂ ਵਲੋਂ ਸਟੇਨ ਗੰਨਾਂ ਤੇ ਕਾਰਬਾਈਨਜ਼ ਦੀ ਛਾਂ ਹੇਠ ਧੁੱਪ ਨਾਲ ਸੜਦੀ ਬਲਦੀ ਹੋਈ ਲੁੱਕ ਪਿਘਲੀ ਸੜਕ ਉੱਪਰ ਗੋਡਿਆਂ ਭਾਰ ਤੁਰਵਾਇਆ ਜਾ ਰਿਹਾ ਸੀ ਅਤੇ ਉਹਨਾਂ ਨੂੰ ਹੱਥ ਖੜੇ ਕਰਕੇ ਇਸੇ ਹੀ ਪੁਜ਼ੀਸ਼ਨ ਵਿਚ ਚੱਲਣ ਲਈ ਗਾਲ੍ਹਾਂ ਕੱਢੀਆਂ ਜਾ ਰਹੀਆਂ ਸਨ। ਉਹਨਾਂ ਦੀਆਂ ਮੁਗਰਾਣਾਂ, ਧੌਣਾਂ ਤੇ ਸਿਰਾਂ ਪੁੜਪੜੀਆਂ ਵਿਚ ਸੱਟਾਂ ਮਾਰੀਆਂ ਜਾ ਰਹੀਆਂ ਸਨ। ਐਸੀ ਹਾਲਤ ਵਿਚ ਜੇ ਕੋਈ ਸਿੰਘ ਮੂਧੇ ਮੂੰਹ ਸੜਕ ਉੱਪਰ ਢਹਿ ਜਾਂਦਾ ਤਾਂ ਉਸ ਸਮੇਂ ਹਿੰਦੂ ਫੌਜੀ ਉਸਦੀ ਧੌਣ, ਪਿੱਠ ਤੇ ਸਿਰ ਦੀ ਖੋਪਰੀ ਅਤੇ ਉਸਦੀਆਂ ਪੁੜਪੜੀਆਂ ਤੇ ਉਸਦੇ ਜਬਾੜਿਆਂ ਵਿਚ ਆਪਣੀਆਂ ਬੂਟ ਦੀਆਂ ਅੱਡੀਆਂ ਦੇ ਪਿਛਲੇ ਤਿੱਖੇ ਹਿੱਸੇ ਕਿਸੇ ਰਾਜ ਮਿਸਤਰੀ ਦੇ ਇਟਾਂ ਪੱਥਰ ਢਾਹੁਣ ਵਾਲੇ ਹਥੌੜੇ ਦੀ ਅੱਡੀ ਵਾਂਗ ਜ਼ੋਰ ਜ਼ੋਰ ਨਾਲ ਮਾਰਨੇ ਸ਼ੁਰੂ ਕਰ ਦਿੰਦੇ।

ਅਜੇ ਇਨ੍ਹਾਂ ਸਿਖ ਨੌਜਵਾਨਾਂ ਨੂੰ ਇਸ ਹਾਲਤ ਵਿਚ ਕੋਤਵਾਲੀ ਪਹੁੰਚਿਆਂ ਅਧਾ ਘੰਟਾ ਵੀ ਨਹੀਂ ਸੀ ਹੋਇਆ ਕਿ ਇਨ੍ਹਾਂ ਬਾਰੇ ਇਹ ਅਫਵਾਹ ਆਮ ਫੈਲ ਗਈ ਸੀ ਕਿ ਇਨ੍ਹਾਂ ਸਭਣਾ ਨੂੰ ਕੋਤਵਾਲੀ ਤੋਂ ਇਕ ਪਾਸੇ ਜਿਹੇ ਦੀਵਾਰ ਨਾਲ ਖੜਿਆਂ ਕਰਕੇ ਸਟੇਨ ਗੰਨਾਂ ਨਾਲ ਭੁੰਨ ਦਿਤਾ ਗਿਆ ਹੈ।

ਦੂਸਰੇ ਪਾਸੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਫੌਜੀ ਐਕਸ਼ਨ ਅਜੇ ਵੀ ਪੂਰੇ ਭਿਆਨਕ ਰੂਪ ਵਿਚ ਜਾਰੀ ਸੀ ਅਤੇ ਬੰਬਾਂ, ਤੋਪਾਂ, ਮਸ਼ੀਨ ਗਨਾਂ, ਸਟੇਨ ਗੰਨਾਂ ਤੇ ਹੋਰ ਬਾਰੂਦੀ ਹਥਿਆਰਾਂ ਤੇ ਅੱਗ ਭਾਂਬੜਾਂ ਦੀ ਖੇਡ ਆਪਣਾ ਜੋਬਨ ਤੇ ਜਲਵਾ ਜ਼ਬਰਦਸਤ ਰੂਪ 'ਚ ਵਖਾ ਰਹੀ ਸੀ। ਹਿੰਦੂ ਫੌਜ ਦੇ ਇਸ ਸਿਖ ਦੁਸ਼ਮਨ ਤੇ ਦਹਿਸ਼ਤ ਭਰੇ ਵਤੀਰੇ ਤੇ ਉਸਦੀਆਂ ਸਰਗਰਮੀਆਂ ਤੋਂ ਇਸਤਰਾਂ ਜਾਪਦਾ ਸੀ ਕਿ ਜਿਵੇਂ ਉਹ ਸਮੁੱਚੇ ਪੰਥ ਨੂੰ ਭਾਰਤ ਸਰਕਾਰ ਅਤੇ ਹਿੰਦੂ ਸਾਮਰਾਜ ਦੀ ਭਾਸ਼ਾ ਵਿਚ ਅਤੇ ਉਸਦੀ ਨੀਤੀ ਅਨੁਸਾਰ ਹਿੰਦੂ ਰਾਜ ਦੇ ਬੋਲ ਬਾਲੇ ਦੇ ਅੰਦਰਲੇ ਅਸਲ ਭਾਵ ਤੇ ਅਰਥਾਂ ਨੂੰ ਸਮਝਾਉਣ ਲਈ ਆਪਣੀ ਆਈ 'ਤੇ ਆ ਗਈ ਹੁੰਦੀ ਹੈ। ਅਕਾਲੀ ਆਗੂ ਤਾਂ ਅਨੰਦਪੁਰ ਮਤੇ ਵਿਚ ਅੰਕਤ 'ਖਾਲਸਾ ਜੀ ਦੇ ਬੋਲ ਬਾਲੇ' ਦੇ ਅਰਥ ਸਟੇਜਾਂ ਉੱਪਰ ਧੂਆਂਧਾਰ ਤਕਰੀਰਾਂ ਕਰਨ ਸਮੇਂ ਵੀ ਬੜੇ ਸੋਚ ਸੋਚ, ਸੰਭਲ ਸੰਭਲ ਤੇ ਸੰਕੋਚ ਸੰਕੋਚ ਕੇ ਕਢਿਆ ਕਰਦੇ ਸਨ ਅਤੇ ਇਸ ਕਰਕੇ ਹੀ ਇਹ ਅਕਾਲੀ ਆਗੂ ਸਿਖ ਸੰਗਤਾਂ ਸਾਹਮਣੇ ਬਾਰ ਬਾਰ ਇਹ ਗੱਲ ਦੁਹਰਾਇਆ ਕਰਦੇ ਸਨ ਕਿ 'ਖਾਲਸਾ ਜੀ ਦੇ ਬੋਲ ਬਾਲੇ' ਦਾ ਭਾਵ ਹਿੰਦੂ ਸਿਖ ਏਕਤਾ, ਭਾਰਤ ਦੀ ਅਖੰਡਤਾ ਤੇ ਸੁਰੱਖਿਆ ਨੂੰ ਖਤਰੇ 'ਚ ਪਾਉਣਾ ਨਹੀਂ, ਸਗੋਂ ਸਾਰੇ ਹਿੰਦੁਸਤਾਨ ਦੇ ਸੂਬਿਆਂ ਨੂੰ ਵਧ ਅਧਿਕਾਰ ਦਵਾਉਣਾ ਤੇ ਇਸਤਰਾਂ ਨਾਲ ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਹੋਰ ਮਜ਼ਬੂਤ ਤੇ ਸ਼ਕਤੀਸ਼ਾਲੀ ਬਨਾਉਣਾ ਹੈ, ਇਸ ਲਈ ਅਸੀਂ ਜੋ ਪੰਜਾਬ ਵਿਚ ਵਧ ਅਧਿਕਾਰਾਂ ਦੀ ਲੜਾਈ ਲੜ ਰਹੇ ਹਾਂ ਵਾਸਤਵ ਵਿਚ ਭਾਰਤ ਦੀ ਮਜ਼ਬੂਤੀ ਤੇ ਦੁਨੀਆਂ ਅੰਦਰ ਇਸਦੇ ਬੋਲ ਬਾਲੇ ਕਾਇਮ ਕਰਨ ਦੀ ਲੜਾਈ ਲੜ ਰਹੇ ਹਾਂ। ਪਰ ਅਕਾਲੀ ਆਗੂਆਂ ਦੇ ਮੁਕਾਬਲੇ ਜੋ ਅੱਜ ਭਾਰਤ ਸਰਕਾਰ ਦੀ ਫੌਜ ਵਲੋਂ ਸਮੁੱਚੀ ਸਿਖ ਕੌਮ ਨੂੰ ਹਿੰਦੂ ਜੀ ਦੇ ਅਰਥਾਤ ਹਿੰਦੂ ਰਾਜ ਦੇ ਬੋਲ ਬਾਲੇ ਦੇ ਅਰਥ ਸਮਝਾਏ ਜਾ ਰਹੇ ਸਨ ਉਹ ਕੰਪਲੈਕਸ ਦੇ ਅੰਦਰ ਤੇ



ਬਾਹਰ ਹਜ਼ਾਰਾਂ ਸਿਖਾਂ ਦੇ ਲਹੂ ਵਿਚ ਹੱਥ ਰੰਗ ਕੇ, ਪੰਜਾਬ ਭਰ ਦੇ ਇਤਿਹਾਸਕ ਗੁਰਧਾਮਾਂ ਉੱਪਰ ਟੈਂਕ ਤੇ ਫੌਜਾਂ ਚੜ੍ਹਾ ਕੇ, ਸ੍ਰੀ ਹਰਿਮੰਦਰ ਸਾਹਿਬ ਦੇ ਭਵਨ ਨੂੰ ਲਹੂ ਲੁਹਾਨ ਕਰਕੇ, ਸ੍ਰੀ ਅਕਾਲ ਤਖਤ ਸਾਹਿਬ ਨੂੰ ਤੋਪਾਂ ਨਾਲ ਢਹਿ ਢੇਰੀ ਕਰਕੇ, ਸ੍ਰੀ ਦਰਬਾਰ ਸਾਹਿਬ ਦੀਆਂ ਇਮਾਰਤਾਂ ਨੂੰ ਖੰਡਰ ਤੇ ਖੋਲੇ ਬਣਾ ਕੇ, ਸਿਖਾਂ ਦੀਆਂ ਲਾਸ਼ਾਂ ਨੂੰ ਰੋਲ ਰੋਲ ਕੇ, ਪਰਕਰਮਾਂ ਨਾਲ ਲਗਦੀਆਂ ਇਮਾਰਤਾਂ ਤੇ ਕੰਪਲੈਕਸ ਅੰਦਰਲੀਆਂ ਹੋਰ ਬਿਲਡਿੰਗਾਂ ਵਿਚ ਸ਼ਰਾਬ ਦੇ ਦੌਰ ਚਲਾ ਚਲਾ ਕੇ, ਪਰਕਰਮਾ ਦੇ ਅੰਦਰ ਖੁਲ੍ਹੇ ਆਮ ਬੀੜੀਆਂ ਸਿਗਰਟਾਂ ਪੀ ਪੀ ਕੇ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਘਰ ਤੇ ਸੰਗਤਾਂ ਦੀ ਸੇਵਾ ਅਤੇ ਗੁਰਬਾਣੀ ਕੀਰਤਨ ਤੇ ਨਾਮ ਸਿਮਰਨ ਪੱਖੋਂ ਸੇਵਾ ਕਮਾ ਰਹੇ ਰਾਗੀ ਸਿੰਘਾਂ, ਗ੍ਰੰਥੀ ਸਿੰਘਾਂ ਤੇ ਸੇਵਾਦਾਰਾਂ ਦੇ ਲਹੂ ਵਿਚ ਨਹਾ ਨਹਾ ਕੇ ਸਮਝਾਏ ਜਾ ਰਹੇ ਸਨ।

ਇਨ੍ਹਾਂ ਸਾਰੇ ਹਾਲਾਤ ਵਿਚ ਜੋ ਸਿਖ ਕੌਮ ਦੀ ਪੰਥਕ ਲੀਡਰਸ਼ਿਪ ਨਾਲ ਭਾਣਾ ਵਰਤ ਰਿਹਾ ਸੀ ਅਤੇ ਉਸ ਵਲੋਂ ਜੋ ਭਾਰਤੀ ਫੌਜ ਸਾਹਮਣੇ ਕਮਜ਼ੋਰੀ ਤੇ ਕਾਇਰਤਾ ਵਖਾਈ ਜਾ ਰਹੀ ਸੀ ਵਾਸਤਵ ਵਿਚ ਇਹ ਗੱਲ ਵੀ ਸਿਖ ਕੌਮ ਲਈ ਇਕ ਬਹੁਤ ਵੱਡਾ ਦੁਖਾਂਤ ਹੀ ਸੀ। ਜਿਨ੍ਹਾਂ ਅਕਾਲੀ ਆਗੂਆਂ ਦੀ ਜ਼ਬਾਨ ਤੋਂ ਕਦੀ ਭੁੱਲ ਕੇ ਵੀ ਖਾਲਸਾ ਜੀ ਦੇ ਬੋਲ ਬਾਲੇ ਅਤੇ ਰਾਜ ਕਰੇਗਾ ਖਾਲਸਾ ਦੇ ਅਰਥ ਸਿੱਧੇ ਰੂਪ 'ਚ ਨਹੀਂ ਸਨ ਨਿਕਲਦੇ ਅੱਜ ਉਹ ਗੁਰੂ ਘਰ ਦੇ ਅੰਦਰ ਹੀ ਸੜੀ ਢੀਠਤਾਈ ਤੇ ਬੇਗੈਰਤੀ ਨਾਲ ਭਾਰਤੀ ਫੌਜ ਦੇ ਸਾਹਮਣੇ ਮੀਣੇ ਮੱਠਦ ਤੇ ਭੇਡਾਂ ਬਕਰੀਆਂ ਬਣੇ ਉਸ ਪਾਸੋਂ ਹਿੰਦੂ ਰਾਜ ਦੇ ਬੋਲ ਬਾਲੇ ਦੇ ਅਰਥ ਸਮਝ ਰਹੇ ਸਨ। ਗੱਲ ਕੀ ਜਿਨ੍ਹਾਂ ਅਕਾਲੀ ਆਗੂਆਂ ਦੀ ਖਾਲਿਸਤਾਨ ਜ਼ਿੰਦਾਬਾਦ ਕਹਿਣ ਲੱਗਿਆਂ ਜ਼ਬਾਨ ਸੜਦੀ ਸੀ ਅਤੇ ਇਹ ਨਾਅਰਾ ਸੁਨਣ ਸਮੇਂ ਵੀ ਕੰਨਾਂ ਦੇ ਪਰਦੇ ਪਾਟਦੇ ਸਨ, ਦਿਲ ਅੰਦਰ ਚੀਸਾਂ ਉੱਠਦੀਆਂ ਤੇ ਤਰਾਟਾਂ ਪੈਂਦੀਆਂ ਸਨ, ਅੱਜ 6 ਜੂਨ ਵਾਲੇ ਦਿਨ ਉਹ ਦਰਬਾਰ ਸਾਹਿਬ ਕੰਪਲੈਕਸ ਅੰਦਰ ਭੁੰਨ ਵੱਟੇ ਬਣੇ ਤੇ ਗੁੰਮ ਸੁੰਮ ਹੋਏ ਭਾਰਤੀ ਫੌਜ ਦੇ ਟੈਂਕਾਂ ਦੀ ਗੜਗੜਾਹਟ, ਤੋਪਾਂ ਦੀ ਗਰਜ ਗੜੂੰਦ ਤੇ ਮਸ਼ੀਨਗੰਨਾਂ ਦੀ ਟਨ ਟਨ ਦੀਆਂ ਭਿਆਨਕ ਆਵਾਜ਼ਾਂ ਸੁਨਣ ਦੇ ਨਾਲ ਹਿੰਦੂ ਫੌਜੀਆਂ ਦੀ ਜ਼ਬਾਨ ਤੋਂ ਗੁਰੂ ਘਰ ਤੇ ਖਾਲਸਾ ਪੰਥ ਦਾ ਨਾਂ ਲੈ ਲੈ ਕੇ ਕਹੀਆਂ ਜਾ ਰਹੀਆਂ ਘਟੀਆ ਤੋਂ ਘਟੀਆ ਗੱਲਾਂ ਆਪਣੇ ਜੰਮਣ ਵਾਲਿਆਂ ਦਾ ਸ਼ੀਰ ਸਮਝ ਕੇ ਪੀ ਰਹੇ ਸਨ।

ਭਾਰਤੀ ਫੌਜਾਂ ਦਾ ਜਿਥੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਸਿਖ ਸੰਗਤਾਂ ਅਤੇ ਸਿੰਘਾਂ ਤੇ ਨੌਜਵਾਨਾਂ ਨੂੰ ਵਧ ਤੋਂ ਵਧ ਮੌਤ ਦੇ ਘਾਟ ਉਤਾਰਨਾ ਤੇ ਤਬਾਹੀ ਮਚਾਉਣਾ ਮੁਖ ਨਿਸ਼ਾਨਾ ਸੀ ਉਥੇ ਭਾਰਤ ਨਵਾਜ਼ ਅਕਾਲੀ ਆਗੂਆਂ ਨੂੰ ਜ਼ਲੀਲ ਤੇ ਰੁਸਵਾ ਕਰਨਾ ਵੀ ਉਸਦੇ ਪ੍ਰੋਗਰਾਮ ਵਿਚ ਸ਼ਾਮਲ ਸੀ, ਕਿਉਂਕਿ ਉਹਨਾਂ ਵਲੋਂ ਇਸਤਰਾਂ ਕਰਨ ਨਾਲ ਸਿਖ ਇਤਿਹਾਸ ਦੀ ਰੋਸ਼ਨ ਤੇ ਬਲਵਾਨ ਪੱਖਾਂ ਨਾਲ ਉਜਾਗਰ ਤਸਵੀਰ ਨੂੰ ਸਤੇ ਸਿਧ ਰੂਪ 'ਚ ਹੀ ਕਿਸੇ ਹੱਦ ਤੱਕ ਆਂਚ ਆਉਂਦੀ ਸੀ, ਇਸੇ ਲਈ ਹੀ ਭਾਰਤੀ ਫੌਜ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਦੋਹਾਂ ਹੀ ਪ੍ਰਧਾਨਾਂ ਨੂੰ ਗੁਰੂ ਰਾਮਦਾਸ ਸਰਾਂ 'ਚੋਂ ਬਾਹਰ ਕੱਢ ਕੇ ਕਿਸੇ ਮਿਥੇ ਟਿਕਾਣੇ ਉੱਪਰ ਲੈ ਜਾਣ ਸਮੇਂ ਸਰਾਂ ਅੰਦਰ ਥਾਂ ਥਾਂ ਉੱਪਰ ਰੁਲ ਰਹੀਆਂ ਬੱਚਿਆਂ, ਬੀਬੀਆਂ, ਸਿਖ ਨੌਜਵਾਨਾਂ ਤੇ ਸਿੰਘਾਂ ਦੀਆਂ ਲਾਸ਼ਾਂ ਤੋਂ ਭੇਡਾਂ ਬਕਰੀਆਂ ਦੀ ਨਿਆਈਂ ਹਿਕ ਹਿਕ ਕੇ ਅਰਥਾਤ ਅੱਗੇ ਲਾ ਕੇ ਤੇ ਟਪਾ ਟਪਾ ਕੇ ਖੜਿਆ ਸੀ। ਜਿਸ ਸਮੇਂ ਇਹ ਦੋਵੇਂ ਪ੍ਰਧਾਨ ਫੌਜ ਦੇ ਪਹਿਰੇ ਵਿਚ ਨੀਵੀਂ ਪਾਈ ਸਹਿਕਦੇ ਸਿੰਘਾਂ, ਸਿੰਘਣੀਆਂ ਤੇ ਮਾਸੂਮ ਬੱਚਿਆਂ ਦੀਆਂ ਲਾਸ਼ਾਂ ਨੂੰ ਉਲੰਘਦੇ ਤੇ ਫਲਾਂਘਦੇ ਹੋਏ ਸਰਾਂ ਤੋਂ ਬਾਹਰ ਖਲੋਤੇ ਫੌਜੀ ਟੈਂਕ ਏ. ਪੀ. ਸੀ. ਵਿਚ ਸਵਾਰ ਹੋਣ ਲਈ ਤੁਰੇ ਜਾ ਰਹੇ ਸਨ ਤਾਂ ਉਸ ਸਮੇਂ ਜ਼ਖਮੀ ਬੀਬੀਆਂ, ਭੁਝੰਗੀਆਂ ਭੁਝੰਗਣਾਂ ਤੇ ਸਿੰਘਾਂ ਦੀਆਂ ਦਰਦ ਭਿੰਨੀਆਂ ਸੇਕਦੇ ਨਜ਼ਰਾਂ ਉਹਨਾਂ

ਉੱਪਰ ਲਾਅਨਤ ਮਲਾਮਤ ਕਰਦੀਆਂ ਹੋਈਆਂ ਪ੍ਰਤੱਖ ਦਿਸ ਰਹੀਆਂ ਸਨ।

6 ਜੂਨ ਦੀ ਸ਼ਾਮ ਨੂੰ ਫੌਜ ਵਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਸ੍ਰ. ਗੁਰਚਰਨ ਸਿੰਘ ਟੌਹੜਾ ਨੂੰ ਟੈਂਕ (APCS) ਵਿਚ ਬਠਾਕੇ ਲੈ ਜਾਏ ਜਾਣ ਤੋਂ ਬਾਅਦ ਜੋ ਸਰਾਂ ਅੰਦਰ ਫੌਜ ਹੱਥੋਂ ਬਚੇ ਰਹਿ ਗਏ ਸਿੰਘ, ਸਿੰਘਣੀਆਂ ਤੇ ਬੱਚਿਆਂ ਨੂੰ ਫੌਜੀ ਕੈਂਪਾਂ ਵਿਚ ਢੋਏ ਜਾਣ ਤੇ ਉਹਨਾਂ ਨਾਲ ਕੀਤੇ ਗਏ ਸਲੂਕ ਦੀ ਦਾਸਤਾਨ ਹੈ, ਉਹ ਤਾਂ ਹੱਦ ਦਰਜੇ ਤੱਕ ਦੇ ਕਾਲੇ ਘਿਨਾਉਣ ਪੱਖਾਂ, ਵਾਕਿਆਤ ਤੇ ਕਾਰਿਆਂ ਨਾਲ ਭਰਪੂਰ ਹੈ।

ਫੌਜ ਵਲੋਂ ਗ੍ਰਿਫਤਾਰ ਕੀਤੇ ਗਏ ਇਨ੍ਹਾਂ ਸਿੰਘਾਂ ਸਿੰਘਣੀਆਂ ਜਿਨ੍ਹਾਂ ਵਿਚ ਮਾਸੂਮ ਤੇ ਛੋਟੇ ਵੱਡੇ ਬੱਚੇ ਅਤੇ ਸੇਵਾਦਾਰ, ਰਾਗੀ ਸਿੰਘ, ਗ੍ਰੰਥੀ ਸਿੰਘ ਤੇ ਯਾਤਰੂ ਵੀ ਸ਼ਾਮਲ ਸਨ, ਨੂੰ ਇਕ ਵੱਢਿਓਂ ਹੀ ਜੰਗੀ ਕੈਦੀ ਕਰਾਰ ਦਿੱਤਾ ਜਾ ਚੁੱਕਾ ਸੀ।

ਇਹ ਸਭ ਦੇ ਸਭ ਜੰਗੀ ਕੈਦੀ ਐਲਾਨੇ ਗਏ ਸਿੰਘ ਸਿੰਘਣੀਆਂ ਤੇ ਬੱਚੇ ਪਿਛਲੇ ਦੋ'ਹ ਦਿਨਾਂ ਤੋਂ ਭੁੱਖਣ-ਭਾਣੇ, ਪਿਆਸੇ ਤੇ ਨਿਢਾਲ ਹੋਏ ਪਏ ਸਨ। ਸੂਰਜ ਅਸਤਨ ਤੋਂ ਕਾਫੀ ਚਿਰ ਪਿਛੋਂ ਜੰਗੀ ਕੈਦੀ ਕਰਾਰ ਦਿੱਤੇ ਜਾ ਚੁੱਕੇ ਇਨ੍ਹਾਂ ਬੱਚਿਆਂ, ਬੁਢੇਰੀਆਂ, ਬੁਢੇਰਾਨਾਂ, ਬੀਬੀਆਂ, ਸੇਵਾਦਾਰਾਂ, ਰਾਗੀ ਸਿੰਘਾਂ, ਗ੍ਰੰਥੀ ਸਿੰਘਾਂ ਅਤੇ ਸਿਖ ਨੌਜਵਾਨਾਂ ਤੇ ਸਿੰਘਾਂ ਦੀ, ਫੌਜੀ ਕੈਂਪਾਂ ਵੱਲ ਨੂੰ ਢੋਆ ਢੁਆਈ ਸ਼ੁਰੂ ਕੀਤੀ ਗਈ।

ਸਰਾਂ ਗੁਰੂ ਰਾਮਦਾਸ ਤੋਂ ਲੈ ਕੇ ਮਿਲਟਰੀ ਛਾਉਣੀ ਤੱਕ ਦਾ ਇਹ ਸਫਰ ਦੋਜ਼ਖ ਦੀ ਅੱਗ 'ਚੋਂ ਗੁਜ਼ਰਨ ਦਾ ਸਫਰ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ, ਸ਼੍ਰੋਮਣੀ ਅਕਾਲੀ ਦਲ ਦੇ ਪਰਚਾਰ ਸਕੱਤਰ, ਅਕਾਲੀ ਜਥੇਦਾਰਾਂ ਤੇ ਵਰਕਰਾਂ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਵਾਨਾਂ ਤੇ ਅਹੁਦੇਦਾਰਾਂ ਅਤੇ ਹੋਰ ਅਨੇਕ ਸਿੰਘਾਂ ਸਿੰਘਣੀਆਂ ਨੇ ਇਸ ਛੇ ਸਤ ਮੀਲ ਦੇ ਸਫਰ ਬਾਰੇ ਆਪਣਾ ਅਨੁਭਵ ਲਗਪਗ ਇਕ ਸਮਾਨ ਰੂਪ 'ਚ ਦਸਦਿਆਂ ਹੋਇਆਂ ਕਿਹਾ ਸੀ ਕਿ ਇਹ ਸਫਰ ਕਾਹਦਾ ਸੀ? ਇਕ ਕਹਿਰ ਸੀ, ਪਰਲੋ ਸੀ ਅਤੇ ਅੱਗ ਦੇ ਭਾਂਬੜਾਂ ਨਾਲ ਘਿਰੀ ਹੋਈ ਮੌਤ ਦੀ ਸੁਰੰਗ 'ਚੋਂ ਦੀ ਤੜਫਦਿਆਂ ਤੇ ਲੁੱਛਦਿਆਂ ਹੋਇਆਂ ਲੰਘਣ ਦਾ ਇਕ ਘਿਨਾਉਣਾ ਤੇ ਕਹਿਰ ਆਲੂਦ ਤਜਰਬਾ ਸੀ।

ਬੱਸਾਂ ਵਿਚ ਤੁਸਨ ਤੋਂ ਪਹਿਲਾਂ ਬਹੁਤ ਸਾਰੇ ਨੌਜਵਾਨਾਂ ਤੇ ਕਈ ਸਿੰਘਾਂ ਦੀਆਂ ਬਾਹਾਂ ਪਿਛੇ ਬੰਨ੍ਹੀਆਂ ਗਈਆਂ ਅਤੇ ਹਰ ਬੱਸ ਵਿਚ ਭੁੱਖੇ ਪਿਆਸੇ ਤੇ ਕਈ ਜ਼ਖਮੀ ਸਿੰਘਾਂ ਨੂੰ ਤੂੜੀ ਤੇ ਘਾਅ ਫੂਸ ਦੀ ਤਰ੍ਹਾਂ ਭਰਿਆ ਗਿਆ। ਕਈਆਂ ਦੇ ਸਿਰ ਸੀਟਾਂ ਦੇ ਥੱਲੇ ਦਿੱਤੇ ਗਏ ਅਤੇ ਉਹਨਾਂ ਦੇ ਉੱਪਰ ਦੂਸਰੇ ਸਿੰਘਾਂ ਨੂੰ ਬੈਠਣ ਲਈ ਮਜਬੂਰ ਕੀਤਾ ਗਿਆ। ਇਕ ਇਕ ਬੱਸ ਵਿਚ ਸੱਠ ਸੱਠ ਤੋਂ ਉੱਤੇ ਸਿੰਘਾਂ ਨੂੰ ਤੁਸਿਆ ਤੇ ਤੂੜਿਆ ਜਾਂਦਾ ਰਿਹਾ ਅਤੇ ਉਹਨਾਂ ਨੂੰ ਬੱਸ ਵਿਚ ਚੜ੍ਹਾਉਣ ਸਮੇਂ ਉਹਨਾਂ ਦੀਆਂ ਪਿੱਠਾਂ, ਮੁਗਰਾਨਾਂ, ਸਿਰਾਂ, ਪੁੜਪੁੜੀਆਂ, ਬਾਹੀਆਂ, ਧੌਣਾਂ ਤੇ ਲੱਕ ਉੱਪਰ ਰਾਈਫਲਾਂ ਦੇ ਬੱਟ ਮਾਰੇ ਜਾਂਦੇ ਪਰ ਜਦ ਸਿੰਘ ਉਸ ਤੂੜੀ ਤੁਸੀ ਜਾ ਚੁੱਕੀ ਬੱਸ ਵਿਚ ਦਾਖਲ ਨਾ ਹੋ ਸਕਦੇ ਤਾਂ ਉਹਨਾਂ ਨੂੰ ਗੰਦੀਆਂ ਤੋਂ ਗੰਦੀਆਂ ਗਾਲ੍ਹਾਂ ਕੱਢੀਆਂ ਜਾਂਦੀਆਂ, ਠੁੱਡੇ ਮਾਰੇ ਜਾਂਦੇ ਤੇ ਬੰਦੂਕਾਂ ਦੇ ਬੱਟਾਂ ਦੀਆਂ ਹੁਝਾਂ ਤੇ ਅਸੀਆਂ, ਵੱਖੀਆਂ ਪਸਲੀਆਂ ਵਿਚ ਮਾਰੀਆਂ ਜਾਂਦੀਆਂ। ਬੱਸਾਂ ਦੀਆਂ ਸੀਟਾਂ ਥੱਲੇ ਸਿਰ ਦਈ ਮੂਧੇ ਮੂੰਹ ਪਏ ਹੋਏ ਸਿੰਘਾਂ ਦੀਆਂ ਪਿੱਠਾਂ ਉੱਪਰ ਚੜ੍ਹਕੇ ਹਿੰਦੂ ਫੌਜੀ ਉਹਨਾਂ ਨੂੰ ਹੋਰ ਅਗਾਂਹ ਹੋਣ ਲਈ ਗਾਹਲੀਆਂ ਦੇ'ਦੇ ਧਮਕੀਆਂ ਦੇ'ਦੇ, ਉਹਨਾਂ ਨੂੰ ਤਨਜ਼ ਤੇ ਚੋਭਵੀਆਂ ਗੱਲਾਂ ਕਰਦੇ ਅਤੇ ਭਿੰਡਰਾਂਵਾਲੇ ਸੰਤਾਂ ਬਾਰੇ ਜੋ ਵੀ ਮੂੰਹ 'ਚ ਆਉਂਦਾ ਕਹਿੰਦੇ, 'ਭਿੰਡਰਾਂਵਾਲਾ, ਭਿੰਡਰਾਂਵਾਲਾ ਕੀ ਧੂਮ



ਮਚਾ ਰੱਖੀ ਥੀ, ਸਾਲੇ ਮਾਰਸ਼ਲ ਰੇਸ ਕੇ।'

ਬਹੁਤ ਸਾਰੇ ਸਿੰਘਾਂ ਦੇ ਕਪੜੇ ਖੂਨ ਨਾਲ ਲੱਥ-ਪੱਥ ਹੋਏ ਹੋਏ ਸਨ। ਬਹੁਤਿਆਂ ਦੇ ਸਿਰ ਉੱਪਰ ਨਾ ਦਸਤਾਰ ਤੇ ਨਾ ਹੀ ਪੈਰੀਂ ਜੁੱਤੀ ਸੀ, ਗਲੀਂ ਪਏ ਹੋਏ ਕਪੜੇ ਵੀ ਮੁੜ੍ਹਕੇ ਨਾਲ ਗੜੁੱਚ ਹੋਣ ਕਰਕੇ ਇਸ ਭੀੜ ਭੜੱਕੇ ਦੀ ਖਹਿ ਬਹਿ ਵਿਚ ਪਾਟਦੇ ਜਾ ਰਹੇ ਸਨ। ਕੁਝ ਸਿੰਘਾਂ ਨੂੰ ਤਾਂ ਬੱਸਾਂ ਵਿਚ ਲਹੂ ਦੀਆਂ ਉਲਟੀਆਂ ਆਈਆਂ ਤੇ ਕੁਝ ਮਿਲਟਰੀ ਛਾਉਣੀ ਤੱਕ ਜਾਂਦੇ ਜਾਂਦੇ ਬੱਸਾਂ ਵਿਚ ਹੀ ਰੱਬ ਨੂੰ ਪਿਆਰੇ ਹੋ ਗਏ। ਗਰਮੀ, ਹੁਮਸ, ਭੁੱਖ, ਤ੍ਰੇਹ ਤੇ ਅੱਗ ਭਰੇ ਹੋਏ ਮਾਹੌਲ ਦੇ ਕਾਰਨ ਲਗਪਗ ਸਭ ਦੇ ਸਾਹ ਸੁੱਕੇ ਹੋਏ ਸਨ ਤੇ ਕੁਝ ਸਿੰਘਾਂ ਦੀਆਂ ਜ਼ਬਾਨਾਂ ਬਾਹਰ ਨਿਕਲੀਆਂ ਹੋਈਆਂ ਸਨ ਅਤੇ ਅੱਖਾਂ ਬਾਹਰ ਨੂੰ ਆ ਰਹੀਆਂ ਸਨ। ਜ਼ਖਮੀ ਸਿੰਘਾਂ ਦੀ ਤਾਂ ਹੋਰ ਵੀ ਬੁਰੀ ਹਾਲਤ ਸੀ।

ਜ਼ਿੰਦਗੀ ਤੇ ਮੌਤ ਦੇ ਦਰਮਿਆਨ ਲਟਕਦੇ ਹੋਏ ਇਸ ਕਾਫਲੇ ਦੀ, ਮੌਤ ਦੇ ਹੁਝਕਿਆਂ ਹਚਕੋਲਿਆਂ ਤੇ ਧੱਕਿਆਂ ਥਪੇੜਿਆਂ ਵਿਚ ਗੁਰੂ ਰਾਮਦਾਸ ਸਰਾਂ 'ਚੋਂ ਰਾਤ ਭਰ ਢੋਆ ਢੁਆਈ ਜਾਰੀ ਰਹੀ।

ਬੱਸਾਂ ਦੇ ਛਾਉਣੀ ਪਹੁੰਚਣ ਸਮੇਂ ਜਦ ਸਿੰਘਾਂ ਨੂੰ ਬੱਸਾਂ ਤੋਂ ਥੱਲੇ ਉਤਰਨ ਦਾ ਹੁਕਮ ਮਿਲਦਾ ਤਾਂ ਉਸ ਸਮੇਂ ਕਈਆਂ ਤੋਂ ਉਠਿਆ ਤੱਕ ਨਹੀਂ ਸੀ ਜਾ ਰਿਹਾ ਤੇ ਬਹੁਤਿਆਂ ਤੋਂ ਬੱਸਾਂ 'ਚੋਂ ਥੱਲੇ ਉਤਰਨ ਪਿਛੋਂ ਚੰਗੀ ਤਰ੍ਹਾਂ ਨਾਲ ਨਾ ਪੈਰਾਂ ਭਾਰ ਖਲੋਤਾ ਜਾ ਰਿਹਾ ਸੀ ਤੇ ਨਾ ਹੀ ਤੁਰਿਆ ਜਾ ਰਿਹਾ ਸੀ। ਜ਼ਖਮੀ ਸਿੰਘ ਤਾਂ ਬਿਲਕੁਲ ਹੀ ਨਿਢਾਲ ਤੇ ਬੇਬਸ ਸਨ। ਮੂੰਹਾਂ ਤੇ ਪਲਿੱਤਣ ਛਾਈ ਹੋਈ ਤੇ ਵਾਲ ਖਿਲਰੇ ਹੋਏ ਸਨ। ਕਈਆਂ ਦੇ ਕਪੜੇ ਦਸਤਾਰਾਂ ਨਾਦਾਰਦ ਸਨ, ਸਿਰਫ ਕਛਹਿਰੇ ਹੀ ਤੇੜ ਸਨ ਤੇ ਕਮੀਜ਼ ਪਾਟੇ ਹੋਏ, ਬਿਲਕੁਲ ਚੀਥੜਿਆਂ ਦੀ ਤਰ੍ਹਾਂ।

ਜਿਹੜੇ ਸਿੰਘ ਬਿਲਕੁਲ ਹੀ ਤੁਰਨ ਫਿਰਨ ਤੋਂ ਅਸਮਰਥ ਹੁੰਦੇ ਤੇ ਬਦਕਿਸਮਤੀ ਨੂੰ ਹਿੰਮਤ ਤੇ ਹੌਂਸਲਾ ਹਾਰ ਕੇ ਬੈਠ ਜਾਂਦੇ, ਉਹਨਾਂ ਨੂੰ ਮਕਰੋ ਸਮਝ ਕੇ ਕੇਸਾਂ ਤੋਂ ਫੜ ਘਸੀਟਿਆ ਜਾਂਦਾ। ਉਹਨਾਂ ਦੇ ਦਾਹੜੇ ਕੇਸ ਮਿੱਟੀ ਘੱਟੇ ਨਾਲ ਲਿਬੜ ਜਾਂਦੇ ਤੇ ਸਰੀਰ ਵਿਚ ਰਹਿੰਦਾ ਸਾਹ-ਸਤ ਵੀ ਗਵਾਚ ਜਾਂਦਾ।

ਇਸੇ ਤਰ੍ਹਾਂ ਬੱਸਾਂ ਵਿਚ ਪਿੱਛੇ ਹੱਥ ਬੰਨ੍ਹ ਕੇ ਤੂੰਨੇ-ਤੁਸੇ ਤੇ ਸੁੱਟੇ ਹੋਏ ਸਿੰਘਾਂ ਨੂੰ ਖਤਰਨਾਕ ਕਿਸਮ ਦੇ ਅੱਤਵਾਦੀ ਸਮਝਦਿਆਂ ਹੋਇਆਂ ਬੱਸਾਂ 'ਚੋਂ ਥੱਲੇ ਲਾਹੁਣ ਸਮੇਂ ਧੂਹ ਧੂਹ, ਘਸੀਟ ਘਸੀਟ ਤੇ ਵਾਲਾਂ ਤੋਂ ਫੜ ਫੜ ਕੇ ਭੁੰਜੇ ਸੁਟਦਿਆਂ ਹੋਇਆਂ ਉਹਨਾਂ ਨੂੰ ਪਟਕਾ ਪਟਕਾ ਕੇ ਜ਼ਮੀਨ ਉੱਪਰ ਮਾਰਿਆ ਜਾਂਦਾ ਅਤੇ ਇਸਦੇ ਨਾਲ ਹੀ ਜ਼ਬਰਦਸਤ ਕਟਾਕਸ਼ ਕਰਦਿਆਂ ਹੋਇਆਂ ਕਿਹਾ ਜਾਂਦਾ, 'ਕਹਿਤੇ ਥੇ ਸਿਖ ਬੜੇ ਬਹਾਦਰ ਹੈਂ। ਸਾਲੇ ਬਹਾਦਰੀ ਕੇ, ਮਾਰਸ਼ਲ ਕੌਮ, ਮਾਰਸ਼ਲ ਕੌਮ ਲਗਾ ਰੱਖੀ ਥੀ। ਅਬ ਕਹਾਂ ਗਈ ਹੈ ਤੁਮਹਾਰੀ ਬਹਾਦਰੀ, ਜ਼ਰਾ ਹਮੇਂ ਭੀ ਦਿਖਾਓ।'

ਬੀਬੀਆਂ ਨੂੰ ਭਾਵੇਂ ਵੱਖਰੀਆਂ ਬੱਸਾਂ ਵਿਚ ਢੋਇਆ ਗਿਆ ਸੀ ਪਰ ਦਸ਼ਾ ਉਹਨਾਂ ਦੀ ਵੀ ਅਤਿ ਦਰਦਨਾਕ ਤੇ ਭਿਆਨਕ ਸੀ। ਇਨ੍ਹਾਂ ਬੀਬੀਆਂ ਵਿਚ ਉਹ ਬੀਬੀਆਂ ਵੀ ਮੌਜੂਦ ਸਨ ਜਿਨ੍ਹਾਂ ਦੇ ਸਿਰ-ਧੜ ਮਾਸੂਮ ਬੱਚੇ ਹਿੰਦੂ ਫੌਜੀਆਂ ਦੀਆਂ ਗੰਨਾਂ ਅਤੇ ਬਾਰੂਦੀ ਅੱਗ ਨੇ ਸਰਾਂ ਵਿਚ ਹੀ ਖਾ ਲਏ ਸਨ, ਸੁਹਾਗ ਲੁੱਟ ਲਏ ਸਨ ਅਤੇ ਪੁਤਰਾਂ ਦੀ ਰੌਸ਼ਨੀ ਮੌਤ ਦੇ ਹਨੇਰੇ ਮੂੰਹ ਦਾ ਨਵਾਲਾ ਅਰਥਾਤ ਲੁਕਮਾ ਬਣਾ ਦਿੱਤੀ ਗਈ ਸੀ।

ਜਦੋਂ ਸਿੰਘਾਂ ਨੂੰ ਮਿਲਟਰੀ ਛਾਉਣੀ ਦੇ ਇਹਾਤੇ 'ਚੋਂ ਵੱਖ ਵੱਖ ਬੈਰਕਾਂ ਵੱਲ ਹਿੱਕ ਕੇ ਲੈਜਾਇਆ

ਗਿਆ ਤਾਂ ਉਹਨਾਂ ਨੂੰ ਉੱਥੇ ਵੀ ਛੋਟੇ ਛੋਟੇ ਕਮਰਿਆਂ ਵਿਚ ਤੂਸ ਦਿੱਤਾ ਗਿਆ। ਜਿਨ੍ਹਾਂ ਕਮਰਿਆਂ ਅੰਦਰ ਸਿਰਫ ਪੰਜੀ ਤੀਹ ਸਿੱਖਾਂ ਦੇ ਮਸਾਂ ਬੈਠਣ ਲਈ ਹੀ ਥਾਂ ਹੁੰਦੀ ਸੀ ਉਹਨਾਂ ਕਮਰਿਆਂ ਵਿਚ ਸੱਠ ਸੱਠ ਤੇ ਸੱਤਰ ਸੱਤਰ ਸਿੱਖਾਂ ਨੂੰ ਭਰਿਆ ਤੂਸਿਆ ਗਿਆ।

ਮਿਲਟਰੀ ਛਾਉਣੀ ਦੇ ਇਸ ਫੌਜੀ ਕੈਂਪ ਵਿਚਲੇ ਸਭ ਕਮਰਿਆਂ ਵਿਚ ਹੀ ਕੋਈ ਜ਼ਹਿਰੀਲੀ ਖੁਸ਼ਕ ਦਵਾਈ ਧੂੜੀ ਹੋਈ ਸੀ ਜਿਸਦੀ ਹਵਾੜ ਗਲੇ ਨੱਕ ਤੇ ਅੱਖਾਂ ਉੱਪਰ ਬੜਾ ਹੀ ਤਿੱਖਾ ਤੇ ਦਮ ਘੁਟਵਾਂ ਅਸਰ ਕਰ ਰਹੀ ਸੀ ਅਤੇ ਸਿੱਖਾਂ ਨੂੰ ਬੇਹੋਸ਼ੀ ਦੇ ਆਲਮ ਵੱਲ ਧੱਕਦੀ ਤੁਰੀ ਜਾ ਰਹੀ ਸੀ।

ਸਿੱਖਾਂ ਨੂੰ ਕਮਰਿਆਂ ਵਿਚ ਤਾੜਨ ਦੇ ਨਾਲ ਹੀ ਬੂਹੇ ਬਾਰੀਆਂ ਬੰਦ ਕਰਕੇ ਬਾਹਰ ਦਰਵਾਜ਼ਿਆਂ ਨੂੰ ਜੰਦਰੇ ਲਗਾ ਦਿੱਤੇ ਜਾਂਦੇ ਸਨ ਜਿਸ ਕਰਕੇ ਕਮਰਿਆਂ ਦੇ ਅੰਦਰ ਹਾਹਾਕਾਰ ਮਚਣੀ ਇਕ ਕੁਦਰਤੀ ਗੱਲ ਸੀ। ਅੰਤਾਂ ਦੀ ਗਰਮੀ ਤੇ ਕਹਿਰਾਂ ਦੇ ਹੁੰਮਸ ਕਾਰਨ ਅਤੇ ਉਸ ਜ਼ਹਿਰੀਲੀ ਦਵਾਈ ਦੇ ਪ੍ਰਭਾਵ ਕਾਰਨ ਹਰ ਇਕ ਸਿੱਖ ਮੌਤ ਨੂੰ ਆਪਣੀ ਵਲ ਮੂੰਹ ਅੱਡੀ ਵਧਦਿਆਂ ਹੋਇਆ ਪ੍ਰਤੱਖ ਵੇਖ ਰਿਹਾ ਸੀ ਪਰ ਇਸ ਸਥਿਤੀ ਵਿਚ ਕਿਸੇ ਦਾ ਕੁਝ ਵੀ ਵੱਸ ਨਹੀਂ ਸੀ ਚਲ ਰਿਹਾ। ਉੱਥੇ ਕੋਈ ਕਿਸੇ ਦੀ ਵਾਤ ਪੁੱਛਣ ਵਾਲਾ ਨਹੀਂ ਸੀ ਜਿਸ ਕਰਕੇ ਸਭ ਮਜਬੂਰ ਲਾਚਾਰ, ਬੇਬਸ ਤੇ ਨਿਢਾਲ ਸਨ। ਪਰ ਇਸ ਸਭ ਕੁਝ ਦੇ ਬਾਵਜੂਦ ਸਿੱਖ ਬੇਹੋਸ਼ੀ ਦੀ ਹਾਲਤ ਵਿਚ ਇਕ ਦੂਸਰੇ ਉੱਪਰ ਡਿਗਦੇ ਤੇ ਢਹਿੰਦੇ ਹੋਏ ਵੀ ਕਿਸੇ ਨਾ ਕਿਸੇ ਢੰਗ ਨਾਲ ਥੁਹੜੀ ਬਹੁਤ ਰਾਹਤ ਲੱਭਣ ਲਈ ਹੱਥ ਪੈਰ ਮਾਰ ਰਹੇ ਸਨ।

ਕੁਝ ਸਿੱਖਾਂ ਨੇ ਹਿੰਮਤ ਕਰਕੇ ਰੋਸ਼ਨਦਾਨਾਂ ਨੂੰ ਤੋੜਨ ਤੇ ਖੋਹਲਣ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਦੀ ਇਹ ਕੋਸ਼ਸ਼ ਪਰਵਾਨ ਨਾ ਚੜ੍ਹ ਸਕੀ ਕਿਉਂਕਿ ਜਦੋਂ ਹੀ ਕੋਈ ਸਿੱਖ ਦੂਸਰੇ ਸਿੱਖਾਂ ਦੇ ਸਹਾਰੇ ਰੋਸ਼ਨਦਾਨ ਨੂੰ ਹੱਥ ਪਾਉਂਦਾ ਤਾਂ ਉਸ ਸਮੇਂ ਬਾਹਰੋਂ ਮਿਲਟਰੀ ਵਾਲੇ ਰੋਸ਼ਨਦਾਨਾਂ ਵਲ ਸਟੇਨ ਗੰਨਾਂ 'ਚੋਂ ਗੋਲੀਆਂ ਦੀ ਤਾਬੜ ਤੋੜ ਰੂਪ 'ਚ ਬੁਛਾੜ ਵਰ੍ਹਾ ਦੇਂਦੇ।

ਇਸ ਦਮ ਘੁਟਵੇਂ ਤੇ ਅੰਗਿਆਰਾਂ ਵਾਂਗ ਭਖੇ ਹੋਏ ਅਤੇ ਮੌਤ ਦਾ ਸੁਨੇਹਾ ਦੇ ਰਹੇ ਮਾਹੌਲ ਵਿਚ ਸਿੱਖ ਥਾਉਂ ਥਾਈਂ ਤੜਪ ਰਹੇ ਸਨ। ਲਗਪਗ ਹਰ ਇਕ ਨੂੰ ਇਸਤਰਾਂ ਭਾਸ ਰਿਹਾ ਸੀ ਕਿ ਜਿਵੇਂ ਇਹ ਉਸਦੇ ਜੀਵਨ ਦੀਆਂ ਆਖਰੀ ਘੜੀਆਂ ਹੁੰਦੀਆਂ ਹਨ।

ਫੌਜ ਵਲੋਂ ਗੁੱਝੀਆਂ ਜਾਂ ਜ਼ਾਹਰਾ ਸੱਟਾਂ ਮਾਰਨ ਦੇ ਕਾਰਨ ਡਿੱਗੇ ਪਏ ਸਿੱਖਾਂ ਦੀ ਹਾਲਤ ਤਾਂ ਹੋਰ ਵੀ ਮਾੜੀ ਸੀ ਅਤੇ ਬਹੁਤ ਸਾਰਿਆਂ ਨੇ ਇਸ ਹਾਲਤ ਨਾਲ ਆਖਰੀ ਦਮ ਤੱਕ ਮੁਕਾਬਲਾ ਕਰਦਿਆਂ ਹੋਇਆਂ ਦਮ ਤੋੜ ਦਿੱਤਾ ਸੀ। ਜਿਨ੍ਹਾਂ ਸਿੱਖਾਂ ਨੂੰ ੬ ਜੂਨ ਤੋਂ ੪ ਜੂਨ ਦੇ ਦੌਰਾਨ ਫੌਜੀ ਕੈਂਪਾਂ ਵਿਚ ਲਿਆਂਦਾ ਗਿਆ ਸੀ ਉਹਨਾ 'ਚੋਂ ਕਾਫੀ ਸਿੱਖ ਸ਼ਹੀਦ ਗਤੀ ਪਾ ਗਏ ਸਨ।

ਜੂਨ ਮਹੀਨੇ ਦੀ ਇਸ ਸਿਖਰ ਗਰਮੀ ਦੀ ਰੁੱਤੇ ਵੀ ਫੌਜੀ ਕੈਂਪ ਵਿਚ ਸਿੱਖਾਂ ਦੇ ਇਸ਼ਨਾਨ-ਪਾਣੀ ਅਰਥਾਤ ਨਹਾਉਣ ਧੋਣ ਦਾ ਕੋਈ ਪ੍ਰਬੰਧ ਨਹੀਂ ਸੀ, ਜੰਗਲ-ਪਾਣੀ ਜਾਣ ਸਮੇਂ ਦੀ ਦਸ਼ਾ ਤਾਂ ਬਿਲਕੁਲ ਨਰਕ ਸਮਾਨ ਸੀ ਕਿਉਂਕਿ ਨਾ ਤਾਂ ਕਿਸੇ ਯੋਗ ਥਾਂ ਦਾ ਹੀ ਪ੍ਰਬੰਧ ਸੀ ਤੇ ਨਾ ਹੀ ਪਾਣੀ ਦਾ। ਇੱਥੋਂ ਤੱਕ ਪਿਸ਼ਾਬ ਕਰਨ ਲਈ ਵੀ ਕਿਸੇ ਮੁਨਾਸਬ ਥਾਂ ਦਾ ਪ੍ਰਬੰਧ ਨਹੀਂ ਸੀ ਕੀਤਾ ਹੋਇਆ। ਸਿੱਖਾਂ ਨੂੰ ਜਾਣ ਬੁੱਝ ਕੇ ਗੰਦ ਵਿਚ ਪਲਚਾਇਆ ਤੇ ਸੁੱਟਿਆ ਜਾ ਰਿਹਾ ਸੀ। ਹੋਰ ਤਾਂ ਹੋਰ ਉਹਨਾਂ ਨੂੰ ਗੰਦੇ ਹੱਥ ਸਾਫ ਕਰਨ ਲਈ ਵੀ ਕੋਈ ਮੌਕਾ, ਸਾਧਨ ਤੇ ਸਹੂਲਤਾਂ ਪ੍ਰਾਪਤ ਨਹੀਂ ਸੀ।

ਇਸ ਅਣ-ਮਨੁੱਖੀ ਤੇ ਭਿਆਨਕ ਸਥਿਤੀ ਵਿਚ, ਜੋ ਫੌਜੀ ਪ੍ਰਬੰਧਕਾਂ ਨੇ ਜਾਣ ਬੁਝ ਕੇ ਪੈਦਾ ਕਰ ਰੱਖੀ ਸੀ, ਕਮਰਿਆਂ ਅੰਦਰ ਪੱਖੇ ਲਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ ਕਿਉਂਕਿ ਉਹ



ਤਾਂ ਸਿੱਖਾਂ ਦੇ ਸਿਰਾਂ ਉੱਪਰ ਜਬਰ ਜ਼ੁਲਮ ਦੀਆਂ ਹਵਾਵਾਂ ਤੇ ਕਹਿਰ ਦੇ ਝੱਖੜ ਝੁਲਾਉਣ ਦਾ ਫੈਸਲਾ ਕਰੀ ਬੈਠੇ ਤੇ ਇਰਾਦਾ ਧਾਰੀ ਬੈਠੇ ਸਨ। ਪਰ ਇਸ ਸਭ ਕੁਝ ਦੇ ਬਾਵਜੂਦ ਆਮ ਸਿੱਖਾਂ ਤੇ ਸਿੱਖ ਨੌਜਵਾਨਾਂ ਦੇ ਮਨਾਂ ਅੰਦਰ ਜੋ ਅਣਖ ਤੇ ਗੈਰਤ ਦੀ ਚੰਗਿਆੜੀ ਸੀ ਉਹ ਅਜੇ ਵੀ ਦਗ ਦਗ ਕਰ ਰਹੀ ਸੀ, ਜਿਸ ਕਰਕੇ ਉਹ ਜਬਰ ਦੇ ਪੁੜਾਂ ਵਿਚ ਪਿਸਦੇ, ਦੁਖਾਂ ਕਸ਼ਟਾਂ ਤੇ ਤਸੀਹਾਂ ਦੀ ਮਾਰ ਝੱਲਦੇ ਹੋਏ ਵੀ ਹਿੰਦੂ ਫੌਜੀਆਂ ਅੱਗੇ ਨਾ ਝੁਕਦੇ ਸਨ ਤੇ ਨਾ ਹੀ ਉਹਨਾਂ ਸਾਹਮਣੇ ਆਪਣੇ ਸਾਹਾਂ ਨੂੰ ਬਚਾਉਣ ਤੇ ਰੱਖਿਆਂ ਕਰਨ ਦੀ ਖਾਤਰ ਕਿਸੇ ਪਰਕਾਰ ਦੀ ਕਮਜ਼ੋਰੀ ਹੀ ਵਿਖਾਉਂਦੇ ਸਨ। ਉਹ ਲੜਦੇ ਤੇ ਤੜਪਦੇ ਹੋਏ ਵੀ ਅਤੇ ਭਾਰੀ ਕਸ਼ਟ ਤੇ ਮੁਸੀਬਤ ਦਾ ਸ਼ਿਕਾਰ ਹੁੰਦੇ ਹੋਏ ਵੀ ਹਿੰਦੂ ਫੌਜੀਆਂ ਪਾਸੋਂ ਜ਼ਿੰਦਗੀ ਦੀ ਭੀਖ ਨਹੀਂ ਸਨ ਮੰਗਦੇ ਤੇ ਨਾ ਹੀ ਉਹਨਾਂ ਅੱਗੇ ਕਿਸੇ ਗੱਲ ਦੀ ਪੂਰਤੀ ਪ੍ਰਾਪਤੀ ਲਈ ਤਰਲਾ ਹਾੜ੍ਹਾ ਹੀ ਲੈਂਦੇ ਸਨ। ਇਨਸਾਨ ਹੋਣ ਦੇ ਨਾਤੇ ਹਰ ਦੁੱਖ ਦਰਦ ਤਸੀਹੇ ਤੇ ਪੀੜਾਂ ਚੀਸਾਂ ਦੇ ਤੜਫਾਉਣ ਵਾਲੇ ਭਿਆਨਕ ਤੇ ਘਿਨਾਉਣੇ ਅਸਰਾਂ ਨੂੰ ਕਬੂਲ ਕਰਦੇ ਹੋਏ ਵੀ ਆਪਣੀ ਆਨ ਅਣਖ ਵਿਚ ਮਨੋਂ ਚਿੱਤੋਂ ਕਾਇਮ ਸਨ।

ਇਸ ਸਾਰੇ ਪ੍ਰਸੰਗ ਵਿਚ ਜੋ ਇੱਥੇ ਇਕ ਹੋਰ ਵਰਨਣ ਯੋਗ ਗੱਲ ਹੈ ਉਹ ਇਹ ਹੈ ਕਿ ਇਸ ਫੌਜੀ ਕੈਂਪ ਅੰਦਰ ਲਿਆਂਦੇ ਜਾਣ ਵਾਲੇ ਹਰ ਸਿੱਖ ਨੂੰ ਲਗਪਗ ਇਕ ਸਮਾਨ ਰੂਪ 'ਚ ਹੀ ਜਬਰ ਦੀ ਚੱਕੀ ਤੇ ਜ਼ੁਲਮ ਦੇ ਆਰੇ 'ਚੋਂ ਦੀ ਲੰਘਣਾ ਪੈ ਰਿਹਾ ਸੀ ਕਿਉਂਕਿ ਫੌਜ ਵਲੋਂ ਹਰਾਸਤ ਵਿਚ ਲਏ ਗਏ ਸਭ ਛੋਟੇ ਵੱਡਿਆਂ ਨੂੰ ਜੰਗੀ ਕੈਦੀ ਐਲਾਨਿਆਂ ਤੇ ਗਰਦਾਨਿਆਂ ਜਾ ਚੁੱਕਾ ਸੀ ਪਰ ਭਾਰਤ ਸਰਕਾਰ ਦੇ ਸੀ. ਬੀ. ਆਈ. ਅਰਥਾਤ ਇੰਟੈਲੀਜੈਂਸ ਵਿਭਾਗ ਵਲੋਂ ਇਨ੍ਹਾਂ ਸਭ ਜੰਗੀ ਕੈਦੀਆਂ ਦੀ ਕੀਤੀ ਜਾਣ ਵਾਲੀ ਪੁਣਛਾਣ ਤੇ ਪੁੱਛ ਪੜਤਾਲ ਦੇ ਦੌਰਾਨ ਜਿਸ ਕਮਜ਼ੋਰ ਤੇ ਘਟੀਆ ਮਾਨਸਿਕ ਦਸ਼ਾ ਦਾ ਪਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਇਕ ਜ਼ੁਮੇਵਾਰ ਜਥੇਦਾਰ ਤੇ ਅਹੁਦੇਦਾਰ ਕਰ ਰਹੇ ਸਨ ਉਸ ਤੋਂ ਇਹ ਗੱਲ ਸਪਸ਼ਟ ਹੋ ਰਹੀ ਸੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਵਿਚ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਸਿਰ ਦੇਣ ਦੇ ਨਿਸ਼ਾਨੇ ਨਾਲ ਸ਼ਾਮਲ ਨਹੀਂ ਸਨ ਹੋਏ, ਸਗੋਂ ਗਰਜ਼ਾਂ ਦੇ ਬੱਧੇ ਤੇ ਮਾਰੇ ਹੋਏ ਹੋਣ ਕਰਕੇ ਜਾਤੀ ਹਿਤਾਂ ਸਵਾਰਥਾਂ ਦੀ ਪੂਰਤੀ ਅਤੇ ਪਰਾਪਤੀ ਦੇ ਮਨੋਰਥ ਨਾਲ ਸ਼ਾਮਲ ਹੋਏ ਹੋਏ ਸਨ।

ਜੋ ਕੁਝ ਹੋਣਾ ਸੀ, ਵਾਪਰਨਾ ਸੀ ਉਹ ਤਾਂ ਵਾਪਰ ਚੁੱਕਾ ਸੀ ਪਰ ਇਸਦੇ ਬਾਵਜੂਦ ਜਦ ਅਕਾਲੀ ਜਥੇਦਾਰਾਂ ਤੇ ਪਾਰਟੀ ਦੇ ਜ਼ੁਮੇਵਾਰ ਕਰਮਚਾਰੀਆਂ ਤੇ ਅਹੁਦੇਦਾਰਾਂ ਆਦਿ ਵਿਅਕਤੀਆਂ ਨੂੰ ਸੀ. ਬੀ. ਆਈ. ਤੇ ਫੌਜ ਦੇ ਅਫਸਰਾਂ ਸਾਹਮਣੇ ਪੇਸ਼ ਕੀਤਾ ਜਾਂਦਾ ਤਾਂ ਉਸ ਸਮੇਂ ਉਹਨਾਂ 'ਚੋਂ ਬਹੁਤੇ ਕੰਬ ਰਹੇ ਹੁੰਦੇ ਤੇ ਸਵਾਲਾਂ ਦਾ ਜਵਾਬ ਦੇਣ ਸਮੇਂ ਉਹਨਾਂ ਦੀ ਜ਼ਬਾਨ ਨੂੰ ਤੰਦੂਏ ਪੈ ਪੈ ਜਾਂਦੇ ਤੇ ਉਹ ਥਿੜਕ ਰਹੀ ਹੁੰਦੀ ਅਤੇ ਤਾਲੂ ਖੁਸ਼ਕ ਹੋ ਰਿਹਾ ਹੁੰਦਾ।

ਇਨ੍ਹਾਂ ਕੁਝ ਇਕ ਵਿਅਕਤੀਆਂ ਨੂੰ ਉਹਨਾਂ ਸੀ ਬੀ. ਆਈ. ਤੇ ਫੌਜੀ ਅਧਿਕਾਰੀਆਂ ਸਾਹਮਣੇ ਆਪਣੇ ਬਾਰੇ ਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਨੀਫੈਸਟੋ ਤੇ ਪ੍ਰੋਗਰਾਮ ਬਾਰੇ ਸਪਸ਼ਟੀਕਰਨ ਦੇਣ ਸਮੇਂ ਇਸ ਗੱਲ ਦਾ ਉੱਕਾ ਹੀ ਅਹਿਸਾਸ ਨਹੀਂ ਸੀ ਹੁੰਦਾ ਕਿ ਆਖਰਕਾਰ ਉਹਨਾਂ ਉੱਪਰ ਖਾਲਸਾ ਪੰਥ ਦੇ ਬੜੇ ਅਹਿਸਾਨ ਹਨ। ਇਨ੍ਹਾਂ ਵਿਅਕਤੀਆਂ ਨੂੰ ਜ਼ਮੀਰ ਤੇ ਆਤਮਾ ਪੱਖੋਂ ਵੀ ਇਸ ਗੱਲ ਦਾ ਖਿਆਲ ਤੇ ਅਹਿਸਾਸ ਨਾ ਹੁੰਦਾ ਕਿ ਭਾਰਤ ਸਰਕਾਰ, ਹਿੰਦੂ ਸਾਮਰਾਜ ਤੇ ਉਸਦੀ ਫੌਜ ਨੇ ਖਾਲਸਾ ਪੰਥ ਨਾਲ ਭਾਣਾ ਕੀ ਵਰਤਾਇਆ ਹੈ?

ਇਨ੍ਹਾਂ ਜਥੇਦਾਰਾਂ ਤੇ ਅਹੁਦੇਦਾਰਾਂ ਦਾ ਫੌਜੀ ਅਧਿਕਾਰੀਆਂ ਤੇ ਸੀ. ਬੀ. ਆਈ. ਵਿਭਾਗ ਦੇ

ਅਫਸਰਾਂ ਸਾਹਮਣੇ ਲਗਪਗ ਰਲਦਾ ਮਿਲਦਾ ਜਿਹਾ ਇਹੋ ਹੀ ਉੱਤਰ ਹੁੰਦਾ ਸੀ ਕਿ 'ਅਸੀਂ ਤਾਂ ਸ਼ਾਂਤੀ ਤੇ ਅਹਿੰਸਾ ਦੀ ਅਲੰਬਰਦਾਰ ਸ਼੍ਰੋਮਣੀ ਅਕਾਲੀ ਦਲ ਦੇ ਸੇਵਾਦਾਰ ਤੇ ਵਰਕਰ ਅਰਥਾਤ ਮੈਂਬਰ ਹਾਂ। ਸ਼੍ਰੋਮਣੀ ਅਕਾਲੀ ਦਲ ਦਾ ਪ੍ਰੋਗਰਾਮ ਬਿਲਕੁਲ ਸ਼ਾਂਤਮਈ ਦਾ ਪ੍ਰੋਗਰਾਮ ਹੈ, ਐਨ ਮਹਾਤਮਾ ਗਾਂਧੀ ਦੀ ਤਰਜ ਦਾ, ਜਥਾ ਭਿੰਡਰਾਂਵਾਲਿਆਂ ਨਾਲ ਸਾਡਾ ਦੂਰ ਦਾ ਵੀ ਕੋਈ ਵਾਸਤਾ ਨਹੀਂ ਕਿਉਂਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਹਥਿਆਰਾਂ ਦੀ ਸ਼ਕਤੀ ਤੇ ਹਥਿਆਰਬੰਦ ਘੋਲ ਵਿਚ ਵਿਸ਼ਵਾਸ ਰਖਦੇ ਸਨ ਜਦੋਂ ਕਿ ਸਾਡੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਜਥੇਦਾਰ ਵਰਕਰ ਤੇ ਮੈਂਬਰ ਸਭ ਦੇ ਸਭ ਅਹਿੰਸਾ ਪਰਮੋ-ਧਰਮਾ ਦੇ ਮਨੋ ਤਨੋ ਪੱਕੇ ਪ੍ਰਸਤਾਰ ਹਨ। ਸਾਡਾ ਖਾਲਸਾ ਰਾਜ ਅਰਥਾਤ ਖਾਲਿਸਤਾਨ ਦਾ ਨਾਅਰਾ ਲਾਉਣ ਵਾਲਿਆਂ ਨਾਲ ਵੀ ਕੋਈ ਨੇੜ ਦੇ ਸਬੰਧ ਨਹੀਂ ਸਗੋਂ ਅਸੀਂ ਤਾਂ ਉਹਨਾ ਦੇ ਕੱਟੜ ਵਿਰੋਧੀ ਹਾਂ, ਸਾਡੇ ਪਾਰਟੀ ਸੰਵਿਧਾਨ ਤੇ ਮੈਨੀਫੈਸਟੋ ਵਿਚ ਭਾਰਤ ਦੀ ਏਕਤਾ ਤੇ ਮਜ਼ਬੂਤੀ ਨੂੰ ਅਰਥਾਤ ਯਕਜਹਿਤੀ ਨੂੰ ਮੁਖ ਤੇ ਬੁਨਿਆਦੀ ਅਸੂਲ ਵਜੋਂ ਸਵੀਕਾਰਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਤਾ ਅਜ ਤੱਕ ਹਮੇਸ਼ਾਂ ਹੀ ਭਾਰਤ ਦੀ ਅਖੰਡਤਾ ਤੇ ਇਸਦੀ ਰਾਖੀ ਲਈ ਵਚਨਬਧ ਰਿਹਾ ਹੈ ਅਤੇ ਇਸ ਮੰਤਵ ਦੀ ਪੂਰਤੀ ਲਈ ਘੋਲ ਕਰਦਾ ਰਿਹਾ ਹੈ। ਪਾਕਿਸਤਾਨ ਨਾਲ ਹੋਈਆਂ ਜੰਗਾਂ ਦੇ ਦੌਰਾਨ ਜਿਸ ਈਮਾਨਦਾਰੀ, ਸੰਜੀਦਗੀ ਤੇ ਦ੍ਰਿੜਤਾ ਨਾਲ ਭਾਰਤ ਸਰਕਾਰ ਤੇ ਭਾਰਤੀ ਫੌਜਾਂ ਦੀ ਮਦਦ ਕੀਤੀ ਸੀ ਉਸ ਉਪਰ ਸ਼੍ਰੋਮਣੀ ਅਕਾਲੀ ਦਲ ਸਦਾ ਹੀ ਮਾਨ ਕਰਦਾ ਰਿਹਾ ਹੈ।'

ਇਨ੍ਹਾਂ ਜਥੇਦਾਰਾਂ ਦਾ ਤੇ ਅਹੁਦੇਦਾਰਾਂ ਦਾ ਐਸੀ ਸਥਿਤੀ ਵਿਚ ਵੀ ਇਹ ਦੁਖਾਂਤ ਹੁੰਦਾ ਸੀ ਕਿ ਜਿਸ ਸਮੇਂ ਇਹ ਕੰਬਦੀਆਂ ਹੋਈਆਂ ਲਤਾਂ ਤੇ ਕੰਬਦੇ ਹੋਏ ਬੁੱਲਾਂ ਦੇ ਕਾਇਰਾਨਾ ਪ੍ਰਭਾਵ ਹੇਠ ਸੀ. ਬੀ. ਆਈ. ਦੇ ਅਫਸਰਾਂ ਤੇ ਫੌਜੀ ਅਧਿਕਾਰੀਆਂ ਨੂੰ ਆਪਣੇ ਭਾਰਤ ਵਾਦੀ ਤੇ ਪੱਕੇ ਦੇਸ਼ ਭਗਤ ਹੋਣ ਬਾਰੇ ਭਰੋਸਾ ਦਵਾ ਰਹੇ ਹੁੰਦੇ ਤਾਂ ਉਸ ਸਮੇਂ ਵੀ ਇਨ੍ਹਾਂ ਵਿਅੱਕਤੀਆਂ ਨੂੰ ਦੂਸਰੇ ਪਾਸਿਉਂ ਬੇਇਜ਼ਤੀ ਭਰੀਆਂ ਤੇ ਚੋਭਵੀਆਂ ਗੱਲਾਂ ਅਤੇ ਵਿਚ ਵਿਚਾਲੇ ਫਿਟਕਾਰਾਂ ਹੀ ਸੁਨਣੀਆਂ ਨਸੀਬ ਹੁੰਦੀਆਂ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰੈਸ ਸਕੱਤਰ ਨੇ ਤਾਂ ਫੌਜੀ ਕੈਂਪ ਦੇ ਅੰਦਰ ਪੁਛ ਪੜਤਾਲ ਤੇ ਛਾਣ ਬੀਨ ਕਰ ਰਹੇ ਸਬੰਧਤ ਅਫਸਰਾਂ ਅਧਿਕਾਰੀਆਂ ਪਾਸ ਜੁਝਾਰੂ ਸਿੰਘਾਂ ਦੇ ਵਿਰੁਧ ਜ਼ਹਿਰ ਵੀ ਉਗਲਿਆ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਥੇ ਦੇ ਸਿੰਘਾਂ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਖਲਾਫ ਬਹੁਤ ਕੁਝ ਕਿਹਾ ਪਰ ਇਸ ਬਦਬਖਤ ਨੂੰ ਉਹਨਾਂ ਪਾਸੋਂ ਉਠਣ ਸਮੇਂ ਗੰਧਲੇ ਜਿਹੇ ਪਾਣੀ ਵਿਚ ਦੋ ਬੂੰਦਾਂ ਦੁਧ ਤੇ ਦੋ ਪੱਤੇ ਚਾਹ ਦੇ ਪਾ ਕੇ ਬਣਾਈ ਹੋਈ ਕੱਚੀ ਲੱਸੀ ਵਰਗੀ ਇਕ ਕੱਪ ਚਾਹ ਤੋਂ ਬਿਨਾ ਹੋਰ ਕੁਝ ਵੀ ਨਸੀਬ ਨਾ ਹੋਇਆ।

ਪਰ ਜਦ ਇਹੋ ਜਿਹੇ ਭੱਦਰ ਪੁਰਸ਼ ਫੌਜੀ ਕੈਂਪਾਂ ਚੋਂ ਜੇਹਲ ਵਿਚ ਤੇ ਫਿਰ ਜੇਹਲ ਤੋਂ ਬਾਹਰ ਸਿਖ ਸੰਗਤਾਂ ਵਿਚ ਆਏ ਤਾਂ ਉਸ ਸਮੇਂ ਪੰਥਕ ਜਜ਼ਬਾਤ ਤੇ ਪੰਥਕ ਰੁਹਜਾਨ ਨੂੰ ਵੇਖਦਿਆਂ ਹੋਇਆਂ ਇਨ੍ਹਾਂ ਲੋਕਾਂ ਨੇ ਖਾਲਸਾ ਪੰਥ ਅੰਦਰ ਆਪਣੀ ਮਰ ਚੁੱਕੀ ਸਾਖ ਨੂੰ ਮੁੜ ਬਹਾਲ ਕਰਨ ਦੇ ਨਿਸ਼ਾਨੇ ਨਾਲ ਫੌਜ ਵਲੋਂ ਫੌਜੀ ਕੈਂਪਾਂ ਅੰਦਰ ਸਿਖ ਨੌਜਵਾਨਾਂ ਤੇ ਸਿੰਘਾਂ ਸਿੰਘਣੀਆਂ ਨਾਲ ਕੀਤੇ ਗਏ ਅਣ ਮਨੁੱਖੀ ਤੇ ਘਿਨਾਉਣੇ ਸਲੂਕ ਦੀਆਂ ਦਾਸਤਾਨਾਂ ਇਨ੍ਹਾਂ ਲਫਜ਼ਾਂ ਵਿਚ ਸੁਨਾਉਣੀਆਂ ਸ਼ੁਰੂ ਕਰ ਦਿੱਤੀਆਂ

'ਭਾਰਤੀ ਫੌਜ ਵਲੋਂ ਫੌਜੀ ਕੈਂਪਾਂ ਵਿਚ ਸਿੰਘਾਂ ਸਿੰਘਣੀਆਂ ਉੱਪਰ ਢਾਹੇ ਗਏ ਜਬਰ ਜ਼ੁਲਮ ਨੇ ਦੂਸਰੀ ਵੱਡੀ ਜੰਗ ਦੇ ਦੌਰਾਨ ਨਾਜ਼ੀਆਂ ਵਲੋਂ ਕਾਇਮ ਕੀਤੇ ਗਏ ਜੰਗੀ ਕੈਂਪਾਂ ਅੰਦਰ ਕੀਤੇ ਗਏ



ਜ਼ੁਲਮਾਂ ਨੂੰ ਮਾਤ ਪਾ ਦਿੱਤਾ ਹੈ। ਭਾਰਤੀ ਫੌਜ ਦੇ ਇਨ੍ਹਾਂ ਫੌਜੀ ਕੈਂਪਾਂ ਵਿਚ ਕਿਸੇ ਵੀ ਫੌਜੀ ਵਲੋਂ ਕਿਸੇ ਵੀ ਸਿਖ ਨੂੰ ਕਿਸੇ ਵੀ ਸਮੇਂ ਮੌਤ ਦੇ ਘਾਟ ਉਤਾਰਿਆ ਜਾ ਸਕਦਾ ਹੈ। ਅੰਮ੍ਰਿਤਸਰ ਵਿਖੇ ਮਿਲਟਰੀ ਛਾਉਣੀ ਦੇ ਫੌਜੀ ਕੈਂਪ ਦੇ ਅੰਦਰ ਸਿੰਘਾਂ ਉੱਪਰ ਵੱਧ ਤੋਂ ਵਧ ਸਖਤੀ ਕਰਨੀ, ਉਹਨਾਂ ਨੂੰ ਮਾਨਸਿਕ ਸਰੀਰਕ ਤਸੀਹੇ ਦੇਣੇ ਤੇ ਉਹਨਾਂ ਉੱਪਰ ਤਸ਼ੱਦਦ ਢਾਹੁਣ ਦਾ ਕਾਰਜ ਕਰਮ ਤਾਂ ਫੌਜੀਆਂ ਦਾ ਇਕ ਪਰਕਾਰ ਨਾਲ ਦੈਨਕ ਸ਼ੁਗਲ ਸੀ। ਜਿਨਾ ਕਮਰਿਆਂ ਵਿਚ ਲੱਤਾਂ ਨਿਸੱਲੀਆਂ ਕਰਕੇ ਪੰਝੀ ਤੀਹ ਸਿਖ ਵੀ ਆਸਾਨੀ ਨਾਲ ਲੇਟ ਨਹੀਂ ਸਨ ਸਕਦੇ ਉਹਨਾਂ ਕਮਰਿਆਂ ਵਿਚ ਸੱਠ ਸੱਠ ਤੇ ਸੱਤਰ ਸੱਤਰ ਸਿੰਘਾਂ ਨੂੰ ਤਾੜਿਆ ਗਿਆ ਸੀ। ਐਸੀ ਹਾਲਤ ਵਿਚ ਸਿੰਘਾਂ ਨੂੰ ਤੜਪਦੇ ਹੋਏ ਉਖੜ ਬੈਠੇ ਜਿਹੇ ਫਰਸ਼ ਉੱਪਰ ਗਡੂ ਹੋਕੇ ਤੇ ਇਕ ਦੂਸਰੇ ਉਪਰ ਲਤਾਂ ਬਾਹਾਂ ਪਸਾਰ ਕੇ ਭੁੰਜੇ ਹੀ ਜੂਨ-ਗੁਜ਼ਾਰਾ ਕਰਨਾ ਪੈਂਦਾ। ਲਗਪਗ ਕਿਸੇ ਵੀ ਸਿਖ ਦੇ ਗਲ ਪੂਰੇ ਤੇ ਸਾਬਤ ਕਪੜੇ ਨਹੀਂ ਸਨ। ਬਹੁਤੇ ਸਿਖ ਤਾਂ ਸਿਰੋਂ ਪੈਰੋਂ ਨੰਗੇ ਹੀ ਸਨ। ਸੌਣ ਵੇਲੇ ਸਿੰਘਾਂ ਨੂੰ ਆਪਣੇ ਪਾਟੇ ਹੋਏ ਕਮੀਜ਼ ਹੀ ਥੱਲੇ ਵਿਛਾਉਣੇ ਪੈਂਦੇ। ਸਵੇਰੇ ਉਹੀ ਮਿਧਿਆ ਮਧੋਲਿਆ ਕੁੜਤਾ ਪਜਾਮਾ ਮੁੜ ਪਾਉਣਾ ਪੈਂਦਾ। ਕਪੜੇ ਧੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ ਜਿਸ ਕਰਕੇ ਕਪੜੇ ਤੇ ਕਮਰੇ ਮੁੜ੍ਹਕੇ ਦੇ ਮੁਸ਼ਕ ਨਾਲ ਭਰੇ ਪਏ ਸਨ। ਕਿਸੇ ਕਮਰੇ ਵਿਚ ਕੋਈ ਪੱਖਾ ਨਹੀਂ ਸੀ, ਨਹਾਉਣ ਦਾ ਕੋਈ ਪ੍ਰਬੰਧ ਨਹੀਂ ਸੀ, ਗੰਦੇ ਤੇ ਚਿਕੜ ਭਰੇ ਥਾਂ ਉਹੀ ਇਕੋ ਟੂਟੀ 'ਚੋਂ ਪਾਣੀ ਲੈਣਾ ਪੈਂਦਾ ਤੇ ਉਥੇ ਨਜ਼ਦੀਕ ਹੀ ਸਭਨਾਂ ਨੂੰ ਪਿਸ਼ਾਬ ਕਰਨਾ ਪੈਂਦਾ। ਕੋਈ ਵਖਰੀ ਥਾਂ ਨਹੀਂ ਸੀ। ਜੋ ਖੁਰਾਕ ਦਿੱਤੀ ਜਾਂਦੀ ਉਹ ਪਸ਼ੂ ਵੀ ਨਹੀਂ ਸੀ ਖਾ ਸਕਦੇ, ਆਟੇ ਵਿਚ ਸੁਸਰੀ, ਕੀੜੇ, ਕੰਕਰਾਂ, ਰੋੜਾਂ ਤੇ ਵੱਡ-ਵਡੇਰਿਆਂ ਦੀ ਭਰਮਾਰ ਸੀ। ਦਾਲਾਂ ਵਿਚ ਸੁੰਡੀਆਂ ਸਾਫ ਨਜ਼ਰੀ ਆਉਂਦੀਆਂ ਸਨ। ਚਾਹ ਦੀ ਥਾਂ ਕੌੜਾ ਜਿਹਾ ਤੇ ਬਕਲਿਆ ਜਿਹਾ ਮਿੱਠਾ ਪਾਣੀ ਅਤੇ ਉਹ ਵੀ ਠੰਡਾ ਜਿਹਾ ਤੇ ਐਵੇਂ ਦੋ ਚਾਰ ਘੁਟ। ਰੋਟੀ ਖਵਾਉਣ ਸਮੇਂ ਸਿੰਘਾਂ ਪ੍ਰਤੀ ਫੌਜੀਆਂ ਦਾ ਵਤੀਰਾ ਇਵੇਂ ਲਗਦਾ ਕਿ ਜਿਵੇਂ ਉਹ ਇਨਸਾਨਾਂ ਨੂੰ ਨਹੀ ਸਗੋਂ ਗਲੀ ਬਾਜ਼ਾਰ ਦੇ ਕਿਸੇ ਆਵਾਰਾ ਕੁੱਤੇ ਅੱਗੇ ਬੁਰਕੀਆਂ ਸੁੱਟ ਰਹੇ ਹੋਣ. ਸਿੰਘਾਂ ਨੂੰ ਮਾਵਾਂ ਭੈਣਾਂ ਦੀਆਂ ਗਾਹਲਾਂ ਕਢਣੀਆਂ ਤਾਂ ਹਰ ਫੌਜੀ ਲਈ ਇਕ ਆਮ ਜਿਹੀ ਗੱਲ ਹੀ ਸੀ। ਸਭ ਸਿੰਘਾਂ ਦੇ ਸਰੀਰ ਚਿਤਕਬਰੇ ਜਹੇ ਛਾਲਿਆਂ ਨਾਲ ਭਰੇ ਪਏ ਸਨ। ਹਰ ਇਕ ਦੇ ਪਿੰਡੇ ਉਪਰ ਚੰਗਿਆੜੇ ਉੱਗ ਆਏ ਸਨ। ਹਰ ਵਿਅਕਤੀ ਦੀਆਂ ਅੱਖਾਂ ਖਰਾਬ ਹੋ ਗਈਆਂ ਸਨ, ਹੱਥਾਂ ਪੈਰਾਂ 'ਚੋਂ ਸੜਾਂਦ ਨਿਕਲਦੀ ਸੀ ਅਤੇ ਸਿਰ ਤੋਂ ਮੂੰਹ, ਤਵਿਓਂ ਲੱਥੇ ਰੋਟ ਵਾਂਗ ਤਪਦੇ ਸਨ। ਹਰ ਇਕ ਸਿਖ ਆਪਣੇ ਆਪ ਨੂੰ ਤਾਪ ਦੀ ਬਿਮਾਰੀ ਵਿਚ ਗ੍ਰਸਿਆ ਹੋਇਆ ਸਮਝ ਰਿਹਾ ਸੀ ਅਤੇ ਹਰ ਇਕ ਦਾ ਸਰੀਰ ਪੀੜਾਂ ਦਰਦਾਂ ਤੇ ਚੀਸਾਂ ਨਾਲ ਭਰਿਆ ਪਿਆ ਸੀ ਪਰ ਉੱਥੇ ਕਿਧਰੇ ਵੀ ਦਵਾ ਦਾਰੂ ਦਾ ਕੋਈ ਖਾਸ ਪ੍ਰਬੰਧ ਨਹੀਂ ਸੀ। ਐਵੇਂ ਵਖਾਵੇ ਮਾਤਰ ਸਿਵਲ ਦੇ ਕੁਝ ਇਕ ਟੁੱਟੜ ਜਿਹੇ ਡਾਕਟਰਾਂ ਦਾ ਪ੍ਰਬੰਧ ਕੀਤਾ ਹੋਇਆ ਸੀ।

ਇਨ੍ਹਾਂ ਨਾਮ ਧਰੀਕ ਤੇ ਡੰਗ ਟਪਾਊ ਡਾਕਟਰਾਂ ਪਾਸ ਵੀ ਮੁਨਾਸਬ ਦਵਾਈਆਂ, ਟੀਕਿਆਂ ਤੇ ਮਰਹਮ ਪੱਟੀ ਦਾ ਕੋਈ ਸਾਜ਼ ਸਾਮਾਨ ਨਹੀਂ ਸੀ। ਇਹ ਡਾਕਟਰ, ਸਿੰਘਾਂ ਨੂੰ ਐਵੇਂ ਸਰਸਰੀ ਜਿਹੀ ਨਜ਼ਰੇ ਵੇਖਦੇ, ਉਹਨਾਂ ਦੇ ਦੁਖਦੇ ਤੇ ਪੀੜ ਪਹੁੰਚੇ ਹੋਏ ਅੰਗਾਂ ਜ਼ਖਮਾਂ ਨੂੰ ਓਪਰੇ ਜਿਹੇ ਮਨ ਨਾਲ ਪਪੋਲਦੇ ਤੇ ਫਿਰ ਸਭ ਨੂੰ ਇਕੋ ਹੀ ਰੱਸੇ ਫਾਹੇ ਦੇਣ ਵਾਲੀ ਗੱਲ ਕਰਦੇ। ਗੱਲ ਕੀ ਕਿ ਉਹ ਸਿੰਘਾਂ ਦੇ ਪੱਲੇ ਐਵੇਂ ਨਾਮ ਧਰੀਕ ਜਿਹੀ ਮਰਹਮ ਪੱਟੀ ਤੇ ਸਪਿਰਟ ਦੀ ਬਾਸ਼ਨਾ ਅਤੇ ਰੰਗਦਾਰ ਪਾਣੀ ਤੇ ਚਾਕ ਵਰਗੀਆਂ ਗੋਲੀਆਂ ਤੋਂ ਬਿਨਾ ਹੋਰ ਕੁਝ ਵੀ ਪੱਲੇ ਨਾ ਪਾਉਂਦੇ। ਸਭ ਨੂੰ ਇਸੇ ਤਰ੍ਹਾਂ ਹੀ ਅਗਾਂਹ ਤੋਰੀ ਜਾਂਦੇ ਅਤੇ ਕੋਲ ਹੀ ਖਲੋਤੇ ਹੋਏ ਹਿੰਦੂ ਫੌਜੀ ਉਹਨਾਂ ਸਿੰਘਾਂ ਨੂੰ ਸਟੇਨਗੰਨਾਂ ਦੇ ਇਸ਼ਾਰੇ ਨਾਲ ਜਲਦੀ ਤੋਂ ਜਲਦੀ ਆਪੋ ਆਪਣੇ ਨਰਕ ਕੁੰਡ ਵਿਚ ਵਾਪਸ ਚਲੇ ਜਾਣ ਲਈ ਜਮਦੂਤਾਂ ਦੇ ਰੂਪ ਵਿਚ ਹੁਕਮ ਦੇ ਰਹੇ ਹੁੰਦੇ।

ਸਿੰਘਾਂ ਦੀ ਪੁੱਛ ਪੜਤਾਲ ਕਰਨ ਸਮੇਂ ਉਹਨਾਂ ਨੂੰ ਹਥਿਆਰਬੰਦ ਫੌਜੀਆਂ ਦੇ ਪਹਿਰੇ ਵਿਚ ਇਕ ਇਕ ਕਰਕੇ ਬੰਦ ਕਮਰੇ 'ਚ ਲੈ ਜਾਇਆ ਜਾਂਦਾ। ਪੁੱਛ ਪੜਤਾਲ ਲਈ ਨਿਸ਼ਚਤ ਕਰ ਰੱਖੇ ਕਮਰਿਆਂ ਦੀਆਂ ਵਿਥਾਂ ਝੀਤਾਂ ਤੇ ਖੂੰਜਾਂ ਤੱਕ ਬੰਦ ਕੀਤੀਆਂ ਹੋਈਆਂ ਹੁੰਦੀਆਂ ਅਤੇ ਦਰਵਾਜ਼ਿਆਂ ਬਾਰੀਆਂ ਦੇ ਸ਼ੀਸ਼ਿਆਂ ਉੱਪਰ ਦੋਹਰੇ ਕਾਗਜ਼ ਜੋੜੇ ਹੋਏ ਹੁੰਦੇ। ਪੁੱਛ ਪੜਤਾਲ ਤੋਂ ਪਿਛੋਂ ਸੱਕੀ ਵਿਅਕਤੀਆਂ ਨੂੰ ਵਖਰੇ ਕਮਰਿਆਂ ਵਿਚ ਤਾੜ ਦਿੱਤਾ ਜਾਂਦਾ ਅਤੇ ਉਥੇ ਉਹਨਾਂ ਨਾਲ ਜੋ ਵਾਪਰਦਾ ਉਸ ਕਹਿਰ ਤੇ ਦੁੱਖ ਅਜ਼ਾਬ ਬਾਰੇ ਉਹਨਾ ਨੂੰ ਤੇ ਜਾਂ ਫਿਰ ਰੱਬ ਨੂੰ ਹੀ ਪਤਾ ਹੁੰਦਾ। ਬਾਅਦ ਵਿਚ ਉਹਨਾਂ ਨੌਜਵਾਨਾਂ ਵਿਚੋਂ ਕੁਝ ਨੌਜਵਾਨਾਂ ਨੂੰ ਉਹਨਾ ਦੀਆਂ ਅੱਖਾਂ ਉੱਪਰ ਪੱਟੀਆਂ ਬੰਨ੍ਹ ਕੇ ਫੌਜੀ ਕੈਂਪ 'ਚੋਂ ਬਾਹਰ ਲੈ ਜਾਇਆ ਜਾਂਦਾ (ਜਿਨ੍ਹਾ ਬਾਰੇ ਇਹ ਆਮ ਚਰਚਾ ਸੀ ਕਿ ਉਹਨਾਂ ਨੂੰ ਕਿਸੇ ਥਾਂ ਤੇ ਲੈਜਾ ਕੇ ਹੋਰ ਭਿਆਨਕ ਤਸੀਹੇ ਦਿਤੇ ਜਾਣਗੇ ਤੇ ਫਿਰ ਗੋਲੀ ਨਾਲ ਉਡਾ ਦਿੱਤਾ ਜਾਏਗਾ)।

ਮਿਲਟਰੀ ਛਾਉਣੀ ਦੇ ਇਸ ਫੌਜੀ ਕੈਂਪ ਵਿਚ ਪੰਜ ਚਾਰ ਸਾਲਾਂ ਦੇ ਬਚੇ ਤੋਂ ਲੈਕੇ ਪੈਂਠ ਸੱਤਰ ਸਾਲ ਤੱਕ ਦੇ ਬਜ਼ੁਰਗਾਂ ਤੱਕ ਸਭ ਦੇ ਫਿੰਗਰ ਪ੍ਰਿੰਟ ਲਏ ਗਏ। ਸਭਨਾ ਦੀਆਂ ਛਾਤੀਆਂ ਉੱਪਰ ਸਲੇਟਾਂ ਲਟਕਾ ਕੇ ਤੇ ਉਹਨਾਂ ਉੱਪਰ ਉਹਨਾਂ ਦੇ ਨਾ ਪਤੇ ਲਿਖਕੇ ਫੋਟੋਆਂ ਲਈਆਂ ਗਈਆਂ। ਜਾਂਚ ਪੜਤਾਲ ਸਮੇਂ ਲਗਪਗ ਸਭਨਾ ਉੱਪਰ ਹੀ ਕਿਸੇ ਨਾ ਕਿਸੇ ਰੂਪ ਵਿਚ ਸਖਤੀ ਕੀਤੀ ਗਈ। ਗਾਹਲ ਦੁਪੜ ਕਰਨੀ, ਠੁੱਡੇ ਤੇ ਥੱਪੜ ਮਾਰਨੇ ਅਤੇ ਮੂੰਹਾਂ ਤੇ ਥੁੱਕਣਾ ਤਾਂ ਆਮ ਜਿਹੀ ਗੱਲ ਸੀ। ਆਖਰਕਾਰ ਇਸ ਨਰਕ ਵੰਡਦੇ ਹੋਏ ਫੌਜੀ ਕੈਂਪ 'ਚੋਂ 22 ਜੂਨ ਤੋਂ ਪਿਛੋਂ ਕੁਝ ਇਕ ਅਕਾਲੀ ਜਥੇਦਾਰਾਂ ਤੇ ਕੁਝ ਕੁ ਹੋਰ ਸਿੰਘਾਂ ਸਿੰਘਣੀਆਂ ਨੂੰ ਪੁਲੀਸ ਦੇ ਹਵਾਲੇ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਪਰ ਬਾਕੀ ਵਿਅਕਤੀਆਂ ਅਤੇ ਜੁਝਾਰੂ ਸਿੰਘਾਂ ਦੇ ਜੀਵਨ ਵਿਚ ਅਜੇ ਹੋਰ ਦੁੱਖ ਤਸੀਹੇ ਝਲਣੇ ਬਾਕੀ ਰਹਿੰਦੇ ਸਨ।'

ਸ਼੍ਰੋਮਣੀ ਅਕਾਲੀ ਦਲ ਦੇ ਕੁਝ ਇਕ ਜਥੇਦਾਰ ਤੇ ਬੁਲਾਰੇ ਇਸ ਪ੍ਰਕਾਰ ਦੀਆਂ ਅੱਖੀਂ ਵੇਖੀਆਂ ਤੇ ਪਿੰਡੇ ਹੰਢਾਈਆਂ ਭਿਆਨਕ ਘਟਨਾਵਾਂ ਦੀਆਂ ਦਾਸਤਾਨਾਂ ਦਾ ਥਾਂ ਥਾਂ ਉੱਪਰ ਜ਼ਿਕਰ ਕਰਨ ਦੇ ਬਾਵਜੂਦ ਅਜੇ ਵੀ ਖਾਲਿਸਤਾਨ ਦੇ ਨਜ਼ਰੀਏ, ਨਿਸ਼ਾਨੇ ਤੇ ਜੁਝਾਰੂ ਸਿੰਘਾਂ ਦੇ ਵਿਰੁਧ ਹੀ ਬੋਲਦੇ ਸਨ। ਜਿਸ ਕਰਕੇ ਇਨ੍ਹਾਂ ਵਿਅਕਤੀਆਂ ਦੀਆਂ ਗੱਲਾਂ ਬਾਤਾਂ ਤੇ ਇਨ੍ਹਾਂ ਦੀ ਮਨ ਦੀ ਅਵਸਥਾ ਤੋਂ ਇਹ ਗੱਲ ਸਾਫ਼ ਤੇ ਸਪਸ਼ਟ ਰੂਪ ਵਿਚ ਪਰਗਟ ਹੁੰਦੀ ਸੀ ਕਿ ਇਨ੍ਹਾਂ ਦੀ ਸੁੱਤੀ ਤੇ ਮੋਈ ਹੋਈ ਜ਼ਮੀਰ ਅਜੇ ਵੀ ਨਹੀਂ ਸੀ ਜਾਗੀ। ਇਹੋ ਕਾਰਨ ਸੀ ਕਿ ਇਨ੍ਹਾਂ ਦੇ ਅੰਦਰ ਖਾਲਸਾ ਪੰਥ ਦੀ ਆਜ਼ਾਦੀ ਅਰਥਾਤ ਇਕ ਆਜ਼ਾਦ ਤੇ ਖੁਦ-ਮੁਖਤਿਆਰ ਖਾਲਸਾ ਰਾਜ (ਖਾਲਿਸਤਾਨ) ਦੇ ਨਜ਼ਰੀਏ ਨਿਸ਼ਾਨੇ ਪ੍ਰਤੀ ਕੋਈ ਪਿਆਰ, ਹਮਦਰਦੀ ਤੇ ਥਾਂ ਨਹੀਂ ਸੀ ਸਗੋਂ ਉਸ ਅੰਦਰ ਅਜੇ ਵੀ ਭਾਰਤ ਦੀ ਅਖੰਡਤਾ, ਹਿੰਦੂ ਸਿੱਖ ਏਕਤਾ ਅਤੇ ਭਾਰਤੀ ਸੰਵਿਧਾਨ ਪ੍ਰਤੀ ਵਫਾਦਾਰੀ ਪਾਲਣ ਵਾਲੀ ਸੋਚ ਤੇ ਨੀਤੀ ਭਾਰੀ ਭਾਰੂ ਸੀ। ਖੈਰ ਹੁਣ ਆਪਾਂ ਇਨ੍ਹਾਂ ਦੀ ਗੱਲ ਛੱਡੀਏ ਤੇ ਖਾਲਸਾ ਪੰਥ ਨਾਲ ਹੋਈ ਬੀਤੀ ਦੀ ਗੱਲ ਕਰੀਏ।

ਛੇ ਜੂਨ ਤੋਂ ਲੈ ਕੇ ਕੁਝ ਦਿਨ ਬਾਅਦ ਤੱਕ ਜੋ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰਲੇ ਮਾਹੌਲ ਦੀ ਸਥਿਤੀ ਸੀ ਉਸਨੂੰ ਬਿਆਨ ਕਰਨ ਲੱਗਿਆਂ ਤਾਂ ਕਲਮ ਰੁਕਦੀ ਪ੍ਰਤੀਤ ਹੁੰਦੀ ਹੈ।

ਦਰਬਾਰ ਸਾਹਿਬ ਕੰਪਲੈਕਸ ਦੇ ਇਸ ਸਮੁਚੇ ਮਾਹੌਲ ਵਿਚ ਆਈ ਭਿਆਨਕ ਤਬਦੀਲੀ ਤੋਂ ਇਸਤਰਾਂ ਜਾਪਦਾ ਸੀ ਕਿ ਜਿਵੇਂ ਸ਼ੈਤਾਨ ਨੇ ਕਲਜੁਗ ਦੇ ਦੈਂਤ ਨਾਲ ਮਿਲਕੇ ਉਥੋਂ ਦੀ ਪੁਰਨੂਰ ਤੇ ਅਲਾਹੀ ਬਾਣੀ ਦੀ ਰੰਗਣਾ ਵਿਚ ਰੰਗੀ ਹੋਈ ਅਤੇ ਇਨਕਲਾਬੀ ਪ੍ਰੇਰਨਾਵਾਂ ਦੀ ਸਰੋਤ ਸਤਯੁਗੀ ਆਤਮਾ ਨੂੰ ਕੋਹ ਕੇ ਸੁੱਟ ਦਿੱਤਾ ਹੁੰਦਾ ਹੈ।

ਜਿਸ ਅਸਥਾਨ ਨੂੰ ਸਮੁੱਚਾ ਖਾਲਸਾ ਪੰਥ ਸੱਚਖੰਡ ਸਰੂਪ ਕਰਕੇ ਮੰਨਦਾ ਤੁਰਿਆ ਆ ਰਿਹਾ ਹੈ ਅਤੇ ਜੋ ਸਿੱਖਾਂ ਦਾ ਧਾਰਮਕ ਰਾਜਸੀ ਮਰਕਜ਼ ਅਰਥਾਤ ਰਾਜਧਾਨੀ ਹੋਣ ਦੇ ਨਾਲ ਨਾਲ ਜੀਵਨ ਸਰੋਤ ਹੈ ਅੱਜ ਉਥੇ ਸਿੱਖ ਸੰਗਤਾਂ ਲਈ ਕੋਈ ਥਾਂ ਨਹੀਂ ਸੀ। ਸਗੋਂ ਸਿੱਖ ਸੰਗਤਾਂ ਦੀ ਥਾਂ ਸਭ ਪਾਸੇ ਭਾਰਤੀ ਫੌਜ ਦੀ ਭਰਮਾਰ ਸੀ। ਪਰਕਰਮਾਂ ਦੇ ਜਿਨ੍ਹਾਂ ਕਮਰਿਆਂ, ਇਮਾਰਤਾਂ ਵਿਚ ਨਾਮ ਸਿਮਰਨ ਵਾਲੇ ਅਤੇ ਆਲਾਹੀ ਬਾਣੀ ਦਾ ਕੀਰਤਨ ਗਾਇਣ ਕਰਨ ਵਾਲੇ ਗੁਰਸਿਖ ਗ੍ਰੰਥੀ ਸਿੰਘ ਤੇ ਰਾਗੀ ਸਿੰਘ ਨਿਵਾਸ ਕਰਦੇ ਸਨ ਅਤੇ ਸਿੱਖ ਸੰਗਤਾਂ ਵਿਸ਼ਰਾਮ ਕਰਿਆ ਕਰਦੀਆਂ ਸਨ ਅੱਜ ਉਥੇ ਭਾਰਤੀ ਫੌਜ ਦਾ ਵਾਸਾ ਹੋਣ ਕਰਕੇ ਸ਼ਰਾਬ ਦੇ ਪਿਆਲਿਆਂ ਦੇ ਦੌਰ ਚਲਦੇ ਸਨ ਤੇ ਖੁਲੇ ਆਮ ਸਿਗਰਟਾਂ ਬੀੜੀਆਂ ਦੇ ਕਸ਼ ਲਗਾਏ ਜਾ ਰਹੇ ਸਨ।

ਜੇ ਇਨ੍ਹਾਂ ਦਿਨਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਭਵਨ ਅੰਦਰ ਐਵੇਂ ਥੁਹੜੇ ਬਹੁਤੇ ਸਮੇਂ ਲਈ ਨਾਮ ਮਾਤਰ ਵਿਚ ਕਿਸੇ ਧਾਰਮਕ ਮਰਯਾਦਾ ਦਾ ਪਾਲਣ ਹੁੰਦਾ ਵੀ ਸੀ ਤਾਂ ਉਹ ਵੀ ਭਾਰਤ ਸਰਕਾਰ ਦੀ ਪਾਲਸੀ ਅਨੁਸਾਰ ਸਖਤ ਫੌਜੀ ਪਹਿਰੇ ਤੇ ਟੈਂਕਾਂ ਹਥਿਆਰਾਂ ਦੀ ਛਾਂ ਹੇਠ ਹੀ ਹੁੰਦਾ ਸੀ।

ਰਾਗੀ ਗ੍ਰੰਥੀ ਸਿੰਘਾਂ ਤੇ ਕੁਝ ਸੇਵਾਦਾਰਾਂ ਨੂੰ ਹਰ ਰੋਜ਼ ਹਥਿਆਰ ਬੰਦ ਫੌਜੀਆਂ ਦੇ ਘੇਰੇ ਵਿਚ ਸ੍ਰੀ ਹਰਿਮੰਦਰ ਸਾਹਿਬ ਭਵਨ ਅੰਦਰ ਲਿਆਂਦਾ ਜਾਂਦਾ ਅਤੇ ਫਿਰ ਉਹਨਾ ਨੂੰ ਹਥਿਆਰ ਬੰਦ ਫੌਜੀਆਂ ਦੇ ਪਹਿਰੇ ਵਿਚ ਹੀ ਸੰਗਤ ਤੋਂ ਵਾਂਝੇ ਅਰਥਾਤ ਖਾਲੀ ਵਾਤਾਵਰਨ ਵਿਚ ਧਾਰਮਕ ਮਰਯਾਦਾ ਵਾਲੇ ਕਾਰਜਾਂ ਨੂੰ ਐਵੇਂ ਥੋੜੇ ਬਹੁਤ ਰੂਪ ਵਿਚ ਪਰਵਾਨ ਚੜ੍ਹਾਉਣ ਦਾ ਹੁਕਮ ਦਿੱਤਾ ਜਾਂਦਾ।

ਇਨ੍ਹਾਂ ਹੀ ਦਿਨਾ ਵਿਚ ਪਰਕਰਮਾ ਦੇ ਆਲੇ ਦੁਆਲੇ ਤੇ ਸਰਾਂ ਗੁਰੂ ਰਾਮ ਦਾਸ ਵਿਚ ਅਤੇ ਕੰਪਲੈਕਸ ਦੇ ਹੋਰ ਸਭ ਪਾਸੇ ਮੁਰਦਾਖਾਨੇ ਦਾ ਪ੍ਰਭਾਵ ਆਪਣਾ ਰੰਗ ਵਖਾ ਰਿਹਾ ਸੀ। ਪਰਕਰਮਾ ਅੰਦਰਲੇ ਹਰ ਛੋਟੇ ਵੱਡੇ ਕਮਰੇ ਤੇ ਉਥੋਂ ਦੀ ਚੱਪਾ ਚੱਪਾ ਸਰਜ਼ਮੀਨ ਉੱਪਰ ਲਹੂ ਮਿਝ ਦੀਆਂ ਘਰਾਲਾਂ ਤੇ ਥੱਟੀਆਂ ਦੇ ਲੇਖੜੇ ਆਮ ਵੇਖੇ ਜਾ ਸਕਦੇ ਸਨ। ਸਰੋਵਰ ਦਾ ਪਾਣੀ ਵੀ ਗੰਧਲਾ, ਘਸਮੈਲਾ ਤੇ ਲਹੂ ਰੰਗਾ ਨਜ਼ਰੀਂ ਪੈ ਰਿਹਾ ਸੀ।

ਕੰਪਲੈਕਸ ਦਾ ਲਗਪਗ ਹਰ ਕਮਰਾ ਸੜਿਆ ਤੇ ਧਵਾਖਿਆ ਹੋਇਆ ਸੀ ਤੇ ਸਵਾਹ ਰਾਖ ਵਿਚ ਲਿਪਟਿਆ ਹੋਇਆ ਸੀ। ਕਮਰਿਆਂ ਬਰਾਮਦਿਆਂ ਦੇ ਅੰਦਰ ਅਜੇ ਵੀ ਪੱਕੀ ਤਰਾਂ ਨਾਲ ਘਰ ਕਰੀ ਬੈਠੀ ਲਾਸ਼ਾਂ ਦੀ ਸੜਾਂਦ ਅਤੇ ਆਲੇ ਦੁਆਲੇ ਦੀ ਢਠਵਾੜ ਤੇ ਤਬਾਹੀ ਦੇ ਮਾਹੌਲ ਤੋਂ ਸਾਫ ਪਤਾ ਲਗਦਾ ਸੀ ਕਿ ਜਿਵੇਂ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਸਿੰਘਣੀਆਂ ਤੇ ਬੱਚਿਆਂ ਤੱਕ ਨੂੰ ਬਾਰੂਦੀ ਅੱਗ ਨੇ ਖਾਣ ਉਪਰੰਤ ਉਹਨਾਂ ਦੀਆਂ ਗਲੀਆਂ ਸੜੀਆਂ ਹੋਈਆਂ ਲਾਸ਼ਾਂ ਨੂੰ ਫੋਕ ਸਮਝਦਿਆਂ ਹੋਇਆਂ ਉਥੇ ਹੀ ਸੁੱਟ ਛਡਿਆ ਸੀ ਤੇ ਉਹਨਾ ਨੂੰ ਕੁਝ ਦਿਨਾਂ ਤੱਕ ਉਥੇ ਹੀ ਰੁਲਣ ਦਿੱਤਾ ਸੀ।

ਸਭ ਪਾਸੇ ਸੁੰਨਮਸਾਨ ਛਾਈ ਹੋਈ ਸੀ - ਮੁਕੰਮਲ ਖਲਾ ਦਾ ਆਲਮ ਸੀ, ਉਥੇ ਸੈਂਕੜਿਆਂ ਦੀ ਗਿਣਤੀ ਵਿਚ ਹਿੰਦੂ ਫੌਜ ਦੀ ਭਰਮਾਰ ਹੋਣ ਦੇ ਬਾਵਜੂਦ ਅਜੀਬ ਜਿਹੀ ਚੁੱਪ ਤੇ ਡੂੰਘੀ ਉਦਾਸੀ ਆਪਣਾ ਅਸਰ ਵਿਖਾ ਰਹੀ ਸੀ। ਪਰ ਇਸ ਸੁੰਨਤਾ ਤੇ ਉਦਾਸੀ ਭਰੇ ਵਾਤਾਵਰਣ ਦਾ ਜੋ ਇਕ ਹੋਰ ਅਜੀਬ ਪੱਖ ਸੀ ਉਹ ਇਹ ਸੀ ਕਿ ਉਸ ਉਪਰ ਹਿੰਦੂ ਰਾਜ ਤੇ ਹਿੰਦੂ ਹਾਕਮੀਅਤ ਦੇ ਜਬਰ ਦੀ ਸ਼ਖਸੀਅਤ ਪੂਰੀ ਸ਼ਾਨ ਸ਼ੌਕਤ ਨਾਲ ਸਵਾਰ ਤੇ ਜਲਵਾ ਅਫਰੋਜ਼ ਸੀ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਸਭ ਪਾਸੇ ਭਾਰਤ ਸਰਕਾਰ ਤੇ ਉਸਦੀਆਂ ਫੌਜਾਂ ਦਾ ਹੁਕਮ ਹਾਸਲ ਅਤਿਅੰਤ ਭਾਰੂ ਦਿਸਦਾ ਸੀ। ਹਿੰਦੂ ਹਾਕਮਾਂ ਤੇ ਫੌਜੀ ਅਫਸਰਾਂ ਦੇ ਬੋਲਾਂ ਵਿਚ ਕੁਝ ਐਸੀ ਗਰਜ ਗੜਕ ਸੀ ਕਿ ਜਿਸਦੇ ਅਸਰ ਹੇਠ ਮਿਧੀ ਮਧੋਲੀ ਜਾ ਰਹੀ ਕੰਪਲੈਕਸ ਅੰਦਰਲੀ ਸੁੰਨਤਾ ਤੇ ਉਦਾਸੀ ਦੀ ਅੰਤਰ ਆਤਮਾ 'ਚੋਂ ਇਹ ਅਲਾਹੀ ਬੋਲ ਆਪ-ਮੁਹਾਰੇ ਹੀ ਨਿਕਲ ਰਹੇ ਹੋਣ ਕਿ, 'ਪਰ ਅਧੀਨ ਸੁਪਨੈ ਸੁਖ ਨਾਹੀ।'

ਕੰਪਲੈਕਸ ਦੇ ਅੰਦਰ ਤੇ ਬਾਹਰ ਸਭ ਪਾਸੇ ਫੌਜ ਹੀ ਫੌਜ ਸੀ ਅਤੇ ਉਥੇ ਥਾਂ ਥਾਂ ਉਪਰ ਫੌਜੀ ਗੱਡੀਆਂ ਜੀਪਾਂ ਟੈਂਕਾਂ, ਤੋਪਾਂ, ਮਸ਼ੀਨ ਗੰਨਾਂ ਤੇ ਹੋਰ ਮਾਰੂ ਹਥਿਆਰ ਅਤੇ ਇਧਰ ਉਧਰ ਮਾਰਚ ਕਰਦੇ ਹੋਏ ਆ ਜਾ ਰਹੇ ਫੌਜੀ ਦਸਤਿਆਂ ਦੀ ਭਰਮਾਰ ਤੋਂ ਇਸਤਰਾਂ ਸਪਸ਼ਟ ਹੋ ਰਿਹਾ ਕਿ ਜਿਵੇਂ ਸਿਖਾਂ ਦੇ ਇਸ ਮਹਾਨ ਤੇ ਪਵਿੱਤਰ ਧਾਰਮਕ-ਰਾਜਸੀ ਕੇਂਦਰ ਅਰਥਾਤ ਰਾਜਧਾਨੀ ਨੂੰ ਭਾਰਤੀ ਫੌਜ ਨੇ ਆਪਣੀ ਛਾਉਣੀ ਦੇ ਰੂਪ ਵਿਚ ਬਦਲ ਦਿੱਤਾ ਹੁੰਦਾ ਹੈ।

ਥਾਂ ਥਾਂ ਉਪਰ ਫੌਜ ਦੇ ਨਾਕੇ ਪਹਿਰੇ ਕਾਇਮ ਸਨ ਤੇ ਜਿੱਥੋਂ ਤੱਕ ਨਜ਼ਰ ਜਾਂਦੀ ਸੀ ਮੋਰਚੇ ਹੀ ਮੋਰਚੇ ਕਾਇਮ ਸਨ। ਇਸ ਤੋਂ ਇਲਾਵਾ ਸਭ ਵੱਡੀਆਂ ਇਮਾਰਤਾਂ ਵਿਚ ਫੌਜੀ ਅਫਸਰਾਂ ਦੇ ਦਫਤਰ ਕਾਇਮ ਕੀਤੇ ਜਾ ਚੁੱਕੇ ਸਨ, ਜਦੋਂ ਕਿ ਕੰਪਲੈਕਸ ਦੇ ਸੈਂਕੜਿਆਂ ਹੀ ਕਮਰਿਆਂ ਵਿਚ ਫੌਜ ਦੀ ਰਹਾਇਸ਼ ਸੀ।

ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਫੌਜ ਦੇ ਇਨ੍ਹਾਂ ਰਹਾਇਸ਼ੀ ਕਮਰਿਆਂ ਵਿਚ ਸ਼ਰਾਬ ਤੇ ਸਿਗਰਟਾਂ ਦੀ ਖੁੱਲੇਆਮ ਰੂਪ 'ਚ ਵਰਤੋਂ ਹੁੰਦੀ ਸੀ। ਇਹ ਸਭ ਚੀਜ਼ਾਂ ਇਨ੍ਹਾਂ ਹਿੰਦੂ ਫੌਜੀਆਂ ਨੂੰ ਭਾਰਤ ਸਰਕਾਰ ਵਲੋਂ ਉਹਨਾਂ ਦੀ ਖੁਸ਼ੀ ਲਈ ਖੁਲੀ ਮਾਤਰਾਂ ਵਿਚ ਮੁਫਤ ਵੰਡੀਆਂ ਜਾਂਦੀਆਂ ਸਨ ਤੇ ਇਸ ਪੱਖੋਂ ਉੱਕੀ ਹੀ ਤੋਟ ਨਹੀਂ ਸੀ ਆਉਣ ਦਿੱਤੀ ਜਾਂਦੀ।

ਭਾਰਤ ਸਰਕਾਰ ਤੇ ਹਿੰਦੂ ਸਾਮਰਾਜ ਦੀ ਫੌਜ ਵਲੋਂ ਅੱਜ ਇਹ ਸਭ ਕਾਲੇ ਕਾਰੇ ਉਸ ਅਸਥਾਨ ਉਪਰ ਵਰਤਾਏ ਜਾ ਰਹੇ ਸਨ ਜਿਸ ਮਹਾਨ ਤੇ ਪਵਿੱਤਰ ਅਸਥਾਨ ਦਾ ਮਹੱਤਵ ਉਥੇ ਲੱਗੇ ਹੋਏ ਕਰੋੜਾਂ ਅਰਬਾਂ ਰੁਪਿਆਂ ਦੇ ਸੰਗੇਮਰਮਰ ਅਤੇ ਮਣਾਂ ਮੂੰਹੀਂ ਸੋਨੇ ਦੇ ਪੱਤਰਿਆਂ ਤੇ ਛਤਰਾਂ ਦੀ ਦਿੱਖ ਤੇ ਅਮੀਰੀ ਠਾਠ ਹੀ ਨਹੀਂ ਸੀ ਜੁੜਿਆ ਹੋਇਆ ਸਗੋਂ ਇਸ ਮਹਾਨ ਪਵਿੱਤਰ ਤੇ ਅਲਾਹੀ ਅਸਥਾਨ ਦਾ ਮਹੱਤਵ ਇਸ ਨਾਲ ਸਦੀਵ-ਕਾਲ ਰੂਪ ਵਿਚ ਸਬੰਧਤ ਉਸ ਸਿਧਾਂਤ ਤੇ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ ਜੋ ਆਪਣੇ ਆਪ ਵਿਚ ਆਦਰਸ਼ ਕਲਿਆਣਕਾਰੀ ਤੇ ਇਨਕਲਾਬੀ ਹੋਣ ਦੇ ਨਾਲ ਨਾਲ ਅਲਾਹੀ ਬਾਣੀ ਦੇ ਸੱਚ ਤੇ ਪ੍ਰਕਾਸ਼ ਪੱਖੋਂ ਮਨੁੱਖੀ ਸੋਚ, ਆਤਮਾ ਤੇ ਅਨੁਭਵ ਲਈ ਸੱਚੇ ਗਿਆਨ ਸੱਚੀ ਖੁਸ਼ੀ ਸੱਚੀ ਨਜਾਤ ਅਤੇ ਰੱਬੀ ਨੂਰ ਤੇ ਜਲਵੇ ਦਾ ਸਰੋਤ ਹੋਣ ਦੇ ਨਾਤੇ ਭਗਤੀ ਤੇ ਸ਼ਕਤੀ ਦਾ ਮਰਕਜ਼ ਅਰਥਾਤ ਕੇਂਦਰ ਵੀ ਹੈ।

ਇਸ ਅਸਥਾਨ ਨੂੰ ਸਿਰਜਨ ਤੇ ਸਥਾਪਤ ਕਰਨ ਦਾ ਮੁਖ ਮਨੋਰਥ ਆਮ ਲੋਕਾਈ ਨੂੰ ਹਰ ਪੱਖੋਂ ਜਾਗ੍ਰਿਤ ਕਰਨਾ, ਉਸ ਅੰਦਰ ਸਦਾਚਾਰਕ ਕਦਰਾਂ ਕੀਮਤਾਂ ਦਾ ਸੰਚਾਰ ਕਰਨਾ ਅਤੇ ਉਸ ਅੰਦਰ ਕੇਵਲ ਇਕ ਅਕਾਲ ਪੁਰਖ ਦੇ ਨਾਮ ਤੇ ਗੁਣਾਂ ਲਖਣਾ ਦੀ ਵਡਿਆਈ ਗਾਇਨ ਕਰਨ ਅਤੇ ਸੇਵਾ, ਸੰਜਮ ਸਦਾਚਾਰਕ ਕਦਰਾਂ ਕੀਮਤਾਂ ਸੁਕ੍ਰਿਤ ਘਾਲਣਾ ਵੰਡ ਕੇ ਛਕਣ, ਸੰਗਤ, ਪੰਗਤ, ਸਵੈਮਾਨ, ਸਵੈ ਭਰੋਸੇ, ਚੰਗੇ ਲਈ ਜੂਝਨ, ਸੱਚੇ ਹੱਕ ਧਰਮ ਨਿਆਉਂ, ਆਜ਼ਾਦੀ ਦੇ ਰਾਹ 'ਤੇ ਕੁਰਬਾਨ ਹੋਣ ਅਤੇ ਮਨੁਖਤਾ ਵਿਰੋਧੀ ਜਾਬਰ, ਅਨਿਆਈ ਤੇ ਧਾੜਵੀ ਤਾਕਤਾਂ ਦੇ ਮੁਕਾਬਲੇ ਬਲਵਾਨ ਯੋਧਿਆਂ ਦੇ ਰੂਪ ਵਿਚ ਸਦਾ ਤੱਤਪਰ ਤੇ ਤਿਆਰ ਬਰ ਤਿਆਰ ਰਹਿਣ ਦੇ ਉੱਚੇ ਸੁੱਚੇ ਤੇ ਕ੍ਰਾਂਤਿਕ ਗੁਣ ਪੈਦਾ



ਕਰਨਾ ਸੀ।

ਹਿੰਦੂ ਸਾਮਰਾਜ ਦੀ ਇਹ ਭਾਰਤੀ ਫੌਜ ਅੱਜ ਉਸ ਅਸਥਾਨ ਉੱਪਰ ਵਹਿਸ਼ਤ ਦਾ ਨਾਚ ਨੱਚ ਰਹੀ ਸੀ ਤੇ ਤਬਾਹੀ ਮਚਾ ਰਹੀ ਸੀ ਜਿਸ ਅਸਥਾਨ ਤੋਂ ਸਮੇਂ ਸਮੇਂ ਲੱਖਾਂ ਸਿਘਾਂ ਸਿਘਨੀਆਂ ਭੁਝੰਗੀਆਂ ਭੁਝੰਗਨਾਂ ਨੇ ਹਿੰਦੁਸਤਾਨ ਦੇ ਗਲੋਂ ਗੁਲਾਮੀ ਦਾ ਜੂੜਾ ਲਾਹੁਣ ਅਤੇ ਹਿੰਦੂ ਸਮਾਜ ਨੂੰ ਵਿਦੇਸ਼ੀ ਧਾੜਵੀਆਂ ਸ਼ਾਸਕਾਂ ਦੇ ਹੱਥੋਂ ਆਏ ਦਿਨ ਦੀ ਜ਼ਲਾਲਤ ਤੇ ਰੁਸਵਾਈ ਤੋਂ ਛੁਟਕਾਰਾ ਦਵਾਉਣ ਲਈ ਗੁਰਮਤੇ ਸੋਧ ਸੋਧ ਅਤੇ ਅਰਦਾਸਾਂ ਕਰ ਕਰ ਕੇ ਚਲਾਈਆਂ ਜਾਣ ਵਾਲੀਆਂ ਮੁਹਿੰਮਾਂ ਦੌਰਾਨ ਹੁਣ ਤੱਕ ਪੀੜ੍ਹੀ ਦਰ ਪੀੜ੍ਹੀ ਰੂਪ ਵਿਚ ਸਿਰਫ ਮਰਜੀਵੜਿਆਂ ਵਜੋਂ ਹੀ ਵੀਹ ਲੱਖ ਤੋਂ ਉੱਪਰ ਉੱਪਰ ਸਿਰਾਂ ਦਾ ਬਲੀਦਾਨ ਦਿੱਤਾ ਸੀ। ਦਹਾਕਿਆਂ ਬੱਧੀ ਘਰੋਂ ਬੇਘਰ ਹੋਕੇ ਜੰਗਲਾਂ ਬੀਆਬਾਨਾਂ ਪਹਾੜਾਂ ਦੀਆਂ ਕੁੰਦਰਾਂ ਤੇ ਰੇਤ ਥਲਿਆਂ ਵਿਚ ਦੁਖ ਤਸੀਹੇ ਤੇ ਅੰਤ ਸੰਤ ਝਲਣ ਅਤੇ ਜੇਹਲਾਂ-ਬੁਰਜਾਂ ਦੀਆਂ ਕਾਲ ਕੋਠੜੀਆਂ ਵਿਚ ਕਹਿਰਾਂ ਦੇ ਕਸ਼ਟ ਤੇ ਤੰਗੀਆਂ ਤੁਰਸ਼ੀਆਂ ਝਲਣ ਵਾਲੇ ਯੋਧਿਆਂ ਸੂਰਬੀਰਾਂ ਦੀ ਗਿਣਤੀ ਤੇ ਗਾਥਾ ਵਖਰੀ ਹੈ।

ਦਿਨ੍ਹਾਂ ਹੀ ਦਿਨਾਂ ਵਿਚ ਦਰਬਾਰ ਸਾਹਿਬ ਕੰਪਲੈਕਸ ਅੰਦਰਲੀ ਸਿਖ ਰੈਫਰੈਂਸ ਲਾਇਬਰੇਰੀ ਦਾ ਇਚਾਰਜ ਸ੍ਰ. ਦੇਵਿੰਦਰ ਸਿਘ ਦੁੱਗਲ ਸਿਖ ਸੰਗਤਾਂ ਵਿਚ ਇਹ ਗੱਲ ਥਾਂ ਥਾਂ ਉੱਪਰ ਫਿਰ ਤੁਰ ਕੇ ਐਲਾਨੀਆਂ ਤੌਰ ਤੇ ਸਪਸ਼ਟ ਕਰ ਰਿਹਾ ਸੀ ਕਿ, 'ਹਿੰਦੂ ਫੌਜ ਨੇ ਦਰਬਾਰ ਸਾਹਿਬ ਕੰਪਲੈਕਸ ਉੱਪਰ ਮੁਕੰਮਲ ਅਧਿਕਾਰ ਜਮਾ ਲੈਣ ਤੋਂ ਬਾਅਦ ਭਾਰਤ ਸਰਕਾਰ ਦੀ ਗਿਣੀ ਮਿਥੀ ਹੋਈ ਨੀਤੀ ਤੇ ਸਾਜ਼ਸ਼ ਨੂੰ ਪਰਵਾਨ ਚੜ੍ਹਾਉਣ ਦੇ ਮਨੋਰਥ ਨਿਸ਼ਾਨੇ ਨਾਲ 7 ਜੂਨ ਵਾਲੇ ਦਿਨ ਸਿਖ ਰੈਫਰੈਂਸ ਲਾਇਬਰੇਰੀ ਨੂੰ ਸਿਰਫ ਏਸ ਲਈ ਅੱਗ ਲਾਈ ਗਈ ਅਤੇ ਉਸਨੂੰ ਸਾੜ ਕੇ ਸਵਾਹ ਕੀਤਾ ਗਿਆ ਕਿ ਤਾਂ ਜੋ ਸਿਖ ਕੌਮ ਦਾ ਅਜ਼ੀਮ ਇਤਹਾਸ ਵਿਰਸਾ ਮਲੀਆ ਮੇਟ ਕੀਤਾ ਜਾ ਸਕੇ।'

ਦੁੱਗਲ ਅਨੁਸਾਰ ਸਿਖ ਰੈਫਰੈਂਸ ਲਾਇਬਰੇਰੀ ਵਿਚ ਸਿਖ ਇਤਿਹਾਸ ਨਾਲ ਸਬੰਧਤ ਐਸੀਆਂ ਨਾਯਾਬ ਦਸਤਾਵੇਜ਼ਾਂ, ਗੁਰੂ ਸਾਹਿਬਾਨ ਦੇ ਹੱਥ ਲਿਖਤ ਹੁਕਮ ਨਾਮੇ ਅਤੇ ਇਤਹਾਸਕ ਹਥ ਖਰੜੇ ਸਨ ਕਿ ਜੋ ਅੱਜ ਕਰੋੜਾਂ ਅਰਬਾਂ ਰੁਪਏ ਖਰਚ ਕਰਕੇ ਵੀ ਪ੍ਰਾਪਤ ਨਹੀਂ ਕੀਤੇ ਜਾ ਸਕਦੇ।

ਇਨ੍ਹਾਂ ਇਤਹਾਸਕ ਦਸਤਾਵੇਜ਼ਾਂ ਦੀ ਅਮੀਰੀ ਤੇ ਮਹੱਤਵ ਬਾਰੇ ਦੁੱਗਲ ਦਾ ਮੇਰੇ ਪਾਸ ਇਹ ਕਥਨ ਸੀ ਕਿ 'ਜਦੋਂ ਕਦੀ ਵੀ ਉਸਦੇ ਜੀਵਨ ਵਿਚ ਉਦਾਸੀ ਜਾਂ ਕਿਧਰੇ ਕੋਈ ਮਾਯੂਸ ਕਰਨ ਵਾਲੀ ਗੱਲ ਆਉਂਦੀ ਸੀ ਤਾਂ ਉਸ ਹਾਲਤ ਵਿਚ ਜਦ ਉਹ ਗੁਰੂ ਸਾਹਿਬਾਨ ਵਲੋਂ ਸਿਖ ਸੰਗਤਾਂ ਦੇ ਨਾ ਲਿਖੇ ਹੋਏ ਕਿਸੇ ਵੀ ਹੁਕਮ ਨਾਮੇ ਉੱਪਰ ਕੀਤੇ ਹੋਏ ਹਸਤਅੱਖਰਾਂ ਨੂੰ ਆਪਣਾ ਮਸਤਕ ਛੁਹਾਉਂਦਾ ਸੀ ਤਾਂ ਉਸ ਸਮੇਂ ਉਸਦੀ ਅੰਤਰ ਆਤਮਾ ਵਿਚ ਬਿਜਲੀ ਦੀ ਤੇਜ਼ੀ ਵਾਂਗ ਕੋਈ ਅਗੰਮੀ ਜਿਹੀ ਆਤਮਕ ਰੌ ਦੌੜ ਜਾਂਦੀ ਤੇ ਇਸਦੇ ਨਾਲ ਹੀ ਉਸਨੂੰ ਆਪਣੇ ਮਨ ਦੀ ਅਵਸਥਾ ਜੋਸ਼ ਉਤਸ਼ਾਹ ਤੇ ਚੜ੍ਹਦੀ ਕਲਾ ਦੀਆਂ ਲਹਿਰਾਂ ਤੂੰਗਾਂ ਉੱਪਰ ਉਛਲਦੀ ਕੁਦੱਦੀ ਤੇ ਉਡ ਉਡ ਪੈਂਦੀ ਹੋਈ ਪ੍ਰਤੀਤ ਹੋਣ ਲਗ ਪੈਂਦੀ।'

ਦੁੱਗਲ ਦਾ ਕਥਨ ਸੀ ਕਿ, 'ਇਸ ਫੌਰੀ ਤਬਦੀਲੀ ਦਾ ਕਾਰਨ ਇਹ ਹੁੰਦਾ ਸੀ ਕਿ ਜਦੋਂ ਹੀ ਮੈਂ ਗੁਰੂ ਸਾਹਿਬਾਨ ਦੇ ਹਸਤਅੱਖਰਾਂ ਉੱਪਰ ਆਪਣੀ ਨਜ਼ਰ ਪਾਉਂਦਾ ਤਾਂ ਉਸ ਸਮੇਂ ਮੇਰੇ ਸਾਹਮਣੇ ਗੁਰੂ ਸਾਹਿਬਾਨ, ਚੌਹਾਂ ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ, ਮਹਾਨ ਗੁਰਸਿਖਾਂ, ਅਨੇਕ ਸਿਖ ਸੂਰਬੀਰਾਂ ਤੇ ਸ਼ਹੀਦ ਸਿਘ ਸਿਘਣੀਆਂ ਦੇ ਸੇਵਾ ਤੇ ਘਾਲਣਾ ਭਰਪੂਰ ਅਤੇ ਜਾਨ ਜੋਖੋਂ ਤੇ ਕੁਰਬਾਨੀਆਂ ਭਰੇ ਉਹ ਮਹਾਨ ਕਾਰਨਾਮੇ ਤੇ ਉਹਨਾਂ ਵਲੋਂ ਪਿੰਡੇ ਹੰਢਾਏ ਖੂਨੀ ਸਾਕਿਆਂ ਦੇ ਦ੍ਰਿਸ਼ ਆ ਖਲੋਂਦੇ ਜਿਨ੍ਹਾਂ

ਦੇ ਕਸ਼ਟਾਂ ਤੇ ਦੁੱਖਾਂ ਪੀੜਾਂ ਦੇ ਸੇਕ ਨੂੰ ਅਤੇ ਘਾਲਣਾ ਭਰਪੂਰ ਸਰਗਰਮੀਆਂ ਦੀ ਨਿਰੰਤਰ ਰਿਆਜ਼ ਦੀਆਂ ਪੀੜਾਂ ਕਠਨਾਈਆਂ ਤੇ ਮੁਸ਼ਕਲਾਂ ਨੂੰ ਖਿੜੇ ਮੱਥੇ ਜਰਨਾ ਉਹਨਾਂ ਦਾ ਹੀ ਕੰਮ ਸੀ। ਐਸੇ ਸਮੇਂ ਮੈਨੂੰ ਆਪਣੇ ਆਪ ਵਿਚ ਇਸਤਰਾਂ ਅਨੁਭਵ ਤੇ ਸਪਸ਼ਟ ਹੋ ਰਿਹਾ ਹੁੰਦਾ ਕਿ ਕੌਮਾਂ ਦਾ ਇਤਹਾਸ ਅਤੇ ਉਹਨਾਂ ਦੇ ਮਹਾਨ ਪੁਰਖਿਆਂ, ਯੋਧਿਆਂ ਤੇ ਸ਼ਹੀਦਾਂ ਦੇ ਜੀਵਨ ਤੇ ਜੀਵਨ ਕਾਲ ਨਾਲ ਸਬੰਧਤ ਯਾਦਗਾਰੀ ਵਸਤੂਆਂ ਤੇ ਹੱਥ ਲਿਖਤਾਂ ਕੌਮਾਂ ਲਈ ਸਚਮੁਚ ਹੀ ਚੜ੍ਹਦੀ ਕਲਾ ਅਤੇ ਅਥਾਹ ਤੇ ਅਗੰਮੀ ਸ਼ਕਤੀ ਦਾ ਸੋਮਾ ਹੁੰਦੀਆਂ ਹਨ। ਅਸਲ ਵਿਚ ਇਹੋ ਹੀ ਕਾਰਨ ਹੈ ਕਿ ਜਦੋਂ ਕੋਈ ਦੁਸ਼ਮਨ ਤਾਕਤ ਕਿਸੇ ਕੌਮ ਦੀਆਂ ਜੜ੍ਹਾਂ ਵੱਢਣ ਦੀ ਠਾਨ ਲੈਂਦੀ ਹੈ ਤਾਂ ਉਸ ਹਾਲਤ ਵਿਚ ਉਹ ਉਸ ਕੌਮ ਦੀ ਕੌਮੀ ਪਹਿਚਾਣ ਤੇ ਕੌਮੀ ਸ਼ਕਤੀ ਦੇ ਅਸਲ ਸਰੋਤ, ਜੋ ਕੌਮ ਦਾ ਮਹਾਨ ਵਿਰਸਾ ਹੁੰਦੇ ਹਨ, ਨੂੰ ਬਾਂਝ ਬਨਾਉਣ ਤੇ ਮਲੀਆ ਮੇਟ ਕਰਨ ਦੇ ਅਮਲ ਕਰਮ ਵੱਲ ਉਚੇਚਾ ਧਿਆਨ ਦੇਂਦੀ ਹੈ। ਦਰਬਾਰ ਸਾਹਿਬ ਕੰਪਲੈਕਸ ਅੰਦਰਲੀ ਇਹ ਸਿੱਖ ਰੈਫਰੈਂਸ ਲਾਇਬਰੇਰੀ ਹਿੰਦੂ ਸਾਮਰਾਜ ਨੂੰ ਚਿਰ ਕਾਲ ਤੋਂ ਰੜਕ ਰਹੀ ਸੀ ਤੇ ਆਪਣੇ ਲਈ ਇਕ ਬਹੁਤ ਵੱਡਾ ਖਤਰਾ ਭਾਸ ਰਹੀ ਸੀ ਕਿਉਂਕਿ ਇਸਦਾ ਸਮੁੱਚਾ ਭੰਡਾਰ ਜਿਥੇ ਖਾਲਸਾ ਪੰਥ ਨੂੰ ਉਸਦੇ ਸ਼ਾਨਦਾਰ ਇਤਿਹਾਸ ਦੀਆਂ ਰੌਸ਼ਨ ਤੇ ਬਲਵਾਨ ਦਾਸਤਾਨਾਂ ਸੁਨਾਉਂਦਾ ਸੀ, ਉਹਨਾਂ ਨੂੰ ਪੰਥ ਦੀ ਅਜ਼ਾਦ ਹਸਤੀ ਦੇ ਸੋਮੇ-ਸਰੋਤ ਬਾਰੇ ਪਹਿਚਾਣ ਕਰਵਾਉਂਦਾ ਸੀ, ਗੁਰੂ ਸਾਹਿਬਾਨ ਦੇ ਆਦਰਸ਼ ਇਨਕਲਾਬੀ ਤੇ ਸੰਘਰਸ਼ਮਈ ਜੀਵਨ ਦੀਆਂ ਜ਼ਿੰਦਗੀ ਬਖਸ਼ ਝਲਕੀਆਂ ਵਿਖਾਉਂਦਾ ਸੀ, ਆਜ਼ਾਦੀ ਦੇ ਮਾਰਗ ਤੇ ਮੰਜ਼ਲ ਨਾਲ ਅਟੁੱਟ ਤੇ ਸਦੀਵ ਕਾਲੀ ਸਾਂਝ ਦਿਵਾਉਂਦਾ ਸੀ, ਸਿੱਖ ਨੌਜਵਾਨਾਂ ਨੂੰ ਸ਼ੇਰਾਂ ਦੀ ਤਰਾਂ ਵਿਚਰਨ ਤੇ ਆਪਣੇ ਅੰਦਰ ਬਾਜ਼ ਵਰਗੀ ਉਡਾਨ ਭਰਨ ਤੇ ਸ਼ਕਤੀ ਪੈਦਾ ਕਰਨ ਦਾ ਸੰਦੇਸ਼ ਦੇਂਦਾ ਸੀ ਉਥੇ ਸਮੁੱਚੀ ਸਿੱਖ ਕੌਮ ਨੂੰ ਦੁਨੀਆਂ ਭਰ ਦੀਆਂ ਆਜ਼ਾਦ ਤੇ ਖੁਦ ਮੁਖਤਿਆਰ ਕੌਮਾਂ ਦੇ ਮੁਕਾਬਲੇ ਵਿੱਚ ਆਪਣੇ ਅੰਦਰ ਇਕ ਬਲਵਾਨ ਖੁਸ਼ਹਾਲ ਆਦਰਸ਼ ਤੇ ਸਵੈ ਨਿਰਭਰ ਕੌਮ ਵਜੋਂ ਗੁਣ ਲੱਛਣ ਤੇ ਸਾਧਨ ਸਰੋਤ ਪੈਦਾ ਕਰਨ ਦੀ ਸੇਧ ਤੇ ਪ੍ਰੇਰਨਾ ਵੀ ਦੇਂਦਾ ਸੀ।

ਫੌਜ ਵਲੋਂ ਸਿੱਖ ਰੈਫਰੈਂਸ ਲਾਇਬਰੇਰੀ ਦੇ ਅਗਨ ਭੇਟ ਕੀਤੇ ਜਾਣ ਨਾਲ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਹੁਤ ਸਾਰੀਆਂ ਹੱਥ ਲਿਖਤ ਬੀੜਾਂ ਤਬਾਹ ਹੋਈਆਂ ਉਥੇ ਪੰਜ ਸੌ ਤੋਂ ਉਪਰ ਨਾਯਾਬ ਪੁਸਤਕਾਂ (Rare Books) ਜੋ ਰਹਿਤ ਮਰਯਾਦਾ, ਸਿੱਖ ਵਿਚਾਰਧਾਰਾ ਤੇ ਖਾਲਸਾਈ ਪ੍ਰੰਪਰਾਵਾਂ ਬਾਰੇ ਸਨ, ਖਾਕ ਸਿਤਰ ਹੋ ਗਈਆਂ। ਸਾਲਾਂਬੱਧੀ ਮਿਹਨਤ ਨਾਲ ਟਾਈਪ ਕੀਤੇ ਹੋਏ ਦੋ ਸੌ ਦੇ ਲਗਪਗ ਨਾਯਾਬ ਪੁਸਤਕਾਂ ਦੇ ਖਰੜੇ ਵੀ ਇਥੇ ਅੱਗ ਦੀ ਨਜ਼ਰ ਹੋ ਗਏ। ਪਿਛਲੇ ਸੱਠਾਂ ਸਾਲਾਂ ਦੇ ਸਿੱਖ ਘੋਲਾਂ ਨੂੰ ਅਰਥਾਤ ਧਾਰਮਕ ਰਾਜਨੀਤਕ ਸਿੱਖ ਲਹਿਰ ਨੂੰ ਉਜਾਗਰ ਕਰਨ ਵਾਲੀਆਂ ਵੱਖ ਵੱਖ ਅਖਬਾਰਾਂ (ਪੰਜਾਬੀ ਉਰਦੂ ਤੇ ਅੰਗਰੇਜ਼ੀ ਆਦਿ ਦੀਆਂ) ਜਿਲਦ ਕੀਤੀਆਂ ਹੋਈਆਂ ਬਾਰਾਂ ਸੌ ਤੋਂ ਉਤੇ ਫਾਈਲਾਂ ਵੀ ਇਸ ਅੱਗ ਦੀ ਭੁੱਬਲ ਵਿਚ ਸੌਂ ਗਈਆਂ। ਇਸ ਪਰਕਾਰ ਦੇ ਇਤਹਾਸਕ ਸੋਮਿਆਂ ਤੋਂ ਇਲਾਵਾ ਬਹੁਤ ਸਾਰੀਆਂ ਇਤਹਾਸਕ ਮਹੱਤਤਾ ਰੱਖਣ ਵਾਲੀਆਂ ਹੱਥ ਲਿਖਤਾਂ, ਗੁਰੂ ਸਾਹਿਬਾਨ ਦੇ ਹੁਕਮ ਨਾਮੇ, ਜਨਮ ਸਾਖੀਆਂ, ਖਾਲਸਾ ਪੰਥ ਦੇ ਮੂਲ ਸਿਧਾਂਤ ਵਿਰਸੇ ਤੇ ਸਭਿਆਚਾਰ ਦੇ ਸੱਚ ਨੂੰ ਉਜਾਗਰਤ ਕਰਨ ਵਾਲੇ ਕੁਝ ਅਣ-ਛਪੇ ਹੱਥ ਲਿਖਤ ਖਰੜੇ ਫਾਰਸੀ ਭਾਸ਼ਾ ਤੇ ਲਿਪੀ ਵਿਚ ਲਿਖੀਆਂ ਹੋਈਆਂ ਖਾਲਸਾ ਰਾਜ ਤੇ ਸਿੱਖ ਧਰਮ ਨਾਲ ਸਬੰਧਤ ਹੱਥ ਲਿਖਤ ਪੁਸਤਕਾਂ ਦੇ ਖਰੜੇ ਦਾਸ (ਬਲਬੀਰ ਸਿੰਘ ਸੰਧੂ) ਵੱਲੋਂ ਲਿਖੇ ਗਏ, 'ਖਾਲਿਸਤਾਨ ਦਾ ਸੰਵਿਧਾਨ — ਖਾਲਿਸਤਾਨ ਕਿਉਂ?' — ਖਾਲਿਸਤਾਨ ਕੌਂਸਲ (ਨੈਸ਼ਨਲ ਕੌਂਸਲ ਆਫ ਖਾਲਿਸਤਾਨ) ਦਾ ਮੈਨੀਫੈਸਟੋ ਤੇ ਸਰਬੱਤ ਖਾਲਸੇ ਦੀ ਵਿਆਖਿਆ ਆਦਿ ਪੁਸਤਕਾਂ, ਕਤਾਬਚਿਆਂ ਦੇ ਓਰਿਜਨਲ ਹੱਥ ਲਿਖਤਾਂ



ਆਦਿ ਵੀ ਇਸੇ ਹੀ ਅੱਗ ਦੇ ਭਾਂਬੜਾਂ ਵਿਚ ਅਲੋਪ ਹੋ ਗਈਆਂ। ਇਸ ਸਭ ਕੁਝ ਤੋਂ ਇਲਾਵਾ ਜੋ ਉਥੇ ਹਜ਼ਾਰ ਪੰਜਾਬੀ ਉਰਦੂ ਫਾਰਸੀ ਹਿੰਦੀ ਤੇ ਅੰਗਰੇਜ਼ੀ ਆਦਿ ਪ੍ਰਕਾਸ਼ਤ (ਧਾਰਮਕ ਇਤਹਾਸ) ਪੁਸਤਕਾਂ ਦਾ ਭੰਡਾਰ ਜਮਾ ਸੀ ਉਹਨਾਂ ਦੇ ਸੜ ਬਲ ਜਾਣ ਕਾਰਨ ਉੱਠਣ ਵਾਲੇ ਭਾਂਬੜਾਂ ਦੇ ਸੇਕ ਦੀ ਦਾਸਤਾਨ ਵੱਖਰੀ ਹੈ।

ਇਸ ਮਹਾਨ ਇਤਹਾਸਕ ਵਿਰਸੇ ਦੀ ਤਬਾਹੀ ਤੇ ਬਰਬਾਦੀ ਤੋਂ ਇਲਾਵਾ ਸਟੀਲ ਦੀਆਂ ਅਲਮਾਰੀਆਂ, ਰੈਕ, ਫਰਨੀਚਰ, ਦਰੀਆਂ, ਗਲੀਚਿਆਂ, ਬਹੁਮੁੱਲੀਆਂ ਤੇ ਨਾਯਾਬ ਤਸਵੀਰਾਂ ਚਿੱਤਰਾਂ, ਬਹੁਰੰਗੇ ਬਲਾਕਾਂ, ਟਾਈਪ ਰਾਈਟਰਜ਼, ਸਾਈਕਲੋ-ਸਟਾਈਲ ਮਸ਼ੀਨਾਂ ਤੇ ਹੋਰ ਬੇਸ਼ੁਮਾਰ ਵਸਤੂਆਂ ਦੀ ਤਬਾਹੀ ਤੇ ਬਰਬਾਦੀ ਦੇ ਕਾਰਨ ਜੋ ਇਸ ਸਭ ਕੁਝ ਦੇ ਲੇਖੇ ਲੱਗੇ ਹੋਏ ਸਮੇਂ ਮਿਹਨਤ ਤੇ ਸਰਮਾਏ ਦਾ ਨੁਕਸਾਨ ਹੋਇਆ ਉਹ ਵੱਖਰਾ ਹੈ।

ਇਸੇ ਤਰਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਤੋਪਾਂ ਨਾਲ ਉਡਾਏ ਜਾਣ ਦੇ ਨਾਲ ਹੀ ਗੁਰੂ ਸਾਹਿਬਾਨ, ਸਿੱਖ ਯੋਧਿਆਂ, ਜਰਨੈਲਾਂ ਤੇ ਸ਼ਹੀਦ ਸਿੰਘਾਂ ਵੱਲੋਂ ਵੱਖ ਵੱਖ ਇਤਹਾਸਕ ਜੰਗਾਂ ਯੁੱਧਾਂ ਦੇ ਦੌਰਾਨ ਵਰਤੇ ਗਏ ਹਥਿਆਰਾਂ, ਜੰਗਾਂ ਯੁਧਾਂ ਸਮੇਂ ਵਰਤੋਂ 'ਚ ਲਿਆਂਦੀਆਂ ਗਈਆਂ ਯਾਦਗਾਰੀ ਸੰਜੋਆਂ, ਪੁਸ਼ਾਕਾਂ, ਤਲਵਾਰਾਂ, ਢਾਲਾਂ ਬੰਦੂਕਾਂ ਤੇ ਹੋਰ ਬਹੁਤ ਸਾਰੇ ਰਵਾਇਤੀ ਹਥਿਆਰਾਂ, ਜਿਨਾਂ ਦੇ ਸੰਗਤਾਂ ਨੂੰ ਹਰ ਰੋਜ਼ ਖੁੱਲੇ ਦਰਸ਼ਨ ਕਰਵਾਏ ਜਾਂਦੇ ਸਨ, ਸਭ ਦਾ ਸਫਾਇਆ ਹੋ ਗਿਆ। ਅਰਥਾਤ ਤੋਪਾਂ ਦੀ ਮਾਰ ਤੇ ਅੱਗ ਨੇ ਉਹਨਾਂ ਨੂੰ ਨਿਗਲ ਲਿਆ। ਜੋ ਹਥਿਆਰ ਤੇ ਯਾਦਗਾਰੀ ਵਸਤੂਆਂ ਕਿਸੇ ਨਾ ਕਿਸੇ ਰੂਪ 'ਚ ਬਚੀਆਂ ਰਹੀਆਂ ਉਹਨਾਂ ਦੀ ਆਕਰਸ਼ਿਕ ਦਿੱਖ ਤੇ ਸ਼ਾਨ ਜਾਂਦੀ ਰਹੀ, ਸ਼ਕਲਾਂ ਵਿਗੜ ਗਈਆਂ ਅਤੇ ਉਹਨਾਂ ਦੀ ਪਛਾਣ ਗਵਾਚ ਗਈ।

ਸ੍ਰੀ ਹਰਿਮੰਦਰ ਸਾਹਿਬ ਦੇ ਤੋਸ਼ੇਖਾਨੇ ਦੀ ਬਰਬਾਦੀ ਦਾ ਹਾਲ ਵੀ ਕੁਝ ਇਸਤਰਾਂ ਦਾ ਹੀ ਹੈ। ਉਹ ਸਭ ਕੀਮਤੀ ਤੇ ਇਤਹਾਸਕ ਵਸਤੂਆਂ ਜੋ ਉਸਤਰਾਂ ਵੀ ਕਰੋੜਾਂ ਰੁਪਏ ਦੀ ਕੀਮਤ ਦੀਆਂ ਸਨ ਸਭ ਦਾ ਰੂਪ ਰੰਗ ਤੇ ਹੁਲੀਆ ਬੇਪਛਾਣ ਹੋ ਗਿਆ। ਬਹੁਤ ਸਾਰੀਆਂ ਬਹੁਗੁਣੀਆਂ ਤੇ ਯਾਦਗਾਰੀ ਵਸਤੂਆਂ ਤਾਂ ਬਿਲਕੁਲ ਹੀ ਨਸ਼ਟ ਹੋ ਗਈਆਂ। ਇਕ ਸੁਨਹਿਰੀ ਚਾਨਣੀ ਜੋ ਨਜ਼ਾਮ ਹੈਦਰਾਬਾਦ ਨੇ ਉਨੀਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਭੇਟ ਕੀਤੀ ਸੀ ਅਤੇ ਜਿਸ ਉਪਰ ਹੀਰੇ, ਪੰਨੇ ਤੇ ਜਵਾਹਰਾਤ ਜੜੇ ਹੋਏ ਸਨ ਤੇ ਉਸ ਉੱਪਰ ਸੋਨੇ ਦੇ ਧਾਗੇ ਨਾਲ ਬੜੇ ਹੀ ਕਲਾਤਮ ਢੰਗ ਨਾਲ ਕੰਮ ਕੀਤਾ ਹੋਇਆ ਸੀ ਅਤੇ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਹੀ ਸੁੰਦਰ ਤੇ ਬਹੁਮੁੱਲੀ ਸਮਝ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਭੇਟ ਕਰ ਦਿੱਤਾ ਸੀ, ਨੂੰ ਵੀ ਅੱਗ ਦੀਆਂ ਲਾਟਾਂ ਨੇ ਥਾਂ ਥਾਂ ਤੋਂ ਖਾ ਲਿਆ। ਸੋਨੇ ਚਾਂਦੀ ਦੀਆਂ ਪਾਲਕੀਆਂ ਜਿਨ੍ਹਾਂ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਖਾਸ ਖਾਸ ਤਿਹਵਾਰਾਂ ਸਮੇਂ ਸਵਾਰੀ ਕੀਤੀ ਜਾਂਦੀ ਸੀ ਦੇ ਰੂਪ ਰੰਗ ਤੇ ਛਬੀਲੇ ਪ੍ਰਭਾਵ ਨੂੰ ਵਗਾੜ ਕੇ ਰੱਖ ਦਿੱਤਾ ਸੀ।

ਸ੍ਰੀ ਹਰਿਮੰਦਰ ਸਾਹਿਬ ਦਾ ਮੁਖ ਗ੍ਰੰਥੀ ਗਿਆਨੀ ਸਾਹਿਬ ਸਿੰਘ ਜੋ ਹੱਦ ਦਰਜੇ ਤਕ ਦਾ ਕਮਜ਼ੋਰ ਤੇ ਡਰਪੋਕ ਅਤੇ ਖਾਲਸਾ ਰਾਜ ਦੇ ਸੰਕਲਪ ਦਾ ਕੱਟੜ ਵਿਰੋਧੀ ਅਤੇ ਸਰਕਾਰ ਦੇ ਇਸ਼ਾਰਿਆਂ ਉਪਰ ਪੁਤਲੀਆਂ ਵਾਂਗ ਨੱਚਣ ਵਾਲਾ ਵਿਅਕਤੀ ਸੀ, ਵੀ ਜਦੋਂ ਸਿੱਖ ਸੰਗਤਾਂ ਵਿਚ ਗੱਲ ਕਰਦਾ ਤਾਂ ਉਹ ਵੀ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਅਤੇ ਕੰਪਲੈਕਸ ਦੇ ਤੇ ਹਰਿਮੰਦਰ ਸਾਹਿਬ ਭਵਨ ਦੇ ਅੰਦਰ ਬਾਹਰ ਜੋ ਫੌਜ ਵਲੋਂ ਪਰਲੋ ਅਰਥਾਤ ਤਬਾਹੀ ਮਚਾਈ ਗਈ ਤੇ ਖੂਨੀ ਝੱਖੜ ਝੁਲਾਇਆ ਗਿਆ ਉਸਦਾ ਵਰਨਣ ਆਪਣੀ ਜ਼ਬਾਨ ਤੋਂ ਇਸਤਰਾਂ ਕਰਦਾ ਸੀ:

"ਸ੍ਰੀ ਹਰਿਮੰਦਰ ਸਾਹਿਬ ਭਵਨ ਦੇ ਅੰਦਰ ਸਭ ਪਾਸੇ ਖੂਨ ਹੀ ਖੂਨ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਪੂਰੀ ਤਰਾਂ ਨਾਲ ਤਬਾਹ ਤੇ ਬਰਬਾਦ ਹੋ ਚੁੱਕਾ ਸੀ। ਸੱਤ ਜੂਨ ਨੂੰ ਸਵੇਰੇ ਕੋਈ 6-30 ਵਜੇ ਦੇ ਲਗਪਗ ਮਿਲਟਰੀ ਵਾਲੇ ਗਿਆਨੀ ਪੂਰਨ ਸਿੰਘ ਤੇ ਮੋਹਨ ਸਿੰਘ ਨੂੰ ਨਾਲ ਲੈ ਕੇ ਮੇਰੇ ਘਰ ਆਏ। ਕਹਿਣ ਲੱਗੇ ਕਿ 'ਸਾਡਾ ਅਫ਼ਸਰ ਤੁਹਾਨੂੰ ਮਿਲਣਾ ਚਾਹੁੰਦਾ ਹੈ। ਸ੍ਰੀ ਦਰਬਾਰ ਸਾਹਿਬ ਵਿਚ ਸਭ ਪਾਸੇ ਲਾਸ਼ਾਂ ਹੀ ਲਾਸ਼ਾਂ ਸਨ। ਪਰਕਰਮਾ ਦੇ ਅੰਦਰ, ਕਮਰਿਆਂ, ਬਰਾਂਡਿਆਂ ਤੇ ਹੋਰ ਹੇਠਲੀਆਂ ਉਪਰਲੀਆਂ ਸਭ ਇਮਾਰਤਾਂ ਵਿਚ ਚੌਫੇਰੇ ਹੀ ਲਾਸ਼ਾਂ ਖਿਲਰੀਆਂ ਹੋਣ ਕਰਕੇ ਸਭ ਪਾਸੇ ਬਦਬੂ ਹੀ ਬਦਬੂ ਸੀ। ਇਥੋਂ ਤੱਕ ਕਿ ਸਾਹ ਲੈਣਾ ਵੀ ਕਠਨ ਸੀ। ਜਿਧਰ ਧਿਆਨ ਜਾਂਦਾ ਉਧਰ ਹੀ ਲਹੂ ਲੁਹਾਨ ਹੋਏ ਬਸਤਰਾਂ, ਬਾਣਿਆਂ ਤੇ ਲਹੂ ਲੱਥੜਿਆਂ ਵਿਚ ਲਿਪਟੀਆਂ ਹੋਈਆਂ ਸਿੰਘਾਂ ਤੇ ਸਿਖ ਨੌਜਵਾਨਾਂ ਦੀਆਂ ਲਾਸ਼ਾਂ ਹੀ ਲਾਸ਼ਾਂ ਦਿਸਦੀਆਂ ਸਨ। ਇਉਂ ਸਮਝੋ ਕਿ ਸਿਖ ਨੌਜਵਾਨ, ਸਿੰਘ ਸਿੰਘਣੀਆਂ ਤੇ ਬਚਿਆਂ ਦੀਆਂ ਲਾਸ਼ਾਂ ਅਰਥਾਤ ਮ੍ਰਿਤਕ ਸਰੀਰਾਂ ਨਾਲ ਪਰਕਰਮਾ ਭਰੀ ਪਈ ਸੀ। ਕੁਝ ਲਾਸ਼ਾਂ ਸਰੋਵਰ ਵਿਚ ਤਰ ਰਹੀਆਂ ਸਨ। ਸਿਰਫ ਪਰਕਰਮਾ ਦੇ ਅੰਦਰ ਅੰਦਰ ਮਰਨ ਵਾਲਿਆਂ, ਸ਼ਹੀਦ ਹੋਣ ਵਾਲਿਆਂ ਦੀਆਂ ਜੋ ਲੋਥਾਂ ਸਾਹਮਣੇ ਦਿੱਸ ਰਹੀਆਂ ਸਨ ਉਹਨਾਂ ਦੀ ਗਿਣਤੀ ਹੀ ਕੋਈ ਬਾਰਾਂ ਚੌਦਾਂ ਸੌ ਤੋਂ ਉੱਪਰ ਉੱਪਰ ਸੀ। ਮਿਲਟਰੀ ਵਾਲੇ ਸਾਡੇ ਸਾਹਮਣੇ ਖੁੱਲ੍ਹੇ ਡੁਲ੍ਹੇ ਤੇ ਬੇਰੋਕ ਟੋਕ ਸਿਗਰਟਾਂ ਪੀ ਰਹੇ ਸਨ। ਸਾਨੂੰ ਸੁਣਾ ਸੁਣਾ ਕੇ ਦਿਲ ਚੀਰਵੀਆਂ ਗੱਲਾਂ ਕਹਿ ਰਹੇ ਸਨ, 'ਰਾਜ ਕਰੇਗਾ ਡੋਗਰਾ — 'ਮਾਰੋ ਗੋਲੀ ਸਾਲੇ ਕੋ।'

ਮੈਨੂੰ ਜਿਸ ਸਮੇਂ ਫੌਜੀ ਅਫਸਰ ਕੋਲ ਲੈ ਜਾਇਆ ਗਿਆ ਤਾਂ ਉਸ ਵਕਤ ਤੱਕ ਫੌਜੀਆਂ ਦੀ ਜ਼ਬਾਨੀ ਗੰਦੀ ਭਾਸ਼ਾ ਸੁਣ ਸੁਣ ਕੇ ਤੇ ਚੋਭਵੀਆਂ ਗੱਲਾਂ ਸੁਣ ਕੇ ਮੈਨੂੰ ਆਪਣੀ ਜ਼ਮੀਰ ਤੇ ਆਤਮਾ ਛਲਣੀ ਛਲਣੀ ਹੋ ਚੁੱਕੀ ਪ੍ਰਤੀਤ ਹੋ ਰਹੀ ਸੀ ਅਤੇ ਮੇਰੀਆਂ ਅੱਖਾਂ ਪਿਛੇ ਬੇਥਾਹ ਅਥਰੂਆਂ ਦਾ ਦਰਿਆ ਡੱਕਿਆ ਹੋਇਆ ਭਾਸ ਰਿਹਾ ਸੀ। ਜਿਸ ਸਮੇਂ ਮੈਨੂੰ ਫੌਜੀ ਅਫਸਰ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਸ ਸਮੇਂ ਉਥੇ ਪਹਿਲਾਂ ਹੀ ਬਹੁਤ ਸਾਰੇ ਸੇਵਾਦਾਰ, ਸ਼੍ਰੋਮਣੀ ਕਮੇਟੀ ਦੇ ਕਰਮਚਾਰੀ, ਰਾਗੀ ਸਿੰਘ ਤੇ ਗ੍ਰੰਥੀ ਸਿੰਘ ਹਰਾਸਤ ਵਿਚ ਸਨ, ਜਿਨਾਂ ਦੀ ਹਾਲਤ ਹਰ ਪੱਖੋਂ ਹੀ ਬਹੁਤ ਮੰਦੀ ਮਾੜੀ ਤੇ ਤਰਸ ਯੋਗ ਸੀ। ਉਥੇ ਮੈਨੂੰ ਕਿਸੇ ਨਾਲ ਗੱਲ ਕਰਨ ਦੀ ਆਗਿਆ ਨਹੀਂ ਸੀ, ਕਿਸੇ ਨਾਲ ਨਜ਼ਰਾਂ ਤੱਕ ਵੀ ਸਾਂਝੀਆਂ ਨਹੀਂ ਸਨ ਕੀਤੀਆਂ ਜਾ ਸਕਦੀਆਂ। ਮੈਨੂੰ ਫੌਜੀ ਅਫਸਰ ਨੇ ਬੜੇ ਰੋਹਬ ਤੇ ਧੌਂਸ ਨਾਲ ਦਰਬਾਰ ਸਾਹਿਬ ਅੰਦਰ ਧਾਰਮਕ ਰਸਮਾਂ ਤੇ ਕਾਰਜ ਕਰਮਾਂ ਨੂੰ ਮੁੜ ਆਰੰਭ ਕਰਨ ਤੇ ਨਿਭਾਉਣ ਲਈ ਕਿਹਾ, ਪਰ ਮੈਂ ਉਸਨੂੰ ਦਸਿਆ ਕਿ ਇਹ ਕਾਰਜ ਨਿਭਾਉਣਾ ਮੇਰੇ ਇਕੱਲੇ ਦੇ ਵੱਸ ਦੀ ਗੱਲ ਨਹੀਂ ਜਿਸ ਕਰਕੇ ਮੈਂ ਉਸਨੂੰ 24 ਨਾਂ ਹੋਰ ਦਿੱਤੇ ਜੋ ਉਸ ਸਮੇਂ ਫੌਜ ਦੀ ਹਰਾਸਤ ਵਿਚ ਹੀ ਸਨ ਤੇ ਉਥੇ ਮੌਜੂਦ ਸਨ। ਪਰ ਉਸ ਮਿਲਟਰੀ ਅਫਸਰ ਨੇ ਸਿਰਫ 13 ਸਿੰਘਾਂ ਨੂੰ ਹੀ ਛੱਡਿਆ।

ਜਿਸ ਸਮੇਂ ਮੈਨੂੰ ਹਰਿਮੰਦਰ ਸਾਹਿਬ ਭਵਨ ਦੇ ਅੰਦਰ ਤੇ ਬਾਹਰ ਥਾਂ ਥਾਂ ਉਪਰ ਖਿਲਰੀਆਂ ਹੋਈਆਂ ਲਾਸ਼ਾਂ ਚੋਂ ਦੀ ਲੰਘਾ ਕੇ ਹਰਿਮੰਦਰ ਸਾਹਿਬ ਭਵਨ ਦੇ ਅੰਦਰ ਲੈ ਜਾਇਆ ਗਿਆ ਤਾਂ ਉਸ ਸਮੇਂ ਜੋ ਦ੍ਰਿਸ਼ ਸਭ ਤੋਂ ਪਹਿਲਾਂ ਮੇਰੀ ਦ੍ਰਿਸ਼ਟੀ ਗੋਚਰ ਹੋਇਆ ਉਹ ਇਹ ਸੀ ਕਿ ਭਵਨ ਦੇ ਅੰਦਰ ਤੇ ਬਾਹਰ ਥਾਂ ਥਾਂ ਉੱਪਰ ਹਜ਼ਾਰਾਂ ਗੋਲੀਆਂ ਦੇ ਨਿਸ਼ਾਨ ਹੀ ਨਿਸ਼ਾਨ ਸਨ ਅਤੇ ਮਹਾਰਾਜ ਦੇ ਦਰ ਘਰ ਨੂੰ ਸਰੋਵਰ ਦੇ ਜਲ ਨਾਲ ਇਸਨਾਨ ਕਰਵਾਉਣ ਦੀ ਥਾਂ ਫੌਜੀਆਂ ਨੇ ਸਿੰਘਾਂ ਦੇ ਲਹੂ ਨਾਲ ਨੁਹਾਇਆ ਹੋਇਆ ਸੀ। ਗੱਲ ਕੀ ਕਿ 20 ਜੂਨ ਤੱਕ ਸ੍ਰੀ ਹਰਿਮੰਦਰ ਸਾਹਿਬ ਜਾਣ ਲਗਿਆਂ ਨੱਕ ਉਪਰ ਰੁਮਾਲ ਰੱਖਣਾ ਪੈਂਦਾ ਸੀ। ਦਰਬਾਰ ਸਾਹਿਬ ਪਰਕਰਮਾ ਦੇ ਸਭ ਹੇਠਲੇ ਉਪਰਲੇ ਕਮਰਿਆਂ ਵਿਚ ਪਹਿਲਾਂ ਗਰਨੇਡ ਸੁੱਟੇ ਜਾਂਦੇ ਰਹੇ ਤੇ ਫਿਰ ਇਕ ਇਕ ਕਮਰੇ ਵਿਚ ਅੱਗ ਲਾਉਣ ਵਾਲੇ ਬੰਬ ਸੁਟਣ



ਤੋਂ ਬਾਅਦ ਸਟੇਨ ਗੰਨਾਂ ਨਾਲ ਗੋਲੀਆਂ ਦੀ ਸਪਰੇ ਕੀਤੀ ਜਾਂਦੀ ਰਹੀ। ਕਮਰਿਆਂ ਵਿਚ ਜੋ ਵੀ ਕੋਈ ਛੋਟਾ ਵੱਡਾ ਵਿਅਕਤੀ ਮੌਜੂਦ ਸੀ ਸਭ ਨੂੰ ਸ਼ਹੀਦ ਕਰ ਦਿੱਤਾ ਗਿਆ। ਪਰਕਰਮ ਦੇ ਅੰਦਰ ਅਤੇ ਨਾਲ ਨਾਲ ਲਗਦੀਆਂ ਇਮਾਰਤਾਂ ਵਿਚ ਤਾਂ ਕੋਈ ਵਿਰਲਾ ਟਾਵਾਂ ਹੀ ਬੱਚਿਆ ਹੋਵਾਗਾ। ਕੁਪ ਰਹੀੜੇ ਦੇ ਵਡੇ ਘਲੂਘਾਰੇ ਅਤੇ ਕਾਹਨੂੰ ਵਾਨ ਛੰਬ ਦੇ ਛੋਟੇ ਘਲੂਘਾਰੇ ਦੌਰਾਨ ਸਿੰਘਾਂ ਦੀ ਹੋਈ ਕਤਲੇ-ਆਮ ਤੇ ਤਬਾਹੀ ਬਰਬਾਦੀ ਬਾਰੇ ਬਹੁਤ ਕੁਝ ਸੁਣਿਆਂ ਤੇ ਪੜ੍ਹਿਆ ਸੀ ਪਰ ਦਰਬਾਰ ਸਾਹਿਬ ਅੰਦਰ ਵਾਪਰੇ ਇਸ ਘਲੂਘਾਰੇ ਅਰਥਾਤ ਇਸਦੇ ਖੂਨੀ ਦ੍ਰਿਸ਼ਾਂ ਨੂੰ ਅੱਜ ਅੱਖੀਂ ਵੇਖ ਰਿਹਾ ਸਾਂ'

ਫੌਜ ਨੂੰ ਦਰਬਾਰ ਸਾਹਿਬ ਪਰਕਰਮਾ ਤੇ ਕੰਪਲੈਕਸ ਦੇ ਦੂਸਰੇ ਭਾਗਾਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਥੇ ਦੇ ਸਿੰਘ, ਹੋਰ ਜੁਝਾਰੂ ਸਿੰਘ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਜਵਾਨਾਂ ਹਥੋਂ ਮਾਰੇ ਗਏ ਸਭ ਫੌਜੀਆਂ ਦੀਆਂ ਲਾਸ਼ਾਂ ਤਾਂ 6-7 ਜੂਨ ਦੀ ਵਿਚਕਾਰਲੀ ਰਾਤ ਦੇ ਵਿਚ ਵਿਚ ਹੀ ਢੋਅ ਲਈਆਂ ਸਨ ਅਤੇ ਉਹਨਾਂ ਨੂੰ ਗੱਡੀਆਂ ਤੇ ਹਵਾਈ ਜਹਾਜ਼ਾਂ ਰਾਹੀਂ ਕਿਧਰੇ ਦੂਰ ਦਰਾਡੇ ਮੁਕਾਮ ਉਪਰ ਲੈ ਜਾਏ ਜਾਣ ਦਾ ਪ੍ਰਬੰਧ ਕੀਤਾ ਜਾ ਚੁੱਕਾ ਸੀ ਪਰ ਸਿੰਘ ਸਿੰਘਣੀਆਂ, ਸਿਖ ਨੌਜਵਾਨਾਂ ਤੇ ਬੱਚਿਆਂ ਦੀਆਂ ਲਾਸ਼ਾਂ ਜੋ ਹਜ਼ਾਰਾਂ ਦੀ ਗਿਣਤੀ ਵਿਚ ਪਰਕਰਮਾ, ਸਰਾਂ, ਲੰਗਰ ਤੇ ਕੰਪਲੈਕਸ ਦੇ ਹੋਰ ਵੱਖ ਵੱਖ ਭਾਗਾਂ ਵਿਚ ਰੁਲ ਖੁਲ ਕੇ ਗਲ ਸੜ ਰਹੀਆਂ ਸਨ, ਫੌਜੀ ਅਧਿਕਾਰੀਆਂ ਲਈ ਇਕ ਭਾਰੀ ਮਸਲਾ ਬਣਿਆਂ ਹੋਇਆ ਸੀ। ਕਹਿਰਾਂ ਦੀ ਧੁਪ ਵਿਚ ਅੱਤਾਂ ਦੀ ਗਰਮੀ ਤਪਸ਼ ਤੇ ਹੁੱਸੜ ਦਾ ਸ਼ਿਕਾਰ ਹੋ ਰਹੀਆਂ ਇਹ ਲਾਸ਼ਾਂ ਫੁਲਦੀਆਂ ਜਾ ਰਹੀਆਂ ਸਨ ਪਰ ਉਹਨਾਂ ਨੂੰ ਟਿਕਾਣੇ ਲਗਾਉਣ ਦਾ ਕੋਈ ਪ੍ਰਬੰਧ ਨਹੀਂ ਸੀ ਹੋ ਰਿਹਾ। ਆਖਰਕਾਰ ਫੌਜ ਨੇ ਸਿਵਲ ਅਧਿਕਾਰੀਆਂ ਦੀ ਸਹਾਇਤਾ ਨਾਲ ਅੰਮ੍ਰਿਤਸਰ ਸ਼ਹਿਰ ਦੇ ਹਰੀਜਨਾਂ ਨੂੰ ਭਾਰੀ ਰਕਮ ਦੇਣ ਦਾ ਲਾਲਚ ਦੇ ਕੇ ਲਾਸ਼ਾਂ ਦੀ ਢੋਆ-ਢੁਆਈ ਲਈ ਸੱਦਾ ਦਿੱਤਾ ਪਰ ਲਾਸ਼ਾਂ ਦੀ ਹਜ਼ਾਰਾਂ ਵਿਚ ਗਿਣਤੀ ਵੇਖਕੇ ਤੇ ਉਹਨਾਂ ਦੀ ਸੜੀ ਹੋਈ ਹਾਲਤ ਵੇਖਕੇ ਉਹਨਾਂ ਨੇ ਵੀ ਲਾਸ਼ਾਂ ਢੋਣ ਤੋਂ ਸਾਫ ਇਨਕਾਰ ਕਰ ਦਿੱਤਾ। ਇਥੋਂ ਤਕ ਕਿ ਅੰਮ੍ਰਿਤਸਰ ਦੇ ਹਰੀਜਨਾਂ ਨੇ ਇਸ ਕੰਮ ਬਾਰੇ ਆਪਣੀ ਅਸਮਰਥਾ ਜ਼ਾਹਰ ਕਰ ਦਿੱਤੀ। ਆਖਰਕਾਰ ਫੌਜੀਆਂ ਅਧਿਕਾਰੀਆਂ ਤੇ ਸਿਵਲ ਅਫ਼ਸਰਾਂ ਵਲੋਂ ਜਦ ਹਰੀਜਨਾਂ ਨੂੰ ਇਸ ਗੱਲ ਦੀ ਮੁਕੰਮਲ ਤੌਰ ਤੇ ਖੁੱਲ ਮਿਲ ਗਈ ਕਿ ਲਾਸ਼ਾਂ ਤੋਂ ਜੋ ਕੁਝ ਵੀ ਨਕਦੀ ਜ਼ੇਵਰ ਤੇ ਘੜੀਆਂ ਆਦਿ ਮਿਲੇਗਾ ਉਹ ਉਸਦੇ ਅਧਿਕਾਰੀ ਹੋਣਗੇ ਤਾਂ ਉਸ ਹਾਲਤ ਵਿਚ ਹਰੀਜਨਾਂ ਨੇ ਲਾਸ਼ਾਂ ਢੋਣ ਦੀ ਜ਼ੁਮੇਵਾਰੀ ਕਬੂਲ ਕੀਤੀ ਤੇ ਸੰਭਾਲੀ।

ਮਿਉਂਸੀਪਲ ਕਮੇਟੀ (ਕਾਰਪੋਰੇਸ਼ਨ) ਅੰਮ੍ਰਿਤਸਰ ਵਲੋਂ ਲਾਸ਼ਾਂ ਢੋਣ ਲਈ ਸ਼ਹਿਰ ਦਾ ਗੰਦ ਮੰਦ ਤੇ ਕੂੜਾ ਕਰਕਟ ਢੋਣ ਵਾਲੀਆਂ ਗੱਡੀਆਂ ਦਾ ਪ੍ਰਬੰਧ ਕੀਤਾ ਗਿਆ। ਲਾਸ਼ਾਂ ਨੂੰ ਪਹਿਲਾਂ ਸਰਕਾਰੀ ਕਾਰਵਾਈ ਵਜੋਂ ਪੋਸਟ ਮਾਰਟਮ ਲਈ ਉਚੇਚੇ ਤੌਰ ਤੇ ਕਾਇਮ ਕੀਤੇ ਗਏ ਮੁਰਦਾਖਾਨੇ ਤਕ ਲੈ ਜਾਇਆ ਜਾਂਦਾ ਤੇ ਫਿਰ ਉਥੋਂ ਉਹਨਾਂ ਨੂੰ ਸਰਸਰੀ ਤੌਰ ਤੇ ਚੀਰਨ ਫਾੜਨ (ਪੋਸਟ ਮਾਰਟਮ ਕਰਨ) ਤੋਂ ਬਾਅਦ ਨਾਲ ਨਾਲ ਹੀ ਪੁਰਾਣੀਆਂ ਤੇ ਉਚੇਚੇ ਤੌਰ ਤੇ ਨਵੀਆਂ ਬਣਾਈਆਂ ਸ਼ਮਸ਼ਾਨ ਭੂਮੀਆਂ ਵਿਚ ਲਗਾਤਾਰ ਮੱਚ ਬਲ ਰਹੀਆਂ ਸਿਵੀਆਂ ਵੱਲ ਧੱਕ ਦਿੱਤਾ ਜਾਂਦਾ। ਇਨ੍ਹਾਂ ਸਿਵਿਆਂ ਤੇ ਸਿਤੀਆਂ ਵੱਲ ਭੇਜੀਆਂ ਜਾਣ ਵਾਲੀਆਂ ਲਾਸ਼ਾਂ ਨੂੰ ਪੰਜਾਹ ਪੰਜਾਹ, ਸੱਠਾਂ ਸੱਠਾਂ ਦੀਆਂ ਢੇਰੀਆਂ ਦੀ ਸ਼ਕਲ ਵਿਚ ਲੱਕੜ ਤਿੰਬੜ ਦੇ ਢੇਰਾਂ ਉਪਰ ਸੁੱਟ ਕੇ ਤੇ ਉਹਨਾਂ ਉਪਰ ਭਾਰੀ ਮਾਤਰਾ 'ਚ ਪਟਰੋਲ ਪਾ ਕੇ ਸਾੜ ਫੂਕ ਦਿੱਤਾ ਜਾਂਦਾ। ਲਾਸ਼ਾਂ ਦੀ ਇਸਤਰਾਂ ਕੀਤੀ ਜਾਂਦੀ ਰਹੀ ਸਾੜ ਫੂਕ ਦਾ ਕੰਮ ਲਗਪਗ ਦਸ ਗਿਆਰਾਂ ਜੂਨ ਤੱਕ ਲਗਾਤਾਰ ਜਾਰੀ ਰਿਹਾ।

ਅੰਮ੍ਰਿਤਸਰ ਦੇ ਸਿਵਲ ਅਧਿਕਾਰੀਆਂ ਵਲੋਂ ਜਦ ਪ੍ਰੈਸ ਨਾਮਾਨਿਗਾਰਾਂ ਨੂੰ ਮੁਰਦਾਖਾਨੇ ਵਿਚ

ਲਾਸ਼ਾਂ ਦੇ ਕੀਤੇ ਜਾਣ ਵਾਲੇ ਪੋਸਟ ਮਾਰਟਮ ਤੇ ਉਥੋਂ ਦੀ ਸਥਿਤੀ ਨੂੰ ਵੇਖਣ ਦੀ ਇਜਾਜ਼ਤ ਦਿੱਤੀ ਗਈ ਤਾਂ ਉਸ ਖ਼ੂਨੀ ਤੇ ਭਿਆਨਕ ਦ੍ਰਿਸ਼ ਨੂੰ ਵੇਖਣ ਤੋਂ ਪਿਛੋਂ ਜੋ ਪ੍ਰੈਸ ਵਾਲਿਆਂ ਦੇ ਵਿਚਾਰ, ਅਨੁਭਵ ਤੇ ਬਿਆਨ ਸਨ ਉਹ ਲਗਪਗ ਇਕ ਸਮਾਨ ਹੀ ਸਨ ਪ੍ਰੈਸ ਵਾਲਿਆਂ ਦਾ ਕਹਿਣਾ ਸੀ:

ਉਸ ਮੌਕੇ ਉੱਪਰ ਜੋ ਕੁਛ ਅਸਾਂ ਵੇਖਿਆ ਉਸਦਾ ਹਰ ਦ੍ਰਿਸ਼ ਬੜਾ ਹੀ ਭਿਆਨਕ ਸੀ ਤੇ ਸਿੱਧਾ ਦਿਲ ਦਿਮਾਗ ਦੀ ਵਿਵਸਥਾ ਨੂੰ ਪ੍ਰਭਾਵਤ ਕਰਦਾ ਸੀ ਅਤੇ ਅੰਤਸ਼ਕਰਨ ਦੀਆਂ ਸੂਖਮ ਤੇ ਕੋਮਲ ਭਾਵਨਾਵਾਂ ਨੂੰ ਗਜ਼ਬ ਦਾ ਸੇਕ ਲਾਉਣ ਤੇ ਤੜਪਾ ਕੇ ਰਖ ਦੇਣ ਵਾਲਾ ਸੀ। ਮੁਰਦਾ ਘਰ ਦੇ ਸਮੁੱਚੇ ਆਲੇ ਦੁਆਲੇ ਵਿਚ, ਜਿਸ ਨੂੰ ਮੌਤ ਦੇ ਘਰ ਦਾ ਨਾ ਦਿੱਤਾ ਹੋਇਆ ਸੀ ਲਾਸ਼ਾਂ ਦਾ ਮੁਸ਼ਕ ਤੇ ਸੜਾਂਦ ਫੈਲੀ ਹੋਈ ਸੀ। ਬਹੁਤ ਸਾਰੀਆਂ ਲਾਸ਼ਾਂ ਦੇ ਮੂੰਹ ਮੱਥੇ ਸੁੱਜੇ ਹੋਏ ਸਨ ਤੇ ਜ਼ਬਾਨਾਂ ਮੂੰਹ 'ਚੋਂ ਬਾਹਰ ਨਿਕਲੀਆਂ ਹੋਈਆਂ ਸਨ। ਮੌਤ ਦੇ ਉਸ ਘਰ ਵਿਚ ਲਾਸ਼ਾਂ ਦੀਆਂ ਧਾਂਕਾਂ ਗੁੜ ਖਲ ਤੇ ਅਨਾਜ ਦੀਆਂ ਬੋਰੀਆਂ ਵਾਂਗ ਲਗੀਆਂ ਹੋਈਆਂ ਸਨ। ਮਿਰਤਕਾਂ ਦੇ ਸਰੀਰ ਗੋਲੀਆਂ ਦੇ ਨਿਸ਼ਾਨਾਂ ਜ਼ਖਮਾਂ ਨਾਲ ਭਰੇ ਪਏ ਸਨ ਤੇ ਛਲਨੀ ਛਲਨੀ ਹੋਣ ਕਰਕੇ ਆਪਣੇ ਅੰਦਰੋਂ ਅਜੇ ਬਦੀਆਂ ਉਗਲਦੇ ਹੋਏ ਪ੍ਰਤੀਤ ਹੋ ਰਹੇ ਸਨ। ਲਹੂ ਮਿਝ ਦੀਆਂ ਘਰਾਲਾਂ ਨੇ ਉਹਨਾਂ ਦੇ ਚੇਹਰਿਆਂ ਤੇ ਜਿਸਮਾਂ ਦੇ ਵੱਖ ਵੱਖ ਅੰਗਾਂ ਹਿਸਿਆਂ ਨੂੰ ਲਹੂ ਪੇਪੜੀਆਂ ਨਾਲ ਭਰ ਛੱਡਿਆ ਸੀ। ਉਹਨਾਂ ਵਿਚੋਂ ਸੈਂਕੜਿਆਂ ਨੂੰ ਤਾਂ ਘੋਰ ਤਸੀਹੇ ਦੇਣ ਤੇ ਭਿਆਨਕ ਤਸ਼ੱਦਦ ਕਰਨ ਤੋਂ ਬਾਅਦ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਲਗਦਾ ਸੀ। ਲਾਸ਼ਾਂ ਦਾ ਪੋਸਟ ਮਾਰਟਮ ਕਰਨ ਲਈ ਉਹਨਾਂ ਨੂੰ ਮੌਤ ਦੇ ਘਰ ਵਿਚ ਲੱਗੀਆਂ ਹੋਈਆਂ ਧਾਂਕਾਂ ਤੋਂ ਵੰਡ ਵਰਤੇਵਿਆਂ ਦੀਆਂ ਬੋਰੀਆਂ ਵਾਂਗ ਭੁੰਜੇ ਸੁੱਟ ਦਿੱਤਾ ਜਾਂਦਾ ਅਤੇ ਫਿਰ ਉਹਨਾਂ ਨੂੰ ਮੌਤ ਦੇ ਘਰ 'ਚੋਂ ਧੂਹ ਖਿਚ ਕੇ ਬਾਹਰ ਕੱਢਣ ਪਿਛੋਂ ਉਥੇ ਰੜੇ ਮੈਦਾਨ ਵਿਚ ਰਖੇ ਹੋਏ ਮੇਜ਼ਾਂ ਉੱਪਰ ਬੜੀ ਬੇਰੁਖੀ ਨਾਲ ਵਗਾਹ ਕੇ ਸੁੱਟ ਦਿੱਤਾ ਜਾਂਦਾ। ਉਥੇ ਮੌਜੂਦ ਡਾਕਟਰ ਉਹਨਾਂ ਲਾਸ਼ਾਂ ਦਾ ਐਵੇਂ ਅਖਾਉਤੀ ਜਿਹਾ ਪੋਸਟ ਮਾਰਟਮ ਕਰਦੇ ਸਮੇਂ ਉਹਨਾਂ ਦੇ ਸਰੀਰ ਵਿਚ ਬਿਜਲੀ ਦੀ ਤੇਜ਼ੀ ਵਾਂਗ ਛੁਰੀਆਂ ਫੇਰਦੇ ਅਤੇ ਫਿਰ ਉਹਨਾਂ ਦੀ ਬਿਨਾਂ ਗੰਢ ਤ੍ਰੋਪ ਕੀਤਿਆਂ ਤੋਂ ਹੀ ਦੂਸਰੀਆਂ ਲਾਸ਼ਾਂ ਦੁਆਲੇ ਹੋ ਜਾਂਦੇ। ਇਸਦੇ ਨਾਲ ਹੀ ਅਰਦਲੀ ਚੀਰਫਾੜ ਕੀਤੀਆਂ ਜਾਂ ਚੁੱਕੀਆਂ ਲਾਸ਼ਾਂ ਨੂੰ ਲੱਤਾਂ ਬਾਹਾਂ ਤੋਂ ਫੜ ਕੇ ਅਖਾਉਤੀ ਰੂਪ ਵਿਚ ਪੋਸਟ ਮਾਰਟਮ ਕੀਤੀਆਂ ਹੋਈਆਂ ਪਹਿਲੀਆਂ ਲਾਸ਼ਾਂ ਦੇ ਢੇਰ ਉੱਪਰ ਜਾ ਸੁੱਟਦੇ। ਇਸ ਮੁਰਦਾ ਖਾਨੇ ਵਿਚ ਪੋਸਟ ਮਾਰਟਮ ਕੀਤੀਆਂ ਜਾਣ ਵਾਲੀਆਂ ਲਾਸ਼ਾਂ ਨੂੰ ਜਿਥੇ ਕੂੜੇ ਕਰਕਟ ਨੂੰ ਢੋਣ ਵਾਲੀਆਂ ਗੱਡੀਆਂ ਵਿਚ ਲੱਦ ਕੇ ਵੱਖ ਵੱਖ ਸ਼ਮਸ਼ਾਨ ਭੂਮੀਆਂ ਵੱਲ ਭੇਜਿਆ ਜਾ ਰਿਹਾ ਸੀ ਉਥੇ ਬਹੁਤ ਸਾਰੀਆਂ ਲਾਸ਼ਾਂ ਨੂੰ ਮੌਤ ਦੇ ਘਰ ਤੋਂ ਕੁਝ ਫਾਸਲੇ ਉੱਪਰ ਬਣਾਏ ਹੋਏ ਨਵੇਂ ਸਿਵਿਆਂ ਵਿਚ, ਜੋ ਲਗਾਤਾਰ ਮੱਚ ਰਹੇ ਹੁੰਦੇ ਸਨ ਦੂਰੋਂ ਹੀ ਵਗਾਹ ਕੇ ਮਾਰਿਆ ਜਾਂਦਾ ਤੇ ਬਿਨਾਂ ਕਿਸੇ ਧਾਰਮਕ ਰਸਮ ਅਦਾ ਕੀਤਿਆਂ ਤੋਂ ਹੀ ਪਟਰੋਲ ਤੇ ਲਕੜ ਤ੍ਰਿਬਤ ਦੇ ਮਚਦੇ ਹੋਏ ਅੱਗ ਭਾਂਬੜਾਂ ਦੇ ਹਵਾਲੇ ਕਰ ਦਿੱਤਾ ਜਾਂਦਾ। ਲਾਸ਼ਾਂ ਨੂੰ ਕਬਾੜ ਦੀਆਂ ਭਰੀਆਂ, ਕਮਾਦ ਦੇ ਆਗਾਂ ਤੇ ਸੁੱਕੇ ਸੜੇ ਹੋਏ ਪੱਠਿਆਂ, ਭੋਹ ਦੀਆਂ ਪੰਡਾਂ ਤੇ ਮੱਛਿਆਂ ਖੁੰਡਾਂ ਤੋਂ ਵੱਧ ਕੁਝ ਵੀ ਨਹੀਂ ਸੀ ਸਮਝਿਆ ਜਾ ਰਿਹਾ। ਐਸੀ ਹਾਲਤ ਵਿਚ ਸਾਨੂੰ ਬਾਰ ਬਾਰ ਇਸ ਗੱਲ ਦਾ ਅਨੁਭਵ ਹੋ ਰਿਹਾ ਸੀ ਕਿ ਹਥਿਆਰਾਂ ਦੀ ਤਾਕਤ ਹਕੀਕਤ ਵਿਚ ਅੰਨੀ ਬੋਲੀ ਹੁੰਦੀ ਹੈ ਅਤੇ ਜਦੋਂ ਕੋਈ ਸੱਤਾ ਧਾਰੀ ਟੋਲਾ ਜਾਂ ਰਾਜ ਦੀ ਸ਼ਕਤੀ ਮਨੁੱਖੀ ਅਸੂਲਾਂ ਤੇ ਕਦਰਾਂ ਕੀਮਤਾਂ ਪੱਖੋਂ ਅਹਿਸਾਸ ਹੀਨ ਹੋ ਜਾਏ ਤੇ ਰਾਜ ਦੇ ਨਸ਼ੇ ਵਿਚ ਅੰਨੀ-ਬੋਲੀ ਹੋ ਜਾਏ ਤਾਂ ਫਿਰ ਉਸ ਸਮੇਂ ਹਥਿਆਰ, ਤਬਾਹੀ - ਬਰਬਾਦੀ ਤੇ ਮੌਤ ਦਾ ਝੱਖੜ ਝੁਲਾਉਣ ਦਾ ਰਾਖਸ਼ਸ਼ੀ ਕਰਦਾਰ ਬੇਤਹਾਸ਼ਾ ਰੂਪ ਵਿਚ ਨਿਭਾਉਂਦੇ ਪਾਲਦੇ ਹਨ।

ਇਸ ਮੁਰਦਾ ਖਾਨੇ ਵਿਚ ਉਸ ਸਮੇਂ ਕੋਈ ਸੌ ਤੋਂ ਉੱਪਰ ਉੱਪਰ ਸਿੰਘਣੀਆਂ ਅਤੇ ਉਹਨਾਂ ਦੀ



ਗੋਦੀ ਪਏ ਹੋਏ ਕੋਈ ਵੀਹ ਦੇ ਲਗਪਗ ਮਾਸੂਮ ਬੱਚੇ ਵੀ ਸੈਂਕੜੇ ਲਾਸ਼ਾਂ ਵਿਚ ਸ਼ਾਮਲ ਸਨ। ਬੱਚਿਆਂ ਦੇ ਸਰੀਰ ਬਿਲਕੁਲ ਫਿਸੇ ਪਏ ਸਨ ਅਤੇ ਉਹਨਾਂ ਦੇ ਨਰਮ ਨਾਜ਼ੁਕ ਬਦਨ ਤੇ ਮਾਸੂਮ ਚੇਹਰੇ ਲਹੂ ਚੋਂਦੇ ਮਿੱਧੇ ਮਧੋਲੇ ਅਤੇ ਲਹੂ ਭਿੱਜੇ ਘੱਟੇ ਮਿੱਟੀ ਵਿਚ ਲਿਬੜੇ ਤਿਬੜੇ ਤੇ ਲਥ-ਪਥ ਹੋਏ ਹੋਣ ਕਾਰਨ ਬਿਲਕੁਲ ਹੀ ਬੇਪਛਾਣ ਹੋਏ ਪਏ ਸਨ। ਇਨ੍ਹਾਂ ਲਾਸ਼ਾਂ ਦੀ ਹੋ ਰਹੀ ਦੁਰਦਸ਼ਾ ਵੱਲ ਵੇਖਕੇ ਇਸਤਰਾਂ ਜਾਪਦਾ ਸੀ ਕਿ ਇਨਸਾਨ ਜਦ ਇਨਸਾਨ ਦਾ ਦੁਸ਼ਮਨ ਹੋ ਜਾਂਦਾ ਹੈ ਤਾਂ ਉਸ ਸਮੇਂ ਫਿਰ ਦੁਸ਼ਮਨ ਧਿਰ ਦੇ ਇਨਸਾਨਾਂ ਦੇ ਸਰੀਰਾਂ ਦੀ ਕਦਰ ਕੁੱਤੇ ਨਾਲੋਂ ਵੀ ਘੱਟ ਕੀਤੀ ਜਾਂਦੀ ਹੈ। ਇਨ੍ਹਾਂ ਆਤਮਾਵਾਂ ਤੋਂ ਖਾਲੀ ਹੋ ਚੁਕੇ ਸਰੀਰਾਂ ਦੀਆਂ ਧਾਂਕਾਂ ਤੇ ਧਾਲਾਂ ਦੇ ਥੱਲੇ ਜੇ ਕੋਈ ਸਿੰਘ ਸਹਿਕਦਾ ਹੋਇਆ ਦਿਸ ਪੈਂਦਾ ਤਾਂ ਉਥੇ ਚੌਫੇਰੇ ਹੀ ਛੁਟੇ ਖਲੋਤੇ ਫੌਜੀਆਂ 'ਚੋਂ ਕੋਈ ਨਾ ਕੋਈ ਉਸੇ ਵੇਲੇ ਹੀ ਉਸ ਵੱਲ ਵਧਦਾ ਤੇ ਉਸਨੂੰ ਝਟ ਪਟ ਹੀ ਉਸਦੇ ਸਾਥੀਆਂ ਨਾਲ ਮਿਲਾ ਦੇਂਦਾ।

ਐਸੀ ਹਾਲਤ ਵਿਚ ਉਸ ਮੌਤ ਦੇ ਘਰ 'ਚੋਂ ਜਿਉਂ ਹੀ ਲਾਸ਼ਾਂ ਦੀਆਂ ਧਾਂਕਾਂ ਕੁਝ ਨੀਵੀਆਂ ਹੋਣ ਤੋਂ ਘਟਣ ਲਗਦੀਆਂ ਤਾਂ ਉਸ ਸਮੇਂ ਲਾਸ਼ਾਂ ਨਾਲ ਭਰਿਆ ਹੋਇਆ ਕੋਈ ਨਾ ਕੋਈ ਟਰੱਕ ਉਥੋਂ ਕੁਝ ਫਾਸਲੇ ਉੱਪਰ ਬਾਹਰ ਆ ਖਲੋਂਦਾ ਸੀ।

ਜਦ ਇਨ੍ਹਾਂ ਪ੍ਰੈਸ ਨਾਮਾਨਗਾਰਾਂ ਦੇ ਵਿਚਾਰ ਆਮ ਲੋਕਾਂ ਦੇ ਸਾਹਮਣੇ ਆਉਣੇ ਸ਼ੁਰੂ ਹੋਏ ਤਾਂ ਉਸ ਸਮੇਂ ਸਿਖ ਕੌਮ ਦੇ ਅੰਦਰ ਥਾਂ ਥਾਂ ਉੱਪਰ ਇਹ ਅਨੁਭਵ ਪ੍ਰਬਲ ਰੂਪ ਵਿਚ ਉਭਰ ਰਿਹਾ ਤੇ ਜਾਗ ਰਿਹਾ ਸੀ:

ਫੇਰ ਕੀ ਹੋਇਆ ਜੋ ਸਿਖ ਕੌਮ ਨੂੰ 1947 ਸਮੇਂ ਆਪਣੇ ਆਗੂਆਂ ਦੀਆਂ ਭੁੱਲਾਂ ਕਮਜ਼ੋਰੀਆਂ ਤੇ ਗੱਦਾਰੀਆਂ ਦੇ ਕਾਰਨ ਅੱਜ ਮੌਤ ਦੇ ਘਰ 'ਚੋਂ ਦੀ ਗੁਜ਼ਰਨਾ ਪੈ ਰਿਹਾ ਹੈ, ਨੇੜੇ ਭਵਿੱਖ ਵਿਚ ਮਹਾਨ ਕੁਰਬਾਨੀਆਂ ਸਦਕਾ ਇਸ ਨੂੰ ਆਪਣੇ ਘਰ ਵਿਚ ਸਿਰ ਉੱਚਾ ਕਰਕੇ ਬੈਠਣ ਦਾ ਵੀ ਅਵਸ਼ ਮਾਨ ਤੇ ਗੌਰਵ ਪ੍ਰਾਪਤ ਹੋਵੇਗਾ। ਇਹ ਖ਼ੂਨੀ ਖੇਡ ਜੋ ਦੁਸ਼ਟ ਟੋਪੀ ਵਾਲਿਆਂ ਨੇ ਪਹਿਲੀ ਜੂਨ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਚ ਸ਼ੁਰੂ ਕੀਤੀ ਹੈ, ਇਸਦਾ ਨਤੀਜਾ ਤਾਂ ਆਖਰ ਇਕ ਨਾ-ਇਕ ਦਿਨ ਇਨ੍ਹਾਂ ਨੂੰ ਹੁਣ ਭੁਗਤਣਾ ਹੀ ਪੈਣਾ ਹੈ। ਖਾਲਸਾ ਪੰਥ ਤਾਂ ਸਿਰਾਂ ਦੇ ਬੀਜ ਬੀਜਨ ਦਾ ਧੁਰ ਤੋਂ ਹੀ ਆਦੀ ਹੈ ਅਤੇ ਇਹ ਹਰ ਵਾਰ ਸਿਰਾਂ ਦੇ ਬੀਜ ਬੀਜਨ ਤੋਂ ਬਾਅਦ ਦੂਣ ਸਵਾਇਆ ਹੋ ਕੇ ਨਿਖਰਦਾ ਅਤੇ ਮਿਲਦਾ ਰਿਹਾ ਹੈ। ਪਰ ਹੁਣ ਉਹ ਦਿਨ ਬਹੁਤ ਨੇੜੇ ਨੇ ਜਦੋਂ ਖਾਲਸਾ ਪੰਥ ਦੀ ਇਸ ਜਨਮ ਭੂਮੀ ਉੱਪਰ ਕੇਸਰੀ ਨਿਸ਼ਾਨ ਸਾਹਿਬ ਦੀ ਛਤਰਛਾਇਆ ਹੇਠ ਖਾਲਸਾ ਰਾਜ ਸਥਾਪਤ ਹੋਵੇਗਾ ਤੇ ਖਾਲਸਾ ਜੀ ਦਾ ਬੋਲ ਬਾਲਾ ਹੋਵੇਗਾ ਅਤੇ ਇਸਦੇ ਨਾਲ ਹੀ ਹਿੰਦੂ ਸਾਮਰਾਜ ਦੇ ਹਿੱਸੇ, ਬਖਰੇ ਤੇ ਡਕਰੇ ਹੋਣੇ ਸ਼ੁਰੂ ਹੋ ਜਾਣਗੇ। ਅੱਜ ਤੱਕ ਜਿਸ ਕਿਸੇ ਤਾਕਤ ਤੇ ਰਾਜ ਨੇ ਵੀ ਫੌਜਾਂ ਤੇ ਆਪਣੀ ਸੈਨਿਕ ਸ਼ਕਤੀ ਦੇ ਹੰਕਾਰ ਵਿਚ ਸ੍ਰੀ ਹਰਿਮੰਦਰ ਸਾਹਿਬ ਉੱਪਰ ਸੈਨਿਕ ਹਮਲਾ ਬੋਲਿਆ ਹੈ ਤੇ ਇਸ ਪਵਿੱਤਰ ਅਸਥਾਨ ਉੱਪਰ ਆਪਣੀਆਂ ਮਨਆਈਆਂ ਕੀਤੀਆਂ ਨੇ ਉਹ ਅਵਸ਼ ਹੀ ਵਿਨਾਸ਼ ਹੋ ਕੇ ਰਿਹਾ ਹੈ ਕਿਉਂ ਕਿ ਉਸਨੂੰ ਖਾਲਸਾ ਪੰਥ ਕਿਸੇ ਵੀ ਹਾਲਤ ਵਿਚ ਤੇ ਕਿਸੇ ਵੀ ਕੀਮਤ ਉੱਪਰ ਬਖਸ਼ਦਾ ਨਹੀਂ ਰਿਹਾ। ਖਾਲਸਾ ਪੰਥ ਦੀ ਦੁਨੀਆਂ ਅੰਦਰ ਪਹਿਲੀ ਜੂਨ ਤੋਂ ਸ਼ੁਰੂ ਹੋਇਆ ਕੁਰਬਾਨੀਆਂ ਦਾ ਦੌਰ ਤਾਂ ਸਿਖ ਇਤਹਾਸ ਅੰਦਰ ਧੂਮਕੇਤੂਆਂ ਦੀ ਰੋਸ਼ਨੀ ਵਾਂਗ ਜੁੱਗੋ ਜੁੱਗ ਅਟੱਲ ਰੂਪ ਵਿਚ ਚਮਕਦਾ ਰਹੇਗਾ, ਪਰ ਇਸਦਾ ਮੁਕਾਬਲਾ ਹਿੰਦੂ ਸਾਮਰਾਜ ਦਾ ਇਤਹਾਸ ਇਸਦੇ ਸ਼ਾਹੀ ਘੱਲੂਘਾਰੇ ਦੀ ਤਬਾਹੀ ਬਰਬਾਦੀ ਤੇ ਤਾਰੀਕੀ ਦੇ ਮੂਲ ਕਾਰਨਾਂ ਦੀਆਂ ਬਾਤਾਂ ਵੀ ਪਾਉਂਦਾ ਰਹੇਗਾ। ਸਮਾਂ ਇਨ੍ਹਾਂ ਗੱਲਾਂ ਦਾ ਗਵਾਹ ਹੋਵੇਗਾ।

# 4.

ਪਹਿਲੀ ਜੂਨ 1984 ਦਾ ਦਿਨ ਤੇ ਸਵੇਰ ਦੇ 9 ਵਜੇ ਦਾ ਸਮਾ ਸੀ। ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਗੁਰੂ ਰਾਮ ਦਾਸ ਲੰਗਰ ਦੀ ਸਭ ਤੋਂ ਉੱਪਰਲੀ ਮੰਜ਼ਲ ਦੀ ਛੱਤ ਉੱਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੀ ਥਾਂ 'ਤੇ ਪੂਰੀ ਖਾਲਸਾਈ ਸ਼ਾਨ ਨਾਲ ਬਰਾਜਮਾਨ ਸਨ। ਉਹਨਾਂ ਦੇ ਸਾਹਮਣੇ ਸੈਂਕੜਿਆਂ ਦੀ ਗਿਣਤੀ ਵਿਚ ਸੰਗਤਾਂ ਬੈਠੀਆਂ ਹੋਈਆਂ ਸਨ। ਸੰਤਾਂ ਨੇ ਆਪਣੇ ਸਨਮੁਖ ਬੜੇ ਹੀ ਪ੍ਰੇਮ ਭਾਵ ਨਾਲ ਮੁਗਧ ਹੋ ਬਰਾਜਮਾਨ ਹੋਈਆਂ ਸੰਗਤਾਂ ਉੱਪਰ ਆਪਣੀਆਂ ਨਜ਼ਰਾਂ ਤਾਰਨ ਦੇ ਨਾਲ ਹੀ ਆਪਣੇ ਹਥਲੇ ਤੀਰ ਨੂੰ ਆਪਣੇ ਦੋਹਾਂ ਹੱਥਾਂ ਦੀ ਘੁਟਣੀ ਵਿਚ ਲੈਂਦਿਆਂ ਹੋਇਆਂ ਦੋਹਵੇਂ ਹੱਥ ਜੋੜ ਸੰਗਤਾਂ ਨੂੰ ਬੜੇ ਗੱਜਵੇਂ ਰੂਪ ਵਿਚ ਫਤਹਿ ਗਜਾਈ ਤੇ ਫਿਰ ਇਸਦੇ ਨਾਲ ਹੀ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਹਿਣ ਲੱਗੇ:

'ਗੁਰੂ ਨਿਵਾਜੀ ਸਤਿਕਾਰ ਯੋਗ ਸਾਧ ਸੰਗਤ ਜੀ, ਇਕਵਾਰ ਫੇਰ ਗੱਜ ਕੇ ਬੋਲੋ

ਵਾਹਿਗੁਰੂ ਜੀ ਕਾ ਖਾਲਸਾ,ਵਾਹਿਗੁਰੂ ਜੀ ਕੀ ਫਤਹਿ॥

ਖਾਲਸਾ ਜੀ ਮੇਰੇ ਪਾਸ ਪਿਛਲੇ ਕਈ ਦਿਨਾਂ ਤੋਂ ਇਹ ਖਬਰਾਂ ਪੁੱਜ ਰਹੀਆਂ ਨੇ ਕਿ ਸੀ. ਆਰ. ਪੀ. ਵਾਲੇ, ਦਰਬਾਰ ਸਾਹਿਬ ਦੇ ਦਰਸ਼ਨ ਲਈ ਆਉਣ ਵਾਲੀਆਂ ਸੰਗਤਾਂ ਨੂੰ ਘੇਰ ਘੇਰ ਕੇ ਉਹਨਾਂ ਦੀ ਤਲਾਸ਼ੀ ਲੈ ਰਹੇ ਨੇ। ਹੁਣ ਵੀ ਮੇਰੇ ਪਾਸ ਕੁਝ ਸਿੰਘ ਆਏ ਸੀ ਉਹਨਾਂ ਨੇ ਵੀ ਇਹੋ ਦਸਿਆ ਹੈ ਕਿ ਜਦ ਉਹ ਆਪਣੇ ਪਰਵਾਰ ਸਮੇਤ ਗੁਰੂ ਘਰ ਦੇ ਦਰਸ਼ਨਾਂ ਲਈ ਆ ਰਹੇ ਸਨ ਤਾਂ ਸੀ. ਆਰ. ਪੀ. ਵਾਲਿਆਂ ਨੇ ਉਹਨਾਂ ਨੂੰ ਰਾਹ ਵਿਚ ਤਿੰਨ ਥਾਵਾਂ ਤੇ ਡੱਕਿਆ ਤੇ ਫਿਰ ਮਾਈਆਂ ਬੀਬੀਆਂ ਸਮੇਤ ਉਹਨਾਂ ਦੀ ਤਲਾਸ਼ੀ ਲਈ ਗਈ। ਪਹਿਲਾਂ ਹਾਲ ਗੇਟ ਦੇ ਦਰਵਾਜ਼ੇ ਲਾਗੇ, ਫਿਰ ਕੋਤਵਾਲੀ ਲਾਗੇ ਤੇ ਫਿਰ ਜਲ੍ਹਿਆਂ ਵਾਲੇ ਬਾਗ ਲਾਗੇ ਤਲਾਸ਼ੀਆਂ ਲਈਆਂ ਜਾਂਦੀਆਂ ਹਨ। ਮੈਨੂੰ ਹੁਣੇ ਪਤਾ ਲਗਾ ਹੈ ਕਿ ਉਹਨਾਂ ਨੇ ਹੁਣ ਬ੍ਰਹਮ ਬੂਟਾ ਅਖਾੜੇ ਲਾਗੇ ਵੀ ਆਪਣਾ ਪੱਕਾ ਡੇਰਾ ਜਮਾਇਆ ਹੈ ਤੇ ਇਕ ਗਾਰਦ ਬਾਹਰ ਬਾਜ਼ਾਰ ਵਿਚ ਵੀ ਬਠਾ ਦਿੱਤੀ ਹੈ।

ਤਲਾਸ਼ੀ ਲੈਣ ਸਮੇਂ ਗੁਰਸਿੱਖਾਂ ਤੇ ਅੰਮ੍ਰਿਤਧਾਰੀ ਸਿੰਘਾਂ ਨੂੰ ਦਿਲ ਚੀਰਨ ਵਾਲੇ ਬੋਲ ਕਬੋਲ ਬੋਲੇ ਜਾਂਦੇ ਨੇ। ਉਹਨਾਂ ਦੀਆਂ ਦਸਤਾਰਾਂ ਟੋਹੀਆਂ ਤੇ ਫਰੋਲੀਆਂ ਜਾਂਦੀਆਂ। ਕਈ ਸਿੰਘਾਂ ਦੀਆਂ ਦਸਤਾਰਾਂ ਵੀ ਉਤਰਵਾਈਆਂ ਗਈਆਂ ਤੇ ਝੜਵਾਈਆਂ ਗਈਆਂ। ਸਿੰਘੋ ਇਹ ਸਭ ਕੁਝ ਗੁਰੂ ਦੀ ਉਸ ਨਗਰੀ ਵਿਚ ਹੋ ਰਿਹਾ ਜਿਸਨੂੰ ਦੁਨੀਆਂ ਦੇ ਲੋਕ ਸਿੱਖਾਂ ਦੀ ਰਾਜਧਾਨੀ ਕਹਿੰਦੇ ਨੇ।

ਮਾਈਆਂ ਬੀਬੀਆਂ ਨਾਲ ਵੀ ਬਹੁਤ ਭੈੜਾ ਸਲੂਕ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਬਿਨਾ ਵਜ੍ਹਾ ਕਿੰਨਾ ਕਿੰਨਾ ਚਿਰ ਰੋਕੀ ਰੱਖਿਆ ਜਾਂਦਾ, ਉਹਨਾਂ ਦੇ ਹਥਲੇ ਬਟੂਏ (ਪਰਸ) ਬੋਲੋ ਤੇ ਨਿੱਕੀਆਂ ਮੋਟੀਆਂ ਗਠੜੀਆਂ ਗੰਢਾਂ ਨੂੰ ਖੋਹਲ ਖੋਲ ਫਰੋਲਿਆ ਜਾਂਦਾ, ਤਲਾਸ਼ੀ ਲੈਣ ਸਮੇਂ ਇਹ ਟੋਪੀ ਵਾਲੇ,



ਸਿੰਘਾਂ ਦੇ ਸਾਹਮਣੇ ਖਲੋ ਖਲੋ ਕੇ ਬੀੜੀਆਂ ਸਿਗਰਟਾਂ ਪੀਂਦੇ ਨੇ। ਅੰਮ੍ਰਿਤਧਾਰੀ ਸਿੰਘਾਂ ਦੇ ਬਾਣੇ ਤੇ ਸਰੂਪ ਵਲ ਵੀ ਬੜੀ ਘਿਰਨਾ ਨਾਲ ਵੇਖਦੇ ਨੇ ਅਤੇ ਉਹਨਾਂ ਨੂੰ ਬੜੀਆਂ ਕੌੜੀਆਂ ਫਿਕੀਆਂ ਤੇ ਚਭਵੀਆਂ ਗੱਲਾਂ ਕਰਦੇ ਨੇ।

ਸੱਚਖੰਡ ਸਰੂਪ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰ ਸੇਵਾ ਤੇ ਗੁਰਬਾਣੀ ਕੀਰਤਨ ਲਈ ਆਪੋ ਆਪਣੇ ਨਿਵਾਸ ਅਸਥਾਨ ਤੋਂ ਆਉਣ ਵਾਲੇ ਰਾਗੀ ਸਿੰਘਾਂ ਤੇ ਸੇਵਾਦਾਰਾਂ ਨੂੰ ਵੀ ਤੰਗ ਕਰਨ ਤੇ ਉਹਨਾਂ ਦੀ ਹੇਠੀ ਕਰਨ ਦੀਆਂ ਗੱਲਾਂ ਮੇਰੇ ਪਾਸ ਪੁੱਜੀਆਂ। ਪਿਛਲੇ ਦਿਨੀਂ ਮੈਨੂੰ ਇਹ ਜਾਣਕੇ ਬਹੁਤ ਹੀ ਦੁਖ ਤੇ ਅਫਸੋਸ ਹੋਇਆ ਸੀ ਕਿ ਇਨ੍ਹਾਂ ਸੈਂਟਰਲ ਰੀਜ਼ਰਵ ਪੁਲੀਸ ਵਾਲਿਆਂ ਨੇ ਪੰਥ ਦੇ ਦੋ ਵੱਡੇ ਜਥੇਦਾਰਾਂ ਤੇ ਪ੍ਰਧਾਨਾਂ ਨੂੰ ਦਰਬਾਰ ਸਾਹਿਬ ਵੱਲ ਆਉਂਦਿਆਂ ਹੋਇਆਂ ਜਲ੍ਹਿਆਂ ਵਾਲੇ ਬਾਗ ਦੇ ਲਾਗੇ ਵੱਡੇ ਦੋਸ਼ੀ ਸਮਝ ਕੇ ਖਲਿਆਰ ਛਡਿਆ ਸੀ ਅਤੇ ਉਹਨਾਂ ਦੀਆਂ ਕਾਰਾਂ ਦੇ ਪਿਛਲੇ ਪਾਸੇ ਸੰਗਲੀਆਂ ਪਾ ਕੇ ਬਾਜ਼ਾਰ ਦੇ ਇਕ ਪਾਸੇ ਜਿਹੇ ਕਰਕੇ ਬੰਨ੍ਹ ਛੱਡਿਆ ਸੀ। ਖਾਲਸਾ ਜੀ, ਇਸ ਘਟਨਾ ਤੋਂ ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਓ ਕਿ ਭਾਰਤ ਦੀ ਸਰਕਾਰ ਜੇ ਆਪਣੀ ਸੀ. ਆਰ.ਪੀ ਪਾਸੋਂ ਜਥੇਦਾਰ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਾਲ ਇਸਤਰਾਂ ਦਾ ਹੇਠੀ ਭਰਿਆ, ਘਟੀਆ ਤੇ ਨੀਵਾਂ ਵਰਤਾਰਾ ਤੇ ਸਲੂਕ ਕਰਵਾ ਸਕਦੀ ਹੈ ਤਾਂ ਫਿਰ ਪੰਥ ਪ੍ਰਤੀ ਉਸਦੇ ਕੀ ਇਰਾਦੇ ਹੋ ਸਕਦੇ ਨੇ।

ਖਾਲਸਾ ਜੀ, ਪੰਥ ਨੇ ਮੋਰਚਾ ਤਾਂ ਲਾਇਆ ਸੀ ਆਪਣੇ ਹੱਕਾਂ ਦੀ ਖਾਤਰ ਅਨੰਦ ਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਪਰ ਮੋਰਚਾ ਲੱਗਣ ਦੇ ਨਾਲ ਹੀ ਸਿੱਖਾਂ ਦੀਆਂ ਸਭ ਦੁਸ਼ਮਨ ਤਾਕਤਾਂ ਹਿੰਦੁਸਤਾਨ ਭਰ ਅੰਦਰ ਸਿੱਖਾਂ ਦੁਆਲੇ ਲੱਠ ਲੈਕੇ ਖਲੋ ਗਈਆਂ ਨੇ ਅਤੇ ਸਾਰੇ ਹਿੰਦੁਸਤਾਨ ਦੇ ਹਿੰਦੂ ਤੇ ਸਭ ਸੂਬਿਆਂ ਦੀਆਂ ਸਰਕਾਰਾਂ ਸਿੱਖਾਂ ਨੂੰ ਮਾਰਨ ਲਈ ਇਕ ਪਲੇਟਫਾਰਮ ਉੱਤੇ ਜਮਾ ਹੋ ਗਈਆਂ ਨੇ। ਇਨ੍ਹਾਂ ਦੇ ਖਾਲਸਾ ਪੰਥ ਵਿਰੁਧ ਇਸਤਰਾਂ ਇਕੱਠੇ ਹੋਣ ਦਾ ਮਨੋਰਥ ਇਹ ਹੈ ਕਿ ਸਿੱਖਾਂ ਦੇ ਸਿਰ ਉੱਪਰ ਦਸਤਾਰ ਨਹੀਂ ਰਹਿਣ ਦੇਣੀ। ਦਿੱਲੀ ਅਰਥਾਤ ਭਾਰਤ ਦੀ ਸੈਂਟਰ ਸਰਕਾਰ ਨੇ ਤਾਂ ਸਿੱਖ ਕੌਮ ਦੇ ਸਭ ਦੋਖੀਆਂ ਤੇ ਦੁਸ਼ਮਨਾਂ ਨੂੰ ਭਾਰਤ ਭਰ ਅੰਦਰ ਖੁੱਲੇ ਆਮ ਸਿੱਖਾਂ ਦੀ ਪੱਗ ਨੂੰ ਹੱਥ ਪਾਉਣ ਦੀ ਖੁੱਲ ਦੇ ਰੱਖੀ ਹੈ। ਸਰਕਾਰ ਤੇ ਹਿੰਦੂ ਜਥੇਬੰਦੀਆਂ ਦੀ ਛਹਿ ਉੱਪਰ ਇਥੇ ਅੰਮ੍ਰਿਤਸਰ ਵਿਚ ਤਾਂ ਟੋਪੀ ਵਾਲਿਆਂ ਨੇ ਪਿਛਲੇ ਕਾਫੀ ਸਮੇਂ ਤੋਂ ਬੜੀ ਅੱਤ ਚੁੱਕੀ ਹੋਈ ਆ। ਪਿਛੇ ਜਿਹੇ ਹਿੰਦੂਆਂ ਦੇ ਇਕ ਲੀਡਰ ਨੇ ਜੋ ਆਪਣੇ ਆਪ ਨੂੰ ਹਿੰਦੂ ਰਖਸ਼ਾ-ਸੰਮਤੀ ਦਾ ਬਹੁਤ ਵੱਡਾ ਆਗੂ ਅਖਵਾਉਂਦਾ ਸੀ ਬੜੀ ਉਧੜ ਧੁਮੀ ਮਚਾ ਰਖੀ ਤੇ ਅੱਤ ਚੁੱਕ ਰਖੀ ਸੀ ਅਤੇ ਉਹ ਆਏ ਦਿਨ ਗੁਰੂ ਘਰ ਤੇ ਸਿੱਖਾਂ ਦੇ ਖਲਾਫ ਸਾਜ਼ਸ਼ਾਂ ਘੜਦਾ ਰਹਿੰਦਾ ਸੀ। ਉਸਨੂੰ ਆਪਣੇ ਆਪ ਉੱਪਰ ਬੜਾ ਹੰਕਾਰ ਸੀ ਅਤੇ ਉਸਨੇ ਹਿੰਦੂਆਂ ਨੂੰ ਸਿੱਖਾਂ ਵਿਰੁਧ ਇਕੱਠੇ ਕਰਕੇ ਕੱਢੇ ਗਏ ਇਕ ਭਾਰੀ ਜਲੂਸ ਵਿਚ ਇਹ ਨਾਅਰਾ ਥਾਂ ਥਾਂ ਉੱਪਰ ਲਗਵਾਇਆ ਸੀ ਕਿ

ਦੂੰਕੀ ਤਿੰਕੀ ਰਹਿਣ ਨਹੀਂ ਦੇਣੀ
ਸਿਰ 'ਤੇ ਪਗੜੀ ਰਹਿਣ ਨਹੀਂ ਦੇਣੀ।

ਸਾਧ ਸੰਗਤ ਜੀ, ਉਸਦੀਆਂ ਇਹੋ ਜਿਹੀਆਂ ਗੱਲਾਂ ਨੂੰ ਸੁਣਕੇ ਤੇ ਉਸਦੇ ਪੰਥ ਦੁਸ਼ਮਨੀ ਵਾਲੇ ਕਾਰਿਆਂ ਨੂੰ ਵੇਖਕੇ ਕਿਸੇ ਮਾਈ ਦੇ ਲਾਲ ਤੋਂ ਰਿਹਾ ਨਾ ਗਿਆ ਤੇ ਉਸਨੇ ਹਥਿਆਰ ਚੁੱਕ ਲਿਆ। ਉਸਨੇ ਦਸਮ ਪਿਤਾ ਦੀ ਓਟ ਲੈਕੇ ਉਸਨੂੰ ਭਰੇ ਬਾਜ਼ਾਰ ਵਿਚ ਉਸਦੀ ਦੁਕਾਨ ਉੱਪਰ ਹੀ ਜਾ ਸੋਧਿਆ। ਗੁਰੂ ਦੇ ਸਿੰਘ ਨੇ ਉਸਨੂੰ ਇਸ ਤਰਾਂ ਪੀੜ ਕੇ ਰੱਖ ਦਿੱਤਾ ਜਿਸਤਰਾਂ ਘੜਾਲੀ (ਗੰਨੇ

ਪੀੜਨ ਵਾਲਾ ਵੇਲਨਾ) ਵਿਚ ਗੰਨਾ ਪੀੜ ਦਈਦਾ ਹੈ। ਉਸ ਸਿੰਘ ਨੇ ਉਸਦੇ ਹਥਿਆਰਬੰਦ ਬਾਡੀ ਗਾਰਡ ਨੂੰ ਵੀ ਮੌਕੇ ਤੇ ਹੀ ਗੱਡੀ ਚਾੜ੍ਹ ਦਿੱਤਾ ਅਤੇ ਫਿਰ ਸਿੰਘ ਜਾਂਦੇ ਹੋਏ ਉਸਦੀ ਸਟੇਨ ਗੰਨ ਵੀ ਨਾਲ ਹੀ ਲੈ ਗਏ।

ਸਿੰਘੋ, ਹਿੰਦੂਆਂ ਨੇ ਇਹ ਜਾਣਦਿਆਂ ਬੁਝਦਿਆਂ ਹੋਇਆਂ ਕਿ ਇਹ ਵਿਅਕਤੀ ਸਿੱਖ ਕੌਮ ਦੇ ਧਰਮ ਸਰੂਪ ਤੇ ਇਸਦੀ ਆਨ ਸ਼ਾਨ ਉੱਪਰ ਬਾਰ ਬਾਰ ਕਮੀਨੇ ਹਮਲੇ ਕਰਦਾ ਤੇ ਕਰਵਾਉਂਦਾ ਰਿਹਾ ਹੈ, ਉਸਦੀ ਅਰਥੀ ਦੇ ਮੌਕੇ ਉੱਤੇ ਸਿੱਖਾਂ ਦੀਆਂ ਦੁਕਾਨਾਂ ਨੂੰ ਕਈ ਥਾਵਾਂ 'ਤੇ ਅੱਗਾਂ ਲਾਈਆਂ। ਰਾਹ ਜਾਂਦੇ ਸਿੱਖਾਂ ਉੱਪਰ ਇੱਟਾਂ ਪੱਥਰ ਚਲਾਏ। ਸ਼ਹਿਰ ਅੰਦਰ ਹਿੰਦੂਆਂ ਨੇ ਹੋਰ ਕਈ ਥਾਵਾਂ ਤੇ ਭੜਕਾਊ ਜਲੂਸ ਕੱਢੇ। ਇਕ ਥਾਂ 'ਤੇ ਹਿੰਦੂਆਂ ਵਲੋਂ ਸਿੱਖਾਂ ਦੀ ਕਾਰ ਰੋਕ ਲਈ ਗਈ ਅਤੇ ਉਸ ਵਿਚ ਬੈਠੇ ਚਾਰ ਸਿੱਖਾਂ ਨੂੰ ਬਾਹਰ ਧੂਹ ਲਿਆ ਅਤੇ ਹਿੰਦੂਆਂ ਦੇ ਜਲੂਸ ਨੇ ਉਹਨਾਂ ਨੂੰ ਧੂਹ ਧੂਹ ਕੇ ਮਾਰ ਦਿੱਤਾ। ਸੈਂਟਰ ਸਰਕਾਰ ਦੇ ਪਾਲਤੂ ਕੁੱਤੇ ਸੀ. ਆਰ. ਪੀ. ਦੇ ਅਫਸਰ ਤੇ ਹਿੰਦੂ ਸਿਪਾਹੀ ਕੋਲ ਖਲੋਤੇ ਇਹ ਸਭ ਕੁਝ ਚੁਪ ਚਾਪ ਵੇਖਦੇ ਰਹੇ ਅਤੇ ਹਿੰਦੂ ਹਜੂਮ ਨੂੰ ਸਿੱਖਾਂ ਦੇ ਗਲ ਪੈਣ ਲਈ ਉਕਸਾਉਂਦੇ ਰਹੇ ਪਰ ਉਥੋਂ ਕੁਝ ਫਾਸਲੇ ਉੱਪਰ ਖਲੋਤੇ ਹੋਏ ਪੰਜਾਬ ਪੁਲੀਸ ਤੇ ਸੀ. ਆਰ. ਪੀ ਦੇ ਕੁਝ ਸਿੱਖ ਸਿਪਾਹੀਆਂ ਨੇ ਹਿੰਦੂਆਂ ਦੀ ਉਸ ਭੜਕੀ ਹੋਈ ਭੀੜ ਨੂੰ ਉਥੋਂ ਖਿੰਡਾਉਣ ਤੇ ਸਿੱਖਾਂ ਉੱਪਰ ਹਮਲੇ ਕਰਨ ਤੋਂ ਰੋਕਣ ਦੇ ਮੰਤਵ ਨਾਲ ਉਹਨਾਂ ਨੇ ਥੋੜ੍ਹੀ ਬਹੁਤ ਹਵਾਈ ਫਾਇਰਿੰਗ ਕੀਤੀ। ਸਿੱਖ ਸਿਪਾਹੀਆਂ ਵੱਲੋਂ ਕੀਤੀ ਗਈ ਹਵਾਈ ਫਾਇਰਿੰਗ ਤੇ ਸੀ. ਆਰ. ਪੀ. ਦੇ ਹਿੰਦੂ ਅਫਸਰ ਸਿੱਖ ਸਿਪਾਹੀਆਂ ਦੇ ਖਲਾਫ ਉਸੇ ਵੇਲੇ ਤੈਸ਼ ਤੇ ਗਜ਼ਬ ਵਿਚ ਆ ਗਏ ਅਤੇ ਉਹਨਾਂ ਨੇ ਸਿੱਖ ਸਿਪਾਹੀਆਂ ਉੱਪਰ ਗੋਲੀਆਂ ਦੀ ਸਿੱਧੀ ਵਾਛੜ ਕਰਕੇ ਛਨਣੀ ਛਲਣੀ ਕਰ ਸੁੱਟਿਆ।

ਖ਼ਾਲਸਾ ਜੀ, ਇਹ ਉਦਾਹਰਨ ਮੈਂ ਇਥੇ ਇਸ ਕਰਕੇ ਦਿੱਤੀ ਹੈ ਤਾਂ ਜੋ ਤੁਸੀਂ ਥਾਂ ਥਾਂ 'ਤੇ ਜਾ ਕੇ ਸਿੱਖ ਸੰਗਤਾਂ ਨੂੰ ਇਹ ਦੱਸ ਸਕੋ ਕਿ ਸਰਕਾਰ ਅਤੇ ਹਰ ਹਿੰਦੂ ਦੇ ਦਿਲ ਦਿਮਾਗ ਅੰਦਰ ਸਿੱਖ ਕੌਮ ਪ੍ਰਤੀ ਕਿਸ ਪਰਕਾਰ ਦੀ ਸੋਚ ਤੇ ਨੀਤੀ ਕੰਮ ਕਰ ਰਹੀ ਹੈ।

ਇਸ ਸਮੇਂ ਸਮੁੱਚੇ ਹਿੰਦੂ ਸਾਮਰਾਜ ਤੇ ਉਸਦੀ ਹਕੂਮਤ ਦੇ ਅਧਿਕਾਰੀਆਂ ਨੇ ਸਿੱਖ ਕੌਮ ਨੂੰ ਖਤਮ ਕਰਨ ਲਈ ਜੋ ਤਰੀਕੇ ਆਖਤਿਆਰ ਕਰ ਰੱਖੇ ਨੇ ਉਹ ਬਹੁਤ ਹੀ ਖਤਰਨਾਕ ਤੇ ਭਿਆਨਕ ਨੇ, ਵਰਤਮਾਨ ਹਾਲਾਤ ਦੀ ਰੋਸ਼ਨੀ ਵਿਚ ਤੁਸੀਂ ਆਪ ਹੀ ਵਿਚਾਰ ਸਕਦੇ ਹੋ ਕਿ ਇਸ ਸਮੇਂ ਸਿੱਖ ਧਰਮ ਤੇ ਸਿੱਖਾਂ ਦੀ ਜ਼ਾਤ ਨਾਲ ਸਬੰਧ ਰੱਖਣ ਵਾਲੀ ਉਹ ਕਿਹੜੀ ਗੱਲ ਹੈ ਜਿਸ ਨੂੰ ਹਿੰਦੂ ਰਾਜ ਵਲੋਂ ਢਾਹ ਨਾ ਲੱਗੀ ਹੋਈ ਹੋਵੇ ਤੇ ਸਮੁੱਚੇ ਪੰਥ ਨੂੰ ਭਾਰੀ ਖਤਰਾ ਦਰਪੇਸ਼ ਨਾ ਹੋਵੇ?

ਟੋਪੀ ਵਾਲਿਆਂ ਦੇ ਇਸ ਰਾਜ ਦੌਰਾਨ ਧਰਮ ਸਾਡਾ ਸੁਰੱਖਿਅਤ ਨਹੀਂ, ਸਿੱਖੀ ਸਰੂਪ ਉੱਪਰ ਥਾਂ ਥਾਂ ਤੇ ਹਮਲੇ ਹੋ ਰਹੇ ਨੇ, ਗੁਰੂ ਸਾਹਿਬਾਨ ਦੀ ਪਵਿੱਤਰ ਯਾਦ ਵਿਚ ਖੁੱਲ੍ਹੇ ਤੌਰ 'ਤੇ ਤਿਉਹਾਰ ਅਸੀਂ ਨਹੀਂ ਮਨਾ ਸਕਦੇ ਤੇ ਖਾਲਸਾਈ ਸ਼ਾਨ ਨਾਲ ਨਗਰ ਕੀਰਤਨ ਕੱਢਣ 'ਤੇ ਵੀ ਰੋਕਾਂ ਤੇ ਪਾਬੰਦੀਆਂ ਲਗਾਈਆਂ ਜਾਣ ਲਗ ਪਈਆਂ ਨੇ। ਅੰਮ੍ਰਿਤ ਪਰਚਾਰ ਦੇ ਰਾਹ ਵਿਚ ਰੋੜੇ ਅਟਕਾਏ ਜਾ ਰਹੇ ਨੇ, ਸ੍ਰੀ ਸਾਹਿਬ ਦੇ ਸਾਈਜ਼ ਬਾਰੇ ਫੈਸਲਾ ਕਰਨਾ ਸਰਕਾਰ ਆਪਣਾ ਹੱਕ ਸਮਝਣ ਤੇ ਜਤਾਉਣ ਲੱਗ ਪਈ ਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਵਿੱਤਰ ਸਰੂਪਾਂ ਨੂੰ ਤੇ ਗੁਰਬਾਣੀ ਦੀਆਂ ਪੋਥੀਆਂ ਨੂੰ ਦੁਸ਼ਟਾਂ ਵਲੋਂ ਅਗਨ ਭੇਟ ਕੀਤਾ ਜਾਣ ਲਗ ਪਿਆ, ਸਿੱਖ ਸਭਿਆਚਾਰ ਤੇ ਇਤਿਹਾਸ ਨੂੰ ਇਕ ਗਿਣੀ ਮਿਥੀ ਨੀਤੀ ਤੇ ਸਾਜ਼ਸ਼ ਦੇ ਤਹਿਤ ਵਿਗਾੜਿਆ ਜਾ ਰਿਹਾ। ਸਰਕਾਰੀ ਪੱਧਰ ਉੱਪਰ ਸਭ ਪਰਚਾਰ ਤੇ ਪਰਸਾਰ ਸੰਚਾਰ ਸਾਧਨਾਂ ਦੀ ਵਰਤੋਂ ਸਿੱਖ ਕੌਮ ਦੀ ਆਨ ਸ਼ਾਨ ਤੇ ਪੰਥ ਦੀ ਚੜ੍ਹਦੀ



ਕਲਾ ਨੂੰ ਢਾਹ ਲਾਉਣ ਵਾਲੇ ਢੰਗਾਂ ਨਾਲ ਕੀਤੀ ਜਾ ਰਹੀ ਹੈ। ਸਿੱਖ ਨੌਜਵਾਨਾਂ ਨੂੰ ਨਾ ਫੌਜ ਤੇ ਨਾ ਪੁਲੀਸ ਵਿਚ, ਇਥੋਂ ਤੱਕ ਕਿ ਖੇਡਾਂ ਦੇ ਖੇਤਰ ਵਿਚ ਵੀ ਅੱਗੇ ਵਧਣ ਲਈ ਕੋਈ ਥਾਂ ਨਹੀਂ ਰਹੀ। ਸਭ ਥਾਵਾਂ ਉੱਪਰ ਵਿੰਗੇ ਟੇਢੇ ਢੰਗ ਤਰੀਕਿਆਂ ਨਾਲ ਟੋਪੀ ਵਾਲਿਆਂ ਨੂੰ ਹੀ ਪਹਿਲ ਦਿੱਤੀ ਜਾ ਰਹੀ ਹੈ। ਪਾਣੀ ਤੇ ਬਿਜਲੀ ਪੰਜਾਬ ਦੇ ਲੁਟੇ ਜਾ ਰਹੇ ਨੇ। ਦਰਿਆਵਾਂ ਦੇ ਡੈਮਾਂ ਤੇ ਹੈਡ ਵਰਕਸ ਉੱਪਰ ਸੈਂਟਰ ਸਰਕਾਰ ਨੇ ਕਬਜ਼ਾ ਕਰ ਰੱਖਿਆ। ਸਿੱਖ ਕੌਮ ਦੇ ਭੁਝੰਗੀਆਂ ਭੁਝੰਗਣਾਂ ਲਈ ਵਿਦਿਆ ਤੇ ਤਰੱਕੀ ਦੇ ਖੇਤਰ ਵਿਚ ਵਧਣ ਫੁਲਣ ਦੇ ਰਸਤੇ ਉਸ ਤਰਾਂ ਬੰਦ ਕਰ ਰੱਖੇ ਨੇ, ਸਿੱਖ ਕਿਸਾਨਾਂ ਦੀ ਮਿਹਨਤ ਤੇ ਕਿਰਤ ਕਮਾਈ ਨੂੰ ਲੁੱਟੇ ਪੁੱਟੇ ਜਾਣ ਅਤੇ ਆਰਥਕਤਾ ਨੂੰ ਤਬਾਹ ਕਰਨ ਦੀਆਂ ਗੱਲਾਂ ਤੁਹਾਡੇ ਸਭ ਦੇ ਸਾਹਮਣੇ ਨੇ। ਸਿੰਘੋ, ਹੁਣ ਤਾਂ ਸਾਡੇ ਪਵਿੱਤਰ ਇਤਿਹਾਸਕ ਗੁਰਧਾਮਾਂ ਦੀ ਆਜ਼ਾਦੀ ਵੀ ਖਤਰੇ 'ਚ ਪੈ ਗਈ ਆ। ਇਥੋਂ ਤੱਕ ਕਿ ਥਾਂ ਥਾਂ ਉੱਪਰ ਪਵਿੱਤਰ ਗੁਰਧਾਮਾਂ ਦੀਆਂ ਨਾਕਾਬੰਦੀਆਂ ਤੇ ਮੋਰਚਾ-ਬੰਦੀਆਂ ਕੀਤੀਆਂ ਜਾਣ ਲੱਗ ਪਈਆਂ। ਤੁਹਾਡੀ ਜਾਣਕਾਰੀ ਲਈ ਮੈਂ ਇਹ ਵੀ ਦੱਸ ਦੇਣਾ ਚਾਹੁੰਦਾਂ ਕਿ ਹੁਣ ਤਾਂ ਪਿਛਲੇ ਦਿਨੀਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਫੌਜ ਦੇ ਕਮਾਂਡੋ ਦਸਤੇ ਭੇਜਣ ਦੀਆਂ ਵੀ ਸਾਜ਼ਸ਼ਾਂ ਘੜੀਆਂ ਗਈਆਂ ਤੇ ਸਕੀਮਾਂ ਬਣਾਈਆਂ ਗਈਆਂ ਸੀ, ਇਥੋਂ ਤੱਕ ਕਿ ਪਿਛੇ ਜਿਹੇ ਭਾਰਤ ਸਰਕਾਰ ਦੇ ਇਸ਼ਾਰੇ ਉੱਤੇ ਸੀ. ਆਰ. ਪੀ. ਵਲੋਂ ਇਥੇ ਦਰਬਾਰ ਸਾਹਿਬ ਕੰਪਲੈਕਸ ਉੱਪਰ ਰਫਲਾਂ ਤੇ ਅੱਥਰੂ ਗੈਸ ਦੇ ਮੂੰਹ ਖੋਹਲਣ ਤੋਂ ਵੀ ਸੰਕੋਚ ਨਹੀਂ ਸੀ ਕੀਤਾ ਗਿਆ।

ਖ਼ਾਲਸਾ ਜੀ, ਇਨ੍ਹਾਂ ਗੱਲਾਂ ਤੋਂ ਇਲਾਵਾ ਹੁਣ ਤਾਂ ਪੰਥ ਨੂੰ ਅਦਾਲਤਾਂ ਤੋਂ ਵੀ ਇਨਸਾਫ ਦੀ ਕੋਈ ਆਸ ਨਹੀਂ ਰਹੀ, ਸੈਂਟਰ ਸਰਕਾਰ ਵੱਲੋਂ ਪੰਜਾਬ ਤੇ ਸਿੱਖ ਕੌਮ ਦੇ ਧਾਰਮਕ ਤੇ ਰਾਜਸੀ ਮਸਲਿਆਂ ਸਬੰਧੀ ਬਠਾਇਆ ਜਾਣ ਵਾਲਾ ਹਰ ਕਮਿਸ਼ਨ ਇਕ ਨੀਤੀ ਦੇ ਤਹਿਤ ਅੰਦਰੋਂ ਪੰਜਾਬ ਤੇ ਪੰਥ ਦਾ ਵਿਰੋਧੀ ਹੁੰਦਾ ਹੈ। ਪੰਥ ਨਾਲ ਥਾਂ ਥਾਂ ਉੱਪਰ ਹੋ ਰਹੀਆਂ ਜ਼ਿਆਦਤੀਆਂ ਅਤੇ ਪੰਜਾਬ ਨਾਲ ਹੋ ਰਹੇ ਧੱਕਿਆਂ ਤੇ ਹੋ ਰਹੀਆਂ ਬੇਇਨਸਾਫੀਆਂ ਦੇ ਖਲਾਫ ਆਵਾਜ਼ ਤੁਸੀਂ ਨਹੀਂ ਉਠਾ ਸਕਦੇ। ਭਾਰਤ ਸਰਕਾਰ ਨੇ ਸਿੱਖ ਕੌਮ ਦੀਆਂ ਹੱਕੀ ਤੇ ਜਾਇਜ਼ ਮੰਗਾਂ ਮੰਨਣੀਆਂ ਤਾਂ ਕੀ ਨੇ, ਦਿੱਲੀ ਦੀ ਪਟਰਾਣੀ ਇੰਦਰਾ ਤਾਂ ਅਨੰਦ ਪੁਰ ਦੇ ਮਤੇ ਨੂੰ ਵੇਖਣ ਲਈ ਵੀ ਤਿਆਰ ਨਹੀਂ।

ਸਾਧ ਸੰਗਤ ਜੀ, ਤੁਸੀਂ ਆਪ ਹੀ ਦੱਸੋ ਕਿ ਇਨ੍ਹਾਂ ਹਾਲਾਤ ਵਿਚ ਸਿੱਖ ਕੌਮ ਨੂੰ ਭਾਰਤ ਦੇ ਅੰਦਰ ਭਾਰਤ ਸਰਕਾਰ ਪਾਸੋਂ ਹੱਕ ਤੇ ਇਨਸਾਫ ਦੀ ਕੀ ਆਸ ਹੋ ਸਕਦੀ ਹੈ? ਖ਼ਾਲਸਾ ਜੀ, ਦਾਸ ਇਸ ਕਰਕੇ ਹੀ ਗੁਰੂ ਰੂਪ ਸਾਧ ਸੰਗਤ ਦੇ ਚਰਨਾਂ ਵਿਚ ਬਾਰ ਬਾਰ ਹੱਥ ਜੋੜ ਕੇ ਬੇਨਤੀ ਕਰ ਚੁੱਕਾ ਹੈ ਕਿ ਅੰਮ੍ਰਿਤ ਪਾਨ ਕਰਕੇ ਗੁਰੂ ਵਾਲੇ ਬਣੋ, ਹਥਿਆਰ ਬੰਦ ਹੋਵੋ ਅਤੇ ਟੋਪੀ ਵਾਲਿਆਂ ਤੋਂ ਆਪਣੇ ਹੱਕ ਲੈਣ ਲਈ ਗੁਰੂ ਨਾਨਕ ਜੋਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੱਸੇ ਹੋਏ ਮਾਰਗ ਉੱਪਰ ਚਲੋ ਅਤੇ ਖ਼ਾਲਸਾ ਪੰਥ ਦੇ ਪੱਕੇ ਤੇ ਕੱਟੜ ਵੈਰੀ ਮਹਾਤਮਾਂ ਗਾਂਧੀ ਦੀਆਂ ਸਿੱਖ ਵਿਚਾਰਧਾਰਾ ਵਿਰੋਧੀ ਨੀਤੀਆਂ ਤੇ ਅਹਿੰਸਾ ਪਰਮ ਧਰਮਾ ਦੇ ਫਰੇਬੀ ਨਾਅਰੇ ਦੇ ਪ੍ਰਭਾਵ ਤੋਂ ਬਚੋ। ਸਿੰਘੋ, ਜੇ ਤੁਸੀਂ ਆਪਣੇ ਆਪ ਨੂੰ ਦਸਮ ਪਿਤਾ ਦੇ ਸਿੰਘ ਅਖਵਾਉਂਦੇ ਹੋ ਤਾਂ ਫਿਰ ਪਿੰਡ ਪਿੰਡ ਜਾ ਕੇ ਹਰ ਬੱਚੇ ਬੁੱਢੇ ਤੇ ਜਵਾਨ ਅਤੇ ਮਾਈ ਭਾਈ ਨੂੰ ਇਸ ਗੱਲ ਦਾ ਅਹਿਸਾਸ ਕਰਵਾ ਦਿਓ ਕਿ ਅਸੀਂ ਗੁਲਾਮ ਹਾਂ ਅਤੇ ਹਿੰਦੂ ਰਾਜ ਦੇ ਜੂਲੇ ਹੇਠ ਗੁਲਾਮੀ ਦਾ ਜੀਵਨ ਜੀਉ ਰਹੇ ਹਾਂ ਤੇ ਹੁਣ ਆਪਾਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨਾ ਹੈ ਤੇ ਆਜ਼ਾਦ ਹੋਣਾ ਹੈ।

ਖ਼ਾਲਸਾ ਜੀ, ਇਸ ਪ੍ਰਸੰਗ ਵਿਚ ਤੁਸੀਂ ਮੇਰੇ 'ਤੇ ਸਵਾਲ ਕਰ ਸਕਦੇ ਹੋ ਤੇ ਇਸ ਗੱਲ ਦੇ ਸਬੰਧ ਵਿਚ ਸੋਚਦੇ ਵੀ ਹੋਵੋਗੇ ਕਿ ਇਨ੍ਹਾਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕਿਦਾਂ ਤੋੜਨਾ ਹੈ? ਇਸ ਸਬੰਧ

ਵਿਚ ਦਾਸ ਬਹੁਤ ਸਾਰੀਆਂ ਗੱਲਾਂ ਤੇ ਵਿਚਾਰ ਗੁਰੂ ਰੂਪ ਪੰਥ ਦੇ ਚਰਨਾਂ ਵਿਚ ਪਹਿਲਾਂ ਵੀ ਕਈ ਵਾਰ ਪਰਗਟ ਕਰ ਚੁੱਕਾ ਹੈ।

ਗੁਰੂ ਨਵਾਜੀ ਸਾਧ ਸੰਗਤ ਜੀ, ਮੈਂ ਤਾਂ ਗੁਰੂ ਘਰ ਦਾ ਕੂਕਰ ਹਾਂ, ਇਸ ਲਈ ਮੇਰਾ ਤਾਂ ਇਹੋ ਹੀ ਹੋਕਾ ਰਿਹਾ ਹੈ ਕਿ ਜੇ ਅਸਾਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਆਪਣੇ ਗਲੋਂ ਉਤਾਰਨਾ ਹੈ ਤਾਂ ਫਿਰ ਆਪਾਂ ਨੂੰ ਵਿਆਪਕ ਤੌਰ ਤੇ ਇਕ ਮੁੱਠ ਤੇ ਜਥੇਬੰਦ ਹੋ ਕੇ ਥਾਂ ਥਾਂ ਉਪਰ ਪੰਥ ਦੇ ਦੁਸ਼ਮਨਾਂ ਦੇ ਮੁਕਾਬਲੇ ਮੈਦਾਨ ਵਿਚ ਉਤਰਨਾ ਹੋਵੇਗਾ। ਇਸ ਲਈ ਖਾਲਸਾ ਜੀ, ਹੁਣ ਪਿੰਡ ਪਿੰਡ ਤੇ ਕਸਬੇ ਕਸਬੇ ਵਿਚ ਨੌਜਵਾਨਾਂ ਨੂੰ ਤਿਆਰ ਕਰੋ ਅਤੇ ਉਹਨਾਂ ਨੂੰ ਲਾਮਬੰਧ ਕਰਕੇ ਉਹਨਾ ਦੇ ਸ਼ਹੀਦੀ ਜਥੇ ਤਿਆਰ ਕਰੋ। ਉਹਨਾਂ ਲਈ ਹਥਿਆਰ ਪੈਦਾ ਕਰੋ ਤੇ ਉਹਨਾਂ ਨੂੰ ਹਰ ਹਰ ਪਰਕਾਰ ਦੇ ਸਾਧਨ ਵਸੀਲੇ ਜੁਟਾਓ, ਹਰ ਪਿੰਡ ਵਿਚ ਘੱਟੋ ਘੱਟ ਤਿੰਨ ਸਿਘਾਂ ਦਾ ਸ਼ਹੀਦੀ ਜਥਾ ਹਰ ਹਾਲਤ ਵਿਚ ਕਾਇਮ ਕਰੋ ਅਤੇ ਉਸ ਸ਼ਹੀਦੀ ਜਥੇ ਪਾਸ ਇਕ ਇਕ ਮੋਟਰ ਸਾਈਕਲ, ਤਿੰਨ ਤਿੰਨ ਰੀਵਾਲਵਰ ਤੇ ਖੁੱਲੇ ਰਾਉਂਦ ਜਰੂਰ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਗੁਰੀਲਿਆਂ ਅਰਥਾਤ ਮਰਜੀਵੜਿਆਂ ਦੇ ਅੰਡਰ ਗਰਾਉਂਡ ਜਥੇ ਲਾਮਬਧ ਕਰੋ। ਖਾਲਸਾ ਜੀ, ਜੇ ਵੱਡੇ ਹਥਿਆਰ ਰਖ ਸਕੋ ਤੇ ਆਪਣੇ ਆਪਣੇ ਪਿੰਡਾਂ ਤੇ ਕਸਬਿਆਂ ਵਿਚ ਜਿਆਦਾ ਤੋਂ ਜਿਆਦਾ ਨੌਜਵਾਨ ਭਰਤੀ ਕਰਕੇ ਸਿੱਖ ਨੌਜਵਾਨਾਂ ਦੀ ਜਥੇਬੰਦੀ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨੂੰ ਵਧ ਤੋਂ ਵਧ ਮਜਬੂਤ ਤੇ ਸ਼ਕਤੀਸ਼ਾਲੀ ਬਣਾ ਸਕੋ ਤਾਂ ਇਸ ਵਿਚ ਹੋਰ ਵੀ ਚੜ੍ਹਦੀ ਕਲਾ ਹੋਵੇਗੀ। (ਜੈਕਾਰਾ)

ਸਿੰਘੋ, ਜੇ ਅਸਾਂ ਅਜੇ ਵੀ ਆਪਣੇ ਆਪ ਨੂੰ ਨਾ ਸੰਭਾਲਿਆ ਅਤੇ ਆਪਣੇ ਧਰਮ ਦੀ ਰਾਖੀ, ਆਪਣੀ ਇਜ਼ਤ ਤੇ ਆਜ਼ਾਦੀ ਲਈ ਇਕੱਠੇ ਨਹੀਂ ਹੋ ਸਕੇ ਤਾਂ ਫਿਰ ਸਾਨੂੰ ਹਿੰਦੂਆਂ ਦੇ ਡੰਡੇ ਖਾਣੇ ਪੈਣਗੇ ਤੇ ਉਹਨਾਂ ਦੀਆਂ ਚਪਲਾਂ ਹੇਠ ਰਹਿਣਾ ਪਏਗਾ ਪਰ ਇਹ ਗੱਲ ਗੁਰੂ ਦੇ ਸਿੱਖਾਂ ਨੂੰ ਸੋਭਾ ਨਹੀਂ ਦੇਏਗੀ, ਕਿਉਂਕਿ ਖਾਲਸਾ ਪੰਥ ਤਾਂ ਆਪਣੇ ਜਨਮ ਕਾਲ ਤੋਂ ਹੀ, ਸਿਰਫ ਆਪਣੀ ਹੀ ਨਹੀਂ ਸਗੋਂ ਦੂਸਰਿਆਂ ਦੀ ਇਜ਼ਤ ਤੇ ਆਜ਼ਾਦੀ ਦੀ ਖਾਤਰ ਜੂਝਦਾ ਰਿਹਾ ਤੇ ਕੁਰਬਾਨੀਆਂ ਦੇਂਦਾ ਰਿਹਾ ਹੈ।

ਖਾਲਸਾ ਜੀ, ਤੁਹਾਡੇ ਵਿਚ ਪੰਜਾਬੋਂ ਬਾਹਰ ਰਹਿਣ ਵਾਲੇ ਸਿਖ ਵੀ ਇਥੇ ਜ਼ਰੂਰ ਬਰਾਜਮਾਨ ਹੋਣੇ ਨੇ, ਮੈਂ ਪਹਿਲਾਂ ਵੀ ਪੰਜਾਬੋਂ ਬਾਹਰ ਰਹਿਣ ਵਾਲੇ ਸਿਘਾਂ ਨੂੰ ਬੜੇ ਸਪਸ਼ਟ ਰੂਪ ਵਿਚ ਦੱਸ ਚੁੱਕਾ ਹਾਂ ਕਿ ਪੰਜਾਬ ਦੇ ਸਿਖਾਂ ਦੇ ਤਕੜਿਆਂ ਰਹਿਣ ਨਾਲ ਹੀ ਤੁਸੀਂ ਮਜ਼ਬੂਤ ਤੇ ਸੁਰਖਿਅਤ ਰਹਿ ਸਕਦੇ ਹੋ, ਜੇ ਪੰਜਾਬ ਦੇ ਸਿਖ ਆਪ ਹੀ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਰਹੇ ਅਤੇ ਹਿੰਦੂਆਂ ਦੀ ਦੁਬੇਲ ਬਣ ਕੇ ਰਹਿ ਗਏ ਤਾਂ ਫਿਰ ਤੁਹਾਡੀ ਹਿਫਾਜ਼ਤ ਹੋਰ ਕਿਸੇ ਨੇ ਨਹੀਂ ਕਰਨੀ। ਮੇਰੀ ਇਕ ਗੱਲ ਪੱਕੀ ਤਰਾਂ ਨਾਲ ਪਲੇ ਬੰਨ੍ਹ ਲਓ ਕਿ ਪੰਜਾਬ ਦੇ ਸਿਖ ਜਿੰਨੇ ਕਮਜ਼ੋਰ ਤੇ ਨਤਾਣੇ ਹੋਣਗੇ ਤੁਸੀਂ ਉਨੇ ਹੀ ਹਿੰਦੂਆਂ ਸਾਹਮਣੇ ਬੇਬਸ ਤੇ ਲਾਚਾਰ ਹੋਵੋਗੇ। ਉਹ ਤੁਹਾਨੂੰ ਤੰਗ ਵੀ ਕਰਨਗੇ ਤੇ ਜ਼ਲੀਲ ਵੀ। ਇਸ ਲਈ ਹੁਣ ਤੁਸੀਂ ਆਪਣੇ ਮਨਾਂ ਚੋਂ ਇਹ ਖਿਆਲ ਕੱਢ ਦਿਉ ਕਿ ਜੇ ਪੰਜਾਬ ਦੇ ਸਿਖਾਂ ਨੇ ਆਪਣੇ ਆਪ ਨੂੰ ਮਜ਼ਬੂਤ ਤੇ ਜਥੇਬੰਦ ਕਰਦਿਆਂ ਹੋਇਆਂ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਅਤੇ ਆਜ਼ਾਦੀ ਹਾਸਲ ਕਰਨ ਦੀ ਗੱਲ ਕੀਤੀ ਤਾਂ ਬਾਹਰ ਦੇ ਸਿਖ ਤੰਗ ਹੋਣਗੇ। ਇਸ ਗੱਲ ਨੂੰ ਨਾ ਭੁੱਲੋ ਕਿ ਤੁਹਾਡੀ ਇਜ਼ਤ ਤੇ ਮਾਨ ਪ੍ਰਤਿਸ਼ਟਤਾ ਦੀ ਗੱਲ ਪੰਜਾਬ ਦੇ ਸਿਖਾਂ ਦੀ ਕਿਸਮਤ ਨਾਲ ਜੁੜੀ ਹੋਈ ਹੈ। ਮੇਰੀ ਇਹ ਗੱਲ ਵੀ ਯਾਦ ਰਖਣ ਦੀ ਕੋਸ਼ਸ਼ ਕਰਿਓ ਕਿ ਜਿਨ੍ਹਾਂ ਲੋਕਾਂ ਦੀਆਂ ਬਾਹਵਾਂ ਤਕੜੀਆਂ ਹੁੰਦੀਆਂ, ਉਹਨਾਂ ਉਪਰ ਹਮਲਾ ਕਰਨ ਤੋਂ ਪਹਿਲਾਂ ਦੁਸ਼ਮਨ ਧਿਰ ਹਜ਼ਾਰ ਵਾਰ ਸੋਚਦੀ ਹੈ। ਪਰ ਜਿਨਾਂ ਲੋਕਾਂ ਦੀਆਂ ਬਾਹਵਾਂ ਕਮਜ਼ੋਰ ਹੁੰਦੀਆਂ ਤੇ ਨਾ ਹੋਈਆਂ ਬਰਾਬਰ ਹੁੰਦੀਆਂ ਉਹ ਲੋਕ ਤਾਂ ਦੁਸ਼ਮਨ ਧਿਰ ਦੀਆਂ ਨਜ਼ਰਾਂ ਵਿਚ ਪਹਿਲਾਂ ਹੀ ਮਰੇ ਹੋਏ ਹੁੰਦੇ ਨੇ, ਜਿਸ ਦਿਨ ਪੰਜਾਬ ਅੰਦਰ



ਖਾਲਸਾ ਜੀ ਦੇ ਅਸਲੀ ਰੂਪ ਵਿਚ ਬੋਲ ਬਾਲੇ ਹੋ ਗਏ ਅਤੇ ਕੇਸਰੀ ਨਿਸ਼ਾਨ ਸਾਹਿਬ ਦੀ ਧਰਮ ਤੇ ਰਾਜ ਦੇ ਖੇਤਰ ਵਿਚ ਇਕਸਾਰ ਰੂਪ 'ਚ ਚੜ੍ਹਤ ਹੋ ਗਈ ਤਾਂ ਸਮਝੋ ਕਿ ਉਸ ਦਿਨ ਤੋਂ ਬਾਅਦ ਸਾਰ ਭਰ ਵਿਚ ਵਸਦੇ ਸਿਖਾਂ ਨੂੰ ਇਕ ਪਰਕਾਰ ਨਾਲ ਸੁਰਖਸ਼ਾ ਛਤਰ ਮਿਲ ਜਾਏਗਾ ਅਤੇ ਸਿਆਸੀ ਰਾਜਸੀ ਮਾਰਾਂ ਦੀਆਂ ਝੱਖਾਂ ਤੇ ਅੱਗ ਵਰਾਉ ਧੁੱਪਾਂ ਦੇ ਸੇਕ ਤੋਂ ਬਚੇ ਰਹਿਣਗੇ, ਪੰਜਾਬ ਚੋਂ ਚਲਣ ਵਾਲੀਆਂ ਸੁਖਾਲੀਆਂ ਤੇ ਖੁਸ਼ਗਵਾਰ ਹਵਾਵਾਂ ਉਹਨਾਂ ਨੂੰ ਥਾਂ ਥਾਂ ਉਪਰ ਖੁਸ਼ੀ ਤੇ ਖੇੜੇ ਭਰਿਆ ਵਾਤਾਵਰਨ ਪਰਦਾਨ ਕਰਨ ਵਿਚ ਸਹਾਇਕ ਹੋਣਗੀਆਂ ਪਰ ਅੱਜ ਦੇ ਹਾਲਾਤ ਵਿਚ ਤਾਂ ਪੰਜਾਬ ਦੇ ਸਿਖ ਆਪਣੇ ਗਵਾਂਢੀ ਪ੍ਰਾਂਤਾਂ ਵਿਚ ਵੱਸਦੇ ਸਿਖਾਂ ਦੀ ਸਹਾਇਤਾ ਕਰਨ ਪੱਖੋਂ ਮਜਬੂਰ ਤੇ ਲਾਚਾਰ ਹੋਏ ਬੈਠੇ ਹਨ।

ਤੁਸਾਂ ਇਹ ਗੱਲਾਂ ਸੁਣੀਆਂ ਹੋਣਗੀਆਂ ਤੇ ਅਖਬਾਰਾਂ ਵਿਚ ਵੀ ਪੜੀਆਂ ਹੋਣਗੀਆਂ ਅਤੇ ਤੁਹਾਡੇ 'ਚੋਂ ਕੁਝ ਇਕ ਨਾਲ ਤਾਂ ਵਾਪਰੀਆਂ ਵੀ ਹੋਣਗੀਆਂ ਕਿ ਹਰਿਆਣੇ ਦੇ ਮੁਖ ਮੰਤਰੀ ਭਜਨ ਲਾਲ ਨੇ ਆਪਣੇ ਸੂਬੇ ਦੇ ਹਿੰਦੂਆਂ ਤੇ ਉਥੋਂ ਦੀ ਪੁਲੀਸ ਹੱਥੋਂ ਸਿਖਾਂ ਦੀ ਕੀ ਹਾਲਤ ਕਰਵਾਈ ਹੈ। ਰਾਹ ਜਾਂਦੇ ਸਿਖਾਂ ਨੂੰ ਉਥੋਂ ਦੇ ਹਿੰਦੂਆਂ ਵਲੋਂ ਬਸਾਂ ਗੱਡੀਆਂ ਤੋਂ ਉਤਾਰ ਉਤਾਰ ਕੇ ਅਤੇ ਰਾਹ ਪੰਧੇ ਜਾਂਦਿਆਂ ਨੂੰ ਖਲਿਆਰ ਖਲਿਆਰ ਕੇ ਕਿਵੇਂ ਜ਼ਲੀਲ ਕੀਤਾ ਗਿਆ ਤੇ ਕੋਹ ਕੋਹ ਕੇ ਮਾਰਿਆ ਗਿਆ ਸੀ। ਸਿਖਾਂ ਦੀਆਂ ਲੜਕੀਆਂ ਤੇ ਮਾਵਾਂ ਭੈਣਾਂ ਨੂੰ ਅਲਫ ਨੰਗਿਆਂ ਕਰਕੇ ਚੌਕਾਂ ਤੇ ਚੌਰਾਹਿਆਂ ਵਿਚ ਖਲਿਆਰਿਆ ਗਿਆ। ਹਿੰਦੂਆਂ ਨੇ ਪੁਲੀਸ ਦੀ ਹਾਜ਼ਰੀ ਵਿਚ ਉਸਦੇ ਸਾਹਮਣੇ ਅਲਫ ਨੰਗੀਆਂ ਕਰਕੇ ਖਲਿਆਰੀਆਂ ਹੋਈਆਂ ਬੀਬੀਆਂ ਦੇ ਦੁਆਲੇ ਢੋਲ ਵਜਾਏ ਤੇ ਭੰਗੜੇ ਪਾਏ। ਉਹਨਾਂ ਦੇ ਜਿਸਮਾਂ ਨੂੰ ਬਘਿਆੜਾਂ ਵਾਂਗ ਨੋਚਿਆ ਗਿਆ ਤੇ ਵਲੂੰਧਰਿਆ ਗਿਆ ਅਤੇ ਉਹਨਾਂ ਨੂੰ ਹਰ ਤਰੀਕੇ ਨਾਲ ਬੇਇਜ਼ਤ ਤੇ ਜ਼ਲੀਲ ਕੀਤਾ ਗਿਆ। ਸਿਖਾਂ ਦੇ ਮੂੰਹ ਸਿਰ ਮੁੰਨ ਕੇ ਉਹਨਾਂ ਨੂੰ ਪੰਜਾਬ ਭੇਜਿਆ ਗਿਆ। ਉਹਨਾਂ ਨੂੰ ਵੀ ਨੰਗਿਆਂ ਕਰਕੇ ਉਹਨਾਂ ਦੇ ਹੱਡ ਗੋਡੇ ਭੰਨੇ ਤੋੜੇ ਗਏ ਤੇ ਛੱਪੜਾਂ ਟੋਬਿਆਂ ਵਿਚ ਸੁਟਿਆ ਗਿਆ ਅਤੇ ਫਿਰ ਇਟਾਂ ਪਥਰ ਮਾਰ ਮਾਰ ਕੇ ਉਹਨਾਂ ਨੂੰ ਜਾਨੋਂ ਮਾਰਿਆ ਗਿਆ ਪਰ ਖਾਲਸਾ ਜੀ, ਇਹ ਸਭ ਕੁਝ ਵਾਪਰਨ ਦੇ ਬਾਵਜੂਦ ਹਿੰਦੂਆਂ ਦੀ ਮਹਾਰਾਣੀ ਇੰਦਰਾ ਗਾਂਧੀ ਦੇ ਕੰਨਾਂ ਉਤੇ ਜੂੰ ਤੱਕ ਨਾ ਸਰਕੀ। ਕਿਸੇ ਇਕ ਵੀ ਹਿੰਦੂ ਲੀਡਰ ਦਾ ਇਸ ਘੋਰ ਅਤਿਆਚਾਰ ਦੇ ਵਿਰੁਧ ਮੂੰਹ ਨਾ ਖੁਲਿਆ। ਕਿਸੇ ਇਕ ਵੀ ਹਿੰਦੂ ਪ੍ਰੈਸ ਨੇ ਬੇਗੁਨਾਹ ਤੇ ਨਿਹੱਥੇ ਸਿਖਾਂ ਉਪਰ ਹੋਏ ਇਸ ਜਬਰ ਜ਼ੁਲਮ ਦੇ ਖਿਲਾਫ ਆਵਾਜ਼ ਨਾ ਉਠਾਈ। ਸਗੋਂ ਵੱਡੇ ਵੱਡੇ ਲੇਖ ਲਿਖਕੇ ਸਿਘਾਂ ਨੂੰ ਸਬਰ ਸੰਤੋਖ ਤੋਂ ਕੰਮ ਲੈਣ ਦੀਆਂ ਨਸੀਹਤਾਂ ਕਰਦੇ ਰਹੇ ਅਤੇ ਅਨੰਦ ਪੁਰ ਮਤੇ ਤੇ ਧਰਮ ਯੁਧ ਮੋਰਚੇ ਨੂੰ ਵਾਪਸ ਲੈ ਕੇ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦੀ ਸਲਾਹ ਤੇ ਰਾਏ ਦੇਂਦੇ ਰਹੇ।

ਹਰਿਆਣੇ ਦੇ ਕਸਬਿਆਂ ਤੇ ਸ਼ਹਿਰਾਂ ਵਿਚ ਸਿਖਾਂ ਦੇ ਘਰਾਂ ਤੇ ਦੁਕਾਨਾਂ ਨੂੰ ਸ਼ਰੇ ਆਮ ਅੱਗਾਂ ਲਾਈਆਂ ਗਈਆਂ ਅਤੇ ਰਾਹ ਜਾਂਦੇ ਸਿਖਾਂ ਨੂੰ ਫੜ ਫੜ ਕੇ ਤੇ ਸਾਈਕਲਾਂ ਸਕੂਟਰਾਂ ਤੋਂ ਉਤਾਰ ਉਤਾਰ ਕੇ ਛੁਰੇ ਮਾਰੇ ਗਏ ਪਰ ਹਿੰਦੁਸਤਾਨ ਦੇ ਕਿਸੇ ਇਕ ਵੀ ਕੋਨੇ 'ਚੋਂ ਹਿੰਦੂਆਂ ਦਾ ਕਈ ਇਕ ਵੀ ਵਫਦ ਸਿਖਾਂ ਦੀ ਸਾਰ ਲੈਣ ਅਤੇ ਉਹਨਾਂ ਦਾ ਦੁਖ ਦਰਦ ਵੰਡਾਉਣ ਲਈ ਹਰਿਆਣੇ ਨਾ ਪੁਜਾ। ਇਹ ਗੱਲ ਬੜੀ ਸਾਫ ਤੇ ਸਪਸ਼ਟ ਹੈ ਕਿ ਜੇ ਅਸੀਂ ਗੁਲਾਮ ਨਾ ਹੁੰਦੇ, ਸਗੋਂ ਆਜ਼ਾਦ ਤੇ ਖੁਦ ਮੁਖਤਿਆਰ ਹੁੰਦੇ ਤਾਂ ਕੀ ਫੇਰ ਵੀ ਸਾਡੇ ਗਵਾਂਢ ਬੈਠੇ ਸਿਖਾਂ ਦੀ ਇਹ ਹਿੰਦੂ ਇਸਤਰਾਂ ਹੀ ਦੁਰਗਤ ਕਰਨ ਦੀ ਦਲੇਰੀ ਕਰਦੇ? ਅਸਲ ਵਿਚ ਇਹੋ ਜਿਹੀਆਂ ਘਿਨਾਉਣੀਆਂ ਤੇ ਸ਼ਰਮਨਾਕ ਗੱਲਾਂ ਜਾਂ ਘਟਨਾਵਾਂ ਕਿਸੇ ਕੌਮ ਨਾਲ ਉਦੋਂ ਹੀ ਵਾਪਰੀਆਂ ਹਨ ਜਦੋਂ ਉਹ ਗੁਲਾਮ ਹੁੰਦੀਆਂ ਹਨ ਅਤੇ ਉਹ ਕਿਸੇ ਦੂਸਰੀ ਸ਼ਕਤੀ ਦੀ ਗੁਲਾਮੀ ਨੂੰ ਸਿਰਫ ਏਸੇ ਕਰਕੇ ਹੀ ਸਵੀਕਾਰ ਕਰ ਲੈਂਦੀਆਂ ਹਨ ਕਿ

ਕਿਧਰੇ ਉਹਨਾਂ ਦੀ ਜ਼ਮੀਨ ਜਾਇਦਾਦ, ਧਨ ਪਦਾਰਥ ਤੇ ਸੁਖ ਸਾਧਨਾਂ ਨੂੰ ਕੋਈ ਠੇਸ ਤੇ ਨੁਕਸਾਨ ਨਾ ਪਹੁੰਚੇ ਪਰ ਸਾਧ ਸੰਗਤ ਜੀ, ਇਸਤਰਾਂ ਦੀ ਸੋਚ ਆਖਰਕਾਰ ਇਕ ਨਾ ਇਕ ਦਿਨ ਬੜੀ ਹੀ ਖਤਰਨਾਕ ਤੇ ਹਾਨੀਕਾਰਕ ਸਾਬਿਤ ਹੁੰਦੀ ਹੈ। ਕੋਈ ਵੀ ਕੌਮ, ਭਾਵੇਂ ਉਹ ਵਿਕਾਸ ਤੇ ਇਤਹਾਸ ਪੱਖੋਂ ਕਿੰਨੀ ਵੀ ਅਮੀਰ ਤੇ ਬਲਵਾਨ ਕਿਉਂ ਨਾ ਹੋਵੇ, ਆਪਣੀ ਕੌਮੀ ਸ਼ਕਤੀ ਦੀ ਮੁਖ ਧਾਰਾ ਨਾਲੋਂ ਟੁੱਟ ਕੇ ਤੇ ਸਿਧਾਂਤ ਨਾਲੋਂ ਨਿਖੜ ਕੇ ਅਣਖ ਤੇ ਸ਼ਾਨ ਨਾਲ ਨਹੀਂ ਜੀਊ ਸਕਦੀ, ਸਗੋਂ ਸਮੇਂ ਦੇ ਨਾਲ ਨਾਲ ਆਪਣੀ ਕੌਮੀ ਪਹਿਚਾਣ ਵੀ ਗਵਾ ਬੈਠਦੀ ਹੈ। ਇਸ ਲਈ ਬਲਵਾਨ ਤੇ ਕੁਰਬਾਨੀਆਂ ਵਾਲੀਆਂ ਅਤੇ ਮਨੁੱਖਤਾ ਦੀ ਰਾਖੀ ਦੀਆਂ ਝੰਡਾ-ਬਰਦਾਰ ਕੌਮਾਂ ਦਾ ਅਮੀਰ ਵਿਰਸਾ ਤੇ ਸ਼ਾਨਦਾਰ ਇਤਹਾਸ ਕਿਸੇ ਵੀ ਵਿਅਕਤੀ ਨੂੰ ਇਸ ਗੱਲ ਦੀ ਆਗਿਆ ਨਹੀਂ ਦੇਂਦਾ ਕਿ ਉਹ ਆਪਣੇ ਕੌਮੀ ਸਿਧਾਂਤ ਤੇ ਆਪਣੀ ਕੌਮੀ ਪਹਿਚਾਣ ਨੂੰ ਸਿਰਫ ਥੋਹੜੇ ਬਹੁਤ ਪਦਾਰਥਕ ਸੁਖਾਂ ਦੀ ਖਾਤਰ ਤਿਆਗ ਦੇਵੇ।

ਮੇਰੀ ਏਸ ਬੇਨਤੀ ਨੂੰ ਸਦਾ ਯਾਦ ਰਖਣਾ ਕਿ ਜਿਹੜੀਆਂ ਕੌਮਾਂ ਆਜ਼ਾਦ, ਖੁਦ-ਮੁਖਤਿਆਰ ਤੇ ਬਲਵਾਨ ਹੁੰਦੀਆਂ ਹਨ, ਪਦਾਰਥਕ ਸੁਖ ਸਾਧਨ ਉਹਨਾਂ ਦੇ ਅੱਗੇ ਪਿਛੇ ਹੱਥ ਬੰਨੀ ਦੌੜੇ ਭੱਜੇ ਅਰਥਾਤ ਵਿਚਰਦੇ ਫਿਰਦੇ ਹਨ ਪਰ ਇਸਦੇ ਮੁਕਾਬਲੇ ਢਹਿੰਦੀ ਕਲਾ ਵਾਲੀ ਸੋਚ ਨਾ ਤਾਂ ਕਿਸੇ ਕੌਮ ਦੇ ਲੋਕਾਂ ਦੀ ਇਜ਼ਤ ਤੇ ਮਾਨ ਪ੍ਰਤਿਸ਼ਠਾ ਨੂੰ ਹੀ ਬਚਾ ਸਕਦੀ ਹੈ ਤੇ ਨਾ ਹੀ ਉਹਨਾਂ ਦੀ ਜ਼ਮੀਨ ਜਾਇਦਾਦ ਤੇ ਦੌਲਤ ਨੂੰ ਹੀ ਬੰਨ੍ਹ ਮਾਰ ਸਕਦੀ ਹੈ। ਸਗੋਂ ਇਸਤਰਾਂ ਦੀ ਸੋਚ ਉਸਦੇ ਕੌਮੀ ਨਿਆਰੇਪਣ ਅਰਥਾਤ ਉਸਦੀ ਕੌਮੀ ਵਿਲਖਣਤਾ ਤੇ ਪਹਿਚਾਣ ਨੂੰ ਵੀ ਖਤਮ ਕਰਕੇ ਰੱਖ ਦੇਂਦੀ ਹੈ।

ਸਾਧ ਸੰਗਤ ਜੀ, ਦਾਸ ਤੁਹਾਡੇ ਚਰਨਾਂ ਵਿਚ ਇਕ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹੈ। ਉਹ ਇਹ ਹੈ ਕਿ ਹੁਣ ਸਾਨੂੰ ਇਨ੍ਹਾਂ ਟੋਪੀ ਵਾਲਿਆਂ ਪਾਸੋਂ, ਜੋ ਇਸ ਸਮੇਂ ਭਾਰਤ ਦੇ ਹੁਕਮਰਾਨ ਬਣੀ ਬੈਠੇ ਨੇ ਅਤੇ ਲੋਕ ਰਾਜ, ਧਰਮ ਨਿਰਪੱਖਤਾ, ਸੈਕੂਲਰਿਜ਼ਮ ਤੇ ਭਾਰਤ ਦੀ ਅਖੰਡਤਾ ਦੇ ਨਾਹਰਿਆਂ ਦੀ ਆੜ ਵਿਚ ਭਾਰਤ ਅੰਦਰਲੀਆਂ ਦੂਸਰੀਆਂ ਕੌਮਾਂ ਨੂੰ ਕਮਜ਼ੋਰ ਕਰਕੇ ਤੇ ਮਾਰ ਕੇ ਭਾਰਤ ਅੰਦਰ ਹਿੰਦੂ ਧਰਮ ਤੇ ਹਿੰਦੂ ਰਹੁਰੀਤੀਆਂ ਨੂੰ ਫੈਲਾ ਰਹੇ ਨੇ, ਉਹਨਾਂ ਤੋਂ ਹੱਕ ਤੇ ਇਨਸਾਫ ਦੀ ਆਸ ਨਹੀਂ ਰਖਣੀ ਚਾਹੀਦੀ। ਹੁਣ ਤਾਂ ਖਾਲਸਾ ਪੰਥ ਨੇ ਜੋ ਕੁਝ ਵੀ ਪ੍ਰਾਪਤ ਕਰਨਾ ਹੋਵੇਗਾ ਉਹ ਆਪਣੇ ਬਾਹੂਬਲ ਸਦਕਾ ਹੀ ਪ੍ਰਾਪਤ ਕਰਨਾ ਹੋਵੇਗਾ। ਇਸ ਲਈ ਸਾਨੂੰ ਹੁਣ ਬੀਤੇ ਸਮੇਂ ਤੋਂ ਸਬਕ ਹਾਸਲ ਕਰਕੇ ਇਹ ਫੈਸਲਾ ਲੈਣਾ ਹੋਵੇਗਾ ਕਿ ਭਵਿੱਖ ਵਿਚ ਅਸਾਂ ਪੰਥ ਦੀ ਆਜ਼ਾਦ ਹਸਤੀ ਨੂੰ ਇਨ੍ਹਾਂ ਹਿੰਦੂ ਟੋਪੀ ਵਾਲਿਆਂ ਦੇ ਹੱਥੋਂ ਕਿਵੇਂ ਬਚਾਉਣਾ ਹੈ ਅਤੇ ਆਪਣੀ ਇਸ ਜਨਮ ਭੂਮੀ ਅੰਦਰ ਖਾਲਸਾ ਜੀ ਦੇ ਬੋਲ ਬਾਲੇ ਅਮਲੀ ਰੂਪ ਵਿਚ ਕਿਵੇਂ ਕਾਇਮ ਕਰਨੇ ਨੇ?

ਜਿਨਾਂ ਲੋਕਾਂ ਨੂੰ ਅਜੇ ਵੀ ਹਿੰਦੂ ਸਾਮਰਾਜ ਤੋਂ ਹੱਕ ਤੇ ਇਨਸਾਫ ਦੀ ਆਸ ਹੈ ਮੈਂ ਉਹਨਾਂ ਪਾਸੋਂ ਇਕ ਗੱਲ ਹੱਥ ਬੰਨ੍ਹ ਕੇ ਪੁੱਛਦਾ ਹਾਂ ਕਿ ਸੰਤਾਲੀ (1947 ਈਸਵੀ) ਦੇ ਪਿਛੋਂ ਦਾ ਮੈਨੂੰ ਇਕ ਵੀ ਐਸਾ ਦਿਨ ਦੱਸੋ ਕਿ ਜਿਸ ਦਿਨ ਸਿਖਾਂ ਨਾਲ ਹਿੰਦੁਸਤਾਨ ਅੰਦਰ ਕੋਈ ਨਾ ਕੋਈ ਜ਼ਿਆਦਤੀ, ਬੇਇਨਸਾਫੀ ਤੇ ਜਬਰ ਨਾ ਹੋਇਆ ਹੋਵੇ। ਅਸੀਂ ਜਦੋਂ ਵੀ ਆਪਣੇ ਸਿਆਸੀ ਰਾਜਸੀ, ਧਾਰਮਕ ਤੇ ਆਰਥਕ ਹੱਕ ਹਕੂਕ ਮੰਗਦੇ ਰਹੇ ਤਾਂ ਬਦਲੇ ਵਿਚ ਹਿੰਦੂ ਰਾਜ ਵਲੋਂ ਸਿਖਾਂ ਨੂੰ ਲਾਠੀ ਗੋਲੀ ਤੇ ਜੇਹਲਾਂ ਦੇ ਰੂਪ ਵਿਚ ਹੀ ਜਵਾਬ ਮਿਲਦਾ ਰਿਹਾ ਅਤੇ ਭਿਆਨਕ ਤੋਂ ਭਿਆਨਕ ਦੁਖ ਕਸ਼ਟ ਤੇ ਤਸੀਹੇ ਇਨ੍ਹਾਂ ਦੀ ਝੋਲੀ ਪਾਏ ਜਾਂਦੇ ਰਹੇ। ਅੱਜ ਵੀ ਸਾਰੇ ਹਾਲਾਤ ਤੁਹਾਡੇ ਸਾਹਮਣੇ ਨੇ। ਇਸ ਸਮੇਂ ਇਹ ਕਿਹੜਾ ਜਬਰ ਤੇ ਅਤਿਆਚਾਰ ਹੈ ਜੋ ਸਿਖਾਂ ਨਾਲ ਨਹੀਂ ਹੋ ਰਿਹਾ।



ਦਾਸ, ਜਿਵੇਂ ਪਹਿਲਾਂ ਵੀ ਬੇਨਤੀ ਕਰ ਚੁੱਕਾ ਹੈ ਕਿ ਸੈਂਟਰ ਸਰਕਾਰ ਦੀ ਪੁਲੀਸ ਤੇ ਬੀ. ਐਸ. ਐਫ. ਨੇ ਸਾਡੇ ਪਵਿੱਤਰ ਗੁਰਧਾਮਾਂ ਨੂੰ ਅੱਜ ਥਾਂ ਥਾਂ ਉੱਪਰ ਘੇਰਾ ਪਾ ਰਖਿਆ ਹੈ। ਸਿਖਾਂ ਨੂੰ ਆਪਣੇ ਧਰਮ ਤੇ ਸਿਧਾਂਤ ਅਤੇ ਆਰਥਕ ਰਾਜਸੀ ਹੱਕਾਂ ਬਾਰੇ ਪਰਚਾਰ ਕਰਨ ਅਤੇ ਗੁਰਧਾਮਾਂ ਦੇ ਖੁੱਲੇ ਦਰਸ਼ਨ ਦਿਦਾਰ ਕਰਨ ਤੋਂ ਰੋਕਿਆ ਜਾ ਰਿਹਾ ਹੈ। ਅੰਮ੍ਰਿਤ ਪਰਚਾਰ ਕਰਨ ਵਾਲੇ ਜਥਿਆਂ ਨੂੰ ਏਨੀ ਖੁਲ ਨਹੀਂ ਕਿ ਉਹ ਪਿੰਡਾਂ ਤੇ ਕਸਬਿਆਂ ਵਿਚ ਜਾ ਕੇ ਸਿਖੀ ਮਰਯਾਦਾ ਤੇ ਵਿਚਾਰਧਾਰਾ ਬਾਰੇ ਆਜ਼ਾਦੀ ਨਾਲ ਗੱਲ ਕਰ ਸਕਣ ਅਤੇ ਸੰਗਤਾਂ ਅੰਦਰ ਅੰਮ੍ਰਿਤ ਦੀ ਦਾਤ ਖੁੱਲੇ ਰੂਪ ਵਿਚ ਵੰਡ ਸਕਣ। ਅੰਮ੍ਰਿਤਸਰ ਸ਼ਹਿਰ ਦੀ ਵਰਤਮਾਨ ਦਸ਼ਾ ਤੁਹਾਡੇ ਸਾਹਮਣੇ ਹੈ। ਸੱਚ ਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਆਉਂਦਾ ਇਕ ਵੀ ਰਸਤਾ ਐਸਾ ਨਹੀਂ ਜਿਸਦੀ ਸੀ. ਆਰ. ਪੀ. ਤੇ ਬੀ. ਐਸ. ਐਫ. ਵਾਲਿਆਂ ਨੇ ਨਾਕਾ ਬੰਦੀ ਨਾ ਕੀਤੀ ਹੋਈ ਹੋਵੇ ਹੁਣ ਤਾਂ ਇਨ੍ਹਾਂ ਨੇ ਚੌਕ ਘੰਟਾ ਘਰ ਵਾਲੇ ਪਾਸਿਓਂ ਤੇ ਸਰਾਂ ਵਾਲੇ ਪਾਸਿਓਂ ਬਿਲਕੁਲ ਹੀ ਸਿਰ 'ਤੇ ਆ ਕੇ ਛਾਉਣੀ ਪਾ ਲਈ ਆ। ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਆਲੇ ਦੁਆਲੇ ਦੂਰ ਦੂਰ ਤੱਕ ਉੱਚੀਆਂ ਉੱਚੀਆਂ ਇਮਾਰਤਾਂ ਉੱਪਰ ਮੋਰਚੇ ਕਾਇਮ ਕਰ ਲਏ ਨੇ। ਅਸਲ ਵਿਚ ਇਹ ਸਭ ਕੁਝ ਇਸ ਲਈ ਕੀਤਾ ਜਾ ਰਿਹਾ ਹੈ ਕਿ ਤਾਂ ਜੋ ਸਿਖਾਂ ਦੇ ਦਿਲਾਂ ਅੰਦਰ ਹਿੰਦੂ ਰਾਜ ਦੀ ਸ਼ਕਤੀ ਦਾ ਹਊਆ ਪੈਦਾ ਕੀਤਾ ਜਾ ਸਕੇ ਅਤੇ ਆਮ ਪੱਧਰ 'ਤੇ ਸਿਖ ਸੰਗਤਾਂ ਦੁਆਲੇ ਦਹਿਸ਼ਤ ਦਾ ਵਾਤਾਵਰਨ ਉਤਪਨ ਕਰਕੇ ਉਹਨਾਂ ਵਿਚ ਹੀਨ ਭਾਵ ਤੇ ਢਹਿੰਦੀ ਕਲਾ ਦਾ ਵਰਤਾਰਾ ਕੀਤਾ ਜਾ ਸਕੇ ਅਤੇ ਉਹਨਾਂ ਦੇ ਪੰਥ ਦੀ ਚੜ੍ਹਦੀ ਕਲਾ ਪ੍ਰਤੀ ਜਜ਼ਬੇ, ਜੋਸ਼, ਉਤਸ਼ਾਹ ਨੂੰ ਕੁਚਲਿਆ ਤੇ ਵਲੂੰਦਰਿਆ ਜਾ ਸਕੇ। ਸਰਕਾਰ ਦੀ ਇਹ ਨੀਤੀ ਹੈ ਤੇ ਉਸਨੇ ਇਹ ਫੈਸਲਾ ਕਰ ਰੱਖਿਆ ਹੈ ਕਿ ਸਿਖ ਆਪਣੇ ਗੁਰਧਾਮਾਂ ਅੰਦਰ ਵੀ ਪੰਥਕ ਹੱਕਾਂ ਦੀ ਗੱਲ ਨਾ ਕਰ ਸਕਣ ਅਤੇ ਆਪਣੇ ਆਪ ਨੂੰ ਇਕ ਵਖਰੀ ਕੌਮ ਕਹਿਣ ਦਾ ਹੀਆ ਨਾ ਕਰ ਸਕਣ।

ਸਿਖਾਂ ਦਾ ਅੱਜ ਸਿਰਫ ਕਸੂਰ ਇਹ ਹੈ ਕਿ ਭਾਰਤ ਦੀ ਸਰਕਾਰ ਨੂੰ ਸੰਨ ਸੰਤਾਲੀ ਤੋਂ ਪਹਿਲਾਂ ਗਾਂਧੀ ਤੇ ਜਵਾਹਰ ਲਾਲ ਵਲੋਂ ਸਿਖ ਕੌਮ ਨਾਲ ਕੀਤੇ ਗਏ ਵਾਇਦੇ ਯਾਦ ਕਰਵਾਉਂਦੇ ਨੇ। ਉਹ ਹੁਣ ਉਹਨਾਂ ਵਾਇਦਿਆਂ ਦੀ ਪੂਰਤੀ ਲਈ ਅਨੰਦਪੁਰ ਦੇ ਮਤੇ ਅਨੁਸਾਰ ਆਪਣੇ ਲਈ ਖਾਲਸਾ ਜੀ ਦੀ ਜਨਮ ਭੂਮੀ ਪੰਜਾਬ ਅੰਦਰ ਵਿਸ਼ੇਸ਼ ਅਧਿਕਾਰਾਂ ਦੀ ਮੰਗ ਕਰਦੇ ਨੇ, ਸਿਖਾਂ ਦੀ ਜ਼ਬਾਨ ਸਿਰਫ ਇਸ ਕਰਕੇ ਬੰਦ ਕੀਤੀ ਜਾ ਰਹੀ ਹੈ ਤੇ ਇਨ੍ਹਾਂ ਨੂੰ ਦਬਾਇਆ ਤੇ ਕੁਚਲਿਆ ਜਾ ਰਿਹਾ ਹੈ ਕਿ ਤਾਂ ਜੋ ਇਹ ਗਾਂਧੀ ਤੇ ਨਹਿਰੂ ਵਲੋਂ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਕੀਤੇ ਗਏ ਸਭ ਕੌਲ ਇਕਰਾਰਾਂ ਨੂੰ ਭੁਲ ਜਾਣ ਤੇ ਤਲਾਂਜਲੀ ਦੇ ਦੇਣ ਅਤੇ ਪੰਜਾਬ ਅੰਦਰ ਖਾਲਸਾ ਜੀ ਦੇ ਬੋਲ ਬਾਲੇ ਕਾਇਮ ਕਰਨ ਦੀ ਗੱਲ ਨੂੰ ਛੱਡ ਦੇਣ। ਸਿਖ ਹੁਣ ਆਪਣੇ ਆਪ ਨੂੰ ਇਕ ਵੱਖਰੀ ਕੌਮ ਨਾ ਕਹਿਣ ਸਗੋਂ ਆਪਣੇ ਆਪ ਨੂੰ ਹਿੰਦੂ ਧਰਮ ਦੀ ਹੀ ਇਕ ਧਾਰਮਕ ਸ਼ਾਖ ਤੇ ਸੰਪਰਦਾ ਵਜੋਂ ਸਵੀਕਾਰ ਕਰ ਲੈਣ। ਇਸ ਤੋਂ ਇਲਾਵਾ ਗੁਰਧਾਮਾਂ ਦੇ ਅੰਦਰ ਰਾਜਨੀਤਕ ਫੈਸਲੇ ਲੈਣੇ ਅਤੇ ਰਾਜਸੀ ਟੀਚੇ ਤੇ ਨਿਸ਼ਾਨੇ ਮਿਥਣੇ ਪੱਕੇ ਤੌਰ ਤੇ ਤਿਆਗ ਦੇਣ। ਧਰਮ ਤੇ ਰਾਜਨੀਤੀ ਅੰਦਰ ਅਟੁੱਟ ਸਾਂਝ ਦੀ ਗੱਲ ਨਾ ਕਰਨ ਅਤੇ ਅਕਾਲ ਤਖਤ ਸਾਹਿਬ ਨੂੰ ਦਿੱਲੀ ਦੇ ਰਾਸ਼ਟਰਪਤੀ ਹਾਊਸ ਤੇ ਪਾਰਲੀਮੈਂਟ ਹਾਊਸ ਦੇ ਮੁਕਾਬਲੇ ਸਰਵ ਉੱਚ ਨਾ ਮੰਨਣ। ਸਗੋਂ ਇਸਦੇ ਮੁਕਾਬਲੇ ਤੇ ਦਿੱਲੀ ਰਾਜਧਾਨੀ ਦੀ ਸਰਵ ਉੱਚਤਾ ਨੂੰ ਪਰਵਾਨ ਕਰ ਲੈਣ। ਅਸਲ ਵਿਚ ਹਿੰਦੂ ਰਾਜ ਦਾ ਜੋ ਇਸ ਸਮੇਂ ਸਿਖਾਂ ਪ੍ਰਤੀ ਫੈਸਲਾ ਤੇ ਨਿਸ਼ਾਨਾ ਹੈ ਉਸ ਤੋਂ ਇਹ ਗੱਲ ਸਾਫ ਜ਼ਾਹਰ ਹੁੰਦੀ ਹੈ ਕਿ ਹਿੰਦੂ ਸਾਮਰਾਜ ਖਾਲਸਾ ਪੰਥ ਦੀ ਵਲੱਖਣਤਾ, ਇਸਦੀ ਆਜ਼ਾਦ ਹਸਤੀ, ਇਸਦੇ ਪ੍ਰਭੂਤਵ ਤੇ ਇਸਦੇ ਵਿਚਾਰਧਾਰਕ ਨਜ਼ਰੀਏ ਅਰਥਾਤ ਆਸ਼ੇ ਉਦੇਸ਼ ਨੂੰ ਹਿੰਦੂਵਾਦ ਦੇ ਰਥ ਹੇਠ ਕੁਚਲਣਾ ਤੇ ਮਲੀਆ ਮੇਟ ਕਰਨ ਦਾ ਤਹੱਈਆ ਕਰੀ ਬੈਠਾ ਹੈ।

ਖਾਲਸਾ ਜੀ, ਇਕ ਪਾਸੇ ਤਾਂ ਇਨ੍ਹਾਂ ਟੋਪੀ ਵਾਲਿਆਂ ਦੀ ਸਰਕਾਰ ਸਿੱਖਾਂ ਨੂੰ ਇਹ ਹੁਕਮ ਚਾਹੜ ਰਹੀ ਹੈ ਕਿ ਸਿਖ ਭਾਰਤ ਨਾਲੋਂ ਵੱਖ ਹੋਣ ਦੀਆਂ ਗੱਲਾਂ ਨਾ ਕਰਨ ਤੇ ਖਾਲਿਸਤਾਨ ਜ਼ਿੰਦਾ ਬਾਦ ਦੇ ਨਾਅਰੇ ਨਾ ਲਾਉਣ ਤੇ ਦੂਸਰੇ ਪਾਸੇ ਇਹ ਸਿਖਾਂ ਨੂੰ ਖਤਮ ਕਰਨ ਲਈ ਪਿਛਲੇ ਸੱਤੀ ਸਾਲਾਂ ਤੋਂ ਨਿਰੰਤਰ ਰੂਪ ਵਿਚ ਟਿਲ ਲਾਉਂਦੀ ਤੁਰੀ ਆ ਰਹੀ ਹੈ। ਅਸਲ ਵਿਚ ਇਸ ਕਰਕੇ ਹੀ ਦਾਸ ਇਹ ਗੱਲ ਸੰਗਤਾਂ ਵਿਚ ਕਈ ਵਾਰ ਖੁਲੇ ਆਮ ਕਹਿ ਚੁੱਕਾ ਹੈ ਕਿ ਇਹ ਗੱਲ ਹੁਣ ਭਾਰਤ ਦੀ ਹਿੰਦੂ ਸਰਕਾਰ ਉੱਪਰ ਆਉਂਦੀ ਹੈ ਕਿ ਉਸਨੇ ਸਿੱਖਾਂ ਨੂੰ ਭਾਰਤ ਦੇ ਨਾਲ ਰਖਣਾ ਹੈ ਕਿ ਨਹੀ? ਮੈਂ ਪਹਿਲਾਂ ਵੀ ਇਸ ਗੱਲ ਬਾਰੇ ਬੜਾ ਸਪਸ਼ਟ ਐਲਾਨ ਕਰ ਚੁੱਕਾ ਹਾਂ ਕਿ ਸਿਖ ਹੁਣ ਭਾਰਤ ਨਾਲ ਹਿੰਦੂਆਂ ਦੀ ਦੁਬੇਲ ਬਣਕੇ ਤੇ ਦੂਸਰੇ ਨੰਬਰ ਦੇ ਸ਼ਹਿਰੀ ਬਣਕੇ ਨਹੀਂ ਚਲ ਸਕਦੇ। ਇਸ ਲਈ ਖਾਲਸਾ ਜੀ, ਹੁਣ ਆਪਾਂ ਸਭਣਾ ਨੇ ਪੂਰਨ ਤੌਰ 'ਤੇ ਇਕ ਮੁੱਠ ਅਰਥਾਤ ਜਥੇਬੰਦ ਹੋਕੇ ਹਰ ਜੁਝਾਰੂ ਢੰਗ ਤਰੀਕੇ ਨਾਲ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰ ਗੋਬਿੰਦ ਸਿੰਘ ਜੀ ਮਹਾਰਾਜ ਦੇ 'ਰਾਜ ਕਰੇਗਾ ਖਾਲਸਾ' ਦੇ ਸੰਕਲਪ ਨੂੰ ਸਾਕਾਰ ਕਰਨ ਦੇ ਮੰਤਵ ਨਾਲ ਹਿੰਦੂ ਸਾਮਰਾਜ ਦੀਆਂ ਜੰਜੀਰਾਂ ਤੋਂ ਆਪਣੇ ਆਪ ਨੂੰ ਮੁਕਤ ਕਰਵਾਉਣਾ ਹੈ ਤੇ ਆਜ਼ਾਦ ਹੋਣਾ ਹੈ।' (ਜੈਕਾਰਾ)

'ਕਈ ਭਰਾ ਮੇਰੀਆਂ ਇਹ ਸਾਰੀਆਂ ਗੱਲਾਂ ਸੁਨਣ ਦੇ ਬਾਵਜੂਦ ਮੈਨੂੰ ਅਕਸਰ ਇਹ ਗੱਲ ਪੁਛਦੇ ਰਹਿੰਦੇ ਨੇ ਕਿ 'ਹੁਣ ਆਪਾਂ ਨੂੰ ਵਰਤਮਾਨ ਹਾਲਾਤ ਵਿਚ ਕੀ ਕਰਨਾ ਚਾਹੀਦਾ ਹੈ।' ਭਾਰਤ ਦੀ ਹਿੰਦੂ ਸਰਕਾਰ ਤਾਂ ਸਿਖਾਂ ਨੂੰ ਕਿਸੇ ਤਰਾਂ ਨਾਲ ਕੋਈ ਵੀ ਨਿਆਂ ਨਹੀ ਦੇ ਰਹੀ। ਸਗੋਂ ਸਿਖਾਂ ਉੱਪਰ ਉਸਦਾ ਜਬਰ ਤਾਂ ਦਿਨੋਂ ਦਿਨ ਵਧਦਾ ਜਾ ਰਿਹਾ ਹੈ ਅਤੇ ਸਭ ਹਿੰਦੂ ਮਨ ਕਰਕੇ ਪੰਜਾਬ ਦੀ ਧਰਤੀ ਦੇ ਦੁਸਮਨ ਤੇ ਸਿਖਾਂ ਦੇ ਲਹੂ ਦੇ ਤਿਹਾਏ ਬਣੀ ਬੈਠੇ ਨੇ।

ਮੇਰਾ ਤਾਂ ਖਾਲਸਾ ਜੀ ਇਸ ਸਬੰਧ ਵਿਚ ਇਕ ਹੀ ਸਾਫ ਤੇ ਸਪਸ਼ਟ ਜਵਾਬ ਹੈ ਕਿ ਅਸੀਂ ਨਾ ਕਿਸੇ ਦਾ ਹੱਕ ਖੋਹਣ ਵਿਚ ਯਕੀਨ ਰਖਦੇ ਹਾਂ ਤੇ ਨਾ ਅਸਾਂ ਆਪਣਾ ਹੱਕ ਕਿਸੇ ਨੂੰ ਨੱਪਣ ਦੇਣਾ। ਇਸ ਲਈ ਮੇਰਾ ਤਾਂ ਖੁਲਾ ਐਲਾਨ ਹੈ ਕਿ ਖਾਲਸਾ ਜੀ, ਪੰਥ ਦੇ ਹੱਕ ਖੋਹਣ ਤੇ ਦਬਾਉਣ ਵਾਲਿਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਬੇਅਦਬੀ ਕਰਨ ਵਾਲਿਆਂ, ਸਿਖੀ ਸਰੂਪ ਉੱਪਰ ਹਮਲਾ ਕਰਨ ਵਾਲਿਆਂ, ਗੁਰੂ ਸਾਹਿਬਾਨ ਦੀ ਸ਼ਾਨ ਵਿਚ ਬੋਲ ਕਬੋਲ ਬੋਲਣ ਵਾਲਿਆਂ, ਧੀਆਂ ਭੈਣਾਂ ਦੀ ਇਜ਼ਤ ਨੂੰ ਹਥ ਪਾਉਣ ਵਾਲਿਆਂ ਅਤੇ ਪੰਥ ਦੀ ਆਜ਼ਾਦ ਹਸਤੀ ਨੂੰ ਖਤਮ ਕਰਨ ਦੇ ਯਤਨ ਕਰਨ ਤੇ ਸੁਪਣੇ ਲੈਣ ਵਾਲਿਆਂ ਨੂੰ ਸੋਧਨ ਲਈ ਸ਼ਸਤ੍ਰਧਾਰੀ ਹੋਵੋ, ਵਧ ਤੋਂ ਵਧ ਹਥਿਆਰ ਇਕੱਠੇ ਕਰੋ ਤੇ ਅਜ ਦੇ ਸਮੇਂ ਦੇ ਹਰ ਪਰਕਾਰ ਦੇ ਹਥਿਆਰਾਂ ਨੂੰ ਚਲਾਉਣਾ ਸਿਖੋ ਅਤੇ ਆਪਣੇ ਆਪ ਨੂੰ ਕੇਸਰੀ ਨਿਸ਼ਾਨ ਸਾਹਿਬ ਦੀ ਛਤਰ ਛਾਇਆ ਹੇਠ ਤਕੜੇ ਹੋ ਕੇ ਜਥੇਬੰਦ ਕਰੋ। ਵਾਹਿਗੁਰੂ ਤੁਹਾਡੇ ਅੰਗ ਸੰਗ ਹੈ, ਫਤਹਿ ਬਖਸ਼ੇਗਾ। (ਜੈਕਾਰਾ)

ਖਾਲਸਾ ਜੀ, ਆਪਣੀਆਂ ਖਾਲਸਾਈ ਰਵਾਇਤਾਂ ਨੂੰ ਮਨੋ ਚਿਤੋਂ ਕਰਕੇ ਆਪਣੇ ਜੀਵਨ ਦਾ ਅਟੁੱਟ ਤੇ ਅਨਿਖੜਵਾਂ ਹਿੱਸਾ ਬਣਾ ਲਉ। ਸ਼ਸਤ੍ਰ ਰਖਣਾ ਹਰ ਗੁਰਸਿਖ ਲਈ ਲਾਜ਼ਮੀ ਹੈ ਅਤੇ ਇਸ ਰਵਾਇਤ ਨੂੰ ਅਪਨਾਉਣਾ ਸਾਡਾ ਧਰਮ ਬਣਦਾ ਹੈ। ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਮਹਾਰਾਜ ਨੇ ਸਿਖਾਂ ਨੂੰ ਸ਼ਸਤ੍ਰਧਾਰੀ ਹੋਣ, ਵਧੀਆ ਤੋਂ ਵਧੀਆ ਸ਼ਸਤ੍ਰ ਰਖਣ ਅਤੇ ਗੁਰ ਦਰਬਾਰ ਲਈ ਚੰਗੇ ਤੋਂ ਚੰਗੇ ਤੇ ਵੱਧ ਤੋਂ ਵੱਧ ਸ਼ਸਤ੍ਰ ਲਿਆਉਣ ਦਾ ਹੁਕਮ ਦੇ ਰੱਖਿਆ ਸੀ। ਇਸ ਤਰਾਂ ਪੰਥ ਦੇ ਵਾਲੀ ਸਰਬੰਸ ਦਾਨੀ ਅੰਮ੍ਰਿਤ ਦੇ ਦਾਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਆਪਣੇ ਸਮੇਂ ਦੇ ਵਧੀਆ ਤੋਂ ਵਧੀਆ ਤੇ ਨਵੀਨ ਤੋਂ ਨਵੀਨ ਤਰਾਂ ਦੇ ਛੋਟੇ ਵੱਡੇ ਸ਼ਸਤ੍ਰਾਂ ਨੂੰ ਸ਼ਕਤੀ ਭੰਡਾਰ ਦੇ ਰੂਪ ਵਿਚ ਇਕੱਤਰ ਕੀਤਾ ਅਤੇ ਗੁਰਸਿਖਾਂ ਤੇ ਸਿੰਘਾਂ ਲਈ ਸ਼ਸਤ੍ਰ ਸਿਖਿਆ ਦਾ ਬਕਾਇਦਾ ਪ੍ਰਬੰਧ ਕੀਤਾ। ਇਥੋਂ ਤੱਕ ਕਿ ਬੜੇ ਨੇਮਬਧ ਢੰਗ ਨਾਲ ਸਿੰਘਾਂ ਵਿਚਕਾਰ



ਜੰਗੀ ਕਰਤਵਾਂ ਦੇ ਮੁਕਾਬਲੇ ਕਰਵਾਏ ਜਾਂਦੇ ਤੇ ਉਹਨਾਂ ਨੂੰ ਹਰ ਪੱਖੋਂ ਜੁਝਾਰੂ ਤੇ ਸਫਲ ਸੈਣਕ ਬਨਾਉਣ ਲਈ ਵਧ ਤੋਂ ਵਧ ਉਤਸ਼ਾਹਤ ਕੀਤਾ ਜਾਂਦਾ। ਸਮੇਂ ਦੇ ਨਾਲ ਨਾਲ ਪਹਿਲਾਂ ਗੁਰਸਿਖਾਂ ਤੇ ਫਿਰ ਖਾਲਸਾ ਪੰਥ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਕੇਸਗੜ੍ਹ ਸਾਹਿਬ ਦੇ ਵਿਸ਼ਾਲ ਮੈਦਾਨ ਵਿਚ ਖਾਸ ਤੌਰ 'ਤੇ ਹੋਲੇ ਮਹੱਲੇ ਦੇ ਦਿਨਾਂ ਦੌਰਾਨ ਜਥੇਬੰਦਕ ਤੇ ਹਥਿਆਰਬੰਦ ਰੂਪ ਵਿਚ ਇਕੱਠੇ ਹੋਣ ਦਾ ਵੱਡੀ ਪੱਧਰ 'ਤੇ ਵਿਆਪਕ ਸੱਦਾ ਦਿੱਤਾ ਜਾਂਦਾ। ਇਸ ਮਹਾਨ ਅਵਸਰ ਉੱਪਰ ਪੰਥ ਦੀ ਸੈਣਕ ਸ਼ਕਤੀ ਤੇ ਇਸਦੀਆਂ ਜੰਗੀ ਖੂਬੀਆਂ ਅਤੇ ਤਿਆਰੀਆਂ ਦਾ ਵਰਾਟ ਰੂਪ ਵਿਚ ਵਖਾਵਾ ਕਰਕੇ ਸਮੁੱਚੇ ਪੰਥ ਦੇ ਸੰਪੂਰਨ ਰੂਪ ਵਿਚ ਇਕ ਆਜ਼ਾਦ ਤੇ ਖੁਦ-ਮੁਖਤਿਆਰ ਸਕਤੀ ਦੇ ਮਾਲਕ ਹੋਣ ਵਜੋਂ ਅਮਲੀ ਤੌਰ 'ਤੇ ਸਬੂਤ ਦਿੱਤਾ ਜਾਂਦਾ। ਸਾਧ ਸੰਗਤ ਜੀ, ਖਾਲਸਾ ਪੰਥ ਦੀ ਸਿਰਜਨਾ ਵਾਸਤਵ ਵਿਚ ਗੁਰ ਪੰਥ ਅਰਥਾਤ ਸਿਖ ਕੌਮ ਦੀ ਆਜ਼ਾਦੀ ਖੁਦਮੁਖਤਿਆਰੀ ਤੇ ਇਸਦੇ ਬੋਲ ਬਾਲਿਆਂ ਦੀ ਪ੍ਰਤਖ ਰੂਪ ਵਿਚ ਸਿਖਰ ਸੀ ਅਤੇ ਉਹ ਸਿਖਰ ਅੱਜ ਵੀ ਖਾਲਸਾ ਪੰਥ ਦੇ ਅੰਦਰ ਇਕ ਮਹਾਨ ਵਿਰਸੇ ਵਜੋਂ ਵਿਆਪਕ ਰੂਪ ਵਿਚ ਕਾਇਮ-ਦਾਇਮ ਹੈ ਅਤੇ ਖਾਲਸਾ ਜੀ ਦੀ ਇਹ ਆਜ਼ਾਦ ਖੁਦਮੁਖਤਿਆਰੀ, ਵਿਲਿਖਣ ਤੇ ਬਲਵਾਨ ਹਸਤੀ ਯੁਗੋ-ਯੁਗ ਅਟੱਲ ਰੂਪ ਵਿਚ ਕਾਇਮ-ਦਾਇਮ ਰਹੇਗੀ। (ਜੈਕਾਰਾ)

ਸਾਧ ਸੰਗਤ ਜੀ, ਸਾਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਗੁਰੂ ਸਾਹਿਬਾਨ ਨੇ ਤਾਂ ਕਿਲੇ ਉਸਾਰ ਕੇ ਉਹਨਾਂ ਉੱਪਰ ਤੋਪਾਂ ਵੀ ਗੱਡੀਆਂ ਸਨ ਅਤੇ ਗੁਰੂ ਸਾਹਿਬਾਂ ਨੂੰ ਉਹ ਗੁਰਸਿਖ ਬਹੁਤ ਹੀ ਪਿਆਰੇ ਲਗਦੇ ਤੇ ਭਾਉਂਦੇ ਸਨ ਜੋ ਗੁਰੂ ਘਰ ਲਈ ਸ਼ਸਤ੍ਰ ਤੇ ਘੋੜੇ ਲਿਆਉਂਦੇ ਸਨ। ਸਿੰਘੋ ਆਪਣੀਆਂ ਰਵਾਇਤਾਂ ਨੂੰ ਜ਼ਰਾ ਨੀਝ ਨਾਲ ਤੇ ਮਨੋ ਕਰਕੇ ਡੂੰਘੀ ਨਜ਼ਰੇ ਨਿਹਾਰਿਆ ਕਰੋ। ਤੁਹਾਡੇ ਸਾਹਮਣੇ ਹਰ ਰੋਜ਼ ਪਵਿਤਰ ਗੁਰਧਾਮਾਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਹਜ਼ੂਰ ਤਿਆਰ ਬਰ ਤਿਆਰ ਰੂਪ ਵਿਚ ਸ਼ਸਤਰ ਰੱਖੇ ਜਾਂਦੇ ਹਨ। ਖਾਲਸਾ ਪੰਥ ਦੀ ਇਹ ਮਹਾਨ ਰਵਾਇਤ ਐਵੇਂ ਕਿਸੇ ਕਰਮ ਕਾਂਡੀ ਰਹੁਰੀਤੀ ਦੀ ਪ੍ਰਤੀਕ ਨਹੀਂ ਸਗੋਂ ਇਸ ਗੱਲ ਦਾ ਪ੍ਰਤੱਖ ਪਰਮਾਣ ਹੈ ਕਿ ਸਿਖ ਵਿਚਾਰਧਾਰਾ ਨੂੰ ਸ਼ਸਤ੍ਰਾਂ ਦੀ ਸ਼ਕਤੀ ਤੇ ਰਾਜ ਦੇ ਸੰਕਲਪ ਨਾਲੋਂ ਨਖੇੜਿਆ ਨਹੀਂ ਜਾ ਸਕਦਾ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਤਾਂ ਹਰ ਰੋਜ਼ ਹੀ ਸੰਗਤਾਂ ਨੂੰ ਗੁਰੂ ਸਾਹਿਬਾਨ ਦੇ ਸਮੇਂ ਦੇ ਅਤੇ ਜੁਝਾਰੂ ਤੇ ਸ਼ਹੀਦ ਸਿੰਘਾਂ ਦੇ ਯਾਦਗਾਰੀ ਸ਼ਸਤ੍ਰਾਂ ਦੇ ਦਰਸ਼ਨ ਕਰਵਾਏ ਜਾਂਦੇ ਹਨ। ਜਿਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਰਹਿਰਾਸ ਸਾਹਿਬ ਜੀ ਦਾ ਪਾਠ ਹੋ ਰਿਹਾ ਹੁੰਦਾ ਹੈ ਤਾਂ ਉਸ ਸਮੇਂ ਅਲਾਹੀ ਬਾਣੀ ਦਾ ਪਾਠ ਕਰ ਰਹੇ ਸਿੰਘ ਸਾਹਿਬ ਬਕਾਇਦਾ ਮਰਯਾਦਾ ਸਹਿਤ ਸ੍ਰੀ ਸਾਹਿਬ ਸੂਤ ਕੇ ਅਤੇ ਤਿਆਰ ਬਰ ਤਿਆਰ ਰੂਪ ਵਿਚ ਬਰਾਜਮਾਨ ਹੁੰਦੇ ਹਨ। ਇਹ ਮਰਯਾਦਾ ਸਮੁੱਚੇ ਖਾਲਸਾ ਪੰਥ ਨੂੰ 'ਮੁਖ ਤੇ ਹਰਿ ਚਿਤ ਮੈ ਜੁਧ ਬੀਚਾਰੈ' ਦਾ ਸੰਦੇਸ਼ ਦੇ ਰਹੀ ਹੈ। ਇਸ ਲਈ ਗੁਰਧਾਮਾਂ ਦੇ ਅੰਦਰ ਹਥਿਆਰਾਂ ਸ਼ਸਤ੍ਰਾਂ ਨੂੰ ਰਖਣਾ ਤੇ ਸਿੰਘਾਂ ਨੂੰ ਉਹਨਾਂ ਦੀ ਸਿਖਿਆ ਦੇਣਾ ਖਾਲਸਾ ਪੰਥ ਦੀ ਇਕ ਐਸੀ ਅਟੁੱਟ ਤੇ ਅਨਿਖੜਵੀਂ ਬਲਵਾਨ ਰਵਾਇਤ ਹੈ ਕਿ ਇਸ ਨੂੰ ਕਿਸੇ ਹਾਲਤ ਵਿਚ ਤੇ ਕਿਸੇ ਕੀਮਤ ਉੱਪਰ ਵੀ ਤਿਆਗਿਆ ਜਾਂ ਵਸਾਰਿਆ ਨਹੀਂ ਜਾ ਸਕਦਾ। ਖਾਲਸਾ ਜੀ, ਇਹ ਪ੍ਰੰਪਰਾ ਜਿਥੇ ਸਾਡੇ ਦਿਲਾਂ ਦੀ ਧੜਕਣ ਹੈ ਉਥੇ ਖਾਲਸਾ ਪੰਥ ਦੇ ਕਾਰਜ ਕਰਮ ਤੇ ਇਸਦੀਆਂ ਧਾਰਮਕ ਰਾਜਸੀ ਖੇਤਰ ਵਿਚਲੀਆਂ ਜੁਝਾਰੂ ਤੇ ਕ੍ਰਾਂਤੀਕਾਰੀ ਸਰਗਰਮੀਆਂ ਦੇ ਖੇਤਰ ਦੀ ਜਿੰਦ ਜਾਨ ਹੈ। ਖਾਲਸਾ ਜੀ ਸਮਾਂ ਆ ਲੈਣ ਦਿਓ ਜੇ ਵਾਹਿਗੁਰੂ ਨੂੰ ਮਨਜ਼ੂਰ ਹੋਇਆ ਤਾਂ ਅਸੀਂ ਖਾਲਸਾ ਜੀ ਦੀ ਇਸ ਜਨਮਭੂਮੀ ਅੰਦਰ ਹਰ ਪਵਿਤਰ ਇਤਹਾਸਕ ਗੁਰਧਾਮ ਦੀ ਸ਼ਾਨ ਵਿਚ ਐਸੇ ਬਲਵਾਨ ਛਾਉਣੀਆਂ ਅੱਡੇ ਸਥਾਪਤ ਕਰਾਂਗੇ ਜਿਥੇ ਹਰ ਸਿਖ ਬੱਚੇ ਨੂੰ ਉੱਚਤਮ ਵਿਦਿਆ ਦੇ ਨਾਲ ਨਾਲ ਪੂਰਨ ਰੂਪ ਵਿਚ ਸੈਣਕ ਤੇ ਜੰਗੀ ਸਿਖਿਆ ਵੀ ਪ੍ਰਾਪਤ ਹੋਵੇਗੀ ਤਾਂ ਜੋ ਉਹ ਇਕ ਸਫਲ ਮਨੁੱਖ ਬਨਣ ਦੇ ਨਾਲ ਨਾਲ ਇਕ ਨਿਪੁੰਨ ਜੁਝਾਰੂ ਸਿੰਘ ਬਨਣ ਦੇ ਯੋਗ ਤੇ ਸਮਰਥ ਵੀ ਹੋ ਸਕੇ॥(ਜੈਕਾਰਾ)

ਸਿੰਘੋ, ਉਸ ਵਾਹਿਗੁਰੂ ਦੀ ਮੇਹਰ ਸਦਕਾ ਖਾਲਸਾ ਪੰਥ ਦੇ ਜਦੋਂ ਵੀ ਕਿਧਰੇ ਅਸਲੀ ਰੂਪ ਵਿਚ

ਰਲ ਚਲੇ ਹੁੰਦੇ ਰਹੇ ਨੇ ਉਹ ਕੇਸਰੀ ਨਿਸ਼ਾਨ ਸਾਹਿਬ ਦੀ ਛਤਰ ਛਾਇਆ ਹੇਠ ਸ਼ਸਤ੍ਰਾਂ ਦੀ ਸਰਪ੍ਰਸਤੀ ਨਾਲ ਹੀ ਹੁੰਦੇ ਰਹੇ ਨੇ। ਖ਼ਾਲਸਾ ਜੀ, ਸ਼ਸਤ੍ਰਾਂ ਦੀ ਇਸ ਮਹਾਨ ਪ੍ਰੰਪਰਾ ਨੂੰ ਗੁਰੂ ਸਾਹਿਬਾਨ ਅਤੇ ਖ਼ਾਲਸਾ ਪੰਥ ਦੇ ਯੋਧਿਆਂ, ਸਿਰਲੱਥ ਸੂਰਮਿਆਂ ਤੇ ਸ਼ਹੀਦ ਸਿੰਘਾਂ ਨੇ ਆਪਣੇ ਪਿੰਡੇ ਉੱਪਰ ਅੱਤਾਂ ਦੇ ਦੁਖ ਤਸੀਹੇ ਤੇ ਪੰਥ ਦੁਸ਼ਮਨ ਤਾਕਤਾਂ ਦੇ ਵਾਰ ਜਰਦਿਆਂ ਤੇ ਝਲਦਿਆਂ ਹੋਇਆਂ ਅਤੇ ਆਪਣਾ ਲਹੂ ਡੋਲ੍ਹ ਡੋਲ੍ਹ ਕੇ ਕਾਇਮ ਕੀਤਾ ਤੇ ਜਿਗਰ ਦੇ ਟੁਕੜੇ ਵਾਰ ਵਾਰ ਕੇ ਜੋੜ੍ਹਦਿਆਂ ਰੱਖਿਆ ਹੈ, ਇਸ ਲਈ ਅਸੀਂ ਅੱਜ ਇਸ ਅਜ਼ੀਮ ਪ੍ਰੰਪਰਾ ਨੂੰ ਇਨ੍ਹਾਂ ਟੋਪੀ ਵਾਲੇ ਹਿੰਦੂਆਂ ਦੇ ਕਹਿਣ 'ਤੇ ਤਿਆਗ ਕਿਵੇਂ ਸਕਦੇ ਹਾਂ? (ਜੈਕਾਰਾ)

ਖ਼ਾਲਸਾ ਜੀ, ਪੰਥਕ ਸਿਧਾਂਤ ਅਰਥਾਤ ਵਿਚਾਰਧਾਰਾ ਦੇ ਅਨੁਸਾਰ ਸਿਖ ਕੌਮ ਅੰਦਰ ਜੋ ਧਰਮ ਤੇ ਰਾਜਨੀਤੀ ਦੇ ਵਿਚਕਾਰ ਅੱਟੁਟ ਸਾਂਝ ਦਾ ਨਜ਼ਰੀਆ ਪਾਇਆ ਜਾਂਦਾ ਹੈ ਇਹ ਕੋਈ ਐਵੇਂ ਉਪਰ ਜਿਹਾ ਜਾਂ ਛਿਣ ਭੰਗਰ ਜਿਹਾ ਵਿਚਾਰ ਨਹੀਂ, ਸਗੋਂ ਇਹ ਤਾਂ ਜੁਗੋ ਜੁਗ ਅਟੱਲ ਰੂਪ ਕਾਇਮ ਦਾਇਮ ਰਹਿਣ ਵਾਲੀ ਸਚਾਈ ਹੈ। ਇਸ ਲਈ ਇਸ ਅਟੱਲ ਸਚਾਈ ਤੋਂ ਖ਼ਾਲਸਾ ਪੰਥ ਮੂੰਹ ਕਿਵੇਂ ਮੋੜ ਸਕਦਾ ਹੈ? ਕਿਉਂਕਿ ਉਸ ਸਚਾਈ ਵਲੋਂ ਮੂੰਹ ਮੋੜਨ ਦਾ ਮਤਲਬ ਤਾਂ ਗੁਰੂਘਰ ਵਲੋਂ ਮੂੰਹ ਮੋੜਨ ਵਾਲੀ ਗੱਲ ਬਣ ਜਾਂਦੀ ਹੈ। ਇਸ ਲਈ ਇਸ ਸਿਧਾਂਤਕ ਸੱਚ ਤੇ ਅਟੱਲ ਸਚਾਈ ਉੱਪਰ ਹਮਲਾ ਬੋਲਣ ਵਾਲੀਆਂ ਸਿਖ ਦੁਸ਼ਮਨ ਤਾਕਤਾਂ ਦੇ ਮੁਕਾਬਲੇ ਵਿਚ ਜੇਕਰ ਸਾਨੂੰ ਆਪਣਾ ਸਰਬੱਤਵ ਤੱਕ ਵੀ ਕੁਰਬਾਨ ਕਰਨਾ ਪਿਆ ਤਾਂ ਅਸੀਂ ਖੁਸ਼ੀ ਖੁਸ਼ੀ ਕਰਾਂਗੇ ਕਿਉਂਕਿ ਸਿੱਖੀ ਦੇ ਮਾਰਗ ਉੱਪਰ ਚੱਲਣ ਵਾਲੇ ਖ਼ਾਲਸਾ ਪੰਥ ਦੇ ਅਨੁਆਈ ਜਿਥੇ ਆਪਣੇ ਆਪ ਵਿਚ ਇਕ ਵਲੱਖਣ ਗੁਣ, ਲਖਣ ਤੇ ਖੂਬੀਆਂ ਵਾਲੇ ਪੰਥ ਅਰਥਾਤ ਕੌਮ ਦਾ ਦਰਜਾ ਰਖਦੇ ਨੇ ਉਥੇ ਇਹ ਸਮੂਹਕ ਰੂਪ ਵਿਚ ਸਿਖ ਸਿਧਾਂਤ ਦੇ ਝੰਡਾ ਬਰਦਾਰ ਤੇ ਪਹਿਰੇਦਾਰ ਵੀ ਨੇ। ਇਕ ਸਚੇਰੀ ਸਵੈ ਅਭਿਆਨੀ ਤੇ ਵਫ਼ਾਦਾਰ ਝੰਡਾਬਰਦਾਰ ਅਤੇ ਪਹਿਰੇਦਾਰ ਦਾ ਹਰ ਪੱਖੋਂ ਤਿਆਰ-ਬਰ-ਤਿਆਰ ਰੂਪ ਵਿਚ ਸ਼ਸਤ੍ਰਾਂ ਨਾਲ ਲੈਸ ਹੋਣਾ ਅਤਿਅੰਤ ਜ਼ਰੂਰੀ ਹੁੰਦਾ ਹੈ ਅਤੇ ਵਾਹਿਗੁਰੂ ਦੀ ਅਪਾਰ ਕਿਰਪਾ ਸਦਕਾ ਅੱਜ ਅਸੀਂ ਪੰਥ ਦੁਸ਼ਮਨ ਤਾਕਤਾਂ ਨਾਲ ਕਿਸੇ ਵੀ ਸਥਿਤੀ ਵਿਚ ਹਰ ਪੱਖੋਂ ਮੁਕਾਬਲਾ ਕਰਨ ਲਈ ਮਨੋ ਚਿਤੋਂ ਤਿਆਰ ਬਰ ਤਿਆਰ ਹਾਂ। (ਜੈਕਾਰਾ)

ਸਾਧ ਸੰਗਤ ਜੀ, ਅਸੀਂ ਹਰ ਕੌਂਮ ਤੇ ਧਰਮ ਦੀ ਕਦਰ ਕਰਦੇ ਹਾਂ ਅਤੇ ਇਸੇ ਲਈ ਆਪਣੇ ਪ੍ਰਤੀ ਦੂਸਰਿਆਂ ਪਾਸੋਂ ਵੀ ਇਹੋ ਆਸ ਰਖਦੇ ਹਾਂ ਪਰ ਜੇ ਕੋਈ ਪੰਥ ਦੀ ਆਨ ਸ਼ਾਨ ਤੇ ਮਾਨ ਪ੍ਰਤਿਸ਼ਠਾ ਉੱਪਰ ਵਾਰ ਕਰੇ ਅਤੇ ਸਾਡੇ ਧਰਮ-ਸਰੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੇ ਪਵਿੱਤਰ ਗੁਰਧਾਮਾਂ ਵੱਲ ਕੈਰੀ ਨਜ਼ਰ ਨਾਲ ਵੇਖੇ ਤਾਂ ਉਸਨੂੰ ਫਿਰ ਖ਼ਾਲਸਾ ਪੰਥ ਕਿਸੇ ਹਾਲਤ ਵਿਚ ਵੀ ਮੁਆਫ਼ ਨਹੀਂ ਕਰਦਾ ਤੇ ਉਸਦੀਆਂ ਅਖੀਰ ਤੱਕ ਜੜ੍ਹਾਂ ਕੱਟ ਵੱਢ ਕੇ ਛਡਦਾ ਹੈ। (ਜੈਕਾਰਾ)

ਅਸਾਂ ਤਾਂ ਗੁਰੂ ਮਹਾਰਾਜ ਦੇ ਦੱਸੇ ਹੋਏ ਧਰਮ ਤੇ ਰਾਜਨੀਤੀ ਦੀ ਸਾਂਝ ਵਾਲੇ ਮਾਰਗ ਉੱਪਰ ਪੂਰਨ ਦ੍ਰਿੜਤਾ ਨਾਲ ਨਿਰੰਤਰ ਰੂਪ ਵਿਚ ਚੱਲਣਾ ਹੈ। ਹਿੰਦੂਆਂ ਦੀ ਪਟਰਾਣੀ ਦਿੱਲੀ ਦੀ ਮਲਕਾ ਇੰਦਰਾ ਗਾਂਧੀ ਤੇ ਇਨ੍ਹਾਂ ਟੋਪੀ ਵਾਲਿਆਂ ਵੱਲੋਂ ਦੱਸੇ ਤੇ ਵਖਾਏ ਜਾਣ ਵਾਲੇ ਰਾਹ ਉੱਪਰ ਨਹੀਂ ਚਲਣਾ। ਕਿਉਂਕਿ ਖ਼ਾਲਸਾ ਪੰਥ ਦੀ ਹਸਤੀ ਹਿੰਦੂਆਂ ਤੇ ਹੋਰ ਧਰਮਾਂ, ਮੱਤਾਂ ਤੇ ਕੌਮਾਂ ਦੇ ਮੁਕਾਬਲੇ ਬਿਲਕੁਲ ਵੱਖਰੀ ਤੇ ਵਲੱਖਣ ਹੈ ਅਤੇ ਆਪਣੇ ਆਪ ਵਿਚ ਕੌਮੀ ਗੁਣਾਂ ਤੇ ਵਡਿਆਈਆਂ ਪੱਖੋਂ ਸੰਪੂਰਨ ਤੇ ਆਜ਼ਾਦ ਹੈ। ਇਸ ਆਜ਼ਾਦ ਵਲੱਖਣ ਤੇ ਮਾਨਵੀ ਕਦਰਾਂ ਕੀਮਤਾਂ ਦੀ ਸੰਪੂਰਨਤਾ ਪੱਖੋਂ ਭਰਪੂਰ ਕੌਮ ਉੱਪਰ ਗੁਰੂ ਨਾਨਕ ਜੋਤ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮੋਹਰ ਲੱਗੀ ਹੋਈ ਹੈ। ਇਸ ਲਈ ਇਸ ਅਲਾਹੀ ਤੇ ਅਮਿਟ ਮੋਹਰ ਉੱਪਰ ਇਨ੍ਹਾਂ ਹਿੰਦੂਆਂ ਦੀ ਮੋਹਰ ਨੂੰ ਕਿਵੇਂ ਬਰਦਾਸ਼ਤ ਕੀਤਾ ਜਾ ਸਕਦਾ ਹੈ?

ਖ਼ਾਲਸਾ ਜੀ, ਦਾਸ ਹਿੰਦੁਸਤਾਨ ਤੇ ਦੁਨੀਆਂ ਭਰਦੇ ਅਖ਼ਬਾਰਾਂ ਦੇ ਨੁਮਾਇੰਦਿਆਂ ਸਾਹਮਣੇ



ਅਕਸਰ ਇਹ ਬਿਆਨ ਦੇ ਚੁੱਕਾ ਹੈ ਕਿ ਸਿਖ ਕੌਮ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਬੜੇ ਸਿਰ ਦਿੱਤੇ ਹਨ ਤੇ ਬੇਸ਼ੁਮਾਰ ਕੁਰਬਾਨੀਆਂ ਕੀਤੀਆਂ ਹਨ। ਇਸ ਲਈ ਅਸਾਂ ਹਿੰਦੁਸਤਾਨ ਵਿਚੋਂ ਜੋ ਕੁਝ ਵੀ ਲੈਣਾ ਹੈ ਉਹ ਆਪਣਾ ਹੱਕ ਸਮਝਕੇ ਲੈਣਾ ਹੈ, ਕਿਸੇ ਪਾਸੋਂ ਕੋਈ ਖੈਰਾਤ ਨਹੀਂ ਮੰਗਣੀ ਤੇ ਦਾਨ ਨਹੀਂ ਲੈਣਾ। ਕਈ ਵਿਅਕਤੀ ਮੈਨੂੰ ਕਹਿੰਦੇ ਹਨ ਕਿ 'ਭਾਰਤ ਸਰਕਾਰ ਕੋਲ ਬੜੀ ਤਾਕਤ ਹੈ। ਇਸ ਵਾਸਤੇ ਸੁਲਾਹ ਤੇ ਸ਼ਾਂਤੀ ਨਾਲ ਜੋ ਕੁਝ ਮਿਲਦਾ ਹੈ ਲੈ ਲਓ ਤੇ ਜਿਥੇ ਗੱਲ ਮੁਕਦੀ ਹੈ ਉਥੇ ਹੀ ਮੁਕਾ ਲਓ ਤੇ ਸਮਝੌਤਾ ਕਰ ਲਓ ਕਿਉਂਕਿ ਸੁਲਾਹ ਸਫ਼ਾਈ ਦਾ ਰਾਹ ਬੜਾ ਚੰਗਾ ਹੁੰਦਾ ਹੈ। ਖ਼ਾਲਸਾ ਪੰਥ ਨੂੰ ਤਾਂ ਉਸਤਰਾਂ ਵੀ ਖੁੱਲ੍ਹਦਿਲਾ ਤੇ ਉਦਾਰ ਚਿੱਤ ਹੋਣਾ ਚਾਹੀਦਾ ਹੈ।'

'ਮੇਰਾ ਉਹਨਾਂ ਨੂੰ ਜਵਾਬ ਹੁੰਦਾ ਹੈ ਕਿ ਸ਼ਾਂਤੀ ਤੇ ਸੁਲਾਹ ਸਫ਼ਾਈ ਦੇ ਅਸੀਂ ਵੀ ਹਾਮੀ ਹਾਂ ਅਤੇ ਮਨ ਕਰਕੇ ਸ਼ਾਂਤੀ ਤੇ ਸੁਲਾਹ ਸਫ਼ਾਈ ਚਾਹੁੰਦੇ ਹਾਂ, ਪਰ ਇਹ ਸ਼ਾਂਤੀ ਤੇ ਸੁਲਾਹ ਸਫ਼ਾਈ ਸਿਖ ਕੌਮ ਦੀ ਤਬਾਹੀ ਤੇ ਬਰਬਾਦੀ ਦੀ ਕੀਮਤ ਉੱਪਰ ਨਹੀਂ ਚਾਹੁੰਦੇ। ਕੌਮ ਦੀ ਹੇਠੀ ਕਰਵਾ ਕੇ ਤੇ ਭਵਿੱਖ ਵਿਚ ਕੌਮ ਨੂੰ ਬਰਬਾਦ ਹੋਣ ਤੇ ਮਰਨ ਦੇ ਰਾਹ ਤੇ ਪਾ ਕੇ ਅਤੇ ਆਪ ਸਿਰਫ਼ ਬੇ-ਅਣਖਿਆਂ ਵਾਂਗ ਸਾਹ ਲੈ ਕੇ ਜੀਉਣ ਦੀ ਖ਼ਾਤਰ ਹੀ ਸੁਲਾਹ ਸਫ਼ਾਈ ਤੇ ਸ਼ਾਂਤੀ ਨਹੀਂ ਚਾਹੁੰਦੇ। ਜਿਥੋਂ ਤੱਕ ਖ਼ਾਲਸਾ ਪੰਥ ਦੇ ਉਦਾਰ ਚਿਤ ਹੋਣ ਦਾ ਸਵਾਲ ਹੈ, ਇਸ ਬਾਰੇ ਤਾਂ ਸਪਸ਼ਟ ਹੀ ਹੈ ਕਿ ਖ਼ਾਲਸਾ ਪੰਥ ਸੁਭਾਵਕ ਤੌਰ ਤੇ ਹੀ ਉਦਾਰਚਿੱਤ ਹੈ ਅਤੇ ਇਸੇ ਗੁਣ ਸਦਕਾ ਹੀ ਸਰਬਤ ਦਾ ਭਲਾ ਮੰਗਦਾ ਤੇ ਚਿਤਵਦਾ ਹੈ। ਪਰ ਉਦਾਰ ਚਿੱਤ ਹੋਣ ਦਾ ਇਹ ਮਤਲਬ ਬਿਲਕੁਲ ਨਹੀਂ ਹੁੰਦਾ ਕਿ ਆਪਣੇ ਘਰ ਦੀਆਂ ਚਾਬੀਆਂ ਚੋਰਾਂ, ਡਾਕੂਆਂ ਤੇ ਧਾੜਵੀਆਂ ਦੇ ਹੱਥ ਫੜਾ ਦਿਓ ਅਤੇ ਜਾਂ ਆਪਣੇ ਘਰ ਦੇ ਦਰਵਾਜ਼ੇ ਕਮਰੇ ਤੇ ਵਿਹੜੇ ਦਾਲਾਨ ਸੱਪਾਂ ਠੂਹਿਆਂ ਤੇ ਹਲਕਾਏ ਕੁੱਤਿਆਂ ਲਈ ਖੁੱਲ੍ਹੇ ਛੱਡ ਛੱਡੋ। ਖ਼ਾਲਸਾ ਪੰਥ ਚਾਨਣ ਦਾ ਵਣਜਾਰਾ ਹੈ ਤੇ ਮਨੁੱਖੀ ਕਦਰਾਂ ਕੀਮਤਾਂ ਦਾ ਅਲੰਬਰਦਾਰ ਹੈ ਇਸੇ ਕਰਕੇ ਹੀ ਖ਼ਾਲਸਾ ਪੰਥ ਦੀ ਅਜ ਤਕ ਜਬਰ ਜ਼ੁਲਮ ਤੇ ਹਨੇਰ ਦੀਆਂ ਤਾਕਤਾਂ ਨਾਲ ਮੁੱਢ ਕਦੀਮ ਤੋਂ ਹੀ ਟੱਕਰ ਰਹੀ ਹੈ। ਇਸ ਲਈ ਸਾਧ ਸੰਗਤ ਜੀ, ਅਸਾਂ ਆਪਣੇ ਹੱਕ ਤੇ ਅਸੂਲ ਉੱਪਰ ਆਖ਼ਰੀ ਦਮ ਤੱਕ ਡੱਟੇ ਰਹਿਣਾ ਹੈ ਕਿਉਂਕਿ ਸਿਖ ਕੌਮ ਦਾ ਪੱਖ ਧਰਮ ਨਿਆਂਓਂ ਤੇ ਸਚਾਈ ਉੱਪਰ ਕਾਇਮ ਹੈ। ਹੋਰ ਜਿਥੋਂ ਤੱਕ ਹਿੰਦੁਸਤਾਨ ਦੀ ਸਰਕਾਰ ਵਲੋਂ ਤਾਕਤ ਦੇ ਬਲ ਬੋਤੇ ਉੱਪਰ ਸਿੱਖਾਂ ਨੂੰ ਖ਼ਤਮ ਕਰਨ ਦਾ ਸਵਾਲ ਹੈ, ਇਸ ਗੱਲ ਦੇ ਸਬੰਧ ਵਿਚ ਦਾਸ ਗੁਰੂ ਘਰ ਦਾ ਕੂਕਰ ਤੇ ਤੁਹਾਡੇ ਚਰਨਾਂ ਦੀ ਧੂੜ ਹੋਣ ਦੇ ਨਾਤੇ ਇਹ ਗੱਲ ਪੂਰਨ ਭਰੋਸੇ ਨਾਲ ਕਹਿ ਸਕਦਾ ਹੈ ਕਿ ਇਹ ਤਾਕਤ ਸਿੱਖਾਂ ਨੂੰ ਖ਼ਤਮ ਨਹੀਂ ਕਰ ਸਕੇਗੀ ਕਿਉਂਕਿ ਉਸ ਵਾਹਿਗੁਰੂ ਦਾ ਇਹ ਅਟੱਲ ਨੇਮ ਹੈ ਕਿ ਝੂਠ ਤੇ ਅਨਿਆਂ ਦਾ ਹਨੇਰਾ ਕਿੰਨਾ ਵੀ ਗਹਿਰਾ ਤੇ ਭਿਆਨਕ ਕਿਉਂ ਨਾ ਹੋਵੇ ਉਹ ਸੱਚ ਤੇ ਨਿਆਂ ਦੇ ਚਾਨਣ ਨੂੰ ਨਿਘਾਰ ਨਹੀਂ ਸਕਦਾ। ਇਸ ਕਰਕੇ ਜਦ ਤਕ ਸੱਚ ਤੇ ਨਿਆਂ ਉੱਪਰ ਪਹਿਰਾ ਦੇਣ ਵਾਲਾ ਇਕ ਵੀ ਇਨਸਾਨ ਇਸ ਸੰਸਾਰ ਅੰਦਰ ਕਾਇਮ ਰਹੇਗਾ ਉਸ ਸਮੇਂ ਤੱਕ ਝੂਠ, ਅਨਿਆਂ ਤੇ ਪਾਪ ਕੁਕਰਮ ਤੇ ਉਪੱਧਰ ਦੇ ਧਲਣ ਕੰਬਦੇ ਰਹਿਣਗੇ ਤੇ ਢਹਿ ਢੇਰੀ ਹੁੰਦੇ ਰਹਿਣਗੇ।

ਮੈਂ ਆਪ ਪਾਸੋਂ ਬੜੀ ਨਿਮਰਤਾ ਨਾਲ ਬੇਨਤੀ ਰੂਪ ਵਿਚ ਇਹ ਗੱਲ ਪੁਛਦਾ ਹਾਂ ਕਿ ਕੀ ਤੁਸੀਂ ਅਜ ਤਕ ਦੁਨੀਆਂ ਵਿਚ ਕਿਸੇ ਵੀ ਅਣਖ ਵਾਲੀ ਅਤੇ ਆਪਣੇ ਮਹਾਨ ਤੇ ਜੁਝਾਰੂ ਪੁਰਖਿਆਂ ਦੇ ਰਾਹ ਉੱਪਰ ਸਿਰਲੱਥ ਸੂਰਮਿਆਂ ਦੇ ਰੂਪ ਵਿਚ ਨਿਡਰ ਚਲਦੀ ਰਹਿਣ ਵਾਲੀ ਕਿਸੇ ਵੀ ਕੌਮ ਨੂੰ ਕਿਸੇ ਵੱਡੀ ਤੋਂ ਵੱਡੀ ਤਾਕਤ ਜਾਂ ਹਕੂਮਤ ਦੇ ਹੱਥੋਂ ਮਰਦਿਆਂ ਵੇਖਿਆ ਹੈ? ਅੱਜ ਤਕ ਹਮੇਸ਼ਾ ਅਣਖ ਵਾਲੀਆਂ ਤੇ ਸੰਘਰਸ਼-ਸ਼ੀਲ ਕੌਮਾਂ ਦੇ ਮੁਕਾਬਲੇ ਵੱਡੀਆਂ ਵੱਡੀਆਂ ਤਾਕਤਾਂ ਹਕੂਮਤਾਂ ਤੇ ਸਾਮਰਾਜ ਖ਼ਤਮ ਹੁੰਦੇ ਰਹੇ ਨੇ ਕੌਮਾਂ ਨਹੀਂ, ਕੌਮ ਸ਼ਕਤੀ ਉਦੋਂ ਤੱਕ ਪੂਰੀ ਆਨ ਤੇ ਸ਼ਾਨ ਨਾਲ ਜੀਉਂਦੀ ਰਹਿੰਦੀ ਹੈ ਜਦੋਂ ਤੱਕ ਉਸਦੇ ਅੰਦਰ ਅਣਖ, ਸੰਗਰਾਮ ਤੇ ਹੱਕ ਸੱਚ ਦੀ ਖ਼ਾਤਰ ਜੂਝਣ ਤੇ ਕੁਰਬਾਨ ਹੋਣ ਦੀ ਚੰਗਿਆੜੀ ਸੁਲਗਦੀ ਰਹਿੰਦੀ ਹੈ। ਜੇ ਕੋਈ ਜੁਝਾਰੂ ਕੌਮ ਵਕਤੀ ਤੌਰ ਉੱਪਰ ਹਾਲਾਤ ਤੇ ਪ੍ਰਸਥਿਤੀਆਂ ਦੇ ਭਾਰ ਹੇਠ ਦੱਬ ਜਾਣ ਕਾਰਨ ਖਾਮੋਸ਼ ਹੋ ਜਾਂਦੀ ਹੈ ਤਾਂ ਇਸਦਾ ਇਹ

ਵਾਰ ਬਿਲਕੁਲ ਨਹੀਂ ਹੁੰਦਾ ਕਿ ਉਹ ਉਹਨਾਂ ਹਾਲਾਤ ਤੇ ਪ੍ਰਸਥਿਤੀਆਂ ਦੇ ਭਾਰ ਹੇਠ ਹਮੇਸ਼ਾ ਲਈ ਦਾਬੀ ਘੁਟੀ ਜਾਣ ਕਰਕੇ ਮਰ ਮੁੱਕ ਗਈ ਹੈ। ਉਹ ਤਾਂ ਸਗੋਂ ਆਪਣੇ ਅੰਦਰ ਤੇ ਆਲੇ ਦੁਆਲੇ ਵਿਚ ਆਤਸ਼ ਫਸਾਂ ਪਹਾੜ ਵਿਚਲੇ ਲਾਵੇ ਦੀ ਤਰ੍ਹਾਂ ਸ਼ਕਤੀ ਤੇ ਅੱਗ ਦੇ ਭਾਂਬੜਾਂ ਦੇ ਉਬਲ ਰਹਿਲਿਆਂ ਦਾ ਪਲਾਟ ਅਰਥਾਤ ਵਾਤਾਵਰਨ ਕਾਇਮ ਕਰ ਰਹੀ ਹੁੰਦੀ ਹੈ ਅਤੇ ਜਦੋਂ ਮੁਨਾਸਬ ਸਮਾਂ ਉਪਰ ਆਕੇ ਉਹ ਕੌਮੀ ਸ਼ਕਤੀ ਆਪਣੇ ਜਲਵੇ ਦਾ ਪਰਗਟਾਵਾ ਕਰਦੀ ਹੈ ਤਾਂ ਉਸ ਵਿਚ ਵਿਸਦੀਆਂ ਦੁਸ਼ਮਨ ਤਾਕਤਾਂ ਭਸਮ ਹੋ ਕੇ ਰਹਿ ਜਾਂਦੀਆਂ ਹਨ। ਭੁੱਬਲ ਦੀ ਅੱਗ ਨੂੰ ਕਦੀ ਵੀ ਮਰਦਾ ਨਹੀਂ ਸਮਝਣਾ ਚਾਹੀਦਾ, ਕਿਉਂਕਿ ਉਸਦੇ ਦਬੇ ਘੁੱਟੇ ਹੋਏ ਸੇਕ ਤੇ ਚੰਗਿਆੜਿਆਂ ਵਿਚ ਅੱਗ ਦੇ ਭਾਂਬੜਾਂ ਦੇ ਤੂਫਾਨਾਂ ਨੂੰ ਜਨਮ ਦੇਣ ਦੀ ਸਮਰੱਥਾ ਹੁੰਦੀ ਹੈ। ਅਸਲ ਵਿਚ ਜਦੋਂ ਵੀ ਕੋਈ ਕੌਮ ਮਰਦੀ ਹੈ ਉਹ ਆਪਣੀਆਂ ਮਾੜੀਆਂ ਕਮਜ਼ੋਰ ਤੇ ਕੋਝੀਆਂ ਕਰਤੂਤਾਂ ਹੱਥੋਂ ਮਰਦੀ ਹੈ। ਆਪਸ ਵਿਚਲੀ ਨਾ ਇਤਫਾਕੀ ਅਤੇ ਸਿਧਾਂਤ ਹੀਨ, ਉਜੱਡ, ਛੋਟੇ ਦਿਲੀਏ, ਮੂਰਖ, ਸਵਾਰਥੀ ਤੇ ਗੱਦਾਰ ਜਥੇਦਾਰਾਂ ਦੀ ਕਮਾਂਡ ਅਰਥਾਤ ਅਗੰਜ ਤੇ ਮੌਕਾ ਪ੍ਰਸਤੀ ਉਪਰ ਅਧਾਰਤ ਅਗਵਾਈ ਵਿਚ ਮਰਦੀ ਹੈ। ਕੌਮਾਂ ਦੇ ਹਸਦੇ ਵਸਦੇ ਵੇਹੜਿਆਂ ਤੇ ਟਹਿਕਦੀਆਂ ਮਹਿਕਦੀਆਂ ਗੁਲਜ਼ਾਰਾਂ ਵਿਚ ਤਬਾਹੀ ਬਰਬਾਦੀ ਵੀਰਾਨਗੀ ਤੇ ਸੁੰਨਤਾ ਦਾ ਆਲਮ ਉਦੋਂ ਪੈਦਾ ਹੁੰਦਾ ਹੈ ਜਦੋਂ ਉਹ ਆਪਣੇ ਪੁਰਖਿਆਂ ਵਲੋਂ ਲਹੂ ਵੀਟ ਵੀਟ ਕੇ ਕਾਇਮ ਕੀਤੀਆਂ ਹੋਈਆਂ ਆਦਰਸ਼ ਮਹਾਨ, ਕਲਿਆਣਕਾਰੀ ਤੇ ਕ੍ਰਾਂਤੀਕਾਰੀ ਰਵਾਇਤਾਂ ਨੂੰ ਅਤੇ ਦੱਸੇ ਹੋਏ ਮਾਰਗ ਮੰਜ਼ਲ ਨੂੰ ਤਿਆਗਨ ਵਿਸਾਰਨ ਲੱਗ ਜਾਂਦੀਆਂ ਹਨ।

ਜਿਸ ਸਮੇਂ ਕੋਈ ਕੌਮ ਆਪਣੇ ਧਾਰਮਕ, ਸਮਾਜਕ ਤੇ ਰਾਜਸੀ ਵੇਹੜੇ ਅਰਥਾਤ ਖੇਤਰ ਵਿਚ ਕਾਇਮ ਮੌਕਾਪ੍ਰਸਤ, ਟਪੋਸੀ ਬਾਜ਼ ਤੇ ਲਾਲਸਾ ਗ੍ਰਸੇ ਵਿਅਕਤੀਆਂ ਨੂੰ ਆਗੂਆਂ ਦੇ ਰੂਪ ਵਿਚ ਵਿਚਰਨ ਦੀ ਖੁੱਲ ਦੇ ਦੇਂਦੀ ਹੈ ਤਾਂ ਫਿਰ ਉਸ ਸਮੇਂ ਐਸੇ ਕਾਇਰ, ਬੇਅਣਖੇ ਤੇ ਮੌਕਾਪ੍ਰਸਤ ਵਿਅਕਤੀ ਕੌਮੀ ਦੁਸ਼ਮਨਾਂ ਦੇ ਹੱਥੀਂ ਚੜ੍ਹਕੇ ਉਸ ਕੌਮ ਦੇ ਹਿਤਾਂ, ਹੱਕਾਂ ਤੇ ਆਜ਼ਾਦੀ ਤੱਕ ਨੂੰ ਉਹਨਾਂ ਪਾਸ ਵੇਚ ਜਾਂਦੇ ਨੇ। ਖਾਲਸਾ ਜੀ ਜਦੋਂ ਵੀ ਕੋਈ ਕੌਮ ਐਸੇ ਕੌਮ ਘਾਤਕ ਵਿਅਕਤੀਆਂ ਨੂੰ ਅੱਖਾਂ ਮੀਟ ਕੇ ਆਪਣਾ ਆਗੂ ਮੰਨਣ ਲੱਗ ਪੈਂਦੀ ਹੈ ਤਾਂ ਸਮਝੋ ਕਿ ਉਸ ਸਮੇਂ ਉਹ ਕੌਮ ਮਰਨ ਦੇ ਰਸਤੇ ਉਪਰ ਤੁਰ ਪਈ ਹੈ। ਇਸ ਲਈ ਖਾਲਸਾ ਜੀ ਜਿਸ ਸਮੇਂ ਤੱਕ ਗੁਰੂ ਘਰ ਦਾ ਆਸ਼ਾ ਉਦੇਸ਼ ਸਾਡੇ ਮਨਾਂ ਵਿਚ ਵਸਦਾ ਰਹੇਗਾ ਤੇ ਅਸੀਂ ਗੁਰੂ ਸਾਹਿਬਾਨ ਵਲੋਂ ਪਾਏ ਹੋਏ ਪੂਰਨਿਆਂ ਤੇ ਦੱਸੇ ਹੋਏ ਮਾਰਗ ਉਪਰ ਚੱਲਦੇ ਹੋਏ ਪੰਥਕ ਅਗਵਾਈ ਲਈ ਸੁਯੋਗ, ਨਿਹ-ਸਵਾਰਥੀ ਅਤੇ ਕੁਰਬਾਨੀ ਵਾਲੇ ਆਗੂਆਂ ਜਥੇਦਾਰਾਂ ਦੀ ਚੋਣ ਕਰਦੇ ਰਹਾਂਗੇ ਅਤੇ ਆਪਣੇ ਪੁਰਖਿਆਂ ਦੀਆਂ ਬਲਵਾਨ ਰਵਾਇਤਾਂ ਨੂੰ ਕਾਇਮ ਰਖਾਂਗੇ ਉਸ ਸਮੇਂ ਤੱਕ ਇਹ ਟੋਪੀ ਵਾਲੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਸਾਜੇ ਨਿਵਾਜੇ ਹੋਏ ਖਾਲਸਾ ਪੰਥ ਨੂੰ ਮਾਰ ਨਹੀਂ ਸਕਣਗੇ। ਸਗੋਂ ਇਕ ਨਾ ਇਕ ਦਿਨ ਖਾਲਸਾ ਪੰਥ ਦੇ ਹੱਥੋਂ ਅਵੱਸ਼ ਹੀ ਅਕ੍ਰਿਤਘਣ ਵਿਸ਼ਵਾਸਘਾਤਕ ਤੇ ਮਨੁੱਖਤਾ ਦੇ ਬੁਨਿਆਦੀ ਅਸੂਲਾਂ ਦੇ ਦੁਸ਼ਮਨ ਹਿੰਦੂ ਸਾਮਰਾਜ ਦੀ ਮੌਤ ਹੋ ਕੇ ਰਹੇਗੀ।' (ਜੈਕਾਰਾ)

'ਅਸਲ ਵਿਚ ਅਜ ਸਿੱਖ ਕੌਮ ਨੂੰ ਜਿੰਨੇ ਵੀ, ਸਿੱਖ ਦੁਸ਼ਮਨ ਤਾਕਤਾਂ ਹੱਥੋਂ ਜਬਰ ਜ਼ੁਲਮ ਸਹਿਣੇ ਪੈ ਰਹੇ ਹਨ ਅਤੇ ਬੇਅਦਬੀਆਂ ਤੇ ਬੇਪਤੀਆਂ ਸਹਿਣੀਆਂ ਪੈ ਰਹੀਆਂ ਹਨ, ਇਨ੍ਹਾਂ ਦੀ ਜ਼ੁੰਮੇਵਾਰੀ, ਸਾਡੀ ਢਿੱਲ ਤੇ ਬੇਪਰਵਾਹੀ ਦੇ ਕਾਰਨ ਖਾਲਸਾ ਪੰਥ ਦੇ ਹਰ ਖੇਤਰ ਵਿਚ ਮਾਰੂ ਵੇਲ ਦੀ ਤਰ੍ਹਾਂ ਛਾ ਗਏ ਸਿੱਖ ਆਗੂਆਂ ਦੀਆਂ ਕਮਜ਼ੋਰੀਆਂ, ਗਲਤੀਆਂ, ਗਦਾਰੀਆਂ ਅਤੇ ਪੰਥ ਦੀ ਬੁੱਕਲ ਵਿਚ ਪਲ ਰਹੇ ਸੱਪ ਰੂਪੀ ਅਖਾਉਤੀ ਪੰਥਕ ਬੁਲਾਰਿਆਂ ਅਰਥਾਤ ਗਦਾਰਾਂ ਉਪਰ ਆਉਂਦੀ ਹੈ। ਜੇ 1947 ਵਿਚ ਪਾਕਿਸਤਾਨ ਤੇ ਹਿੰਦੁਸਤਾਨ ਦੀ ਵੰਡ ਵੇਲੇ ਸਾਡੇ ਆਗੂਆਂ ਨੇ ਵੀ ਮੁਸਲਮਾਨ ਰਾਹਨੁਮਾਵਾਂ ਅਰਥਾਤ ਆਗੂਆਂ ਮਲਾਹਾਂ ਦੀ ਤਰ੍ਹਾਂ ਪੰਥਕ ਹਿਤਾਂ ਤੇ ਆਜ਼ਾਦੀ ਨੂੰ ਪਹਿਲ ਦਿੱਤੀ ਹੁੰਦੀ ਅਤੇ



ਜ਼ਾਤੀ ਸਵਾਰਥ ਤੇ ਕਮਜ਼ੋਰੀਆਂ ਤੋਂ ਉੱਪਰ ਉੱਠ ਕੇ ਦੂਰ ਦੀ ਸੋਚ ਤੇ ਸਮਝ ਤੋਂ ਕੰਮ ਲਿਆ ਹੁੰਦਾ ਤਾਂ ਅੱਜ ਸਿੱਖ ਕੌਮ ਨੂੰ ਆਹ ਦਿਨ ਵੇਖਣੇ ਨਸੀਬ ਨਾ ਹੁੰਦੇ। ਸਗੋਂ ਅੱਜ ਖਾਲਸਾ ਪੰਥ ਦੇ ਵੀ ਥਾਂ ਥਾਂ ਉੱਪਰ ਬੋਲ ਬਾਲੇ ਹੁੰਦੇ ਤੇ ਪਾਕਿਸਤਾਨ ਦੀ ਤਰ੍ਹਾਂ ਝੰਡੇ ਝੁਲ ਰਹੇ ਹੁੰਦੇ। ਸਾਡੇ ਖਾਲਸਾ ਰਾਜ ਦੇ ਨੁਮਾਇੰਦੇ ਵੀ ਇਤਹਾਦੀ ਸਭਾ ਤੇ ਸੰਸਾਰ ਦੀਆਂ ਹੋਰ ਕੌਮਾਂਤਰੀ ਸਭਾਵਾਂ ਜਥੇਬੰਦੀਆਂ ਵਿਚ ਬੈਠੇ ਹੋਣ ਕਰਕੇ ਵਿਸ਼ਵ ਅਮਨ ਅਤੇ ਖੁਸ਼ਹਾਲੀ ਤੇ ਤਰੱਕੀ ਬਾਰੇ ਫੈਸਲੇ ਲੈਣ ਤੇ ਫੈਸਲੇ ਕਰਨ ਵਿਚ ਬਰਾਬਰ ਦੇ ਭਾਈਵਾਲ ਹੁੰਦੇ। ਅੱਜ ਸਾਡੀ ਕਿਸਮਤ ਦੀ ਵਾਗ ਡੋਰ ਇਨ੍ਹਾਂ ਟੋਪੀ ਵਾਲੇ ਚੰਦੂ ਸਵਾਰੀਆਂ ਤੇ ਗੰਗੂਆਂ ਦੇ ਹੱਥ ਨਾ ਹੁੰਦੀ ਸਗੋਂ ਅਸੀਂ ਆਪਣੀ ਕਿਸਮਤ ਦੇ ਮਾਲਕ ਆਪ ਹੁੰਦੇ। ਐਸੀ ਹਾਲਤ ਵਿਚ ਜੇਕਰ ਸਾਡੇ ਦੋ ਦੁਸ਼ਮਨ ਹੁੰਦੇ ਤਾਂ ਚਾਰ ਦੋਸਤ ਵੀ ਅਵੱਸ਼ ਹੁੰਦੇ। ਖਾਲਸਾ ਜੀ, ਇਹ ਇਕ ਅਟੱਲ ਸਚਾਈ ਵੀ ਹੈ ਤੇ ਦੁਨੀਆਂ ਦਾ ਦਸਤੂਰ ਵੀ ਹੈ ਕਿ ਸੰਸਾਰ ਅੰਦਰ ਕੌਮਾਂ ਤੇ ਦੇਸ਼ਾਂ ਵਿਚਕਾਰ ਸਾਂਝਾਂ ਉਹਨਾਂ ਦੇ ਕੌਮੀ ਵਜੂਦ ਕਰਕੇ ਨਹੀਂ ਹੁੰਦੀਆਂ ਸਗੋਂ ਰਾਜਸੀ ਸ਼ਕਤੀ ਕਰਕੇ ਹੁੰਦੀਆਂ ਹਨ। ਇਸੇ ਕਰਕੇ ਹੀ ਰਾਜ ਭਾਗ ਤੋਂ ਵਾਂਝੀਆਂ ਤੇ ਕੋਰੀਆਂ ਕੌਮਾਂ ਨੂੰ ਦੁਨੀਆਂ ਦੇ ਲੋਕ ਸਮਾਜ ਤੇ ਰਾਜ ਦੇ ਕਿਸੇ ਵੀ ਖੇਤਰ ਵਿਚ ਕੋਈ ਮਾਨ ਤਾਨ ਤੇ ਆਨ ਸ਼ਾਨ ਵਾਲੀ ਥਾਂ ਨਹੀਂ ਦੇਂਦੇ।

ਖਾਲਸਾ ਜੀ, ਕਿਸੇ ਵੀ ਦੇਸ਼ ਦੇ ਸਿੱਕਿਆਂ ਅਰਥਾਤ ਉੱਥੋਂ ਦੀ ਕਰੰਸੀ ਉਪਰ ਉਸ ਕੌਮ ਦੇ ਪੁਰਖਿਆਂ ਯੋਧਿਆਂ, ਜਰਨੈਲਾਂ ਤੇ ਮਹਾਨ ਵਿਅਕਤੀਆਂ ਦੀਆਂ ਯਾਦਾਂ ਤੇ ਤਸਵੀਰਾਂ ਉਕਰੀਆਂ ਜਾਂਦੀਆਂ ਹਨ ਅਤੇ ਆਪਣੀ ਦਿੱਖ ਤੇ ਜਲਵਾ ਵਿਖਾਉਂਦੀਆਂ ਹਨ ਜਿੰਨਾਂ ਕੌਮਾਂ ਦੇ ਹੱਥਾਂ ਵਿਚ ਰਾਜਸੀ ਸੱਤਾ ਦਾ ਕਲਮਦਾਨ ਹੁੰਦਾ ਹੈ। ਗੁਲਾਮ ਕੌਮਾਂ ਦੀਆਂ ਤਾਂ ਕੁਰਬਾਨੀਆਂ ਵੀ ਉਹਨਾਂ ਦੀ ਆਪਣੀ ਕੌਮ ਦੇ ਲੇਖੇ ਨਹੀਂ ਲਗਦੀਆਂ। ਜਿਸ ਕਰਕੇ ਉਹਨਾਂ ਦੀਆਂ ਜਿੱਤਾਂ ਵੀ ਪਰਾਈਆਂ ਜਿੱਤਾਂ ਬਣਕੇ ਰਹਿ ਜਾਂਦੀਆਂ ਨੇ ਅਤੇ ਉਹਨਾਂ ਜਿੱਤਾਂ ਦਾ ਜੱਸ ਤੇ ਵਡਿਆਈ ਵੀ ਉਹਨਾਂ ਉਪਰ ਰਾਜ ਕਰਨ ਵਾਲਿਆਂ ਨੂੰ ਹੀ ਜਾਂਦੀ ਹੈ। ਇਕ ਗੁਲਾਮ ਕੌਮ ਦੇ ਸਿਪਾਹੀ ਜਾਂ ਜਰਨੈਲ ਦੀ ਪੁਜ਼ੀਸ਼ਨ ਉਸਦੇ ਅਸਲ ਮਾਲਕਾਂ ਸ਼ਾਸਕਾਂ ਦੀਆਂ ਨਜ਼ਰਾਂ ਵਿਚ ਇਕ ਅਦਨਾ ਜਿਹੇ ਤਨਖਾਹਦਾਰ ਨੌਕਰ ਦੇ ਨਿਆਈਂ ਹੀ ਹੁੰਦੀ ਹੈ। ਇਕ ਐਸੇ ਨਿੱਜੀ ਨੌਕਰ ਦੀ ਤਰ੍ਹਾਂ ਜਿਸਨੂੰ ਆਪਣੇ ਮਾਲਕ ਦੀ ਘੂਰੀ ਨਾਲ ਹੀ ਬੈਠਣਾ ਪੈਂਦਾ ਹੈ ਤੇ ਘੂਰੀ ਨਾਲ ਹੀ ਉੱਠਣਾ ਪੈਂਦਾ ਹੈ। ਐਸੇ ਨੌਕਰਾਂ ਤੇ ਗੁਲਾਮਾਂ ਵਲੋਂ ਮਾਰੀਆਂ ਜਾਣ ਵਾਲੀਆਂ ਮੱਲਾਂ ਤੇ ਰਣ ਤੱਤਿਆਂ ਵਿਚ ਪ੍ਰਾਪਤ ਕੀਤੀਆਂ ਜਾਣ ਵਾਲੀਆਂ ਜਿੱਤਾਂ ਤੋਂ ਬਾਅਦ ਫੋਟੋਆਂ ਤੇ ਫਿਲਮਾਂ ਲਾਹੁਣ ਸਮੇਂ ਉਹਨਾਂ ਦੇ ਚੇਹਰੇ ਨਹੀਂ ਵਿਖਾਏ ਜਾਂਦੇ ਸਗੋਂ ਇਕ ਨੀਤੀ ਤੇ ਫੈਸਲੇ ਦੇ ਤਹਿਤ ਸਿਰਫ ਹੱਥ ਹੀ ਵਿਖਾਏ ਜਾਂਦੇ ਹਨ। ਕਿਉਂਕਿ ਜਿੱਤਾਂ ਤੋਂ ਬਾਅਦ ਦੁਨੀਆਂ ਦੇ ਸਾਹਮਣੇ ਜੱਸ ਤੇ ਵਡਿਆਈ ਖੱਟਣ ਲਈ ਅਤੇ ਆਪਣੀ ਸ਼ਾਨ ਤੇ ਤਾਕਤ ਦਾ ਵਿਖਾਵਾ ਕਰਨ ਲਈ ਚੇਹਰਾ ਮਾਲਕ ਨੇ ਆਪਣਾ ਵਿਖਾਉਣਾ ਹੁੰਦਾ ਹੈ।

ਖਾਲਸਾ ਜੀ, ਹੁਣ ਜ਼ਰਾ ਆਪਾਂ ਆਪਣੇ ਘਰ ਦੇ ਹਾਲਾਤ ਤੇ ਜ਼ੁੰਮੇਵਾਰ ਵਿਅਕਤੀਆਂ ਬਾਰੇ ਵੀ ਕੁਝ ਗੱਲਾਂ ਵਿਚਾਰਾਂ ਖੁੱਲ ਕੇ ਕਰ ਲਈਏ ਤਾਂ ਜੋ ਸਾਡੇ ਸਾਹਮਣੇ ਇਹ ਗੱਲ ਵੀ ਨਿਖਰ ਕੇ ਆ ਸਕੇ ਤੇ ਸਪਸ਼ਟ ਹੋ ਸਕੇ ਕਿ ਇਸ ਪੰਥ ਨੂੰ ਜੋ ਅੰਦਰੋਂ ਮਾਰਾਂ ਪੈ ਰਹੀਆਂ ਹਨ ਤੇ ਢਾਹ ਲੱਗੀ ਹੋਈ ਹੈ ਉਸਦਾ ਪੰਥ ਦੁਸ਼ਮਨ ਤਾਕਤਾਂ ਨੂੰ ਕਿਵੇਂ ਲਾਭ ਪੁੱਜ ਰਿਹਾ ਹੈ।

ਸਿੰਘੋ, ਅੱਜ ਦੇ ਅਕਾਲੀ ਆਗੂ ਮੇਰੇ 'ਤੇ ਇਹ ਇਲਜ਼ਾਮ ਲਾਉਂਦੇ ਨੇ ਕਿ ਭਿੰਡਰਾਂਵਾਲਾ ਕਿਸੇ ਦੀ ਮੰਨਦਾ ਨਹੀਂ, ਖੜੇ ਕਰਦੇ ਸੂਆ ਦਾ ਹੈ, ਬੜਾ ਗਰਮ ਬੋਲਦਾ ਹੈ ਤੇ ਤੱਤੇ ਭਾਸ਼ਨ ਦੇਂਦਾ ਹੈ। ਸਾਧ ਸੰਗਤ ਜੀ, ਮੈਂ ਸੁਣਦਾ ਹਾਂ, ਪਰ ਕੇਵਲ ਗੁਰੂ ਸਾਹਿਬ ਦੇ ਹੁਕਮ ਨੂੰ ਤੇ ਸਾਧ ਸੰਗਤ ਦੀਆਂ ਮਨੋ-ਭਾਵਨਾਵਾਂ ਤੇ ਇੱਛਾਵਾਂ ਨੂੰ ਅਤੇ ਸਮੁੱਚੇ ਪੰਥ ਦੇ ਜਜ਼ਬਾਤ ਤੇ ਸੰਕਲਪ ਦੇ ਆਦੇਸ਼ ਤੇ ਸੰਦੇਸ਼ ਨੂੰ ਪਰ

ਕਿਸੇ ਪਾਖੰਡੀ ਅਤੇ ਮਨ ਦੇ ਚੋਰ ਤੇ ਖੋਟੇ ਬੰਦੇ ਦੇ ਹੁਕਮ ਨੂੰ ਨਾ ਕਦੀ ਮੈਂ ਸੁਣਿਆ ਹੈ ਤੇ ਨਾ ਹੀ ਸੁਣਾਂਗਾ।

ਮੈਂ ਮੰਨਦਾ ਵੀ ਹਾਂ, ਪਰ ਉਹ ਗੱਲ ਮੰਨਦਾ ਹਾਂ ਜੋ ਗੁਰੂਘਰ ਨੂੰ ਭਾਉਂਦੀ ਹੋਵੇ ਅਤੇ ਜਿਸ ਵਿਚ ਸਚਾਈ ਦਿਸਦੀ ਹੋਵੇ ਤੇ ਉਸ ਵਿਚ ਪੰਥ ਦੀ ਚੜ੍ਹਦੀ ਕਲਾ ਹੋਵੇ। ਪਰ ਜਿਸ ਗੱਲ ਦੇ ਮੰਨਣ ਨਾਲ ਸੂਠੇ, ਸਵਾਰਥੀ ਤੇ ਪੰਥ ਦੀਆਂ ਕੁਰਬਾਨੀਆਂ ਨੂੰ ਦੁਸ਼ਮਨਾਂ ਅੱਗੇ ਵੇਚਣ ਵਾਲੇ ਵਿਅਕਤੀਆਂ ਤੇ ਉਹਨਾ ਦੇ ਟੋਲੇ ਨੂੰ ਬਲ ਮਿਲਦਾ ਹੋਵੇ ਅਤੇ ਪੰਥ ਦਾ ਘਾਤ ਹੁੰਦਾ ਹੋਵੇ, ਉਹ ਗੱਲ ਨਹੀਂ ਮੰਨਦਾ। ਦਾਸ ਨੇ ਭਰੇ ਦੀਵਾਨ ਵਿਚ ਗੁਰੂ ਰੂਪ ਸਾਧ ਸੰਗਤ ਦੇ ਸਨਮੁਖ ਹੱਥ ਬੰਨ੍ਹ ਕੇ (ਜੈਕਾਰੇ) ਤੇ ਗਲ ਵਿਚ ਪੱਲਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਵਿਚ ਇਹ ਪ੍ਰਣ ਕਰ ਰੱਖਿਆ ਹੈ ਕਿ ਦਾਸ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਹਰ ਉਹ ਹੁਕਮ ਮੰਨੇਗਾ ਜੋ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਹੋਵੇਗਾ। ਪਰ ਜੋ ਖਾਲਸਾ ਪੰਥ ਦੇ ਵਿਰੁਧ ਜਾਂਦਾ ਹੋਵੇਗਾ ਅਤੇ ਪੰਥ ਦੀਆਂ ਦੁਸ਼ਮਨ ਤਾਕਤਾਂ ਦੇ ਹੱਕ ਵਿਚ ਜਾਂਦਾ ਹੋਵੇਗਾ ਉਸ ਹੁਕਮ ਦੇ ਸਾਹਮਣੇ ਤਾਂ ਦਾਸ ਸਿਰ ਨਹੀਂ ਝੁਕਾ ਸਕਦਾ ਕਿਉਂਕਿ ਇਹ ਜੋ ਸੀਸ ਦਾਸ ਏਸ ਧੜ ਉਪਰ ਟਿਕਾਈ ਫਿਰਦਾ ਹੈ ਇਹ ਮੇਰਾ ਨਹੀਂ ਸਗੋਂ ਗੁਰੂ ਘਰ ਦੀ ਅਮਾਨਤ ਹੈ ਅਤੇ ਇਹ ਗੁਰੂ ਘਰ ਦੇ ਅਸੂਲਾਂ ਤੇ ਸਿਧਾਂਤਾਂ ਦੀ ਪਾਲਣਾ ਤੇ ਰਾਖੀ ਅਤੇ ਪੰਥ ਦੀ ਆਨ ਸ਼ਾਨ ਤੇ ਚੜ੍ਹਦੀ ਕਲਾ ਦੇ ਲੇਖੇ ਹੀ ਲਗੇਗਾ। ਖਾਲਸਾ ਜੀ, ਪਰਖ ਦਾ ਸਮਾ ਆ ਲੈਣ ਦਿਓ, ਦਾਸ ਉਸ ਅਕਾਲ ਪੁਰਖ ਦੀ ਮੇਹਰ ਸਦਕਾ ਇਹ ਪੰਜ ਭੂਤਕ ਸਰੀਰ ਧਰਮ ਦੀ ਰਾਖੀ ਤੇ ਪੰਥ ਦੀ ਆਜ਼ਾਦੀ ਦੇ ਲੇਖੇ ਤਾਂ ਲਾ ਦੇਵੇਗਾ ਪਰ ਪੰਥ ਦੇ ਕਿਸੇ ਵੱਡੇ ਤੋਂ ਵਡੇ ਵਿਅਕਤੀ ਨੂੰ ਪੰਥ ਦੀਆਂ ਰੀਝਾਂ ਪੰਥਕ ਕਾਮਨਾਵਾਂ ਤੇ ਇਛਾਵਾਂ ਨੂੰ ਪੰਥ ਦੁਸ਼ਮਨ ਤਾਕਤਾਂ ਪਾਸ ਵੇਚਣ ਨਹੀਂ ਦੇਵੇਗਾ। (ਜੈਕਾਰਾ)

ਦਾਸ ਪਹਿਲਾਂ ਵੀ ਇਸ ਗੱਲ ਦਾ ਐਲਾਨ ਕਰ ਚੁੱਕਾ ਹੈ ਕਿ ਮੈਂ ਧਰਮ ਯੁੱਧ ਮੋਰਚੇ ਦੀ ਸਫਲਤਾ ਅਰਥਾਤ ਅਨੰਦ ਪੁਰ ਮਤੇ ਦੀ ਪ੍ਰਾਪਤੀ ਲਈ ਪੂਰੀ ਦ੍ਰਿੜਤਾ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੋਗਰਾਮ ਦੇ ਨਾਲ ਹਾਂ, ਪਰ ਮੇਰੇ ਵਿਰੁਧ ਫਿਰ ਵੀ ਅਕਾਲੀ ਆਗੂਆਂ ਵਲੋਂ ਇਹ ਪਰਚਾਰ ਕੀਤਾ ਤੇ ਕਰਵਾਇਆ ਜਾ ਰਿਹਾ ਹੈ ਕਿ ਭਿੰਡਰਾਂਵਾਲਾ ਅਨੰਦਪੁਰ ਦੇ ਮਤੇ ਨੂੰ ਆਪਣੇ ਰੰਗ ਵਿਚ ਪੇਸ਼ ਕਰਕੇ ਸਿੱਖ ਨੌਜਵਾਨਾਂ ਨੂੰ ਗੁਮਰਾਹ ਕਰ ਰਿਹਾ ਹੈ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਾਖ ਨੂੰ ਭਾਰਤ ਭਰ ਦੀਆਂ ਰਾਜਸੀ ਜਥੇਬੰਦੀਆਂ ਦੀਆਂ ਨਜ਼ਰਾਂ ਵਿਚ ਕਮਜ਼ੋਰ ਕਰ ਰਿਹਾ ਹੈ। ਮੈਨੂੰ ਅਕਾਲੀ ਆਗੂਆਂ ਦੀਆਂ ਇਨ੍ਹਾਂ ਗੱਲਾਂ ਅਤੇ ਉਹਨਾਂ ਦੀ ਇਸ ਸੋਚ ਤੇ ਨੀਤੀ ਉਪਰ ਰੋਜ ਜ਼ਰੂਰ ਆਉਂਦਾ ਹੈ, ਪਰ ਮੈਨੂੰ ਫਿਰ ਵੀ ਬੜਾ ਕੁਝ ਸੋਚ ਵਿਚਾਰ ਕੇ ਚੁੱਪ ਕਰਨਾ ਪੈਂਦਾ ਹੈ। ਹੁਣ ਤਾਂ ਇਹ ਆਗੂ ਮੇਰੇ ਖਲਾਫ ਇਹ ਪਰਚਾਰ ਵੀ ਕਰਨ ਲੱਗ ਪਏ ਨੇ ਕਿ ਸਿੱਖਾਂ ਨਾਲ ਜੋ ਅੱਜ ਥਾਂ ਥਾਂ ਉਪਰ ਜਬਰ ਤੇ ਅਨਿਆਂ ਹੋ ਰਿਹਾ ਹੈ ਅਤੇ ਹਿੰਦੂਆਂ ਵਲੋਂ ਜੋ ਜ਼ਿਆਦਤੀਆਂ ਹੋ ਰਹੀਆਂ ਨੇ ਉਹ ਸਭ ਇਸ ਕਰਕੇ ਨੇ ਕਿ ਭਿੰਡਰਾਂਵਾਲਾ ਸਰਕਾਰ ਤੇ ਹਿੰਦੂਆਂ ਨਾਲ ਸਿਧੀ ਤੇ ਹਥਿਆਰਬੰਦ ਟੱਕਰ ਲੈਣ ਦੀਆਂ ਗੱਲਾਂ ਕਰ ਰਿਹਾ ਹੈ।

ਖਾਲਸਾ ਜੀ, ਮੈਂ ਇਨ੍ਹਾਂ ਲੀਡਰਾਂ ਨੂੰ ਇਸ ਪ੍ਰਸੰਗ ਵਿਚ ਇਕ ਗੱਲ ਪੁਛਦਾ ਹਾਂ ਕਿ ਜਦੋਂ 1947 ਵਿਚ ਹਿੰਦੂ ਕਾਂਗਰਸੀ ਆਗੂਆਂ ਦੇ ਇਸ਼ਾਰੇ ਉਪਰ ਉਸ ਸਮੇਂ ਦੇ ਪੰਜਾਬ ਦੇ ਗਵਰਨਰ ਨੇ ਸਿੱਖ ਕੌਮ ਦੀਆਂ ਜੜ੍ਹਾਂ ਵਿਚ ਤੇਲ ਦੇਣ ਦੇ ਨਸ਼ਾਨੇ ਨਾਲ ਸਿੱਖਾਂ ਨੂੰ ਜਰਾਇਮ ਪੇਸ਼ਾ ਅਤੇ ਡਾਕੂ ਲੁਟੇਰੇ ਤੇ ਕਾਤਲ ਕਰਾਰ ਦੇਣ ਦਾ ਪਹਿਲਾ ਸਰਟੀਫੀਕੇਟ ਦਿੱਤਾ ਸੀ ਉਦੋਂ ਤਾਂ ਅਜੇ ਕੋਈ ਸਿੱਖ ਤੱਤਾ ਨਹੀਂ ਸੀ ਬੋਲਦਾ। ਸੰਨ 1948 ਵਿਚ ਜਦੋਂ ਭਾਰਤ ਦੇ ਹੁਕਮਰਾਨਾਂ ਨੇ ਦਿੱਲੀ ਦੇ ਗੁਰਧਾਮਾਂ ਅੰਦਰ



ਰਾਜਨੀਤਕ ਮਸਲਿਆਂ ਬਾਰੇ ਵਿਚਾਰ ਪਰਗਟ ਕਰਨ ਉੱਪਰ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤਾ ਸੀ ਉਦੋਂ ਤਾਂ ਅਜੇ ਸਿੱਖ ਨੌਜਵਾਨਾਂ ਨੂੰ ਹਥਿਆਰ ਇਕੱਠੇ ਕਰਨ ਲਈ ਕੋਈ ਨਹੀਂ ਸੀ ਕਹਿੰਦਾ। ਜਦੋਂ ਸੰਨ 1950 ਵਿਚ ਪੰਜਾਬੀ ਸੂਬਾ ਜਿੰਦਾ ਬਾਦ ਕਹਿਣ ਵਾਲੇ ਹਰ ਸਿੱਖ ਨੂੰ ਡਾਂਗਾਂ ਨਾਲ ਚਿੱਥ ਚਿੱਥ ਕੇ, ਧੂਹ ਧੂਹ ਕੇ ਤੇ ਸੰਗੀਨਾਂ ਦੇ ਅੱਗੇ ਲਾ ਲਾ ਕੇ ਜੇਹਲਾ ਵਿਚ ਡੱਕਿਆ ਜਾਂਦਾ ਸੀ ਉਦੋਂ ਅਜੇ ਕੋਈ ਭਿੰਡਰਾਂਵਾਲਾ ਭਾਰਤ ਸਰਕਾਰ ਤੇ ਹਿੰਦੂਆਂ ਦੇ ਸਾਹਮਣੇ ਨਹੀਂ ਸੀ ਆਇਆ। ਜਦੋਂ 1955 ਵਿਚ ਸਰਕਾਰ ਨੇ ਪੰਜਾਬ ਪੁਲੀਸ ਨੂੰ ਦਰਬਾਰ ਸਾਹਿਬ ਕੰਪਲੈਕਸ ਅੰਦਰ ਦਾਖਲ ਕਰਕੇ ਇਸਦੇ ਕਟਕ, ਸੱਜੇ ਹੋਏ ਦੀਵਾਨ ਅਸਥਾਨ ਉੱਪਰ ਜੁੱਤੀਆਂ ਤੇ ਵਰਦੀ ਸਮੇਤ ਚੜ੍ਹਾ ਦਿੱਤੇ ਸੀ ਅਤੇ ਪੁਲਸੀਆਂ ਨੂੰ ਸੰਗਤਾਂ ਉੱਪਰ ਲਾਠੀ ਚਾਰਜ ਕਰਨ, ਗੁਰੂ ਘਰ ਦੇ ਲੰਗਰ ਦੀ ਸਾਰੀ ਰਸਦ ਤੇ ਬਰਤਨਾਂ ਤੱਕ ਉਠਾ ਕੇ ਲੈ ਜਾਣ, ਦਰਬਾਰ ਸਾਹਿਬ ਦੀ ਪਰਕਰਮਾਂ ਦੇ ਅੰਦਰ ਟੀਅਰ ਗੈਸ ਦੇ ਗੋਲੇ ਛੱਡਣ, ਸਿੱਖਾਂ ਨੂੰ ਕੁੱਟ ਕੁੱਟ ਕੇ ਸ਼ਹੀਦ ਕਰਨ ਅਤੇ ਕੌਲਸਰ ਸਾਹਿਬ ਤੇ ਬਾਬਾ ਅਟੱਲ ਸਾਹਿਬ ਵਿਖੇ ਬੂਟਾਂ ਸਮੇਤ ਧਮਚੜਾ ਪਾਉਣ ਤੇ ਉੱਧਲ ਧਮੀ ਚੁਕਣ ਦੀ ਖੁੱਲੀ ਛੁਟੀ ਦਿੱਤੀ ਸੀ ਉਦੋਂ ਤਾਂ ਅਜੇ ਸ੍ਰੀ ਦਰਬਾਰ ਸਾਹਿਬ ਅੰਦਰ ਭਿੰਡਰਾਂਵਾਲੇ ਜਥੇ ਦੇ ਕੋਈ ਹਥਿਆਰਬੰਦ ਸਿੱਖ ਨਹੀਂ ਸਨ ਰਹਿੰਦੇ। ਇਸੇ ਤਰ੍ਹਾਂ ਜਦੋਂ ਅੰਮ੍ਰਿਤਸਰ, ਜਲੰਧਰ ਲੁਧਿਆਣੇ, ਅੰਬਾਲੇ ਤੇ ਹੋਰਨਾਂ ਸ਼ਹਿਰਾਂ ਵਿਚ ਸਿੱਖ ਸੰਗਤਾਂ ਵਲੋਂ ਗੁਰੂ ਸਾਹਿਬਾਨ ਦੀ ਯਾਦ ਵਿਚ ਪੁਰਬ ਮਨਾਉਣ ਸਮੇਂ ਨਗਰ ਕੀਰਤਨ ਦੇ ਦੌਰਾਨ ਇਨ੍ਹਾਂ ਹਿੰਦੂਆਂ ਦੀ ਕਤੀੜ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਵਾਰੀ ਉੱਪਰ ਘੱਟਾ ਮਿੱਟੀ ਤੇ ਇੱਟਾਂ ਪੱਥਰ ਚਲਾਏ ਜਾਂਦੇ ਸਨ ਉਦੋਂ ਤਾਂ ਅਜੇ ਕੋਈ ਸਿੱਖ ਦੁਸ਼ਟਾਂ ਨੂੰ ਸੋਧਨ ਦੀ ਗੱਲ ਨਹੀਂ ਸੀ ਕਰਦਾ। ਖਾਲਸਾ ਜੀ, ਆਪ ਸਭ ਭਲੀ ਭਾਂਤ ਜਾਣਦੇ ਹੋ ਕਿ ਮੈਨੂੰ ਤਾਂ ਅਜੇ ਪੰਥ ਦੀ ਸੇਵਾ ਲਈ ਪੰਥਕ ਖੇਤਰ ਵਿਚ ਉਤਰਿਆਂ ਕੋਈ ਸਤ ਕੁ ਸਾਲ ਦਾ ਸਮਾ ਹੀ ਹੋਇਆ ਹੈ। ਪਰ ਜਦੋਂ 1947 ਤੋਂ ਪਿਛੋਂ ਹਿੰਦੁਸਤਾਨ ਦੇ ਆਜ਼ਾਦ ਹੋਣ ਦੇ ਨਾਲ ਹੀ ਸਿੱਖ ਕੌਮ ਤੇ ਸਿੱਖ ਧਰਮ ਉੱਪਰ ਇਸ ਪਰਕਾਰ ਦੇ ਘਿਨਾਉਣੇ ਹਮਲੇ ਹੋਣੇ ਸ਼ੁਰੂ ਹੋ ਗਏ ਸਨ ਉਦੋਂ ਤਾਂ ਉਹ ਸਭ ਅਕਾਲੀ ਲੀਡਰ ਅਜੇ ਜੀਉਂਦੇ ਲਗਦੇ ਸਨ ਜੋ ਹਿੰਦੂਆਂ ਦੀਆਂ ਨਜ਼ਰਾਂ ਵਿਚ ਪੂਰਨ ਗਾਂਧੀਵਾਦੀ ਹੋਣ ਕਰਕੇ ਸ਼ਾਂਤੀ ਦੇ ਪੱਕੇ ਪੁਜਾਰੀ ਸਨ ਅਤੇ ਜਿਨ੍ਹਾਂ ਨੇ ਸਿੱਖ ਕੌਮ ਦੀ ਕਿਸਮਤ ਹਿੰਦੂ ਸਾਮਰਾਜ ਨਾਲ ਜੋੜਨ ਦਾ ਆਪ ਫੈਸਲਾ ਕੀਤਾ ਸੀ। ਉਦੋਂ ਤਾਂ ਅਜੇ ਉਹਨਾ ਵਲੋਂ ਹਿੰਦੂਆਂ ਨਾਲ ਪਾਈ ਸਾਂਝ ਭਿਆਲੀ ਮਾਸਾ ਜਿੰਨੀ ਵੀ ਪੁਰਾਣੀ ਨਹੀਂ ਹੀ ਹੋਈ।

ਦਾਸ ਇਨ੍ਹਾਂ ਅਕਾਲੀ ਆਗੂਆਂ ਪਾਸੋਂ ਬੇਨਤੀ ਰੂਪ ਵਿਚ ਪੁਛਦਾ ਹੈ ਕਿ ਇਹ ਮੈਨੂੰ ਏਨੀ ਗੱਲ ਦੱਸਣ ਤੇ ਸਪਸ਼ਟ ਕਰਨ ਦੀ ਖੇਚਲ ਕਰਨ ਕਿ ਅੱਜ ਸਿੱਖ ਕੌਮ ਦੇ ਸਾਹਮਣੇ ਜਿੰਨੇ ਵੀ ਗੰਭੀਰ ਮਸਲੇ, ਭਿਆਨਕ ਸਮਸਿਆਵਾਂ ਦਾ ਰੂਪ ਧਾਰਨ ਕਰੀ ਖਲੋਤੇ ਨੇ ਉਨ੍ਹਾਂ 'ਚ ਭਿੰਡਰਾਂਵਾਲੀ ਟਕਸਾਲ ਜਾਂ ਮੇਰੇ ਵਲੋਂ ਕਿੰਨੇ ਕੁ ਪੈਦਾ ਕੀਤੇ ਹੋਏ ਹਨ?

ਖਾਲਸਾ ਜੀ, ਗੱਲ ਬੜੀ ਸਾਫ ਤੇ ਸਪਸ਼ਟ ਹੈ ਕਿ ਸਮੇਂ ਦੇ ਨਾਲ ਨਾਲ ਸਾਡੇ ਪੰਥਕ ਆਗੂ ਆਪਣੀਆਂ ਜ਼ਾਤੀ ਕਮਜ਼ੋਰੀਆਂ ਤੇ ਲਾਲਸਾਵਾਂ ਦੇ ਕਾਰਨ ਸੈਂਟਰ ਦੀ ਸਰਕਾਰ ਪਾਸ ਜਿਉਂ ਜਿਉਂ ਵਿਕਦੇ ਤੁਰੇ ਗਏ ਤਿਉਂ ਤਿਉਂ ਹੀ ਪੰਥ ਦੀਆਂ ਸਮਸਿਆਵਾਂ ਵਧਦੀਆਂ ਤੁਰੀਆਂ ਗਈਆਂ ਅਤੇ ਇਸਦੇ ਨਾਲ ਨਾਲ ਟੋਪੀ ਵਾਲਿਆਂ ਦਾ ਰਾਜ ਜਿਉਂ ਜਿਉਂ ਮਜ਼ਬੂਤ ਹੁੰਦਾ ਤੇ ਜੜ੍ਹ ਫੜਦਾ ਗਿਆ ਅਤੇ ਸਿੱਖਾਂ ਦੀ ਤਾਕਤ ਫੌਜ ਤੇ ਰਾਜ ਦੇ ਹੋਰ ਪ੍ਰਬੰਧਕੀ ਖੇਤਰਾਂ 'ਚੋਂ ਘਟਦੀ ਗਈ ਤਿਉਂ ਤਿਉਂ ਹਿੰਦੂਆਂ ਦਾ ਤੇ ਸਰਕਾਰ ਦਾ ਜਬਰ ਸਿੱਖਾਂ ਉੱਪਰ ਵਧਦਾ ਗਿਆ। ਅਸਲ ਵਿਚ ਹਿੰਦੂ ਸਰਕਾਰ ਨੇ ਅਗਸਤ 1947 ਤੋਂ ਝੱਟ ਹੀ ਪਿਛੋਂ ਸਿੱਖਾਂ ਨੂੰ ਜਰਾਇਮ ਪੇਸ਼ਾ ਕਰਾਰ ਦੇ ਕੇ ਇਕਤਰਫਾ ਨਾਲ ਪੰਥਕ

ਆਗੂਆਂ ਦੀ ਜ਼ਮੀਰ ਨੂੰ ਚੂੰਡੀ ਵੱਢ ਕੇ ਵੇਖੀ ਸੀ ਕਿ ਇਨ੍ਹਾਂ ਵਿਚ ਕਿੰਨੀ ਕੁ ਜਾਨ ਹੈ। ਜਦੋਂ ਭਾਰਤ ਸਰਕਾਰ ਨੇ ਤੇ ਹਿੰਦੂ ਸ਼ਾਸਕਾਂ ਆਗੂਆਂ ਨੇ ਵੇਖਿਆ ਕਿ ਸਿਖ ਆਗੂ ਇਸ ਚੂੰਡੀ ਦੀ ਪੀੜ ਨੂੰ ਬਹੁਤ ਹੱਦ ਤੱਕ ਜਰ ਗਏ ਨੇ ਤੇ ਝੱਲ ਗਏ ਨੇ ਅਤੇ ਮੁਕਾਬਲੇ ਲਈ ਸਿਧੀ ਤਰ੍ਹਾਂ ਮੈਦਾਨ 'ਚ ਨਹੀਂ ਉਤਰੇ ਤਾਂ ਫਿਰ ਉਸ ਤੋਂ ਪਿਛੋਂ ਜੋ ਕੁਝ ਸਿਖਾਂ ਨਾਲ ਹੁੰਦਾ ਰਿਹਾ ਤੇ ਵਾਪਰਦਾ ਰਿਹਾ ਅਤੇ ਜੋ ਕੁਝ ਅੱਜ ਹੋ ਰਿਹਾ ਹੈ ਉਹ ਤੁਹਾਡੇ ਸਾਹਮਣੇ ਹੈ। ਇਸ ਸਬੰਧ ਵਿਚ ਸਾਨੂੰ ਕਿਸੇ ਤਰ੍ਹਾਂ ਦਾ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਸਿਖ ਕੌਮ ਨਾਲ ਅੱਜ ਜੋ ਕੁਝ ਹੋ ਰਿਹਾ ਹੈ ਤੇ ਵਾਪਰ ਰਿਹਾ ਹੈ ਇਹ ਹਿੰਦੂਆਂ ਦੇ ਹਿੰਦੂ ਰਾਜ ਦੀ ਸ਼ਕਤੀ ਦੇ ਸਿਖਰ ਤੱਕ ਪੁੱਜ ਜਾਣ ਦਾ ਸਪਸ਼ਟ ਸਬੂਤ ਹੈ। ਇਸ ਲਈ ਜੇ ਅਸਾਂ ਅਜੇ ਵੀ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਪੂਰੀ ਤਾਕਤ ਨਾਲ ਜਥੇਬੰਦ ਹੋਕੇ ਕੋਈ ਤਕੜਾ ਹੱਲਾ ਨਾ ਮਾਰਿਆ ਤਾਂ ਹਿੰਦੂ ਅਜੇ ਸਿਖਾਂ ਨੂੰ ਆਪਣਾ ਅਸਲ ਰੂਪ ਵਖਾਉਣਗੇ।

ਸਾਧ ਸੰਗਤ ਜੀ, ਪਿਛੇ ਜਿਹੇ ਮੇਰੇ ਪਾਸ ਅਕਾਲੀ ਆਗੂਆਂ ਨੇ ਕੁਝ ਸਿਖਾਂ ਰਾਹੀਂ ਇਹ ਸੁਨੇਹਾ ਭਜਵਾਇਆ ਸੀ ਕਿ ਜੇ ਭਿੰਡਰਾਂਵਾਲਾ ਕੁਝ ਸਮੇਂ ਲਈ ਚੁੱਪ ਹੋ ਜਾਵੇ ਤਾਂ ਉਹ ਸਰਕਾਰ ਪਾਸੋਂ ਅਨੰਦ ਪੁਰ ਦਾ ਮਤਾ ਮਨਵਾ ਸਕਦੇ ਹਨ ਜਿਸ ਕਰਕੇ ਦਾਸ ਪੂਰਾ ਇਕ ਮਹੀਨਾ ਲਗਪਗ ਚੁਪ ਰਿਹਾ ਪਰ ਮੇਰੇ ਚੁਪ ਹੋ ਜਾਣ ਤੋਂ ਬਾਅਦ ਵੀ ਸਰਕਾਰ ਵਲੋਂ ਪੰਜਾਬ ਤੇ ਹਰਿਆਣੇ ਅੰਦਰ ਸਿਖਾਂ ਉਪਰ ਪਹਿਲਾਂ ਵਾਂਗ ਹੀ ਅਤਿਆਚਾਰ ਹੁੰਦੇ ਰਹੇ ਅਤੇ ਦਿੱਲੀ ਦੀ ਸੈਂਟਰ ਸਰਕਾਰ ਦੀ ਸੋਚ ਤੇ ਨੀਤੀ ਵਿਚ ਵੀ ਕੋਈ ਫਰਕ ਨਾ ਆਇਆ। ਇਥੋਂ ਤੱਕ ਕਿ ਸੈਂਟਰ ਸਰਕਾਰ ਵਲੋਂ ਅਨੰਦ ਪੁਰ ਮਤੇ ਸਬੰਧੀ ਥੋੜਾ ਬਹੁਤ ਵਿਚਾਰ ਵਟਾਂਦਰਾ ਕਰਨ ਬਾਰੇ ਵੀ ਕਿਸੇ ਅਕਾਲੀ ਆਗੂ ਨੂੰ ਸੁਨੇਹਾ ਨਾ ਆਇਆ।

ਇਨ੍ਹਾਂ ਹੀ ਦਿਨਾਂ ਵਿਚ ਜਦੋਂ ਅਕਾਲੀ ਲੀਡਰ ਹਰਿਆਣੇ ਵਿਚ ਸਿਖਾਂ ਨਾਲ ਹੋਏ ਜ਼ੁਲਮ ਤੇ ਅਤਿਆਚਾਰ ਦੇ ਸਬੰਧ ਵਿਚ ਵਾਪਰੀਆਂ ਘਟਨਾਵਾਂ ਬਾਰੇ ਜਾਇਜ਼ਾ ਲੈਣ ਲਈ ਹਰਿਆਣੇ ਗਏ ਤਾਂ ਉਸ ਸਮੇਂ ਅਕਾਲੀ ਆਗੂਆਂ ਨੇ ਉਹਨਾਂ ਥਾਵਾਂ ਤੇ ਇਲਾਕਿਆਂ ਦਾ ਦੌਰਾ ਵੀ ਕੀਤਾ ਜਿਥੇ ਸਿਖਾਂ ਤੇ ਸਿਖ ਬੀਬੀਆਂ ਨਾਲ ਘਿਨਾਉਣੇ ਕਾਰੇ ਵਾਪਰੇ ਸੀ। ਹਰਿਆਣੇ ਦੇ ਸਿਖਾਂ ਨੇ ਅਕਾਲੀ ਲੀਡਰਾਂ ਨੂੰ ਆਪਣੀ ਦਰਦ ਭਰੀ ਕਹਾਣੀ ਸੁਣਾਈ, ਜਿੰਨ੍ਹਾਂ ਸਿਖਾਂ ਤੇ ਸਿਖ ਮਾਈਆਂ ਬੀਬੀਆਂ ਨਾਲ ਕਾਲੇ ਕਾਰੇ ਵਰਤੇ ਸਨ ਉਹਨਾਂ ਬੀਬੀਆਂ ਤੇ ਸਿਖ ਭਾਈਆਂ ਨੇ ਇਥੋਂ ਤੱਕ ਕਿਹਾ ਕਿ, ਜੋ ਕੁਝ ਉਹਨਾਂ ਨਾਲ ਹਿੰਦੂਆਂ ਨੇ ਤੇ ਹਿੰਦੂਆਂ ਦੀ ਪੁਲੀਸ ਨੇ ਕੀਤਾ ਹੈ ਉਸ ਨਾਲੋਂ ਸਾਨੂੰ ਮੌਤ ਆ ਜਾਂਦੀ ਤਾਂ ਚੰਗਾ ਸੀ। ਜੋ ਸਲੂਕ ਸਾਡੇ ਨਾਲ ਕੀਤਾ ਗਿਆ ਹੈ ਉਹ ਤਾਂ ਕਿਸੇ ਦੇਸ਼ ਦੇ ਧਾੜਵੀਆਂ ਵੱਲੋਂ ਕਿਸੇ ਦੂਸਰੇ ਦੇਸ਼ ਦੇ ਲੋਕਾਂ ਨੂੰ ਬਣਾਏ ਗਏ ਬੰਦੀਆਂ ਤੇ ਗੁਲਾਮਾਂ ਨਾਲੋਂ ਵੀ ਕਿਤੇ ਭੈੜਾ ਤੇ ਜ਼ੁਲਮ ਭਰਿਆ ਸੀ। ਜਿਸ ਢੰਗ ਨਾਲ ਸਾਨੂੰ ਜਲੀਲ ਕੀਤਾ ਗਿਆ ਹੈ ਉਸ ਤੋਂ ਤਾਂ ਹੁਣ ਤੁਹਾਨੂੰ ਪੰਥ ਦੇ ਆਗੂਆਂ ਨੂੰ ਕੋਈ ਸਬਕ ਲੈਣਾ ਚਾਹੀਦਾ ਹੈ। ਇਸ ਵਾਸਤੇ ਹੁਣ ਤੁਹਾਨੂੰ ਅਵੱਸ਼ ਹੀ ਕੋਈ ਐਸਾ ਰਾਹ ਅਖਤਿਆਰ ਕਰ ਲੈਣਾ ਹੀ ਸੋਭਦਾ ਹੈ ਜਿਸ ਉਪਰ ਚਲਕੇ ਸਿਖ ਕੌਮ ਨੂੰ ਕੋਈ ਮੰਜ਼ਲ ਮਿਲ ਸਕੇ ਅਤੇ ਸਿਖਾਂ ਨੂੰ ਰੋਜ਼ ਰੋਜ਼ ਦੀ ਬੇਇਜ਼ਤੀ ਤੇ ਜ਼ੁਲਮ ਤੋਂ ਛੁਟਕਾਰਾ ਮਿਲ ਸਕੇ। ਕਿਉਂਕਿ ਹਿੰਦੂਆਂ ਦੀਆਂ ਨਜ਼ਰਾਂ ਵਿਚ ਅਸੀਂ ਗੁਲਾਮਾਂ ਤੇ ਮਹਿਕੂਮਾਂ ਤੋਂ ਵੀ ਨੀਵੇਂ ਤੇ ਅਤ ਘਟੀਆ ਸਮਝੇ ਜਾਂਦੇ ਹਾਂ। ਹੁਣ ਇਨ੍ਹਾਂ ਛੋਟੀਆ ਮੋਟੀਆਂ ਮੰਗਾਂ ਦੇ ਮੰਗਣ ਨਾਲ ਕੁਝ ਨਹੀਂ ਜੇ ਬਣਨਾ। ਸਾਨੂੰ ਆਪਣੀਆਂ ਜ਼ਮੀਨਾਂ ਤੇ ਜਾਇਦਾਦਾਂ ਪਿਆਰੀਆਂ ਨਹੀਂ, ਸਾਨੂੰ ਤਾਂ ਆਪਣਾ ਧਰਮ, ਸਿਖੀ ਸਰੂਪ ਤੇ ਇਜ਼ਤ ਪਿਆਰੀ ਹੈ। ਪੰਥ ਨੂੰ ਹੁਣ ਹਿੰਦੂਆਂ ਦੀ ਝੋਲੀ 'ਚੋਂ ਕੱਢ ਲਓ ਤੇ ਮੰਗਾਂ ਦਾ ਠੂਠਾ ਸੁੱਟ ਕੇ ਪੰਥ ਦੀ ਆਜ਼ਾਦੀ ਲਈ ਜੂਝਣ ਦਾ ਰਾਹ ਮੱਲੋ। ਕਿਉਂਕਿ ਅਸਾਂ ਹੁਣ ਵੇਖ ਲਿਆ ਹੈ ਕਿ ਸਿਖਾਂ ਦਾ ਹੁਣ ਹਿੰਦੂਆਂ ਦੇ ਨਾਲ ਰਹਿ ਕੇ



ਗੁਜ਼ਾਰਾ ਨਹੀਂ ਹੋਣਾ।

ਪਰ ਖਾਲਸਾ ਜੀ, ਇਨ੍ਹਾਂ ਅਕਾਲੀ ਆਗੂਆਂ ਨੇ ਹਰਿਆਣੇ ਦੇ ਸਿਖਾਂ ਦੀ ਫਰਿਆਦ ਤੇ ਰਾਏ ਮਸ਼ਵਰਾ ਸੁਨਣ ਤੋਂ ਪਿਛੋਂ ਉਹਨਾਂ ਨੂੰ ਚੁਪ ਰਹਿਣ ਲਈ ਕਿਹਾ ਤੇ ਨਾਲ ਹੀ ਉਹਨਾਂ ਨੂੰ ਦਮ ਦਲਾਸਾ ਦੇਂਦਿਆਂ ਹੋਇਆਂ ਆਖਿਆ ਕਿ 'ਚਿੰਤਾ ਨਾ ਕਰੋ, ਸਭ ਠੀਕ ਹੋ ਜਾਵੇਗਾ।'

ਹਿੰਦੂਆਂ ਹੱਥੋਂ ਜਬਰ ਤੇ ਅਤਿਆਚਾਰ ਦਾ ਸ਼ਿਕਾਰ ਹੋਏ ਸਿਖਾਂ ਤੇ ਸਿਖ ਬੀਬੀਆਂ ਨੂੰ ਮਿਲਣ ਤੋਂ ਪਿਛੋਂ ਅਕਾਲੀ ਲੀਡਰਾਂ ਦੀ ਟੀਮ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਅਤੇ ਹੋਰ ਮੰਤਰੀਆਂ ਤੇ ਅਫਸਰਾਂ ਨੂੰ ਮਿਲੀ ਤਾਂ ਇਨ੍ਹਾਂ ਆਗੂਆਂ ਨੇ ਭਜਨ ਲਾਲ ਵਲੋਂ ਹੋਟਲਾਂ ਵਿਚ ਦਿੱਤੀਆਂ ਜਾਣ ਵਾਲੀਆਂ ਜ਼ਿਆਫਤਾਂ ਨੂੰ ਝਟ ਕਬੂਲ ਕਰ ਲਿਆ। ਸਾਧ ਸੰਗਤ ਜੀ, ਜਿੰਨਾਂ ਲੋਕਾਂ ਦੀ ਸ਼ਹਿ ਉਪਰ ਤੇ ਨੀਤੀ ਅਨੁਸਾਰ ਉਥੋਂ ਦੇ ਹਿੰਦੂਆਂ ਨੇ ਸਿਖਾਂ ਦੇ ਲਹੂ ਵਿਚ ਹੱਥ ਰੰਗੇ ਅਤੇ ਸਿਖ ਬੀਬੀਆਂ ਦੀ ਪਤ ਨੂੰ ਸ਼ਰੇਆਮ ਚੌਂਕਾਂ, ਚੌਰਾਹਿਆਂ ਤੇ ਸੜਕਾਂ ਦੇ ਮੋੜਾਂ ਅੱਡਿਆਂ ਵਿਚ ਰੁਲਵਾਇਆ ਸੀ ਉਹਨਾਂ ਨਾਲ ਹੋਟਲਾਂ, ਰੈਸਟ ਹਾਊਸਾਂ ਤੇ ਏਅਰ ਕੰਡੀਸ਼ਨ ਆਰਾਮ ਘਰਾਂ ਵਿਚ ਇਹ ਅਕਾਲੀ ਆਗੂ ਬੈਠਕੇ ਐਵੇਂ ਇਧਰ ਉਧਰ ਦੀਆਂ ਤੇ ਹਾਸੇ ਮਖੌਲ ਦੀਆਂ ਗੱਲਾਂ ਬਾਤਾਂ ਕਰਦੇ ਰਹੇ, ਮੁਰਗਿਆਂ ਦੀਆਂ ਲੱਤਾਂ ਚੂੰਡਦੇ ਤੇ ਪਿਸਤੇ ਬਾਦਾਮ ਵਾਲੀਆਂ ਵਸਤੂਆਂ ਖਾਂਦੇ ਰਹੇ। ਹਰਿਆਣੇ ਦੇ ਸਿਖਾਂ ਦੀ ਦੁਖ ਭਰੀ ਦਾਸਤਾਨ ਸੁਨਣ ਤੇ ਉਹਨਾਂ ਦਾ ਦੁਖ ਵੰਡਾਉਣ ਲਈ ਗਈ ਅਕਾਲੀ ਆਗੂਆਂ ਦੀ ਟੀਮ ਨੂੰ ਏਨਾ ਵੀ ਅਹਿਸਾਸ ਨਾ ਰਿਹਾ ਕਿ ਉਹ ਉਥੇ ਗਏ ਕਿਸ ਕਰਕੇ ਸੀ ਤੇ ਕਰ ਕੀ ਰਹੇ ਨੇ। ਖਾਲਸਾ ਜੀ, ਇਨ੍ਹਾਂ ਲੋਕਾਂ ਤੋਂ ਜਿੰਨਾਂ ਨੇ ਸਾਰੀ ਕੌਮ ਨਾਲ ਮਖੌਲ ਕਰਕੇ ਬੇਸ਼ਰਮੀ ਵਖਾਈ ਹੈ ਪੁਛੋ ਕਿ ਇਹ ਉਥੇ ਲੈਣ ਕੀ ਗਏ ਸੀ?

ਸਿਖ ਕੌਮ ਦੀਆਂ ਬੇਟੀਆਂ ਤੇ ਮਾਈਆਂ ਬੀਬੀਆਂ ਦੀ ਹੋਈ ਹੋਵੇ ਬੇਪੱਤੀ, ਗੁਰਦੁਆਰਿਆਂ ਨੂੰ ਲਾਈਆਂ ਗਈਆਂ ਹੋਣ ਅੱਗਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹੋਈ ਹੋਏ ਬੇਅਦਬੀ, ਸਿਖਾਂ ਦੇ ਮੂੰਹ ਸਿਰ ਗਏ ਹੋਣ ਮੁੰਨੇ, ਸਿਖਾਂ ਦੀਆਂ ਦੁਕਾਨਾਂ ਤੇ ਉਹਨਾਂ ਦੇ ਘਰ ਗਏ ਹੋਣ ਸਾੜੇ ਅਤੇ ਇਹ ਆਗੂ ਉਥੇ ਸਿਖਾਂ ਦੀਆਂ ਲਾਸ਼ਾਂ ਉਪਰ ਬੈਠਕੇ ਸਿਖਾਂ ਦੇ ਕਾਤਲਾਂ ਤੇ ਸਿਖੀ ਦੇ ਜਮਾਂਦਰੂ ਦੁਸ਼ਮਣਾਂ ਦੇ ਨਾਲ ਰਲ ਕੇ ਖਾਂਦੇ ਰਹੇ ਹੋਣ ਬਾਦਾਮ ਪਿਸਤੇ ਤੇ ਮੁਰਗਾ ਮਸੱਲਮ ਅਤੇ ਫੇਰ ਵੀ ਆਖਣ ਕਿ 'ਅਸੀਂ ਸਿਖ ਕੌਮ ਦੇ ਆਗੂ ਹਾਂ' ਤਾਂ ਇਸ ਤੋਂ ਵਧ ਹੋਰ ਕੋਈ ਘਟੀਆ ਤੇ ਬੇਸ਼ਰਮੀ ਭਰੀ ਗੱਲ ਕਿਹੜੀ ਹੋ ਸਕਦੀ ਹੈ? ਖਾਲਸਾ ਜੀ, ਇਨ੍ਹਾਂ ਲੋਕਾਂ ਤੋਂ ਪੁਛੋ ਕਿ ਇਨ੍ਹਾਂ ਨੇ ਇਸਤਰਾਂ ਨਹੀਂ ਕੀਤਾ? ਤੁਸੀਂ ਇਹਨਾਂ ਲੋਕਾਂ ਨੂੰ ਕਿਉਂ ਨਹੀਂ ਹਲੂਣਦੇ ਤੇ ਕਿਉਂ ਨਹੀਂ ਕਰੜਾਈ ਨਾਲ ਪੁੱਛਦੇ ਜੋ ਜਿਨ੍ਹਾਂ ਦੀਆਂ ਕੌਮ ਮਾਰੂ ਹਰਕਤਾਂ ਕਰਕੇ ਸਾਰੀ ਸਿਖ ਕੌਮ ਨੂੰ ਹਨੇਰੀ ਸੁਰੰਗ ਵੱਲ ਧੱਕੀ ਤੁਰੇ ਜਾਂਦੇ ਨੇ ਅਤੇ ਪੰਥ ਦੀ ਇਜ਼ਤ ਪਤ ਅਤੇ ਆਨ ਸ਼ਾਨ ਨੂੰ ਸਿਖੀ ਦੇ ਦੁਸ਼ਮਨਾਂ ਦੇ ਹੱਥਾਂ 'ਚ ਵੇਚ ਰਹੇ ਨੇ ਤੇ ਕੌਮ ਨੂੰ ਚੌਂਕੇਰਿਓਂ ਹੀ ਢਾਹ ਲਾ ਰਹੇ ਨੇ। ਸਿੰਘੋ ਜਦ ਤੱਕ ਇਹ ਅਕਾਲੀ ਆਗੂ ਮਨਬਚ ਤੇ ਕਰਮ ਧਰਮ ਮਨੋ ਚਿਤੋਂ ਸਚਾਈ ਨੂੰ ਨਹੀਂ ਅਪਨਾਉਂਦੇ ਤੇ ਈਮਾਨਦਾਰ ਨਹੀਂ ਬਣਦੇ ਅਤੇ ਖਾਲਸਾ ਪੰਥ ਨੂੰ ਦਿੱਤੇ ਵਚਨਾਂ ਉਪਰ ਦ੍ਰਿੜਤਾ ਨਾਲ ਕਾਇਮ ਨਹੀਂ ਰਹਿੰਦੇ ਉਸ ਸਮੇਂ ਤੱਕ ਇਹ ਲੋਕ ਸਿਖ ਕੌਮ ਨੂੰ ਪੰਥ ਦੁਸ਼ਮਨ ਤਾਕਤਾਂ ਹੱਥੋਂ ਮਾਰਾਂ ਪਵਾਉਂਦੇ ਰਹਿਣਗੇ ਅਤੇ ਤਬਾਹੀ ਤੇ ਬਰਬਾਦੀ ਦੀ ਖੁੱਡ ਵੱਲ ਧਕਦੇ ਤੁਰੇ ਜਾਣਗੇ।

ਸਾਧ ਸੰਗਤ ਜੀ, ਇਥੇ ਮੈਂ ਇਹ ਗੱਲ ਐਲਾਨੀਆ ਤੌਰ ਉਤੇ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਜੇ ਇਹ ਅਕਾਲੀ ਆਗੂ ਅਨੰਦਪੁਰ ਸਾਹਿਬ ਦੇ ਮਤੇ ਦੇ ਮੁਖ ਉਦੇਸ਼ ਦੇ ਅਨੁਸਾਰ ਲੜਾਈ ਲੜਦੇ ਤੇ

ਉਸਨੂੰ ਜਾਣ ਬੁੱਝ ਕੇ ਆਪਣੇ ਹੱਥੀਂ ਗੁੰਝਲਾਂ 'ਚ ਨਾ ਉਲਝਾਉਂਦੇ ਤਾਂ ਅੱਜ ਧਰਮ ਯੁੱਧ ਮੋਰਚੇ ਦਾ ਰੰਗ ਰੂਪ ਤੇ ਜਲਵਾ ਕੁਝ ਨਰਾਲਾ ਹੀ ਹੁੰਦਾ ਅਤੇ ਪੰਥ ਦੁਸ਼ਮਨ ਤਾਕਤਾਂ ਵੀ ਕੰਬ ਰਹੀਆਂ ਹੁੰਦੀਆਂ ਤੇ ਸੰਸਾਰ ਦੇ ਲੋਕਾਂ ਸਾਹਮਣੇ ਵੀ ਸਾਡੀ ਪੁਜ਼ੀਸ਼ਨ ਬਿਲਕੁਲ ਸਾਫ ਤੇ ਸਪਸ਼ਟ ਹੁੰਦੀ। ਦਾਸ ਨੇ ਅਨੰਦ ਪੁਰ ਸਾਹਿਬ ਦੇ ਮਤੇ ਦੀ ਅਸਲ ਕਾਪੀ ਜਿਸ ਉੱਪਰ ਇਨ੍ਹਾਂ ਅਕਾਲੀ ਆਗੂਆਂ ਦੇ ਆਪਣੇ ਹਸਤਾਖਰ ਨੇ ਆਪ ਪੜ੍ਹੀ ਹੈ ਤੇ ਉਸਨੂੰ ਚੰਗੀ ਤਰ੍ਹਾਂ ਨਾਲ ਘੋਖਿਆ ਵਿਚਾਰਿਆ ਹੈ। ਜੇ ਸੱਚ ਪੁਛੋ ਤਾਂ ਮੈਨੂੰ ਤਾਂ ਉਸ ਵਿਚ ਕੋਈ ਵੀ ਪੱਖ ਗੁੰਝਲਦਾਰ ਨਹੀਂ ਦਿਸਿਆ। ਉਸ ਵਿਚ ਤਾਂ ਬੜੇ ਸਪਸ਼ਟ ਸ਼ਬਦਾਂ ਵਿਚ ਇਸ ਗੱਲ ਦਾ ਨਸ਼ਾਨਾ ਮਿਥਿਆ ਗਿਆ ਹੈ ਕਿ ਖਾਲਸਾ ਪੰਥ ਨੂੰ ਇਕ ਐਸਾ ਖਿੱਤਾ ਦਰਕਾਰ ਹੈ ਜਿਸ ਵਿਚ ਖਾਲਸਾ ਪੰਥ ਦੇ ਆਪਣੇ ਬੋਲ ਬਾਲੇ ਕਾਇਮ ਹੋਣ ਅਤੇ ਸਿਖ ਧਰਮ ਤੇ ਸਿਖਾਂ ਦੇ ਵਿਸ਼ੇਸ਼ ਅਧਿਕਾਰ ਪੂਰਨ ਰੂਪ ਵਿਚ ਸੁਰਖਸ਼ਤ ਹੋਣ। ਪਰ ਹੁਣ ਇਹ ਅਕਾਲੀ ਆਗੂ ਸਿਖ ਸੰਗਤਾਂ ਦੇ ਸਾਹਮਣੇ ਨਾ ਤਾਂ ਪੰਜਾਬ ਅੰਦਰ ਖਾਲਸਾ ਜੀ ਦੇ ਬੋਲ ਬਾਲੇ ਕਾਇਮ ਕਰਨ ਦੀ ਗੱਲ ਨੂੰ ਹੀ ਸਪਸ਼ਟ ਕਰਦੇ ਹਨ ਤੇ ਨਾ ਹੀ ਸਿਖਾਂ ਦੇ ਵਿਸ਼ੇਸ਼ ਅਧਿਕਾਰਾਂ ਦੀ, ਸਗੋਂ ਇਸਦੇ ਉਲਟ ਏਸ ਗੱਲ ਨੂੰ ਸਪਸ਼ਟ ਕਰਨ ਉੱਪਰ ਜ਼ੋਰ ਦਈ ਤੁਰੇ ਜਾਂਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰੋਗਰਾਮ ਸਾਰੇ ਹਿੰਦੁਸਤਾਨ ਦੇ ਸੂਬਿਆਂ ਨੂੰ ਬਰਾਬਰ ਦੇ ਵੱਧ ਅਧਿਕਾਰ ਦਵਾਉਣਾ ਹੈ।

ਗੱਲ ਬੜੀ ਅਜੀਬ ਹੈ ਕਿ ਧਰਮ ਯੁੱਧ ਮੋਰਚੇ ਵਿਚ ਸਿਰ ਖਾਲਸਾ ਪੰਥ ਦੇ ਰਿਹਾ ਹੋਵੇ ਤੇ ਮਹਾਨ ਕੁਰਬਾਨੀਆਂ ਕਰ ਰਿਹਾ ਹੋਵੇ ਪਰ ਇਹ ਆਗੂ ਪੰਜਾਬ ਅੰਦਰ ਸਿਖਾਂ ਦੇ ਬੋਲ ਬਾਲੇ ਤੇ ਵਿਸ਼ੇਸ਼ ਅਧਿਕਾਰਾਂ ਦੀ ਗੱਲ ਕਰਨ ਦੀ ਬਜਾਏ ਸਾਰੇ ਹਿੰਦੁਸਤਾਨ ਦੇ ਉਹਨਾਂ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਗੱਲ ਕਰ ਰਹੇ ਨੇ ਜਿਨਾਂ ਅੰਦਰ ਹਿੰਦੂ ਸਮਾਜ ਪਾਸ ਪਹਿਲਾਂ ਹੀ ਵੱਧ ਅਧਿਕਾਰ ਮੁਕਾਬਲਕ ਰੂਪ ਵਿਚ ਕਾਇਮ ਤੇ ਸੁਰਖਸ਼ਤ ਹਨ। ਹਿੰਦੂਆਂ ਤਾਂ ਇਸ ਸਮੇਂ ਸਾਰੇ ਹਿੰਦੁਸਤਾਨ ਉੱਪਰ ਮੱਲ ਮਾਰੀ ਹੋਈ ਹੈ ਅਤੇ ਰਾਜ ਭਾਗ ਦੀ ਸੱਤਾ ਸੰਪੂਰਨ ਰੂਪ ਵਿਚ ਉਹਨਾਂ ਦੇ ਆਪਣੇ ਹੱਥ ਵਿਚ ਹੈ. ਐਸੀ ਹਾਲਤ ਵਿਚ ਤਾਂ ਜੇ ਹਿੰਦੁਸਤਾਨ ਦੇ ਸੂਬਿਆਂ ਉੱਪਰ ਸੈਂਟਰ ਸਰਕਾਰ ਦਾ ਸਿਧਾ ਕੰਟਰੋਲ ਤੇ ਕੁੰਡਾ ਵੀ ਹੋਵੇ ਤਾਂ ਉਸਦਾ ਲਾਭ ਵੀ ਭਾਰਤ ਦੇ ਹਿੰਦੂਆਂ ਨੂੰ ਹੀ ਰਾਜ ਤੇ ਸਮਾਜ ਦੇ ਹਰ ਖੇਤਰ ਵਿਚ ਪਹੁੰਚਦਾ ਹੈ। ਹਿੰਦੁਸਤਾਨ ਅੰਦਰ ਵਿਸ਼ੇਸ਼ ਅਧਿਕਾਰ ਤੇ ਬੋਲ ਬਾਲੇ ਦੀ ਲੋੜ ਤਾਂ ਸਿਖ ਕੌਮ ਨੂੰ ਹੈ ਜਿਸਦੀ ਖੁਲ੍ਹ ਤੇ ਦਲੇਰੀ ਨਾਲ ਅਤੇ ਛਾਤੀ ਤੇ ਹੱਥ ਮਾਰ ਕੇ ਐਲਾਨੀਆ ਇਹ ਅਕਾਲੀ ਆਗੂ ਗੱਲ ਨਹੀਂ ਕਰ ਰਹੇ। ਖਾਲਸਾ ਪੰਥ ਦੀ ਆਜ਼ਾਦ ਹਸਤੀ ਨੂੰ ਕਾਇਮ ਰਖਣ ਅਤੇ ਆਪਣੀ ਕੌਮੀ ਪਛਾਣ ਨੂੰ ਕਾਇਮ ਰਖਣ ਦੀ ਲੋੜ ਤਾਂ ਸਿਖ ਕੌਮ ਨੂੰ ਹੈ ਹਿੰਦੂਆਂ ਦੀ ਤਾਂ ਹਰ ਸੂਬੇ ਵਿਚ ਹਸਤੀ ਤੇ ਪਛਾਣ ਸੁਰਖਸ਼ਤ ਹੈ।

ਸਾਧ ਸੰਗਤ ਜੀ, ਜੇ ਇਹ ਸਾਰੀਆਂ ਗੱਲਾਂ ਮੈਂ ਆਪ ਦੇ ਨਾਲ ਸਾਂਝੀਆਂ ਨਾ ਕਰਾਂ ਤਾਂ ਫਿਰ ਹੋਰ ਕਿਸ ਨਾਲ ਕਰਾਂ। ਮੈਂ ਤਾਂ ਕਈ ਵਾਰ ਇਹ ਸੋਚ ਕੇ ਹੈਰਾਨ ਹੁੰਦਾ ਹਾਂ ਕਿ ਤੁਸੀਂ ਇਨ੍ਹਾਂ ਅਕਾਲੀ ਆਗੂਆਂ ਨਾਲ ਇਹ ਗੱਲ ਸਿੱਧੀ ਤਰ੍ਹਾਂ ਕਿਉਂ ਨਹੀਂ ਕਰਦੇ ਕਿ ਉਹ ਸਿਖ ਕੌਮ ਦੀ ਵਿਸ਼ਾਤ ਨੂੰ ਸੱਟਾਂ ਮਾਰ ਮਾਰ ਕੇ ਇਸਦੇ ਰੂਪ ਰੰਗ ਤੇ ਸਰੂਪ ਨੂੰ ਵਗਾੜਨ ਦੀ ਕੋਝੀ ਖੇਡ ਕਿਉਂ ਖੇਡ ਰਹੇ ਨੇ? ਸਿੰਘੋ, ਤੁਸੀਂ ਕਲਗੀਧਰ ਪਾਤਸ਼ਾਹ ਦੇ ਜੁਝਾਰੂ ਸਿੰਘ ਅਤੇ ਸੂਰਬੀਰ ਯੋਧੇ ਸਿੰਘਾਂ ਦੀ ਸੰਤਾਨ ਹੋ, ਗੁਰੂ ਮਹਾਰਾਜ ਨੇ ਤੁਹਾਨੂੰ ਅਕਾਲੀ ਬਾਣੀ ਦੁਆਰਾ ਸੱਚ ਧਰਮ ਤੇ ਗਿਆਨ ਦੀ ਰੋਸ਼ਨੀ ਦੇ ਰੱਖੀ ਹੈ। ਤੁਸੀਂ ਪੰਥ ਦੀ ਚੜ੍ਹਦੀ ਕਲਾ ਦੀ ਖਾਤਰ ਆਪਣਾ ਸਭ ਕੁਝ ਕੁਰਬਾਨ ਕਰਨ ਦੇ ਦ੍ਰਿੜ ਸੰਕਲਪ ਤੇ ਨਿਸ਼ਾਨੇ ਨਾਲ ਹਮੇਸ਼ਾ ਹੀ ਰਣ-ਤੱਤੇ ਵਿਚ ਉਤਰਨ ਵਾਸਤੇ ਤੱਤਪਰ ਰਹਿੰਦੇ ਤੇ ਕਮਰਕੱਸਾ ਕਰੀ ਰਖਦੇ ਹੋ। ਤੁਹਾਡੇ ਅੰਦਰ ਗੁਰੂ ਮਹਾਰਾਜ ਨੇ ਉਹ ਸਾਰੇ ਗੁਣ ਪੈਦਾ ਕਰ ਰੱਖੇ ਨੇ ਜੋ ਬਲਵਾਨ



ਵਿਅਕਤੀਆਂ ਤੇ ਸਿਰਲੱਥ ਸੂਰਮਿਆਂ ਵਿਚ ਹੁੰਦੇ ਨੇ. ਫਿਰ ਤੁਸੀਂ ਗੁਰੂ ਰੂਪ ਸੰਗਤ ਦਾ ਦਰਜਾ ਵੀ ਰਖਦੇ ਹੋ ਅਤੇ ਆਪਣੇ ਵਿਚੋਂ 'ਪੰਚ ਪਰਵਾਨ ਪੰਚ ਪਰਧਾਨ' ਗੁਣਾਂ ਵਾਲੇ ਵਿਅਕਤੀਆਂ, ਅਰਥਾਤ ਸਿੰਘਾਂ ਨੂੰ ਪੰਜਾਂ ਪਿਆਰਿਆਂ ਦੇ ਰੂਪ ਵਿਚ ਚੁਨਣ ਦਾ ਅਧਿਕਾਰ ਵੀ ਰਖਦੇ ਹੋ।

ਇਨ੍ਹਾਂ ਸਾਰੀਆਂ ਸਿਫਤਾਂ ਗੁਣਾਂ ਸ਼ਕਤੀਆਂ ਤੇ ਵਡਿਆਈਆਂ ਦੇ ਹੁੰਦਿਆਂ ਹੋਇਆਂ ਵੀ ਜੇ ਅੱਜ ਪੰਥ ਦੇ ਆਗੂ ਤੁਹਾਡੇ ਸਾਹਮਣੇ ਹੀ ਹਿੱਕ ਦੇ ਜ਼ੋਰ ਨਾਲ ਤੇ ਐਲਾਨੀਆ ਤੌਰ 'ਤੇ ਪਹਾੜ ਜਿੱਡੀਆਂ ਗਲਤੀਆਂ ਕਰਦੇ ਤੁਰੇ ਜਾਣ ਤਾਂ ਤੁਸੀਂ ਫਿਰ ਵੀ ਚੁੱਪ ਰਹੋ ਤੇ ਪੰਥ ਦੇ ਨਾਲ ਘਾਤ ਕਮਾਉਣ ਵਾਲੇ ਆਗੂਆਂ ਨੂੰ ਪੁੱਛੋ ਤਕ ਨਾ ਕਿ ਉਹ ਏਦਾਂ ਕਿਉਂ ਕਰ ਰਹੇ ਨੇ ਤਾਂ ਫਿਰ ਇਸ ਤੋਂ ਵਧ ਹੋਰ ਕਿਹੜੀ ਬਦਕਿਸਮਤੀ ਵਾਲੀ ਗੱਲ ਹੋ ਸਕਦੀ ਹੈ। ਖਾਲਸਾ ਜੀ, ਜਿਹੜੀਆਂ ਕੌਮਾਂ ਆਪਣੇ ਆਗੂਆਂ ਦੀਆਂ ਕਮਜ਼ੋਰੀਆਂ ਵਲ ਧਿਆਨ ਨਹੀਂ ਦੇਂਦੀਆਂ ਅਤੇ ਉਹਨਾਂ ਉੱਪਰ ਆਪਣੇ ਕੌਮੀ ਸਿਧਾਂਤ ਤੇ ਕੌਮੀ ਰਵਾਇਤਾਂ ਦੇ ਪ੍ਰਭੁਤਵ ਦਾ ਕੁੰਡਾ ਨਹੀਂ ਰਖਦੀਆਂ ਉਹਨਾਂ ਦੀਆਂ ਕੁਰਬਾਨੀਆਂ ਅਕਸਰ ਨਿਹਫਲ ਜਾਂਦੀਆਂ ਨੇ ਅਤੇ ਉਹ ਆਪਣੇ ਅੰਦਰਲੇ ਗੱਦਾਰਾਂ ਤੇ ਸਵਾਰਥੀ ਆਗੂਆਂ ਦੀਆਂ ਕਰਤੂਤਾਂ ਦੇ ਸਿੱਟੇ ਵਜੋਂ ਆਪਣੇ ਬਾਹਰੀ ਦੁਸ਼ਮਨਾਂ ਹੱਥੋਂ ਬਾਰ ਬਾਰ ਧੋਖਾ ਖਾਂਦੀਆਂ ਤੇ ਕਰਾਰੀਆਂ ਸੱਟਾਂ ਖਾਂਦੀਆਂ ਰਹਿੰਦੀਆਂ ਨੇ। ਇਸ ਲਈ ਸਿੰਘੋ, ਪੰਥਕ ਆਗੂਆਂ ਦੀ ਸੋਚ ਨੀਤੀ ਤੇ ਕਰਦਾਰ ਨੂੰ ਪਰਖਦੇ ਵਾਚਦੇ ਰਹਿਣਾ ਤੇ ਉਹਨਾਂ ਉੱਪਰ ਤੇਜ਼ ਤਿੱਖੀ ਨਜ਼ਰ ਰਖਣਾ ਸਾਡਾ ਸਭਨਾਂ ਦਾ ਧਰਮ ਬਣਦਾ ਹੈ। ਖਾਲਸਾ ਜੀ, ਤੁਸੀਂ ਆਪ ਹੀ ਦੱਸੋ ਕਿ ਕੀ ਕਮਜ਼ੋਰ ਸਵਾਰਥੀ, ਮਾਨਸਿਕ ਬੌਧਕ ਪੱਖੋਂ ਹੀਨੀ ਤੇ ਮੌਕਾਪ੍ਰਸਤ ਲੀਡਰਸ਼ਿਪ ਸਰਬੰਸ ਦਾਨੀ ਤੇ ਅੰਮ੍ਰਿਤ ਦੇ ਦਾਤੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਜੇ ਨਵਾਜੇ ਹੋਏ ਖਾਲਸਾ ਪੰਥ ਦੀ ਅਗਵਾਈ ਕਰ ਸਕਦੀ ਹੈ? ਕੀ ਇਸਤਰ੍ਹਾਂ ਦੇ ਆਗੂਆਂ ਦੀ ਅਗਵਾਈ ਕੌਮ ਨੂੰ ਮਰਵਾ ਨਾ ਦੇਵੇਗੀ? ਕੀ ਐਸੇ ਲੋਕਾਂ ਤੋਂ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਇਹ ਲੋਕ ਸਿਖਾਂ ਨੂੰ ਕੋਈ ਚੜ੍ਹਦੀ ਕਲਾ ਵਾਲਾ ਰਸਤਾ ਤੇ ਮੰਜ਼ਲ ਵਖਾਉਣਗੇ?

ਸਾਧ ਸੰਗਤ ਜੀ, ਦਾਸ ਅੱਜ ਇਕ ਗੱਲ ਤੁਹਾਡੇ ਚਰਨਾਂ ਵਿਚ ਖੁਲ੍ਹ ਕੇ ਕਹਿ ਦੇਣੀ ਚਾਹੁੰਦਾ ਹੈ ਕਿ ਜਿਹੜੀਆਂ ਕੌਮਾਂ ਦਾ ਸੁਭਾ ਕਮਜ਼ੋਰ ਸਵਾਰਥੀ ਚਿਤ੍ਰਹੀਨ ਤੋਤਾਚਸ਼ਮ ਮੌਕਾਪ੍ਰਸਤ, ਅਤੇ ਵਚਨ ਤੋਂ ਫਿਰ ਜਾਣ ਵਾਲੇ, ਲੋੜ ਸਮੇਂ ਕੁਰਬਾਨੀ ਤੋਂ ਭੱਜ ਜਾਣ ਵਾਲੇ, ਕੌਮੀ ਸਿਧਾਂਤ ਤੇ ਰਵਾਇਤਾਂ ਦੇ ਘੇਰੇ ਨਾਲੋਂ ਟੁੱਟੇ ਹੋਏ, ਪੈਰ ਪੈਰ ਉੱਪਰ ਝੂਠੇ ਦਾਅਵੇ ਬੋਲਣ ਤੇ ਫੋਕੇ ਦਾਮਗਜ਼ੇ ਮਾਰਨ ਵਾਲੇ, ਕੌਮੀ ਆਨ ਸ਼ਾਨ ਤੇ ਚੜ੍ਹਤ ਨਾਲੋਂ ਆਪਣੇ ਸੁਖਾਂ ਸਾਹਾਂ ਤੇ ਸਿਰ ਨੂੰ ਪਿਆਰ ਕਰਨ ਵਾਲੇ, ਕੌਮ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਨੂੰ ਵੇਚ ਦੇਣ ਵਾਲੇ, ਕਿਸੇ ਠੋਸ ਨਿਸ਼ਾਨੇ ਤੇ ਮੰਜ਼ਲ ਨੂੰ ਮਿਥਿਆਂ ਤੋਂ ਬਿਨਾਂ ਹੀ ਐਵੇਂ ਛੋਟੀਆਂ ਮੋਟੀਆਂ ਗੱਲਾਂ ਦੇ ਪਿਛੇ ਲਗ ਕੇ ਹਵਾ ਵਿਚ ਤਲਵਾਰਾਂ ਮਾਰਦੇ ਰਹਿਣ ਵਾਲੇ ਅਤੇ ਕੌਮ ਦੇ ਦੁਸ਼ਮਨਾਂ ਨਾਲ ਆਰਥਕ ਵਪਾਰਕ ਭਾਈਵਾਲੀਆਂ ਦੇ ਆਧਾਰ 'ਤੇ ਜਾਤੀ ਤੌਰ ਉੱਪਰ ਭਾਈਚਾਰਕ ਸਬੰਧ ਰਖਣ ਵਾਲੇ ਤੇ ਦਗਾਬਾਜ਼ ਕਿਸਮ ਦੀਆਂ ਨੀਤੀਆਂ ਤੇ ਸੋਚਾਂ ਵਾਲੇ ਵਿਅਕਤੀਆਂ ਨੂੰ ਅੱਖਾਂ ਮੀਟ ਕੇ ਆਗੂ ਮੰਨੀ ਤੁਰੇ ਜਾਣ ਦਾ ਸੁਭਾ ਬਣ ਜਾਂਦਾ ਹੈ, ਉਹ ਕੌਮਾਂ ਅਕਸਰ ਆਪਣੇ ਬਲਵਾਨ ਸਿਧਾਂਤ, ਸ਼ਾਨਦਾਰ ਇਤਹਾਸ, ਅਮੀਰ ਵਿਰਸੇ ਅਤੇ ਆਦਰਸ਼ ਤੇ ਕ੍ਰਾਂਤੀਕਾਰੀ ਪ੍ਰੰਪਰਾਵਾਂ ਦੇ ਹੁੰਦਿਆਂ ਹੋਇਆਂ ਵੀ ਸੰਸਾਰ ਅੰਦਰ ਖੋਥਰਿਆਂ ਵਾਂਗ ਧੱਕੇ ਧੋੜੇ ਖਾਂਦੀਆਂ ਤੇ ਜ਼ਲੀਲ ਹੁੰਦੀਆਂ ਰਹਿੰਦੀਆਂ ਹਨ।

ਇਸ ਕਰਕੇ ਮੇਰੀ ਤੁਹਾਡੇ ਚਰਨਾਂ 'ਚ ਹੱਥ ਜੋੜ ਕੇ ਬੇਨਤੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਸ ਦੀ ਜ਼ਮੀਨ ਜਾਇਦਾਦ, ਧਨ ਪਦਾਰਥ ਦੀ ਅਮੀਰੀ, ਚੌਧਰ ਤੇ ਸਮਾਜ ਅੰਦਰ ਸਥਾਪਤੀ ਨੂੰ ਵੇਖਕੇ ਅਤੇ ਉਸਦੇ ਲੱਗੇ ਬੱਧੇ ਵਿਅਕਤੀਆਂ ਤੇ ਹਵਾਰੀਆਂ ਦੀ ਜ਼ਬਾਨੀ ਉਸਦੀ ਵਡਿਆਈ ਸੁਣਕੇ

ਉਸਨੂੰ ਪੰਥਕ ਆਗੂ ਨਾ ਮੰਨ ਲਿਆ ਕਰੋ। ਧਰਮ, ਸਮਾਜ ਤੇ ਰਾਜ ਦੇ ਛੋਟੇ ਤੋਂ ਛੋਟੇ ਦਾਇਰੇ ਤੇ ਖੇਤਰ ਵਿਚ ਆਗੂ ਦੀ ਚੋਣ ਕਰਨ ਸਮੇਂ ਗੁਰੂ ਘਰ ਦੀਆਂ ਰਵਾਇਤਾਂ ਨੂੰ ਹਰ ਹਾਲਤ ਵਿਚ ਸਾਹਮਣੇ ਰੱਖ ਲਿਆ ਕਰੋ ਅਤੇ ਸਖਤੀ ਦੂਰਅੰਦੇਸ਼ੀ ਤੇ ਸਚਾਈ ਤੋਂ ਕੰਮ ਲਿਆ ਕਰੋ। ਇਸ ਲਈ ਜਿਸ ਕਿਸੇ ਮਨੁੱਖ ਨੂੰ ਵੀ ਆਗੂ ਰੂਪ ਵਿਚ ਅੱਗੇ ਲਿਆਉਣਾ ਹੋਵੇ ਅਤੇ ਉਸਨੂੰ ਪੰਥ ਅੰਦਰ ਕੋਈ ਸੇਵਾ ਤੇ ਜ਼ੁਮਾਵਾਰੀ ਸੰਪਣੀ ਹੋਵੇ ਤਾਂ ਉਸ ਸਮੇਂ ਉਸਨੂੰ ਇਖਲਾਕ, ਕਰਮ, ਸੂਝ ਬੂਝ, ਪੰਥਕ ਜਜ਼ਬੇ ਮਨ ਦੀ ਮਜ਼ਬੂਤੀ ਤੇ ਦ੍ਰਿੜਤਾ ਅਤੇ ਸਿਖ ਕੌਮ ਪ੍ਰਤੀ ਉਸਦੀ ਈਮਾਨਦਾਰੀ, ਨੇਕ ਭਾਵਨਾ ਤੇ ਸੰਜੀਦਗੀ ਨੂੰ ਜ਼ਰੂਰ ਘੋਖ ਵਿਚਾਰ ਲਿਆ ਕਰੋ। ਇਨ੍ਹਾਂ ਗੱਲਾ ਤੋਂ ਇਲਾਵਾ ਉਸਦੀ ਖਾਲਸਾ ਪੰਥ ਪ੍ਰਤੀ ਪਿਛਲੀ ਸੇਵਾ ਤੇ ਕਮਾਏ ਹੋਏ ਕਰਮ ਕਾਰਜਾਂ ਤੋਂ ਹੋਈ ਪ੍ਰਾਪਤੀ ਨੂੰ ਵੀ ਜ਼ਰੂਰ ਮੁਖ ਰੱਖਿਆ ਕਰੋ। ਜੇ ਕੋਈ ਵਿਅਕਤੀ ਸੇਵਾ ਤੇ ਜ਼ੁਮਾਵਾਰੀ ਪੱਖੋਂ ਇਕ ਵਾਰ ਵੀ ਭਟਕ ਗਿਆ ਹੋਵੇ ਅਤੇ ਉਸਦੀਆਂ ਕਮਜ਼ੋਰ ਤੇ ਸਵਾਰਥੀ ਨੀਤੀਆਂ ਕਾਰਨ ਪੰਥ ਨੂੰ ਰਵਾਲ ਮਾਤਰ ਰੂਪ ਵਿਚ ਵੀ ਨੁਕਸਾਨ ਪਹੁੰਚਿਆ ਹੋਵੇ ਤਾਂ ਉਸ ਹਾਲਤ ਵਿਚ ਉਸ ਪਾਸੋਂ ਉਹ ਸੇਵਾ ਉਸੇ ਸਮੇਂ ਵਾਪਸ ਲੈ ਲਓ ਭਾਵੇਂ ਉਹ ਵਿਅਕਤੀ ਕਿਡਾ ਵੀ ਵੱਡਾ ਪੰਥਕ ਆਗੂ ਤੇ ਜਥੇਦਾਰ ਕਿਉਂ ਨਾ ਹੋਵੇ। ਕਿਸੇ ਵੀ ਪੰਥਕ ਆਗੂ ਤੇ ਜਥੇਦਾਰ ਦੀ ਵਡਿਆਈ ਤੇ ਮਹਾਨਤਾ ਉਦੋਂ ਤੱਕ ਹੀ ਹੈ ਜਦੋਂ ਤਕ ਉਹ ਪੰਥਕ ਸਿਧਾਂਤ ਅਸੂਲਾਂ ਤੇ ਰਵਾਇਤਾਂ ਦੀ ਕਸਵੱਟੀ ਉਪਰ ਪੂਰਾ ਉਤਰਦਾ ਹੈ। ਗੁਰੂ ਘਰ ਅੰਦਰ ਆਗੂ ਤੇ ਜਥੇਦਾਰ ਦੀ ਸਿਖ ਸੰਗਤਾਂ ਵਿਚ ਉਦੋਂ ਤਕ ਹੀ ਮਾਨਤਾ ਤੇ ਸਥਾਪਨਾ ਕਾਇਮ ਰਹਿੰਦੀ ਹੈ ਜਦੋਂ ਤੱਕ ਉਹ ਵਿਅਕਤੀ ਗੁਰੂ ਘਰ ਦੇ ਟੀਚਿਆਂ ਨਖਸ਼ਾਂ ਸੰਕਲਪਾਂ ਤੇ ਆਸ਼ਿਆਂ ਉਦੇਸ਼ਾਂ ਨਾਲ ਜੁੜਿਆ ਰਹਿੰਦਾ ਹੈ।

ਖਾਲਸਾ ਜੀ, ਜਦੋਂ ਕੋਈ ਵਿਅਕਤੀ ਪੰਥ ਅੰਦਰ ਆਗੂ ਜਾਂ ਜਥੇਦਾਰ ਪਰਵਾਨ ਹੋਣ ਤੋਂ ਬਾਅਦ ਕਿਸੇ ਵੇਲੇ ਪੰਥਕ ਆਸੂਲਾਂ ਸਿਧਾਂਤ ਤੇ ਜ਼ੁਮਾਵਾਰੀਆਂ ਤੋਂ ਥਿੜਕ ਜਾਂਦਾ ਹੈ ਤਾਂ ਉਸ ਹਾਲਤ ਵਿਚ ਉਸਨੂੰ ਫਿਰ ਵੀ ਪੰਥ ਅੰਦਰ ਇਕ ਆਗੂ ਤੇ ਜਥੇਦਾਰ ਵਜੋਂ ਬਰਦਾਸ਼ਤ ਕਰੀ ਜਾਣਾ ਅਤੇ ਉਸ ਪਾਸੋਂ ਨੇੜੇ ਭਵਿੱਖ ਵਿਚ ਕਿਸੇ ਚੰਗੀ ਗੱਲ ਦੀ ਆਸ ਉਮੀਦ ਰੱਖੀ ਤੁਰੇ ਜਾਣਾ, ਇਹ ਗੱਲ ਉਸ ਅਕਾਲ ਪੁਰਖ ਤੇ ਗੁਰੂਘਰ ਨੂੰ ਚੰਗੀ ਨਹੀਂ ਭਾਉਂਦੀ। ਮੈਨੂੰ ਇਸ ਗੱਲ 'ਤੇ ਉਦੋਂ ਮਨ ਕਰਕੇ ਅਫਸੋਸ ਹੁੰਦਾ ਹੈ ਜਦੋਂ ਮੇਰੇ ਕਈ ਭਰਾ ਮੈਨੂੰ ਇਸ ਗੱਲ ਦੀ ਨਸੀਹਤ ਦੇਣ ਲੱਗ ਪੈਂਦੇ ਤੇ ਧੱਕੀਆਂ ਪਕਾਉਣ ਲੱਗ ਪੈਂਦੇ ਨੇ ਕਿ ਮੈਂ ਇਨ੍ਹਾਂ ਅਕਾਲੀ ਲੀਡਰਾਂ ਬਾਰੇ ਕੁਝ ਨਾ ਬੋਲਾਂ ਤੇ ਕੁਝ ਨਾ ਕਹਾਂ। ਪਰ ਮੈਂ ਐਸੇ ਸਿਖਾਂ ਤੋਂ ਪੁਛਦਾ ਹਾਂ ਕਿ ਕਿਉਂ ਨਾ ਬੋਲਾਂ? ਜੇ ਇਹ ਆਗੂ ਪੰਥ ਵਲੋਂ ਮਿਥੇ ਹੋਏ ਅਸਲ ਰਾਹ ਤੇ ਨਿਸ਼ਾਨੇ ਤੋਂ ਲਾਂਭੇ ਹੋ ਕੇ ਸਾਰੀ ਦੀ ਸਾਰੀ ਕੌਮ ਨੂੰ ਕੁਰਾਹੇ ਪਾ ਕੇ ਹਨੇਰੀ ਸੁਰੰਗ ਵੱਲ ਧੱਕਣ ਤੇ ਹਿੰਦੂਆਂ ਕੋਲ ਖਾਲਸਾ ਪੰਥ ਦੇ ਹਿਤਾਂ ਹੱਕਾਂ ਨੂੰ ਵੇਚਣ ਦੀ ਸੋਚ ਤੇ ਨੀਤੀ ਨੂੰ ਅਖਤਿਆਰ ਕਰ ਲੈਣ ਤਾਂ ਕੀ ਮੈਨੂੰ ਫੇਰ ਵੀ ਨਹੀਂ ਬੋਲਣਾ ਚਾਹੀਦਾ? ਜੇ ਇਹ ਆਗੂ ਆਪਣੀਆਂ ਤੇ ਆਪਣੇ ਹਵਾਰੀਆਂ ਦੀਆਂ ਚੌਧਰਾਂ ਤੇ ਕੁਰਸੀਆਂ ਦੀ ਖਾਤਰ ਪੰਥ ਨੂੰ ਮਰਵਾ ਕੇ ਰੱਖ ਦੇਣ ਦੀ ਠਾਨ ਲੈਣ ਤਾਂ ਕੀ ਮੈਨੂੰ ਫੇਰ ਵੀ ਜ਼ਬਾਨ ਨਹੀਂ ਖੋਹਲਣੀ ਚਾਹੀਦੀ? ਗੁਰੂ ਸਵਾਰੀ ਸਾਧ ਸੰਗਤ ਜੀ, ਦਾਸ ਗੁਰੂ ਘਰ ਦਾ ਕੂਕਰ ਹੈ ਅਤੇ ਗੁਰੂ ਪੰਥ ਦੇ ਚਰਨਾਂ ਦੀ ਧੂੜ ਤੇ ਸੇਵਕ ਹੈ, ਇਸ ਲਈ ਮੈਂ ਆਪ ਦੇ ਸਨਮੁਖ ਹੱਥ ਜੋੜ ਕੇ ਬੇਨਤੀ ਰੂਪ ਵਿਚ ਆਪ ਤੋਂ ਪੁਛੱਦਾ ਹਾਂ ਕਿ ਕੀ ਇਨ੍ਹਾਂ ਆਗੂਆਂ ਨੇ ਧਰਮ ਯੁਧ ਮੋਰਚਾ ਖਾਲਸਾ ਪੰਥ ਦੀ ਚੜ੍ਹਦੀ ਕਲਾ ਤੇ ਖਾਲਸਾ ਜੀ ਦੇ ਬੋਲ ਬਾਲੇ ਲਈ ਅਨੰਦ ਪੁਰ ਮਤੇ ਦੇ ਨਾ ਉਪਰ ਸ਼ੁਰੂ ਨਹੀਂ ਸੀ ਕੀਤਾ? ਕੀ ਇਨ੍ਹਾਂ ਨੇ ਮੋਰਚਾ ਸ਼ੁਰੂ ਕਰਨ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਹਜ਼ੂਰ ਵਿਸ਼ਾਲ ਸੰਗਤ ਦੀ ਹਾਜ਼ਰੀ ਵਿਚ ਆਨੰਦ ਪੁਰ ਸਾਹਿਬ ਦੇ ਮਤੇ ਦੇ ਨਾ ਦੀ ਅਰਦਾਸ ਨਹੀਂ ਸੀ ਕੀਤੀ? ਕੀ ਇਹ ਲੋਕ ਹੁਣ ਅਨੰਦ ਪੁਰ ਮਤੇ ਨੂੰ ਇਕ ਪਾਸੇ ਰੱਖ ਕੇ ਐਵੇਂ ਤੁਛ



ਭਰ ਮੰਗਾਂ ਮਨਵਾਉਣ ਦੇ ਰਸਤੇ ਉੱਪਰ ਨਹੀਂ ਪੈ ਗਏ? ਕੀ ਇਨ੍ਹਾਂ ਲੋਕਾਂ ਨੇ ਅੱਜ ਅਨੰਦ ਪੁਰ ਮਤੇ ਵਿਚਲੇ ਰਾਜਸੀ ਨਿਸ਼ਾਨੇ ਦੇ ਅਸਲ ਭਾਵ ਤੇ ਆਸ਼ੇ ਉਦੇਸ਼ ਨੂੰ ਨਹੀਂ ਬਦਲ ਦਿੱਤਾ, ਜਿਸ ਵਿਚ ਸਿਖਾਂ ਲਈ ਪੰਜਾਬ ਅੰਦਰ ਵਿਸ਼ੇਸ਼ ਅਧਿਕਾਰਾਂ ਤੇ ਖਾਲਸਾ ਜੀ ਦੇ ਬੋਲ ਬਾਲੇ ਦੀ ਗੱਲ ਹੈ? ਜੇ ਮੈਂ ਇਨ੍ਹਾਂ ਨੂੰ ਅੰਨਦ ਪੁਰ ਸਾਹਿਬ ਦੇ ਮਤੇ ਵਿਚਲੇ ਰਾਜਸੀ ਨਿਸ਼ਾਨੇ ਦੇ ਮੁਤਾਬਿਕ ਲੜਾਈ ਲੜਨ ਤੇ ਰਣ-ਨੀਤੀ ਬਣਾਈ ਰਖਣ ਲਈ ਕਹਿੰਦਾ ਹਾਂ ਤਾਂ ਕੀ ਇਹ ਮੇਰਾ ਕੋਈ ਗੁਨਾਹ ਜਾਂ ਜੁਰਮ ਹੈ? ਇਸ ਵਿਚ ਮੇਰਾ ਤਾਂ ਕੋਈ ਕਸੂਰ ਨਹੀਂ।

ਇਨ੍ਹਾਂ ਲੋਕਾਂ ਤੋਂ ਪੁੱਛੋ ਕਿ ਕੀ ਇਹ ਲੋਕ ਸਟੇਜਾਂ ਤੇ ਇਹ ਗੱਲ ਕਹਿ ਕੇ ਸੰਗਤਾਂ ਪਾਸੋਂ ਜੈਕਾਰੇ ਨਹੀਂ ਛਡਵਾਉਂਦੇ ਰਹੇ ਕਿ ਇਸ ਵਾਰੀ ਸਿਖ ਕੌਮ ਦੀ ਇਹ ਜੰਗ ਦਿਲੀ ਦੀ ਸਰਕਾਰ ਨਾਲ ਆਖਰੀ ਤੇ ਫੈਸਲਾਕੁੰਨ ਲੜਾਈ ਹੋਵੇਗੀ? ਇਸ ਹਾਲਤ ਵਿਚ ਜੇ ਇਹ ਆਗੂ ਮੇਰੀ ਇਸ ਹੱਕੀ ਗੱਲ ਨੂੰ ਵੀ ਆਪਣੇ ਵਿਰੁਧ ਸਮਝਦੇ ਹਨ ਤਾਂ ਫਿਰ ਇਸਦਾ ਮੇਰੇ ਪਾਸ ਕੋਈ ਇਲਾਜ ਨਹੀਂ। ਮੈਂ ਤਾਂ ਇਹ ਗੱਲ ਅੱਜ ਵੀ ਠੋਕ ਵਜਾਕੇ ਕਹਿੰਦਾ ਹਾਂ ਕਿ ਮੋਰਚੇ ਦੀ ਅਰਦਾਸ ਅਨੰਦ ਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਕੀਤੀ ਗਈ ਸੀ ਅਤੇ ਇਸਦੀ ਪ੍ਰਾਪਤੀ ਤੋਂ ਬਿਨਾਂ ਮੋਰਚੇ ਨੂੰ ਕਿਸੇ ਹਾਲਤ ਵਿਚ ਵੀ ਛੱਡਿਆ ਨਹੀਂ ਜਾ ਸਕਦਾ। ਮੈਨੂੰ ਇਸ ਗੱਲ ਦਾ ਦੁੱਖ ਜ਼ਰੂਰ ਹੈ ਕਿ ਇਨ੍ਹਾਂ ਲੋਕਾਂ ਨੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਵਿਚਕਾਰੇ ਛੱਡਣ ਦੇ ਮਨੋਰਥ ਨਾਲ ਮੇਰੀ ਆਵਾਜ਼ ਨੂੰ ਕੁਚਲਣ ਵਾਸਤੇ ਮੇਰੇ ਵਿਰੁਧ ਕਈ ਤਰ੍ਹਾਂ ਦੀਆਂ ਸਾਜ਼ਸ਼ਾਂ ਕੀਤੀਆਂ ਹਨ। ਸਭ ਤੋਂ ਪਹਿਲਾਂ ਇਨ੍ਹਾਂ ਆਗੂਆਂ ਨੇ ਮੇਰੇ ਵਿਰੁਧ ਇਹ ਪਰਚਾਰ ਕੀਤਾ ਕਿ ਭਿੰਡਰਾਂਵਾਲੇ ਦਾ ਆਪਣਾ ਕੋਈ ਸਿਆਸੀ ਨਿਸ਼ਾਨਾ ਨਹੀਂ ਹੈ। ਇਹ ਸਿਖ ਨੌਜਵਾਨਾਂ ਨੂੰ ਤੱਤੇ ਤੱਤੇ ਭਾਸ਼ਣ ਦੇ ਕੇ ਆਪਣੇ ਪਿਛੇ ਲਾਈ ਫਿਰਦਾ ਹੈ। ਇਸਨੇ ਪੰਥ ਅੰਦਰ ਜੋਸ਼ੀਲੇ ਪ੍ਰੋਗਰਾਮ ਤੇ ਨਾਅਰੇ ਦੇ ਦੇ ਕੇ ਆਪਣੇ ਦੁਆਲੇ ਬਹੁਤ ਵਡੀ ਤਾਕਤ ਇਕੱਠੀ ਕਰ ਲਈ ਹੈ ਅਤੇ ਹੁਣ ਇਹ ਸਾਡੇ ਸਿਰ ਉੱਤੇ ਨੰਗੀ ਤਲਵਾਰ ਬਣਕੇ ਲਟਕ ਰਿਹਾ ਹੈ। ਇਹ ਹੁਣ ਸਾਡਾ ਸਰਕਾਰ ਨਾਲ ਸਮਝੌਤਾ ਨਹੀਂ ਹੋਣ ਦੇਂਦਾ, ਸਗੋਂ ਸਮਝੌਤੇ ਦੇ ਰਾਹ ਵਿਚ ਜ਼ਬਰਦਸਤ ਰੁਕਾਵਟ ਬਣ ਰਿਹਾ ਹੈ।

ਇਨ੍ਹਾਂ ਤੋਂ ਕੋਈ ਪੁੱਛੇ ਕਿ ਅਨੰਦ ਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਅਰਦਾਸ ਇਨ੍ਹਾਂ ਨੇ ਕੀਤੀ ਸੀ ਕਿ ਕਿਸੇ ਹੋਰ ਨੇ ਕੀਤੀ ਸੀ? ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਅਤੇ ਸੰਗਤਾਂ ਦੇ ਵਿਸ਼ਾਲ ਇਕੱਠ ਦੇ ਸਨਮੁਖ, ਇਹ ਅਰਦਾਸ ਵਾਹਿਗੁਰੂ ਦੇ ਓਟ ਆਸਰੇ ਅਤੇ ਪੰਥਕ ਸ਼ਕਤੀ ਦੇ ਭਰੋਸੇ 'ਤੇ ਕੀਤੀ ਸੀ ਕਿ ਆਪਣੇ ਸੱਕੇ ਸਬੰਧੀਆਂ ਦੇ ਬਲ ਬੂਤੇ ਉੱਪਰ ਕੀਤੀ ਸੀ? ਜੇ ਅਰਦਾਸ ਗੁਰੂ ਮਹਾਰਾਜ ਦੇ ਓਟ ਆਸਰੇ ਅਤੇ ਪੰਥਕ ਸ਼ਕਤੀ ਦੇ ਭਰੋਸੇ ਉੱਪਰ ਕੀਤੀ ਸੀ ਤਾਂ ਫਿਰ ਪੰਥ ਦੇ ਹਰ ਅਨੁਆਈ ਦਾ ਇਹ ਹੱਕ ਵੀ ਬਣਦਾ ਹੈ ਤੇ ਧਰਮ ਵੀ ਬਣਦਾ ਹੈ ਕਿ ਇਨ੍ਹਾਂ ਨੂੰ ਅਨੰਦ ਪੁਰ ਦੇ ਮਤੇ ਤੋਂ ਭੱਜਣ ਨਾ ਦਿੱਤਾ ਜਾਵੇ ਤੇ ਕੁਰਾਹੇ ਨਾ ਪੈਣ ਦਿੱਤਾ ਜਾਵੇ। ਮੈਨੂੰ ਇਨ੍ਹਾਂ ਲੋਕਾਂ ਨੇ, ਇਕ ਸਾਜ਼ਸ਼ ਦੇ ਤਹਿਤ ਆਪਣੇ ਆਪ ਨੂੰ ਕਥਿਤ ਜੁਝਾਰੂ ਕਹਿਣ ਤੇ ਦਸਣ ਵਾਲੇ ਕੁਝ ਕੁ ਗੁਮਰਾਹ ਹੋਏ ਭੁਲੜ ਸਿਖਾਂ ਨਾਲ ਸਾਜ਼ਬਾਜ਼ ਕਰਕੇ ਗੁਰੂ ਨਾਨਕ ਨਿਵਾਸ 'ਚੋਂ ਨਿਕਲਣ ਲਈ ਮਜਬੂਰ ਕੀਤਾ ਸੀ ਅਤੇ ਦਾਸ ਨੇ ਬੜੀ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਉਸੇ ਦਿਨ ਹੀ ਗੁਰੂ ਨਾਨਕ ਨਿਵਾਸ ਨੂੰ ਮੁਕੰਮਲ ਤੌਰ 'ਤੇ ਖਾਲੀ ਕਰ ਦਿੱਤਾ ਸੀ; ਕਿਉਂਕਿ ਦਾਸ ਖਾਲਸਾ ਪੰਥ ਦੇ ਬੋਲ ਬਾਲੇ ਅਤੇ ਸਿਖ ਕੌਮ ਦੀ ਚੜ੍ਹਦੀ ਕਲਾ ਤੇ ਆਜ਼ਾਦੀ ਦੇ ਨਿਸ਼ਾਨੇ ਨੂੰ ਅੱਖੋਂ ਉਹਲੇ ਕਰਕੇ ਐਵੇਂ ਛੋਟੀਆਂ ਛੋਟੀਆਂ ਗੱਲਾਂ ਵਿਚ ਨਹੀਂ ਸੀ ਪਲਚਣਾ ਤੇ ਉਲਝਣਾ ਚਾਹੁੰਦਾ ਪਰ ਸਿਖ ਦੁਸ਼ਮਨ ਤਾਕਤਾਂ ਤੇ ਅਕਾਲੀ ਆਗੂਆਂ ਦੀ ਇਹ ਬੜੀ ਖਤਰਨਾਕ ਚਾਲ ਸੀ ਕਿ ਭਿੰਡਰਾਂਵਾਲੇ ਜਥੇ ਨੂੰ ਵੱਡੇ ਨਸ਼ਾਨੇ ਵੱਲੋਂ ਮੋੜ ਕੇ ਨਿਕੀਆਂ ਨਿਕੀਆਂ ਗੱਲਾਂ ਵਿਚ ਉਲਝਾ ਦਿੱਤਾ ਜਾਵੇ ਅਤੇ ਇਸ ਸਮੇਂ ਖਾਲਸਾ ਪੰਥ ਵਲੋਂ ਲਾਈ ਜਾ ਰਹੀ ਸਿਰ ਧੜ ਦੀ

ਬਾਜ਼ੀ ਤੇ ਖੇਡੀ ਜਾ ਰਹੀ ਮਹਾਨ ਖੇਡ ਨੂੰ ਦੁਨੀਆਂ ਦੀਆਂ ਨਜ਼ਰਾਂ ਵਿਚ ਤਮਾਸ਼ਾ ਬਣਾ ਕੇ ਰੱਖ ਦਿੱਤਾ ਜਾਵੇ।

ਹੁਣ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਧਰਮ ਯੁਧ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਗੁਰੂ ਰੂਪ ਸੰਗਤਾਂ ਦੇ ਸਾਹਮਣੇ ਮੰਜੀ ਸਾਹਿਬ ਦੀਵਾਨ ਹਾਲ ਵਿਚ ਮੇਰਾ ਬੋਲਣਾ ਵੀ ਬੰਦ ਕਰਵਾ ਰੱਖਿਆ ਹੈ। ਪਰ ਇਨ੍ਹਾਂ ਗੱਲਾਂ ਤੋਂ ਪ੍ਰਭਾਵਤ ਹੋ ਕੇ ਦਾਸ ਸਚਾਈ ਕਹਿਣ ਤੋਂ ਨਹੀਂ ਰੁਕੇਗਾ ਤੇ ਇਨ੍ਹਾਂ ਆਗੂਆਂ ਨੂੰ ਇਸ ਵਾਰੀ ਪੰਥ ਦੀ ਸ਼ਕਤੀ ਤੇ ਕਿਸਮਤ ਨਾਲ ਧੋਖਾ, ਫਰੇਬਦਾਰੀ, ਖਲਵਾੜ ਤੇ ਮਖੌਲ ਨਹੀਂ ਕਰਨ ਦੇਵੇਗਾ। (ਜੈਕਾਰਾ)

ਅੱਜ ਕੱਲ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਉਸਦੇ ਚਹੇਤਿਆਂ ਨੇ ਮੇਰੇ ਵਿਰੁਧ ਇਹ ਮੁਹਿੰਮ ਬੜੇ ਜ਼ੋਰ ਸ਼ੋਰ ਨਾਲ ਚਲਾ ਰੱਖੀ ਹੈ ਕਿ ਇਹ ਭਿੰਡਰਾਂਵਾਲਾ ਕਾਂਗਰਸੀ ਏਜੰਟ ਹੈ। ਇਹ ਧਰਮ ਯੁੱਧ ਮੋਰਚੇ ਨੂੰ ਫੇਹਲ ਕਰਵਾਉਣਾ ਚਾਹੁੰਦਾ ਹੈ। ਇਸਦਾ ਯਾਰਾਨਾ ਕਾਂਗਰਸੀ ਸਿੱਖਾਂ ਨਾਲ ਹੈ ਅਤੇ ਇਸ ਲਈ ਹੀ ਕਾਂਗਰਸੀਆਂ ਦੀ ਬੋਲੀ ਬੋਲਦਾ ਹੈ। ਪਰ ਖਾਲਸਾ ਜੀ ਇਸ ਗੱਲ ਦਾ ਫੈਸਲਾ ਹੁਣ ਤੁਸਾਂ ਆਪ ਹੀ ਕਰਨਾ ਹੈ ਕਿ ਮੈਂ ਕੀ ਹਾਂ ਤੇ ਕਿਸਦੀ ਬੋਲੀ ਬੋਲਦਾ ਹਾਂ?

ਇਹ ਲੋਕ ਆਏ ਦਿਨ ਮੇਰੇ ਖਲਾਫ ਅਖਬਾਰਾਂ ਵਿਚ ਬਿਆਨ ਦੇਂਦੇ ਦਵਾਉਂਦੇ ਤੇ ਇਸ਼ਤਿਹਾਰ ਛਾਪਦੇ ਛਪਵਾਉਂਦੇ ਰਹਿੰਦੇ ਨੇ। ਕੀ ਦਾਸ ਨੇ ਵੀ ਕਦੀ ਇਨ੍ਹਾਂ ਅਕਾਲੀ ਆਗੂਆਂ ਦੇ ਵਿਰੁਧ ਅੱਜ ਤੱਕ ਕੋਈ ਅਖਬਾਰਾਂ ਵਿਚ ਬਿਆਨ ਦਿੱਤਾ ਹੈ? ਜੇ ਦਿੱਤਾ ਹੈ ਤਾਂ ਤੁਸੀਂ ਮੈਨੂੰ ਇਥੇ ਹੁਣੇ ਹੀ ਝੂਠਿਆਂ ਕਰ ਸਕਦੇ ਹੋ। ਜੇ ਮੈਂ ਸਚਮੁਚ ਹੀ ਕਾਂਗਰਸੀ ਹਾਂ ਤਾਂ ਤੁਸੀਂ ਮੈਨੂੰ ਕਾਂਗਰਸੀ ਕਹਿਣ ਦਾ ਹੱਕ ਰਖਦੇ ਹੋ ਤੇ ਤੁਹਾਡਾ ਧਰਮ ਬਣਦਾ ਹੈ ਕਿ ਤੁਸੀਂ ਮੇਰਾ ਲਿਹਾਜ ਨਾ ਕਰੋ ਤੇ ਮੈਨੂੰ ਕਾਂਗਰਸੀ ਕਹਿ ਦਿਓ। ਤੁਸੀਂ ਇਸ ਸਮੇਂ ਇਥੇ ਸੰਗਤ ਰੂਪ ਵਿਚ ਹਜ਼ਾਰਾਂ ਦੀ ਗਿਣਤੀ 'ਚ ਇਕੱਤਰ ਹੋਏ ਬੈਠੇ ਹੋ। ਜੇ ਤੁਸੀਂ ਮੈਨੂੰ ਕਾਂਗਰਸੀ ਜਾਂ ਗੌਰਮਿੰਟ ਦਾ ਏਜੰਟ ਸਮਝਦੇ ਹੋ ਤਾਂ ਫਿਰ ਮੈਨੂੰ ਪੰਥ ਦੇ ਬਾਰੇ ਕੋਈ ਗੱਲ ਕਰਨ ਦਾ ਹੱਕ ਨਹੀਂ ਰਹਿ ਜਾਂਦਾ ਤੇ ਇਸ ਹਾਲਤ ਵਿਚ ਤੁਸੀਂ ਮੈਨੂੰ ਕੋਈ ਵੀ ਗੱਲ ਕਰਨ ਤੋਂ ਰੋਕਣ ਦਾ ਪੂਰਾ ਪੂਰਾ ਹੱਕ ਰਖਦੇ ਹੋ।'

ਜਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਆਪਣੇ ਸਾਹਮਣੇ ਸਨਮੁਖ ਰੂਪ ਵਿਚ ਕੋਈ ਤਿੰਨ ਹਜ਼ਾਰ ਤੋਂ ਵੀ ਉੱਪਰ ਬਰਾਜਮਾਨ ਹੋਈ ਬੈਠੀ ਸੰਗਤ ਪਾਸੋਂ ਪੁਛਿਆ ਕਿ 'ਮੈਂ ਕੀ ਹਾਂ ਤੇ ਤੁਸੀਂ ਮੈਨੂੰ ਕੀ ਸਮਝਦੇ ਹੋ?' ਤਾਂ ਉਸ ਸਮੇਂ ਸਮੂਹ ਸੰਗਤਾਂ 'ਚੋਂ ਉੱਠੀਆਂ ਆਵਾਜ਼ਾਂ ਦਾ ਉਤਸ਼ਾਹ ਰੂਪ ਵਿਚ ਭਾਵ ਇਹ ਸੀ ਕਿ, 'ਸੰਤ ਮਹਾਂਪੁਰਸ਼ ਜੀ ਸਾਨੂੰ ਤੁਹਾਡੇ 'ਤੇ ਪੂਰਨ ਭਰੋਸਾ ਹੈ। ਤੁਸੀਂ ਪੰਥ ਦੀ ਆਨ ਸ਼ਾਨ ਲਈ ਜੂਝ ਰਹੇ ਹੋ, ਤੁਸੀਂ ਕੌਮ ਦੇ ਹੱਕਾਂ ਤੇ ਆਜ਼ਾਦੀ ਲਈ ਲੜ ਰਹੇ ਹੋ। ਤੁਹਾਡੇ ਉੱਪਰ ਵਾਹਿਗੁਰੂ ਦੀ ਬੜੀ ਮੇਹਰ ਹੈ ਅਤੇ ਤੁਸੀਂ ਮਨ-ਬਚ ਤੇ ਕਰਮ ਪੱਖੋਂ ਪੂਰੇ ਸੂਰੇ ਹੋ ਅਤੇ ਤੁਹਾਡਾ ਬਾਤਨ ਤੇ ਜ਼ਾਹਰ ਇਕ ਸਮਾਨ ਤੇ ਇਕ ਰੂਪ ਹੈ। ਇਹ ਅਕਾਲੀ ਆਗੂ ਆਪਣੀਆਂ ਚੌਧਰਾਂ ਤੇ ਕੁਰਸੀਆਂ ਦੀ ਖਾਤਰ ਤੁਹਾਨੂੰ ਕਮਜ਼ੋਰ ਵੇਖਣਾ ਚਾਹੁੰਦੇ ਨੇ। ਇਹ ਪੰਥ ਨੂੰ ਇਸ ਵਾਰ ਫਿਰ ਆਪਣੀਆਂ ਚੌਧਰਾਂ ਤੇ ਗਰਜ਼ਾਂ ਲਈ ਭਾਰਤ ਸਰਕਾਰ ਤੇ ਹਿੰਦੂਆਂ ਅੱਗੇ ਵੇਚ ਦੇਣਾ ਚਾਹੁੰਦੇ ਨੇ। ਅਸਲ ਵਿਚ ਸਰਕਾਰ ਤੇ ਹਿੰਦੂਆਂ ਦੇ ਏਜੰਟ ਇਹ ਆਪ ਨੇ, ਇਨ੍ਹਾਂ ਚੋਂ ਅੱਧੇ ਕਾਂਗਰਸ ਨਾਲ ਰਲੇ ਹੋਏ ਨੇ ਤੇ ਅੱਧੇ ਭਾਰਤੀ ਜੰਤਾ ਪਾਰਟੀ ਨਾਲ ਰਲੇ ਹੋਏ ਨੇ। ਇਨ੍ਹਾਂ ਦੀ ਕਾਂਗਰਸ ਪਾਰਟੀ ਵਿਚ ਵੀ ਸਾਖ ਹੈ ਤੇ ਹਿੰਦੂ ਜਥੇਬੰਦੀਆਂ ਵਿਚ ਵੀ ਸਾਖ ਹੈ ਅਤੇ ਥਾਉਂ ਥਾਈਂ ਉਹਨਾਂ ਨਾਲ ਸਾਂਝ ਭਿਆਲੀ ਵਿਚ ਭਰੋਸਾ ਰਖਦੇ ਨੇ। ਇਹ ਆਗੂ ਖੁਦਗਰਜ਼ ਨੇ ਤੇ ਕੱਚੇ-ਪਿੱਲੇ ਨੇ ਅਤੇ ਮੌਕਾਪ੍ਰਸਤ ਤੇ ਸਮਝੌਤਾ-ਬਾਜ਼ ਨੇ। ਇਹ ਹਿੰਦੂ



ਸਾਮਰਾਜ ਦੇ ਹੁਕਮਰਾਨਾਂ ਕੋਲੋਂ ਕੁਰਸੀਆਂ ਚੌਧਰਾਂ, ਠੇਕੇਦਾਰੀਆਂ, ਬੱਸਾਂ ਟਰਕਾਂ ਦੇ ਰੂਟ ਪਰਮਿਟ, ਵਜ਼ੀਰੀਆਂ, ਚੇਅਰਮੈਨਸ਼ਿਪਾਂ ਅਤੇ ਵੱਡੀਆਂ ਵੱਡੀਆਂ ਕੰਪਨੀਆਂ ਅਤੇ ਅਦਾਰਿਆਂ ਵਿਚ ਹਿੱਸੇਦਾਰੀਆਂ ਭਾਲਦੇ ਫਿਰਦੇ ਨੇ। ਇਨ੍ਹਾਂ ਆਗੂਆਂ ਨੇ ਪਿਛਲੇ ਸੈਂਤੀ ਸਾਲਾਂ ਵਿਚ ਇਨ੍ਹਾਂ ਹੀ ਛੱਚਰ-ਛਿਲੀਆਂ ਤੇ ਚੁਗਲ ਗੱਲਾਂ ਦੇ ਪਿਛੇ ਲੱਗ ਲੱਗ ਕੇ ਪੰਥ ਨੂੰ ਹਿੰਦੂਆਂ ਹਥੋਂ ਬਾਰ ਬਾਰ ਮਰਵਾਇਆ ਤੇ ਟੋਪੀ ਵਾਲੇ ਦੁਸ਼ਟਾਂ ਕੋਲ ਵੇਚਿਆ ਹੈ। ਅਸੀਂ ਹੁਣ ਇਨ੍ਹਾਂ ਲੋਕਾਂ ਦੀ ਅਸਲੀਅਤ ਨੂੰ ਜਾਣ ਗਏ ਹਾਂ.......।'

ਸੰਗਤ ਦੇ ਇਸ ਭਾਰੀ ਇਕੱਠ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਹੱਕ ਵਿਚ ਜਿਥੇ ਅਥਾਹ ਜੋਸ਼ ਸੀ ਉੱਥੇ ਉਸਦੇ ਅੰਦਰ ਅਕਾਲੀ ਆਗੂਆਂ ਬਾਰੇ ਨਫਰਤ ਤੇ ਗੁੱਸਾ ਵੀ ਵੇਖਣ ਵਿਚ ਆ ਰਹੇ ਸਨ ਜਿਸ ਕਰਕੇ ਭਿੰਡਰਾਂਵਾਲਿਆਂ ਦੇ ਹੱਕ ਵਿਚ ਅਤੇ ਅਕਾਲੀ ਆਗੂਆਂ ਦੇ ਵਿਰੁਧ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਉਭਰ ਰਹੀਆਂ ਸਨ।

ਜਦ ਸੰਗਤਾਂ ਆਪਣੇ ਜਜ਼ਬਾਤ ਖੁੱਲ ਕੇ ਦੱਸ ਚੁੱਕੀਆਂ ਤਾਂ ਸੰਤਾਂ ਨੇ ਸੰਗਤਾਂ ਪਾਸੋਂ ਫਿਰ ਪੁਛਿਆ, 'ਸਾਧ ਸੰਗਤ ਜੀ, ਹੁਣ ਤੁਸੀਂ ਆਪ ਹੀ ਦੱਸੋ ਕਿ ਮੈਂ ਆਪਣੀ ਜ਼ਮੀਰ ਦੀ ਆਵਾਜ਼ ਦੇ ਮੁਤਾਬਿਕ ਪੰਥਕ ਬੋਲੀ ਬੋਲਦਾ ਹਾਂ ਕਿ ਸਰਕਾਰੀ ਬੋਲੀ ਬੋਲਦਾ ਹਾਂ?'

ਸੰਤਾਂ ਦੀ ਇਹ ਗੱਲ ਸੁਣਕੇ ਸੰਗਤਾਂ ਫਿਰ ਜੋਸ਼ ਵਿਚ ਆ ਗਈਆਂ ਤੇ ਸੰਗਤ ਦੇ ਮਾਹੌਲ ਵਿਚ ਪਹਿਲਾਂ ਦੀ ਤਰ੍ਹਾਂ ਹੀ ਸੰਤਾਂ ਦੇ ਹੱਕ ਵਿਚ ਆਵਾਜ਼ਾਂ ਉੱਠਣ ਲੱਗ ਪਈਆਂ। ਇਕ ਸਿੰਘ ਨੇ ਜੋ ਸੰਤਾਂ ਦੇ ਨਜ਼ਦੀਕ ਹੀ ਸਾਹਮਣੇ ਬੈਠਾ ਹੋਇਆ ਸੀ, ਸੰਤਾਂ ਉੱਪਰ ਇਹ ਸਵਾਲ ਕਰ ਦਿੱਤਾ ਕਿ 'ਮਹਾਂਪੁਰਸ਼ ਜੇ ਅਕਾਲੀ ਆਗੂ ਇਸ ਵਾਰੀ ਵੀ ਥੋਹੜੀਆਂ ਬਹੁਤ ਮੰਗਾਂ ਮੰਨੀਆਂ ਜਾਣ ਪਿਛੋਂ ਸਰਕਾਰ ਨਾਲ ਸਮਝੌਤਾ ਕਰ ਗਏ ਤਾਂ ਫਿਰ ਉਸ ਹਾਲਤ ਵਿਚ ਸਾਨੂੰ ਕੀ ਹੁਕਮ ਹੈ?'

ਕੁਝ ਛਿਣ ਦੀ ਖਾਮੋਸ਼ੀ ਪਿਛੋਂ ਸੰਤਾਂ ਨੇ ਉਸ ਸਿੰਘ ਦੇ ਸਵਾਲ ਦਾ ਉੱਤਰ ਦੇਂਦੇ ਸਮੇਂ ਸੰਗਤਾਂ ਨੂੰ ਸੰਬੋਧਤ ਕਰਦਿਆਂ ਹੋਇਆਂ ਕਿਹਾ:

'ਸਾਧ ਸੰਗਤ ਜੀ, ਇਕ ਸਿੰਘ ਨੇ ਮੇਰੇ 'ਤੇ ਸਵਾਲ ਕੀਤਾ ਹੈ ਕਿ ਜੇ ਇਸ ਵਾਰ ਫਿਰ ਅਕਾਲੀ ਆਗੂ ਥੋਹੜੀਆਂ ਬਹੁਤ ਮੰਗਾਂ ਮਨਵਾ ਕੇ ਮੋਰਚਾ ਵਿਚੇ ਛੱਡ ਕੇ ਭੱਜ ਗਏ ਤਾਂ ਫਿਰ ਕੀ ਹੋਣਾ ਜਾਂ ਕਰਨਾ ਚਾਹੀਦਾ ਹੈ? ਖਾਲਸਾ ਜੀ, ਇਕ ਗੱਲ ਮੈਂ ਤੁਹਾਡੇ ਚਰਨਾਂ ਵਿਚ ਫਿਰ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਜੇ ਇਹ ਆਗੂ ਨਿੱਘਰ ਜਾਣਗੇ ਤਾਂ ਦਾਸ ਇਥੇ ਬੈਠਾ ਹੋਇਆ, ਐਵੇਂ ਡਾਵਾਂ ਡੋਲ ਨਾ ਹੋਇਆ ਕਰੋ। ਦੁਬਿਧਾ ਛੱਡੋ ਤੇ ਉਸ ਅਕਾਲ ਪੁਰਖ ਉੱਪਰ ਭਰੋਸਾ ਰੱਖੋ, ਅਨੰਦ ਪੁਰ ਸਾਹਿਬ ਦੇ ਮਤੇ ਤੋਂ ਘਟ ਨਾ ਕੋਈ ਗੱਲ ਮੰਨਾਂਗਾ ਤੇ ਨਾ ਕੋਈ ਗੱਲ ਮੰਨਣ ਦਿਆਂਗਾ। ਇਨ੍ਹਾਂ ਆਗੂਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਸੰਗਤਾਂ ਦੇ ਸਨਮੁਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਚਰਨ ਕੰਵਲਾਂ ਵਿਚ ਹਾਜ਼ਰੀਆਂ ਭਰਦਿਆਂ ਹੋਇਆਂ ਬਾਰ-ਬਾਰ ਪ੍ਰਣ ਕੀਤੇ ਕਿ ਉਹ ਅਨੰਦ ਪੁਰ ਦੇ ਮਤੇ ਦੀ ਪ੍ਰਾਪਤੀ ਲਈ ਹਰ ਕੁਰਬਾਨੀ ਕਰਨਗੇ। ਇਸ ਵਾਸਤੇ ਭਰੋਸਾ ਰੱਖੋ ਕਿ ਦਾਸ ਜਿੰਨੀ ਦੇਰ ਤੱਕ ਜੀਊਂਦਾ ਹੈ, ਇਨ੍ਹਾਂ ਨੂੰ ਝੂਠਾ ਤੇ ਨਾਮਧਰੀਕ ਜਿਹਾ ਸਮਝੌਤਾ ਕਰਕੇ ਪੰਥ ਨੂੰ ਇਸ ਵਾਰ ਟੋਪੀ ਵਾਲੇ ਬਧਿਆਤਾਂ ਦੇ ਵੱਸ ਨਹੀਂ ਪਾਉਣ ਦੇਵੇਗਾ ਅਤੇ ਨਾ ਹੀ ਇਨ੍ਹਾਂ ਨੂੰ ਝੂਠਾ ਤੇ ਕਚਾ ਪਿਲਾ ਸਮਝੌਤਾ ਕਰਕੇ ਵਜ਼ੀਰੀਆਂ ਦੀਆਂ ਕੁਰਸੀਆਂ ਤੇ ਹੀ ਬੈਠਣ ਦੇਵੇਗਾ। (ਜੈਕਾਰਾ)

ਦਾਸ ਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਨਾਲ ਪਤਾ ਹੈ ਕਿ ਇਨ੍ਹਾਂ ਦੇ ਕਿਹੜੇ ਕਿਹੜੇ ਆਗੂਆਂ ਨੇ

ਇੰਦਰਾ ਦੀ ਸਰਕਾਰ ਨਾਲ ਅਤੇ ਹੋਰ ਹਿੰਦੂ ਲੀਡਰਾਂ ਨਾਲ ਕਿਥੇ ਕਿਥੇ, ਕਿਸ ਕਿਸ ਦਿਨ ਤੇ ਕਿੰਨ੍ਹਾਂ ਕਿੰਨ੍ਹਾਂ ਨਾਲ, ਕਿਸ ਕਿਸ ਮਸਲੇ ਉੱਪਰ ਗੁਪਤ ਮੀਟਿੰਗਾਂ ਕੀਤੀਆਂ ਹਨ। ਮੈਂ ਕੋਈ ਇਥੇ ਅਵੇਸਲਾ ਹੋਕੇ ਨਹੀਂ ਬੈਠਾ ਹੋਇਆ ਕਿ ਇਹ ਆਗੂ ਚੁੱਪ ਕਰਕੇ ਹੀ ਬੁਕਲ 'ਚ ਰੋੜੀ ਭੰਨ ਜਾਣਗੇ। ਤੁਸੀਂ ਬਿਲਕੁਲ ਨਿਸ਼ਚਿੰਤ ਰਹੋ, ਦਾਸ ਅਖੀਰ ਤੱਕ ਸਿਰ ਧੜ ਦੀ ਬਾਜ਼ੀ ਜ਼ਰੂਰ ਲਾਵੇਗਾ; ਪਰ ਇਸ ਵਾਰੀ ਪੰਥ ਨਾਲ ਨਾ ਅਨਰਥ ਹੋਣ ਦੇਵੇਗਾ ਤੇ ਨਾ ਹੀ ਇਨ੍ਹਾਂ ਨੂੰ ਪੰਥ ਦੀਆਂ ਕੁਰਬਾਨੀਆਂ ਪੰਥ ਦੁਸ਼ਮਨ ਤਾਕਤਾਂ ਅੱਗੇ ਵੇਚਣ ਦੇਵੇਗਾ ਤੇ ਨਾ ਹੀ ਉਹਨਾਂ ਉੱਪਰ ਪਾਣੀ ਫੇਰਨ ਦੇਵੇਗਾ। (ਜੈਕਾਰਾ)

ਖਾਲਸਾ ਜੀ, ਜੇ ਇਨ੍ਹਾਂ ਆਗੂਆਂ ਨੂੰ ਆਪਣੀ ਔਲਾਦ ਅਤੇ ਆਪਣੇ ਜ਼ਾਤੀ ਤੇ ਪਰਵਾਰਕ ਸੁਖਾਂ ਲਈ ਚੌਧਰਾਂ ਤੇ ਕੁਰਸੀਆਂ ਦੀ ਲੋੜ ਹੈ ਤਾਂ ਪੰਥ ਨੂੰ ਵੀ ਇੱਜ਼ਤ ਤੇ ਆਜ਼ਾਦੀ ਦੀ ਲੋੜ ਹੈ। ਇਸ ਵਾਸਤੇ ਦਾਸ ਇਨ੍ਹਾਂ ਨੂੰ ਐਤਕਾਂ ਪੰਥ ਦੀ ਕੀਮਤ ਉੱਤੇ ਭਾਰਤ ਦੀ ਅਖੰਡਤਾ ਅਤੇ ਹਿੰਦੂ ਸਿਖਾਂ ਵਿਚਕਾਰ ਨੌਂਹ-ਮਾਸ ਦੇ ਰਿਸ਼ਤੇਵਾਲੀ ਗੱਲ ਦੇ ਫਰੇਬੀ ਨਾਅਰੇ ਲਾ ਕੇ ਸਿੱਖ ਕੌਮ ਨੂੰ ਨਾ ਤਾਂ ਗੁਮਰਾਹ ਕਰਨ ਦੇਵੇਗਾ ਤੇ ਨਾ ਹੀ ਤਬਾਹੀ ਤੇ ਬਰਬਾਦੀ ਦੀ ਖੱਡ ਵਲ ਧੱਕਣ ਹੀ ਦੇਵੇਗਾ। ਅਸੀਂ ਭਾਰਤ ਦੀ ਹਿੰਦੂ-ਪਾਲ ਤੇ ਹਿੰਦੂ-ਨਵਾਜ਼ ਅਖੰਡਤਾ ਨੂੰ ਬਚਾਉਣ ਲਈ ਪੰਥ ਦੀ ਆਨ ਸ਼ਾਨ ਤੇ ਆਜ਼ਾਦ ਹਸਤੀ ਨੂੰ ਖ਼ਤਰੇ 'ਚ ਨਹੀਂ ਪਾ ਸਕਦੇ।

ਕੁਝ ਇਕ ਵਿਅਕਤੀ ਮੈਨੂੰ ਇਹ ਸਬਕ ਪੜ੍ਹਾਉਣ ਦੀ ਕੋਸ਼ਸ਼ ਕਰਦੇ ਨੇ ਕਿ ਸਰਬਤ ਦਾ ਭਲਾ ਚਿਤਵਨ ਵਾਲੇ ਖਾਲਸਾ ਪੰਥ ਨੂੰ ਭਾਰਤ ਦੀ ਕੌਮੀ ਏਕਤਾ ਤੇ ਅਖੰਡਤਾ ਦਾ ਸੰਕਲਪ ਤੇ ਵਿਚਾਰ ਅਮਲੀ ਰੂਪ ਵਿਚ ਅਪਨਾਉਣਾ ਚਾਹੀਦਾ ਹੈ। ਇਸ ਗੱਲ ਦੇ ਸਬੰਧ ਵਿਚ ਮੇਰਾ ਇਸਤਰਾਂ ਦੀਆਂ ਗੱਲਾਂ ਕਰਨ ਵਾਲੇ ਹਿੰਦੂ ਵਿਅਕਤੀਆਂ ਨੂੰ ਅਤੇ ਹਿੰਦੂ ਪ੍ਰੈਸ ਦੇ ਪ੍ਰਤਿਨਿਧਾਂ ਨੂੰ ਬੜਾ ਸਾਫ ਤੇ ਸਪਸ਼ਟ ਉੱਤਰ ਹੁੰਦਾ ਹੈ ਕਿ ਇਹ ਠੀਕ ਹੈ ਕਿ ਖਾਲਸਾ ਪੰਥ ਸਦਾ ਹੀ ਸਰਬਤ ਦਾ ਭਲਾ ਚਿਤਵਦਾ ਹੈ ਅਤੇ ਭਵਿੱਖ ਵਿਚ ਵੀ ਸਦਾ ਚਿਤਵਦਾ ਰਹੇਗਾ। ਖਾਲਸਾ ਪੰਥ ਤਾਂ ਪੰਥਕ ਵਿਚਾਰਧਾਰਾ ਦੇ ਨਜ਼ਰੀਏ ਅਨੁਸਾਰ ਉਸ ਅਕਾਲ ਪੁਰਖ ਦੇ ਨਾਮ ਦੀ ਰੌਸ਼ਨੀ ਵਿਚ ਜਿਥੇ ਆਪਣੀ ਚੜ੍ਹਦੀ ਕਲਾ ਮੰਗਦਾ ਹੈ ਉਥੇ ਉਸ ਵਾਹਿਗੁਰੂ ਦੀ ਰਜ਼ਾ ਤੇ ਭਾਣੇ ਅੱਗੇ ਸਿਰ ਝੁਕਾਉਂਦਾ ਹੋਇਆ ਸਰਬਤ ਦਾ ਭਲਾ ਵੀ ਚਿਤਵਦਾ ਹੈ। ਇਹੋ ਕਾਰਨ ਹੈ ਕਿ ਮਨੁੱਖਤਾ ਦੀ ਸੇਵਾ ਖਾਲਸਾ ਪੰਥ ਦਾ ਮੁਖ ਉਦੇਸ਼ ਹੈ ਅਤੇ ਇਸਦੇ ਬੁਨਿਆਦੀ ਅਸੂਲਾਂ ਨੂੰ ਅਪਨਾਉਣਾ ਤੇ ਉਸਦੀ ਰਾਖੀ ਕਰਨਾ ਇਸਦਾ ਧਰਮ ਹੈ, ਪਰ ਜੋ ਸ਼ਕਤੀਆਂ ਉਸ ਵਾਹਿਗੁਰੂ ਦੀ ਰਜ਼ਾ ਅਤੇ ਉਸਦੇ ਹੁਕਮ ਤੇ ਭਾਣੇ ਤੋਂ ਮੁਨੱਕਰ ਹੋਣ ਤੇ ਬਾਗੀ ਹੋਣ ਵਜੋਂ ਮਾਨਵ ਕਦਰਾਂ ਕੀਮਤਾਂ ਤੇ ਮਨੁੱਖਤਾ ਦੀ ਫੁਲਵਾੜੀ ਉੱਪਰ ਜਬਰ-ਜ਼ੁਲਮ ਤੇ ਅਨਿਆਂ ਦਾ ਝੱਖੜ ਝੁਲਾਉਣ ਦੇ ਰਾਹ ਤੁਰਦੀਆਂ ਹਨ, ਖਾਲਸਾ ਪੰਥ ਉਹਨਾਂ ਤਾਕਤਾਂ ਦਾ ਕੱਟੜ ਦੁਸ਼ਮਨ ਹੈ ਅਤੇ ਉਹਨਾਂ ਦੇ ਮਨੁੱਖਤਾ ਦੁਸ਼ਮਨ ਕਾਰਿਆਂ ਨੂੰ ਸਥਾਈ ਰੂਪ ਵਿਚ ਖਤਮ ਕਰਨ ਲਈ ਉਹਨਾਂ ਦਾ ਵਿਨਾਸ਼ ਕਰਨਾ ਆਪਣਾ ਸਰਬੋਤਮ ਫਰਜ਼ ਤੇ ਕਰਮ ਸਮਝਦਾ ਹੈ। ਇਸ ਵਾਸਤੇ ਅਸੀਂ ਅੱਜ ਸਿਖ ਕੌਮ ਨਾਲ ਵਿਸ਼ਵਾਸ਼ਘਾਤ ਕਰਨ ਵਾਲਿਆਂ, ਅਕ੍ਰਿਤਘਣ ਅਤੇ ਮਾਨਵਵਾਦੀ ਅਸੂਲਾਂ ਦੇ ਜਮਾਂਦਰੂ ਵੈਰੀ ਹਿੰਦੂ ਸਾਮਰਾਜ ਵਲੋਂ ਲਾਏ ਜਾ ਰਹੇ ਭਾਰਤ ਦੀ ਅਖੰਡਤਾ ਦੇ ਪੱਖਪਾਤਕ ਤੇ ਫਰੇਬੀ ਨਾਅਰੇ ਦੇ ਪ੍ਰਭਾਵ ਨੂੰ ਨਾ ਕਬੂਲ ਹੀ ਕਰ ਸਕਦੇ ਹਾਂ ਤੇ ਨਾ ਹੀ ਇਸਨੂੰ ਮਾਨਤਾ ਦੇ ਸਕਦੇ ਹਾਂ। ਪੰਥ ਦਾ ਨਿਸ਼ਾਨਾ ਮਨੁੱਖਤਾ ਦਾ ਭਲਾ ਚਿਤਵਨਾ ਹੈ ਨਾ ਕਿ ਮਾਨਵਵਾਦੀ ਅਸੂਲਾਂ ਦੇ ਦੁਸ਼ਮਨ ਹਿੰਦੂ ਸਾਮਰਾਜ ਦੀ ਭਾਰਤੀ ਅਖੰਡਤਾ ਨੂੰ, ਜੋ ਭਾਰਤ ਅੰਦਰਲੀਆਂ ਸਿਖ, ਮੁਸਲਮ ਤੇ ਈਸਾਈ ਆਦਿ ਕੌਮਾਂ ਨੂੰ ਹੜੱਪ ਜਾਣਾ ਲੋਚਦੀ ਹੈ, ਬਚਾਉਣ ਲਈ ਅਜਿਹਾ ਕਾਰਜ-ਕਰਮ ਨਿਭਾਉਣਾ ਹੈ। ਇਸ ਲਈ ਜੇ ਜਨੂੰਨੀ, ਵਿਸ਼ਵਾਸ਼ਘਾਤਕ, ਅਕ੍ਰਿਤਘਣ ਤੇ ਮਨੁੱਖਤਾ ਦੇ ਦੁਸ਼ਮਨ ਹਿੰਦੂ ਸਾਮਰਾਜ ਦੇ



ਭਾਰਤ ਦੀ ਅਖੰਡਤਾ ਦੇ ਟੁੱਟਣ ਨਾਲ ਇਖਲਾਕੀ ਤੇ ਇਨਸਾਨੀ ਕਦਰਾਂ ਕੀਮਤਾਂ ਅਤੇ ਭਾਰਤ ਅੰਦਰ ਵੱਸਦੀਆਂ ਦੂਸਰੀਆਂ ਕੌਮਾਂ ਨੂੰ ਖੁਸ਼ਹਾਲ ਤੇ ਆਜ਼ਾਦ ਜ਼ਿੰਦਗੀ ਨਸੀਬ ਹੁੰਦੀ ਹੋਵੇਗੀ ਤਾਂ ਉਸ ਹਾਲਤ ਵਿਚ ਅਸੀਂ ਭਾਰਤ ਦੀ ਅਖੰਡਤਾ ਨੂੰ ਜ਼ਰੂਰ ਤੋੜਾਂਗੇ।'

ਦਾਸ ਗੁਰੂ ਰੂਪ ਸਾਧ ਸੰਗਤ ਦੇ ਚਰਨਾਂ ਵਿਚ ਪਹਿਲਾਂ ਵੀ ਕਈ ਵਾਰ ਇਹ ਵਿਚਾਰ ਪੇਸ਼ ਕਰ ਚੁੱਕਾ ਹੈ ਕਿ ਖਾਲਸਾ ਪੰਥ ਭਾਰਤ ਦੀ ਅਖੰਡਤਾ ਨੂੰ ਕਾਇਮ ਰੱਖਣ ਦੀ ਖਾਤਰ ਸਿਖ ਕੌਮ ਦੀ ਆਜ਼ਾਦ ਹਸਤੀ ਅਤੇ ਸਿਖ ਧਰਮ ਨੂੰ ਕਿਸੇ ਕੀਮਤ ਉੱਪਰ ਵੀ ਦਾਅ 'ਤੇ ਨਹੀਂ ਲਾ ਸਕਦਾ। ਸਾਨੂੰ ਪੰਥ ਪਿਆਰਾ ਹੈ ਨਾ ਕਿ ਭਾਰਤ ਦੀ ਪੰਥ ਮਾਰੂ ਅਖੰਡਤਾ। ਇਸ ਲਈ ਜੇ ਟੋਪੀ ਵਾਲਿਆਂ ਦੀ ਭਾਰਤ ਸਰਕਾਰ ਤੇ ਇਸਦੇ ਹਿੰਦੂ ਸਾਮਰਾਜ ਨੇ ਭਾਰਤ ਦੀ ਅਖੰਡਤਾ ਦੇ ਨਾਂ ਉੱਪਰ ਕੁਝ ਮਨਮਤੀਏ ਸਿਖ ਆਗੂਆਂ ਦੇ ਨਾਲ ਕੋਈ ਗੁਪਤ ਸਮਝੌਤਾ ਕਰਕੇ ਪੰਥ ਨੂੰ ਗੁੱਝੀ ਮਾਰ ਮਾਰਨ ਦੀ ਕੋਸ਼ਸ਼ ਕੀਤੀ ਤਾਂ ਫਿਰ ਖਾਲਸਾ ਪੰਥ ਅਨੰਦਪੁਰ ਦੇ ਮਤੇ ਤਕ ਹੀ ਆਪਣੇ ਆਪ ਨੂੰ ਸੀਮਤ ਨਹੀਂ ਰੱਖੇਗਾ, ਇਸ ਤੋਂ ਅਗੇ ਵੀ ਜਾ ਸਕਦਾ ਹੈ ਤੇ ਇਸ ਬਾਰੇ ਸਭ ਨੂੰ ਪਤਾ ਹੀ ਹੈ। ('ਰਾਜ ਕਰੇਗਾ ਖਾਲਸਾ' ਤੇ 'ਬੋਲੇ ਸੋ ਨਿਹਾਲ' ਦੇ ਜੈਕਾਰੇ)

ਮੇਰਾ ਇਹ ਪ੍ਰਣ ਹੈ ਕਿ ਹੁਣ ਆਪਾਂ ਪੰਥ ਨੂੰ ਅਖਾਉਤੀ ਤੇ ਨਾਮ ਧਰੀਕ ਸਮਝੌਤਿਆਂ ਹੱਥੋਂ ਬਾਰਬਾਰ ਮਾਰ ਨਹੀਂ ਖਾਣ ਦੇਣੀ। ਜੇਕਰ ਸਾਨੂੰ ਆਪਣੇ ਧਰਮ ਦੀ ਰਾਖੀ ਅਤੇ ਪੰਥ ਦੀ ਆਜ਼ਾਦ ਹਸਤੀ ਤੇ ਇਸਦੀ ਵਲੱਖਣਤਾ ਨੂੰ ਕਾਇਮ ਰਖਣ ਵਾਸਤੇ ਇਨ੍ਹਾਂ ਟੋਪੀ ਵਾਲਿਆਂ ਨਾਲੋਂ ਪੱਕੇ ਤੌਰ 'ਤੇ ਸਾਂਝ ਭਿਆਲੀ ਤੋੜ ਕੇ ਮੁਕੰਮਲ ਤੌਰ 'ਤੇ ਵੱਖ ਹੋਣਾ ਪਿਆ ਤਾਂ ਜ਼ਰੂਰ ਹੋਵਾਂਗੇ। (ਜੈਕਾਰਾ)

ਇਹ ਬੜੀ ਅਜੀਬ ਗੱਲ ਹੈ ਕਿ ਕਈਆਂ ਦੇ ਸਿਰ ਉੱਪਰ ਹਿੰਦੂ ਸਿਖ ਏਕਤਾ ਦਾ, ਹਿੰਦੂਆਂ ਨਾਲ ਨੌਂਹ ਮਾਸ ਦੇ ਰਿਸ਼ਤੇ ਦਾ, ਭਾਰਤ ਦੀ ਅਖੰਡਤਾ ਦਾ ਅਤੇ ਗਾਂਧੀ ਵਾਦੀ ਸ਼ਾਂਤੀ ਦਾ ਅੱਠੇ ਪਹਿਰ ਭੂਤ ਸਵਾਰ ਹੋਇਆ ਰਹਿੰਦਾ ਹੈ। ਖਾਲਸਾ ਜੀ, ਦਾਸ ਪਹਿਲਾਂ ਵੀ ਦਸ ਚੁੱਕਾ ਹੈ ਕਿ ਅਮਨ ਤੇ ਸ਼ਾਂਤੀ ਦੇ ਅਸੀਂ ਵੀ ਹਾਮੀ ਹਾਂ, ਸਗੋਂ ਸਾਰੀ ਮਨੁੱਖਤਾ ਵਿਚ ਸੁਰਖਿਤ ਸ਼ਾਂਤੀ ਤੇ ਏਕਤਾ ਦਾ ਵਰਤਾਰਾ ਚਾਹੁੰਦੇ ਹਾਂ ਪਰ ਅਸੀਂ ਕਿਸੇ ਵੀ ਐਸੀ ਸ਼ਾਂਤੀ, ਏਕਤਾ ਤੇ ਅਖੰਡਤਾ ਦੇ ਉਕੇ ਹੀ ਹਾਮੀ ਨਹੀਂ ਜਿਸਦੀ ਆੜ ਵਿਚ ਕੋਈ ਸਾਡੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰੀ ਜਾਵੇ, ਪੰਥ ਦੇ ਇਤਹਾਸ ਤੇ ਸਿਧਾਂਤ ਨੂੰ ਵਗਾੜਦਾ ਫਿਰੇ, ਸਾਡੇ ਅਮੀਰ ਵਿਰਸੇ ਨੂੰ ਖਤਮ ਕਰਨ ਲਈ ਦਾਅ-ਪੇਚ ਖੇਡਦਾ ਫਿਰੇ, ਪਵਿੱਤਰ ਗੁਰਧਾਮਾਂ ਦੀ ਬੇਹੁਰਮਤੀ ਕਰੀ ਜਾਵੇ, ਸਿਖਾਂ ਦੇ ਹੱਕ ਖੋਹੀ ਤੇ ਮਾਰੀ ਤੁਰਿਆ ਜਾਵੇ, ਪੰਥ ਦੀ ਚੜ੍ਹਦੀ ਕਲਾ ਤੇ ਇਸਦੇ ਵਧਣ ਫੁਲਣ ਦੇ ਰਾਹ ਬੰਦ ਕਰਦਾ ਫਿਰੇ, ਪੰਥ ਅੰਦਰ ਗੁਰੂ ਡੰਮ ਦਾ ਅੰਡਬਰ ਰਚਾਉਂਦਾ ਫਿਰੇ, ਸਿਖ ਧਰਮ ਤੇ ਸਿਖ ਕੌਮ ਦੀ ਆਜ਼ਾਦ ਹਸਤੀ ਨੂੰ ਹਿੰਦੂ ਧਰਮ ਦੀ ਹੀ ਇਕ ਧਾਰਮਕ ਸੰਪ੍ਰਦਾ ਤੇ ਸ਼ਾਖ ਦਸਦਾ ਫਿਰੇ ਅਤੇ ਸਾਡੇ ਪਵਿੱਤਰ ਗੁਰਧਾਮਾਂ ਦੁਆਲੇ ਨਾਕਾ-ਬੰਦੀਆਂ ਤੇ ਮੋਰਚਾ ਬੰਦੀਆਂ ਕਰਦਾ ਕਰਵਾਉਂਦਾ ਫਿਰੇ।

ਸਾਧ ਸੰਗਤ ਜੀ, ਜੇ ਅਸੀਂ ਸਿਖ ਧਰਮ ਤੇ ਖਾਲਸਾ ਪੰਥ ਦੀ ਆਜ਼ਾਦ ਹਸਤੀ ਉੱਪਰ ਭਿਆਨਕ ਹਮਲੇ ਹੁੰਦੇ ਵੇਖਕੇ ਵੀ ਭਾਰਤ ਦੀ ਏਕਤਾ ਤੇ ਅਖੰਡਤਾ ਦੇ ਗੁਣ ਗਾਉਂਦੇ ਫਿਰੀਏ ਤੇ ਸ਼ਾਂਤੀ ਸ਼ਾਂਤੀ ਕੂਕਦੇ ਫਿਰੀਏ ਤਾਂ ਫਿਰ ਅਸੀਂ ਗੁਰੂ ਘਰ ਦੀਆਂ ਨਜ਼ਰਾਂ ਅਤੇ ਉਸ ਵਾਹਿਗੁਰੂ ਦੀ ਦਰਗਾਹ ਵਿਚ ਕਿਵੇਂ ਬਖਸ਼ੇ ਜਾ ਸਕਦੇ ਹਾਂ? ਖਾਲਸਾ ਜੀ, ਮੇਰਾ ਤਾਂ ਸਮੁੱਚੇ ਖਾਲਸਾ ਪੰਥ ਦੇ ਚਰਨਾਂ ਵਿਚ ਇਹ ਖੁੱਲਾ ਹੋਕਾ ਹੈ ਕਿ ਜਿਨ੍ਹਾਂ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਰੂਪ ਨੂੰ ਅਗਾਂ ਲਾਈਆਂ ਤੇ ਲਵਾਈਆਂ ਨੇ, ਜਿਨ੍ਹਾਂ ਨੇ ਧੀਆਂ ਭੈਣਾਂ ਦੀ ਇਜ਼ਤ ਉੱਪਰ ਹਮਲੇ ਕੀਤੇ ਤੇ ਕਰਵਾਏ ਨੇ, ਪਵਿੱਤਰ ਗੁਰਧਾਮਾਂ ਦੀ ਬੇਇਜ਼ਤੀ ਕੀਤੀ ਤੇ ਕਰਵਾਈ ਹੈ ਅਤੇ ਜਿਨ੍ਹਾਂ ਲੋਕਾਂ ਤੇ ਤਾਕਤਾਂ ਨੇ ਸਿਖ ਕੌਮ ਦੇ

ਹੱਕ ਖੋਹ ਰੱਖੇ ਨੇ ਉਹਨਾਂ ਨੂੰ ਪੰਥ ਦੇ ਪੱਕੇ ਵੈਰੀ ਦੁਸ਼ਮਨ ਸਮਝੋ ਅਤੇ ਉਹ ਜਿਥੇ ਵੀ ਕਾਬੂ ਆਉਂਦੇ ਨੇ ਉਹਨਾਂ ਨੂੰ ਉਥੇ ਹੀ ਸੋਧ ਤੇ ਗੱਡੀ ਚੜ੍ਹਾਓ।' (ਜੈਕਾਰਾ)

'ਮੇਰੀ ਵੱਲੋਂ' ਫਿਰ ਇਸ ਗੱਲ ਦਾ ਬਾਰ ਬਾਰ ਐਲਾਨ ਹੈ ਕਿ ਜੇ ਸਿਖ ਕੌਮ ਦੀ ਇਜ਼ਤ ਆਨ, ਸ਼ਾਨ, ਆਜ਼ਾਦ ਹਸਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਤੇ ਸਿਖ ਧਰਮ ਨੂੰ ਕਾਇਮ ਰੱਖਣ ਦੀ ਖਾਤਰ ਭਾਰਤ ਦੀ ਅਖੰਡਤਾ ਟੁੱਟਦੀ ਭਜਦੀ ਤੇ ਮਰਦੀ ਹੈ ਤਾਂ ਇਸ ਨੂੰ ਜਿੰਨਾਂ ਛੇਤੀ ਹੋ ਸਕੇ ਟੁੱਟਣ ਭੱਜਣ ਤੇ ਮਰਨ ਦਿਓ। ਹਿੰਦੂ ਸਾਮਰਾਜ ਵਲੋਂ ਖਾਲਸਾ ਪੰਥ ਉਪਰ ਕੀਤੀਆਂ ਜਾ ਰਹੀਆਂ ਬੇਇਨਸਾਫੀਆਂ ਅਤੇ ਇਸ ਵਲੋਂ ਕੀਤੇ ਜਾ ਰਹੇ ਮਾਰੂ ਤੇ ਭਿਆਨਕ ਹਮਲਿਆਂ ਨੂੰ ਅਤੇ ਇਨ੍ਹਾਂ ਹਮਲਿਆਂ ਦੇ ਕਾਰਨ ਪੰਥ ਦੀ ਹੋ ਰਹੀ ਤਬਾਹੀ ਤੇ ਬਰਬਾਦੀ ਨੂੰ ਅੱਖੀਂ ਵੇਖਦਿਆਂ ਹੋਇਆਂ ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ ਦਾ ਸੁਚੇਤਸਿਧ ਰੂਪ 'ਚ ਖਿਆਲ ਮਨ 'ਚ ਲਿਆਉਣਾ ਹਰ ਸਿਖ ਲਈ ਇਕ ਐਸੇ ਘੋਰ ਪਾਪ ਦੀ ਨਿਆਈਂ ਹੈ ਜੋ ਰਹਿੰਦੀ ਦੁਨੀਆ ਤੱਕ ਨਹੀਂ ਬਖਸ਼ਿਆ ਜਾ ਸਕਦਾ।

ਖਾਲਸਾ ਜੀ, ਗੁਰੂ ਸਾਹਿਬਾਨ ਨੇ ਸਿਖ ਪੰਥ ਨੂੰ ਮਾਨਵਤਾ ਦੇ ਖੇਤਰ ਅੰਦਰ ਬਹੁਤ ਵੱਡੀਆਂ ਜ਼ੁਮਾਵਾਰੀਆਂ ਸੌਂਪ ਰੱਖੀਆਂ ਹਨ ਇਸ ਗੱਲ ਦੀ ਰੌਸ਼ਨੀ ਵਿਚ ਜਦੋਂ ਮੈਂ ਅਜ ਦੇ ਹਾਲਾਤ ਨੂੰ ਵੇਖਦਾ ਵਿਚਾਰਦਾ ਹਾਂ ਤਾਂ ਉਸ ਸਮੇਂ ਮੇਰੇ ਅਨੁਭਵ ਅੰਦਰ ਇਹ ਵਿਚਾਰ ਬਾਰ ਬਾਰ ਉਭਰਦਾ ਹੈ ਕਿ ਗੁਰੂ ਘਰ ਵੱਲੋਂ ਖਾਲਸਾ ਪੰਥ ਨੂੰ ਸੌਂਪੀਆਂ ਗਈਆਂ ਜ਼ੁਮਾਵਾਰੀਆਂ ਨੂੰ ਨਿਭਾਉਣ ਤੇ ਪਰਵਾਨ ਚੜ੍ਹਾਉਣ ਲਈ ਖਾਲਸਾ ਪੰਥ ਦੇ ਧਰਮ, ਸਮਾਜ ਤੇ ਰਾਜ ਦੇ ਖੇਤਰ ਵਿਚ ਬੋਲ ਬਾਲੇ ਦਾ ਕਾਇਮ ਹੋਣਾ ਅਤੀ ਅਵਸ਼ਕ ਹੈ ਅਤੇ ਖਾਲਸਾ ਜੀ ਦੇ ਬੋਲ ਬਾਲੇ ਨੂੰ ਅਮਲੀ ਰੂਪ ਦੇਣ ਲਈ ਸਿਖ ਕੌਮ ਨੂੰ ਸਪੂੰਰਨ ਰਾਜ ਸ਼ਕਤੀ ਦੀ ਲੋੜ ਹੈ; ਕਿਉਂਕਿ ਰਾਜ ਸ਼ਕਤੀ ਹੀ ਸੱਤਾ ਦਾ ਐਸਾ ਸੋਮਾ ਹੁੰਦੀ ਹੈ ਜੋ ਸਮੁੱਚੀ ਮਾਨਵਤਾ ਦਾ ਭਲਾ ਚਿਤਵਨ ਵਾਲੀ ਕੌਮ ਨੂੰ ਜੀਵਨ ਤੇ ਸਮਾਜ ਦੇ ਹਰ ਖੇਤਰ ਵਿਚ ਅੱਗੇ ਵਧਣ ਲਈ ਉਦਮ, ਸਾਹਸ, ਵਸੀਲੇ ਅਤੇ ਅਨਕੂਲ ਵਾਤਾਵਰਨ ਪਰਦਾਨ ਕਰਦੀ ਹੈ। ਰਾਜ ਦੇ ਸੰਕਲਪ ਬਾਰੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਇਹ ਦ੍ਰਿੜ ਵਿਚਾਰ ਤੇ ਵਿਸ਼ਵਾਸ ਸੀ ਕਿ

'ਰਾਜ ਬਿਨਾ ਨਾ ਧਰਮ ਚਲੈ ਹੈ,
ਧਰਮ ਬਿਨਾ ਸਭ ਦਲੈ ਮਲੈ ਹੈ।'

ਸਾਧ ਸੰਗਤ ਜੀ, ਗੁਰੂ ਮਹਾਰਾਜ ਦੇ ਇਸ ਸੰਕਲਪ ਵਿਚ ਐਸੀ ਅਟੱਲ ਸਚਾਈ ਹੈ ਕਿ ਜਿਸ ਤੋਂ ਮੁਨੱਕਰ ਹੋਣ ਦਾ ਸਿਧਾ ਅਰਥ ਗੁਰੂ ਘਰ ਦੇ ਅਕੀਦਿਆਂ ਟੀਚਿਆਂ ਤੇ ਵਿਸ਼ਵਾਸ਼ਾਂ ਤੋਂ ਮੁਨਕਰ ਹੋਣ ਵਾਲੀ ਗੱਲ ਬਣਦੀ ਹੈ। ਸਿੰਘੋ, ਜਿਹੜਾ ਕੋਈ ਵਿਅਕਤੀ ਆਪਣੇ ਆਪ ਨੂੰ ਗੁਰੂਦਾ ਸਿੰਘ ਵੀ ਅਖਵਾਉਂਦਾ ਹੈ, ਕੌਮ ਦਾ ਆਗੂ ਹੋਣ ਦਾ ਵੀ ਦਾਅਵਾ ਕਰਦਾ ਹੈ ਤੇ ਫਿਰ ਆਪਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਹੁੰਦੀ ਵੇਖਕੇ ਅਤੇ ਸਿਖਾਂ ਦੀ ਇਜ਼ਤ ਪੱਤ ਚੌਰਾਹੇ 'ਚ ਰੁਲਦਿਆਂ ਹੋਇਆਂ ਵੇਖ ਸੁਣਕੇ ਵੀ ਭਾਰਤ ਦੀ ਅਖੰਡਤਾ, ਹਿੰਦੂ ਸਿਖ ਏਕਤਾ ਤੇ ਸਿਖ ਪੰਥ ਨੂੰ ਭਾਰਤ ਨਾਲ ਬਝੇ ਤੇ ਨੂੜੇ ਰਹਿਣ ਦੀਆਂ ਹਦਾਇਤਾਂ ਤੇ ਨਸੀਹਤਾਂ ਦੇ ਗੀਤ ਗੌਂ ਗੌਂ ਕੇ ਦਸਦਾ ਹੈ ਤਾਂ ਫਿਰ ਉਸ ਤੋਂ ਵੱਧ ਵੱਡਾ ਪਾਪੀ, ਦੁਸ਼ਟ ਤੇ ਪੰਥ ਘਾਤਕ ਹੋਰ ਕੌਣ ਹੋ ਸਕਦਾ ਹੈ?

ਖਾਲਸਾ ਜੀ, ਐਸੇ ਵਿਅਕਤੀਆਂ ਤੋਂ ਸਾਵਧਾਨ ਹੋਕੇ ਰਹਿਣ ਦੀ ਲੋੜ ਹੈ ਕਿਉਂਕਿ ਐਸੇ ਲੋਕ ਪੰਥ ਦੇ ਬਾਗ-ਪਰਵਾਰ ਲਈ ਐਸੇ ਲਕੱੜ ਹਾਰਿਆਂ ਦੀ ਨਿਆਈਂ ਨੇ ਜੋ ਚੋਰੀ ਚੋਰੀ ਇਸ ਬਾਗ ਦਾ



ਸਾਰਾ ਫਲ ਵੀ ਆਪ ਸਮੇਟ ਜਾਂਦੇ ਨੇ ਅਤੇ ਇਸਦੀਆਂ ਜੜ੍ਹਾਂ ਵੀ ਨਾਲੋਂ ਨਾਲ ਕੱਟਦੇ ਤੇ ਕੁਤਰਦੇ ਰਹਿੰਦੇ ਨੇ। ਇਸਤਰਾਂ ਦੇ ਲੋਕ ਕਈ ਵਾਰ ਬਾਹਰੋਂ ਵੇਖਣ ਨੂੰ ਤਾਂ ਬਾਗ ਦੇ ਮਾਲੀ ਲਗਦੇ ਹੁੰਦੇ ਨੇ, ਪਰ ਇਨ੍ਹਾਂ ਦੀ ਸੋਚ ਅਤੇ ਕਰਦਾਰ ਬਿਲਕੁਲ ਚੋਰ ਲਕੜਹਾਰਿਆਂ ਦੀ ਨਿਆਈਂ ਹੁੰਦੇ ਨੇ। ਕੁਝ ਲੋਕ ਤਾਂ ਪੰਥ ਨੂੰ ਇਸ ਸਮੇਂ ਐਸੀਆਂ ਜੋਕਾਂ ਬਣਕੇ ਚਮੜੇ ਹੋਏ ਨੇ ਜੋ ਪੰਥ ਦਾ ਲਹੂ ਵੀ ਪੀਂਦੇ ਨੇ ਅਤੇ ਨਾਲੋ ਨਾਲ ਪੰਥ ਦੀਆਂ ਨਸਾਂ ਨਾੜਾ ਅੰਦਰ ਭਿਆਨਕ ਕਿਸਮ ਦਾ ਜ਼ਹਿਰ ਵੀ ਭਰਦੇ ਜਾ ਰਹੇ ਨੇ। ਇਸ ਲਈ ਮੇਰੀ ਸਮੁੱਚੇ ਖਾਲਸਾ ਪੰਥ ਪਾਸ ਹੱਥ ਜੋੜ ਕੇ ਬੇਨਤੀ ਹੈ ਕਿ ਪੰਥਕ ਬਾਗ ਪਰਵਾਰ ਦੀਆਂ ਜੜ੍ਹਾਂ ਉਪਰ ਕੁਲਹਾੜਾ ਚਲਾਉਣ ਵਾਲੇ, ਪੰਥ ਦਾ ਲਹੂ ਪੀਣ ਵਾਲੇ ਅਤੇ ਇਸਦੀਆਂ ਨਸਾਂ ਨਾੜਾਂ ਵਿਚ ਜ਼ਹਿਰ ਭਰਨ ਵਾਲੇ ਵਿਅਕਤੀਆਂ ਉੱਪਰ ਭਰੋਸਾ ਕਰਨਾ ਛੱਡੋ ਅਤੇ ਡੋਗਰਿਆਂ, ਮਿਸਰਾਂ ਤੇ ਪਹਾੜਾ ਸਿੰਘੀਆਂ ਨੂੰ ਪੰਥ ਅੰਦਰ ਬਾਰਬਾਰ ਸੰਨ ਲਾਉਣ ਦੇ ਖੁੱਲੇ ਮੌਕੇ ਦੇਣ ਦੀਆਂ ਭੁੱਲਾਂ ਤੇ ਗਲਤੀਆਂ ਨੂੰ ਸਦਾ ਸਦਾ ਲਈ ਤਿਆਗ ਦਿਓ।

ਕਿਸੇ ਵੀ ਐਸੇ ਵਿਅਕਤੀ ਨੂੰ ਜੋ ਸੋਚ, ਰੁਚੀ ਅਮਲ ਕਰਮ ਤੇ ਰਿਸ਼ਤੇਦਾਰੀਆਂ ਦੇ ਪੱਖੋਂ ਤਾਂ ਹਿੰਦੂ ਮੱਤ ਦੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਹੋਵੇ ਅਤੇ ਬਾਹਰੀ ਤੌਰ ਉੱਪਰ ਉਹ ਸਿਖੀ ਸਰੂਪ 'ਚ ਨਜ਼ਰੀਂ ਆਉਂਦਾ ਹੋਵੇ ਉਸਨੂੰ ਕਿਸੇ ਵੀ ਧਾਰਮਕ, ਸਮਾਜਕ, ਸਭਿਆਚਾਰਕ ਤੇ ਰਾਜਸੀ ਜਥੇਬੰਦੀ ਤੇ ਅਦਾਰੇ ਵਿਚ ਵੱਡੇ ਆਗੂ ਤੇ ਜਥੇਦਾਰ ਦੇ ਰੂਪ ਵਿਚ ਬਿਲਕੁਲ ਕੋਈ ਥਾਂ ਨਾ ਮੱਲਣ ਦਿਓ, ਕਿਉਂਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਅਜ ਤਕ ਇਸਤਰਾਂ ਦੇ ਲੋਕ ਹੀ ਸਿਖ ਕੌਮ ਦਾ ਪੈਰ ਪੈਰ ਉੱਪਰ ਘਾਤ ਕਰਦੇ ਰਹੇ ਨੇ ਅਤੇ ਪੰਥਕ ਸਿਧਾਂਤ ਤੇ ਰਵਾਇਤਾਂ ਉੱਪਰ ਹਿੰਦੂ ਮੱਤ ਦਾ ਧੁੰਦ ਗੁਬਾਰ ਫੈਲਾਉਣ ਦੀ ਪਰਪਾਟੀ ਨੂੰ ਉਤਸ਼ਾਹਤ ਕਰਦੇ ਰਹੇ ਤੇ ਹਵਾ ਦੇਂਦੇ ਰਹੇ ਨੇ। ਜੇ ਅਸਾਂ ਭਵਿੱਖ ਵਿਚ ਵੀ ਇਸ ਗੱਲ ਵੱਲ ਸਖਤੀ ਨਾਲ ਧਿਆਨ ਨਾ ਦਿੱਤਾ ਤਾਂ ਫਿਰ ਇਸਤਰਾਂ ਦੇ ਲੋਕ ਪੰਥ ਨੂੰ ਜੀਵਨ ਦੇ ਹਰ ਮੋੜ ਉੱਪਰ ਗੁਮਰਾਹ ਕਰਦੇ, ਕੁਰਾਹੇ ਪਾਉਂਦੇ ਅਤੇ ਇਸਦੀ ਆਜ਼ਾਦ ਤੇ ਵਲੱਖਣ, ਹਸਤੀ ਦੇ ਨਿਆਰੇਪਣ ਉੱਪਰ ਵਦਾਨੀ ਸੱਟਾਂ ਤੇ ਮਾਰਾਂ ਮਾਰਦੇ ਰਹਿਣਗੇ। ਗੁਰੂਸਾਹਿਬਾਨ ਨੇ ਗੁਰਬਾਣੀ ਅੰਦਰ ਸਾਨੂੰ ਥਾਂ ਥਾਂ ਉੱਪਰ ਸੰਗਤ ਦੀ ਮਹੱਤਤਾ ਤੇ ਵਡਿਆਈ ਬਾਰੇ ਬੜੀ ਹੀ ਵਿਸ਼ਾਲ ਤੇ ਬਹੁ ਪੱਖੀ ਰੂਪ ਵਿਚ ਜਾਣਕਾਰੀ ਦਿੱਤੀ ਹੈ। ਇਸ ਲਈ ਸੰਗਤ ਤੇ ਸਰਬੱਤ ਖਾਲਸਾ ਦੀ ਵਡਿਆਈ ਤੇ ਸ਼ਕਤੀ ਬਾਰੇ ਸਾਨੂੰ ਸਭਨਾਂ ਨੂੰ ਹਰ ਪੱਖੋਂ ਪੂਰੀ ਤਰਾਂ ਨਾਲ ਜਾਣੂ ਤੇ ਸੁਚੇਤ ਹੋਣਾ ਚਾਹੀਦਾ ਹੈ। ਇਸ ਵਾਸਤੇ ਕਿਸੇ ਵੀ ਵਿਅਕਤੀ ਨੂੰ ਪੰਥਕ ਜ਼ੁਮਾਵਾਰੀਆਂ ਸੋਂਪਣ ਦੇ ਸਬੰਧ ਵਿਚ ਉਸਦੀ ਚੋਣ ਕਰਨ ਲੱਗਿਆਂ ਜਿਥੇ ਸਾਨੂੰ ਬੜੀ ਡੂੰਘੀ ਨਜ਼ਰ ਤੇ ਦੂਰ ਦ੍ਰਿਸ਼ਟੀ ਤੋਂ ਕੰਮ ਲੈਣਾ ਚਾਹੀਦਾ ਹੈ ਉਥੇ ਐਸੇ ਵਿਅਕਤੀ ਦੀ ਸੋਚ ਨੀਤੀ ਤੇ ਉਸਦੇ ਸੇਵਾ-ਖੇਤਰ ਅੰਦਰ ਨਿਭਾਹੇ ਜਾ ਚੁੱਕੇ ਤੇ ਨਿਭਾਹੇ ਜਾ ਰਹੇ ਕਾਰਜ-ਕਰਮ ਬਾਰੇ ਡੂੰਘੀ ਘੋਖ ਵਿਚਾਰ ਕਰਨੀ ਚਾਹੀਦੀ ਹੈ; ਕਿਉਂਕਿ ਇਸਤਰਾਂ ਕਰਨਾ ਸਾਡਾ ਫਰਜ਼ ਵੀ ਹੈ ਤੇ ਧਰਮ ਵੀ ਬਣਦਾ ਹੈ। ਜੇ ਕੋਈ ਆਗੂ ਸੇਵਾ, ਘਾਲਨਾ ਤੇ ਕੁਰਬਾਨੀ ਦੇ ਖੇਤਰ ਵਿਚ ਸਾਧ ਸੰਗਤ ਜਾਂ ਸਰਬਤ ਖਾਲਸੇ ਦੀ ਕਸਵਟੀ ਉੱਪਰ ਪੂਰਿਆਂ ਉਤਰਦਾ ਦਿਖਾਈ ਨਹੀਂ ਦੇਂਦਾ ਤਾਂ ਉਸ ਹਾਲਤ ਵਿਚ ਉਸ ਵਿਅਕਤੀ ਨੂੰ ਓਸ ਪਦਵੀ ਲਈ ਨਹੀਂ ਚੁਨਣਾ ਚਾਹੀਦਾ ਤੇ ਜੇ ਚੁਣਿਆ ਹੋਇਆ ਹੈ ਤਾਂ ਉਸਨੂੰ ਉਸ ਪਦਵੀ ਤੋਂ ਮੁਕਤ ਕਰ ਦੇਣਾ ਚਾਹੀਦਾ ਹੈ।

ਸਾਧ ਸੰਗਤ ਦੀ ਸ਼ਕਤੀ ਤੇ ਪ੍ਰਭਾਵ ਦਾ ਕੁੰਡਾ ਹਰ ਜਥੇਦਾਰ ਤੇ ਆਗੂ ਉੱਪਰ ਹੋਣਾ ਅਤੀ ਅਵਸ਼ਿਕ ਹੈ। ਕਿਸੇ ਵੀ ਪੰਥਕ ਆਗੂ ਨੂੰ ਇਹ ਜੁਰਅਤ ਤੇ ਦਲੇਰੀ ਨਹੀਂ ਹੋਣੀ ਚਾਹੀਦੀ ਕਿ ਉਹ ਪੰਥ ਨਾਲ ਧੋਖਾ, ਮਕਰ ਫਰੇਬ ਤੇ ਘਾਤ ਵੀ ਕਮਾਉਂਦਾ ਫਿਰੇ ਅਤੇ ਪੰਥ ਅੰਦਰ ਹਿੱਕ ਕੱਢ ਕੇ ਥਾਂ ਥਾਂ ਉੱਪਰ ਵਿਚਰਦੇ ਸਮੇਂ ਅੱਖਾਂ ਵੀ ਵਖਾਉਂਦਾ ਫਿਰੇ। ਜੋ ਸਿਧਾਂਤ ਦਾ ਵਫਾਦਾਰ ਨਹੀਂ ਉਹ ਕੌਮ ਦਾ

ਵਫਾਦਾਰ ਕਿਵੇਂ ਹੋਵੇਗਾ?

ਸਾਧ ਸੰਗਤ ਜੀ, ਮੇਰੀਆਂ ਇਨ੍ਹਾਂ ਸਾਫ ਤੇ ਖਰੀਆਂ ਗੱਲਾਂ ਕਰਕੇ ਹੀ ਪੰਥ ਦੇ ਕੁਝ ਕੁ ਹਿੰਦੂ ਪ੍ਰਸਤ ਅਕਾਲੀ ਆਗੂ ਦਾਸ ਨੂੰ ਸਰਕਾਰ ਦਾ ਏਜੰਟ ਦਸਣ ਲੱਗ ਜਾਂਦੇ ਨੇ। ਅੱਜ ਕੱਲ ਤਾਂ ਇਨ੍ਹਾਂ ਆਗੂਆਂ ਵਲੋਂ ਇਹ ਪਰਚਾਰ ਵੀ ਬੜੇ ਜ਼ੋਰ ਸ਼ੋਰ ਨਾਲ ਕਰਵਾਇਆ ਜਾ ਰਿਹਾ ਹੈ ਕਿ ਭਿੰਡਰਾਂਵਾਲੇ ਨੇ ਅੱਜ ਤੱਕ ਪੰਥ ਲਈ ਆਪ ਕੀ ਕੀਤਾ ਹੈ? ਅਸੀਂ ਤਾਂ ਪੰਥ ਦੀ ਖਾਤਰ ਧਰਮ ਯੁੱਧ ਮੋਰਚੇ ਦੌਰਾਨ ਦੋ ਲੱਖ ਤੋਂ ਉੱਤੇ ਸਿਖ ਜੇਹਲਾਂ ਵਿਚ ਭੇਜੇ ਨੇ, ਪਰ ਇਸ ਨੇ ਤਾਂ ਅਜੇ ਤੱਕ ਇਕ ਵੀ ਨਹੀਂ ਭਜਵਾਇਆ। ਸਾਡੇ ਤਾਂ ਇਸ ਮੋਰਚੇ ਦੌਰਾਨ ਪੰਜ ਸੋ ਤੋਂ ਉੱਤੇ ਉੱਤੇ ਸ਼ਹੀਦ ਹੋ ਗਏ ਨੇ ਇਹ ਦੱਸੇ ਕਿ ਇਸਦੇ ਜਥੇ ਦੇ ਕਿੰਨੇ ਸ਼ਹੀਦ ਹੋਏ ਨੇ?'

'ਖਾਲਸਾ ਜੀ, ਪਹਿਲੀ ਗੱਲ ਤਾਂ ਇਹ ਹੈ ਕਿ ਜਿਸ ਜਥੇ ਨੂੰ ਇਹ ਲੋਕ ਮੇਰਾ ਜਥਾ ਕਹਿੰਦੇ ਨੇ ਉਹ ਜਥਾ ਮੇਰਾ ਨਹੀਂ, ਕਿਉਂਕਿ ਜਥੇ ਦੇ ਸਾਰੇ ਸਿੰਘ ਉਸ ਟਕਸਾਲ ਦੇ ਸਿੰਘ ਨੇ ਜਿਸਨੂੰ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪ ਥਾਪਿਆ ਸੀ ਅਤੇ ਇਸਦੇ ਪਹਿਲੇ ਮੁਖੀ ਸ਼ਹੀਦ ਬਾਬਾ ਦੀਪ ਸਿੰਘ ਜੀ ਹੋਏ ਨੇ। ਦਾਸ ਤਾਂ ਟਕਸਾਲ ਦਾ ਚੋਹਦਵੇਂ ਥਾਂ ਉੱਪਰ ਜਥੇ ਦੇ ਸਿੰਘਾਂ ਵਲੋਂ ਚੁਣਿਆਂ ਹੋਇਆ ਇਕ ਸੇਵਕ ਹੈ ਅਤੇ ਪੰਥ ਦੇ ਚਰਨਾਂ ਦੀ ਧੂੜ ਹੋਣ ਦੇ ਨਾਤੇ ਉਹ ਸੇਵਾ ਨਿਭਾ ਰਿਹਾ ਹੈ ਜਿਸ ਸੇਵਾ ਨੂੰ ਨਿਭਾਉਣ ਦੀ ਜ਼ੁਮਾਂਵਾਰੀ ਸੱਚੇ ਪਾਤਸ਼ਾਹ ਦਸਮ ਪਿਤਾ ਮਹਾਰਾਜ ਨੇ ਟਕਸਾਲ ਨੂੰ ਸੌਂਪੀ ਸੀ। ਸਾਧ ਸੰਗਤ ਜੀ, ਇਹ ਆਗੂ ਕਹਿੰਦੇ ਨੇ ਭਿੰਡਰਾਂਵਾਲਾ ਪੰਥ ਲਈ ਕੀ ਕਰਦਾ ਹੈ? ਇਸ ਸੰਬੰਧ ਵਿਚ ਮੇਰਾ ਤਾਂ ਇਹ ਸਾਫ ਤੇ ਸਪਸ਼ਟ ਕਥਨ ਹੈ ਕਿ ਦਾਸ ਤਾਂ ਗੁਰੂ ਘਰ ਦਾ ਕੂਕਰ ਤੇ ਗੁਰੂ ਪੰਥ ਦੇ ਚਰਨਾਂ ਦੀ ਧੂੜ ਹੋਣ ਦੇ ਨਾਤੇ ਉਹ ਕੁਝ ਹੀ ਕਰਦਾ ਹੈ ਜੋ ਇਸ ਨੂੰ ਗੁਰੂਘਰ ਦੀ ਮੇਹਰ ਸਦਕਾ ਟਕਸਾਲ ਵਲੋਂ ਸੇਵਾ ਸੌਂਪੀ ਗਈ ਹੈ। ਮੇਰਾ ਕੰਮ ਹੈ ਕਥਾ ਕਰਨੀ ਤੇ ਕਥਾ ਕਰਵਾਉਣੀ, ਸਿੰਘ ਸਜਾਉਣੇ ਤੇ ਸਿੱਖੀ ਦਾ ਪਰਚਾਰ ਕਰਨਾ, ਸਿਖ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲੜ ਲਾਉਣਾ ਅਤੇ ਗੁਰੂ ਘਰ ਨਾਲੋਂ ਟੁੱਟੇ ਦੰਭੀਆਂ, ਪਾਖੰਡੀਆਂ ਤੇ ਆਪ ਆਪਣੇ ਡੇਰਿਆਂ ਮੱਠਾਂ ਵਿਚ ਅਡੰਬਰ ਰਚਾ ਕੇ ਗੁਰੂ ਬਣੀ ਬੈਠੇ ਪੰਥ ਦੋਖੀਆਂ ਦੇ ਜਾਲ ਵਿਚ ਫਸਣ ਤੋਂ ਬਚਣ ਲਈ ਸੰਗਤਾਂ ਵਿਚ ਵਿਚਰਦਿਆਂ ਹੋਇਆਂ ਹੋਕਾ ਦੇਣਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਅਦਬ ਨੂੰ ਕਾਇਮ ਰਖਣਾ ਅਤੇ ਜਿਨਾਂ ਲੋਕਾਂ ਨੇ ਬੇਗੁਨਾਹ ਸਿਖਾਂ ਦੇ ਲਹੂ ਵਿਚ ਹੱਥ ਰੰਗੇ ਨੇ, ਸਾਡੀਆਂ ਧੀਆਂ ਭੈਣਾਂ ਤੇ ਮਾਈਆਂ ਬੀਬੀਆਂ ਦੀ ਇਜ਼ਤ ਪੱਤ ਨੂੰ ਹੱਥ ਪਾਇਆ ਅਤੇ ਜਿਨ੍ਹਾਂ ਲੋਕਾਂ ਨੇ ਸਿੰਘ ਕੌਮ ਦੇ ਹੱਕ ਖੋਹ ਰੱਖੇ ਨੇ ਉਹਨਾਂ ਲੋਕਾਂ ਨੂੰ ਸੋਧਨਾ ਅਤੇ ਪੰਥ ਦੇ ਹੱਕ ਲੈਣ ਲਈ ਸਿੰਘ ਤੇ ਸਿਖ ਨੌਜਵਾਨਾਂ ਨੂੰ ਲੜੀ ਵਿਚ ਪਰੋਣਾ ਤੇ ਜਥੇਬੰਦ ਕਰਨਾ। ਸਿਖ ਨੌਜਵਾਨਾਂ ਅੰਦਰ ਗੁਰੂ ਘਰ ਵੱਲੋਂ ਦੱਸੇ ਹੋਏ ਮਾਰਗ ਉਪਰ ਪੂਰਨ ਦ੍ਰਿੜਤਾ ਨਾਲ ਨ੍ਰਿਤਰ ਰੂਪ ਵਿਚ ਚਲਦੇ ਰਹਿਣ ਦੀ ਭਾਵਨਾ ਜਗਾਉਣੀ ਅਤੇ ਉਹਨਾਂ ਨੂੰ ਆਉਣ ਵਾਲੇ ਸਮੇਂ ਵਿਚ ਕੌਮ ਦੀ ਵਾਗ ਡੋਰ ਸੰਭਾਲਣ ਤੇ ਪੰਥ ਪ੍ਰਤੀ ਜ਼ਿਮਾਂਵਾਰੀਆਂ ਨੂੰ ਸਮਝਣ ਤੇ ਪਰਵਾਨ ਚੜ੍ਹਾਉਣ ਦੇ ਰਾਹ ਪਾਉਣਾ, ਉਹਨਾਂ ਨੂੰ ਥਾਂ ਥਾਂ ਉੱਪਰ ਜਥੇਬੰਦ ਕਰਨਾ ਤੇ ਹਥਿਆਰਬੰਦ ਹੋਣ ਲਈ ਕਹਿਣਾ, ਪੰਥ ਤੇ ਹਾਵੀ ਹਿੰਦੂਆਂ ਵਲੋਂ ਪਾਈਆਂ ਹੋਈਆਂ ਤੇ ਕੱਸੀਆਂ ਜਾ ਰਹੀਆਂ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜਨ ਲਈ ਮੈਦਾਨ ਵਿਚ ਉਤਰਨ ਅਤੇ ਖਾਲਸਾਈ ਸ਼ਾਨ ਨੂੰ ਕਾਇਮ ਕਰਨ ਲਈ ਪ੍ਰੇਰਣਾ।

ਕੇਸਰੀ ਨਿਸ਼ਾਨ ਸਾਹਿਬ ਦੀ ਛਤਰ ਛਾਇਆ ਹੇਠ ਪੰਥ ਦੇ ਬੋਲ ਬਾਲੇ ਕਾਇਮ ਕਰਨ ਲਈ ਉਹਨਾਂ ਨੂੰ ਗੁਰੂ ਵਾਲੇ ਬਣਾਕੇ ਕੌਮ ਦੀ ਆਜ਼ਾਦੀ ਵਾਸਤੇ ਜੁਝਾਰੂ ਸਿੰਘ ਅਤੇ ਆਪਦੇ ਸ਼ਹੀਦ ਪੁਰਖਿਆਂ ਦੇ ਰਾਹ ਉੱਪਰ ਚਲਣ ਲਈ ਜ਼ੋਰ ਦੇ ਕੇ ਕਹਿਣਾ ਤੇ ਬੇਨਤੀ ਰੂਪ 'ਚ ਵੀ ਕਹਿਣਾ। ਗੁਰੂ



ਘਰ 'ਚ ਧਰਮ ਦੀ ਰਾਖੀ ਤੇ ਪੰਥ ਦੀ ਚੜ੍ਹਦੀ ਕਲਾ ਲਈ ਆਪਣੇ ਪਰਵਾਰ ਵਾਸਤੇ ਮਨੋ ਚਿੱਤੋਂ ਹੋਕੇ ਸੱਚੀ ਸੇਵਾ ਤੇ ਸ਼ਹੀਦੀ ਦੀ ਦਾਤ ਮੰਗਣੀ ਅਤੇ 'ਪੰਥ ਜੀਵੇ ਅਸੀਂ ਮਰੀਏ' ਦੀ ਭਾਵਨਾ ਨਾਲ ਮਨੋ ਤਨੋ ਜੁੜੇ ਹੋਏ ਜੁਝਾਰੂ ਸਿੰਘਾਂ ਦਾ ਡਟ ਕੇ ਸਾਥ ਦੇਣਾ ਅਤੇ ਖਾਲਸਾ ਪੰਥ ਦੀ ਇਸ ਜਨਮ ਭੂਮੀ ਨੂੰ ਜੀਉਂਦੇ ਸਵਰਗ ਦਾ ਰੂਪ ਦੇਣ ਦੇ ਮੰਤਵ ਨਾਲ ਪੰਥਕ ਆਜ਼ਾਦੀ ਦੇ ਘੋਲ ਨੂੰ ਤਿਖਿਆਂ ਕਰਨਾ ਤੇ ਲਗਾਤਾਰ ਸੰਘਰਸ਼ਸ਼ੀਲ ਰਹਿਣਾ ਅਤੇ ਖਾਲਸਾ ਪੰਥ ਦੀ ਜਨਮ ਭੂਮੀ ਪੰਜਾਬੀ ਸੂਬੇ ਤੇ ਇਸ ਨਾਲ ਹੋਰ ਲਗਦੇ ਸਿਖ ਇਲਾਕਿਆਂ ਤੋਂ ਹਿੰਦੂ ਰਾਜ ਦਾ ਗਲਬਾ ਤੇ ਕਬਜ਼ਾ ਖਤਮ ਕਰਨਾ ਤੇ ਆਪਣਾ ਹੱਕ ਵਾਪਸ ਲੈਣਾ।

ਗੁਰੂ ਰੂਪ ਸਾਜੀ ਨਵਾਜੀ ਸਾਧ ਸੰਗਤ ਜੀ, ਜੇ ਇਹ ਸਾਰੇ ਕੰਮ ਕਿਸੇ ਕਾਂਗਰਸੀ ਤੇ ਭਾਰਤ ਸਰਕਾਰ ਦੇ ਏਜੰਟ ਦੇ ਹੋ ਸਕਦੇ ਹਨ ਤਾਂ ਤੁਸੀਂ ਮੈਨੂੰ ਕਾਂਗਰਸੀ ਏਜੰਟ ਕਹਿ ਦਿਓ। ਇਹ ਹੁਣ ਤੁਸਾਂ ਦੱਸਣਾ ਹੈ ਕਿ ਮੈਂ ਕੀ ਹਾਂ, ਕੌਣ ਹਾਂ, ਕੀ ਕਰਦਾ ਹਾਂ, ਕੀ ਕਮਾਉਂਦਾ ਹਾਂ ਤੇ ਕਿਸਦਾ ਏਜੰਟ ਹਾਂ? ਖਾਲਸਾ ਜੀ, ਮੈਂ ਏਜੰਟ ਹਾਂ ਪਰ ਕਲਗੀਧਰ ਪਾਤਸ਼ਾਹ ਦਾ ਅਤੇ ਗੁਰੂ ਪੰਥ ਦਾ।' (ਜੈਕਾਰਾ)

ਆਓ ਹੁਣ ਇਸ ਗੱਲ ਦਾ ਨਿਰਣਾ ਵੀ ਕਰ ਲਈਏ ਕਿ ਧਰਮ ਯੁਧ ਮੋਰਚੇ ਵਿਚ ਕੁਰਬਾਨੀਆਂ ਤੇ ਸ਼ਹੀਦੀਆਂ ਕਿਸ ਨੇ ਦਿੱਤੀਆਂ ਨੇ? ਇਸ ਸੰਬੰਧ ਵਿਚ ਦਾਸ ਅਕਾਲੀ ਆਗੂਆਂ ਸਾਹਮਣੇ ਇਕ ਗੱਲ ਜ਼ਰੂਰ ਸਪਸ਼ਟ ਕਰ ਦੇਣੀ ਚਾਹੁੰਦਾ ਹੈ ਉਹ ਇਹ ਕਿ ਜੋ ਜੇਹਲਾਂ ਵਿਚ ਗਿਆ ਤਾਂ ਪੰਥ ਅਤੇ ਜੋ ਕੁਰਬਾਨੀਆਂ ਕੀਤੀਆਂ ਤੇ ਸ਼ਹੀਦੀਆਂ ਦਿੱਤੀਆਂ ਤਾਂ ਪੰਥ ਨੇ। ਮੈਂ ਇਨ੍ਹਾਂ ਆਗੂਆਂ ਤੋਂ ਪੁੱਛਦਾ ਹਾਂ ਕਿ ਪੰਥ ਕਿਸ ਦਾ ਹੈ? ਇਨ੍ਹਾਂ ਆਗੂਆਂ ਦਾ ਹੈ ਕਿ ਗੁਰੂ ਨਾਨਕ ਜੋਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਾਜਿਆ ਨਵਾਜਿਆ ਹੋਇਆ ਹੈ? ਪੰਥ ਨੇ ਅੱਜ ਤੱਕ ਜੋ ਵੀ ਕੁਰਬਾਨੀਆਂ ਕੀਤੀਆਂ ਤੇ ਸ਼ਹੀਦੀਆਂ ਦਿੱਤੀਆਂ ਨੇ ਉਹ ਗੁਰੂਘਰ ਦੇ ਮਾਰਗ ਉੱਪਰ ਚਲਦਿਆਂ ਹੋਇਆਂ ਧਰਮ ਦੀ ਰਾਖੀ, ਪੰਥ ਦੀ ਚੜ੍ਹਦੀ ਕਲਾ ਤੇ ਖਾਲਸਾ ਜੀ ਦੇ ਬੋਲ ਬਾਲੇ ਕਾਇਮ ਕਰਨ ਲਈ ਦਿੱਤੀਆਂ ਨੇ। ਅੱਜ ਵੀ ਖਾਲਸਾ ਪੰਥ ਜੋ ਕੁਰਬਾਨੀਆਂ ਤੇ ਸ਼ਹੀਦੀਆਂ ਦੇ ਰਿਹਾ ਹੈ ਉਹ ਕਿਸੇ ਆਗੂ ਜਾਂ ਵਿਅਕਤੀ ਦੇ ਮੁੱਖੜੇ ਨੂੰ ਅਤੇ ਜਾਂ ਉਸਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਤੇ ਮੀਸਨੀ ਤੋਰ ਨੂੰ ਵੇਖ ਸੁਣ ਕੇ ਨਹੀਂ ਦੇ ਰਿਹਾ, ਸਗੋਂ ਖਾਲਸਾ ਪੰਥ ਦੇ ਸਵੈਮਾਨ, ਬੋਲਬਾਲੇ ਅਤੇ ਇਸਦੇ ਧਰਮ, ਸਮਾਜ ਤੇ ਰਾਜ ਦੇ ਖੇਤਰ ਵਿਚ ਤੇਜ-ਤਪ ਨੂੰ ਕਾਇਮ ਰਖਣ ਲਈ, ਅਨੰਦ ਪੁਰ ਦੇ ਮਤੇ ਦੀ ਪੂਰਤੀ ਲਈ ਦੇ ਰਿਹਾ ਹੈ। ਪਰ ਜੇ ਇਹ ਅਕਾਲੀ ਆਗੂ ਹੁਣ ਅਨੰਦ ਪੁਰ ਦੇ ਮਤੇ ਨੂੰ ਵਿਚਕਾਰੇ ਛੱਡ ਕੇ ਟੋਪੀ ਵਾਲਿਆਂ ਦੀ ਸਰਕਾਰ ਨਾਲ ਕੋਈ ਝੂਠਾ ਸਮਝੌਤਾ ਕਰਨ ਦੀ ਕੋਸ਼ਿਸ਼ ਕਰਨਗੇ ਤਾਂ ਮੇਰਾ ਇਸ ਗੱਲ ਵਿਚ ਪੂਰਨ ਵਿਸ਼ਵਾਸ ਹੈ ਕਿ ਖਾਲਸਾ ਪੰਥ ਇਨ੍ਹਾਂ ਨੂੰ ਇਸ ਵਾਰੀ ਬਖਸ਼ੇਗਾ ਨਹੀਂ।' (ਜੈਕਾਰਾ)

'ਸਾਧ ਸੰਗਤ ਜੀ, ਆਪਾਂ ਜ਼ਰਾ ਹੁਣ ਇਸ ਗੱਲ ਦਾ ਨਿਰਣਾ ਕਰ ਲਈਏ ਕਿ ਕਾਂਗਰਸੀ ਏਜੰਟ ਤੇ ਹਿੰਦੂ ਸਾਮਰਾਜ ਦੇ ਚਹੇਤੇ ਤੇ ਪਿੱਠੂ ਕੌਣ ਨੇ ਅਤੇ ਉਹਨਾਂ ਦਾ ਅਸਲ ਰੂਪ ਕਿਨ੍ਹਾਂ ਗੱਲਾਂ ਤੋਂ ਪਛਾਣਿਆਂ ਜਾਂਦਾ ਹੈ?

ਅੱਜ ਸਾਰੀ ਕੌਮ ਦੇ ਸਾਹਮਣੇ ਇਹ ਗੱਲ ਸਪਸ਼ਟ ਹੈ ਕਿ ਦਰਬਾਰੀ ਲਾਲ (ਦਰਬਾਰਾ ਸਿੰਘ ਸਾਬਕਾ ਮੁਖ ਮੰਤਰੀ ਪੰਜਾਬ) ਦੇ ਦੋਹਵੇਂ ਹੱਥ ਭਰਵੇਂ ਰੂਪ ਵਿਚ ਸਿਖ ਨੌਜਵਾਨਾਂ ਤੇ ਅੰਮ੍ਰਿਤਧਾਰੀ ਸਿੰਘਾਂ ਦੇ ਲਹੂ ਵਿਚ ਰੰਗੇ ਹੋਏ ਨੇ, ਸਿਖ ਕੌਮ ਸਾਹਮਣੇ ਇਹ ਗੱਲ ਵੀ ਸਪਸ਼ਟ ਹੈ ਕਿ ਉਸਨੇ ਭਾਰਤ ਦੀ ਸੈਂਟਰ ਸਰਕਾਰ ਤੇ ਉਸਦੀ ਮਲਕਾ ਇੰਦਰਾ ਗਾਂਧੀ ਨਾਲ ਇਹ ਵਾਇਦਾ ਕਰ ਰੱਖਿਆ ਸੀ ਕਿ ਉਹ ਸਿੰਘਾਂ ਦੀ ਸੋਚ ਤੇ ਜ਼ਿੰਦਗੀ 'ਚੋਂ ਧਰਮ ਤੇ ਰਾਜਨੀਤੀ ਵਿਚਲੀ ਸਾਂਝ ਦੇ ਸੰਕਲਪ ਨੂੰ ਛਿੰਨ ਭਿੰਨ

ਅਰਥਾਤ ਤਹਿਸ ਨਹਿਸ ਕਰਕੇ ਰੱਖ ਦੇਵੇਂਗਾ। ਕਈ ਸਿੱਖ ਖਾਲਸਾ ਜੀ ਦੇ ਬੋਲ ਬਾਲੇ ਦੀ ਗੱਲ ਕਰਨ ਦੀ ਦਲੇਰੀ ਨਹੀਂ ਕਰ ਸਕੇਗਾ। ਕਿਸੇ ਵੀ ਸਿੱਖ ਜਥੇਬੰਦੀ ਨੂੰ ਰਾਜ ਕਰੇਗਾ ਖਾਲਸਾ, ਅਤੇ ਸਿੱਖ ਇਕ ਵੱਖਰੀ ਕੌਮ ਦਾ ਨਾਅਰਾ ਨਹੀਂ ਲਾਉਣ ਦੇਵੇਂਗਾ। ਖਾਲਿਸਤਾਨ-ਜ਼ਿੰਦਾਬਾਦ ਕਹਿਣ ਵਾਲਿਆਂ ਨੂੰ ਕੁਚਲ ਕੇ ਤੇ ਮਲੀਆ-ਮੇਟ ਕਰਕੇ ਰੱਖ ਦੇਵਾਂਗਾ। ਮਰਦਾ ਮਰ ਜਾਵਾਂਗਾ ਪਰ ਅਨੰਦਪੁਰ ਮਤੇ ਦੀ ਪੂਰਤੀ ਨਹੀਂ ਹੋਣ ਦੇਵਾਂਗਾ। ਜੋ ਵੀ ਕੋਈ ਸਿੱਖ ਹਥਿਆਰ ਰੱਖਣ ਜਾ ਹਥਿਆਰ ਜਮ੍ਹਾ ਕਰਨ ਦੀ ਗੱਲ ਕਰੇਗਾ ਉਸਦੇ ਗੋਰਮੇ ਪੀ ਜਾਵਾਂਗਾ ਤੇ ਉਸਦੇ ਖਾਨਦਾਨ ਤੇ ਪੀੜ੍ਹੀਆਂ ਤੱਕ ਨੂੰ ਸਬਕ ਸਿਖਾ ਦਿਆਂਗਾ।'

'ਖਾਲਸਾ ਜੀ, ਇਸ ਦੁਸ਼ਟ ਨੇ ਆਪਣੀ ਚੀਫ ਮਨਿਸਟਰੀ ਦੇ ਦੌਰ ਵਿਚ ਇਹ ਗੱਲਾਂ ਕੀਤੀਆਂ ਹੀ ਨਹੀਂ ਸਨ, ਸਗੋਂ ਇਨ੍ਹਾਂ ਗੱਲਾਂ ਨੂੰ ਕਰਕੇ ਵਖਾਇਆ ਵੀ ਸੀ। ਅਰਥਾਤ ਸਿੱਖ ਕੌਮ ਦੀ ਆਵਾਜ਼ ਨੂੰ ਹਰ ਪੱਖੋਂ ਦਬਾਉਣ ਤੇ ਪੰਥ ਨੂੰ ਕੁਚਲਣ ਦੀ ਪੂਰੀ ਪੂਰੀ ਕੋਸ਼ਸ਼ ਕੀਤੀ ਸੀ। ਇਸ ਜ਼ਰਵਾਣੇ ਨੇ ਭਾਰਤ ਸਰਕਾਰ ਤੇ ਹਿੰਦੂਆਂ ਨੂੰ ਖੁਸ਼ ਕਰਨ ਦੇ ਮਨੋਰਥ ਨਾਲ ਪੰਜਾਬ ਪੁਲੀਸ ਦੇ ਅਫਸਰਾਂ ਨੂੰ ਉਚੇਚੀਆਂ ਹਦਾਇਤਾਂ ਦੇ ਦੇ ਕੇ ਸਿੱਖਾਂ ਨੂੰ ਗੋਲੀਆਂ ਦਾ ਨਸ਼ਾਨਾ ਬਣਵਾਇਆ, ਸਿੱਖਾਂ ਦੇ ਹੱਥਾਂ ਪੈਰਾਂ ਦੇ ਨੌਂਹ ਜੰਬੂਰਾਂਖਆਂ ਨਾਲ ਲੁਹਾਏ ਗਏ, ਸਿੱਖਾਂ ਦੇ ਅੰਗ ਅੰਗ ਤੁੜਵਾਏ ਤੇ ਅੱਖਾਂ ਵਿਚ ਸੰਗੀਨਾਂ ਦੀਆਂ ਨੋਕਾਂ ਉਤਰਵਾਈਆਂ, ਗੁਰੂ ਦੀ ਨਗਰੀ ਅੰਮ੍ਰਿਤਸਰ ਦੇ ਅੰਦਰ ਪੁਲੀਸ 'ਤੇ ਸਿੱਖਾਂ ਦੇ ਚੇਹਰਿਆਂ ਦੇ ਰੂਪ ਰੰਗਤ ਤੇ ਕੁਲੋਇ ਵਗਾੜ ਦੇਣ ਦੇ ਹੁਕਮ ਚਾਹੜੇ। ਇਸਦੇ ਦੌਰ ਵਿਚ ਸਿੱਖਾਂ ਨੂੰ ਛਤਾਂ ਨਾਲ ਪੁਠਿਆਂ ਟੰਗ ਟੰਗ ਕੇ ਉਹਨਾਂ ਨੂੰ ਪਾਣੀ ਦੇ ਭਰੇ ਹੋਏ ਟਬਾਂ ਵਿਚ ਗੋਤੇ ਦੇ ਕੇ ਮੌਤ ਦੇ ਘਾਟ ਉਤਰਵਾਇਆ ਗਿਆ। ਅੰਮ੍ਰਿਤਧਾਰੀ ਸਿੱਖਾਂ ਨੂੰ ਕਈ ਕਈ ਦਿਨ ਅਲਫ ਨੰਗਿਆਂ ਰੱਖ ਰੱਖ ਕੇ ਉਹਨਾਂ ਦੇ ਮੂੰਹਾਂ ਨੂੰ ਗੰਦ ਦੇ ਤੋਬਰੇ ਚਾਹੜੇ ਜਾਂਦੇ ਰਹੇ ਅਤੇ ਬਹੁਤਿਆਂ ਨੂੰ ਇਸ ਪਰਕਾਰ ਦੇ ਵਹਿਸ਼ੀਆਨਾ ਢੰਗ ਨਾਲ ਤਸੀਹੇ ਦੇਣ ਤੋਂ ਪਿਛੋਂ ਝੂਠੇ ਪੁਲੀਸ ਮੁਕਾਬਲੇ ਵਖਾ ਵਖਾ ਕੇ ਸ਼ਹੀਦ ਕਰ ਦਿੱਤਾ ਜਾਂਦਾ ਰਿਹਾ। ਖਾਲਸਾ ਜੀ, ਇਥੇ ਹੀ ਬਸ ਨਹੀਂ ਸਗੋਂ ਬਹੁਤ ਸਾਰੇ ਸਿੱਖਾਂ ਨੂੰ ਕਈ ਕਈ ਦਿਨ ਤੇ ਮਹੀਨੇ ਪੁਲੀਸ ਦੀ ਹਰਾਸਤ ਵਿਚ ਰਖਣ ਤੋਂ ਪਿਛੋਂ ਮੌਤ ਦੇ ਘਾਟ ਉਤਾਰ ਕੇ ਰਾਜਸਥਾਨ ਵੱਲ ਜਾਂਦੀਆਂ ਨਹਿਰਾਂ ਵਿਚ ਰੋਹੜ ਰੋਹੜ ਕੇ ਉਹਨਾਂ ਦਾ ਖੁਰਾ ਖੋਜ ਤੱਕ ਮਿਟਾ ਦਿੱਤਾ ਗਿਆ।'

'ਸਾਧ ਸੰਗਤ ਜੀ, ਇਹ ਦੁਖ ਭਰੀਆਂ ਤੇ ਦਰਦ ਭਰੀਆਂ ਗੱਲਾਂ ਮੈਨੂੰ ਏਸ ਕਰਕੇ ਦੱਸਣੀਆਂ ਪਈਆਂ ਨੇ ਕਿ ਜਿਸ ਦਰਬਾਰੀ ਲਾਲ ਦੇ ਅਹਿਦ ਵਿਚ ਸਿੱਖ ਕੌਮ ਨਾਲ ਏਨਾ ਕੁਝ ਹੋਇਆ ਤੇ ਵਾਪਰਿਆ ਉਸਨੇ ਜਦ ਚੰਡੀਗੜ੍ਹ ਵਿਖੇ ਆਪਣੇ ਘਰ ਵਿਚ ਅਕਾਲੀ ਵਿਧਾਨ ਸਭਾਈ ਮੈਂਬਰਾਂ ਨੂੰ ਖਾਣੇ ਦੀ ਦਾਅਵਤ ਦਿੱਤੀ ਤਾਂ ਇਹ ਸਾਰੇ ਦੇ ਸਾਰੇ ਮੈਂਬਰ, ਸਿਰਫ ਇਕ ਮੈਂਬਰ ਤੋਂ ਬਿਨਾਂ, ਇਕ ਦੂਸਰੇ ਤੋਂ ਅੱਗੇ ਹੋ ਹੋ ਕੇ ਉਸ ਵਲੋਂ ਪਰੋਸੀ ਹੋਈ ਦਾਅਵਤ ਖਾਣ ਵਾਸਤੇ ਉਸਦੇ ਘਰ ਪਹੁੰਚ ਗਏ। ਹੁਣ ਤੁਸੀਂ ਆਪ ਹੀ ਦਸੋ ਕਿ ਇਨ੍ਹਾਂ ਦੀ ਇਸ ਤੋਂ ਵਧ ਬੇਗੈਰਤੀ, ਜ਼ਲਾਲਤ ਤੇ ਨੀਚਤਾ ਹੋਰ ਕੀ ਹੋ ਸਕਦੀ ਹੈ? ਇਨ੍ਹਾਂ ਨੂੰ ਕੋਈ ਪੁੱਛੇ ਕਿ ਇਹ ਉਥੇ ਸ਼ਹੀਦ ਸਿੱਖਾਂ ਦੇ ਲਹੂ ਦੇ ਘੁੱਟ ਭਰਨ ਗਏ ਸੀ? ਕੀ ਇਹ ਖਾਲਸਾ ਪੰਥ ਦੇ ਦੁਸ਼ਮਨਾਂ ਤੇ ਵੈਰੀਆਂ ਦੇ ਪਿਠੂ ਤੇ ਹਥਠੋਕੇ ਦਰਬਾਰੀ ਲਾਲ ਨੂੰ ਇਹ ਦੱਸਣ ਗਏ ਸੀ ਕਿ ਅਸੀਂ ਮਨੋ ਤਨੋ ਭਾਰਤ ਸਰਕਾਰ ਦੇ ਨਾਲ ਹਾਂ। ਬਸ, ਬੀਬੀ ਇੰਦਰਾ ਗਾਂਧੀ ਸਾਡੀਆਂ ਥੋੜੀਆਂ ਬਹੁਤ ਮੰਗਾਂ ਮੰਨ ਲਵੇ, ਬਾਕੀ ਅਸੀਂ ਪੰਥ ਦੀ ਆਪੇ ਤਸੱਲੀ ਕਰਵਾ ਦਿਆਂਗੇ।'

'ਸਿੰਘੋ ਜੇ ਇਨ੍ਹਾਂ ਅਕਾਲੀ ਵਧਾਇਕਾਂ ਨੂੰ ਵਾਹਿਗੁਰੂ ਦਾ, ਗੁਰੂ ਘਰ ਦਾ ਤੇ ਖਾਲਸਾ ਪੰਥ ਦਾ ਥੋੜਾ ਬਹੁਤ ਵੀ ਡਰ ਭੌ ਹੁੰਦਾ ਤਾਂ ਫਿਰ ਇਹ ਏਦਾਂ ਹੀ ਕਰਦੇ?



ਖਾਲਸਾ ਜੀ, ਇਨ੍ਹਾਂ ਅਕਾਲੀ ਆਗੂਆਂ ਨੇ ਅੱਜ ਤੱਕ ਜਿੰਨੀਆਂ ਗੱਲਾਂ ਮੇਰੇ ਵਿਰੁਧ ਕੀਤੀਆਂ ਉਸ ਸਭ ਕੁਝ ਨੂੰ ਚੁੱਪ ਕਰਕੇ ਬਰਦਾਸ਼ਤ ਕਰ ਜਾਣਾ ਮੇਰਾ ਹੀ ਕੰਮ ਸੀ। ਇਸ ਵੇਲੇ ਉਹ ਗੱਲਾਂ ਮੈਂ ਇਥੇ ਇਸ ਕਰਕੇ ਨਹੀਂ ਦੱਸਣੀਆਂ ਚਾਹੁੰਦਾ ਕਿ ਉਹ ਗੱਲਾਂ ਤੁਹਾਥੋਂ ਬਰਦਾਸ਼ਤ ਨਹੀਂ ਹੋਣੀਆਂ ਤੇ ਤੁਸੀਂ ਕਿਧਰੇ ਹੁਣੇ ਹੀ ਅਕਾਲੀ ਆਗੂਆਂ ਦੇ ਦੁਆਲੇ ਨਾ ਜਾ ਹੋਵੋ। ਮੈਂ ਬੜੀ ਲੰਮੀ ਸੋਚ ਵਿਚਾਰ ਤੋਂ ਕੰਮ ਲੈ ਕੇ ਤੇ ਸਮੇਂ ਦੀ ਨਜ਼ਾਕਤ ਨੂੰ ਵੇਖਕੇ ਚੁੱਪ ਰਹਿਣ ਲਈ ਇਸ ਕਰਕੇ ਮਜਬੂਰ ਹਾਂ ਕਿ ਕਿਧਰੇ ਲੜਾਈ ਪੰਥ ਦੇ ਅੰਦਰ ਨਾ ਸ਼ੁਰੂ ਹੋ ਜਾਵੇ ਅਤੇ ਪੰਥ ਦੇ ਇਨ੍ਹਾਂ ਆਗੂਆਂ ਨੂੰ ਇਹ ਕਹਿਣ ਦਾ ਬਹਾਨਾ ਹੱਥ ਲੱਗ ਜਾਵੇ ਕਿ ਧਰਮ ਯੁੱਧ ਮੋਰਚਾ ਭਿੰਡਰਾਂਵਾਲੇ ਕਰਕੇ ਫੇਹਲ ਹੋ ਰਿਹਾ ਹੈ। ਇਨ੍ਹਾਂ ਸਭਨਾਂ ਗੱਲਾਂ ਦਾ ਆਪ ਨੂੰ ਥੋੜੇ ਸਮੇਂ ਤੱਕ ਆਪਣੇ ਆਪ ਹੀ ਪਤਾ ਲੱਗ ਜਾਵੇਗਾ। ਦਾਸ ਨਹੀਂ ਚਾਹੁੰਦਾ ਕਿ ਇਹ ਅਕਾਲੀ ਆਗੂ ਆਪਣੀਆਂ ਕਮਜ਼ੋਰੀਆਂ ਤੇ ਨਾਕਾਮੀਆਂ ਦਾ ਪੱਕਾ ਭਾਂਡਾ ਮੇਰੇ 'ਤੇ ਭੰਨਣ ਤੇ ਇਸਤਰਾਂ ਨਾਲ ਪੰਥ ਅੰਦਰ ਭੁਲੇਖੇ ਪਾਉਣ ਤੇ ਇਤਹਾਸਕ ਸੱਚ ਨੂੰ ਲੁਕਾਉਣ ਅਤੇ ਗਲਤ ਰੰਗ ਵਿਚ ਪੇਸ਼ ਕਰਨ ਦੀ ਚਾਲ ਵਿਚ ਸਫਲ ਹੋ ਜਾਣ। ਸਮਾ ਆਉਣ ਦਿਓ ਅਕਾਲੀ ਜਥੇਦਾਰਾਂ ਚੋਂ ਹੀ ਕੁਝ ਜਥੇਦਾਰ ਆਪ ਤੁਹਾਨੂੰ ਦੱਸਣਗੇ ਕਿ ਇਨ੍ਹਾਂ ਵੱਡੇ ਅਕਾਲੀ ਆਗੂਆਂ ਨੇ ਧਰਮ ਯੁੱਧ ਮੋਰਚੇ ਨੂੰ ਅਤੇ ਸਿੱਖ ਕੌਮ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਨੂੰ ਕੌਮ ਦੇ ਵੈਰੀਆਂ ਦੁਸ਼ਮਨਾਂ ਦੇ ਹੱਥੀਂ ਵੇਚਣ ਲਈ ਉਹਨਾਂ ਨਾਲ ਕੀ ਕੀ ਸੌਦੇਬਾਜ਼ੀਆਂ ਕੀਤੀਆਂ ਨੇ, ਕੀ ਕੀ ਸਲਾਹ ਮਸ਼ਵਰੇ ਕੀਤੇ ਅਤੇ ਕੀ ਕੀ ਸਾਜ਼ਸ਼ਾਂ ਘੜੀਆਂ ਨੇ। ਇਹ ਸਾਰੀਆਂ ਗੱਲਾਂ ਛੇਤੀ ਹੀ ਪੰਥ ਦੇ ਸਾਹਮਣੇ ਆ ਜਾਣਗੀਆਂ ਕਿ ਅਕਾਲੀ ਆਗੂਆਂ ਤੇ ਭਾਰਤ ਸਰਕਾਰ ਵਿਚਕਾਰ ਕੀ ਗੱਲਾਂ ਬਾਤਾਂ ਹੋਈਆਂ ਤੇ ਕਿਹੜੇ ਕਿਹੜੇ ਪੰਥ ਮਾਰੂ ਫੈਸਲੇ ਹੋਏ ਨੇ।

ਸਿੰਘੋ, ਜੇ ਦਾਸ ਸਮੇਂ ਸਮੇਂ ਉੱਪਰ ਆਪਣੇ ਥੋੜੇ ਬਹੁਤੇ ਵਿਚਾਰ ਸਾਧ ਸੰਗਤ ਸਾਹਮਣੇ ਪੇਸ਼ ਨਾ ਕਰਦਾ ਰਹਿੰਦਾ ਤਾਂ ਇਹ ਆਗੂ ਸਿੱਖ ਪੰਥ ਨਾਲ ਕਦੋਂ ਦਾ ਵਿਸ਼ਵਾਸ਼ ਘਾਤ ਕਰ ਗਏ ਹੁੰਦੇ। ਇਨ੍ਹਾਂ ਦਾ ਸੁਰਜੀਤ ਸਿੰਘ ਬਰਨਾਲਾ ਤਾਂ ਐਲਾਨੀਆਂ ਤੌਰ 'ਤੇ ਇਹ ਗੱਲ ਕਹਿੰਦਾ ਰਿਹਾ ਹੈ ਕਿ 'ਪੰਥ ਦਾ ਕੀ ਏ ਫੈਸਲਾ ਤਾਂ ਹਮੇਸ਼ਾਂ ਆਗੂਆਂ ਨੇ ਆਪ ਹੀ ਆਪਣੀ ਮਰਜ਼ੀ ਨਾਲ ਕਰਨਾ ਹੁੰਦਾ ਹੈ। ਜੇ ਆਗੂਆਂ ਦਾ ਫੈਸਲਾ ਪੰਥ ਨੂੰ ਨਾ ਵੀ ਭਾਏਗਾ ਤਾਂ ਆਪੇ ਦੋ ਚਾਰ ਦਿਨ ਰੌਲਾ ਰੱਪਾ ਪਾ ਕੇ ਬੈਠ ਜਾਏਗਾ।' ਸੁਰਜੀਤ ਸਿੰਘ ਬਰਨਾਲੇ ਨੇ ਇਹ ਗੱਲ ਸਮੁੰਦਰੀ ਹਾਲ ਵਿਚ ਜਥੇਦਾਰਾਂ ਦੇ ਭਰੇ ਇਜਲਾਸ ਵਿਚ ਕਹੀ ਸੀ ਤੇ ਉਸ ਤੋਂ ਪਿਛੋਂ ਵੀ ਕਈ ਥਾਵਾਂ, ਤੇ ਕਹਿ ਚੁੱਕਾ ਹੈ।

ਸਾਧ ਸੰਗਤ ਜੀ, ਹੁਣ ਤੁਸੀਂ ਹੀ ਦਸੋ ਕਿ ਜਿਹੜੇ ਲੋਕ ਆਪਣੀ ਜ਼ਾਤ ਨੂੰ ਪੰਥ ਨਾਲੋਂ ਉੱਚਿਆਂ ਤੇ ਸ਼ਕਤੀਸ਼ਾਲੀ ਸਮਝੀ ਬੈਠੇ ਨੇ ਉਹ ਗੁਰੂਘਰ ਦੀ ਵਿਚਾਰਧਾਰਾ, ਖਾਲਸਾ ਪੰਥ ਦੀਆਂ ਰਵਾਇਤਾਂ ਅਤੇ 'ਰਾਜ ਕਰੇਗਾ ਖਾਲਸਾ' ਤੇ ਖਾਲਸਾ ਜੀ ਦੇ ਬੋਲ ਬਾਲੇ ਦੇ ਸੰਕਲਪਾਂ ਪ੍ਰਤੀ ਵਫਾਦਾਰ ਕਿਵੇਂ ਹੋ ਸਕਦੇ ਨੇ? ਜਦ ਤੱਕ ਖਾਲਸਾ ਪੰਥ ਦੀ ਧਰਮ ਤੇ ਰਾਜ ਦੇ ਖੇਤਰ ਵਿਚ ਵਾਗ ਡੋਰ ਇਸਤਰਾਂ ਦੇ ਵਿਅਕਤੀਆਂ ਦੇ ਹੱਥਾਂ ਵਿਚ ਰਹੇਗੀ ਉਸ ਸਮੇਂ ਤੱਕ ਸਿੱਖ ਕੌਮ ਦੀਆਂ ਰੀਝਾਂ, ਇਛਾਵਾਂ, ਕੁਰਬਾਨੀਆਂ ਤੇ ਸ਼ਹੀਦੀਆਂ ਨਾਲ ਖਲਵਾੜ ਹੁੰਦੀ ਰਹੇਗੀ।

ਦਾਸ ਲੌਂਗੋਵਾਲ ਸਾਹਿਬ ਨੂੰ ਮਿਲ ਕੇ ਆਪਣੀ ਜ਼ਬਾਨੀ ਇਸ ਗੱਲ ਦਾ ਵਿਸ਼ਵਾਸ਼ ਤੇ ਭਰੋਸਾ ਦਵਾ ਚੁੱਕਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਥ ਦੀ ਚੜ੍ਹਦੀ ਕਲਾ ਤੇ ਇਸਦੇ ਬੋਲ ਬਾਲੇ ਕਾਇਮ ਕਰਨ ਲਈ ਜੋ ਵੀ ਫੈਸਲਾ ਲਏਗਾ ਦਾਸ ਉਸ ਨਾਲ ਤਨੋ ਮਨੋ ਸਹਿਮਤ ਤੇ ਸਹਿਯੋਗੀ ਹੋਵੇਗਾ। ਇਸ ਸਬੰਧ ਵਿਚ ਦਾਸ ਸਾਧ ਸੰਗਤ ਦੇ ਸਨਮੁੱਖ ਬਾਰ ਬਾਰ ਐਲਾਨ ਕਰ ਚੁੱਕਾ ਹੈ ਕਿ ਮੈਂ ਅਨੰਦ ਪੁਰ ਮਤੇ ਦੀ ਪ੍ਰਾਪਤੀ ਤੇ ਪੂਰਤੀ ਲਈ ਕੀਤੇ ਜਾਣ ਵਾਲੇ ਹਰ ਸੰਘਰਸ਼ ਤੇ ਘੋਲ ਲੜਨ ਪੱਖੋਂ ਪੂਰੀ

ਸੰਜੀਦਗੀ ਤੇ ਦ੍ਰਿੜਤਾ ਦੇ ਨਾਲ ਇਨ੍ਹਾਂ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਵਾਂਗਾ ਅਤੇ ਇਹ ਅਕਾਲੀ ਆਗੂ ਸ਼੍ਰੋਮਣੀ ਅਕਾਲੀ ਦਲ ਦੀ ਸਟੇਜ ਤੋਂ ਦਾਸ ਨੂੰ ਜਿਹੜੀ ਵੀ ਵਡੀ ਤੋਂ ਵਡੀ ਕੁਰਬਾਨੀ ਕਰਨ ਲਈ ਕਹਿਣਗੇ ਦਾਸ ਉਸਨੂੰ ਨਿਭਾਏਗਾ; ਪਰ ਇਨ੍ਹਾਂ ਨੇ ਮੇਰੀਆਂ ਇਨ੍ਹਾਂ ਗੱਲਾਂ ਵੱਲ ਧਿਆਨ ਦੇਣ ਦੀ ਬਜਾਏ ਅੰਦਰ ਖਾਨੇ ਸਰਕਾਰ ਨਾਲ ਗੁਪਤ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਇਸਦੇ ਨਾਲ ਨਾਲ ਮੇਰੇ ਖਿਲਾਫ ਭਖਵਾਂ ਤੇ ਜ਼ਹਿਰੀਲਾ ਪਰਚਾਰ ਸ਼ੁਰੂ ਕਰ ਦਿੱਤਾ। ਐਸੇ ਸਮੇਂ ਜੋ ਮੈਨੂੰ ਇਕ ਹੋਰ ਗੱਲ ਦੀ ਹੈਰਾਨੀ ਹੁੰਦੀ ਸੀ ਉਹ ਇਹ ਸੀ ਕਿ ਇਨ੍ਹਾਂ ਅਕਾਲੀ ਆਗੂਆਂ ਨੇ ਇਕ ਐਸੀ ਜਥੇਬੰਦੀ ਦੇ ਕੁਝ ਇਕ ਸਿੰਘਾਂ ਨੂੰ ਵੀ ਮੇਰੇ ਵਿਰੁਧ ਆਪਣੇ ਹੱਥਾਂ 'ਤੇ ਚੜ੍ਹਾ ਲਿਆ ਜੋ ਆਪਣੇ ਆਪ ਵਿਚ ਜੁਝਾਰੂ ਜਥੇਬੰਦੀ ਹੋਣ ਦਾ ਦਾਅਵਾ ਕਰਦੀ ਹੈ। ਪਰ ਖਾਲਸਾ ਜੀ, ਦਾਸ ਨੇ ਵੀ ਅਕਾਲੀ ਆਗੂਆਂ ਨੂੰ ਇਨ੍ਹਾਂ ਦੇ ਲੱਛਣ ਵੇਖਦਿਆਂ ਹੋਇਆਂ ਇਹ ਸੁਨੇਹਾ ਭੇਜ ਛੱਡਿਆ ਹੈ ਕਿ ਇਸ ਵਾਰੀ ਸਿੱਖ ਕੌਮ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਨੂੰ ਅਜਾਈਂ ਨਹੀਂ ਜਾਣ ਦਿੱਤਾ ਜਾਵੇਗਾ। ਇਸ ਲਈ ਫੈਸਲਾ ਜ਼ਰਾ ਸੰਭਲ ਕੇ ਤੇ ਸੋਚ ਕੇ ਕਰਨਾ।' (ਜੈਕਾਰਾ)

'ਸਾਧ ਸੰਗਤ ਜੀ, ਆਪ ਨੂੰ ਭਲੀ ਭਾਂਤ ਪਤਾ ਹੀ ਹੈ ਕਿ ਅਕਾਲੀ ਬਾਣੀ ਦੇ ਸੋਮੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਓਟ ਆਸਰੇ, ਸੱਚ ਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਸਭ ਗੁਰਧਾਮਾਂ ਤੋਂ ਸਮੁੱਚੇ ਮਾਨਵ ਸਮਾਜ ਨੂੰ ਆਤਮਕ, ਅਧਿਆਤਮਕ ਤੇ ਸਮਾਜਕ ਪੱਖੋਂ ਸਮਾਨ ਰੂਪ ਵਿਚ ਰੋਸ਼ਨੀ ਸ਼ਕਤੀ ਤੇ ਅਗਵਾਈ ਨਸੀਬ ਹੁੰਦੀ ਹੈ। ਖਾਲਸਾ ਪੰਥ ਲਈ ਤਾਂ ਇਹ ਮਹਾਨ ਪਵਿੱਤਰ ਅਸਥਾਨ ਜੀਵਨ ਸੋਮਾ ਨੇ, ਪਰ ਅੱਜ ਸਿੱਖ ਕੌਮ ਦੇ ਇਨ੍ਹਾਂ ਮਹਾਨ, ਪਵਿੱਤਰ ਤੇ ਇਤਿਹਾਸਕ ਗੁਰਧਾਮਾਂ ਦੁਆਲੇ ਜਿਵੇਂ ਕਿ ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ, ਐਲਾਨੀਆ ਤੌਰ 'ਤੇ ਨਾਕਾਬੰਦੀ ਤੇ ਮੋਰਚਾਬੰਦੀ ਕਰਵਾ ਰੱਖੀ ਹੈ। ਐਸੀ ਹਾਲਤ ਵਿਚ ਜੋ ਦਾਸ ਸੰਗਤਾਂ ਦੇ ਚਰਨਾਂ ਵਿਚ ਖਲੋ ਕੇ ਇਹ ਐਲਾਨ ਕਰਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤਾਂ ਇਹ ਆਗੂ ਮੈਨੂੰ ਚੁੱਪ ਰਹਿਣ ਦਾ ਹੁਕਮ ਚਾਹੜ ਦੇਂਦੇ ਨੇ। ਪਰ ਹੁਣ ਤਾਂ ਇਹ ਆਗੂ ਮੈਨੂੰ ਆਪਣੇ ਰਸਤੇ ਦਾ ਇਕ ਵੱਡਾ ਰੋੜਾ ਸਮਝ ਕੇ ਆਪਣੇ ਰਸਤੇ ਚੋਂ ਪੱਕੇ ਤੌਰ 'ਤੇ ਹਟਾਉਣ ਲਈ ਕਈ ਤਰ੍ਹਾਂ ਦੀਆਂ ਕੋਸ਼ਸ਼ਾਂ ਕਰਨ ਤੇ ਸਾਜ਼ਸ਼ਾਂ ਘੜਨ ਲੱਗ ਪਏ ਨੇ। ਆਪ ਸਭ ਦੇ ਸਾਹਮਣੇ ਅਰਥਾਤ ਸਮੁੱਚੇ ਸਿੱਖ ਜਗਤ ਦੇ ਸਾਹਮਣੇ ਇਹ ਗੱਲ ਸਪਸ਼ਟ ਹੋ ਚੁਕੀ ਹੈ ਕਿ ਸੁਰਿੰਦਰ ਸਿੰਘ ਸੋਢੀ ਜੋ ਜਥੇ ਦਾ ਇਕ ਯੋਧਾ ਸਿੰਘ ਸੀ ਉਸਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਗੁਰਚਰਨ ਸਿੰਘ ਨੇ ਕਤਲ ਕਰਵਾਇਆ ਹੈ। ਜਿਸ ਦਿਨ ਇਸ ਸੂਰਮੇ ਦਾ ਕਤਲ ਹੋਇਆ ਉਸ ਦਿਨ ਜਥੇ ਦੇ ਸਿੰਘਾਂ ਨੇ ਮੈਨੂੰ ਕਿਹਾ ਕਿ ਅਜੇ ਉਹਨਾਂ ਨੂੰ ਇਹ ਸਭ ਕੁਝ ਹੋਰ ਕਿੰਨਾ ਕੁ ਚਿਰ ਬਰਦਾਸ਼ਤ ਕਰਨਾ ਪਵੇਗਾ?'

ਦਾਸ ਦਾ ਸਿੰਘਾਂ ਨੂੰ ਜਵਾਬ ਸੀ ਕਿ 'ਆਪਾਂ ਅਜੇ ਵੱਡੀ ਧੀਰਜ ਤੇ ਸਬਰ ਤੋਂ ਕੰਮ ਲੈਣਾ ਹੈ, ਕਿਉਂਕਿ ਵਰਤਮਾਨ ਹਾਲਾਤ ਵਿਚ ਪੰਥ ਦੇ ਅੰਦਰ ਲੜਾਈ ਪਵਾਉਣ ਨਾਲੋਂ ਆਪਣੇ ਹੋਏ ਨੁਕਸਾਨ ਨੂੰ ਬਰਦਾਸ਼ਤ ਕਰ ਲੈਣ ਵਿਚ ਹੀ ਪੰਥ ਦਾ ਭਲਾ ਹੈ। ਮੋੜਵਾਂ ਉੱਤਰ ਤਾਂ ਇਕ ਛਿਣ ਪਲ ਵਿਚ ਹੀ ਦਿੱਤਾ ਜਾ ਸਕਦਾ ਹੈ ਪਰ ਇਸਦਾ ਲਾਭ ਇਸ ਸਮੇਂ ਪੰਥ ਦੇ ਦੁਸ਼ਮਨਾਂ ਤੇ ਦੋਖੀਆਂ ਨੂੰ ਜਾਏਗਾ। ਜਦੋਂ ਇਹ ਲੋਕ ਖਾਲਸਾ ਪੰਥ ਨਾਲ ਘਾਤ ਕਰਨ ਦੀ ਕੋਈ ਗੱਲ ਕਰਨਗੇ ਉਦੋਂ ਇਨ੍ਹਾਂ ਨਾਲ ਸਿੱਧੀ ਤਰ੍ਹਾਂ ਨਜਿੱਠ ਲਵਾਂਗੇ। ਇਸ ਤਰ੍ਹਾਂ ਅਸੀਂ ਪੰਥ ਦੀਆਂ ਨਜ਼ਰਾਂ ਵਿਚ ਝੂਠੇ ਨਹੀਂ ਹੋਵਾਂਗੇ ਤੇ ਪੰਥ ਨਾਲ ਘਾਤ ਕਰਨ ਵਾਲਿਆਂ ਦਾ ਅਸਲ ਰੂਪ ਵੀ ਪੰਥ ਦੇ ਸਾਹਮਣੇ ਨੰਗਾ ਹੋ ਜਾਏਗਾ। ਹੋਰ ਤੁਸੀਂ ਕਿਸੇ ਤਰ੍ਹਾਂ ਦੀ ਚਿੰਤਾ ਨਾ ਕਰੋ ਕਿਉਂਕਿ ਇਨ੍ਹਾਂ ਵਲੋਂ ਕੀਤੇ ਕਰਵਾਏ ਜਾ ਰਹੇ ਕਾਰੇ ਆਖਰ ਇਕ ਦਿਨ ਇਨ੍ਹਾਂ ਨੂੰ ਮਹਿੰਗੇ ਪੈਣਗੇ ਅਤੇ ਸਸਤੇ ਨਹੀਂ ਪੈਣ ਲੱਗੇ। ਇਸ ਕਰਕੇ ਤੁਸੀਂ ਅਜੇ ਸਬਰ



ਸੰਤੋਖ ਤੋਂ ਕੰਮ ਲਓ, ਸਮਾ ਆਉਣ 'ਤੇ ਇਹ ਲੋਕ ਐਸੀ ਮੌਤ ਮਰਨਗੇ ਕਿ ਦੁਨੀਆਂ ਦੇਖੇਗੀ ਤੇ ਪੰਥ ਇਹੋ ਜਿਹੇ ਕੌਮ ਘਾਤਕਾਂ ਤੇ ਲਾਲਸਾ ਗ੍ਰਸੇ ਆਗੂਆਂ ਨੂੰ ਤੇ ਇਹਨਾਂ ਦੇ ਹਵਾਰੀਆਂ ਨੂੰ ਮੁੜ ਕਦੀ ਮੂੰਹ ਨਹੀਂ ਲਾਏਗਾ। ਜੇ ਇਹ ਲੋਕ ਹੁਣ ਮਰ ਗਏ ਤਾਂ ਇਨ੍ਹਾਂ ਦਾ ਅਸਲ ਰੂਪ ਖਾਲਸਾ ਪੰਥ ਸਾਹਮਣੇ ਨੰਗਾ ਨਹੀਂ ਹੋਵੇਗਾ। ਵਾਹਿਗੁਰੂ 'ਤੇ ਭਰੋਸਾ ਰਖੋ ਤੇ ਖਾਲਸਾ ਪੰਥ ਨੂੰ ਇਨ੍ਹਾਂ ਦੀਆਂ ਨੀਤੀਆਂ ਤੇ ਇਰਾਦਿਆਂ ਤੋਂ ਨਾਲ-ਨਾਲ ਸੁਚੇਤ ਰੱਖੀ ਜਾਓ, ਵਾਹਿਗੁਰੂ ਭਲੀ ਕਰੇਗਾ। ਜੋ ਕੁਝ ਵੀ ਹੁੰਦਾ ਹੈ ਉਸਦੇ ਭਾਣੇ ਵਿਚ ਹੁੰਦਾ ਹੈ। ਉਹ ਅਕਾਲ ਪੁਰਖ ਬੜਾ ਬੇਅੰਤ ਹੈ ਤੇ ਜਾਣੀਜਾਣ ਹੈ। ਖਾਲਸਾ ਪੰਥ ਜਿਉਂ ਜਿਉਂ ਪੰਥਕ ਸਿਧਾਂਤ ਤੇ ਰਵਾਇਤਾਂ ਪ੍ਰਤੀ ਸੁਚੇਤ ਹੁੰਦਾ ਜਾਵੇਗਾ ਇਹ ਜਿਹੇ ਲੋਕਾਂ ਦੀ ਆਪਣੇ ਆਪ ਦੀ ਮੌਤ ਹੁੰਦੀ ਤੁਰੀ ਜਾਏਗੀ। ਇਸ ਵਾਰੀ ਪੰਥ ਇਨ੍ਹਾਂ ਦੇ ਕਿਸੇ ਵੀ ਗਲਤ ਤੇ ਆਪ ਹੁਦਰੇ ਫੈਸਲੇ ਨੂੰ ਨਾ ਹੀ ਪਰਵਾਨ ਕਰੇਗਾ ਤੇ ਨਾ ਹੀ ਬਰਦਾਸ਼ਤ ਕਰੇਗਾ। ਉਹ ਸਮਾ ਦੂਰ ਨਹੀਂ ਜਦੋਂ ਪੰਥ ਹੁਣ ਉਹਨਾਂ ਵਿਅਕਤੀਆਂ ਨੂੰ ਹੀ ਆਪਣਾ ਆਗੂ ਚੁਣਿਆਂ ਕਰੇਗਾ ਜਿੰਨ੍ਹਾਂ ਦਾ ਸੀਸ ਤੇ ਸਰਬਤਵ ਤੱਕ ਪੰਥ ਦੀ ਅਮਾਨਤ ਹੋਇਆ ਕਰਨਗੇ।

ਖਾਲਸਾ ਜੀ, ਇਹ ਜਥੇ ਦੇ ਸਿੰਘਾਂ ਦਾ ਸਬਰ ਸੰਤੋਖ ਤੇ ਪੰਥ ਨਾਲ ਪਿਆਰ ਹੀ ਸੀ ਕਿ ਉਹਨਾਂ ਨੇ ਦਾਸ ਦੀ ਬੇਨਤੀ ਉਪਰ ਸੁਰਿੰਦਰ ਸਿੰਘ ਸੋਢੀ ਦੇ ਕਤਲ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਵੱਲ ਮੂੰਹ ਨਹੀਂ ਸੀ ਕੀਤਾ। ਗੁਰਚਰਨ ਸਿੰਘ ਜੋ ਸ਼੍ਰੋਮਣੀ ਅਕਾਲੀ ਦਲ ਦਾ ਸਕੱਤਰ ਹੈ, ਨੇ ਚਾਰ ਜਣਿਆਂ ਨੂੰ ਕਤਲ ਕਰਨ ਦੀ ਸਾਜ਼ਸ਼ ਬਣਾਈ ਸੀ ਅਤੇ ਇਸ ਸਿਲਸਿਲੇ ਵਿਚ ਉਸਨੇ ਸਰਕਾਰ ਪਾਸੋਂ ਲੱਖਾਂ ਰੁਪਏ ਪੇਸ਼ਗੀ ਵਜੋਂ ਲਏ ਸਨ। ਸਾਧ ਸੰਗਤ ਜੀ ਜਿੰਨ੍ਹਾਂ ਨੂੰ ਕਤਲ ਕੀਤਾ ਜਾਣਾ ਸੀ ਉਹਨਾਂ ਵਿਚ ਸਭ ਤੋਂ ਪਹਿਲਾਂ ਨਾਮ ਦਾਸ ਦਾ ਸੀ ਅਤੇ ਬਾਕੀ ਦੇ ਤਿੰਨ ਨਾਮ, ਸੁਰਿੰਦਰ ਸਿੰਘ ਸੋਢੀ, ਸਵਰਨ ਸਿੰਘ ਜੋ ਦਾਸ ਦਾ ਭਤੀਜਾ ਹੈ ਤੇ ਡਰਾਈਵਰ ਬਿੰਦਰ ਸਿੰਘ ਸਨ। ਸੁਰਿੰਦਰ ਸਿੰਘ ਸੋਢੀ ਜੋ ਸ਼ਹੀਦ ਕਰ ਦਿੱਤਾ ਗਿਆ ਹੈ ਪੰਥ ਦੀ ਚੜ੍ਹਦੀ ਕਲਾ ਲਈ ਸਦਾ ਹੀ ਤਿਆਰ ਬਰ ਤਿਆਰ ਰਹਿਣ ਤੇ ਸੀਸ ਦੇਣ ਦੇ ਰਾਹ ਤੇ ਤੁਰਨ ਵਾਲਾ ਜੁਝਾਰੂ ਸਿੰਘ ਸੀ।

ਖਾਲਸਾ ਜੀ, ਤੁਸੀਂ ਜੇ ਇਸ ਸਮੇਂ ਚਾਹੋ ਤਾਂ ਆਪ ਜਾ ਕੇ ਵੇਖ ਸਕਦੇ ਹੋ ਕਿ ਗੁਰਚਰਨ ਸਿੰਘ ਸਕੱਤਰ, ਜਿਸਨੇ ਸੋਢੀ ਨੂੰ ਸ਼ਹੀਦ ਕਰਵਾਇਆ ਹੈ ਅਤੇ ਮੈਨੂੰ ਤੇ ਦੂਸਰੇ ਸਿੰਘਾਂ ਨੂੰ ਕਤਲ ਕਰਨ ਲਈ ਸਰਕਾਰ ਨਾਲ ਮਿਲਕੇ ਸਾਜ਼ਸ਼ ਬਣਾਈ ਸੀ, ਅੱਜ ਵੀ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕੋਲ [illegible]ਾਰੀ ਹਾਲ ਵਿਚ ਬੈਠਾ ਹੋਇਆ ਹੈ। ਹੁਣ ਇਸ ਸਾਜ਼ਸ਼ ਦੀ ਤਸਵੀਰ ਤੁਹਾਡੇ ਸਾਹਮਣੇ ਹੈ ਤੇ ਇਸ ਗੱਲ ਦਾ ਨਿਰਣਾ ਤੁਸੀਂ ਆਪ ਕਰ ਸਕਦੇ ਹੋ ਕਿ ਇਨ੍ਹਾਂ ਅਕਾਲੀ ਆਗੂਆਂ ਦੇ ਮਨਾਂ ਵਿਚ ਕੀ ਹੈ [illegible] ਆਪਣੇ ਜ਼ਾਤੀ ਹਿਤਾਂ ਤੇ ਸਵਾਰਥਾਂ ਦੀ ਖਾਤਰ ਅਤੇ ਆਪਣੀਆਂ ਕਮਜ਼ੋਰੀਆਂ ਦੇ ਕਾਰਨ ਧਰਮਯੁਧ ਮੋਰਚੇ ਨੂੰ ਸਿਖਰ 'ਤੇ ਲੈ ਜਾਣ ਤੋਂ ਬਾਅਦ ਠੱਪ ਕਰਕੇ ਅਨੰਦ ਪੁਰ ਸਾਹਿਬ ਦੇ ਮਤੇ ਦੀ ਥਾਂ [illegible]ਲੀਆਂ ਬਹੁਤ ਮੰਗਾਂ ਦੇ ਆਧਾਰ 'ਤੇ ਸਰਕਾਰ ਨਾਲ ਸਮਝੌਤਾ ਕਰਨ ਦੀ ਖਾਤਰ ਦਾਸ ਨੂੰ ਆਪਣੇ ਰਾਹ 'ਚੋਂ ਹਟਾਉਣ ਲਈ ਕਿਥੋਂ ਤੱਕ ਜਾ ਸਕਦੇ ਹਨ।'

'ਸਾਧ ਸੰਗਤ ਜੀ, ਹਰਚੰਦ ਸਿੰਘ ਲੌਂਗੋਵਾਲ ਨੇ ਜੋ ਸੋਢੀ ਦੇ ਕਾਤਲ ਗੁਰਚਰਨ ਸਿੰਘ ਸਕੱਤਰ ਨੂੰ ਆਪਣੇ ਪਾਸ ਪਨਾਹ ਦੇ ਕੇ ਅਸੂਲ ਤੇ ਇਖਲਾਕ ਤੋਂ ਗਿਰੀ ਹੋਈ ਗੱਲ ਕੀਤੀ ਹੈ ਉਸਨੂੰ ਨੀਚਤਾ ਦੀ ਸਿਖਰ ਹੀ ਕਿਹਾ ਜਾ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਅਤੇ ਧਰਮ ਯੁੱਧ ਮੋਰਚੇ ਦਾ ਡਿਕਟੇਟਰ ਹੁੰਦਿਆਂ ਹੋਇਆਂ ਇਹ ਵਿਅਕਤੀ ਸਿੱਖ ਕੌਮ ਦੇ ਸੰਕਲਪਾਂ ਟੀਚਿਆਂ ਤੇ ਇਰਾਦਿਆਂ ਦਾ ਘਾਣ ਕਰਨ ਦੀ ਖਾਤਰ ਇਸ ਤਰ੍ਹਾਂ ਦੀਆਂ ਗੱਲਾਂ ਤੇ ਸਾਜ਼ਸ਼ਾਂ ਕਰਕੇ ਪੰਥ ਦੀ ਚੜ੍ਹਦੀ ਕਲਾ ਤੇ ਆਜ਼ਾਦੀ ਲਈ ਵਚਨਬੱਧ ਜੁਝਾਰੂ ਸਿੰਘਾਂ ਦੀ ਛਾਤੀ ਉੱਪਰ ਮੂੰਗ ਦਲ ਰਿਹਾ ਹੈ ਤੇ ਦੀਵਾ ਬਾਲ

ਰਿਹਾ ਹੈ। ਇਕ ਪਾਸੇ ਤਾਂ ਪੰਥ ਦਾ ਸ਼ੇਰ ਵਰਗਾ ਜਵਾਨ ਸਿੰਘ ਸ਼ਹੀਦ ਕਰਵਾ ਦਿੱਤਾ ਗਿਆ ਹੈ ਤੇ ਦੂਸਰੇ ਪਾਸੇ ਆਪਣੇ ਚਹੇਤੇ ਗੁਰਚਰਨ ਸਿੰਘ ਨੂੰ ਜੋ ਇਸ ਸਾਰੀ ਸਾਜ਼ਸ਼ ਦਾ ਕਰਤਾ ਧਰਤਾ ਹੈ, ਆਪਣੀ ਬੁੱਕਲ 'ਚ ਲੁਕਾ ਰੱਖਿਆ ਹੈ।'

ਸਿੰਘੋ, ਇਕ ਪਾਸੇ ਤਾਂ ਇਹ ਲੋਕ ਇਸਤਰਾਂ ਦੀਆਂ ਘਾਤਕ ਕਾਰਵਾਈਆਂ ਕਰ ਰਹੇ ਨੇ ਤੇ ਦੂਸਰੇ ਪਾਸੇ ਮੈਨੂੰ ਚੁੱਪ ਰਹਿਣ ਦੀ ਤੇ ਏਕਤਾ ਕਰ ਲੈਣ ਲਈ ਉਪਦੇਸ਼ ਕਰ ਰਹੇ ਤੇ ਥੱਬਿਓਂ ਸਜਿਓਂ ਸਨੇਹੇ ਭੇਜ ਰਹੇ ਨੇ। ਦਾਸ ਨੂੰ ਦੂਰ ਦੇ ਇਲਾਕਿਆਂ ਦੇ ਸਿੰਘਾਂ ਤੋਂ ਅਖਵਾਇਆ ਜਾਂਦਾ ਹੈ ਕਿ ਮੈਂ ਅਕਾਲੀ ਲੀਡਰਾਂ ਨਾਲ ਏਕਤਾ ਰੱਖਾਂ ਅਤੇ ਇਨ੍ਹਾਂ ਬਾਰੇ ਕੁਝ ਨਾ ਆਖਾਂ-ਤੇ ਕੁਝ ਨਾ ਬੋਲਾਂ ਪਰ ਖਾਲਸਾ ਜੀ, ਤੁਸੀਂ ਆਪ ਹੀ ਦੱਸੋ ਕਿ ਐਸੇ ਹਾਲਾਤ ਵਿਚ ਮੈਨੂੰ ਇਨ੍ਹਾਂ ਦੇ ਪਾਪਾਂ ਤੇ ਗੁਨਾਹਾਂ ਨੂੰ ਲੁਕਾਉਣਾ ਚਾਹੀਦਾ ਹੈ? ਕੀ ਇਨ੍ਹਾਂ ਆਗੂਆਂ ਦੀ ਭਾਰਤ ਸਰਕਾਰ ਨਾਲ ਮਿਲੀ-ਭੁਗਤ ਅਤੇ ਪੰਥ ਘਾਤਕ ਨੀਤੀਆਂ ਤੇ ਸੋਚਾਂ ਨੂੰ ਪਰਵਾਨ ਚੜ੍ਹਨ ਦੇਣਾ ਚਾਹੀਦਾ ਹੈ? ਕੀ ਇਨ੍ਹਾਂ ਵਲੋਂ ਪੰਥ ਦੀਆਂ ਆਸਾਂ ਉਮੀਦਾਂ ਨੂੰ ਰੋਲ ਕੇ ਰੱਖ ਦੇਣ ਵਾਲੇ ਘਾਤਕ ਫੈਸਲਿਆਂ ਤੇ ਇਰਾਦਿਆਂ ਨੂੰ ਨੰਗਿਆਂ ਨਹੀਂ ਕਰਨਾ ਚਾਹੀਦਾ?

'ਸਾਧ ਸੰਗਤ ਜੀ, ਦਾਸ ਇਨ੍ਹਾਂ ਸਾਰੀਆਂ ਗੱਲਾਂ ਦੇ ਪ੍ਰਸੰਗ ਵਿਚ ਆਪ ਪਾਸੋਂ ਬੇਨਤੀ ਰੂਪ 'ਚ ਪੁੱਛਦਾ ਹੈ ਕਿ ਏਕਤਾ ਇਹ ਲੋਕ ਭੰਗ ਕਰ ਰਹੇ ਨੇ ਕਿ ਮੈਂ ਕਰ ਰਿਹਾ ਹਾਂ? ਪੰਥ ਨਾਲ ਧਰੋਹ ਕਮਾਉਣ ਵਾਲੀਆਂ ਗੱਲਾਂ ਇਹ ਲੋਕ ਕਰ ਰਹੇ ਨੇ ਕਿ ਦਾਸ ਕਰ ਰਿਹਾ ਹੈ?'

'ਖਾਲਸਾ ਜੀ, ਦਾਸ ਨੇ ਤਾਂ ਹੁਣ ਇਨ੍ਹਾਂ ਲੋਕਾਂ ਦੀਆਂ ਗੱਲਾਂ ਤੇ ਕਰਤੂਤਾਂ ਵੱਲ ਵੇਖਕੇ ਖਾਲਸਾ ਪੰਥ ਨੂੰ ਕੋਈ ਬਹੁਤ ਵਡਾ ਪ੍ਰੋਗਰਾਮ ਤੇ ਨਿਸ਼ਾਨਾ ਦੇਣ ਦਾ ਪੱਕਾ ਮਨ ਬਣਾਇਆ ਹੋਇਆ ਹੈ। ਪਰ ਇਸਦੇ ਬਾਵਜੂਦ ਮੈਨੂੰ ਅਜੇ ਬੜਾ ਕੁਝ ਸੋਚ ਕੇ ਚੁੱਪ ਰਹਿਣਾ ਪੈ ਰਿਹਾ ਹੈ ਕਿਉਂਕਿ ਅੱਜ ਦੀ ਸਥਿਤੀ ਵਿਚ ਜਦੋਂ ਕਿ ਇਹ ਆਗੂ ਪੰਥ ਦੀਆਂ ਨਜ਼ਰਾਂ ਵਿਚ ਪੰਥ ਦੇ ਝੰਡਾਬਰਦਾਰ ਬਣੇ ਬੈਠੇ ਨੇ, ਮੈਂ ਨਹੀਂ ਚਾਹੁੰਦਾ ਕਿ ਅਜੇ ਮੇਰੇ ਵਲੋਂ ਖਾਲਸਾ ਪੰਥ ਦੇ ਮੁਕੰਮਲ ਬੋਲ ਬਾਲੇ ਨੂੰ ਕਾਇਮ ਕਰਨ ਦੇ ਸਬੰਧ ਵਿਚ ਕਿਸੇ ਬਹੁਤ ਵੱਡੇ ਪ੍ਰੋਗਰਾਮ ਦਾ ਐਲਾਨ ਕਿਸੇ ਵਖਰੇ ਪਲੇਟ ਫਾਰਮ ਤੋਂ ਕੀਤਾ ਜਾਵੇ, ਕਿਉਂਕਿ ਅੱਜ ਦੇ ਹਾਲਾਤ ਵਿਚ ਮੇਰੇ ਵਲੋਂ ਇਸਤਰਾਂ ਕਰਨ ਨਾਲ ਭਾਰਤ ਸਰਕਾਰ ਤੇ ਹਿੰਦੂ ਪ੍ਰੈਸ ਨੂੰ ਪੰਥ ਅੰਦਰ ਭੁਲੇਖੇ ਪਾਉਣ ਤੇ ਨਵੀਆਂ ਨਵੀਆਂ ਸਾਜ਼ਸ਼ਾਂ ਨੂੰ ਹਵਾ ਦੇਣ ਦਾ ਖੁੱਲ੍ਹਾ ਮੌਕਾ ਮਿਲ ਜਾਵੇਗਾ ਨਹੀਂ ਤਾਂ ਖਾਲਸਾ ਪੰਥ ਦਾ ਇਕੱਠ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਦਾਸ ਵੀ ਸੱਦ ਸਕਦਾ ਹੈ ਤੇ ਪੰਥ ਸਾਹਮਣੇ ਖਾਲਸਾ ਪੰਥ ਦੀ ਆਜ਼ਾਦ ਹਸਤੀ ਦੇ ਬੁਨਿਆਦੀ ਅਸੂਲ ਨੂੰ ਅਤੇ 1947 ਤੋਂ ਪਹਿਲਾਂ ਗਾਂਧੀ ਨਹਿਰੂ ਆਦਿ ਆਗੂਆਂ ਵਲੋਂ ਰਾਜਸੀ ਪਲੇਟ ਫਾਰਮ ਉੱਤੇ ਸਿੱਖ ਕੌਮ ਨੂੰ ਦਿੱਤੇ ਗਏ ਵਚਨਾਂ ਤੇ ਵਾਇਦਿਆਂ ਨੂੰ ਮੁੱਖ ਰਖਦਿਆਂ ਹੋਇਆਂ ਖਾਲਸਾ ਪੰਥ ਦੀ ਸੰਪੂਰਨ ਆਜ਼ਾਦੀ ਦਾ ਟੀਚਾ ਤੇ ਨਿਸ਼ਾਨਾ ਮਿਥਿਆ ਜਾ ਸਕਦਾ ਹੈ ਅਤੇ ਐਲਾਨ ਕੀਤਾ ਜਾ ਸਕਦਾ ਹੈ। ਇਸ ਸਮੇਂ ਪੰਥ ਦੀ ਇਹ ਇਛਾ ਵੀ ਹੈ ਕਿ ਟੋਪੀ ਵਾਲਿਆਂ ਦੇ ਰਾਜ ਤੋਂ ਪੱਕੇ ਤੌਰ 'ਤੇ ਛੁਟਕਾਰਾ ਪਾਉਣ ਲਈ ਕੌਮ ਨੂੰ ਕੋਈ ਜੁਝਾਰੂ ਪ੍ਰੋਗਰਾਮ ਤੇ ਸਪਸ਼ਟ ਨਿਸ਼ਾਨਾ ਦੇ ਦਿੱਤਾ ਜਾਵੇ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਵਾਨ, ਬਹੁਤ ਸਾਰੇ ਰੀਟਾਇਰਡ ਸਿਵਲ ਅਫਸਰ ਤੇ ਫੌਜੀ ਜਰਨੈਲ, ਸਿੱਖ ਬੁਧੀਜੀਵੀ ਤੇ ਜੁਝਾਰੂ ਸਿੰਘ ਤਾਂ ਮੈਨੂੰ ਕਈ ਵਾਰ ਸਪਸ਼ਟ ਤੇ ਐਲਾਨੀਆਂ ਸ਼ਬਦਾਂ ਵਿਚ ਕਹਿ ਚੁਕੇ ਨੇ ਕਿ ਹੁਣ ਸਿੱਖ ਕੌਮ ਦੀ ਲੜਾਈ ਦਾ ਰੁਖ ਖਾਲਸਾ ਰਾਜ ਦੀ ਪ੍ਰਾਪਤੀ ਦੇ ਨਿਸ਼ਾਨੇ ਵੱਲ ਮੋੜ ਦੇਣਾ ਚਾਹੀਦਾ ਹੈ। ਇਸ ਸਬੰਧ ਵਿਚ ਮੈਨੂੰ ਵਿਦੇਸ਼ ਵਿਚ ਵਸਦੇ ਸਿੰਘਾਂ ਵਲੋਂ ਵੀ ਬਹੁਤ ਸਾਰੀਆਂ ਚਿੱਠੀਆਂ ਤੇ ਸੁਨੇਹੇ ਮਿਲ ਚੁੱਕੇ ਨੇ। ਤੀਜੀ ਨੰਬਰ ਕਾਰੇ ਅੰਦਰ ਗੁਰੂ ਨਾਨਕ ਨਿਵਾਸ ਵਿਚ ਡੇਰਾ



ਲਾ ਕੇ ਬੈਠਾ ਹੋਇਆ ਸਿੰਘ ਤਾਂ ਮੈਨੂੰ ਇਸ ਗੱਲ ਲਈ ਸੰਨ 1980 ਤੋਂ ਹੀ ਜ਼ੋਰ ਦੇ ਰਿਹਾ ਹੈ।

ਖਾਲਸਾ ਜੀ, ਚਾਹੁੰਦਾ ਤਾਂ ਦਾਸ ਵੀ ਹੈ ਕਿ ਪੰਥ ਸਾਹਮਣੇ ਖਾਲਸਾ ਰਾਜ ਦੀ ਪ੍ਰਾਪਤੀ ਦੇ ਸਬੰਧ ਵਿਚ ਸਾਫ ਤੇ ਸਪਸ਼ਟ ਐਲਾਨ ਕਰ ਦਿੱਤਾ ਜਾਵੇ, ਪਰ ਹਾਲਾਤ ਵੱਸ ਅਜੇ ਇਸ ਸਬੰਧ ਵਿਚ ਇਸ ਕਰਕੇ ਚੁੱਪ ਰਹਿਣਾ ਪੈਂਦਾ ਰਿਹਾ ਹੈ ਕਿ ਇਨ੍ਹਾਂ ਅਕਾਲੀ ਆਗੂਆਂ ਨੂੰ ਗੱਲ ਕਿਸੇ ਪਾਸੇ ਲਾ ਹੀ ਲੈਣ ਦਿੱਤੀ ਜਾਵੇ। ਜੇ ਸੱਚ ਪੁੱਛਦੇ ਹੋ ਤਾਂ ਮੇਰੀ ਇਹ ਦਿਲੀ ਇਛਾ ਹੈ ਕਿ ਜੇ ਇਹ ਅਕਾਲੀ ਆਗੂ ਆਪ ਹੀ ਸਿੱਖ ਕੌਮ ਦੇ ਗਲੋਂ ਹਿੰਦੂ ਸਾਮਰਾਜ ਵਲੋਂ ਪਾਈਆਂ ਹੋਈਆਂ ਗੁਲਾਮੀ ਦੀਆਂ ਜ਼ੰਜੀਰਾਂ ਕਟਣ ਦੇ ਪ੍ਰੋਗਰਾਮ ਦਾ ਐਲਾਨ ਕਰ ਦੇਣ ਅਤੇ ਕੌਮ ਨੂੰ ਆਜ਼ਾਦੀ ਦੇ ਘੋਲ ਦੇ ਰਸਤੇ ਉੱਪਰ ਪਾ ਦੇਣ ਤਾਂ ਇਸ ਨਾਲ ਪੰਥ ਦੀ ਸ਼ਕਤੀ ਵੀ ਬਣੀ ਰਹੇਗੀ ਅਤੇ ਆਪੋ ਵਿਚ ਪਿਆਰ ਇਤਫਾਕ ਤੇ ਇਕੱਠ ਰਹਿਣ ਨਾਲ ਪੰਥ ਨੂੰ ਆਜ਼ਾਦੀ ਦੀ ਮੰਜ਼ਲ ਵੀ ਛੇਤੀ ਨਸੀਬ ਹੋ ਜਾਵੇਗੀ। ਪਰ ਜਦੋਂ ਮੈਂ ਇਨ੍ਹਾਂ ਆਗੂਆਂ ਦੇ ਮਨਾਂ ਅੰਦਰ ਸਮਾਈਆਂ ਹੋਈਆਂ ਕਮਜ਼ੋਰੀਆਂ ਚੌਧਰਾਂ ਤੇ ਕੁਰਸੀਆਂ ਦੀਆਂ ਭੁੱਖਾਂ ਅਤੇ ਦੁਨਿਆਵੀ ਲਾਲਸਾਵਾਂ ਦੀ ਪੂਰਤੀ ਲਈ ਇਨ੍ਹਾਂ ਵੱਲੋਂ ਘੜੀਆਂ ਜਾਣ ਵਾਲੀਆਂ ਸਾਜ਼ਸ਼ਾਂ ਤੇ ਪੰਥ ਅੰਦਰ ਵਡੀ ਪੱਧਰ ਉੱਪਰ ਪਾਏ ਜਾ ਰਹੇ ਭੁਲੇਖਿਆਂ ਵੱਲ ਵੇਖਦਾ ਹਾਂ ਤਾਂ ਉਸ ਹਾਲਤ ਵਿਚ ਕਿਸੇ ਵਖਰੇ ਪਲੇਟ ਫਾਰਮ ਤੋਂ ਕੋਈ ਵੱਡਾ ਪ੍ਰੋਗਰਾਮ ਦੇਣ ਦੀ ਬਜਾਏ ਸਾਰੇ ਹਾਲਾਤ ਦੀ ਅਸਲ ਤਸਵੀਰ ਨੂੰ ਪੰਥ ਸਾਹਮਣੇ ਪੇਸ਼ ਕਰਨ ਦੇ ਨਾਲ ਨਾਲ ਧਰਮ ਯੁੱਧ ਮੋਰਚੇ ਦੇ ਸੰਘਰਸ਼ ਨੂੰ ਚਲਦੇ ਰਹਿਣ ਵਿਚ ਹੀ ਕਿਸੇ ਹੱਦ ਤਕ ਭਲਾਈ ਤੇ ਚੰਗਿਆਈ ਸਮਝਦਾ ਹਾਂ।

ਖਾਲਸਾ ਜੀ, ਦਾਸ ਤਾਂ ਸਿੱਖ ਕੌਮ ਦੀ ਚੜ੍ਹਦੀ ਕਲਾ ਤੇ ਇਸਦੀ ਆਜ਼ਾਦੀ ਲਈ ਬਹੁਤ ਕੁਝ ਕਰਨਾ ਚਾਹੁੰਦਾ ਹੈ ਕਿਉਂਕਿ ਦਾਸ ਨੂੰ ਪਿਛਲੇ ਕੁਝ ਸਾਲਾਂ ਵਿਚ ਪੰਥ ਨਾਲ ਵਾਪਰਦੀਆਂ ਤੁਰੀਆਂ ਆ ਰਹੀਆਂ ਘਿਨਾਉਣੀਆਂ ਘਟਨਾਵਾਂ ਤੋਂ ਹੋਏ ਤਜਰਬੇ ਦੇ ਕਾਰਨ ਇਸ ਗੱਲ ਦਾ ਭਲੀ ਭਾਂਤ ਰੂਪ ਵਿਚ ਪਤਾ ਹੈ ਕਿ ਅੱਜ ਸਾਰੇ ਹਿੰਦੁਸਤਾਨ ਦਾ ਹਿੰਦੂ ਤੇ ਭਾਰਤ ਦੀ ਸਰਕਾਰ ਸਿੱਖਾਂ ਦੇ ਲਹੂ ਦੇ ਤ੍ਰਿਹਾਏ ਬਣੇ ਬੈਠੇ ਨੇ। ਭਾਰਤ ਸਰਕਾਰ ਵਲੋਂ ਇਕ ਪਾਸੇ ਤਾਂ ਸਿੱਖ ਕੌਮ ਦੇ ਹੱਕਾਂ ਲਈ ਆਵਾਜ਼ ਉਠਾਉਣ ਤੇ ਜੂਝਣ ਵਾਲੇ ਸਿੰਘਾਂ ਦੇ ਲਹੂ ਵਿਚ ਹੱਥ ਰੰਗੇ ਜਾ ਰਹੇ ਨੇ ਤੇ ਦੂਸਰੇ ਪਾਸੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਚਿਟ ਕਪੜੀਏ ਕਮਾਂਡੋ ਦਸਤੇ ਭੇਜਕੇ ਮੈਨੂੰ ਤੇ ਜਥੇ ਦੇ ਸਿੰਘਾਂ ਨੂੰ ਧੋਖੇ ਫਰੇਬ ਨਾਲ ਹੱਥ ਹੱਥੀ ਜੀਉਂਦਿਆਂ ਫੜ ਲੈਣ ਅਤੇ ਜਾਂ ਮੁੱਠ-ਭੇੜ ਵਿਚ ਸਭ ਨੂੰ ਮੌਤ ਦੇ ਘਾਟ ਉਤਾਰ ਦੇਣ ਬਾਰੇ ਮਸ਼ਵਰੇ ਕੀਤੇ ਜਾ ਰਹੇ ਨੇ ਤੇ ਸਾਜ਼ਸ਼ਾਂ ਘੜੀਆਂ ਜਾ ਰਹੀਆਂ ਨੇ। ਪਰ ਇਸਦੇ ਬਾਵਜੂਦ ਮੈਨੂੰ ਅਕਾਲੀ ਆਗੂਆਂ ਦੇ ਰੌ ਅਤੇ ਵਤੀਰੇ ਵੱਲ ਵੇਖਦਿਆਂ ਵਿਚਾਰਦਿਆਂ ਹੋਇਆਂ ਹਾਲਾਤ ਵੱਸ ਚੁੱਪ ਰਹਿਣਾ ਪੈ ਰਿਹਾ ਹੈ।

ਸਿੰਘੋ, ਪਿਛਲੇ ਕੁਝ ਦਿਨਾਂ ਤੋਂ ਇਹ ਚਰਚਾ ਆਮ ਸੁਨਣ ਵਿਚ ਆ ਰਹੀ ਹੈ ਕਿ ਸੀ. ਆਰ. ਪੀ. ਤੇ ਹੋਰ ਫੌਜੀ ਦਸਤਿਆਂ ਨੂੰ ਅਤੇ ਜਾਂ ਫੌਜੀ ਟੁਕੜੀਆਂ ਨੂੰ ਕਿਸੇ ਵੇਲੇ ਵੀ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖਲ ਹੋਣ ਦਾ ਹੁਕਮ ਮਿਲ ਸਕਦਾ ਹੈ। ਪਰ ਇਸ ਸਬੰਧ ਵਿਚ ਮੈਂ ਇਕ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਸਰਕਾਰ ਆਪਣੇ ਮਨ 'ਚੋਂ ਇਹ ਭੁਲੇਖਾ ਕੱਢ ਦੇਵੇ ਕਿ ਉਸਦੀ ਪੁਲੀਸ ਜਾਂ ਫੌਜ ਮੈਨੂੰ ਤੇ ਜਥੇ ਦੇ ਸਿੰਘਾਂ ਨੂੰ ਜੀਉਂਦਿਆਂ ਨੂੰ ਫੜ ਲਵੇਗੀ। ਉਸਦੀ ਇਹ ਇਛਾ ਕਦੀ ਵੀ ਪੂਰੀ ਨਹੀਂ ਹੋਵੇਗੀ ਕਿਉਂਕਿ ਦਾਸ ਤੇ ਜਥੇ ਦੇ ਸਿੰਘਾਂ ਦਾ ਇਹ ਦ੍ਰਿੜ ਫੈਸਲਾ ਹੈ ਕਿ ਅਸੀਂ ਜੀਉਂਦਿਆਂ ਫੜੇ ਜਾਣ ਨਾਲੋਂ ਸ਼ਹੀਦੀ ਨੂੰ ਪਹਿਲ ਦੇਵਾਂਗੇ ਅਤੇ ਮੇਰਾ ਇਹ ਅਟੱਲ ਵਿਸ਼ਵਾਸ ਹੈ ਕਿ ਫਿਰ ਸਾਡੀਆਂ ਸ਼ਹੀਦੀਆਂ ਤੋਂ ਪਿਛੋਂ ਖਾਲਸਾ ਪੰਥ ਦੇ ਸਾਹਮਣੇ ਜੋ ਨਿਸ਼ਾਨਾ ਤੇ ਪ੍ਰੋਗਰਾਮ ਹੋਵੇਗਾ ਉਹ ਖਾਲਿਸਤਾਨ ਦੀ ਪ੍ਰਾਪਤੀ ਤੇ ਸਥਾਪਨਾ ਦਾ ਹੀ ਹੋਵੇਗਾ।' (ਜੈਕਾਰਾ)

'ਦਾਸ ਖਾਲਸਾ ਪੰਥ ਦੇ ਦੁਸ਼ਮਨ-ਦੂਤੀਆਂ ਉੱਪਰ ਇਹ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹੈ ਕਿ ਅਸੀਂ ਵੀ ਇਥੇ ਆਪਣੇ ਪਿਤਾ ਦੇ ਘਰ ਵਿਚ ਬੈਠੇ ਹੋਏ ਹਾਂ ਤੇ ਅਸਾਂ ਇਥੇ ਚੂੜੀਆਂ ਨਹੀਂ ਪਾ ਰੱਖੀਆਂ। ਸਿਘਾਂ ਨੇ ਵੀ ਇਹ ਫੈਸਲਾ ਕਰ ਰੱਖਿਆ ਤੇ ਪੱਕਾ ਨਿਸ਼ਚਾ ਧਾਰ ਰੱਖਿਆ ਹੈ ਕਿ ਪਹਿਲਾ ਬਿਨਾਂ ਵਜ੍ਹਾ ਗੋਲੀ ਚਲਾਉਣੀ ਨਹੀਂ ਪਰ ਜੇ ਸੀ. ਆਰ. ਪੀ ਜਾਂ ਫੌਜ ਆਦਿ ਨੇ ਸ੍ਰੀ ਦਰਬਾਰ ਸਾਹਿਬ ਵੱਲ ਮੂੰਹ ਕੀਤਾ ਤਾਂ ਫਿਰ ਸਰਕਾਰ ਇਹ ਸਮਝ ਲਵੇ ਕਿ ਸਿਘ ਇਕ ਵਾਰ ਤਾਂ ਹਮਲਾ ਕਰਨ ਵਾਲਿਆਂ ਦੇ ਸਿੰਙ ਪਾ ਦੇਣਗੇ ਤੇ ਉਹਨਾਂ ਦੇ ਸੱਥਰ ਲਾਹ ਕੇ ਜ਼ਰੂਰ ਰੱਖ ਦੇਣਗੇ।

ਖਾਲਸਾ ਜੀ, ਸਿਘ ਆਪ ਤਾਂ ਸ਼ਹੀਦੀਆਂ ਪਾ ਜਾਣਗੇ ਪਰ ਤੁਸਾਂ ਵੇਖਦੇ ਰਹਿਣਾ ਕਿ ਸਿਘ ਸੂਰਮੇ ਦੁਸ਼ਟਾਂ ਵੈਰੀਆਂ ਦੇ ਲੰਗਾਰ ਕਿਵੇਂ ਲਾਹੁੰਦੇ ਨੇ ਤੇ ਸਿਖ ਕੌਮ ਦੇ ਇਸ ਯੁੱਧ ਦਾ ਆਪਣੇ ਲਹੂ ਨਾਲ ਨਵਾਂ ਇਤਹਾਸ ਕਿਵੇਂ ਲਿਖਦੇ ਨੇ?

ਸਾਧ ਸੰਗਤ ਜੀ, ਇਥੇ ਇਕ ਬੇਨਤੀ ਮੈਂ ਆਪ ਦੀ ਹਾਜ਼ਰੀ ਵਿਚ ਸਮੂਹ ਖਾਲਸਾ ਪੰਥ ਦੇ ਚਰਨਾਂ ਵਿਚ ਬੜੀ ਖੁੱਲ ਕੇ ਤੇ ਐਲਾਨੀਆਂ ਤੌਰ ਉੱਪਰ ਕਰਨੀ ਚਾਹੁੰਦਾ ਹਾਂ। ਉਹ ਬੇਨਤੀ ਇਹ ਹੈ ਕਿ ਜਿਸ ਦਿਨ ਸ੍ਰੀ ਦਰਬਾਰ ਸਾਹਿਬ ਉੱਪਰ ਦੁਸ਼ਟਾਂ ਵੈਰੀਆਂ ਦਾ ਹਮਲਾ ਹੋਵੇ ਤਾਂ ਉਸ ਵੇਲੇ ਤੁਸਾਂ ਇਧਰ ਸਾਡੇ ਵੱਲ ਆਉਣ ਦੀ ਖੇਚਲ ਨਹੀਂ ਕਰਨੀ। ਇਥੇ ਅਸੀਂ ਉਹਨਾਂ ਨਾਲ ਆਪੇ ਹੀ ਨਜਿੱਠ ਲਵਾਂਗੇ। ਉਸ ਸਮੇਂ ਸਮੁੱਚੇ ਖਾਲਸਾ ਪੰਥ ਦਾ ਕੰਮ ਇਹ ਹੋਣਾ ਚਾਹੀਦਾ ਹੈ ਕਿ ਜਿਥੇ ਕਿਥੇ ਵੀ ਗੁਰੂ ਘਰ ਦਾ ਨਿੰਦਕ, ਸਿੱਖ ਕੌਮ ਦਾ ਦੁਸ਼ਮਨ ਦੋਖੀ ਤੇ ਕੋਈ ਪੰਥ ਘਾਤਕ ਦਿਸੇ ਉਸਨੂੰ ਨਹੀ ਛੱਡਣਾ। ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਉੱਪਰ ਹਮਲੇ ਤੋਂ ਪਿਛੋਂ ਟੋਪੀ ਵਾਲਿਆਂ ਤੇ ਉਹਨਾਂ ਦੀ ਭਾਰਤ ਸਰਕਾਰ ਨਾਲ ਜੰਗ ਸ਼ੁਰੂ ਸਮਝਣੀ ਤੇ ਇਹ ਜੰਗ ਉਦੋਂ ਤੱਕ ਜਾਰੀ ਰੱਖਣੀ ਜਦੋਂ ਤਕ ਇਕ ਆਜ਼ਾਦ ਤੇ ਖੁਦ ਮੁਖਤਿਆਰ ਖਾਲਸਾ ਰਾਜ ਹੋਂਦ ਵਿਚ ਨਹੀ ਆ ਜਾਂਦਾ ਅਤੇ ਕੇਸਰੀ ਨਿਸ਼ਾਨ ਸਾਹਿਬ ਦਿੱਲੀ ਦੇ ਲਾਲ ਕਿਲ੍ਹੇ ਉੱਪਰ ਨਹੀਂ ਝੂਲ ਜਾਂਦਾ।'(ਜੈਕਾਰਾ)

ਸ੍ਰੀ ਦਰਬਾਰ ਸਾਹਿਬ ਉੱਪਰ ਹਮਲੇ ਤੋਂ ਪਿਛੋਂ ਵੀ ਜੇ ਕੋਈ ਵਿਅਕਤੀ ਆਪਣੇ ਆਪ ਨੂੰ ਪੰਥਕ ਆਗੂ ਹੋਣ ਦਾ ਦਾਅਵੇਦਾਰ ਦਸਦਾ ਹੋਇਆ ਖਾਲਸਾ ਪੰਥ ਨੂੰ ਭਾਰਤ ਦੀ ਅਖੰਡਤਾ, ਹਿੰਦੂ ਸਿਖਾਂ ਵਿਚਕਾਰ ਨੌਂਹ ਮਾਸ ਦੇ ਰਿਸ਼ਤੇ ਅਤੇ ਗਾਂਧੀਵਾਦੀ ਨੀਤੀਆਂ ਤੇ ਅਹਿੰਸਾ ਪਰਮੋ ਧਰਮਾ ਦਾ ਰਾਹ ਦਸਦਾ ਹੈ ਤਾਂ ਉਸ ਹਾਲਤ ਵਿਚ ਉਸਨੂੰ ਪੰਥ ਦਾ ਵੱਡਾ ਘਾਤਕ ਤੇ ਗੱਦਾਰ ਅਤੇ ਗੁਰੂ ਘਰ ਵਲੋਂ ਬੇਮੁੱਖ ਹੋਇਆ ਵਿਅਕਤੀ ਹੀ ਸਮਝਣਾ ਅਤੇ ਉਸ ਨਾਲ ਵੀ ਕਿਸੇ ਤਰ੍ਹਾਂ ਦੀ ਕੋਈ ਢਿੱਲ ਨਹੀਂ ਗੁਜ਼ਾਰਨੀ।

ਇਕ ਗੱਲ ਮੈਂ ਸਾਧ ਸੰਗਤ ਜੀ ਤੁਹਾਡੇ ਚਰਨਾਂ ਵਿਚ ਹੋਰ ਸਪਸ਼ਟ ਕਰਨੀ ਚਾਹੁੰਦਾ ਹਾਂ। ਉਹ ਇਹ ਹੈ ਕਿ ਦਾਸ ਅਖਬਾਰਾਂ ਵਾਲਿਆਂ (ਪ੍ਰੈਸ ਨਾਮਾਨਗਾਰਾਂ) ਨੂੰ ਕਈ ਵਾਰ ਇਹ ਬਿਆਨ ਦੇ ਚੁੱਕਾ ਹੈ ਕਿ 'ਜਦੋਂ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਗੁਰਧਾਮਾਂ ਉੱਪਰ ਹਮਲਾ ਹੋਵੇ ਤਾਂ ਉਸ ਸਮੇਂ ਪੁਲੀਸ ਤੇ ਫੌਜ ਵਿਚ ਕੰਮ ਕਰਦੇ ਸਿਖ ਨੌਜਵਾਨ ਤੇ ਸਿਖ ਅਫਸਰ, ਜੋ ਆਪਣੇ ਆਪ ਨੂੰ ਗੁਰੂ ਨਾਨਕ [illegible] ਸਾਹਿਬ ਸ੍ਰੀ ਗੁਰੂ ਗੋਬਿੰਦ ਸਿਘ ਜੀ ਮਹਾਰਾਜ ਦੇ ਸੱਚੇ ਸਪੂਤ ਤੇ ਸਿਘ ਸਮਝਦੇ ਨੇ, ਉਹਨਾਂ ਨੂੰ ਗੁਰਧਾਮਾਂ ਦੀ ਪਵਿੱਤਰਤਾ ਤੇ ਖਾਲਸਾ ਪੰਥ ਦੀ ਆਨ ਸ਼ਾਨ ਨੂੰ ਮੁੱਖ ਰਖਦਿਆਂ ਹੋਇਆਂ ਆਪਣੀਆਂ ਰਫਲਾਂ ਦੇ ਮੂੰਹ ਸਿਖ ਦੁਸ਼ਮਨ ਤਾਕਤਾਂ ਵੱਲ ਮੋੜ ਲੈਣੇ ਚਾਹੀਦੇ ਨੇ।' ਪਰ ਖਾਲਸਾ ਜੀ ਮੇਰੀ ਵਲੋਂ ਇਹ ਬਿਆਨ ਬਾਰ ਬਾਰ ਦੇਣ 'ਤੇ ਵੀ ਅਖਬਾਰਾਂ ਵਾਲਿਆਂ ਨੇ ਅਜੇ ਤੱਕ ਛਾਪਣ ਵਲ ਨਾ ਧਿਆਨ ਦਿੱਤਾ ਹੈ ਤੇ ਨਾ ਹੀ ਦਲੇਰੀ ਕੀਤੀ ਹੈ। ਇਸ ਲਈ ਅੱਜ ਮੈਂ ਫੇਰ ਗੁਰੂ ਰੂਪ ਸਾਧ ਸੰਗਤ ਦੀ



ਇਸ ਭਾਰੀ ਇਕੱਠ ਰਾਹੀਂ ਪੁਲੀਸ ਤੇ ਫੌਜ ਵਿਚ ਕੰਮ ਕਰਦੇ ਸਿਖ ਨੌਜਵਾਨਾਂ ਤੇ ਅਫਸਰਾਂ ਤੱਕ ਇਹ ਗੱਲ ਪਹੁੰਚਾਉਣੀ ਚਾਹੁੰਦਾ ਹਾਂ ਕਿ ਜਿਸ ਸਮੇਂ ਸੱਚ ਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਉੱਪਰ ਹਮਲਾ ਹੋਵੇ, ਤਾਂ ਦਸ਼ਮ ਪਿਤਾ ਦੇ ਸਿਘੋ! ਉਸ ਵੇਲੇ ਆਪਣੇ ਜੁਝਾਰੂ ਪੁਰਖਿਆਂ ਦੀਆਂ ਪੈੜਾਂ ਮੱਲਦਿਆਂ ਹੋਇਆਂ ਆਪਣੀਆਂ ਬੰਦੂਕਾਂ ਤੇ ਰਫਲਾਂ ਸ਼ਸਤਰਾਂ ਦੇ ਮੂੰਹ ਪੰਥ ਦੁਸ਼ਮਨ ਤਾਕਤਾਂ ਵੱਲ ਮੋੜ ਲੈਣੇ ਅਤੇ ਖਾਲਸਾ ਪੰਥ ਦੀ ਇੱਜ਼ਤ ਤੇ ਆਜ਼ਾਦੀ ਲਈ ਐਲਾਨੀਆਂ ਤੌਰ 'ਤੇ ਰਣ ਤੱਤੇ ਵਿਚ ਉੱਤਰ ਆਉਣਾ।

ਗੁਰੂ ਰੂਪ ਸਾਧ ਸੰਗਤ ਜੀ, ਮੇਰੀ ਇਹ ਗੱਲ ਫੇਰ ਧਿਆਨ ਨਾਲ ਸੁਣ ਲਉ ਕਿ ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾ ਹੋਣ ਤੋਂ ਬਾਅਦ ਸਿਘਾਂ ਨੂੰ ਇਸ ਪਾਸੇ ਵੱਲ ਵਹੀਰਾਂ ਘੱਤਣ ਦੀ ਲੋੜ ਨਹੀਂ, ਸਗੋਂ ਉਸ ਵੇਲੇ ਹਰ ਸਿਘ ਦਾ ਨਿਸ਼ਾਨਾ ਪੰਥ ਘਾਤਕ ਤੇ ਪੰਥ ਦੁਸ਼ਮਨ ਤਾਕਤਾਂ ਹੋਣੀਆਂ ਚਾਹੀਦੀਆਂ ਨੇ। ਇਥੇ ਟੋਪੀ ਵਾਲਿਆਂ ਦੀ ਭਾਵੇਂ ਲਖ ਫੌਜ ਆ ਜਾਵੇ ਅਸੀਂ ਉਸ ਨਾਲ ਸਿਝ ਲਵਾਂਗੇ।' (ਜੈਕਾਰਾ)

'ਇਕ ਗੱਲ ਹੋਰ ਧਿਆਨ ਨਾਲ ਸੁਣ ਲਉ ਕਿ ਸੱਚਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਉੱਪਰ ਹਮਲਾ ਹੋਣ ਤੋਂ ਬਾਅਦ ਜੇਕਰ ਸਿਖ ਕੌਮ ਨੂੰ ਪੰਜਾਹ ਲੱਖ ਸਿਰਾਂ ਦਾ ਬਲੀਦਾਨ ਦੇ ਕੇ ਵੀ ਖਾਲਸਾ ਰਾਜ ਦੀ ਪ੍ਰਾਪਤੀ ਕਰਨੀ ਹੋਵੇ ਤਾਂ ਉਸ ਹਾਲਤ ਵਿਚ ਵੀ ਇਸ ਪ੍ਰਾਪਤੀ ਨੂੰ ਸਸਤਾ ਹੀ ਸਮਝਣਾ, ਮਹਿੰਗਾ ਨਾ ਸਮਝਣਾ। ਉਸ ਸਮੇਂ ਇਸ ਗੱਲ ਦਾ ਪੂਰੀ ਪੂਰੀ ਸਖਤੀ ਤੇ ਕਰੜਾਈ ਨਾਲ ਖਿਆਲ ਰਖਣਾ ਤੇ ਉਸ ਉੱਪਰ ਜੁੱਗਾਂ ਤੱਕ ਅਮਲ ਕਰਦੇ ਰਹਿਣਾ ਅਤੇ ਉਹ ਗੱਲ ਇਹ ਹੈ ਕਿ ਖਾਲਸਾ ਰਾਜ ਦੀ ਸਰਵ ਉੱਚ ਸ਼ਕਤੀ ਖਾਲਸਾ ਪੰਥ ਦੇ ਹੱਥਾਂ ਵਿਚ ਰੱਖਣੀ। ਸਿਖ ਸਿਧਾਂਤ ਤੇ ਸਿਖ ਰਵਾਇਤਾਂ ਉੱਪਰ ਸੋਚ, ਨੀਤੀ ਤੇ ਜੀਵਨ ਦੇ ਅਮਲ ਕਰਮ ਪੱਖੋਂ ਅਮਲੀ ਤੌਰ 'ਤੇ ਪਹਿਰਾ ਦੇਣ ਵਾਲੇ ਸਿਘਾਂ ਨੂੰ ਹੀ ਥੱਲੇ ਤੋਂ ਲੈਕੇ ਉੱਪਰ ਤੱਕ ਅੱਗੇ ਲਿਆਉਣਾ। ਸਿਧਾਂਤ ਹੀਨ, ਕੱਚੇ ਪਿਲੇ ਤੇ ਸੰਕਟ ਸਮੇਂ ਜ਼ਿੰਦਗੀ ਨੂੰ ਗਲ ਨਾਲ ਲਾਈ ਰੱਖਣ ਵਾਲਿਆਂ ਨੂੰ ਭੁੱਲ ਕੇ ਵੀ ਧਰਮ, ਸਮਾਜ ਤੇ ਰਾਜਸੀ ਖੇਤਰ ਵਿਚ ਆਗੂ ਵਜੋਂ ਅੱਗੇ ਨਾ ਲਿਆਇਓ ਤੇ ਜਥੇਦਾਰੀਆਂ ਤੇ ਪਰਧਾਨਗੀਆਂ ਦੇ ਪਟੇ ਐਵੇਂ ਕੁਝ ਇਕ ਵਿਅਕਤੀਆਂ ਦੇ ਨਾਮ ਪੱਕੇ ਤੌਰ ਤੇ ਅਤੇ ਸਥਾਈ ਰੂਪ ਵਿਚ ਨਾ ਲਿਖਵਾ ਛਡਿਓ। ਹਰ ਅਹੁਦੇਦਾਰ ਵਿਅਕਤੀ ਦੀ ਯੋਗਤਾ, ਸੰਜੀਦਗੀ, ਇਮਾਨਦਾਰੀ ਤੇ ਸੁਦ੍ਰਿੜਤਾ ਨੂੰ ਹਰ ਸਮੇਂ ਨਾਲੋਂ ਨਾਲ ਮੁੱਖ ਰਖਿਓ ਅਤੇ ਹਾਲਾਤ ਤੇ ਪ੍ਰਸਥਿਤੀਆਂ ਦੀ ਰੌਸ਼ਨੀ ਵਿਚ ਉਹਨਾਂ ਦੀ ਪਰਖ ਕਰਦੇ ਰਿਹੋ। ਖਾਲਸਾ ਰਾਜ ਦੀ ਪ੍ਰਾਪਤੀ ਤੋਂ ਬਾਅਦ ਕਿਸੇ ਵੀ ਟੋਪੀ ਵਾਲੇ ਨੂੰ ਜਾਂ ਸਿਖੀ ਸਰੂਪ ਵਿਚ ਟੋਪੀ ਵਾਲਿਆਂ ਨਾਲ ਰੋਟੀ ਬੇਟੀ ਦੀ ਅਰਥਾਤ ਸਾਕ ਸਕੀਰੀਆਂ ਦੇ ਪੱਖੋਂ ਸਾਂਝ ਰਖਣ ਵਾਲੇ ਅਤੇ ਇਨ੍ਹਾਂ ਦੇ ਮਤ ਮਤਾਂਤਰ ਤੇ ਰਹੁ ਰੀਤੀਆਂ ਜਾਂ ਮੂਰਤੀਆਂ ਬੁਤਾਂ ਤੇ ਇਸ਼ਟ ਅੱਗੇ ਸਿਰ ਝੁਕਾਉਣ ਵਾਲੇ ਨੂੰ ਧਰਮ, ਸਮਾਜ ਤੇ ਰਾਜ ਦੇ ਕਿਸੇ ਵੀ ਖੇਤਰ ਵਿਚ ਕਿਧਰੇ ਭੁਲ ਕੇ ਵੀ ਆਗੂ ਵਜੋਂ ਮਾਨਤਾ ਨਾ ਦੇ ਬੈਠਿਓ ਤੇ ਨਾ ਹੀ ਉੱਚੀਆਂ ਤੇ ਜ਼ੁਮਾਵਾਰੀਆਂ ਵਾਲੀਆਂ ਪਦਵੀਆਂ ਦੇ ਲਾਗੇ ਫਟਕਣ ਦਿਓ। ਗੱਦਾਰੀਆਂ ਤੇ ਬਹੁਰੂਪੀਆਂ ਦੀ ਤਿੱਖੀ ਤੇ ਡੂੰਘੀ ਨਜ਼ਰ ਨਾਲ ਪਛਾਣ ਰਖਿਓ ਅਤੇ ਕਿਸੇ ਵੀ ਐਸੇ ਵੈਸੇ ਵਿਅਕਤੀ ਦੇ ਬਾਹਰ ਮੁਖੀ ਰੂਪ ਸਰੂਪ ਤੇ ਪ੍ਰਭਾਵ ਨੂੰ ਕਬੂਲ ਨਾ ਕਰ ਬੈਠਿਓ।'

ਸਿਘੋ, ਸਿਖ ਇਤਹਾਸ ਦੇ ਝਰੋਖੇ 'ਚੋਂ ਖਾਲਸਾ ਪੰਥ ਦੇ ਪਿੜੇ ਉੱਪਰ ਡੋਗਰਿਆਂ ਤੇ ਮਿਸਰਾਂ ਵਲੋਂ ਖਾਲਸਾ ਰਾਜ ਦੀ ਤਬਾਹੀ ਤੇ ਬਰਬਾਦੀ ਦੇ ਸਿਲਸਲੇ ਵਿਚ ਪਾਈਆਂ ਹੋਈਆਂ ਮਾਰੂ ਲੀਸਾਂ ਤੇ ਲਾਸਾਂ ਵਲ ਸਮੇਂ ਸਮੇਂ ਝਾਤੀ ਮਾਰ ਕੇ ਕੁਝ ਸਬਕ ਲੈਂਦੇ ਰਿਹਾ ਕਰੋ। ਪੰਜਾਬ ਦੀ ਧਰਤੀ ਉੱਪਰ ਸੈਂਕੜੇ ਸਾਲਾਂ ਤੋਂ ਵਸਦੇ ਤੁਰੇ ਆ ਰਹੇ ਹਿੰਦੂਆਂ ਦਾ ਕਰਦਾਰ ਤੇ ਖਾਸਾ ਅੱਜ ਤੁਹਾਡੇ ਸਾਹਮਣੇ ਹੈ। ਇਹ

ਟੋਪੀ, ਵਾਲੇ ਖਾਲਸਾ ਪੰਥ ਦੀ ਇਸ ਜਨਮ ਭੂਮੀ ਪੰਜਾਬ ਅੰਦਰ ਸੈਂਕੜੇ ਸਾਲਾਂ ਤੋਂ ਰਹਿੰਦੇ ਹੋਏ ਵੀ ਇਥੋਂ ਦੀ ਮਿੱਟੀ ਨਾਲ ਮਨੋ ਚਿੱਤੋਂ ਮੋਹ, ਪਿਆਰ ਤੇ ਹਮਦਰਦੀ ਨਹੀਂ ਰਖਦੇ। ਇਹ ਲੋਕ ਇਥੋਂ ਦਾ ਸਭ ਕੁਝ ਖਾ ਪੀ ਕੇ ਤੇ ਹੰਡਾ ਕੇ ਅਤੇ ਲੁਟ ਪੁੱਟ ਕੇ ਵੀ ਸਿਖ ਕੌਮ ਦਾ ਤੇ ਇਸ ਧਰਤੀ ਦਾ ਸਦਾ ਬੁਰਾ ਹੀ ਚਿਤਵਦੇ ਨੇ। ਵਾਸਤਵ ਵਿਚ ਇਨ੍ਹਾਂ ਦੀਆਂ ਜੜ੍ਹਾਂ ਇਸ ਧਰਤੀ ਅੰਦਰ ਨਹੀਂ ਸਗੋਂ, ਕਿਧਰੇ ਗੰਗਾ ਤੋਂ ਪਾਰ ਨੇ। ਇਹੀ ਕਾਰਨ ਹੈ ਕਿ ਇਨ੍ਹਾਂ ਟੋਪੀ ਵਾਲਿਆਂ ਨੇ 1947 ਤੋਂ ਲੈ ਕੇ ਅੱਜ ਤੱਕ ਪੰਜਾਬ ਤੇ ਪੰਜਾਬੀ ਬੋਲੀ ਦੇ ਹੱਕ ਵਿਚ ਕਦੀ ਵੀ ਹੁੰਗਾਰਾ ਨਹੀਂ ਭਰਿਆ, ਸਗੋਂ ਹਰ ਉਸ ਗੱਲ ਦਾ ਡਟ ਕੇ ਵਿਰੋਧ ਕੀਤਾ ਹੈ ਜੋ ਇਥੋਂ ਦੀ ਪਵਿੱਤਰ ਤੇ ਮਹਾਨ ਭੂਮੀ ਨੂੰ ਭਾਗ ਲਾਉਣ ਤੇ ਬਲਵਾਨ ਬਨਾਉਣ ਦਾ ਕਾਰਨ ਬਣਦੀ ਹੋਵੇ।

ਅਸਲ ਵਿਚ ਇਸ ਧਰਤੀ ਦੇ ਮਾਲਕ ਤੇ ਵਾਰਸ ਹੋਣ ਦਾ ਸੇਹਰਾ ਖਾਲਸਾ ਪੰਥ ਨੂੰ ਹੀ ਜਾਂਦਾ ਹੈ ਕਿਉਂਕਿ ਖਾਲਸਾ ਪੰਥ ਨੇ ਆਪਣੇ ਜਨਮ ਕਾਲ ਤੋਂ ਲੈ ਕੇ ਹੁਣ ਤੱਕ ਆਪਣੀ ਇਸ ਜਨਮ ਭੂਮੀ ਦੀ ਆਨ ਸ਼ਾਨ, ਚੜ੍ਹਦੀ ਕਲਾ, ਆਜ਼ਾਦੀ ਤੇ ਰਾਖੀ ਲਈ ਵੱਖ ਵੱਖ ਸਮੇਂ ਉੱਪਰ ਵਿਦੇਸ਼ੀ ਧਾੜਵੀਆਂ ਨਾਲ ਲੋਹਾ ਲੈਂਦਿਆਂ ਹੋਇਆਂ ਲੱਖਾਂ ਸਿਰ ਦਿੱਤੇ ਹਨ। ਜੰਗਲਾਂ ਬੀਆਬਾਨਾਂ, ਰੇਤ ਥੋਲਿਆਂ ਤੇ ਪਹਾੜਾਂ ਦੀਆਂ ਕੰਦਰਾਂ ਦੇ ਦੁਖ ਕਸ਼ਟ ਅਤੇ ਵਿਦੇਸ਼ੀ ਹਕੂਮਤਾਂ ਤੇ ਧਾੜਵੀਆਂ ਵੱਲੋਂ ਦਿੱਤੇ ਜਾਣ ਵਾਲੇ ਘੋਰ ਤਸੀਹਿਆਂ ਦੀਆਂ ਦਾਸਤਾਨਾਂ ਦੀ ਗੱਲ ਵਖਰੀ ਹੈ। ਇਸ ਕਰਕੇ ਸਿੰਘੋ, ਗੁਰੂ ਸਾਹਿਬਾਨ ਦੀ ਤੇ ਖਾਲਸਾ ਪੰਥ ਦੀ ਇਸ ਪਵਿੱਤਰ ਤੇ ਮਹਾਨ ਧਰਤੀ ਦੇ ਅਸਲ ਮਾਲਕ ਤੇ ਵਾਰਸ ਹੋਣ ਵਜੋਂ ਤੁਸਾਂ ਹੀ ਇਸਦੀ ਆਨ ਸ਼ਾਨ ਤੇ ਚੜ੍ਹਤ ਨੂੰ ਕਾਇਮ ਰਖਣਾ, ਰੰਗ ਲਾਉਣਾ ਤੇ ਚਮਕਾਉਣਾ ਹੈ।

ਅੱਜ ਦੇ ਦੌਰ ਵਿਚ ਹੱਕ ਤੇ ਅਧਿਕਾਰ ਪੱਖੋਂ ਤੁਹਾਡੇ ਹਿੱਸੇ ਦਿੱਲੀ ਤੋਂ ਵੀ ਅਗਾਂਹ ਤੱਕ ਦੀ ਧਰਤੀ ਆਉਂਦੀ ਹੈ ਅਤੇ ਇਸ ਸਾਰੀ ਦੀ ਸਾਰੀ ਧਰਤੀ ਨੂੰ ਤੁਸਾਂ ਇਕ ਨਾ ਇਕ ਦਿਨ ਖਾਲਸਾ ਰਾਜ ਦੇ ਖੇਤਰ ਦਾ ਇਕ ਅਟੁੱਟ ਤੇ ਅਨਿਖੜਵਾਂ ਹਿੱਸਾ ਬਨਾਉਣਾ ਹੈ। ਸਮੇਂ ਦੇ ਨਾਲ ਨਾਲ ਦਿਲੀ ਵੱਲ ਨੂੰ ਜਿੱਧਰ ਜਿਧਰ ਖਾਲਸਾ ਰਾਜ ਦਾ ਪਸਾਰ ਹੁੰਦਾ ਜਾਵੇ ਅਤੇ ਕੇਸਰੀ ਨਸ਼ਾਨ ਸਾਹਿਬ ਦੀ ਚੜ੍ਹਤ ਹੁੰਦੀ ਜਾਵੇ ਤੇ ਖਾਲਸਾ ਜੀ ਦੇ ਬੋਲਬਾਲੇ ਕਾਇਮ ਹੁੰਦੇ ਜਾਣ, ਤੁਸਾਂ ਰਾਜ ਭਾਗ ਦੀ ਅਸਲ ਸੱਤਾ ਖਾਲਸਾ ਪੰਥ ਦੇ ਹੱਥਾਂ ਵਿਚ ਹੀ ਰਖੱਣੀ ਹੋਵੇਗੀ। ਇਸ ਗੱਲ ਨੂੰ ਮੈਂ ਫਿਰ ਦੁਹਰਾਂ ਦੇਂਦਾ ਹਾਂ ਕਿ ਉਸ ਸਮੇਂ ਤੁਸਾਂ ਕਿਧਰੇ ਭੁੱਲ ਕੇ ਵੀ ਕਿਸੇ ਭੇਖਧਾਰੀ, ਬਹੁਰੂਪੀਏ ਤੇ ਦੋਗਲੇ ਵਿਅਕਤੀ ਜਾਂ ਕੁਣਬੇ ਕਬੀਲੇ ਦੇ ਉੱਪਰ ਵਸਾਹ ਨਹੀਂ ਖਾਣਾ ਤੇ ਭਰੋਸਾ ਨਹੀਂ ਕਰਨਾ। ਫਿਰ ਐਸੀ ਹਾਲਤ ਵਿਚ ਖਾਲਸਾ ਪੰਥ ਦਾ ਉਹ ਰਾਜ ਜੁਗੋ ਜੁਗ ਅਟੱਲ ਰਾਜ ਹੋਵੇਗਾ ਅਤੇ ਆਪਣੇ ਆਪ ਵਿਚ ਇਕ ਆਦਰਸ਼ ਤੇ ਖੁਸ਼ਹਾਲ ਰਾਜ ਹੋਣ ਦੇ ਨਾਤੇ ਸਹੀ ਅਰਥਾਂ ਵਿਚ 'ਹਲੇਮੀ ਰਾਜ' ਦਾ ਪ੍ਰਤੀਕ ਰਾਜ ਹੋਵੇਗਾ।

ਅੰਤ ਵਿਚ ਮੇਰੀ ਫਿਰ ਸਮੂਹ ਸਿਖ ਸੰਗਤਾਂ ਦੇ ਚਰਨਾਂ ਵਿਚ ਹੱਥ ਜੋੜ ਕੇ ਬੇਨਤੀ ਹੈ ਕਿ ਸੱਚ ਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਉੱਪਰ ਹਮਲੇ ਤੋਂ ਬਾਅਦ ਖਾਲਸਾ ਪੰਥ ਨੇ ਟੋਪੀ ਵਾਲਿਆਂ ਦੀ ਭਾਰਤ ਸਰਕਾਰ ਅਰਥਾਤ ਹਿੰਦੂ ਸਾਮਰਾਜ ਨਾਲ ਲੜਾਈ ਖਾਲਿਸਤਾਨ ਦੀ ਪ੍ਰਾਪਤੀ ਤੇ ਸਥਾਪਨਾ ਲਈ ਲੜਨੀ ਹੋਵੇਗੀ ਤੇ ਉਹ ਵੀ ਜਥੇਬੰਦਕ ਤੇ ਹਥਿਆਰ ਬੰਦ ਰੂਪ ਵਿਚ। ਇਸ ਕਰਕੇ ਉਸ ਅਕਾਲ ਪੁਰਖ ਤੇ ਗੁਰੂ ਘਰ ਦੇ ਆਸਰੇ ਸ਼ਸਤ੍ਰਾਂ ਦੀ ਸ਼ਕਤੀ ਨੂੰ ਸਦਾ ਹੀ ਅੰਗ ਸੰਗ ਰਖਣਾ ਹੋਵੇਗਾ ਕਿਉਂਕਿ ਰਾਜ ਭਾਗ ਹਾਸਲ ਕਰਨ ਅਤੇ ਇਸਨੂੰ ਕਾਇਮ ਦਾਇਮ ਰਖਣ ਤੇ ਗੁਰੂ ਘਰ ਦੇ ਆਸ਼ੇ ਉਦੇਸ਼ ਤੇ ਸੰਕਲਪ ਨੂੰ ਧਰਮ, ਸਮਾਜ ਤੇ ਰਾਜ ਦੇ ਖੇਤਰ ਵਿਚ ਅਮਲੀ ਰੂਪ ਦੇਣ ਤੇ ਸਾਕਾਰ ਕਰਨ ਲਈ ਜਿਥੇ ਕੌਮ ਅੰਦਰ ਅਥਾਹ ਜੋਸ਼ ਜਜ਼ਬੇ ਤੇ ਇਤਫਾਕ ਦੀ ਲੋੜ ਹੁੰਦੀ ਹੈ ਉਥੇ ਸ਼ਕਤੀ ਦਾ ਹੱਥ ਵਿਚ ਹੋਣਾ ਵੀ ਅਤੀ ਜ਼ਰੂਰੀ ਹੁੰਦਾ ਹੈ।



ਖਾਲਸਾ ਜੀ, ਇਸ ਮਹਾਵਾਕ ਦੀ ਸਚਾਈ ਨਾਲੋਂ ਜੁੱਗਾਂ ਜੁੱਗਾਂ ਤੱਕ ਨਾ ਟੁੱਟਿਓ ਕਿ:

**ਕੋਊ ਕਿਸੀ ਕੋ ਰਾਜ ਨਾ ਦੇ ਹੈਂ, ਜੋ ਲੇ ਹੈਂ ਨਿਜ ਬਲ ਸੇ ਲੇ ਹੈਂ।**

ਸਾਧ ਸੰਗਤ ਜੀ, ਦਾਸ ਗੁਰੂ ਪੰਥ ਦੇ ਚਰਨਾਂ ਦੀ ਧੂੜ ਹੈ ਅਤੇ ਗੁਰੂ ਘਰ ਦਾ ਕੂਕਰ ਹੈ, ਜੇ ਦਾਸ ਪਾਸੋਂ ਗੁਰੂ ਰੂਪ ਸੰਗਤ ਦੀ ਹਾਜ਼ਰੀ ਵਿਚ ਕੋਈ ਭੁੱਲ ਹੋ ਗਈ ਹੋਵੇ ਜਾਂ ਤੁਹਾਡੇ 'ਚੋਂ ਕਿਸੇ ਦੇ ਵੀ ਦਿਲ ਦੁਖਾਉਣ ਵਾਲੀ ਗੱਲ ਮੂੰਹੋਂ ਨਿਕਲ ਗਈ ਹੋਵੇ ਤਾਂ ਤੁਸਾਂ ਦਾਸ ਨੂੰ ਖਿਮਾ ਬਖਸ਼ਨੀ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

# 5.

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸੰਗਤ ਨੂੰ ਸੰਬੋਧਤ ਕਰਨ ਅਤੇ ਉਸ ਤੋਂ ਪਿਛੋਂ ਕੁਝ ਇਕ ਸਿੰਘਾਂ ਨਾਲ ਵਿਚਾਰ ਸਾਂਝੇ ਕਰਨ ਤੋਂ ਬਾਅਦ ਫਾਰਗ ਹੋ ਚੁੱਕੇ ਸਨ।

ਸੰਤਾਂ ਦੇ ਗੜਵਈ ਸਿੰਘ ਵਲੋਂ ਉਹਨਾਂ ਨੂੰ ਦੁਪਹਿਰ ਦਾ ਖਾਣਾ ਖਾਣ ਲਈ ਬੇਨਤੀ ਕੀਤੀ ਜਾ ਚੁੱਕੀ ਸੀ ਅਤੇ ਜਥੇ ਦਾ ਇਕ ਹੋਰ ਸਿੰਘ ਸੰਤਾਂ ਨੂੰ ਕੁਝ ਕਾਹਲੀ ਵਿਚ ਦਸਦਾ ਹੋਇਆ ਉਹਨਾਂ ਨੂੰ ਜ਼ਰਾ ਜਲਦੀ ਉੱਠਣ ਲਈ ਬੇਨਤੀ ਕਰ ਰਿਹਾ ਸੀ।

ਕੁਝ ਸਿੰਘਾਂ ਵਿਚ ਇਸ ਗੱਲ ਦੀ ਵੀ ਚਰਚਾ ਚੱਲ ਰਹੀ ਸੀ ਕਿ 'ਸੀ. ਆਰ. ਪੀ. ਨੇ ਬ੍ਰਹਮਬੂਟਾ ਅਖਾੜੇ ਵਲੋਂ ਚੌਂਕ ਘੰਟਾ ਘਰ ਵੱਲ ਦਰਬਾਰ ਸਾਹਿਬ ਪਰਕਰਮਾ ਦੀ ਉੱਤਰੀ ਦਰਸ਼ਨੀ ਡਿਓਢੀ ਨੂੰ ਪੈਂਦੇ ਲਾਂਘੇ ਉੱਪਰ ਸਖਤ ਨਾਕਾ ਲਾਇਆ ਹੋਇਆ ਹੈ ਅਤੇ ਉਹ ਲਾਂਘੇ ਨੂੰ ਬੰਦ ਕਰਨ ਲਈ ਉਸ ਉੱਪਰ ਦੀਵਾਰ ਖੜੀ ਕਰ ਰਹੇ ਸ਼੍ਰੋਮਣੀ ਕਮੇਟੀ ਦੇ ਆਦਮੀਆਂ ਨੂੰ ਸਖਤੀ ਨਾਲ ਰੋਕ ਰਹੇ ਹਨ ਤੇ ਝਗੜਾ ਬਹੁਤ ਵਧ ਗਿਆ ਹੈ। ਸੀ. ਆਰ. ਪੀ. ਵਾਲਿਆਂ ਨੇ ਰਫਲਾਂ ਤਾਣੀਆਂ ਹੋਈਆਂ ਹਨ ਤੇ ਉਹਨਾਂ ਨੇ ਇਥੋਂ ਤੱਕ ਕਹਿ ਦਿੱਤਾ ਹੈ ਕਿ ਜੇ ਦੀਵਾਰ ਉਸਾਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਗੋਲੀ ਚਲਾ ਦੇਣਗੇ। ਇਥੋਂ ਤੱਕ ਕਿ ਕੁਝ ਸਿਪਾਹੀਆਂ ਨੇ ਤਾਂ ਇਧਰ ਲੰਗਰ ਵਾਲੇ ਪਾਸੇ ਵੱਲ ਨੂੰ ਵੀ ਸ਼ਿਸਤਾਂ ਬੰਨ੍ਹੀਆਂ ਹੋਈਆਂ ਨੇ।

ਪਰ ਇਸ ਸਭ ਕੁਝ ਦੇ ਬਾਵਜੂਦ ਸੰਤਾਂ ਦੇ ਪਾਸ ਦੂਰ ਤੱਕ ਜਮਘਟਾ ਜਿਹਾ ਬਣਾ ਕੇ ਬੈਠੀ ਖਲੋਤੀ ਹੋਈ ਸੰਗਤ ਦਾ ਪ੍ਰੇਮ ਉਹਨਾਂ ਨੂੰ ਅਜੇ ਵੀ ਉਥੋਂ ਉੱਠਣ ਨਹੀਂ ਸੀ ਦੇ ਰਿਹਾ।

ਸੰਤਾਂ ਦੇ ਆਸ ਪਾਸ ਸਨਮੁਖ ਰੂਪ ਵਿਚ ਬੈਠੀਆਂ ਖਲੋਤੀਆਂ ਹੋਈਆਂ ਸੰਗਤਾਂ ਆਪਣੀ ਸਮਰਥਾ ਤੇ ਇਛਾ ਅਨੁਸਾਰ ਮਾਇਆ ਭੇਂਟ ਕਰ ਰਹੀਆਂ ਸਨ ਅਤੇ ਸੰਗਤ 'ਚ ਖਲੋਤੇ ਹੋਏ ਛੋਟੇ ਵਡੇ ਬੱਚੇ ਓਕੜ ਓਕੜ ਕੇ ਅਤੇ ਇਕ ਦੂਸਰੇ ਨਾਲੋਂ ਅੱਗੇ ਹੋ ਕੇ ਸੰਤਾਂ ਦੇ ਚੇਹਰੇ ਉੱਪਰ ਝਾਤੀ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਇਸ ਮਾਹੌਲ ਵਿਚ ਕੁਝ ਇਕ ਬੱਚੇ ਤਾਂ ਆਪਣੀਆਂ ਮਾਵਾਂ ਦੇ ਇਸ ਕਰਕੇ ਖਹਿੜੇ ਪਏ ਹੋਏ ਸਨ ਕਿ ਆਪਣੀ ਹਥਲੀ ਮਾਇਆ ਉਹਨਾਂ ਦੇ ਹੱਥ ਫੜਾ ਦੇਣ, ਤਾਂ ਜੋ ਉਹ ਉਸ ਮਾਇਆ ਨੂੰ ਆਪ ਆਪਣੇ ਹੱਥੀਂ ਸੰਤਾਂ ਦੀ ਭੇਟਾ ਕਰ ਸਕਣ।

ਉਹਨਾਂ ਬੱਚਿਆਂ ਦੇ ਚੇਹਰੇ ਮੋਹਰੇ ਉਪਰ ਖੇਡ ਰਹੇ ਹਾਵ ਭਾਵ, ਉਹਨਾਂ ਦੇ ਖਲੋਣ ਤੇ ਸੰਤਾਂ ਵੱਲ ਵੇਖਣ ਦੇ ਅੰਦਾਜ਼, ਉਹਨਾਂ ਵਲੋਂ ਆਪਣੀਆਂ ਮਾਵਾਂ ਦੇ ਹਥੋਂ ਪੈਸੇ ਆਪਣੇ ਹਥਾਂ 'ਚ ਲੈਣ ਦੀ ਕੋਸ਼ਿਸ਼ ਅਤੇ ਉਹਨਾਂ ਦੇ ਮਨ ਵਿਚਲੀ ਸੰਤਾਂ ਨੂੰ ਆਪ ਮਾਇਆ ਭੇਂਟ ਕਰਨ ਦੀ ਉਤਸਕਤਾ ਤੋਂ ਇਸਤਰਾਂ



ਜਾਪਦਾ ਸੀ ਜਿਵੇਂ ਉਹ ਮਨੋ ਕਰਕੇ ਸੰਤਾਂ ਦੇ ਹੋ ਚੁਕੇ ਹੁੰਦੇ ਹਨ।

ਜਦ ਸੰਤਾਂ ਨੇ ਉਹਨਾਂ ਬੱਚਿਆਂ ਨੂੰ ਇਸਤਰਾਂ ਜ਼ਿਦ ਕਰਦਿਆਂ ਵੇਖਿਆ ਤਾਂ ਸੰਤਾਂ ਨੇ ਉਹਨਾਂ ਬੱਚਿਆਂ ਨੂੰ ਆਪਣੇ ਪਾਸ ਬੁਲਾਇਆ। ਉਹਨਾਂ ਨਾਲ ਕੁਝ ਛਿਣ ਲਾਡ ਪਿਆਰ ਜਤਾਇਆ ਤੇ ਫਿਰ ਆਪਣੇ ਪਾਸ ਹੀ ਪਏ ਹੋਏ ਫਲ ਤੇ ਬਰਫੀ ਦੇ ਕੁਝ ਟੁਕੜੇ ਉਹਨਾਂ ਦੇ ਹਥਾਂ ਵਿਚ ਥਮਾ ਦਿੱਤੇ।

ਸੰਤਾਂ ਨੇ ਉਹਨਾਂ ਬੱਚਿਆਂ 'ਚੋਂ ਇਕ ਬੱਚੇ ਨੂੰ ਜਿਸ ਨੇ ਛੋਟੀ ਜਿਹੀ ਕ੍ਰਿਪਾਨ ਗਾਤਰੇ ਸਜਾ ਰਖੀ ਸੀ, ਆਪਣੇ ਨੇੜੇ ਕਰਦਿਆਂ ਹੋਇਆਂ ਉਸਦੀ ਸ੍ਰੀ ਸਾਹਿਬ ਨੂੰ ਆਪਣੇ ਹੱਥ ਵਿਚ ਲੈਂਦਿਆਂ ਉਸਨੂੰ ਬੜੇ ਲਾਡ ਜਿਹੇ ਨਾਲ ਜ਼ਰਾ ਕੁ ਮੁਸਕ੍ਰਾਉਂਦਿਆਂ ਹੋਇਆਂ ਪੁੱਛਿਆ,

'ਮੈਨੂੰ ਇਹ ਦੱਸ ਤੂੰ ਇਸ ਸ੍ਰੀ ਸਾਹਿਬ ਨਾਲ ਕੀ ਕਰੇਂਗਾ?'

ਉਸ ਬੱਚੇ ਨੇ ਸੰਤਾਂ ਦੀ ਗੱਲ ਸੁਨਣ ਦੇ ਨਾਲ ਹੀ ਉਹਨਾਂ ਦੇ ਚੇਹਰੇ ਵੱਲ ਬੜੇ ਗਹੁ ਨਾਲ ਤੱਕਿਆ ਤੇ ਫਿਰ ਝੱਟ ਹੀ ਇਕ ਸਵੈ-ਅਭਿਮਾਨੀ ਵਿਅਕਤੀ ਦੀ ਤਰਾਂ ਬੜੇ ਕੜਕਵੇਂ ਤੇ ਗੜਕਵੇ ਜਿਹੇ ਤਿੱਖੇ ਅੰਦਾਜ਼ ਵਿਚ ਜਵਾਬ ਦਿਤਾ, 'ਤੁਸ਼ਟ ਸ਼ੋਧਾਂਗਾ (ਦੁਸ਼ਟ ਸੋਧਾਂਗਾ)।'

ਸੰਤ ਉਸ ਬੱਚੇ ਦੀ ਜ਼ਬਾਨੀ ਇਹ ਚੜ੍ਹਦੀ ਕਲਾ ਵਾਲਾ ਉੱਤਰ ਸੁਣਕੇ ਬੜਾ ਹੀ ਖੁਸ਼ ਹੋਏ ਤੇ ਇਸਦੇ ਨਾਲ ਹੀ ਸੰਤਾਂ ਨੇ ਉਸ ਬੱਚੇ ਨੂੰ ਬੜੇ ਪਿਆਰ ਨਾਲ ਘੁਟਦਿਆਂ ਹੋਇਆਂ ਆਪਣੇ ਪਾਸ ਹੀ ਸੱਜੇ ਪਾਸੇ ਬਹਾ ਲਿਆ।

ਸੰਤਾਂ ਨੇ, ਬੱਚੇ ਦੀ ਜ਼ਬਾਨੀ ਤੋਤਲਾ ਜਿਹਾ ਜਵਾਬ ਸੁਣਕੇ ਨਿਮਾ ਨਿਮਾ ਮੁਸਕਾ ਰਹੀਆਂ ਸੰਗਤਾਂ ਵੱਲ ਇਕਵਾਰਗੀ ਦੀ ਬੜੀ ਤਿਖੀ ਤੇ ਕਿਸੇ ਡੂੰਘੀ ਰਮਜ਼ ਦੀ ਪ੍ਰਤੀਕ ਨਜ਼ਰ ਸੁਟੀ ਤੇ ਉਸਦੇ ਨਾਲ ਹੀ ਉਸ ਬੱਚੇ ਤੋਂ ਫਿਰ ਪੁੱਛਿਆ,

'ਹਛਾ ਹੁਣ ਤੂੰ ਮੈਨੂੰ ਇਹ ਦੱਸ ਤੇਰਾ ਨਾ ਕੀ ਆ?'

ਉਸ ਬੱਚੇ ਦਾ ਅਗੋਂ ਉਸੇ ਹੀ ਜੋਸ਼ ਤੇ ਜਜ਼ਬੇ ਭਰੇ ਅੰਦਾਜ਼ ਵਿਚ ਉੱਤਰ ਸੀ, 'ਅੱਥਵਾਦੀ, (ਅਤਵਾਦੀ)।'

ਉਸ ਬੱਚੇ ਦੇ ਜੋਸ਼ ਜਜ਼ਬੇ ਤੇ ਮਾਨਸਿਕ ਰੌਂਅ ਨੂੰ ਵੇਖਕੇ ਤੇ ਉਸਦੇ ਆਪਣੇ ਗਾਤਰੇ ਪਈ ਹੋਈ ਛੋਟੀ ਜਿਹੀ ਕ੍ਰਿਪਾਨ ਦੇ ਦਸਤੇ ਉੱਪਰ, ਉਥੇ ਬੈਠਿਆਂ ਬੈਠਿਆਂ ਹੀ ਕਿਸੇ ਸ਼ਾਹਜ਼ੋਰ ਦੀ ਤਰ੍ਹਾਂ ਹਥ ਰੱਖਣ ਦੇ ਅੰਦਾਜ਼ ਤੋਂ ਇਹ ਜ਼ਾਹਰ ਹੁੰਦਾ ਸੀ ਕਿ ਜਿਵੇਂ ਉਹ ਵੱਡਾ ਹੋ ਕੇ ਅਵਸ਼ ਹੀ ਪੰਥ ਦਾ ਜੁਝਾਰੂ ਸਿੰਘ ਮਰਜੀਵੜਾ (ਜਾਂਬਾਜ਼) ਤੇ ਸ਼ਹੀਦ ਬਣੇਗਾ।

ਉਸ ਬੱਚੇ ਵਲ ਵੇਖ ਵੇਖ ਸੰਗਤਾਂ ਮੁਸਕਰਾ ਰਹੀਆਂ ਸਨ ਪਰ ਇਸ ਵਾਰੀ ਉਸਦੀ ਤੋਤਲੀ ਤੇ ਬਾਲੜੀ ਜਿਹੀ ਜ਼ਬਾਨ ਤੋਂ 'ਅੱਚਵਾਦੀ' ਸ਼ਬਦ ਸੁਣਕੇ ਉੱਥੇ ਖਲੋਤੀ ਹੋਈ ਸੰਗਤ ਵਿਚ ਬੜੇ ਹੀ ਉਤਸ਼ਾਹ ਜਨਕ ਹਾਸੇ ਦੀ ਟੁਨਕਾਰ ਪੈਦਾ ਹੋ ਗਈ ਸੀ।

ਉਸ ਮਾਹੌਲ ਵਿਚ ਉਸ ਬੱਚੇ ਦੀ ਜ਼ਬਾਨੀ ਇਹ ਉੱਤਰ ਸੁਣਕੇ ਅਤੇ ਉਸਦੇ ਖਲੋਣ ਤੇ ਫਿਰ ਬੈਠਣ ਦੇ ਅੰਦਾਜ਼ ਵਿਚ ਮਚਲ ਰਹੇ ਖਾਲਸਾਈ ਜੋਸ਼ ਜਜ਼ਬੇ ਨੂੰ ਵੇਖਕੇ ਮੈਂ ਆਪਣੇ ਆਪ ਵਿਚ ਸੋਚ ਰਿਹਾ ਸਾਂ ਕਿ,

'ਜਦੋਂ ਕਿਸੇ ਕੌਮ ਦੇ ਬੱਚਿਆਂ ਵਿਚ ਜਿੰਨ੍ਹਾਂ ਦੀਆਂ ਜ਼ਬਾਨਾਂ ਚੋਂ ਅਜੇ ਤੋਤਲਾਪਣ ਵੀ ਪੂਰੀ

ਤਰ੍ਹਾਂ ਨਾਲ ਨਹੀਂ ਗਿਆ ਹੁੰਦਾ ਅਤੇ ਜਿਨ੍ਹਾਂ ਦੇ ਬਾਲ ਚੇਹਰਿਆਂ ਉੱਪਰ ਅਜੇ ਮਾਸੂਮੀਅਤ ਖੇਡ ਰਹੀ ਹੁੰਦੀ ਹੈ, ਕੌਮੀ ਜੋਸ਼ ਤੇ ਪਿਆਰ ਦੀਆਂ ਉਮੰਗਾਂ ਦਾ ਰੰਗ ਭਰਨ ਲੱਗ ਜਾਂਦਾ ਹੈ ਤਾਂ ਫਿਰ ਉਸ ਸਮੇਂ ਦੁਨੀਆਂ ਦੀ ਕੋਈ ਵੱਡੀ ਤੋਂ ਵੱਡੀ ਤੇ ਜ਼ਾਲਮ ਤਾਕਤ ਵੀ ਉਸ ਕੌਮ ਨੂੰ ਖਤਮ ਨਹੀਂ ਕਰ ਸਕਦੀ।

ਅਸਲ ਵਿਚ ਕਿਸੇ ਕੌਮ ਦੇ ਬੱਚਿਆਂ ਦੇ ਮਨਾਂ ਅੰਦਰ ਇਸਤਰਾਂ ਦੇ ਬਲਵਾਨ ਅਨਭਵ ਦਾ ਤਸੱਵਰ ਉਦੋਂ ਰੂਪਮਾਨ ਹੁੰਦਾ ਏ ਜਦੋਂ ਉਹਨਾਂ ਦੇ ਮਾਂ ਬਾਪ, ਭੈਣ ਭਰਾ, ਰਿਸ਼ਤੇਦਾਰ ਅਤੇ ਉਹਨਾਂ ਦੇ ਸਮੁੱਚੇ ਕੌਮੀ ਭਾਈਚਾਰੇ ਦੇ ਹਜ਼ਾਰਾਂ ਲੱਖਾਂ ਲੋਕ ਆਪਣੇ ਕੌਮੀ ਦੁਸ਼ਮਨਾਂ ਦੇ ਮੁਕਾਬਲੇ ਲੜੀ ਜਾ ਰਹੀ ਹੱਕਾਂ ਤੇ ਆਜ਼ਾਦੀ ਦੀ ਲੜਾਈ ਦੇ ਦੌਰ 'ਚੋਂ ਦੀ ਲੰਘ ਰਹੇ ਹੁੰਦੇ ਹਨ ਅਤੇ ਆਪਣੇ ਦੁਸ਼ਮਨਾਂ ਨਾਲ ਲੋਹਾ ਲੈਂਦੇ, ਦੁਖ ਕਸ਼ਟ ਸਹਾਰਦੇ ਤੇ ਸ਼ਹੀਦੀਆਂ ਦੀ ਪਰਵਾਹ ਨਾ ਕਰਦੇ ਹੋਏ ਬੜੀ ਦ੍ਰਿੜਤਾ ਨਾਲ ਆਪਣੀ ਮੰਜ਼ਲ ਵੱਲ ਅਗੇ ਵਧ ਰਹੇ ਹੁੰਦੇ ਹਨ। ਐਸੀ ਹਾਲਤ ਵਿਚ ਫਿਰ ਜਦੋਂ ਉਸ ਕੌਮ ਦੇ ਬਚਿਆਂ ਤੋਂ ਇਹ ਪੁਛਿਆ ਜਾਂਦਾ ਹੈ ਕਿ ਤੁਸੀ ਵੱਡੇ ਹੋ ਕੇ ਕੀ ਬਣੋਂਗੇ ਤੇ ਕੀ ਕਰੋਗੇ ਤਾਂ ਉਸ ਸਮੇਂ ਉਹਨਾਂ ਦਾ ਅਗੋਂ ਇਹ ਉੱਤਰ ਹੁੰਦਾ ਹੈ ਕਿ ਉਹ ਵਡੇ ਹੋ ਕੇ ਕੌਮੀ ਪਰਵਾਨੇ ਜਾਂ ਜਾਂਬਾਜ਼ ਤੇ ਮਰਜੀਵੜੇ ਬਨਣਗੇ ਅਤੇ ਕੌਮ ਦੇ ਦੁਸ਼ਮਨਾਂ ਵੈਰੀਆਂ ਤੇ ਦੁਸ਼ਟਾਂ ਦੂਤੀਆਂ ਨੂੰ ਸੋਧਣਗੇ।

ਸੰਤਾਂ ਨੇ ਆਪਣੇ ਆਸ ਪਾਸ ਖਲੋਤੇ ਹੋਏ ਸਿੰਘਾਂ ਸਿੰਘਣੀਆਂ ਵੱਲ ਇਕ ਵਾਰ ਫਿਰ ਸਰਸਰੀ ਜਿਹੀ ਨਜ਼ਰ ਦੁੜਾਈ ਤੇ ਫਿਰ ਝੱਟ ਹੀ ਬੜੇ ਗੰਭੀਰ ਜਿਹੇ ਹੋਕੇ ਕਹਿਣ ਲੱਗੇ, 'ਸਿੰਘੋ, ਇਸ ਬੱਚੇ ਦੇ ਇਸ ਕਥਣ ਨੂੰ ਆਪਾਂ ਐਵੇਂ ਹਾਸੇ ਵਿਚ ਨਹੀਂ ਗਵਾ ਦੇਣਾ। ਸਮਾਂ ਆ ਗਿਆ ਹੈ ਕਿ ਹੁਣ ਸਾਨੂੰ ਦੁਸ਼ਟ ਸੋਧਣ ਦਾ ਰਾਹ ਮੱਲਣਾ ਹੀ ਪੈਣਾ ਅਤੇ ਸਾਨੂੰ ਟੋਪੀ ਵਾਲਿਆਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਤੇ ਆਜ਼ਾਦ ਹੋਣ ਲਈ ਵਿਆਪਕ ਰੂਪ ਵਿਚ ਮਰ ਜੀਵੜੇ ਪੈਦਾ ਕਰਨੇ ਪੈਣੇ ਨੇ। ਮੇਰੀਆਂ ਗੱਲਾਂ ਮੇਰੇ ਕਈ ਭਾਈਆਂ ਨੂੰ ਕੌੜੀਆਂ ਜ਼ਰੂਰ ਲਗਦੀਆਂ ਨੇ ਪਰ ਸਾਨੂੰ ਹੁਣ ਇਸ ਗੱਲ ਦਾ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਜੇ ਅਸੀਂ ਅਜੇ ਵੀ ਐਵੇਂ ਛੋਟੀਆਂ ਮੋਟੀਆਂ ਮੰਗਾਂ ਦੇ ਨਾਂ ਉਤੇ ਐਵੇਂ ਲੰਮੇ ਪੰਧ ਉੱਤੇ ਪਏ ਰਹੇ ਤਾਂ ਇਸ ਹਾਲਤ ਵਿਚ ਫਿਰ ਇਹ ਹਿੰਦੂ ਸਾਮਰਾਜ ਸਾਨੂੰ ਸਮੇਂ ਦੀ ਬੁਰਕੀ ਵਿਚ ਲਵੇਟ ਕੇ ਨਿਗਲਣ ਤੋਂ ਬਾਜ਼ ਨਹੀਂ ਆਏਗਾ। ਇਸ ਲਈ ਹੁਣ ਸਾਨੂੰ ਬੀਤੇ ਦੀਆਂ ਘਟਨਾਵਾਂ ਤੋਂ ਸਬਕ ਲੈਣਾ ਚਾਹੀਦਾ ਹੈ ਤੇ ਨੇੜੇ ਭਵਿੱਖ ਵਿਚ ਠੋਸ ਨੀਤੀ ਮਾਰਗ ਤੇ ਸਪਸ਼ਟ ਮੰਜ਼ਲ ਨੂੰ ਮਿਥ ਲੈਣਾ ਚਾਹੀਦਾ ਹੈ।

ਤੁਸੀਂ ਇਸ ਸਮੇਂ ਇਥੇ ਭਾਰੀ ਗਿਣਤੀ ਵਿਚ ਸਿਘ ਸਿਘਣੀਆਂ ਬੈਠੇ ਖਲੋਤੇ ਹੋਏ ਜੇ। ਤੁਸੀਂ ਦੱਸੋ ਕਿ ਤੁਹਾਡੇ 'ਚੋਂ ਕਿਸੇ ਇਕ ਨੂੰ ਵੀ ਇਨ੍ਹਾਂ ਟੋਪੀ ਵਾਲਿਆਂ ਉੱਪਰ ਇਸ ਗੱਲ ਦਾ ਭਰੋਸਾ ਹੈ ਕਿ ਇਹ ਸਿੱਖ ਕੌਮ ਦਾ ਲਿਹਾਜ਼ ਕਰਨਗੇ ਤੇ ਪੰਥ ਨੂੰ ਇਸਦੇ ਹੱਕ ਆਪਣੇ ਆਪ ਦੇ ਦੇਣਗੇ? ਜਿਸ ਹਿੰਦੂ ਮਤ ਤੇ ਧਰਮ ਮਜ਼੍ਹਬ ਦੇ ਲੋਕਾਂ ਨਾਲ ਸਾਡਾ ਵਾਹ ਪੈ ਗਿਆ ਹੈ ਇਹ ਲੋਕ ਸੱਚ ਪੁੱਛੋ ਤਾਂ ਧਰਮ ਦੇ ਮੂਲ ਸੱਚ ਅਤੇ ਨੇਮਾਂ ਅਸੂਲਾਂ ਤੋਂ ਉੱਕੇ ਹੀ ਕੋਰੇ ਤੇ ਸਖਣੇ ਨੇ। ਅਸਲ ਵਿਚ ਇਨਾਂ ਲੋਕਾਂ ਦਾ ਕੋਈ ਧਰਮ ਮਜ਼੍ਹਬ ਹੈ ਹੀ ਨਹੀਂ। ਇਸ ਕਰਕੇ ਹੀ ਇਨ੍ਹਾਂ ਲੋਕਾਂ ਦੇ ਮਨਾਂ ਵਿਚ ਦੂਸਰੀਆਂ ਕੌਮਾਂ ਤੇ ਧਰਮਾਂ ਮਜ਼ਬਾਂ ਦੇ ਲੋਕਾਂ ਲਈ ਨਫਰਤ ਈਰਖਾ ਤੇ ਵੈਰ ਵਿਰੋਧ ਦਾ ਜ਼ਹਿਰ ਭਰਿਆ ਪਿਆ ਹੈ ਅਤੇ ਹਿੰਦੂ ਅਤੇ ਹਿੰਦੂਆਂ ਦੀ ਸਰਕਾਰ ਖਾਲਸਾ ਪੰਥ ਦੀ ਕਦੀ ਵੀ ਹਤੈਸ਼ੀ ਨਹੀਂ ਹੋ ਸਕਦੇ ਤੇ ਨਾ ਹੀ ਪੰਥ ਦੀ ਆਜ਼ਾਦ ਤੇ ਵਲੱਖਣ ਹਸਤੀ ਨੂੰ ਬਰਦਾਸ਼ਤ ਹੀ ਕਰ ਸਕਦੇ ਹਨ। ਜਿਨ੍ਹਾਂ ਲੋਕਾਂ ਨੂੰ ਸਿੱਖ ਕੌਮ ਦੀਆਂ ਅੱਜ ਤੱਕ ਹਿੰਦੁਸਤਾਨ ਦੀ ਖਾਤਰ ਕੀਤੀਆਂ ਗਈਆਂ ਮਹਾਨ ਕੁਰਬਾਨੀਆਂ ਤੇ ਸੇਵਾਵਾਂ ਤੱਕ ਦਾ ਕੋਈ ਅਹਿਸਾਸ ਨਹੀਂ ਅਤੇ ਜੋ ਸੁਭਾ ਤੋਂ ਖਾਸੇ ਪੱਖੋਂ ਅਕਿਰਤਘਣ ਤੇ ਵਿਸ਼ਵਾਸਘਾਤਕ ਨੇ ਅਤੇ ਜਿਨ੍ਹਾਂ ਦੀਆਂ ਨਜ਼ਰਾਂ ਵਿਚ ਗੁਰੂ ਸਾਹਿਬਾਨ ਦੀ ਮਹਾਨਤਾ ਤੇ ਦੇਣ ਬਾਰੇ ਵੀ ਕੋਈ ਕਦਰ ਨਹੀਂ



ਉਹਨਾਂ ਤੋਂ ਨੇਕੀ ਤੇ ਚੰਗਿਆਈ ਦੀ ਕੀ ਆਸ ਰੱਖੀ ਜਾ ਸਕਦੀ ਹੈ। ਵਾਸਤਵ ਵਿਚ ਇਹ ਲੋਕ ਫੰਨੀਅਰ ਸੱਪ ਤੋਂ ਘੱਟ ਨਹੀਂ ਅਤੇ ਇਨ੍ਹਾਂ ਦੇ ਨਾਲ ਰਿਹਾਂ ਸਾਨੂੰ ਮੌਤ ਵੰਡਣ ਵਾਲੇ ਜ਼ਹਿਰੀ ਡੰਗ ਹੀ ਨਸੀਬ ਹੋਣੇ ਨੇ। ਇਸ ਵਾਸਤੇ ਜੇ ਹੁਣ ਅਸਾਂ ਆਪਣੇ ਇਨ੍ਹਾਂ ਬੱਚਿਆਂ ਦੇ ਗਲੋਂ ਗੁਲਾਮੀ ਦੀਆਂ ਜੰਜੀਰਾਂ ਲਾਹੁਣੀਆਂ ਨੇ ਤਾਂ ਫਿਰ ਸਾਨੂੰ ਸ਼ਹੀਦੀ ਬਾਣੇ ਪਹਿਣ ਕੇ ਬਲੀਦਾਨ ਦੇ ਰਾਹ 'ਤੇ ਤੁਰਨਾ ਪੈਣਾ।

ਸਿੰਘੋ, ਇਹ ਇਕ ਅਟੱਲ ਸਚਾਈ ਹੈ ਕਿ ਕੌਮਾਂ ਦੇ ਨਸੀਬ ਸੂਲੀਆਂ ਚੋਂ ਜਾਗਦੇ ਤੇ ਨਿਖਰਦੇ ਰਹਿੰਦੇ ਨੇ ਫੁੱਲਾਂ ਦੀਆਂ ਸੇਜਾਂ 'ਤੇ ਨਹੀਂ। ਜਿਸ ਹਿੰਦੂ ਨਾਲ ਅੱਜ ਸਿਖ ਕੌਮ ਦਾ ਵਾਹ ਪਿਆ ਹੋਇਆ, ਜਿਵੇਂ ਕਿ ਮੈਂ ਪਹਿਲਾਂ ਦੱਸ ਚੁੱਕਾਂ, ਇਸ ਹਿੰਦੂ ਨੇ ਅੱਜ ਤੱਕ ਬੜੇ ਬੜੇ ਧਰਮ, ਕਬੀਲਿਆਂ ਤੇ ਕੌਮਾਂ ਮਜ਼੍ਹਬਾਂ ਨੂੰ ਨਿਗਲ ਛਡਿਆ ਤੇ ਗਾਲ ਛਡਿਆ ਹੈ ਇਨ੍ਹਾਂ ਟੋਪੀ ਵਾਲਿਆਂ ਦਾ ਇਤਿਹਾਸ ਫੋਲ ਕੇ ਵੇਖ ਲਓ ਇਹ ਮੁਢ ਕਦੀਮ ਤੋਂ ਹੀ ਕਿਸੇ ਦੇ ਮਿਤ੍ਰ ਨਹੀਂ ਬਣੇ, ਦੂਸਰਿਆਂ ਦੀ ਤਬਾਹੀ ਤੇ ਬਰਬਾਦੀ ਚਿਤਵਨੀ ਇਨਾਂ ਦੀ ਸੋਚ ਤੇ ਨੀਤੀ ਵਿਚ ਸ਼ਾਮਲ ਹੈ, ਇਥੋਂ ਤਕ ਕਿ ਇਹ ਆਮ ਲੋਕਾਂ ਦੀਆਂ ਜ਼ਬਾਨਾਂ ਕੇਵਲ ਇਸ ਕਰਕੇ ਹੀ ਕੱਟ ਦੇਂਦੇ ਰਹੇ ਸਨ ਕਿ ਕਿਧਰੇ ਉਹ ਇਲਮ ਹਾਸਲ ਕਰਕੇ ਆਪਣੇ ਲੋਕਾਂ ਵਿਚ ਗਿਆਨ ਦੀ ਰੌਸ਼ਨੀ ਨਾ ਵੰਡਣ ਲਗ ਪੈਣ। ਉਹਨਾਂ ਦੇ ਕੰਨਾਂ ਵਿਚ ਏਸ ਕਰਕੇ ਸਿੱਕੇ ਢਾਲ ਦਿੱਤੇ ਜਾਂਦੇ ਸਨ ਕਿ ਉਹਨਾਂ ਨੇ ਕਿਸੇ ਵਿਦਵਾਨ ਪਾਸੋਂ ਵਿਦਵਤਾ ਤੇ ਗਿਆਨ ਦੀਆਂ ਗੱਲਾਂ ਸੁਨਣ ਦੀ ਗੁਸਤਾਖੀ ਕਿਉਂ ਕੀਤੀ ਹੈ? ਥੋੜਾ ਬਹੁਤ ਲਿਖਣ ਯੋਗ ਹੋ ਜਾਣ ਵਾਲੇ ਵਿਅਕਤੀਆਂ ਦੇ ਏਸ ਲਈ ਹੱਥ ਕੱਟ ਦੇਂਦੇ ਰਹੇ ਕਿ ਉਹ ਥੋੜਾ ਬਹੁਤ ਹਸਾਬ ਕਤਾਬ ਰਖਣ ਦੇ ਯੋਗ ਕਿਉਂ ਹੋ ਗਏ ਨੇ?

ਜੇ ਕੋਈ ਸੂਦਰ ਕਰਾਰ ਦਿੱਤਾ ਹੋਇਆ ਵਿਅਕਤੀ ਭੁੱਲ ਕੇ ਵੀ ਸੰਸਕ੍ਰਿਤ ਭਾਸ਼ਾ ਦਾ ਸਲੋਕ ਯਾਦ ਕਰ ਲੈਂਦਾ ਸੀ ਤਾਂ ਉਸ ਹਾਲਤ ਵਿਚ ਉਸ ਦੀ ਜ਼ਾਤ ਬਰਾਦਰੀ ਦੇ ਘਰਾਂ ਦੇ ਘਰ ਤਬਾਹ ਕਰ ਦਿੱਤੇ ਜਾਂਦੇ ਸਨ। ਪਛੜੇ ਹੋਏ ਵਰਗਾਂ ਦੇ ਲੋਕਾਂ ਨੂੰ ਨਵੇਂ ਕਪੜੇ ਤੱਕ ਸਵਾਉਣ ਪਾਉਣ ਦਾ ਅਧਿਕਾਰ ਨਹੀਂ ਸੀ ਹੁੰਦਾ ਜਿਸ ਕਰਕੇ ਉਹ ਸਿਰਫ ਬ੍ਰਾਹਮਨਾਂ ਕਸ਼ਤਰੀਆਂ ਦੇ ਗਲੋਂ ਉਤਰੇ ਹੋਏ ਪੁਰਾਣੇ ਕਪੜੇ ਹੀ ਪਾ ਸਕਦੇ ਸਨ ਪਰ ਜੇ ਕਰ ਕੋਈ ਬਦਕਿਸਮਤੀ ਨਾਲ ਨਵੇਂ ਕਪੜੇ ਪਾ ਲੈਂਦਾ ਸੀ ਤਾਂ ਉਸਦੇ ਘਰ ਕੁੱਲੇ ਦਾ ਸਾਰਾ ਨਿਕੜ-ਸੁਕੜ ਸਾੜ ਫੂਕ ਦਿੱਤਾ ਜਾਂਦਾ ਸੀ। ਪਛੜੇ ਹੋਏ ਵਰਗਾਂ ਦੇ ਕਾਮੇ ਤੇ ਗਰੀਬ ਗੁਰਬੇ ਲੋਕਾਂ ਨੂੰ ਆਪਣੇ ਘਰ ਪਰਵਾਰ ਵਿਚ ਖੂਬਸੂਰਤ ਬਚੇ ਪਾਲਣ ਜਾਂ ਰੱਖਣ ਦੀ ਉੱਕੀ ਹੀ ਆਗਿਆ ਨਹੀਂ ਸੀ ਹੁੰਦੀ ਜਿਸ ਕਰਕੇ ਉਹਨਾਂ ਨੂੰ ਆਪਣੇ ਬੱਚਿਆਂ ਦੀ ਸ਼ਕਲ ਸੂਰਤ ਵਗਾੜਨੀ ਪੈਂਦੀ ਸੀ।

ਖਾਲਸਾ ਜੀ, ਇਹ ਗੱਲਾਂ ਮੈਂ ਆਪਣੇ ਕੋਲੋਂ ਨਹੀਂ ਕਰ ਰਿਹਾ। ਇਹ ਸਭ ਕੁਝ ਬਾਰੇ ਇਨ੍ਹਾਂ ਹਿੰਦੂਆਂ ਦੀ ਮਨੂਸਿਮ੍ਰਤੀ ਵਿਚ ਸਲੋਕਾਂ ਦੀ ਸ਼ਕਲ 'ਚ ਸਪਸ਼ਟ ਲਿਖਿਆ ਹੋਇਐ। ਇਨ੍ਹਾਂ ਟੋਪੀ ਵਾਲਿਆਂ ਦਾ ਸਾਰਾ ਪਿਛੋਕੜ ਜਾਂ ਤਾਂ ਦੰਭ ਤੇ ਅਡੰਬਰ ਦੀਆਂ ਕਥਾ ਕਹਾਣੀਆਂ ਤੇ ਵਾਰਦਾਤਾਂ ਨਾਲ ਭਰਿਆ ਪਿਆ ਹੈ ਤੇ ਜਾਂ ਫਿਰ ਪਛੜੇ ਹੋਏ ਵਰਗਾਂ ਕਬੀਲਿਆਂ ਉੱਪਰ ਜਬਰ ਜ਼ੁਲਮ ਢਾਹੁਣ ਦੀਆਂ ਦਾਸਤਾਨਾਂ ਨਾਲ ਭਰਪੂਰ ਹੈ। ਅਸਲ ਵਿਚ ਇਸੇ ਲਈ ਹੀ ਛੂਤਛਾਤ ਉਚ ਨੀਚ ਅਤੇ ਜ਼ਾਤ ਵਰਣ ਦੇ ਵਿਤਕਰੇ ਵਾਲੀ ਅਤੇ ਦੂਸਰਿਆਂ ਨੂੰ ਆਪਣੇ ਅਧੀਨ ਤੇ ਗੁਲਾਮ ਬਣਾ ਕੇ ਰੱਖਣ ਤੇ ਤਬਾਹ ਕਰਨ ਦੀ ਸੋਚ ਤੇ ਨੀਤੀ ਇਨ੍ਹਾਂ ਦੇ ਸੰਸਕਾਰਾਂ ਤੇ ਖਾਸੇ ਵਿਚ ਘੁਲੀ ਮਿਲੀ ਹੋਈ ਹੈ। ਸਿੰਘੋ, ਇਨ੍ਹਾਂ ਲੋਕਾਂ ਦੀ ਸੰਗਤ ਤੇ ਸਾਂਝ ਭਿਆਲੀ 'ਚੋਂ ਅੱਜ ਤੱਕ ਕਿਸੇ ਨੂੰ ਵੀ ਚੰਗੀ ਖੱਟੀ ਨਸੀਬ ਨਹੀਂ ਹੋਈ। ਜਿਹੜਾ ਵੀ ਧਰਮ ਕਬੀਲਾ ਜਾਂ ਕੌਮ ਇਨ੍ਹਾਂ ਦੇ ਲਾਗੇ ਲਗਦੇ ਰਹੇ ਨੇ ਉਹ ਜਾਂ ਤਾਂ ਰਸਾਤਲ ਦੀਆਂ ਡੂੰਘੀਆਂ

ਖੱਡਾਂ ਵਿਚ ਡਿੱਗ ਪੈਂਦਾ ਰਿਹਾ ਤੇ ਜਾਂ ਫਿਰ ਸਮੇਂ ਦੇ ਨਾਲ ਨਾਲ ਆਪਣੀ ਹੋਂਦ ਤੇ ਅਡਰੀ ਹਸਤੀ ਤੋਂ ਹੀ ਹੱਥ ਧੋ ਬਹਿੰਦਾ ਰਿਹਾ। ਇਹ ਟੋਪੀ ਵਾਲੇ ਐਸੇ ਜ਼ਹਿਰੀ ਤੇ ਪੁਠ ਕੰਡੇ ਨੇ ਕਿ ਜੇ ਇਕ ਵਾਰ ਕਿਸੇ ਨੂੰ ਚੰਬੜ ਜਾਣ ਤਾਂ ਫਿਰ ਇਹ ਉਤਾਂਹ ਹੀ ਉਤਾਂਹ ਚੜ੍ਹਦੇ ਜਾਂਦੇ ਨੇ ਤੇ ਉਸ ਦੇ ਸਰੀਰ ਦੀਆਂ ਨੱਸਾਂ ਨੂੰ ਆਪਣੀ ਵਿੱਸ ਨਾਲ ਭਰ ਦੇਂਦੇ ਨੇ। ਉਹ ਫਿਰ ਓਨੇ ਚਿਰ ਤੱਕ ਗਲੋਂ ਨਹੀਂ ਲੱਥਦੇ ਜਿੰਨੇ ਚਿਰ ਤੱਕ ਇਹਨਾਂ ਨੂੰ ਖੁਰਚ ਕੇ ਤੇ ਧੂਹ ਤੋੜ ਕੇ ਪਰ੍ਹਾਂ ਨਹੀਂ ਸੁੱਟ ਦਿੱਤਾ ਜਾਂਦਾ ਅਤੇ ਪੈਰਾਂ ਹੇਠ ਮਿਧ-ਮਧੋਲ ਕੇ ਨਹੀਂ ਰੱਖ ਦਿੱਤਾ ਜਾਂਦਾ; ਕਿਉਂਕਿ ਇਹ ਪੁਠ-ਕੰਡੇ ਐਸੇ ਨਾਮੁਰਾਦ ਹੁੰਦੇ ਨੇ ਕਿ ਇਹ ਹਵਾ ਦੇ ਮਾੜੇ ਜਿਹੇ ਬੁਲੇ ਨਾਲ ਉੱਡ ਕੇ ਵੀ ਚੰਬੜ ਜਾਂਦੇ ਨੇ, ਕੋਲੋਂ ਦੀ ਲੰਘਣ ਵਾਲੇ ਨੂੰ ਤਾਂ ਬਹੁਤ ਹੀ ਛੇਤੀ ਪਕੜ ਕਰਦੇ ਨੇ।

ਇਹ ਇਕ ਅਟੱਲ ਸਚਾਈ ਹੈ ਕਿ ਇਨ੍ਹਾਂ ਲੋਕਾਂ ਦਾ ਚ੍ਰਿਤਰ ਤੇ ਖਾਸਾ ਬਿਲਕੁਲ ਉਸ ਖੱਟੇ ਰੰਗ ਦੀ ਤੰਦਵੀ ਵੇਲ (ਅਮਰ ਵੇਲ) ਦੀ ਨਿਆਈਂ ਹੈ, ਜਿਸਦੀ ਆਪਣੀ ਤਾਂ ਕੋਈ ਜੜ੍ਹ ਨਹੀਂ ਹੁੰਦੀ ਤੇ ਨਾ ਹੀ ਇਸਦਾ ਧਰਤੀ ਨਾਲ ਨਾਤਾ ਤੇ ਮੋਹ ਹੀ ਹੁੰਦਾ ਹੈ, ਜਿਸ ਕਰਕੇ ਇਹ ਆਪਣੀ ਖੁਰਾਕ ਦੂਸਰੇ ਪੌਦਿਆਂ ਤੇ ਰੁੱਖਾਂ ਬੂਟਿਆਂ ਦੇ ਸਿਰਾਂ ਛਤਰਾਂ ਉੱਪਰ ਫੈਲ ਕੇ ਲੈਂਦੀ ਹੈ। ਇਹ ਚੰਦਰੀ ਬੂਟੀ ਜਿਸ ਕਿਸੇ ਪੌਦੇ ਜਾਂ ਬੂਟੇ ਨੂੰ ਚੰਬੜ ਜਾਂਦੀ ਹੈ ਉਹ ਬੂਟਾ ਕਿੰਨੀ ਵੀ ਡੂੰਘੀ ਜੜ੍ਹ ਕਿਉਂ ਨਾ ਰਖਦਾ ਹੋਵੇ ਤੇ ਕਿੰਨਾ ਵੀ ਤਾਕਤਵਰ ਤੇ ਤਕੜਾ ਕਿਉਂ ਨਾ ਹੋਵੇ ਇਸਦੇ ਮਾਰੂ ਲਪੇਟਿਆਂ ਵਿਚ ਆ ਜਾਣ ਕਰਕੇ ਆਪਣੇ ਆਪ ਹੀ ਹੌਲੀ ਹੌਲੀ ਸੜਦਾ ਸੁਕਦਾ ਤੇ ਮਰਦਾ ਮੁਕਦਾ ਤੁਰਿਆ ਜਾਂਦਾ ਹੈ।

ਮੇਰਾ ਇਹ ਸਭ ਕੁਝ ਕਹਿਣ ਦਾ ਮਨੋਰਥ ਕੋਈ ਇਨ੍ਹਾਂ ਲੋਕਾਂ ਜਾਂ ਇਨ੍ਹਾਂ ਲੋਕਾਂ ਦੇ ਮਤ-ਮਤਾਂਤਰ ਉੱਪਰ ਐਵੇਂ ਕਟਾਕਸ਼ ਕਰਨ ਤੇ ਵਿਅੰਗ ਕੱਸਣ ਦਾ ਨਹੀਂ ਸਗੋਂ ਇਸ ਹਕੀਕਤ ਨੂੰ ਸਪਸ਼ਟ ਤੇ ਉਜਾਗਰ ਕਰਨਾ ਹੈ ਕਿ ਇਨ੍ਹਾਂ ਟੋਪੀ ਵਾਲਿਆਂ ਦੀ ਆਪਣੀ ਕੋਈ ਠੋਸ ਰੂਪ ਵਿਚ ਸਿਧਾਂਤਕ ਜੜ੍ਹ ਹੈ ਹੀ ਨਹੀਂ। ਜੇ ਕਿਧਰੇ ਕੋਈ ਇਨ੍ਹਾਂ ਦਾ ਪਰਚਾਰਕ ਵੇਖਾ ਵੇਖੀ ਇਕ ਈਸ਼ਵਰ ਵਾਦ ਤੇ ਮਾਨਵਵਾਦੀ ਅਸੂਲਾਂ ਦਾ ਪਰਚਾਰ ਕਰਦਾ ਵੀ ਹੈ ਤਾਂ ਮਨ ਕਰਕੇ ਤੇ ਰਹਿਣੀ ਬਹਿਣੀ ਪੱਖੋਂ ਉਸਦਾ ਯਕੀਨ ਤੇ ਜੀਵਨ ਬੁੱਤ ਪ੍ਰਸਤੀ ਕਰਮ ਕਾਂਡ ਤੇ ਵਰਣਾਤਮਕ ਵਿਸ਼ਵਾਸ ਉੱਪਰ ਹੀ ਟਿਕਿਆ ਹੋਇਆ ਹੁੰਦਾ ਹੈ। ਅਸਲ ਵਿਚ ਕਿਸੇ ਵੀ ਹਿੰਦੂ ਦਾ ਇਕ ਈਸ਼ਵਰਵਾਦ ਤੇ ਸੰਗਤ-ਪੰਗਤ ਅਰਥਾਤ ਸਰਬ ਸਾਂਝ ਦੇ ਨਜ਼ਰੀਏ ਉੱਪਰ ਮਨੋਂ ਕਰਕੇ ਅਤੇ ਜੀਵਨ ਦੇ ਅਮਲ ਕਰਮਾਂ ਪੱਖੋਂ ਵਿਸ਼ਵਾਸ ਤੇ ਅਕੀਦਾ ਹੈ ਹੀ ਨਹੀਂ। ਇਨ੍ਹਾਂ ਟੋਪੀ ਵਾਲਿਆਂ ਦੇ ਜੀਵਨ ਵਿਚਲੇ ਅਮਲ ਕਰਮ, ਇਨ੍ਹਾਂ ਦੀ ਸੋਚ, ਇਨ੍ਹਾਂ ਦੇ ਮਾਨਸਿਕ ਧਾਰਮਕ ਵਿਸ਼ਵਾਸ ਅਤੇ ਦੂਸਰੇ ਧਰਮਾਂ ਮੱਤਾਂ ਪ੍ਰਤੀ ਨੀਤੀ ਤੇ ਪਹੁੰਚ ਨੂੰ ਥੋੜ੍ਹਾ ਜਿਹਾ ਵੀ ਧਿਆਨ ਨਾਲ ਵੇਖੋ ਤਾਂ ਤੁਹਾਡੇ ਸਾਹਮਣੇ ਇਹ ਗੱਲ ਆਪਣੇ ਆਪ ਹੀ ਸਪਸ਼ਟ ਹੋ ਜਾਏਗੀ ਕਿ ਇਨ੍ਹਾਂ ਦੇ ਜੀਵਨ ਤੇ ਅਨੁਭਵ ਅੰਦਰ ਜੋ ਕਾਰਜ ਕਰਮ ਤੇ ਵਿਚਾਰ ਅਮਲੀ ਰੂਪ 'ਚ ਪਲਦੇ ਵਿਗਸਦੇ ਤੇ ਵਿਚਰਦੇ ਨੇ ਉਹ ਇਕ ਈਸ਼ਵਰਵਾਦ ਪ੍ਰਤੀ ਪੂਰਨ ਟੇਕ ਅਤੇ ਸਰਬ ਸਾਂਝ ਦੇ ਨਜ਼ਰੀਏ ਨਾਲ ਅਮਲੀ ਰੂਪ ਵਿਚ ਮੇਲ ਨਹੀਂ ਖਾ ਰਹੇ ਹੁੰਦੇ। ਇਨ੍ਹਾਂ ਲੋਕਾਂ ਨੇ ਆਪਣੇ ਅਖਾਉਤੀ ਧਰਮ ਦੇ ਘੜੰਦਿਆਂ ਨਾਲ ਕਾਇਮ ਕਰ ਰੱਖੇ ਸਮਾਜ ਅੰਦਰ ਛੋਟੀ ਮੱਛੀ ਤੋਂ ਲੈ ਕੇ ਪਸ਼ੂ ਪੰਛੀਆਂ ਤੇ ਰੁੱਖਾਂ ਪੌਦਿਆਂ ਤੱਕ ਨੂੰ ਦੇਵੀ ਦੇਵਤਿਆਂ ਦਾ ਰੂਪ ਦੇ ਰੱਖਿਆ ਹੈ। ਇਹ ਲੋਕ ਤਾਂ ਰਾਹ ਦੇ ਹਰ ਪੱਥਰ ਨੂੰ ਜ਼ਰਾ ਮਾਸਾ ਸੰਧੂਰ ਲਾ ਕੇ ਤੇ ਉਸਨੂੰ ਵਟਣਾ ਮਲ ਕੇ ਅਤੇ ਕੱਚੀ ਲੱਸੀ ਦਾ ਤਰੌਕਾ ਦੇ ਕੇ ਦੇਵੀ ਦੇਵਤਾ ਬਣਾ ਕੇ ਰੱਖ ਦੇਂਦੇ ਨੇ। ਸੱਪਾਂ ਤੇ ਮੱਛਾਂ-ਕੱਛਾਂ ਤੱਕ ਨੂੰ ਪੂਜਨਾ, ਰੰਗੇ ਤੇ ਬੀਬੜੀਆਂ ਬਣਾ ਕੇ ਉਹਨਾਂ ਅਗੇ ਨੱਕ ਗੋਡੇ ਰਗੜਨਾ ਤੇ ਉਹਨਾਂ ਤੋਂ ਮੁਰਾਦਾਂ ਮੰਗਣੀਆਂ ਇਨ੍ਹਾਂ ਦੇ ਧਰਮ ਵਿਚ ਖੁੱਲ੍ਹੇ ਤੌਰ ਤੇ ਦਾਖਲ ਹੈ। ਗਾਂ ਇਨ੍ਹਾਂ ਦੀ ਮਾਂ ਹੈ ਤੇ ਬਾਪ ਪਤਾ ਨਹੀਂ ਕਿਸ ਨੂੰ ਮੰਨਦੇ ਨੇ? ਸਾਰੇ ਹਿੰਦੁਸਤਾਨ



ਦਾ ਹਿੰਦੂ ਲਾਣਾ ਇਕ ਥਾਂ ਇਕੱਠਾ ਕਰ ਲਉ, ਸਭ ਦੇ ਇਸ਼ਟ ਤੇ ਅਕੀਦੇ ਤੁਹਾਨੂੰ ਵੱਖਰੇ ਵੱਖਰੇ ਦਿੱਸਣਗੇ। ਇਸਲਈ ਖਾਲਸਾ ਜੀ, ਅਜ ਜੋ ਸਮੁੱਚੇ ਹਿੰਦੂ ਸਮਾਜ ਵਲੋਂ ਖਾਲਸਾ ਪੰਥ ਉੱਪਰ ਬਹੁ ਪੱਖੀ ਰੂਪ ਵਿਚ ਮਾਰੂ ਵਾਰ ਕੀਤਾ ਜਾ ਰਿਹਾ ਤੇ ਖਾਲਸਾ ਪੰਥ ਨਾਲ ਇਸਦਾ ਸਿਧਾ ਟਾਕਰਾ ਚੱਲ ਰਿਹਾ ਹੈ ਉਹ ਕੋਈ ਐਵੇਂ ਨਿੱਕੀਆਂ ਮੋਟੀਆਂ ਗੱਲਾਂ ਤੇ ਜਾਂ ਸਿਰਫ ਇਲਾਕਾਈ ਮਸਲਿਆਂ, ਦਰਿਆਈ ਪਾਣੀਆਂ, ਡੈਮਾਂ, ਪ੍ਰਾਜੈਕਟਾਂ ਜਾਂ ਕੋਈ ਜ਼ਾਤੀ ਰੰਜਸ਼ਾਂ ਉੱਪਰ ਹੀ ਅਧਾਰਤ ਨਹੀਂ, ਸਗੋਂ ਹਿੰਦੂਆਂ ਦੀ ਸਿਖ ਕੌਮ ਨਾਲ ਇਹ ਟੱਕਰ ਪੰਥਕ ਸਿਧਾਂਤ ਨਾਲ ਟੱਕਰ ਹੈ। ਇਹ ਲੋਕ ਸਾਡੇ ਸਿਧਾਂਤ, ਵਿਰਸੇ, ਸਭਿਆਚਾਰ, ਸਿਖ ਸਰੂਪ ਅਤੇ ਸਾਡੀ ਵਲੱਖਣ ਤੇ ਆਜ਼ਾਦ ਹਸਤੀ ਨੂੰ ਆਪਣੇ ਢਿੱਡ ਵਿਚ ਪਾ ਕੇ ਗਾਲ ਸਾੜ ਦੇਣ ਤੇ ਜਜ਼ਬ ਕਰ ਲੈਣ ਦੀ ਖੋਟੀ ਨੀਯਤ ਧਾਰਨ ਕਰੀ ਬੈਠੇ ਨੇ। ਇਨ੍ਹਾਂ ਦੁਸ਼ਟਾਂ ਨੇ ਜੋ ਹਾਲ ਬੁਧਮੱਤ ਦਾ ਕੀਤਾ ਸੀ, ਇਹ ਉਹੋ ਹਾਲ ਹੁਣ ਖਾਲਸਾ ਪੰਥ ਦਾ ਕਰਨ ਦੇ ਸੁਪਣੇ ਲੈ ਰਹੇ ਨੇ। ਪਰ ਜਦ ਇਨ੍ਹਾਂ ਨੂੰ ਇਹ ਆਸ ਪੂਰੀ ਹੁੰਦੀ ਨਹੀਂ ਦਿਸਦੀ ਤਾਂ ਫਿਰ ਇਹ ਲੋਕ ਹੁਣ ਖਾਲਸਾ ਪੰਥ ਦੇ ਸਿਧੇ ਵਿਰੋਧ ਵਿਚ ਉੱਤਰ ਆਏ ਨੇ ਜਿਸ ਕਰਕੇ ਅੱਜ ਇਹ ਹਿੰਦੂ ਪੰਥਕ ਵਿਚਾਰਧਾਰਾ ਅਤੇ ਖਾਲਸਾ ਪੰਥ ਦੇ ਜੀਵਨ ਦਾਤਾ ਪਵਿੱਤਰ ਤੇ ਮਹਾਨ ਗੁਰਧਾਮਾਂ ਅਰਥਾਤ ਗਿਆਨ ਤੇ ਸ਼ਕਤੀ ਦੇ ਸੋਮਿਆਂ ਉੱਪਰ ਭਿਆਨਕ ਵਾਰ ਤੇ ਮਾਰੂ ਹਮਲਾ ਕਰਨ ਦੀ ਪੱਕੀ ਠਾਣੀ ਬੈਠੇ ਨੇ।'

ਜਿਸ ਸਮੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੇ ਸਨਮੁਖ, ਸਿਖਰ ਦੁਪਹਿਰ ਸਿਰ ਤੇ ਆ ਜਾਣ ਦੇ ਬਾਵਜੂਦ, ਬੜੇ ਜੋਸ਼ ਤੇ ਜਜ਼ਬੇ ਨਾਲ ਬੈਠੇ ਹੋਏ ਸਿੰਘ ਸਿੰਘਣੀਆਂ ਤੇ ਨੌਜਵਾਨਾਂ ਨਾਲ ਵਿਚਾਰ ਸਾਂਝੇ ਕਰ ਰਹੇ ਸਨ ਤਾਂ ਉਸ ਵੇਲੇ ਮੇਰੇ ਆਪਣੇ ਮਨ ਅੰਦਰ ਇਹ ਵਿਚਾਰ ਬਾਰਬਾਰ ਉੱਠ ਰਹੇ ਸਨ ਕਿ ਹਿੰਦੂਆਂ ਨਾਲ ਤਾਂ ਖਾਲਸਾ ਪੰਥ ਦੀ ਕਿਸੇ ਪੱਖੋਂ ਵੀ ਅਰਥਾਤ ਵਿਚਾਰ ਧਾਰਕ, ਸਭਿਆਚਾਰਕ, ਇਤਹਾਸਕ ਤੇ ਵਿਰਸੇ ਪੱਖੋਂ ਕੋਈ ਇਕ ਗੱਲ ਵੀ ਮੇਲ ਨਹੀਂ ਖਾਂਦੀ। ਸੰਤਾਂ ਦੇ ਕਥਨ ਮੁਤਾਬਿਕ ਤਾਂ ਅਸਲ ਵਿਚ ਇਹ ਹੀ ਇਕ ਬੁਨਿਆਦੀ ਕਾਰਨ ਹੈ ਕਿ ਇਨ੍ਹਾਂ ਹਿੰਦੂਆਂ ਨੂੰ ਖਾਲਸਾ ਜੀ ਦੇ ਬੋਲ ਬਾਲੇ ਦਾ ਸੰਕਲਪ, ਧਰਮ ਤੇ ਰਾਜਨੀਤੀ ਵਿਚਕਾਰ ਅਟੁੱਟ ਸਾਂਝ ਦਾ ਨਜ਼ਰੀਆ,ਸੰਗਤ ਤੇ ਪੰਗਤ ਦੀ ਸਿਧਾਂਤਕ ਸਾਂਝ, ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵ ਉੱਚਤਾ, ਰਾਜ ਕਰੇਗਾ ਖਾਲਸਾ ਦਾ ਜੁਝਾਰੂ ਬੋਲਾ, ਸਿਖ ਕੌਮ ਦਾ ਸ਼ਾਨਦਾਰ ਤੇ ਚੜ੍ਹਦੀ ਕਲਾ ਵਾਲਾ ਇਤਹਾਸ, ਸਿਖੀ ਦਾ ਅਮੀਰ ਵਿਰਸਾ ਤੇ ਸਭਿਆਚਾਰ, ਆਦਰਸ਼ ਤੇ ਸਿਧਾਂਤਕ ਪ੍ਰਗਟਾਵਾ, ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਮੈਤ ਦਾ ਬਲਵਾਨ ਤਸੱਵਰ, ਝੰਡੇ ਬੁੰਗੇ ਜੁਗੋ ਜੁਗ ਅਟੱਲ ਤੇ ਨਗਾਰੇ ਉੱਪਰ ਚੋਟ ਲਾਉਣ ਦੀ ਪਰਪਾਟੀ ਮੀਰੀ ਪੀਰੀ ਦੇ ਝੁਲਦੇ ਹੋਏ ਨਿਸ਼ਾਨ ਸਾਹਿਬ, ਗੁਰਧਾਮਾਂ ਦੀ ਧਾਰਮਕ ਇਤਹਾਸਕ ਮਹਾਨਤਾ, ਖਾਲਸਾ ਪੰਥ ਦਾ ਨਿਆਰਾਪਣ ਤੇ ਇਸਦੀ ਆਜ਼ਾਦ ਹਸਤੀ ਅਤੇ ਇਸਦਾ ਸੰਘਰਸ਼ਸ਼ੀਲ, ਕ੍ਰਾਂਤੀਕਾਰੀ ਤੇ ਘੋਲਾਂ ਭਰਿਆ ਜੀਵਨ ਇਕ ਜ਼ਬਰਦਸਤ ਵੰਗਾਰ ਲਗਦੇ ਨੇ। ਇਸ ਤੋਂ ਇਲਾਵਾ ਗੁਰਬਾਣੀ ਅੰਦਰ ਜੋ ਸਮਾਜਕ ਸੱਚ ਨੂੰ ਬਿਆਨ ਕਰਦੇ ਸਮੇਂ ਬ੍ਰਾਹਮਣਵਾਦ (ਤੇ ਹਿੰਦੂ ਵਾਦ) ਦੀਆਂ ਨੰਗੀਆਂ ਨੰਗੇਆਂ, ਨੀਚ ਤੇ ਅਨ-ਮਨੁੱਖੀ ਭਾਵਨਾਵਾਂ, ਵਿਤਕਰੇ ਭਰੀਆਂ ਸੋਚਾਂ ਤੇ ਨੀਤੀਆਂ ਕਰਮ ਕਾਂਡੀ ਰਹੁ-ਰੀਤੀਆਂ, ਸਮਾਜ ਦੇ ਪਛੜੇ ਹੋਏ ਵਰਗਾਂ ਪ੍ਰਤੀ ਘ੍ਰਿਣਤ ਦ੍ਰਿਸ਼ਟੀ, ਅਖਾਉਤੀ ਸੁੱਚਤਾ ਤੇ ਉੱਚਤਾ, ਅੰਧ ਵਿਸ਼ਵਾਸੀ ਧਾਰਨਾਵਾਂ, ਪਸ਼ੂ ਪੂਜਾ ਤੇ ਬੁੱਤ ਪ੍ਰਸਤੀ ਪ੍ਰਤੀ ਮਨੌਤਾਂ, ਦੰਭੀ ਤੇ ਘਟੀਆਂ ਰੁਚੀਆਂ ਅਤੇ ਸੋਚ ਤੇ ਕਰਮ ਪੱਖੋਂ ਸੋਚਾਂ-ਵਿਚਾਰਾਂ ਤੇ ਸਰਗਰਮੀਆਂ ਦਾ ਪਾਜ ਉਘੇੜਿਆ ਖੰਡਨ ਕੀਤਾ ਤੇ ਵਿਰੋਧ ਕੀਤਾ ਹੈ ਉੱਕਾ ਨਹੀਂ ਭਾਉਂਦਾ।

ਸੰਤ ਕਹਿ ਰਹੇ ਸਨ, ਨੌਜਵਾਨੋ, ਫੈਡਰੇਸ਼ਨ ਵਾਲਿਓ! ਇਹ ਗੱਲਾਂ ਮੈਂ ਸਿਰਫ ਬਾਹਰੋਂ ਆਏ ਇਨ੍ਹਾਂ

ਸਿਖਾਂ ਨਾਲ ਵੀ ਨਹੀਂ ਕਰ ਰਿਹਾ, ਇਹ ਸਾਰੀਆਂ ਗੱਲਾਂ ਤੁਹਾਡੇ ਵੀ ਚਿਤਵਨ ਤੇ ਧਿਆਨ ਨਾਲ ਸਮਝਨ ਵਾਲੀਆਂ ਨੇ। ਏਸ ਲਈ ਇਨ੍ਹਾਂ ਗੱਲਾਂ ਬਾਰੇ ਸੋਚ, ਵਿਚਾਰ ਤੇ ਦੁਸ਼ਟਾਂ ਦੇ ਹਮਲਿਆਂ ਤੋਂ ਧਰਮ ਤੇ ਪੰਥ ਦੀ ਰਾਖੀ ਕਰਨ ਲਈ ਹੁਣ ਮਨੋ ਕਰਕੇ ਕਮਰ ਕੱਸੇ ਕਰ ਲਓ। ਪੁਲੀਸ ਫੋਜ ਤੇ ਸਿਵਲ ਦੇ ਵੱਖ ਵੱਖ ਵਿਭਾਗਾਂ ਜਾਂ ਕਿਸੇ ਵੀ ਥਾਂ ਉੱਪਰ ਕੰਮ ਕਰ ਰਹੇ ਸਿਖ ਨੌਜਵਾਨਾਂ ਨੂੰ ਥਾਂ ਥਾਂ ਉੱਪਰ ਜਾ ਕੇ ਮਿਲੋ ਅਤੇ ਉਹਨਾਂ ਅੰਦਰ ਇਹ ਗੱਲ ਕੁੱਟ ਕੁੱਟ ਕੇ ਭਰ ਦਿਓ ਕਿ ਹੁਣ ਹਿੰਦੂ ਦੇ ਏਕਤਾ ਤੇ ਭਾਰਤ ਦੀ ਅਖੰਡਤਾ ਦੇ ਫਰੇਬੀ ਨਾਅਰੇ ਦੇ ਪ੍ਰਭਾਵ ਹੇਠ ਆਕੇ ਐਵੇਂ ਕਿਧਰੇ ਗੁਮਰਾਹ ਨਾ ਹੋ ਜਾਣ ਸਗੋਂ ਜਥੇਬੰਦ ਹੋ ਕੇ ਪੰਥ ਨੂੰ ਬਚਾਉਣ ਤੇ ਚੜ੍ਹਦੀ ਕਲਾ ਵਿਚ ਲੈ ਜਾਣ ਲਈ ਸੋਚਣ ਵਿਚਾਰਨ। ਫੌਜ ਤੇ ਪੁਲੀਸ ਵਿਚ ਕੰਮ ਕਰਦੇ ਸਿਖਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾ ਦਿਓ ਕਿ ਉਹ ਗੁਲਾਮ ਹਨ, ਸਿਖ ਕੌਮ ਗੁਲਾਮ ਹੈ ਅਤੇ ਉਹਨਾਂ ਨੇ ਪੰਥ ਦੀ ਆਜ਼ਾਦੀ ਵਾਸਤੇ ਹਰਾਵਲ ਦਸਤੇ ਵਜੋਂ ਸਭ ਤੋਂ ਅਗੇ ਹੋ ਕੇ ਲੜਨਾ ਹੈ। ਇਸ ਲਈ ਉਹ ਇਨ੍ਹਾਂ ਅਕ੍ਰਿਤਘਣ ਤੇ ਵਿਸ਼ਵਾਸ ਘਾਤਕ ਟੋਪੀ ਵਾਲਿਆਂ ਪਾਸੋਂ ਹਸਾਬ ਕਤਾਬ ਲੈਣ ਦੀ ਗੱਲ ਹੁਣ ਤੋਂ ਹੀ ਸੋਚ ਛੱਡਣ। ਮਮੂਲੀ ਤਨਖਾਹ ਦੀ ਖਾਤਰ ਇਨ੍ਹਾਂ ਸੱਪਾਂ ਲਈ, ਜਿਨ੍ਹਾਂ ਦਾ ਖਾਸਾ ਦੁੱਧ ਪੀ ਕੇ ਵੀ ਜਹਿਰ ਵੰਡਣਾ ਹੈ, ਐਵੇਂ ਆਪਣੀਆਂ ਜਾਨਾਂ ਨਾ ਗਵਾਉਂਦੇ ਫਿਰਨ। ਖਾਲਸਾ ਪੰਥ ਦੇ ਤਾਂ ਇਨ੍ਹਾਂ ਹਿੰਦੂਆਂ ਉੱਪਰ ਪਹਿਲਾਂ ਹੀ ਬਹੁਤ ਅਹਿਸਾਨ ਹਨ। ਖਾਲਸਾ ਪੰਥ ਵਲੋਂ ਇਹਨਾਂ ਦੀ ਇੱਜ਼ਤ ਪਤ ਤੇ ਹੋਂਦ ਨੂੰ ਬਚਾਉਣ ਦੀ ਖਾਤਰ ਇਕ ਲੰਮੇ ਸਮੇਂ ਤੋਂ ਨਿਰੰਤਰ ਰੂਪ ਵਿਚ ਕੀਤੀਆਂ ਗਈਆਂ ਕੁਰਬਾਨੀਆਂ ਨਾਲ ਇਤਹਾਸ ਭਰਿਆ ਪਿਆ ਹੈ। ਇਸ ਲਈ ਜੇਕਰ ਅੱਜ ਹਿੰਦੁਸਤਾਨ ਦੇ ਅੰਦਰ ਕਿਸੇ ਵੀ ਅਦਾਰੇ ਜਾਂ ਮਹਿਕਮੇ ਵਿਚ ਸਿਖ ਨੌਜਵਾਨ ਤੇ ਅਫਸਰ ਤਲਬ ਤਨਖਾਹ ਪਾ ਰਹੇ ਨੇ ਤਾਂ ਉਹ ਕੋਈ ਭਾਰਤ ਦੀ ਸਰਕਾਰ ਦਾ ਸਿਖਾਂ ਤੇ ਅਹਿਸਾਨ ਨਹੀਂ ਸਗੋਂ ਉਹ ਸਿਖ ਨੌਜਵਾਨ ਤੇ ਅਫਸਰ ਤਾਂ ਉੱਥੇ ਕੰਮ ਕਰਦੇ ਹੋਏ ਆਪਣੇ ਹੱਕ ਚੋਂ ਐਵੇਂ ਥੋੜ੍ਹਾ ਜਿੰਨਾ ਹੀ ਹਿੱਸਾ ਵਸੂਲ ਕਰ ਰਹੇ ਨੇ। ਇਸ ਲਈ ਇਸਦਾ ਮਤਲਬ ਇਹ ਨਹੀਂ ਕਿ ਜੇ ਸਿਖ ਨੌਜਵਾਨ ਭਾਰਤ ਦੀ ਫੌਜ ਜਾਂ ਪੁਲੀਸ ਅੰਦਰ ਤਨਖਾਹ ਤਲਬ ਪਾਉਂਦੇ ਨੇ ਤਾਂ ਇਸ ਵਾਸਤੇ ਉਹ ਪੰਥ ਉੱਪਰ ਹਿੰਦੂ ਸਮਾਜ ਤੇ ਰਾਜ ਵਲੋਂ ਥਾਂ ਥਾਂ ਉੱਪਰ ਕੀਤੇ ਜਾ ਰਹੇ ਮਾਰੂ ਹਮਲਿਆਂ ਨੂੰ ਅੱਖੀਂ ਵੇਖਕੇ ਵੀ ਅਨਡਿੱਠ ਕਰੀ ਜਾਣ ਤੇ ਸਬਰ ਦਾ ਘੁੱਟ ਭਰਕੇ ਸ਼ਹਿ ਰਹਿਣ। ਹਰ ਸਿਖ ਉੱਪਰ ਇਹ ਗੱਲ ਸਪਸ਼ਟ ਹੋਣੀ ਚਾਹੀਦੀ ਹੈ ਕਿ ਖਾਲਸਾ ਪੰਥ ਇਨ੍ਹਾਂ ਟੋਪੀ ਵਾਲਿਆਂ ਦਾ ਮਕਰੂਜ਼ ਨਹੀਂ, ਸਗੋਂ ਪੰਥ ਨੇ ਅੱਜ ਤੱਕ ਜੋ ਹਿੰਦੂਆਂ ਤੇ ਹਿੰਦੁਸਤਾਨ ਉੱਪਰ ਲਹੂ ਪਸੀਨਾ ਇਕ ਕਰਕੇ ਘਾਲਣਾ ਤੇ ਸੰਘਰਸ਼ ਦੇ ਰੂਪ ਵਿਚ ਬੇਥਾਹ ਧਨ ਖਰਚ ਕੀਤਾ ਹੈ ਉਹ ਹੁਣ ਇਨ੍ਹਾਂ ਲੋਕਾਂ ਤੋਂ ਜੋ ਅੱਜ ਸੰਤਾਲੀ (1947) ਈਸਵੀ ਤੋਂ ਪਹਿਲਾਂ ਸਿਖਾਂ ਨਾਲ ਕੀਤੇ ਹੋਏ ਵਚਨਾਂ ਤੇ ਕੌਲਾਂ ਇਕਰਾਰਾਂ ਤੋਂ ਮੁੱਕਰ ਗਏ ਨੇ, ਵਾਪਸ ਲੈਣਾ ਹੈ।

'ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਜਵਾਨਾਂ ਨੂੰ ਸਿਧੇ ਰੂਪ 'ਚ ਸੰਬੋਧਨ ਕਰਦੇ ਸਮੇਂ ਜਦ ਸੰਤਾਂ ਨੇ ਆਪਣੇ ਤੋਂ ਜ਼ਰਾ ਕੁ ਹਟਵਿਆਂ ਕਰਕੇ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨੂੰ ਕੋਈ ਪੰਦਰਾਂ ਵੀਹ ਨੌਜਵਾਨਾਂ ਨਾਲ, ਜੋ ਹੁਣੇ ਹੁਣੇ ਹੀ ਗੁਰੂਰਾਮ ਦਾਸ ਸਰਾਂ ਵਾਲੇ ਪਾਸਿਓਂ ਆਏ ਸਨ, ਗੱਲਾਂ ਬਾਤਾਂ ਕਰਦਿਆਂ ਵੇਖਿਆ ਤਾਂ ਉਹਨਾਂ ਨੇ ਪ੍ਰਧਾਨ ਸਾਹਿਬ ਨੂੰ ਆਪ ਆਵਾਜ਼ ਦੇ ਕੇ ਆਪਣੇ ਪਾਸ ਬੁਲਾਉਂਦਿਆਂ ਹੋਇਆਂ ਕਿਹਾ, 'ਪ੍ਰਧਾਨ ਜੀ, ਆਪ ਸਾਰੇ ਫੈਡਰੇਸ਼ਨ ਵਾਲਿਆਂ ਦਾ ਜਥਾ ਜ਼ਰਾ ਇਧਰ ਮੇਰੇ ਵਲ ਲਿਆਉ।'

ਭਾਈ ਅਮਰੀਕ ਸਿੰਘ ਦੇ ਸੰਤਾਂ ਦੇ ਕੋਲ ਹੋ ਕੇ ਬੈਠ ਜਾਣ ਦੇ ਨਾਲ ਹੀ ਜਦ ਦੂਸਰੇ ਨੌਜਵਾਨ ਵੀ ਸੰਤਾਂ ਦੁਆਲੇ ਸਨਮੁਖ ਰੂਪ ਵਿਚ ਵਾਹਵਾ ਵੱਡਾ ਅਰਧ ਘੇਰਾ ਬਣਾਈ ਬੈਠੇ ਜਵਾਨਾਂ ਤੇ ਸੰਗਤਾਂ ਦੇ



ਵਿਚ ਹੀ ਸਮਾ ਗਏ ਤਾਂ ਸੰਤਾਂ ਨੇ ਭਾਈ ਅਮਰੀਕ ਸਿੰਘ ਨੂੰ ਸੰਬੋਧਨ ਕਰਦੇ ਸਮੇਂ ਆਲੇ ਦੁਆਲੇ ਉੱਪਰ ਨਜ਼ਰ ਮਾਰਦਿਆਂ ਹੋਇਆਂ ਫਿਰ ਕਹਿਣਾ ਸ਼ੁਰੂ ਕੀਤਾ,

'ਪ੍ਰਧਾਨ ਜੀ ਹੁਣ ਤੁਸੀਂ ਆਪਣੀਆਂ ਫੌਜਾਂ ਨੂੰ ਬਿਲਕੁਲ ਤਿਆਰ-ਬਰ ਤਿਆਰ ਰਖੋ, ਪੰਥ ਦੀਆਂ ਬਹੁਤ ਵੱਡੀਆਂ ਜੁਮਾਵਾਰੀਆਂ ਹੁਣ ਇਨ੍ਹਾਂ ਨੌਜਵਾਨਾਂ ਨੇ ਹੀ ਸੰਭਾਲਣੀਆਂ ਨੇ। ਸਿਖ ਕੌਮ ਦੀ ਪੁਰਾਣੀ ਲੀਡਰਸ਼ਿਪ ਤਾਂ ਹੁਣ ਬਹੁਤ ਹੱਦ ਤਕ ਬੁਸ ਚੁੱਕੀ ਹੈ। ਇਹ ਲੀਡਰਸ਼ਿਪ ਤਾਂ ਆਪ ਵੀ ਚਿਕੜ ਵਿਚ ਫਸੀ ਹੋਈ ਆ ਤੇ ਕੌਮ ਨੂੰ ਵੀ ਚਿਕੜ ਵਿਚ ਫਸਾਈ ਰਖਣਾ ਚਾਹੁੰਦੀ ਆ। ਇਸ ਤੋਂ ਤਾਂ ਹੁਣ ਕੋਈ ਬਹੁਤੀ ਆਸ ਨਹੀਂ ਰਖਣੀ ਚਾਹੀਦੀ। ਇਸ ਲਈ ਹਰ ਜਥੇਬੰਦੀ ਤੇ ਧਰਮ ਕਰਮ ਦੇ ਖੇਤਰ ਵਿਚ ਨੌਜਵਾਨਾਂ ਨੂੰ ਅਗੇ ਲਿਆਓ। ਜੇ ਪੰਥ ਅੰਦਰ ਪੁਰਾਣੀ ਲੀਡਰਸ਼ਿਪ ਚੋਂ ਕੋਈ ਵਿਅਕਤੀ ਪੰਥ ਦੀ ਖਾਤਰ ਸਿਰ ਦੇਣ ਦੇ ਰਾਹ ਤੇ ਤੁਰਦਾ ਦਿੱਸੇ, ਖਾਲਸਾ ਪੰਥ ਦੇ ਸਿਧਾਂਤ ਨਾਲ ਮਨੋ ਕਰਕੇ ਜੁੜਿਆ ਹੋਇਆ ਦਿੱਸੇ, ਮਨ ਦਾ ਖੋਟਾ ਤੇ ਅੰਦਰੋਂ ਬਾਹਰੋਂ ਮੈਸਨਾ ਨਾ ਹੋਵੇ, ਕਾਇਰ ਤੇ ਥੁੜ੍ਹੀ ਦਿੱਖ ਵਾਲਾ ਨਾ ਹੋਵੇ, ਚੌਧਰਾਂ ਕੁਰਸੀਆਂ ਤੇ ਜਥੇਦਾਰੀਆਂ ਪ੍ਰਧਾਨਗੀਆਂ ਦਾ ਭੁੱਖਾ ਨਾ ਹੋਵੇ, ਹਿੰਦੂਆਂ ਦਾ ਚਹੇਤਾ ਨਾ ਹੋਵੇ, ਚਕਵਾਂ ਚੁਲ੍ਹਾ, ਤੋਤਾਚਸ਼ਮ, ਦਮਗਜੇਬਾਜ਼ ਨਾ ਹੋਵੇ ਅਤੇ ਕੌਮ ਦੀ ਕਿਸਮਤ ਨੂੰ ਦੁਸ਼ਮਨ ਵੈਰੀਆਂ ਅੱਗੇ ਗਹਿਣੇ ਪਾਉਣ ਤੇ ਦਾਅ ਉੱਪਰ ਲਾਉਣ ਵਾਲਾ ਨਾ ਹੋਵੇ ਤਾਂ ਉਸਦੀ ਅਗਵਾਈ ਤੇ ਤਜਰਬੇ ਦਾ ਭਰਪੂਰ ਲਾਭ ਜ਼ਰੂਰ ਉਠਾਉਂਦੇ ਰਿਹੋ। ਪਰ ਮੇਰੀ ਦਿਲੀ ਇੱਛਾ ਇਹ ਹੈ ਕਿ ਹੁਣ ਸਿਖ ਨੌਜਵਾਨਾਂ ਨੂੰ ਪੂਰੀ ਈਮਾਨਦਾਰੀ, ਨੇਕਨੀਯਤੀ, ਸਚਾਈ, ਹਿੰਮਤ ਹੌਸਲੇ ਤੇ ਦ੍ਰਿੜਤਾ ਨਾਲ ਪੰਥ ਦੀ ਚੜ੍ਹਦੀ ਕਲਾ ਲਈ ਹਰ ਖੇਤਰ ਵਿਚ ਆਪ ਅਗੇ ਆਉਣਾ ਚਾਹੀਦਾ ਹੈ। ਕੌਮ ਦੇ ਅੰਦਰੋਂ ਸ਼ਰਾਬੀ ਤੇ ਨਸ਼ਈ ਅਤੇ ਸਵਾਰਥੀ ਵਿਭਚਾਰੀ ਵਿਕਾਊ ਤੇ ਦਗੇਬਾਜ਼ ਲੀਡਰ ਸਿਖ ਨੂੰ ਤਾਂ ਭਾਵੇਂ ਸ਼ਰਮੋਂ ਨੂੰ ਮੁੱਖ ਰਖਦਿਆਂ ਹੋਇਆਂ ਜੁੱਤੀਆਂ ਮਾਰ ਕੇ ਬਾਹਰ ਕੱਢ ਦਿਓ, ਮੇਰੇ ਵੱਲੋਂ ਪੂਰਨ ਖੁਲ ਹੈ।'

'ਮਹਾਂਪੁਰਸ਼ੋ, ਇਸਤਰਾਂ ਦੀ ਲੀਡਰਸ਼ਿਪ ਨੇ ਇਸਤਰਾਂ ਕੀਤਿਆਂ ਤਾਂ ਬਗੈਰ ਪੰਥ ਦਾ ਖਹਿੜਾ ਵੀ ਨਹੀਂ ਛੱਡਣਾ, ਮੈਂ ਤਾਂ ਸਗੋਂ ਇਹ ਚਾਹੁੰਦਾਂ ਕਿ ਪੰਥ ਨਾਲ ਦਗਾ ਕਰਨ ਤੇ ਧਰੋਹ ਕਮਾਉਣ ਵਾਲੇ ਆਗੂਆਂ ਨੂੰ ਤਾਂ ਸੱਚੇ ਪਾਤਸ਼ਾਹ ਦਸਮ ਪਿਤਾ ਮਹਾਰਾਜ ਦੇ ਰਾਹ ਉੱਤੇ ਚਲਦਿਆਂ ਹੋਇਆਂ ਮਸੰਦਾਂ ਦੀ ਤਰ੍ਹਾਂ ਤੇਲ ਦੇ ਕੜਾਹਿਆਂ ਵਿਚ ਪਾ ਕੇ ਤਲਣਾ ਤੇ ਸਾੜਨਾ ਚਾਹੀਦਾ ਹੈ। ਐਸੇ ਪਾਪੀ ਤੇ ਪੰਥ ਘਾਤਕ ਆਗੂਆਂ ਨੂੰ ਸੰਗਤਾਂ ਦੇ ਜੋੜੇ ਝੜਵਾ ਕੇ ਤੇ ਲੰਗਰ ਦੇ ਬਰਤਨ ਸਾਫ ਕਰਨ ਦੀ ਸੇਵਾ ਲਾ ਕੇ ਮੁਆਫ ਕਰ ਦੇਣਾ ਤਾਂ ਭਾਰੀ ਗੁਨਾਹ ਹੈ। ਜੋ ਵਿਅਕਤੀ ਆਪਣੀ ਕਿਸੇ ਕਮਜ਼ੋਰੀ ਤੇ ਗੱਦਾਰੀ ਦੇ ਕਾਰਨ ਸਿੱਖ ਕੌਮ ਨੂੰ ਨਾਕਾਮੀਆਂ ਦੇ ਹਨੇਰਿਆਂ ਵਲ ਧਕਦਾ, ਉਸਦੀ ਸਜ਼ਾ ਤਾਂ ਬਹੁਤ ਵੱਡੀ ਹੋਣੀ ਚਾਹੀਦੀ ਆ। ਅੱਜ ਖਾਲਸਾ ਪੰਥ ਜਿੰਨੀ ਮਾਰ ਖਾ ਰਿਹਾ ਉਹ ਇਸਤਰਾਂ ਦੀ ਲੀਡਰਸ਼ਿਪ ਦੇ ਹਥੋਂ ਖਾ ਰਿਹਾ ਅਤੇ ਇਨ੍ਹਾਂ ਪ੍ਰਤੀ ਸਿਖ ਕੌਮ ਵਲੋਂ ਅਖਤਿਆਰ ਕੀਤੀ ਹੋਈ ਢਿਲ ਮੱਠ ਤੇ ਖੁਲ੍ਹ ਦੀ ਨੀਤੀ ਕਾਰਨ ਖਾ ਰਿਹਾ। ਇਹ ਆਗੂ ਤਾਂ ਆਪਣੇ ਆਪ ਨੂੰ ਪੁਰਾਣੇ ਵਕਤਾਂ ਦੇ ਰਾਜਿਆਂ ਮਹਾਰਾਜਿਆਂ ਦੀ ਤਰ੍ਹਾਂ ਸਰਵ-ਸਰਵਾ ਸਮਝੀ ਬੈਠੇ ਨੇ। ਜੇ ਆਗੂਆਂ ਨੂੰ ਪਤਾ ਹੋਵੇ ਕਿ ਉਹਨਾਂ ਦੇ ਸਿਰ ਉੱਪਰ ਸੰਗਤ ਦਾ ਅਰਥਾਤ ਕੌਮ ਦਾ ਕੁੰਡਾ ਕਾਇਮ ਆ ਤਾਂ ਇਹ ਫਿਰ ਮਨ-ਮਤੀਏ ਕਿਉਂ ਬਨਣ ਤੇ ਪੈਰ ਪੈਰ ਉੱਪਰ ਪੰਥ ਨੂੰ ਧੋਖੇ ਵਿਚ ਰੱਖ ਕੇ ਮਕਰ ਫਰੇਬ ਦੇ ਰਾਹ ਉੱਪਰ ਕਿਉਂ ਤੋਲਣ। ਸੱਚੀ ਗੱਲ ਤਾਂ ਇਹ ਹੈ ਕਿ ਅੱਜ ਪੰਥ ਦੇ ਝੰਡਾ ਬਰਦਾਰ ਬਣੀ ਬੈਠੇ ਬਹੁਤੇ ਆਗੂ ਖਾਲਸਾ ਪੰਥ ਦੀ ਚੜ੍ਹਦੀ ਕਲਾ ਤੇ ਆਜ਼ਾਦੀ ਦੇ ਰਾਹ ਵੱਲ ਵਧਣ ਦੀ ਗੱਲ ਤਾਂ ਵਖਰੀ ਰਹੀ ਪੰਥ ਨੂੰ ਉੱਪਰ ਝਾਕਨ ਵੀ ਨਹੀਂ ਦੇਂਦੇ। ਬਾਕੀ ਮਹਾਂਪੁਰਸ਼ੋ, ਏਸ ਗੱਲ ਦਾ ਮੈਂ ਆਪ ਨੂੰ ਵਿਸ਼ਵਾਸ ਦਵਾਉਂਦਾਂ ਕਿ ਸਭ ਸਿਖ ਨੌਜਵਾਨ ਜੋ

ਗੁਰੂ ਘਰ ਤੇ ਖਾਲਸਾ ਪੰਥ ਪ੍ਰਤੀ ਸੱਚੇ ਦਿਲੋਂ ਜਜ਼ਬਾ, ਅਕੀਦਤ ਤੇ ਪਿਆਰ ਰਖਦੇ ਨੇ ਅਤੇ ਹਿੰਦੂਆਂ ਦੀ ਅਸਲ ਸ਼ਕਲ ਅਤੇ ਕਰਤੂਤ ਤੇ ਨੀਤੀ ਨੂੰ ਪਛਾਣ ਗਏ ਨੇ ਉਹ ਤਾਂ ਹੁਣ ਥਾਂ ਥਾਂ ਉੱਪਰ ਆਪਣੇ ਆਪ ਨੂੰ ਜਥੇਬੰਦ ਕਰ ਰਹੇ ਨੇ ਤੇ ਪ੍ਰੋਗਰਾਮ ਮੰਗ ਰਹੇ ਨੇ। ਹੁਣ ਤਾਂ ਕੋਈ ਬਿਲਕੁਲ ਹੀ ਕਿਸੇ ਰਗਲੇ ਹੋਏ ਤੇ ਦੋਗਲੇ (ਹਿੰਦੂ ਘਨਵਾਦਿਆਂ ਨਾਲ ਰਿਸ਼ਤੇਦਾਰੀ ਪਾਲਣ, ਹਿੰਦੂ ਰਹੁ ਰੀਤੀਆਂ ਵਿਚ ਵਿਸ਼ਵਾਸ ਰੱਖਣ ਤੇ ਜਾਂ ਕਿਸੇ ਗੱਦਾਰ ਘਨਵਾਦੇ ਨਾਲ ਬਝੇ ਹੋਏ) ਟੱਬਰ, ਕਬੀਲੇ ਨਾਲ ਬੱਝਾ ਹੋਇਆ ਹੀ ਨੌਜਵਾਨ ਹੋਵੇਗਾ ਜੋ ਸਿੱਖ ਕੌਮ ਦੀ ਆਜ਼ਾਦੀ ਤੇ ਚੜ੍ਹਦੀ ਕਲਾ ਦੀ ਗੱਲ ਨਾ ਕਰਦਾ ਹੋਵੇਗਾ, ਬਾਕੀ ਸਭ ਸਿੱਖ ਨੌਜਵਾਨ ਹੁਣ ਆਪਣੀ ਆਪਣੀ ਥਾਂ ਉੱਪਰ ਤਿਆਰ ਬਰ ਤਿਆਰ ਨੇ।

ਜੇ ਕਿਧਰੇ ਦੁਸ਼ਟਾਂ ਨੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਹਮਲਾ ਬੋਲ ਦਿੱਤਾ ਤਾਂ ਗੱਲ ਫਿਰ ਆਖਰ ਇਕ ਦਿਨ ਖਾਲਿਸਤਾਨ 'ਤੇ ਹੀ ਜਾ ਕੇ ਮੁਕੂ। ਇਸ ਤੋਂ ਉਰੇ ਨਹੀਂ ਖਲੋਣ ਲੱਗੀ। ਬਾਬਿਓ, ਜਿਸਤਰਾਂ ਤੁਸੀਂ ਹੁਣ ਸੰਗਤ ਨੂੰ ਖੁੱਲੇ ਆਮ ਇਹ ਗੱਲ ਕਹਿੰਦੇ ਹੁੰਦੇ ਜੇ ਕਿ ਸ੍ਰੀ ਹਰਿਮੰਦਰ ਸਾਹਿਬ ਉੱਪਰ ਹਮਲੇ ਤੋਂ ਬਾਅਦ ਖਾਲਿਸਤਾਨ ਅਵੱਸ਼ ਬਣਕੇ ਰਹੇਗਾ, ਤੁਸੀਂ ਭਰੋਸਾ ਰੱਖੋ ਕਿ ਲੱਖਾਂ ਸਿੱਖ ਨੌਜਵਾਨਾਂ ਨੇ ਇਹ ਪ੍ਰਣ ਧਾਰ ਰੱਖਿਆ ਹੈ ਕਿ ਫੇਰ ਉਹ ਦਿੱਲੀ ਦੇ ਲਾਲ ਕਿਲ੍ਹੇ ਉੱਪਰ ਖਾਲਿਸਤਾਨ ਦਾ ਝੰਡਾ ਝੁਲਾ ਕੇ ਦਮ ਲੈਣਗੇ ਤੇ ਉਦੋਂ ਤੱਕ ਆਪਣੀ ਲੜਾਈ ਜਾਰੀ ਰਖਣਗੇ ਜਿੰਨੀ ਦੇਰ ਉਹ ਆਪਣੇ ਆਸ਼ੇ-ਉਦੇਸ਼ ਵਿਚ ਸਫਲ ਨਹੀਂ ਹੋ ਜਾਂਦੇ।'

ਭਾਈ ਅਮਰੀਕ ਸਿੰਘ ਨੇ ਜਦ ਸਿੱਖ ਨੌਜਵਾਨਾਂ ਦੇ ਸੰਕਲਪ ਤੇ ਮਨੋ-ਬਲ ਬਾਰੇ ਆਪਣਾ ਪ੍ਰਭਾਵ ਦੱਸਿਆ ਤਾਂ ਸੰਤ ਬਹੁਤ ਹੀ ਖੁਸ਼ ਹੋਏ। ਸੰਤ ਫਿਰ ਝੱਟ ਹੀ ਕੁਝ ਵਿਤੋਂ ਵੱਧ ਗੰਭੀਰ ਜਿਹੇ ਹੋ ਕੇ ਕਹਿਣ ਲੱਗੇ:

'ਵਾਹਿਗੁਰੂ ਕਰੇ ਸਿੱਖ ਨੌਜਵਾਨ ਆਪਣੇ ਦੁਸ਼ਮਨਾਂ ਦੇ ਇਰਾਦਿਆਂ ਨੂੰ ਮਨੋ ਕਰਕੇ ਸਮਝ ਜਾਣ ਤੇ ਆਪਣੇ ਅੰਦਰ ਜੁਝਾਰੂ ਤੇ ਸੱਚੇ ਸੁੱਚੇ ਸਿੱਘਾਂ ਵਾਲੇ ਗੁਣ ਪੈਦਾ ਕਰ ਲੈਣ। ...ਸਿੰਘੋ, ਹੁਣ ਜ਼ਰਾ ਮੇਰੀ ਇਸ ਗੱਲ ਵੱਲ ਉਚੇਚਾ ਧਿਆਨ ਦਿਓ। ਆਉਣ ਵਾਲੀਆਂ ਪੀੜ੍ਹੀਆਂ ਆਪਣੇ ਇਤਿਹਾਸ ਨੂੰ ਪੜ੍ਹਣ ਲੱਗਿਆਂ ਕਦੀ ਇਸ ਗੱਲ ਨੂੰ ਜਾਨਣ ਲਈ ਬਹੁਤਾ ਜ਼ੋਰ ਨਹੀਂ ਦੇਂਦੀਆਂ ਤੇ ਉਤਸਕ ਨਹੀਂ ਹੁੰਦੀਆਂ ਕਿ ਉਹਨਾਂ ਦੇ ਵਡੇ ਵਡੇਰਿਆਂ ਤੇ ਪੁਰਖਿਆਂ ਨੇ ਕਿੰਨੀ ਲੰਮੀ ਉਮਰ ਭੋਗੀ ਹੈ। ਉਹ ਹਮੇਸ਼ਾ ਇਸ ਗੱਲ ਤੋਂ ਹੀ ਬਲ ਤੇ ਰੋਸ਼ਨੀ ਪ੍ਰਾਪਤ ਕਰਦੇ ਰਹੇ ਨੇ ਤੇ ਕਰਦੇ ਨੇ ਕਿ ਉਹਨਾਂ ਦੇ ਬਜ਼ੁਰਗਾਂ ਨੇ ਆਪਣੇ ਆਪਣੇ ਜੀਵਨ ਕਾਲ ਵਿਚ ਕੀ ਕੀ ਮਹਾਨ ਕਰਮ ਕਮਾਏ ਤੇ ਸੁਨਹਿਰੀ ਪੂਰਨੇ ਪਾਏ ਨੇ। ਇਸ ਪ੍ਰਭਾਵ ਵਿਚ ਵਿਚਾਰਨ ਵਾਲੀ ਗੱਲ ਇਹ ਹੈ ਕਿ ਜੇ ਸੰਨ ਸਤਾਲੀ (ਈਸਵੀ 1947) ਦੀ ਸਿੱਖ ਲੀਡਰਸ਼ਿਪ ਸੌ ਸਾਲ ਤਕ ਹੋਰ ਜੀਉਂਦੀ ਰਹਿੰਦੀ ਤਾਂ ਖਾਲਸਾ ਪੰਥ ਨੂੰ ਉਸਦਾ ਕੀ ਲਾਭ ਸੀ। ਪਰ ਜੇ ਉਹ ਸਿੱਖ ਕੌਮ ਦੀ ਸੰਪੂਰਨ ਆਜ਼ਾਦੀ ਤੇ ਖੁਦ ਮੁਖਤਿਆਰੀ ਬਾਰੇ ਕੋਈ ਠੋਸ ਕਦਮ ਉਠਾਂਦੀ ਤੇ ਪੰਥ ਦੀ ਝੋਲੀ ਵਿੱਚ ਆਜ਼ਾਦੀ ਪਾ ਜਾਂਦੀ ਤਾਂ ਉਸ ਹਾਲਤ ਵਿਚ ਕੌਮ ਦੇ ਇਤਿਹਾਸ ਦੀ ਤਸਵੀਰ ਦੇ ਪੱਖ ਕੁਝ ਨਰਾਲੀ ਹੀ ਸ਼ਾਨ ਦੇ ਮਾਲਕ ਹੁੰਦੇ। ਉਸ ਹਾਲਤ ਵਿਚ ਅਜ ਖਾਲਸਾ ਪੰਥ ਨੂੰ ਹਿੰਦੂਆਂ ਦੀ ਗੁਲਾਮੀ ਦਾ ਇਹ ਦੌਰ ਨਾ ਵੇਖਣਾ ਪੈਂਦਾ। ਉਸ ਸਮੇਂ ਜੋ ਪੰਥਕ ਆਗੂਆਂ ਨੇ ਰਾਜ ਕਰੇਗਾ ਖਾਲਸਾ, ਖਾਲਸਾ ਜੀ ਦੇ ਬੋਲ ਬਾਲੇ ਖਾਲਸਾ ਪੰਥ ਦੀ ਆਜ਼ਾਦ ਹਸਤੀ ਅਤੇ ਚੱਕੀਆਂ ਝੰਡੇ ਬੁੰਗੇ ਜੁਗੋ ਜੁਗ ਅਟਲ ਦੇ ਸੰਕਲਪ ਨੂੰ ਠੋਕਰ ਮਾਰੀ ਸੀ ਤਾਂ ਅੱਜ ਉਸ ਗਲਤੀ ਦਾ ਖਮਿਆਜ਼ਾ ਸਾਰੇ ਦੇ ਸਾਰੇ ਪੰਥ ਨੂੰ ਭੁਗਤਣਾ ਪੈ ਰਿਹਾ ਹੈ।

ਕਿਸੇ ਵੀ ਕੌਮ ਦੇ ਆਗੂਆਂ ਵਲੋਂ ਕੀਤੀ ਜਾਣ ਵਾਲੀ ਇਕ ਸਿਆਸੀ ਰਾਜਸੀ ਭੁੱਲ



ਲਾਪਰਵਾਹੀ ਜਾਂ ਗਦਾਰੀ ਕਈ ਵਾਰ ਉਸ ਕੌਮ ਨੂੰ ਦੁੱਖਾਂ ਕਸ਼ਟਾਂ, ਖੱਜਲ ਖੁਆਰੀ, ਬੇਪੱਤੀ ਅਤੇ ਇਥੋਂ ਤਕ ਕਿ ਮੌਤ ਦੇ ਮੂੰਹ ਵਿਚ ਧੱਕ ਦੇਂਦੀ ਹੈ। ਸਮਾ ਜਦ ਇਕ ਵਾਰ ਲੰਘ ਜਾਂਦਾ ਹੈ ਤਾਂ ਉਹ ਫਿਰ ਹੱਥ ਨਹੀਂ ਆਉਂਦਾ। ਜਿਸ ਕਰਕੇ ਸਮੇਂ ਨੂੰ ਮੁੜ ਆਪਣੀ ਮਰਜ਼ੀ ਦੇ ਰੰਗ ਵਿਚ ਰੰਗਣ ਲਈ ਨੌਜਵਾਨਾਂ ਨੂੰ ਬੜਾ ਲਹੂ ਡੋਲ੍ਹਣਾ ਪੈਂਦਾ ਹੈ ਅਤੇ ਦਹਾਕਿਆਂ ਬੱਧੀ ਜਾਨ ਜੋਖੋਂ ਭਰਿਆ ਘੋਲ ਤੇ ਸੰਘਰਸ਼ ਕਰਨਾ ਪੈਂਦਾ ਹੈ। ਕਿਸੇ ਕੌਮ ਵੱਲੋਂ ਜਦ ਕਿਸੇ ਮੁਨਾਸਬ ਸਮੇਂ ਉੱਤੇ ਠੀਕ ਫੈਸਲੇ ਨਹੀਂ ਲਏ ਜਾਂਦੇ ਤੇ ਸਹੀ ਮੰਜ਼ਲ ਨਹੀਂ ਮਿਥੀ ਜਾਂਦੀ ਤਾਂ ਫਿਰ ਉਸ ਹਾਲਤ ਵਿਚ ਕੌਮ ਦੇ ਪੱਲੇ ਦੁੱਖਾਂ ਦਰਦਾਂ ਤੇ ਭਟਕਣਾ ਅਤੇ ਕੰਡਿਆਲੇ ਰਾਹਾਂ ਉੱਪਰ ਚਲਣ ਕਰਕੇ ਅਸਹਿ ਮਸੀਬਤਾਂ ਦਾ ਪੈਣਾ ਅਵਸ਼ਕ ਬਣ ਜਾਂਦਾ ਹੈ। ਇਸ ਕਰਕੇ ਮੇਰੀ ਸਮੂਹ ਸਿੱਖ ਜਗਤ ਤੇ ਸਿੱਖ ਨੌਜਵਾਨਾਂ ਨੂੰ ਇਹ ਖਾਸ ਤੌਰ 'ਤੇ ਹਦਾਇਤ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਥ ਦੀ ਆਜ਼ਾਦੀ ਲਈ ਇਕਮੁੱਠ ਹੋ ਕੇ ਰਣ ਤੱਤੇ ਵਿਚ ਉਤਰਨ ਦੇ ਰਾਹ ਨੂੰ ਅਪਨਾਉਣਾ ਅਤੇ ਸਮੇਂ ਸਿਰ ਠੀਕ ਤੇ ਠੋਸ ਫੈਸਲੇ ਲੈਣ ਦੀ ਸੋਚ ਤੇ ਨੀਤੀ ਨੂੰ ਪੂਰਨ ਦ੍ਰਿੜਤਾ ਨਾਲ ਅਪਨਾਈ ਰੱਖਣਾ। ਪੰਥਕ ਪੱਧਰ ਦੇ ਫੈਸਲੇ ਲੈਣ ਲਗਿਆਂ ਕਦੀ ਭੁਲ ਕੇ ਵੀ ਪਿਲੀ ਤੇ ਦੁਬਿਧਾ ਵਾਲੀ ਪਾਲਸੀ ਨਾ ਆਪਨਾਉਣਾ। ਸਥਿਤੀ ਤੇ ਹਾਲਾਤ ਦੇ ਮੁਤਾਬਕ ਤੁਹਾਡੇ ਸਾਹਮਣੇ ਪਹਿਲਾਂ ਹੀ ਸਾਰੀ ਤਸਵੀਰ ਸਾਫ ਤੇ ਸਪਸ਼ਟ ਹੋਣੀ ਚਾਹੀਦੀ ਹੈ ਅਤੇ ਤੁਹਾਨੂੰ ਪੰਥਕ ਆਸ਼ੇ ਉਦੇਸ਼ ਤੇ ਮੰਤਵ ਬਾਰੇ ਪੂਰਾ ਪੂਰਾ ਅਨਭਵ ਤੇ ਗਿਆਨ ਹੋਣਾ ਚਾਹੀਦਾ ਹੈ। ਆਪਣੇ ਵਿਚੋਂ ਕਿਸੇ ਨੂੰ ਆਗੂ ਚੁਨਣ ਲੱਗਿਆਂ ਕਿਸੇ ਤਰ੍ਹਾਂ ਦੀ ਲਿਹਾਜ਼ ਬਾਜ਼ੀ 'ਚ ਨਹੀਂ ਪੈਣਾ ਅਤੇ ਕਿਸੇ ਵਲੋਂ ਕੀਤੀ ਜਾਣ ਵਾਲੀ ਘਾਤਕ ਭੁੱਲ ਨੂੰ ਐਵੇਂ ਓਪਰੀ ਨਜ਼ਰੇ ਨਹੀਂ ਵੇਖਣਾ ਤੇ ਨਾ ਹੀ ਉਸਨੂੰ ਸਰਸਰੀ ਤੌਰ ਤੇ ਬਖਸ਼ੀ ਤੁਰੇ ਜਾਣਾ। 'ਜਿੱਡੀ ਵੱਡੀ ਭੁੱਲ ਓਡੀ ਵੱਡੀ ਸਜ਼ਾ' ਦਾ ਨਾਅਰਾ ਸਦਾ ਜੀਉਂਦਾ ਰਖਿਓ।

ਪੰਥ ਦੇ ਵਾਲੀ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾਂ ਆਪਣੇ ਸਮੇਂ ਦੇ ਸਥਾਪਤ ਮਸੰਦਾਂ ਨੂੰ ਤੇਲ ਦੇ ਕੜਾਹਿਆਂ ਵਿਚ ਸੁੱਟ ਕੇ ਜੀਉਂਦਿਆਂ ਸਾੜ ਦੇਣ ਦੀ ਸਜ਼ਾ ਇਸ ਕਰਕੇ ਦਿੱਤੀ ਸੀ ਕਿ ਉਹ ਆਪਣੇ ਆਪਣੇ ਇਲਾਕੇ ਦੀ ਸਿੱਖੀ ਸੇਵਕੀ ਦੇ ਮੁਖੀ ਹੁੰਦਿਆਂ ਹੋਇਆਂ ਪੰਥਕ ਸਿਧਾਂਤ ਤੇ ਰਵਾਇਤਾਂ ਦੇ ਉਲਟ ਚੱਲਣ ਲੱਗ ਪਏ ਸਨ, ਧੱਕੇ ਨਸ਼ਈ ਤੇ ਵਿਭਚਾਰੀ ਬਣ ਗਏ ਸਨ, ਪੰਥ ਦੇ ਜਜ਼ਬਿਆਂ ਤੇ ਸੁਪਨਿਆਂ ਨਾਲ ਖਿਲਵਾੜ ਕਰਨ ਲੱਗ ਪਏ ਸਨ, ਸੇਵਾ ਘਾਲਨਾ ਤੇ ਕੁਰਬਾਨੀ ਦਾ ਰਾਹ ਛੱਡ ਗਏ ਸਨ ਅਤੇ ਸੰਗਤ ਨੂੰ ਮਾਨਤਾ ਪ੍ਰਧਾਨਤਾ ਦੇਣ ਦੀ ਬਜਾਏ ਆਪਣੇ ਨਿੱਜੀ ਫੈਸਲਿਆਂ ਤੇ ਚੇਲੇ ਚਾਟੜਿਆਂ ਨੂੰ ਮਾਨਤਾ ਦੇਣ ਲੱਗ ਪਏ ਸਨ।

ਸਾਹਿਬ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਹਾਰਾਜ ਨੇ ਤਾਂ ਆਪਣੇ ਟਿਕਾ ਪੁੱਤਰ ਬਾਬਾ ਰਾਮ ਰਾਇ ਨੂੰ ਗੁਰੂ ਦਰਬਾਰ 'ਚੋਂ ਹਮੇਸ਼ਾਂ ਲਈ ਇਸ ਕਰਕੇ ਕੱਢ ਦਿੱਤਾ ਸੀ ਕਿ ਬਾਬਾ ਰਾਮ ਰਾਏ ਨੇ ਉਸ ਜ਼ਿੰਮੇਵਾਰੀ ਨੂੰ ਈਮਾਨਦਾਰੀ ਤੇ ਦ੍ਰਿੜਤਾ ਨਾਲ ਨਹੀਂ ਸੀ ਨਭਾਇਆ ਜੋ ਉਸਨੂੰ ਵਕਤ ਦੀ ਹਕੂਮਤ ਦੇ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ ਵਿਚ ਭੇਜਣ ਤੋਂ ਪਹਿਲਾਂ ਸੌਂਪੀ ਗਈ ਸੀ। ਬਾਬਾ ਰਾਮ ਰਾਏ ਨੇ ਔਰੰਗਜ਼ੇਬ ਦੇ ਸਾਹਮਣੇ ਸਿੱਖ ਮੱਤ ਤੇ ਗੁਰਬਾਣੀ ਦੀਆਂ ਅਧਿਆਤਮਕ ਸਮਾਜਕ ਕਦਰਾਂ ਕੀਮਤਾਂ ਅਤੇ ਅਲਾਹੀ ਗੁਣਾ ਲੱਛਣਾ ਨੂੰ ਉਜਾਗਰ ਕਰਨ ਦੀ ਬਜਾਏ ਬਾਦਸ਼ਾਹ ਨੂੰ ਖੁਸ਼ ਕਰਨ ਦੀ ਖਾਤਰ ਗੁਰਬਾਣੀ ਦਾ ਕੇਵਲ ਇਕ ਅੱਖਰ ਹੀ ਬਦਲਿਆ ਸੀ ਤੇ ਉਸਦੇ ਸਿੱਟੇ ਵਜੋਂ ਉਸਨੂੰ ਪੰਥ ਤੋਂ ਸਦਾ ਲਈ ਖਾਰਜ ਕਰ ਦਿੱਤਾ ਸੀ ਪਰ ਇਥੇ ਹੁਣ ਸਾਨੂੰ ਕਈ ਆਗੂ ਇਕ ਇਕ ਦਿਨ ਦੇ ਵਿਚ ਕਈ ਕਈ ਵਾਰ ਝੂਠ ਮਾਰਦੇ, ਪੰਥ ਮਾਰੂ ਘਾਤਕ ਗਲਤੀਆਂ ਕਰਦੇ, ਉਪਦਰਵੀ ਕੰਮ ਕਰਦੇ, ਪੰਥ ਦੇ ਸਾਹਮਣੇ ਧੱਕੇ ਸ਼ਾਹੀ ਨਾਲ ਕੁਕਰਮ ਕਮਾਉਂਦੇ ਤੇ ਪੰਥਕ ਸਿਧਾਂਤ ਦਾ ਐਲਾਨੀਆਂ ਵਿਰੋਧ ਕਰਦੇ

ਫਿਰਦੇ ਹਨ, ਪਰ ਉਹਨਾਂ ਨੂੰ ਨੱਥ ਪਾਉਣ ਦਾ ਕੋਈ ਉਪਰਾਲਾ ਨਹੀਂ ਕੀਤਾ ਜਾਂਦਾ। ਸਗੋਂ ਜਦ ਉਹ ਇਹ ਸਭ ਕੁਝ ਕਰਦੇ ਕਮਾਉਂਦੇ ਹੋਏ ਸਟੇਜਾਂ ਉੱਤੇ ਚੜ੍ਹ ਕੇ ਆਪਣੀ ਸ਼ਾਨ ਤੇ ਚੜ੍ਹਤ ਵਖਾਉਂਦੇ ਅਤੇ ਦਮਗਜੇ ਮਾਰਦੇ ਹਨ ਤਾਂ ਉਸ ਸਮੇਂ ਅਸੀਂ ਉਹਨਾਂ ਨੂੰ ਕੁਝ ਪੁੱਛਣ, ਕਹਿਣ ਦੀ ਬਜਾਏ ਉਹਨਾਂ ਦੀ ਉਸਤਤ ਤੇ ਵਡਿਆਈ ਵਿਚ ਜੈਕਾਰੇ ਤੇ ਜੈਕਾਰੇ ਛੱਡਣ ਲੱਗ ਪੈਂਦੇ ਹਾਂ।

'ਸਿਘੋ, ਜਦ ਤੱਕ ਅਸੀਂ ਬਿਨਾ ਸੋਚੇ ਸਮਝੇ ਤੇ ਅੱਖਾਂ ਮੀਟ ਕੇ ਇਸਤਰਾਂ ਦੀ ਢਿੱਲ ਵਖਾਈ ਤੁਰੇ ਜਾਵਾਂਗੇ, ਉਸ ਸਮੇਂ ਤੱਕ ਪੰਥ ਦਾ ਘਾਤ ਹੁੰਦਾ ਤੁਰਿਆ ਜਾਵੇਗਾ, ਤੁਹਾਡੀਆਂ ਕੁਰਬਾਨੀਆਂ ਰੁਲਦੀਆਂ ਰਹਿਣਗੀਆਂ ਅਤੇ ਤੁਹਾਡੀਆਂ ਜਿੱਤਾਂ ਵੀ ਮੰਜ਼ਲ ਦੇ ਨੇੜੇ ਪਹੁੰਚ ਕੇ ਹਾਰਾਂ ਵਿਚ ਬਦਲਦੀਆਂ ਰਹਿਣਗੀਆਂ।

ਸਾਨੂੰ ਕਿਸੇ ਵਿਅਕਤੀ ਦੇ ਪਿਛੇ ਜੈਕਾਰੇ ਛੱਡਨ ਤੋਂ ਪਹਿਲਾਂ ਇਹ ਜ਼ਰੂਰ ਵੇਖ ਲੈਣਾ ਚਾਹੀਦਾ ਹੈ ਕਿ ਜਿਸ ਬੰਦੇ ਦੀਆਂ ਗੱਲਾਂ ਤੇ ਤਕਰੀਰ ਸੁਣਕੇ ਜੈਕਾਰੇ ਛੱਡਨ ਲੱਗੇ ਹਾਂ ਉਸਦਾ ਅਸਲ ਕਰਦਾਰ ਤੇ ਖਾਸਾ ਕੀ ਹੈ? ਇਹ ਵਿਅਕਤੀ ਮਨ-ਬਚ-ਕਰਮ ਪੱਖੋਂ ਕਿੰਨਾ ਕੁ ਪੂਰਾ ਸੂਰਾ ਉਤਰਦਾ ਰਿਹਾ ਹੈ? ਪੰਥ ਦੁਸ਼ਮਨ ਤਾਕਤਾਂ ਦੀਆਂ ਨਜ਼ਰਾਂ ਵਿਚ ਇਸਦਾ ਕੀ ਪ੍ਰਭਾਵ ਹੈ, ਭਾਈ ਵਾਦ ਤੇ ਭਤੀਜਾ ਵਾਦ ਦੀਆਂ ਨੀਤੀਆਂ ਤੋਂ ਕਿੰਨਾ ਕੁ ਪਾਕ ਸਾਫ ਤੇ ਉੱਚਾ ਸੁੱਚਾ ਹੈ ਅਤੇ ਆਪਣੀ ਜਾਤ ਦੇ ਮੁਕਾਬਿਲੇ ਸੰਗਤ ਤੇ ਖਾਲਸਾ ਪੰਥ ਨੂੰ ਕਿੰਨੀ ਕੁ ਮਾਨਤਾ ਦਿੰਦਾ ਹੈ? ਇਸ ਲਈ ਸਿੰਘੋ, ਮੇਰੀ ਤਾਂ ਆਪ ਸਭ ਪਾਸ ਇਹ ਹੀ ਬੇਨਤੀ ਹੈ ਕਿ ਸਿੱਖ ਕੌਮ ਦੇ ਜਿੰਨ੍ਹਾਂ ਮਲਾਹਾਂ ਨੇ ਅੱਗੇ ਕੌਮ ਦੀ ਬੇੜੀ ਨੂੰ ਆਪਣੀਆਂ ਗਲਤੀਆਂ, ਕਮਜ਼ੋਰੀਆਂ, ਲਾਲਸਾਵਾਂ, ਦੁਸ਼ਮਨ ਧਿਰਾਂ ਨਾਲ ਸਾਜ਼ਬਾਜ਼ ਤੇ ਗਦਾਰੀਆਂ ਦੇ ਕਾਰਨ ਘੁੰਮਨ ਘੇਰ ਵਿਚ ਫਸਾ ਛੱਡਿਆ ਹੈ ਉਸ ਬੇੜੀ ਨੂੰ ਬਚਾਉਣ ਲਈ ਹੁਣ ਤੁਸੀਂ ਰਲਮਿਲ ਕੇ ਹੰਮਲਾ ਮਾਰੋ ਤੇ ਅੱਗੇ ਤੋਂ ਕੌਮ ਦੀ ਬੇੜੀ ਦੇ ਚੱਪੂ ਭੁੱਲ ਕੇ ਵੀ ਇਹੋ ਜਿਹੇ ਵਿਅਕਤੀਆਂ ਤੇ ਮਲਾਹਾਂ ਦੇ ਹੱਥਾਂ ਵਿਚ ਨਾ ਫੜਾਇਓ। ਨੌਜਵਾਨੋ, ਉਸ ਵਾਹਿਗੁਰੂ ਦੇ ਦਰ ਘਰ ਦਾ ਓਟ ਆਸਰਾ ਮੰਗੋ ਤੇ ਕਮਰਕੱਸੇ ਕਰਕੇ ਆਪ ਮੈਦਾਨ ਵਿਚ ਉਤਰੋ। ਸਮੇਂ ਦੀ ਨਬਜ਼ ਤੇ ਚਾਲ ਨੂੰ ਪੂਰੀ ਪੂਰੀ ਖਬਰਗੀਰੀ ਤੇ ਹੁਸ਼ਿਆਰੀ ਨਾਲ ਪਛਾਣ ਕੇ ਚਲਦੇ ਰਹੋ, ਵਾਹਿਗੁਰੂ ਦੇ ਦਰ ਘਰ ਦਾ ਓਟ ਆਸਰਾ ਮੰਗ ਤੇ ਯੁਗਾਂ ਤੱਕ ਮੱਲੀ ਰੱਖਿਓ ਅਤੇ ਕਮਰਕੱਸੇ ਕਰਕੇ ਆਪ ਮੈਦਾਨ ਵਿਚ ਉਤਰੋ। ਪਰ ਯਾਦ ਰਖਿਓ ਕਿ ਖਾਲਸਾ ਪੰਥ ਦੀ ਚੜ੍ਹਦੀ ਕਲਾ ਤੇ ਆਜ਼ਾਦੀ ਦੀ ਖਾਤਰ ਜੂਝਨ ਦਾ ਰਾਹ ਕੋਈ ਐਵੇਂ ਸੌਖਾ ਜਿਹਾ ਰਾਹ ਨਹੀਂ, ਸਗੋਂ ਬੜਾ ਹੀ ਜ਼ੁਮਾਵਾਰੀ ਵਾਲਾ ਤੇ ਜੋਖਮਾਂ ਭਰਿਆ ਹੋਣ ਕਰਕੇ ਬੜੀ ਸਿਦਕ ਸਬੂਰੀ ਤੇ ਸਿਰੜ ਮੰਗਦਾ ਹੈ, ਜਿਸ ਕਰਕੇ ਇਸ ਕਾਰਜ ਨੂੰ ਪਰਵਾਨ ਚੜ੍ਹਾਉਣ ਲਈ ਬੜੀ ਵੱਡੀ ਘਾਲਨਾ, ਘਾਲਨੀ ਪੈਣੀ ਹੈ ਅਤੇ ਸੇਵਾ ਤੇ ਕੁਰਬਾਨੀ ਵਾਲਾ ਜੀਵਨ ਕਮਾਉਣਾ ਪੈਣਾ ਹੈ। ਨੌਜਵਾਨੋ, ਜੋ ਗੱਲਾਂ ਦਾਸ ਤੁਹਾਡੇ ਨਾਲ ਗੁਰਮਤ ਕੈਂਪ ਦੇ ਦੌਰਾਨ ਤੁਹਾਡੇ ਵਿਚ ਬੈਹ ਕੇ ਤੇ ਇਕ ਪਰਵਾਰ ਦੀ ਤਰ੍ਹਾਂ ਘੁਲ ਮਿਲਕੇ ਕਰਦਾ ਰਿਹਾ ਹੈ, ਜੇ ਉਹਨਾਂ ਗਲਾਂ ਨੂੰ ਚਿਤਾਰਦੇ ਰਹੋਗੇ ਤੇ ਉਹਨਾਂ ਉੱਪਰ ਚਲਦੇ ਰਹੋਗੇ ਤਾਂ ਫਿਰ ਪੰਥ ਦੇ ਗਲੋਂ ਗੁਲਾਮੀ ਦੀਆਂ ਜੰਜੀਰਾਂ ਪੱਕੇ ਤੌਰ ਤੇ ਲੱਥ ਜਾਣਗੀਆਂ।

ਗੁਰਮਤ ਕੈਂਪ ਦੇ ਦੌਰਾਨ ਮੈਂ ਕੋਈ ਵੀ ਮਨ ਦੀ ਗੱਲ ਤੁਹਾਥੋਂ ਲੁਕਾ ਨਹੀਂ ਰੱਖੀ। ਖਾਲਸਾ ਪੰਥ ਦੀ ਵਰਤਮਾਨ ਦਸ਼ਾ ਤੇ ਇਸਦੀ ਚੜ੍ਹਦੀ ਕਲਾ ਦੇ ਸੰਬੰਧ ਵਿਚ ਜਿਸਤਰ੍ਹਾਂ ਸੋਚਦਾ ਤੇ ਅਨਭਵ ਕਰਦਾ ਹਾਂ, ਉਸੇ ਤਰਾਂ ਹੀ ਤੁਹਾਡੇ ਨਾਲ ਵਿਚਾਰ ਸਾਂਝੇ ਕਰਦਾ ਰਿਹਾ ਹਾਂ। ਤੁਸੀਂ ਗੁਰੂ ਨਾਨਕ ਨਿਵਾਸ ਵਿਖੇ 32 ਨੰਬਰ ਕਮਰੇ ਵਿਚ ਖਾਲਿਸਤਾਨ ਦੇ ਦਫਤਰ ਜਾਂਦੇ ਰਹੇ ਤੇ ਉੱਥੋਂ ਖਾਲਸਾ ਰਾਜ ਦੇ ਸੰਘਰਸ਼ ਬਾਰੇ ਸੇਧ ਲੈਂਦੇ ਤੇ ਵਿਚਾਰਾਂ ਸਾਂਝੀਆਂ ਕਰਦੇ ਰਹੇ ਤਾਂ ਦਾਸ ਖੁਸ਼ ਹੁੰਦਾ ਰਿਹਾ। ਤੁਸੀਂ



ਪਿੰਡ ਪਿੰਡ ਤੇ ਕਸਬੇ ਕਸਬੇ ਅੰਦਰ ਜਾਕੇ 'ਰਾਜ ਕਰੇਗਾ' ਖਾਲਸਾ ਦੇ ਬੋਲੇ ਅਤੇ ਖਾਲਿਸਤਾਨ ਜ਼ਿੰਦਾ ਬਾਦ ਦੇ ਨਾਅਰੇ ਲਿਖ ਲਿਖਕੇ ਘਰਾਂ, ਹਵੇਲੀਆਂ ਤੇ ਸਕੂਲਾਂ ਦੀਆਂ ਦੀਵਾਰਾਂ ਭਰਦੇ ਰਹੇ ਤਾਂ ਦਾਸ ਨੂੰ ਖੁਸ਼ੀ ਹੁੰਦੀ ਰਹੀ। ਤੁਸੀਂ ਖਾਲਸਾ ਰਾਜ ਤੇ ਖਾਲਿਸਤਾਨ ਬਾਰੇ ਮੇਰੇ ਨਾਲ ਖੁੱਲ ਕੇ ਵਿਚਾਰ ਵਟਾਂਦਰਾ ਕਰਦੇ ਰਹੇ ਤਾਂ ਉਸ ਸਮੇਂ ਸਗੋਂ ਮੈਨੂੰ ਵੀ ਤੁਹਾਡੇ ਵਿਚਾਰਾਂ, ਸੰਕਲਪਾਂ ਤੇ ਨਸ਼ਾਨੇ ਤੋਂ ਬਲ ਮਿਲਦਾ ਰਿਹਾ ਅਤੇ ਦਾਸ ਤੁਹਾਡੀਆਂ ਚੜ੍ਹਦੀ ਕਲਾ ਦੀਆਂ ਗੱਲਾਂ ਸੁਣ ਸੁਣ ਕੇ ਪਰਸੰਨ ਹੁੰਦਾ ਰਿਹਾ। ਮੈਨੂੰ ਇਸ ਗੱਲ ਦੀ ਮਨੋ ਕਰਕੇ ਖੁਸ਼ੀ ਹੈ ਕਿ ਤੁਸੀਂ ਅੱਜ ਲੱਖਾਂ ਨੌਜਵਾਨ ਸਿੱਖ ਕੌਮ ਦੀ ਆਜ਼ਾਦੀ ਦਾ ਸੰਕਲਪ ਧਾਰ ਚੁੱਕੇ ਹੋ ਅਤੇ ਤੁਸੀਂ ਜਥੇਬੰਦ ਹੋਕੇ ਕੌਮ ਦੇ ਗਲੋਂ ਗੁਲਾਮੀ ਦੀਆਂ ਜੰਜੀਰਾਂ ਲਾਹੁਣ ਦੀ ਲੜਾਈ ਲੜਨ ਦਾ ਨਿਰਣਾ ਧਾਰ ਚੁੱਕੇ ਹੋ ਅਤੇ ਘੋਲ ਦੇ ਰਾਹ ਉੱਪਰ......'

ਸੰਤ ਅਜੇ ਆਪਣੇ ਵਿਚਾਰ ਪਰਗਟ ਕਰ ਹੀ ਰਹੇ ਸਨ ਕਿ ਸੰਤਾਂ ਦਾ ਗੜਵਈ ਸਿੰਘ ਫਿਰ ਹਾਜ਼ਰ ਹੋ ਕੇ ਉਹਨਾਂ ਨੂੰ ਪ੍ਰਸ਼ਾਦ ਛਕਣ ਲਈ ਬੇਨਤੀ ਕਰ ਰਿਹਾ ਸੀ।

ਜਿਸ ਸਮੇਂ ਸੰਤ ਦੋ-ਚਾਰ ਮਿੰਟ ਹੋਰ ਵਿਚਾਰ ਪਰਗਟ ਕਰਦੇ ਰਹਿਣ ਤੋਂ ਬਾਅਦ ਸੰਗਤਾਂ ਨੂੰ ਫਤਹਿ ਬੁਲਾ ਕੇ ਆਪਣੀ ਥਾਂ ਤੋਂ ਉੱਠੇ ਤਾਂ ਉਹ ਆਪਣੇ ਪਾਸ ਹੀ ਬੜੇ ਸ਼ਰਧਾ ਭਾਵ ਨਾਲ ਆਪਣੇ ਸਨਮੁਖ ਖਲੋਤੇ ਹੋਏ ਸਿੰਘ ਦੇ ਮੋਢੇ ਉੱਪਰ ਹੱਥ ਰੱਖ ਕੇ ਉਸਨੂੰ ਮਾੜਾ ਜਿਹਾ ਹਲੂਣਦੇ ਹੋਏ ਉੱਥੇ ਖਲੋਤੇ ਹੋਏ ਸਿੰਘਾਂ ਨੂੰ ਇਹ ਗੱਲ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਹਿ ਰਹੇ ਸਨ,

'ਸਿੰਘੋ, ਇਸ ਪੰਜ ਭੂਤਕ ਸਰੀਰ ਦਾ ਕੋਈ ਭਰੋਸਾ ਨਹੀਂ ਹੁੰਦਾ। ਇਸ ਲਈ ਇਹ ਗੁਰੂਘਰ ਤੇ ਗੁਰੂ ਪੰਥ ਦੇ ਰਾਹ ਤੇ ਚਲਦਿਆਂ ਚਲਦਿਆਂ ਲੇਖੇ ਲੱਗ ਜਾਏ ਤਾਂ ਹੀ ਸਫਲ ਹੁੰਦਾ। ਸਿੰਘੋ, ਸੋਨਾ ਕੁਠਾਲੀ 'ਚ ਪੈਕੇ ਤੇ ਅੱਗ ਉੱਤੇ ਚੜ੍ਹਕੇ ਹੀ ਕੁੰਦਨ ਬਣਦਾ ਐਵੇਂ ਪਟਾਰੀ 'ਚ ਸਾਂਭ ਸਾਂਭ ਰੱਖਿਆ ਆਪੇ ਹੀ ਕੁੰਦਨ ਨਹੀਂ ਬਣ ਜਾਂਦਾ।'

# 6.

ਸੰਤ ਜਰਨੈਲ ਸਿਘ ਭਿੰਡਰਾਂਵਾਲੇ ਅਜੇ ਸੰਗਤਾਂ 'ਚੋਂ ਉੱਠ ਕੇ ਪ੍ਰਸ਼ਾਦਾ ਛਕਣ ਲਈ ਕਮਰੇ ਵਿਚ ਆਕੇ ਬੈਠੇ ਹੀ ਸਨ ਕਿ ਸੀ. ਆਰ. ਪੀ. ਆਦਿ ਨੀਮ ਫੌਜੀ ਫੋਰਸਜ਼ ਵਲੋਂ ਦਰਬਾਰ ਸਾਹਿਬ ਉੱਪਰ ਫਾਇਰਿੰਗ ਸ਼ੁਰੂ ਹੋ ਗਈ।

ਸੰਤ ਫਾਇਰਾਂ ਦੀ ਆਵਾਜ਼ ਸੁਣਕੇ ਉਸ ਵੇਲੇ ਉਸ ਕੈਬਨ ਨੁਮਾ ਜਿਹੇ ਕਮਰੇ 'ਚੋਂ ਉੱਠ ਕੇ ਬਾਹਰ ਆ ਗਏ ਅਤੇ ਪਤਾ ਕੀਤਾ ਕਿ ਗੋਲੀ ਕੌਣ ਚਲਾ ਰਿਹਾ ਹੈ?

ਜਦ ਉਹਨਾਂ ਨੂੰ ਦੱਸਿਆ ਗਿਆ ਕਿ ਗੋਲੀ ਆਰਮੀ ਵਲੋਂ ਚਲਾਈ ਜਾ ਰਹੀ ਹੈ ਤਾਂ ਆਪ ਨੇ ਉਸੇ ਸਮੇਂ ਜਥੇ ਦੇ ਸਿੰਘਾਂ ਨੂੰ ਆਪਣੇ ਆਪਣੇ ਮੋਰਚਿਆਂ ਵਿਚ ਚਲੇ ਜਾਣ ਦਾ ਆਦੇਸ਼ ਦਿੱਤਾ ਅਤੇ ਇਸਦੇ ਨਾਲ ਹੀ ਉਹਨਾਂ ਨੂੰ ਇਸ ਗੱਲ ਦੀ ਸਖਤ ਹਦਾਇਤ ਕਰ ਦਿੱਤੀ ਗਈ ਕਿ ਜਵਾਬ ਵਿਚ ਗੋਲੀ ਸਿਰਫ ਉਦੋਂ ਚਲਾਉਣੀ ਹੈ ਜਦੋਂ ਸੀ. ਆਰ. ਪੀ. ਵਾਲੇ ਦਰਬਾਰ ਸਾਹਿਬ ਵੱਲ ਅੱਗੇ ਵਧਣ ਦੀ ਕੋਸ਼ਿਸ਼ ਕਰਦੇ ਹੋਏ ਦਿਸਣ।

ਸੰਤ ਉੱਥੇ ਬੈਠੀ ਖਲੋਤੀ ਹੋਈ ਸੰਗਤ ਨੂੰ ਮਹਿਫੂਜ਼ ਥਾਵਾਂ ਤੇ ਟਿਕ ਜਾਣ ਲਈ ਕਹਿ ਕੇ ਅਤੇ ਲੰਗਰ ਤੇ ਰਹਿੰਦੇ ਸਿੰਘਾਂ ਨੂੰ ਕੁਝ ਜ਼ਰੂਰੀ ਹਦਾਇਤਾਂ ਦੇਣ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਵੱਲ ਜਾਣ ਦੇ ਵਿਚਾਰ ਨਾਲ ਲੰਗਰ ਦੀ ਦੂਸਰੀ ਮੰਜ਼ਲ ਉੱਪਰੋਂ ਥੱਲੇ ਆ ਗਏ।

ਜਦੋਂ ਸੰਤ ਉਪਰਲੀ ਮੰਜ਼ਲ ਤੋਂ ਥੱਲੇ ਦੀ ਮੰਜ਼ਲ 'ਤੇ ਆਏ ਤਾਂ ਉਸ ਸਮੇਂ ਕੁਝ ਸੰਗਤਾਂ ਅਤੇ ਜਥੇ ਤੇ ਫੈਡਰੇਸ਼ਨ ਦੇ ਸਿੰਘ ਉਹਨਾਂ ਦੇ ਨਾਲ ਸਨ।

ਸੰਗਤਾਂ ਨੇ ਜਦੋਂ ਸੰਤਾਂ ਨੂੰ ਉਸ ਤਾਬੜ ਤੋੜ ਰੂਪ ਵਿਚ ਵਰ੍ਹਦੀ ਹੋਈ ਗੋਲੀ ਦੇ ਮਹੌਲ ਵਿਚ ਦਰਬਾਰ ਸਾਹਿਬ ਵੱਲ ਨੂੰ ਰੁੱਖ ਕਰਦਿਆਂ ਵੇਖਿਆ ਤਾਂ ਉਹਨਾਂ ਨੇ ਸੰਤਾਂ ਨੂੰ ਕੁਝ ਸਮੇਂ ਲਈ ਉੱਥੇ ਹੀ ਟਿਕੇ ਰਹਿਣ ਲਈ ਕਿਹਾ, ਜਿਸ ਕਰਕੇ ਸੰਤ ਸੰਗਤਾਂ ਵਲੋਂ ਜ਼ੋਰ ਦੇਣ ਅਤੇ ਭਾਈ ਅਮਰੀਕ ਸਿਘ ਵਲੋਂ ਬੇਨਤੀ ਕਰਨ ਉੱਪਰ ਲੰਗਰ ਦੀ ਇਸ ਦੂਸਰੀ ਮੰਜ਼ਲ ਦੇ ਹਾਲ ਕਮਰੇ ਵਿਚ ਫੈਡਰੇਸ਼ਨ ਦੇ ਜਵਾਨਾਂ ਵਲੋਂ ਲਗਾਏ ਗਏ ਗੁਰਮਤ ਕੈਂਪ ਦੌਰਾਨ ਬਣਾਏ ਹੋਏ ਕਮਰਾ ਨੁਮਾ ਜਿਹੇ ਕੈਬਿਨਾਂ 'ਚੋਂ ਹੀ ਇਕ ਕੈਬਨ ਵਿਚ ਬੈਠ ਗਏ।

ਪਰ ਸੰਤ ਕੁਝ ਮਿੰਟ ਉੱਥੇ ਬੈਠੇ ਰਹਿਣ ਤੋਂ ਝੱਟ ਹੀ ਪਿਛੋਂ ਇਹ ਕਹਿੰਦੇ ਹੋਏ ਉੱਥੋਂ ਉੱਠ ਖਲੋਤੇ 'ਸਾਡਾ ਇਥੇ ਬੈਠੇ ਰਹਿਣ ਨਾਲੋਂ ਸ੍ਰੀ ਅਕਾਲ ਤਖਤ ਸਾਹਿਬ ਜਾਣਾ ਜ਼ਰੂਰੀ ਹੈ, ਸਿਘ ਉਡੀਕ ਵਿਚ ਹੋਣਗੇ। ਉਹਨਾਂ ਨੂੰ ਅਜੇ ਸਾਮਾਨ ਵੀ ਵੰਡਣਾ ਤੇ ਮੋਰਚਿਆਂ 'ਚ ਵੀ ਭੇਜਣਾ ਹੋਰ ਵੀ ਕਈ ਵਿਚਾਰਾਂ ਕਰਨ ਵਾਲੀਆਂ'



ਜਦ ਸੰਤ ਲੰਗਰ ਦੀ ਇਮਾਰਤ ਤੋਂ ਬਾਹਰ ਨਿਕਲ ਉੱਥੋਂ ਕੁਝ ਕਦਮਾਂ ਦੇ ਫਾਸਲੇ ਉੱਪਰ ਪੈਂਦੀ ਪੂਰਬੀ ਦਰਸ਼ਨੀ ਡਿਉੜੀ 'ਚੋਂ ਦੀ ਹੁੰਦੇ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਦਾਖਲ ਹੋ ਰਹੇ ਸਨ ਤਾਂ ਉਸ ਸਮੇਂ ਜਥੇ ਤੇ ਫੈਡਰੇਸ਼ਨ ਦੇ ਕੋਈ ਪੈਂਤੀ ਚਾਲੀ ਦੇ ਲਗਪਗ ਸਿਘ ਉਹਨਾਂ ਦੇ ਨਾਲ ਸਨ।

ਜਿਸ ਸਮੇਂ ਸੰਤ ਪਰਕਰਮਾ ਦੇ ਨਾਲ ਨਾਲ ਬਣੇ ਬਰਾਮਦਿਆਂ 'ਚੋਂ ਦੀ ਹੁੰਦੇ ਹੋਏ ਸਿੰਘਾਂ ਤੋਂ ਅੱਗੇ ਅੱਗੇ ਹੱਥ ਵਿਚ ਤੀਰ ਫੜੀ ਅਕਾਲ ਤਖਤ ਸਾਹਿਬ ਵਲ ਨੂੰ ਰੁਖ ਕਰੀ ਤੁਰੇ ਜਾ ਰਹੇ ਸਨ ਤਾਂ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦਾ ਭਵਨ ਅਤੇ ਪਰਕਰਮਾ ਤੇ ਕੰਪਲੈਕਸ ਦੇ ਚੌਫੇਰੇ ਦੀਆਂ ਇਮਾਰਤਾਂ ਗੜਿਆਂ ਵਾਂਗ ਵਰ੍ਹ ਰਹੀਆਂ ਗੋਲੀਆਂ ਦਾ ਨਿਸ਼ਾਨਾ ਬਣ ਰਹੀਆਂ ਸਨ ਪਰ ਸੰਤ ਇਸਦੇ ਬਾਵਜੂਦ ਅਡੋਲ ਚਿੱਤ ਰੂਪ ਵਿਚ ਆਪਣੀ ਕੁਦਰਤੀ ਚਾਲੇ ਅਤੇ ਖੁੱਲ੍ਹੇ ਖੁੱਲ੍ਹੇ ਕਦਮ ਪੁੱਟਦੇ ਹੋਏ ਕੋਈ ਪੰਜਾਂ ਸੱਤਾਂ ਮਿੰਟਾਂ ਦੇ ਵਿਚ ਵਿਚ ਹੀ ਸ੍ਰੀ ਅਕਾਲ ਤਖਤ ਸਾਹਿਬ ਪਹੁੰਚ ਗਏ।

ਸੈਂਟਰਲ ਰੀਜ਼ਰਵ ਪੁਲੀਸ ਅਤੇ ਹੋਰ ਨੀਮ ਸਰਕਾਰੀ ਫੋਰਸਿਜ਼ ਵਲੋਂ ਦਰਬਾਰ ਸਾਹਿਬ ਕੰਪਲੈਕਸ ਉੱਪਰ ਸਭ ਪਾਸਿਆਂ ਤੋਂ ਮਹੱਤਵ ਪੂਰਨ ਇਮਾਰਤਾਂ ਟਿਕਾਣਿਆਂ ਉੱਪਰ ਕੀਤੀ ਜਾ ਰਹੀ ਤਾਬੜਤੋੜ ਫਾਇਰਿੰਗ ਦੀ ਪੈੱਛਤ ਤੋਂ ਇਹ ਗੱਲ ਸਾਫ ਤੌਰ ਤੇ ਪਰਗਟ ਹੋ ਰਹੀ ਸੀ ਕਿ ਇਨ੍ਹਾਂ ਫੋਰਸਿਜ਼ ਦੇ ਐਕਸ਼ਨ ਪਿਛੇ ਭਾਰਤ ਸਰਕਾਰ ਦੇ ਆਦੇਸ਼ ਕੰਮ ਕਰ ਰਹੇ ਹਨ।

ਇਨ੍ਹਾਂ ਫੋਰਸਿਜ਼ ਵਲੋਂ ਸਮੁੱਚੇ ਕੰਪਲੈਕਸ ਦੇ ਦੁਆਲੇ ਬਾਕਾਇਦਾ ਫੌਜੀ ਮਨਸੂਬਾ ਬੰਦੀ ਤੇ ਹਿਕਮਤ ਅਮਲੀ ਦੇ ਤਹਿਤ ਘੇਰਾ ਬੰਦੀ ਤੇ ਮੋਰਚਾ ਬੰਦੀ ਕੀਤੀ ਹੋਈ ਸੀ। ਖਾਸ ਤੌਰ 'ਤੇ ਸੀ. ਆਰ. ਪੀ. ਵਲੋਂ ਤਾਂ ਦਰਬਾਰ ਸਾਹਿਬ ਕੰਪਲੈਕਸ ਦੇ ਘੇਰੇ ਘੇਰੇ ਕੋਈ ਇਕ ਫਰਲਾਂਗ ਦੀ ਦੂਰੀ ਤੋਂ ਲੈ ਕੇ ਤਿੰਨ ਫਰਲਾਂਗ ਦੀ ਦੂਰੀ ਤੱਕ ਭਾਰੀ ਗਿਣਤੀ ਵਿਚ ਮੋਰਚੇ ਬਣਾ ਰਖੇ ਸਨ। ਇਨ੍ਹਾਂ ਮੋਰਚਿਆਂ 'ਚੋਂ ਕਈ ਡੇਢ ਦਰਜਨ ਦੇ ਲਗ ਪਗ ਮੋਰਚੇ ਤਾਂ ਐਸੇ ਸਨ ਜੋ ਬਹੁਤ ਹੀ ਉੱਚੀਆਂ ਉੱਚੀਆਂ ਇਮਾਰਤਾਂ ਉੱਪਰ ਕਾਇਮ ਕੀਤੇ ਹੋਏ ਸਨ।

ਇਸ ਪਰਕਾਰ ਦੀ ਮੋਰਚਾਬੰਦੀ ਤੋਂ ਇਲਾਵਾ ਸੈਂਟਰਲ ਰੀਜ਼ਰਵ ਪੁਲੀਸ ਨੇ ਸਮੁੱਚੇ ਕੰਪਲੈਕਸ ਦੇ ਆਲੇ ਦੁਆਲੇ ਸਥਿਤ ਬਹੁਤ ਸਾਰੀਆਂ ਖੁੱਲ੍ਹੀਆਂ ਖੁੱਲ੍ਹੀਆਂ ਵਲਗਣਾਂ ਵਾਲੀਆਂ ਥਾਵਾਂ ਅਤੇ ਇਮਾਰਤਾਂ ਨੂੰ ਵੀ ਨੀਮ ਫੌਜੀ ਅੱਡਿਆਂ ਟਿਕਾਣਿਆਂ ਦਾ ਰੂਪ ਦੇ ਰੱਖਿਆ ਸੀ। ਇਨ੍ਹਾਂ ਸਭ ਥਾਵਾਂ ਉੱਪਰ ਜਿਥੇ ਭਾਰੀ ਮਾਤਰਾ ਵਿਚ ਬਾਰੂਦ ਜਮਾਂ ਕੀਤਾ ਹੋਇਆ ਸੀ ਉਥੇ ਜੀਪਾਂ ਗੱਡੀਆਂ ਅਤੇ ਵਾਇਰਲੈਸ ਸਿਸਟਮ ਆਦਿ ਤਾਣੇ ਪੇਟੇ ਦਾ ਵੀ ਖਾਸ ਪ੍ਰਬੰਧ ਕਰ ਰੱਖਿਆ ਸੀ

ਸੀ. ਆਰ. ਪੀ. ਵਲੋਂ ਦਰਬਾਰ ਸਾਹਿਬ ਕੰਪਲੈਕਸ ਦੇ ਉੱਤਰ ਵਾਲੇ ਪਾਸੇ ਕਾਇਮ ਕੀਤੇ ਹੋਏ ਮੋਰਚੇ, ਦਰਬਾਰ ਸਾਹਿਬ ਪਰਕਰਮਾ ਦੀ ਉੱਤਰੀ ਦਰਸ਼ਨੀ ਡਿਉਢੀ, ਇਸਦੇ ਆਸ ਪਾਸ ਦੀਆਂ ਇਮਾਰਤਾਂ, ਸ੍ਰੀ ਹਰਿਮੰਦਰ ਸਾਹਿਬ ਦੇ ਸੁਨਹਿਰੀ ਭਵਨ, ਸ੍ਰੀ ਅਕਾਲ ਤਖਤ ਸਾਹਿਬ ਦੇ ਉਪਰਲੇ ਭਾਗ ਅਤੇ ਪਰਕਰਮਾ ਦੀ ਦੱਖਣੀ ਬਾਹੀ ਦੇ ਨਾਲ ਨਾਲ ਲਗਦੀਆਂ ਸਭ ਉੱਚੀਆਂ ਨੀਵੀਆਂ ਇਮਾਰਤਾਂ ਉੱਪਰ ਸਿਧੀ ਮਾਰ ਕਰਦੇ ਸਨ।

ਇਨ੍ਹਾਂ ਮੋਰਚਿਆਂ 'ਚੋਂ ਕੁਝ ਇਕ ਮੋਰਚੇ ਤਾਂ ਦਰਬਾਰ ਸਾਹਿਬ ਦੇ ਪੂਰਬੀ ਭਾਗ ਉੱਪਰ ਵੀ ਕਿਸੇ ਥਾਂ ਸਿਧੀ ਤੇ ਕਿਸੇ ਥਾਂ ਤਿਰਸ਼ਵੀਂ ਮਾਰ ਕਰ ਰਹੇ ਸਨ, ਜਿਸ ਕਰਕੇ ਦਰਬਾਰ ਸਾਹਿਬ ਪਰਕਰਮਾ ਦੀ ਪੂਰਬੀ ਦਰਸ਼ਨੀ ਡਿਉਢੀ ਦੇ ਨਜ਼ਦੀਕ ਪੈਂਦੇ ਬੁਰਜ ਜੱਸਾ ਸਿੰਘ ਆਹਲੂਵਾਲੀਆ, ਗੁਰੂਰਾਮ ਦਾਸ ਲੰਗਰ, ਅਕਾਲ ਰੈਸਟ ਹਾਊਸ, ਗੁਰੂ ਰਾਮ ਦਾਸ ਸਰਾਂ, ਸਮੁੰਦਰੀ ਹਾਲ, ਗੁਰੂ ਨਾਨਕ ਨਿਵਾਸ, ਬਾਬਾ

ਅਟੱਲ ਸਾਹਿਬ ਅਤੇ ਮੰਜੀ ਸਾਹਿਬ ਦੀਵਾਨ ਹਾਲ ਆਦਿ ਅਸਥਾਨ ਇਨ੍ਹਾਂ ਮੋਰਚਿਆਂ ਦੀ ਸਿਧੀ ਜਾਂ ਅਸਿਧੀ ਮਾਰ ਹੇਠ ਆ ਰਹੇ ਸਨ।

ਦਰਬਾਰ ਸਾਹਿਬ ਕੰਪਲੈਕਸ ਦੇ ਪੂਰਬ ਅਤੇ ਪੂਰਬ ਦਖਣ ਦੀ ਦਿਸ਼ਾ ਵੱਲ ਵੀ ਸੀ. ਆਰ. ਪੀ. ਦੇ ਜੋ ਮੋਰਚੇ ਸਨ ਉਹ ਚੌਕ ਪਰਾਗਦਾਸ, ਸ਼ਹਿਜ਼ਾਦਾ ਨੰਦ ਕਾਲਜ ਅਤੇ ਚੌਕ ਬਾਬਾ ਸਾਹਿਬ ਤੱਕ ਫੈਲੇ ਹੋਏ ਸਨ। ਚੌਕ ਪਰਾਗਦਾਸ ਤੋਂ ਸ਼ਹਿਜ਼ਾਦਾ ਨੰਦ ਕਾਲਜ ਵਲ ਦੇ ਮੋਰਚੇ ਗੁਰੂ ਰਾਮਦਾਸ ਸਰਾਂ ਨਾਲ ਲਗਦੀ ਪਾਣੀ ਦੀ ਵੱਡੀ ਟੈਂਕੀ (ਜਿਸ ਉੱਪਰ ਹੁਣ ਪਿਛਲੇ ਕੁਝ ਹਫਤਿਆਂ ਤੋਂ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਜਵਾਨਾਂ ਨੇ ਆਪਣਾ ਜ਼ਬਰਦਸਤ ਮੋਰਚਾ ਲਾ ਰੱਖਿਆ ਸੀ) ਸਰਾਂ ਦੀਆਂ ਉੱਪਰਲੀਆਂ ਮੰਜ਼ਲਾਂ ਅਤੇ ਸਮੁੰਦਰੀ ਹਾਲ ਤੇ ਗੁਰੂ ਨਾਨਕ ਨਿਵਾਸ ਆਦਿ ਦੀਆਂ ਉੱਪਰਲੀਆਂ ਮੰਜ਼ਲਾਂ ਉੱਪਰ ਵਾਰ ਕਰਦੇ ਸਨ ਜਦੋਂ ਕਿ ਚੌਕ ਬਾਬਾ ਸਾਹਿਬ ਵੱਲ ਦੇ ਮੋਰਚੇ ਗੁਰੂ ਨਾਨਕ ਨਿਵਾਸ ਦੇ ਦਖਣੀ ਭਾਗ, ਮੰਜੀ ਸਾਹਿਬ ਨਾਲ ਤੇ ਉਸਦੇ ਸਾਹਮਣੇ ਪੈਂਦੇ ਖੁਲ੍ਹੇ ਡੁੱਲੇ ਮੈਦਾਨ ਤੇ ਉਥੋਂ ਸਮੁੱਚੇ ਵਾਤਾਵਰਣ ਲਈ ਭਾਰੀ ਖਤਰਾ ਬਣੇ ਹੋਏ ਸਨ।

ਇਸੇ ਤਰ੍ਹਾਂ ਸੀ. ਆਰ. ਪੀ. ਨੇ ਜੋ ਕੰਪਲੈਕਸ ਤੋਂ ਦੱਖਣ ਪੱਛਮ ਵਾਲੇ ਪਾਸੇ ਮੋਰਚੇ ਕਾਇਮ ਕਰ ਰੱਖੇ ਸਨ ਉਹ ਦੱਖਣੀ ਦਰਸ਼ਨੀ ਡਿਉੜੀ ਵਾਲੇ ਪਾਸਿਉਂ ਜ਼ਰਾ ਦੂਰੀ ਉੱਪਰ ਹੁੰਦੇ ਹੋਏ ਵੀ ਕੰਪਲੈਕਸ ਦੇ ਕੁਝ ਇਕ ਮਹੱਤਵਪੂਰਨ ਟਿਕਾਣਿਆਂ ਉੱਪਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸੁਨਹਿਰੀ ਗੁੰਬਦ ਨੂੰ ਸਿਧੀ ਟਿਕਾਵੀਂ ਮਾਰ ਕਰਦੇ ਸਨ

ਇਸ ਪਾਸੇ ਵਲ ਵੀ ਸੈਂਟਰਲ ਰੀਜ਼ਰਵ ਪੁਲੀਸ ਅਤੇ ਬਾਰਡਰ ਸਕਿਉਰਿਟੀ ਫੋਰਸਿਜ਼ ਨੇ ਵੱਖ ਵੱਖ ਚੌਂਕਾਂ, ਇਮਾਰਤਾਂ ਅਤੇ ਖੁਲ੍ਹੀਆਂ ਕਸ਼ਾਦਾ ਵਲਗਣਾਂ ਤੇ ਥਾਵਾਂ ਉੱਪਰ ਆਪਣੇ ਅੱਡੇ ਟਿਕਾਣੇ ਪੱਕੀ ਤਰ੍ਹਾਂ ਕਾਇਮ ਕਰ ਰੱਖੇ ਸਨ ਅਤੇ ਅਫਸਰਾਂ ਅਧਿਕਾਰੀਆਂ ਵਲੋਂ ਗਸ਼ਤ ਤੇ ਚੈਕਿੰਗ ਦਾ ਦੌਰ ਬਰਾਬਰ ਜਾਰੀ ਰਹਿੰਦਾ ਸੀ।

ਪਰ ਦਰਬਾਰ ਸਾਹਿਬ ਦੇ ਪੱਛਮ ਵਾਲੇ ਪਾਸੇ ਸੀ. ਆਰ. ਪੀ. ਆਦਿ ਪੈਰਾ ਮਿਲਟਰੀ ਫੋਰਸਿਜ਼ ਦਾ ਕੋਈ ਵੀ ਮੋਰਚਾ ਨਜ਼ਦੀਕ ਨਹੀਂ ਸੀ ਪੈਂਦਾ ਕਿਉਂਕਿ ਇਸ ਪਾਸੇ ਵੱਲ ਸਥਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਅਤੇ ਸੱਜੇ ਖੱਬੇ ਲਗਦੇ ਸਭ ਗਲੀ ਬਜ਼ਾਰ ਬਹੁਤ ਹੀ ਤੰਗ ਤੇ ਨਾਲ ਨਾਲ ਪੈਂਦੇ ਨੇ ਜਿਸ ਕਰਕੇ ਇਨ੍ਹਾਂ ਰਸਤਿਆਂ 'ਚੋਂ ਜਿਥੇ ਜੀਪਾਂ ਗੱਡੀਆਂ ਦਾ ਗੁਜ਼ਰਨਾ ਨਾਮੁਮਕਿਨ ਸੀ ਉਥੇ ਇਸ ਪਾਸੇ ਨੂੰ ਸੀ. ਆਰ. ਪੀ. ਵਾਲੇ ਆਪਣੇ ਲਈ ਸੁਰਖਿਅਤ ਵੀ ਨਹੀਂ ਸਨ ਸਮਝਦੇ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਸ ਪਾਸ ਦੀਆਂ ਉੱਚੀਆਂ ਤੇ ਮੋਰਚਾ ਬੰਦੀ ਦੇ ਪੱਖੋਂ ਮਹਤਵ ਪੂਰਨ ਇਮਾਰਤਾਂ ਉੱਪਰ ਜਥੇ ਦੇ ਸਿੰਘਾਂ ਦਾ ਕਬਜ਼ਾ ਸੀ, ਪਰ ਇਸਦੇ ਬਾਵਜੂਦ ਇਸ ਇਲਾਕੇ ਦੇ ਗਲੀ ਮੁਹੱਲਿਆਂ ਤੇ ਬਜ਼ਾਰਾਂ ਵਿਚੋਂ ਸੀ. ਆਰ. ਪੀ. ਅਤੇ ਬਾਰਡਰ ਸਕਿਉਰਿਟੀ ਫੋਰਸ ਦੇ ਹਥਿਆਰਬੰਦ ਦਸਤਿਆਂ ਦੀ ਪੈਦਲ ਗਸ਼ਤ ਨਿਰੰਤਰ ਰੂਪ ਵਿਚ ਅੱਠੋ ਪਹਿਰ ਜਾਰੀ ਰਹਿੰਦੀ ਸੀ। ਇਸਤੋਂ ਇਲਾਵਾ ਇਸ ਪਾਸੇ ਦੇ ਗਲੀਆਂ ਬਾਜ਼ਾਰਾਂ ਦੇ ਮੋੜਾਂ ਅਤੇ ਚੌਂਕਾਂ ਵਿਚ ਹਥਿਆਰ ਬੰਦ ਗਾਰਦਾਂ ਦੀ ਬੜੀ ਸਖਤ ਨਾਕਾਬੰਦੀ ਸੀ।

ਸ੍ਰੀ ਦਰਬਾਰ ਸਾਹਿਬ ਭਵਨ ਦੇ ਐਨ ਸਾਹਮਣੇ ਦੀ ਦਿਸ਼ਾ ਵਲ ਸਥਿਤ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਹ ਅਸਥਾਨ ਲਗਪਗ ਪਿਛਲੇ 6 ਮਹੀਨਿਆਂ ਤੋਂ ਇਕ ਵਾਰ ਫਿਰ ਖਾਲਸਾ ਪੰਥ ਦੀਆਂ ਧਾਰਮਕ ਤੇ ਰਾਜਸੀ ਸਰਗਰਮੀਆਂ ਦਾ ਨਿਰੰਤਰ ਰੂਪ ਵਿਚ ਭਖਵਾਂ ਕੇਂਦਰ ਬਣਿਆ ਹੋਇਆ ਸੀ ਕਿਉਂਕਿ ਜਿਸ ਦਿਨ ਤੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੇ ਜਥੇ ਸਮੇਤ ਗੁਰੂ ਨਾਨਕ



ਨਿਵਾਸ ਨੂੰ ਹਾਲਾਤ ਵਸ ਛੱਡਣ ਤੋਂ ਬਾਅਦ (15 ਦਸੰਬਰ 1983 ਤੋਂ ਬਾਅਦ) ਇਸ ਮਹਾਨ ਅਸਥਾਨ ਤੇ ਆਏ ਸਨ ਉਸ ਦਿਨ ਤੋਂ ਪਿਛੋਂ ਕੁਝ ਵਿਸ਼ੇਸ਼ ਕਾਰਨਾਂ ਤੇ ਪ੍ਰਸਥਿਤੀਆਂ ਦੇ ਕਾਰਨ ਇਹ ਮਹਾਨ ਅਸਥਾਨ ਦੁਨੀਆਂ ਭਰ ਦੇ ਜਰਨਲਿਸਟਾਂ, ਸਿਆਸੀ ਜਥੇਬੰਦੀਆਂ, ਰਾਜਸੀ ਆਗੂਆਂ, ਜਾਗ੍ਰਿਤ ਸਰੂਪ ਲੋਕਾਂ ਅਤੇ ਦੁਨੀਆ ਭਰ ਦੇ ਦੇਸ਼ਾਂ ਤੇ ਰਾਜਾਂ ਦੀਆਂ ਨਜ਼ਰਾਂ ਵਿਚ ਇਕ ਵਿਸ਼ੇਸ਼ ਰਾਜਸੀ ਨੁਕਤੇ ਪੱਖੋਂ ਧਿਆਨ ਦਾ ਮਰਕਜ਼ ਬਣਿਆਂ ਹੋਇਆ ਸੀ; ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਮਣੀ ਅਕਾਲੀ ਦਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ, ਨੈਸ਼ਨਲ ਕੌਂਸਲ ਆਫ ਖਾਲਿਸਤਾਨ, ਬੱਬਰ ਖਾਲਸਾ, ਦਲ ਖਾਲਸਾ ਅਤੇ ਕੁਝ ਇਕ ਹੋਰ ਜੁਝਾਰੂ ਤੇ ਖਾਲਿਸਤਾਨ ਦੀਆਂ ਹਾਮੀ ਜਥੇਬੰਦੀਆਂ ਵਲੋਂ ਆਪਣੀ ਆਪਣੀ ਥਾਂ ਉੱਪਰ ਵੱਖ ਵੱਖ ਪਲੇਟ ਫਾਰਮ ਤੋਂ ਭਾਰਤ ਸਰਕਾਰ ਤੇ ਉਸਦੇ ਹਿੰਦੂ ਸਾਮਰਾਜ ਵਿਰੁਧ ਲੜੀ ਜਾ ਰਹੀ ਲੜਾਈ ਦੇ ਕਾਰਨ ਸਿਖ ਕੌਮ ਦਾ ਪ੍ਰਭੂਤਵ ਬੜੇ ਉੱਘੜਵੇਂ ਤੇ ਨਿਖਰੇ ਰੂਪ ਵਿਚ ਦੁਨੀਆਂ ਦੇ ਸਾਹਮਣੇ ਉਜਾਗਰ ਹੋ ਚੁਕਾ ਸੀ। ਇਸੇ ਕਰਕੇ ਸੰਸਾਰ ਪੱਧਰ ਉੱਪਰ ਇਹ ਗੱਲ ਸਮਝੀ ਜਾਣ ਲੱਗ ਪਈ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਧਾਰਮਕ ਤੇ ਰਾਜਸੀ ਨਜ਼ਰੀਏ ਤੋਂ ਮਹੱਤਵ ਪੱਖੋਂ ਐਸੇ ਸਰਬ ਉੱਚ ਅਸਥਾਨ ਹਨ ਕਿ ਜਿਨਾਂ ਦੀ ਪਵਿਤਰਤਾ ਤੇ ਮਹਾਨਤਾ ਨੂੰ ਕਾਇਮ ਰਖਣ ਵਾਸਤੇ ਸਿਖ ਕੱਟ ਸਕਦੇ ਹਨ, ਮਰ ਸਕਦੇ ਹਨ, ਧਨ ਪਦਾਰਥ ਤੇ ਜ਼ਮੀਨ ਜਾਇਦਾਦ ਸਭ ਕੁਝ ਲੁਟਾ ਸਕਦੇ ਹਨ ਅਤੇ ਆਪਣਾ ਸਰਬੰਸ ਤੇ ਸਰਬਤਵ ਤੱਕ ਕੁਰਬਾਨ ਕਰ ਸਕਦੇ ਹਨ, ਪਰ ਉਨ੍ਹਾਂ ਅਸਥਾਨਾਂ ਉੱਪਰ ਦੁਨੀਆਂ ਦੀ ਕਿਸੇ ਵੱਡੀ ਤੋਂ ਵੱਡੀ ਤਾਕਤ ਦੇ ਹਮਲੇ ਅਤੇ ਉਸਦੀ ਦੋਖੀ ਤੇ ਮੰਦ ਭਾਵੀ ਨਜ਼ਰ ਨੂੰ ਕਿਸੇ ਵੀ ਹਾਲਤ ਵਿਚ ਸਹਿਣ ਨਹੀਂ ਕਰ ਸਕਦੇ ਅਤੇ ਨਾ ਹੀ ਕਿਸੇ ਐਸੇ ਦੁਸ਼ਮਨ ਨੂੰ ਮੁਆਫ਼ ਹੀ ਕਰ ਸਕਦੇ ਹਨ।

ਦਰਅਸਲ ਹਿੰਦ ਸਰਕਾਰ ਵੀ ਸਿੱਖਾਂ ਦੀਆਂ ਇਨ੍ਹਾਂ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਨਾਲ ਸਮਝਨ ਤੇ ਜਾਨਣ ਦੇ ਕਾਰਨ ਹੀ ਆਪਣੀਆਂ ਨੀਮ ਫੌਜੀ ਫੋਰਸਿਜ਼ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਐਨ ਸਿਰ ਉੱਪਰ ਮੋਰਚੇ ਬਨਾਉਣ ਦਾ ਹੁਕਮ ਦੇ ਕੇ ਕੋਈ ਕੱਚੀ ਖੇਡ, ਨਹੀਂ ਸੀ ਖੇਡਨਾ ਚਾਹੁੰਦੀ ਜਿਸ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਐਨ ਪੱਛਮ ਵਿਚ ਪੈਂਦੇ ਗਲੀ ਮੁਹਲੇ ਨੀਮ ਫੌਜੀ ਫੋਰਸਿਜ਼ ਦੀ ਮੋਰਚਾਬੰਦੀ ਤੋਂ ਅਜੇ ਤਾਈਂ ਬਚੇ ਹੋਏ ਸਨ।

ਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਪਛਮ ਉੱਤਰ ਵਾਲੇ ਪਾਸੇ ਸੀ. ਆਰ. ਪੀ. ਨੇ ਬਾਜ਼ਾਰ ਮਾਈ ਸੇਵਾਂ ਤੋਂ ਲੈਕੇ ਪਰਤਾਪ ਬਾਜ਼ਾਰ, ਕਪੜਾ ਮਾਰਕੀਟ ਅਤੇ ਕਟੜਾ ਆਹਲੂਵਾਲੀਆ ਆਦਿ ਚੌਂਕਾਂ, ਗਲੀ ਮੁਹੱਲਿਆਂ ਤੇ ਬਾਜ਼ਾਰਾਂ ਦੇ ਆਲੇ ਦੁਆਲੇ ਦੂਰ ਦੂਰ ਤੱਕ ਜ਼ਬਰਦਸਤ ਢੰਗ ਨਾਲ ਮੋਰਚੇ ਕਾਇਮ ਕਰ ਰੱਖੇ ਸਨ।

ਭਾਰਤ ਸਰਕਾਰ ਦੇ ਫੈਸਲੇ ਤੇ ਆਦੇਸ਼ ਦੇ ਤਹਿਤ ਸੈਂਟਰਲ ਰੀਜ਼ਰਵ ਪੁਲੀਸ ਅਤੇ ਬਾਰਡਰ ਸਕਿਉਰਿਟੀ ਫੋਰਸ ਵਲੋਂ ਇਸ ਪਰਕਾਰ ਦੀ ਨਾਕਾਬੰਦੀ, ਘੇਰਾਬੰਦੀ ਤੇ ਮੋਰਚਾਬੰਦੀ ਤਾਂ ਪਿਛਲੇ ਕਾਫੀ ਸਮੇਂ ਤੋਂ ਕੀਤੀ ਹੋਈ ਸੀ, ਪਰ ਪਿਛਲੇ ਕੁਝ ਦਿਨਾ ਤੋਂ ਇਨ੍ਹਾਂ ਪੈਰਾ-ਮਿਲਟਰੀ ਫੋਰਸਿਜ਼ ਵਲੋਂ ਜੋ ਬੜੀ ਕਾਹਲ 'ਚ ਜੰਗੀ ਪੱਧਰ ਉੱਪਰ ਹੋਰ ਨਵੇਂ ਮੋਰਚੇ ਤੇ ਨਾਕੇ ਕਾਇਮ ਕੀਤੇ ਜਾ ਰਹੇ ਸਨ, ਇਨ੍ਹਾਂ ਸਾਰੀਆਂ ਸਰਗਰਮੀਆਂ ਤੋਂ ਇਸਤਰਾਂ ਭਾਸ ਰਿਹਾ ਸੀ ਕਿ ਜਿਵੇਂ ਭਾਰਤ ਸਰਕਾਰ ਨੇ ਸਿਖ ਕੌਮ ਦੀ ਆਵਾਜ਼ ਨੂੰ ਕੁਚਲਣ ਲਈ ਕੋਈ ਸਖਤ ਫੈਸਲਾ ਲੈ ਲਿਆ ਹੁੰਦਾ ਹੈ।

ਜਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸੀ. ਆਰ. ਪੀ. ਵਲੋਂ ਦਰਬਾਰ ਸਾਹਿਬ ਕੰਪਲੈਕਸ ਉੱਪਰ

ਮੀਂਹ ਵਾਂਗ ਵਰਾਈਆਂ ਜਾ ਰਹੀਆਂ ਗੋਲੀਆਂ ਦੀ ਵਰਖਾ ਵਿਚ ਹੀ ਸ੍ਰੀ ਅਕਾਲ ਤਖਤ ਸਾਹਿਬ ਪਹੁੰਚੇ ਤਾਂ ਉਹਨਾਂ ਨੇ ਜਾਂਦਿਆਂ ਹੀ ਉਥੇ ਮੌਜੂਦ ਸਿਘਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਆਪਣੇ ਹਥਿਆਰ ਲੈਕੇ ਆਪਣੇ ਆਪਣੇ ਮੋਰਚਿਆਂ ਵਿਚ ਚਲੇ ਜਾਣ।

ਸੰਤਾਂ ਨੇ ਸਿਘਾਂ ਨੂੰ ਇਹ ਗੱਲ ਵੀ ਜ਼ੋਰ ਦੇ ਕੇ ਕਹੀ ਕਿ ਜਿਸ ਕਿਸੇ ਪਾਸ ਕੋਈ ਸਾਮਾਨ ਘੱਟ ਹੈ ਉਹ ਭਾਈ ਗੁਰਮੁਖ ਸਿਘ ਤੇ ਭਾਈ ਰਾਮ ਸਿਘ ਪਾਸੋਂ ਲੈ ਲੈਣ। 'ਜਾਣ ਤੋਂ ਪਹਿਲਾਂ ਇਕ ਗੱਲ ਮੇਰੀ ਜ਼ਰਾ ਫਿਰ ਧਿਆਨ ਨਾਲ ਸੁਣ ਲਓ ਕਿ ਗੋਲੀ ਉਸ ਵਕਤ ਤੱਕ ਨਹੀਂ ਚਲਾਉਣੀ ਜਦੋਂ ਤੱਕ ਦੁਸ਼ਟਾਂ ਦੀ ਸੈਨਾ ਅੱਗੇ ਵੱਧਦੀ ਹੋਈ ਨਾ ਦਿਸੇ, ਪਰ ਜੇ ਉਹ ਅਗੇ ਵਧਣ ਦੀ ਕੋਸ਼ਿਸ਼ ਕਰੇ ਤਾਂ ਫਿਰ ਦੁਸ਼ਟਾਂ ਦੀ ਇਸ ਬਾਂਦਰ ਸੈਨਾ ਦੇ ਸੱਥਰ ਲਾਹ ਦੇਣੇ ਨੇ, ਤਦੋਂ ਫਿਰ ਕਿਸੇ ਦੀ ਆਗਿਆ ਨਹੀਂ ਉਡੀਕਣੀ। ਜਿਸ ਸਿਘ ਪਾਸ ਹਥਿਆਰ ਨਹੀਂ ਉਹ ਹਥਿਆਰ ਜ਼ਰੂਰ ਲੈ ਲਵੇ।

ਇਹ ਕਹਿ ਕੇ ਸੰਤ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਲ ਲਗਦੇ ਆਪਣੇ ਕਮਰੇ ਵਿਚ ਚਲੇ ਗਏ।

ਜਿਸ ਸਮੇਂ ਸੰਤ ਕਮਰੇ ਵਿਚ ਦਾਖਲ ਹੋਏ ਤਾਂ ਉਸ ਸਮੇਂ ਆਪਦੇ ਨਾਲ ਭਾਈ ਅਮਰੀਕ ਸਿਘ, ਜਨਰਲ ਸੁਬੇਗ ਸਿਘ, ਸ੍ਰ ਰਛਪਾਲ ਸਿਘ, ਸ: ਸੁਜਾਨ ਸਿਘ ਮਨਾਵਾਂ (ਜ਼ਿਲਾ ਅੰਮ੍ਰਿਤਸਰ) ਅਤੇ ਜਥੇ ਤੇ ਫੈਡਰੇਸ਼ਨ ਦੇ ਕੁਝ ਹੋਰ ਸਿਘ ਵੀ ਸਨ।

ਜਦ ਸੰਤ ਆਪਣੇ ਆਸਨ 'ਤੇ ਬੈਠ ਗਏ ਤਾਂ ਉਹਨਾਂ ਨੇ ਕਮਰੇ ਤੋਂ ਬਾਹਰ ਖਲੋਤੇ ਹੋਏ ਫੈਡਰੇਸ਼ਨ ਦੇ ਜਵਾਨਾਂ ਵੱਲ ਵੇਖਕੇ ਉਹਨਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ, 'ਸਿਘੋ ਹੁਣ ਪਰਖ ਦਾ ਸਮਾਂ ਬਿਲਕੁਲ ਸਾਹਮਣੇ ਆ ਗਿਆ, ਆਪਾਂ ਸਾਰਿਆਂ ਨੇ ਦਸਮ ਪਿਤਾ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿਘ ਜੀ ਮਹਾਰਾਜ ਦੀਆਂ ਵਧ ਤੋਂ ਵਧ ਖੁਸ਼ੀਆਂ ਨਾਲ ਝੋਲੀਆਂ ਭਰਨੀਆਂ ਇਸ ਲਈ ਗੁਰੂ ਘਰ ਦੀ ਪਵਿਤਰਤਾ ਅਤੇ ਖਾਲਸਾ ਪੰਥ ਦੀ ਆਨ ਸ਼ਾਨ ਤੇ ਚੜ੍ਹਦੀ ਕਲਾ ਨਾਲੋਂ ਜਾਨਾਂ ਨੂੰ ਪਿਆਰਿਆਂ ਨਹੀਂ ਸਮਝਣਾ। ਦੁਸ਼ਟਾਂ ਨੂੰ ਪਰਕਰਮਾ ਵੱਲ ਅੱਗੇ ਨਹੀਂ ਵਧਣ ਦੇਣਾ। ਆਹ ਜੋ ਅਸੀਂ ਮੰਦਿਆਂ ਤਾਂ ਉਤਾਂਹ ਆਪਣੇ ਸਰੀਰ ਉਪਰ ਸੀਸ ਟਿਕਾਈ ਫਿਰਦੇ ਹਾਂ, ਇਹ ਸੀਸ ਸਭ ਪਾਸ ਗੁਰੂ ਘਰ ਤੇ ਗੁਰੂ ਪੰਥ ਦੀ ਅਮਾਨਤ ਨੇ। ਅੰਤ ਇਹਨਾਂ ਨੂੰ ਆਪਾਂ ਗੁਰੂ ਘਰ ਦੀ ਰਾਖੀ ਤੇ ਖਾਲਸਾ ਪੰਥ ਦੀ ਆਜ਼ਾਦੀ ਦੇ ਲੇਖੇ ਲਾਉਣਾ। ਇਸ ਕਰਕੇ ਸਦਾ ਚੜ੍ਹਦੀ ਕਲਾ 'ਚ ਰਹਿਣਾ ਤੇ ਜੋ ਅੱਜ ਟੋਪੀ ਵਾਲਿਆਂ ਨੇ ਪੰਥ ਦੇ ਸਿਰ ਭਾਜੀ ਚਾੜ੍ਹੀ ਆ ਉਹ ਹੁਣ ਮੋੜਨੀ ਆ। ਫੈਡਰੇਸ਼ਨ ਵਾਲਿਓ, ਤੁਹਾਡੇ ਨੌਜਵਾਨਾਂ ਤੇ ਮੈਂ ਬੜੀਆਂ ਆਸਾਂ ਉਮੀਦਾਂ ਲਾਈਆਂ ਹੋਈਆਂ। ਤੁਸੀਂ ਹੁਣ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿਘ ਜੀ ਮਹਾਰਾਜ ਵਲੋਂ ਥਾਪੀ ਹੋਈ ਟਕਸਾਲ ਨਾਲ ਜੁੜੇ ਹੋ। ਸ਼ਹੀਦ ਬਾਬਾ ਦੀਪ ਸਿਘ ਜੀ ਦੇ ਪਾਏ ਪੂਰਨਿਆਂ 'ਤੇ ਚੱਲਣਾ, ਵਾਹਿਗੁਰੂ ਬਲ ਬਖਸ਼ੇਗਾ ਤੇ ਫਤਹਿ ਬਖਸ਼ੇਗਾ।



# 7.

ਆਏ ਦਿਨ ਦੀਆਂ ਛੋਟੀਆਂ ਮੋਟੀਆਂ ਘਟਨਾਵਾਂ ਦੇ ਕਾਰਨ ਦਰਬਾਰ ਸਾਹਿਬ ਕੰਪਲੈਕਸ ਅੰਦਰ ਸੀਮਾ ਫੋਰਸਿਜ਼ ਦੇ ਦਾਖਲੇ ਦੀਆਂ ਸਭਾਵਨਾਵਾਂ ਬਾਰੇ ਤਾਂ ਅਕਸਰ ਗੱਲਾਂ ਉਡਦੀਆਂ ਰਹਿੰਦੀਆਂ ਸਨ ਪਰ ਇਸ ਗੱਲ ਦਾ ਗੁਮਾਨ ਕਿਸੇ ਨੂੰ ਵੀ ਨਹੀਂ ਸੀ ਕਿ ਇਨ੍ਹਾਂ ਫੋਰਸਿਜ਼ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਭਵਨ ਉਪਰ ਤੇ ਕੰਪਲੈਕਸ ਦੇ ਸਮੁੱਚੇ ਆਲੇ ਦੁਆਲੇ ਵਿਚ ਇਸਤਰ੍ਹਾਂ ਤਾਬੜ ਤੋੜ ਫਾਇਰਿੰਗ ਖੋਹਲ ਦਿੱਤੀ ਜਾਵੇਗੀ।

ਅੱਜ ਸਵੇਰੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਉੱਤਰ ਵਾਲੇ ਪਾਸੇ ਨਾਲ ਨਾਲ ਲਗਦੀ ਦਰਬਾਰ ਸਾਹਿਬ ਦੀ ਥਾਂ ਵਿਚ ਬ੍ਰਹਮ ਬੂਟਾ ਅਖਾੜੇ ਦੇ ਬਾਜ਼ਾਰ ਵਲੋਂ ਪੈਂਦੇ ਲਾਂਘੇ ਨੂੰ ਬੰਦ ਕਰਨ ਲਈ ਦੀਵਾਰ ਕਰਨਾ ਚਾਹੁੰਦੇ ਸਨ ਜਿਸ ਕਰਕੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਰਾਜ ਮਿਸਤਰੀ ਤੇ ਮਜ਼ਦੂਰ ਲਗਾ ਰੱਖੇ ਸਨ ਪਰ ਬ੍ਰਹਮ ਬੂਟਾ ਬਾਜ਼ਾਰ ਵਿਚ ਨਿਯੁਕਤ ਸੀ. ਆਰ. ਪੀ. ਦੀ ਗਾਰਦ ਆਪਣੇ ਉੱਚੇ ਅਧਿਕਾਰੀਆਂ ਦੇ ਹੁਕਮ ਅਨੁਸਾਰ ਇਸ ਲਾਂਘੇ ਰਾਹੀਂ ਦਰਬਾਰ ਸਾਹਿਬ ਪਰਕਰਮਾ ਦੀ ਉਤਰੀ ਦਰਸ਼ਨੀ ਡਿਓੜੀ ਅਰਥਾਤ ਚੌਕ ਘੰਟਾ ਘਰ ਤੱਕ ਸਰਕਾਰੀ ਫੋਰਸਿਜ਼ ਦੇ ਅਮਲ ਦਖਲ ਤੇ ਗਸ਼ਤ ਨੂੰ ਜਾਰੀ ਰਖਣ ਦੇ ਮਨੋਰਥ ਨਾਲ ਉਹਨਾਂ ਨੂੰ ਦੀਵਾਰ ਦੀ ਉਸਾਰੀ ਕਰਨ ਤੋਂ ਜ਼ਬਰਦਸਤੀ ਰੋਕਣ ਦੀ ਕੋਸ਼ਿਸ਼ ਕਰ ਰਹੀ ਸੀ।

ਜਦ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਉਸ ਲਾਂਘੇ ਨੂੰ ਬੰਦ ਕਰਨ ਦੇ ਮੰਤਵ ਮਨੋਰਥ ਨਾਲ ਰਾਜ ਮਿਸਤਰੀਆਂ ਤੇ ਮਜ਼ਦੂਰਾਂ ਨੂੰ ਉਸਾਰੀ ਦਾ ਕੰਮ ਜਾਰੀ ਰੱਖਣ ਲਈ ਕਿਹਾ ਤਾਂ ਸੀ. ਆਰ. ਪੀ ਦੇ ਸਿਪਾਹੀਆਂ ਨੇ ਆਪਣੇ ਅਫ਼ਸਰ ਦੇ ਹੁਕਮ ਨਾਲ ਉਹਨਾਂ ਵਲ ਆਪਣੀਆਂ ਰਾਈਫਲਾਂ ਸੇਧ ਦਿੱਤੀਆਂ ਤੇ ਫਿਰ ਕੰਪਲੈਕਸ ਦੇ ਉਪਰੋਂ ਦੀ ਫਾਇਰਿੰਗ ਸ਼ੁਰੂ ਕਰ ਦਿੱਤੀ।

ਅਸਲ ਵਿਚ ਇਹ ਫਾਇਰਿੰਗ ਕੰਪਲੈਕਸ ਦੇ ਚਾਰ ਚੁਫੇਰੇ ਮੋਰਚਾਬੰਦੀ ਕਰੀ ਬੈਠੀ ਪੈਰਾ ਮਿਲਟਰੀ ਫੋਰਸਿਜ਼ ਦੇ ਅਧਿਕਾਰੀਆਂ ਲਈ ਇਕ ਗਿਣੀ ਮਿਥੀ ਹੋਈ ਸਰਕਾਰੀ ਸਾਜ਼ਸ਼ ਦੇ ਤਹਿਤ ਦਰਬਾਰ ਸਾਹਿਬ ਕੰਪਲੈਕਸ 'ਤੇ ਫਾਇਰਿੰਗ ਖੋਹਲ ਦੇਣ ਦਾ ਇਕ ਖੁੱਲਾ ਸਿਗਨਲ ਸੀ।

ਦਰਬਾਰ ਸਾਹਿਬ ਕੰਪਲੈਕਸ ਉਪਰ ਚੌਹ ਪਾਸਿਆਂ ਤੋਂ ਹੀ ਅਚਨਚੇਤ ਫਾਇਰਿੰਗ ਸ਼ੁਰੂ ਹੋ ਜਾਣ ਦੇ ਕਾਰਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਇਸ਼ਨਾਨ ਵਾਸਤੇ ਆਈਆਂ ਹੋਈਆਂ ਸੰਗਤਾਂ ਵਿਚ ਭੱਜ ਦੌੜ ਜਿਹੀ ਮੱਚ ਗਈ ਸੀ ਅਤੇ ਬੱਚਿਆਂ ਤੇ ਬੀਬੀਆਂ ਲਈ ਗੋਲੀਆਂ ਦੀ ਇਹ ਵਰਖਾ ਭਾਰੀ ਘਬਰਾਹਟ ਦਾ ਕਾਰਨ ਬਣੀ ਹੋਈ ਸੀ।

ਫਾਇਰਿੰਗ ਦੇ ਤੇਜ਼ ਹੋ ਜਾਣ ਦੇ ਕਾਰਨ ਸੰਗਤਾਂ ਲਈ ਕੰਪਲੈਕਸ ਤੋਂ ਬਾਹਰ ਜਾਣਾ ਤਾਂ ਕੀ ਬਾਜ਼ਾਰ ਵਿਚ ਕਦਮ ਰਖਣਾ ਵੀ ਮੁਸ਼ਕਲ ਹੋ ਗਿਆ ਸੀ ਜਿਸ ਕਰਕੇ ਉਹ ਜਿਥੇ ਜਿਥੇ ਵੀ ਸਨ ਉਥੇ

ਉੱਥੇ ਹੀ ਲਾਗੇ ਬਣੇ ਕਮਰਿਆਂ ਬਰਾਂਡਿਆਂ ਤੇ ਬੇਹੜੀਆਂ ਬਹੁਤ ਮਹਿਫੂਜ਼ ਥਾਵਾਂ 'ਤੇ ਇਧਰ ਉਧਰ ਹੋ ਕੇ ਬਹਿ ਖਲੋ ਗਈਆਂ ਸਨ।

ਫਾਇਰੰਗ ਇਸ ਹੱਦ ਤੱਕ ਤੇਜ਼ ਸੀ ਕਿ ਉਸ ਹਾਲਤ ਵਿਚ ਸਿੰਘਾਂ ਲਈ ਵੀ ਆਪੋ ਆਪਣੇ ਮੋਰਚਿਆਂ ਤੱਕ ਜਾਣਾ ਇਕ ਮਸਲਾ ਬਣਿਆ ਹੋਇਆ ਸੀ ਪਰ ਇਸ ਸਭ ਕੁਝ ਦੇ ਬਾਵਜੂਦ ਕੰਪਲੈਕਸ ਅੰਦਰ ਸਿੰਘਾਂ ਦੀਆਂ ਸਰਗਰਮੀਆਂ ਜਾਰੀ ਸਨ ਅਤੇ ਉਹ ਖੱਬੇ ਸੱਜੇ ਉੱਚੀਆਂ ਨੀਵੀਂਆਂ ਤੇ ਉਹਲੇ ਵਾਲੀਆਂ ਥਾਵਾਂ ਦੀ ਆੜ ਲੈਂਦੇ ਹੋਏ ਆਪੋ ਆਪਣੇ ਮੋਰਚਿਆਂ ਵੱਲ ਆਉਂਦੇ ਜਾਂਦੇ ਤੇ ਉਹਨਾਂ ਨੂੰ ਠੀਕ ਠਾਕ ਕਰਦੇ ਹੋਏ ਨਜ਼ਰੀ ਪੈ ਰਹੇ ਸਨ।

ਸਿੰਘਾਂ ਦੇ ਜੋਸ਼ ਜਜ਼ਬੇ ਤੇ ਉਹਨਾਂ ਦੀਆਂ ਸਰਗਰਮੀਆਂ ਅਤੇ ਉਹਨਾਂ ਵੱਲੋਂ ਕੰਪਲੈਕਸ ਅੰਦਰ ਥਾਂ ਪਰ ਥਾਂ ਕਾਇਮ ਕੀਤੀ ਹੋਈ ਮੋਰਚਾਬੰਦੀ ਤੋਂ ਇਸਤਰਾਂ ਸਪਸ਼ਟ ਹੋ ਰਿਹਾ ਸੀ ਕਿ ਜਿਵੇਂ ਉਹਨਾਂ ਨੇ ਮਨੋ ਤਨੋ ਇਸ ਗੱਲ ਦਾ ਇਰਾਦਾ ਤੇ ਫੈਸਲਾ ਕਰ ਰੱਖਿਆ ਸੀ ਕਿ ਉਹ ਆਪਣੇ ਜੀਉਂਦਿਆਂ ਜੀਅ ਭਾਰਤ ਸਰਕਾਰ ਦੀਆਂ ਅਰਧ ਫੌਜੀ ਫੋਰਸਿਜ਼ ਜਾਂ ਉਸਦੀ ਫੌਜ ਨੂੰ ਕਿਸੇ ਹਾਲਤ ਵਿਚ ਵੀ ਦਰਬਾਰ ਸਾਹਿਬ ਕੰਪਲੈਕਸ ਦੀ ਪਵਿੱਤਰ ਜ਼ਮੀਨ ਉੱਪਰ ਮੰਦੀ ਨਜ਼ਰ ਤੇ ਨਾਪਾਕ ਕਦਮ ਨਹੀਂ ਜਮਾਉਣ ਦੇਣਗੇ।

ਜਥੇ ਦੇ ਸਿੰਘਾਂ ਨੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਪਰਕਰਮਾ ਦੀ ਪੂਰਬੀ ਦਰਸ਼ਨੀ ਡਿਓੜੀ ਤੋਂ ਕੁਝ ਫਾਸਲੇ ਉੱਪਰ ਉੱਤਰ ਵੱਲ ਦੀ ਦਿਸ਼ਾ ਨੂੰ ਕਰਕੇ ਪੈਂਦੇ ਬੁਰਜ ਜੱਸਾ ਸਿੰਘ ਆਹਲੂਵਾਲੀਆ ਅਤੇ ਗੁਰੂ ਰਾਮ ਦਾਸ ਲੰਗਰ ਤੇ ਨਾਲ ਲਗਦੀਆਂ ਪਰਕਰਮਾ ਵੱਲ ਦੀਆਂ ਇਮਾਰਤਾਂ ਉੱਤੇ ਬੜੇ ਮਜ਼ਬੂਤ ਮੋਰਚੇ ਕਾਇਮ ਕੀਤੇ ਹੋਏ ਸਨ। ਇਹ ਸਭ ਮੋਰਚੇ ਭਿੰਡਰਾਂਵਾਲੇ ਸਿੰਘਾਂ ਦੇ ਹੀ ਮੋਰਚੇ ਸਨ।

ਜਥੇ ਦੇ ਸਿੰਘਾਂ ਨੇ ਇਹ ਸਭ ਮੋਰਚੇ ਐਸੀ ਸੈਨਿਕ ਤਕਨੀਕ ਤੇ ਹਿਕਮਤ ਅਮਲੀ ਨਾਲ ਬਣਾਏ ਹੋਏ ਸਨ ਕਿ ਇਹ ਕੰਪਲੈਕਸ ਤੋਂ ਉੱਤਰ ਤੇ ਉੱਤਰ ਪੂਰਬੀ ਦਿਸ਼ਾ ਵਿਚ ਸੀ. ਆਰ. ਪੀ. ਵੱਲੋਂ ਕਾਇਮ ਕੀਤੇ ਹੋਏ ਮੋਰਚਿਆਂ ਨੂੰ ਸਿੱਧਾ ਨਿਸ਼ਾਨਾ ਬਨਾਉਣ ਅਤੇ ਇਨ੍ਹਾਂ ਦਿਸ਼ਾਵਾਂ ਵੱਲੋਂ ਕੰਪਲੈਕਸ ਉੱਪਰ ਹਮਲਾ ਬੋਲਣ ਵਾਲੇ ਪੈਦਲ ਦਸਤਿਆਂ ਨੂੰ ਰੋਕਣ ਦੀ ਪੂਰੀ ਸਮਰਥਾ ਤੇ ਪੁਜ਼ੀਸ਼ਨ ਵਿਚ ਸਨ।

ਇਸ ਤਰਾਂ ਅਕਾਲ ਰੈਸਟ ਹਾਊਸ ਅਤੇ ਪਾਣੀ ਵਾਲੀ ਵੱਡੀ ਟੈਂਕੀ ਉੱਪਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਵਾਨਾਂ ਦੇ ਮੋਰਚੇ ਸਨ। ਵੱਡੀ ਟੈਂਕੀ ਵਾਲਾ ਮੋਰਚਾ ਬੱਬਰ ਖਾਲਸਾ ਵੱਲੋਂ ਖਾਲੀ ਕਰ ਦਿੱਤੇ ਜਾਣ ਤੋਂ ਬਾਅਦ ਫੈਡਰੇਸ਼ਨ ਦੇ ਜਵਾਨਾਂ ਨੇ ਸਾਂਭ ਲਿਆ ਸੀ। ਇਹ ਮੋਰਚੇ ਸੀ. ਆਰ. ਪੀ. ਦੇ ਕੰਪਲੈਕਸ ਤੋਂ ਉੱਤਰ ਪੂਰਬ ਤੇ ਪੂਰਬ ਵਾਲੇ ਪਾਸੇ ਬਣੇ ਹੋਏ ਮੋਰਚਿਆਂ ਉੱਪਰ ਜਵਾਬੀ ਵਾਰ ਕਰਨ ਦੀ ਪੂਰੀ ਪੂਰੀ ਪੁਜ਼ੀਸ਼ਨ ਵਿਚ ਸਨ। ਇਸ ਤੋਂ ਇਲਾਵਾ ਇਹ ਮੋਰਚੇ ਨੀਮ ਫੌਜੀ ਫੋਰਸਿਜ਼ ਨੂੰ ਕੰਪਲੈਕਸ ਦੇ ਪੂਰਬੀ ਭਾਗ ਵਿਚ ਦਾਖਲ ਹੋਣ ਤੋਂ ਰੋਕਣ ਤੇ ਠੱਲ੍ਹ ਪਾਉਣ ਦੀ ਵੀ ਪੁਜ਼ੀਸ਼ਨ ਵਿਚ ਸਨ।

ਇਨ੍ਹਾਂ ਮੋਰਚਿਆਂ ਤੋਂ ਇਲਾਵਾ ਫੈਡਰੇਸ਼ਨ ਦੇ ਜਵਾਨਾਂ ਨੇ ਅਕਾਲ ਰੈਸਟ ਹਾਊਸ ਦੇ ਨਾਲ ਪੈਂਦੇ ਬਾਜ਼ਾਰ ਤੋਂ ਦੂਸਰੇ ਪਾਸੇ ਸਥਿਤ ਸਿੰਧੀ ਹੋਟਲ ਅਤੇ ਇਸਦੇ ਨਾਲ ਪੈਂਦੀਆਂ ਦੋ ਹੋਰ ਇਮਾਰਤਾਂ ਉੱਪਰ ਵੀ ਤਕੜੀ ਮੋਰਚਾਬੰਦੀ ਕੀਤੀ ਹੋਈ ਸੀ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਸਭ ਸਿੰਘਾਂ ਅਤੇ ਫੈਡਰੇਸ਼ਨ ਦੇ ਜਵਾਨਾਂ ਨੂੰ ਪਹਿਲਾਂ ਤੋਂ ਹੀ ਇਸ ਗੱਲ ਦੀਆਂ ਹਦਾਇਤਾਂ ਸਨ ਕਿ ਜਿਥੇ ਆਪੋ ਆਪਣੇ ਮੋਰਚਿਆਂ ਵਿਚ ਚੌਕਸੀ ਰੱਖਣੀ



ਹੈ ਕਿ ਤਿਆਰ ਬਰ ਤਿਆਰ ਰਹਿਣਾ ਹੈ। ਉੱਥੇ ਇਸ ਗੱਲ ਦੀ ਵੀ ਸਖਤ ਤਾੜਨਾ ਸੀ ਕਿ ਮੁਕਾਬਲੇ ਵਿਚ ਸਿੱਧੀ ਤਾਬੜ ਤੋੜ ਗੋਲੀ ਉਦੋਂ ਚਲਾਉਣੀ ਤੇ ਵਰ੍ਹਾਉਣੀ ਸ਼ੁਰੂ ਕਰਨੀ ਹੈ ਜਦੋਂ ਭਾਰਤ ਸਰਕਾਰ ਦੀ ਬਾਂਦਰ ਸੈਨਾ ਦੇ ਦਸਤੇ ਕੰਪਲੈਕਸ ਉੱਪਰ ਹਮਲਾ ਬੋਲਣ ਅਤੇ ਉਸਦੇ ਅੰਦਰ ਦਾਖਲ ਹੋਣ ਦੀ ਕੋਸ਼ਸ਼ ਕਰਦੇ ਹੋਏ ਦਿਸਣ।

ਗੁਰੂ ਰਾਮਦਾਸ ਸਰਾਂ ਵਿਚ ਸੰਗਤਾਂ ਤੋਂ ਇਲਾਵਾ ਯੂਥ ਅਕਾਲੀ ਦਲ (ਲੌਂਗੋਵਾਲ ਅਕਾਲੀ ਦਲ ਦਾ ਜਵਾਨ ਜਹਾਨ ਵਿੰਗ) ਦੇ ਜਵਾਨ ਰਹਿੰਦੇ ਸਨ ਪਰ ਇਸ ਵਿੰਗ ਵਲੋਂ ਸਰਾਂ ਦੇ ਕਿਸੇ ਵੀ ਭਾਗ ਵਿਚ ਵੀ ਕੋਈ ਮੋਰਚਾ ਨਹੀਂ ਸੀ ਬਣਾਇਆ ਹੋਇਆ ਜਿਸ ਕਰਕੇ ਕੰਪਲੈਕਸ ਦੇ ਪੂਰਬੀ ਭਾਗ ਦਾ ਇਹ ਹਿੱਸਾ ਮੋਰਚਾਬੰਦੀ ਦੇ ਪੱਖੋਂ ਬਿਲਕੁਲ ਵਾਂਝਾ ਪਿਆ ਹੋਇਆ ਸੀ।

ਸਮੁੰਦਰੀ ਹਾਲ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਆਪਣੇ ਹਥਿਆਰਬੰਦ ਬਾਡੀਗਾਰਡਾਂ ਨਾਲ ਨਿਵਾਸ-ਪਜ਼ੀਰ ਸੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਗੁਰਚਰਨ ਸਿੰਘ ਟੌਹੜਾ ਦਾ ਰਹਾਇਸ਼ੀ ਫਲੈਟ ਵੀ ਸਮੁੰਦਰੀ ਹਾਲ ਤੋਂ ਕੁਝ ਕਦਮਾਂ ਦੇ ਫਾਸਲੇ ਉੱਪਰ ਸਰਾਂ ਵੱਲ ਨੂੰ ਨਾਲ ਹੀ ਸੀ ਪਰ ਇਸਦੇ ਬਾਵਜੂਦ ਸ਼੍ਰੋਮਣੀ ਕਮੇਟੀ ਦੇ ਸੈਕਟਰੀਏਟ (ਸਕੱਤਰੇਤ) ਸਮੁੰਦਰੀ ਹਾਲ ਦੇ ਬਾਹਰ ਜਾ ਇਸਦੇ ਅੰਦਰ ਤੇ ਉੱਪਰਲੀਆਂ ਮੰਜ਼ਲਾਂ ਛੱਤਾਂ ਉੱਪਰ ਕਿਧਰੇ ਵੀ ਕੋਈ ਮੋਰਚਾ ਨਹੀਂ ਸੀ।

ਹਾਂ, ਇਸ ਉੱਪਰ ਕੋਈ ਚਾਰ ਪੰਜ ਮਹੀਨੇ ਪਹਿਲਾਂ ਦੋ ਵੱਡੇ ਮੋਰਚੇ ਕਾਇਮ ਕੀਤੇ ਗਏ ਸਨ ਪਰ ਇਸ ਸਮੇਂ ਇਹ ਮੋਰਚੇ ਬਿਲਕੁਲ ਨਾਕਾਰਾ ਹਾਲਤ ਵਿਚ ਇਕੱਲ ਤੇ ਵੀਰਾਨਗੀ ਵਿਚ ਢੱਠੇ ਪਏ ਹੋਏ ਸਨ।

ਅਸਲ ਵਿਚ ਸਮੁੰਦਰੀ ਹਾਲ ਦੀ ਛੱਤ ਉੱਪਰਲੇ ਇਹ ਮੋਰਚੇ ਉਸ ਦਿਨ ਤੋਂ ਹੀ ਬੇਖਸਮੇ ਹੋ ਗਏ ਸਨ ਜਿਸ ਦਿਨ ਤੋਂ ਸ: ਗੁਰਚਰਨ ਸਿੰਘ ਟੌਹੜਾ ਦੇ ਹੁਕਮ ਨਾਲ ਗੁਰੂ ਨਾਨਕ ਨਿਵਾਸ, ਸਮੁੰਦਰੀ ਹਾਲ, ਮੰਜੀ ਸਾਹਿਬ ਦੀਵਾਨ ਹਾਲ ਅਤੇ ਗੁਰੂ ਰਾਮ ਦਾਸ ਲੰਗਰ ਤੇ ਦਰਬਾਰ ਸਾਹਿਬ ਪਰਕਰਮਾ ਦੀ ਪੂਰਬੀ ਦਰਸ਼ਨੀ ਡਿਉਢੀ ਦੇ ਵਿਚਕਾਰ ਪੈਂਦੇ ਖੁੱਲ੍ਹੇ ਤੇ ਵਿਸ਼ਾਲ ਮੈਦਾਨ 'ਚ ਜਥੇ ਤੇ ਫੈਡਰੇਸ਼ਨ ਦੇ ਸਿੰਘਾਂ ਵਲੋਂ ਬਣਾਏ ਹੋਏ ਅੰਡਰ ਗਰਾਊਂਡ ਮੋਰਚੇ ਉਠਵਾ ਦਿੱਤੇ ਗਏ ਸਨ। ਇਸ ਕਾਰਵਾਈ ਦੇ ਸਬੰਧ ਵਿਚ ਜਦ ਸਿੱਖ ਸੰਗਤਾਂ ਤੇ ਸਿੰਘਾਂ ਵੱਲੋਂ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਹ ਪੁਛਿਆ ਗਿਆ ਕਿ 'ਟੌਹੜਾ ਸਾਹਿਬ, ਜੇ ਤੁਸੀਂ ਏਦਾਂ ਹੀ ਸਿੰਘਾਂ ਦੇ ਮੋਰਚੇ ਉਠਵਾਉਂਦੇ ਰਹੇ ਤਾਂ ਫਿਰ ਤੁਸੀਂ ਦਰਬਾਰ ਸਾਹਿਬ ਕੰਪਲੈਕਸ ਦੇ ਇਸ ਹਿੱਸੇ ਨੂੰ ਚਮਕੌਰ ਦੀ ਗੜ੍ਹੀ ਕਿਵੇਂ ਬਣਾਉਗੇ?

ਟੌਹੜਾ ਸਾਹਿਬ ਦਾ ਅਗੋਂ ਬੜੇ ਜੋਸ਼ ਭਰਪੂਰ ਤੇ ਗੜਕਵੇਂ ਰੂਪ ਵਿਚ ਉੱਤਰ ਸੀ ਕਿ, 'ਮੈਂ ਤੁਹਾਨੂੰ ਇਸ ਗੱਲ ਦਾ ਵਿਸ਼ਵਾਸ ਦਵਾਉਂਦਾ ਹਾਂ ਕਿ ਜਿਸ ਦਿਨ ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾ ਹੋਵੇਗਾ ਉਸ ਦਿਨ ਕੰਪਲੈਕਸ ਦਾ ਚੱਪਾ ਚੱਪਾ ਚਮਕੌਰ ਦੀ ਗੜ੍ਹੀ ਬਣੇਗਾ, ਹਮਲੇ ਤੋਂ ਪਿਛੋਂ ਗੱਲ ਸਿਰਫ ਅਨੰਦ ਪੁਰ ਦੇ ਮੋਰਚੇ ਤੱਕ ਹੀ ਨਹੀਂ ਰੁਕੀ ਰਹੇਗੀ, ਦਿੱਲੀ ਦੀ ਦਿੱਲੀ ਹੀ ਭੁੰਨ ਦਿੱਤੀ ਜਾਵੇਗੀ ਅਤੇ ਉਸਦੀ ਸਰਹੰਦ ਦੀ ਤਰ੍ਹਾਂ ਇਟ ਨਾਲ ਇਟ ਖੜਕਾ ਕੇ ਰੱਖ ਦਿੱਤੀ ਜਾਵੇਗੀ।

ਇਸ ਤਰ੍ਹਾਂ ਹੀ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਡਿਕਟੇਟਰ ਧਰਮ ਯੁੱਧ ਮੋਰਚਾ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੰਗਤਾਂ ਦੇ ਸਨਮੁਖ ਬੜੇ ਜੋਸ਼ ਤੇ ਜਲਾਲ ਵਿਚ ਆਕੇ ਇਸ ਗੱਲ ਦਾ ਖੁਲ੍ਹੇ ਆਮ ਐਲਾਨ ਕੀਤਾ ਗਿਆ ਸੀ ਕਿ,

'ਅਸੀਂ ਹਿੰਦ ਸਰਕਾਰ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਉਸਦੀਆਂ ਨੀਮ ਫੌਜੀ ਫੋਰਸਿਜ਼ ਤੇ ਜਾਂ

ਉਸਦੀ ਫੌਜ ਨੇ ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾ ਕਰਨ ਦੀ ਹਮਾਕਤ ਕੀਤੀ ਤਾਂ ਉਹ ਫਿਰ ਸਾਡੀਆਂ ਲਾਸ਼ਾਂ ਦੇ ਉੱਤੋਂ ਦੀ ਲੰਘ ਕੇ ਹੀ ਅੱਗੇ ਵਧ ਸਕੇਗੀ। (ਜੈਕਾਰਾ)

'ਖਾਲਸਾ ਜੀ, ਭਰੋਸਾ ਰੱਖੋ ਅਸੀਂ ਆਪਣੇ ਜੀਉਂਦਿਆਂ ਜੀਅ ਪੁਲੀਸ ਜਾਂ ਫੌਜ ਨੂੰ ਦਰਬਾਰ ਸਾਹਿਬ ਵੱਲ ਅੱਗੇ ਨਹੀਂ ਵਧਣ ਦਿਆਂਗੇ। ਜੇ ਭਾਰਤ ਸਰਕਾਰ ਨੇ ਦਰਬਾਰ ਸਾਹਿਬ ਉੱਪਰ ਆਪਣੀ ਪੁਲੀਸ ਜਾਂ ਫੌਜ ਚੜ੍ਹਾਈ ਤਾਂ ਉਸ ਤੋਂ ਬਾਅਦ ਅਸੀਂ ਅਨੰਦ ਪੁਰ ਸਾਹਿਬ ਦੇ ਮਤੇ ਤੱਕ ਹੀ ਨਹੀਂ ਟਿਕਾਂਗੇ, ਸਗੋਂ ਇਸ ਤੋਂ ਅਗਾਂਹ ਦੀ ਕੋਈ ਗੱਲ ਕਰਾਂਗੇ।'

ਗੁਰੂ ਨਾਨਕ ਨਿਵਾਸ ਦੀ ਸਭ ਤੋਂ ਪਹਿਲੀ ਮੰਜ਼ਲ (ਜ਼ਮੀਨੀ ਮੰਜ਼ਲ) ਉੱਪਰ ਸ੍ਰੀ ਦਰਬਾਰ ਸਾਹਿਬ ਇੰਤਜ਼ਾਮੀਆਂ ਦਾ ਮੁੱਖ ਦਫਤਰ ਸੀ, ਜਿਥੇ ਦਰਬਾਰ ਸਾਹਿਬ ਦਾ ਮੈਨੇਜਰ ਤੇ ਉਸਦਾ ਅਮਲਾ ਫੈਲਾ ਆਪੋ ਆਪਣੇ ਸਬੰਧਤ ਦਫਤਰ ਦੇ ਕਮਰਿਆਂ ਵਿਚ ਬੈਠਦਾ ਸੀ, ਗੁਰੂ ਨਾਨਕ ਨਿਵਾਸ ਦੇ ਇਸ ਹਿੱਸੇ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀਆਂ ਵਿਸ਼ੇਸ਼ ਸਭਾਵਾਂ ਲਈ ਇਕ ਹਾਲ ਕਮਰਾ ਵੀ ਸੀ ਜੋ ਪਿਛਲੇ ਕੁਝ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਤੇ ਯੂਥ ਅਕਾਲੀ ਦਲ ਦੇ ਵਰਕਰਾਂ ਵਲੋਂ ਸਿਆਸੀ ਸਰਗਰਮੀਆਂ ਦੇ ਸਬੰਧ ਵਿਚ ਵਰਤੋਂ 'ਚ ਲਿਆਂਦਾ ਜਾ ਰਿਹਾ ਸੀ। ਸ੍ਰੀ ਦਰਬਾਰ ਸਾਹਿਬ ਦਾ ਆਪਣਾ ਬੈਂਕ ਅਤੇ ਸਮੁੱਚਾ ਵਿੱਤ ਵਿਭਾਗ ਵੀ ਇਸੇ ਹੀ ਮੰਜ਼ਲ ਅੰਦਰ ਲੱਖਾਂ ਕਰੋੜਾਂ ਰੁਪਿਆਂ ਦਾ ਹਿਸਾਬ ਕਤਾਬ ਰਖਦਾ ਸੀ।

ਇਸ ਦੀ ਮੰਜ਼ਲ ਦੇ ਮੇਨ ਗੇਟ (ਬਾਹਰਲੇ ਦਰਵਾਜ਼ੇ) ਦੇ ਨਾਲ ਪੈਂਦੀ ਬਾਰਾਂਦਰੀ (ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਬਾਰਾਂ ਦਰੀ) ਵਿਚ ਸ਼੍ਰੋਮਣੀ ਕਮੇਟੀ ਨੇ ਆਪਣਾ ਸਟੋਰ ਕਾਇਮ ਕੀਤਾ ਹੋਇਆ ਸੀ। ਜਿਸ ਅੰਦਰ ਲੱਖਾਂ ਰੁਪਿਆਂ ਦਾ, ਲੰਗਰ ਦਾ ਸਾਮਾਨ ਤੇ ਖਾਦ ਖੁਰਾਕ ਆਦਿ ਦਾ ਵਰਤ ਵਿਹਾਰ ਚਲਦਾ ਰਹਿੰਦਾ ਸੀ। ਇਨ੍ਹਾਂ ਸਾਰੀਆਂ ਗੱਲਾਂ ਦੇ ਨਾਲ ਨਾਲ ਗੁਰੂ ਨਾਨਕ ਨਿਵਾਸ ਦੀ ਇਸ ਮੰਜ਼ਲ ਦੇ ਖੁੱਲੇ ਦਾਲਾਨ ਵਿਚ ਧਰਮ ਪਰਚਾਰ ਵਿਭਾਗ ਦੀਆਂ ਬੱਸਾਂ ਲਈ ਇਕ ਸ਼ੈੱਡ ਤਾਮੀਰ ਕੀਤਾ ਹੋਇਆ ਸੀ।

ਗੁਰੂ ਨਾਨਕ ਨਿਵਾਸ ਦੀ ਇਸ ਮੰਜ਼ਲ ਦਾ ਕਈ ਪੱਖਾਂ ਤੋਂ ਕਾਫੀ ਮਹੱਤਵ ਸੀ। ਜਿਸ ਕਰਕੇ, ਸਮੁੰਦਰੀ ਹਾਲ ਅਤੇ ਬਾਬਾ ਅਟੱਲ ਸਾਹਿਬ ਤੇ ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਦੇ ਵਿਚਕਾਰ ਪੈਂਦੀ ਇਸ ਇਮਾਰਤ ਅੰਦਰ ਪੁਲੀਸ ਜਾਂ ਸੀ. ਆਰ. ਪੀ. ਆਦਿ ਦਾ ਦਾਖਲਾ ਸਮੁੱਚੀ ਸਿੱਖ ਕੌਮ ਲਈ ਸਿੱਧਾ ਚੈਲੰਜ ਬਣਦਾ ਸੀ। ਪਰ ਇਸਦੇ ਬਾਵਜੂਦ ਇਸ ਮਹੱਤਵ ਪੂਰਨ ਇਮਾਰਤ ਦੇ ਮੇਨ ਗੇਟ ਤੋਂ ਬਾਹਰ ਜਾਂ ਇਸਦੇ ਅੰਦਰ ਕਿਸੇ ਥਾਂ ਉੱਪਰ ਵੀ ਕੋਈ ਮੋਰਚਾ ਨਹੀਂ ਸੀ, ਇਥੋਂ ਤੱਕ ਕਿ ਇਸਦੇ ਗੇਟ ਉੱਪਰ ਕੋਈ ਹਥਿਆਰਬੰਦ ਪਹਿਰਾ ਵੀ ਨਹੀਂ ਸੀ ਤੇ ਸਿਰਫ ਸ਼੍ਰੋਮਣੀ ਕਮੇਟੀ ਦਾ ਇਕ ਡਾਂਗ ਵਾਲਾ ਬਿਰਧ ਅਵਸਥਾ ਨੂੰ ਪਹੁੰਚਿਆ ਹੋਇਆ ਸੇਵਾਦਾਰ ਹੀ ਖਲੋਤਾ ਸੀ।

ਗੁਰੂ ਨਾਨਕ ਨਿਵਾਸ ਦੀ ਦੂਸਰੀ ਮੰਜ਼ਲ ਉੱਪਰ ਅਕਾਲ ਫੈਡਰੇਸ਼ਨ, ਯੂਥ ਅਕਾਲੀ ਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਇਕ ਬੁਲਾਰੇ ਪ੍ਰੈਸ ਤੇ ਪ੍ਰਚਾਰ ਸਕੱਤਰ ਅਤੇ ਕੁਝ ਹੋਰ ਨਿੱਕੇ ਵੱਡੇ ਅਹੁਦੇਦਾਰਾਂ ਤੇ ਅਕਾਲੀ ਦਲ ਦੇ ਜਥੇਦਾਰਾਂ ਦੇ ਰਹਿਣ ਸਹਿਣ ਦਾ ਪ੍ਰਬੰਧ ਵੀ ਇਸੇ ਹੀ ਮੰਜ਼ਲ ਵਿਚ ਸੀ ਪਰ ਗੁਰੂ ਨਾਨਕ ਨਿਵਾਸ ਦੀ ਇਸ ਮੰਜ਼ਲ ਉੱਪਰ ਵੀ ਕੇਵਲ ਅਕਾਲ ਫੈਡਰੇਸ਼ਨ ਵਲੋਂ ਹੀ ਦੋ ਹਿਫਾਜ਼ਤੀ ਮੋਰਚੇ ਕਾਇਮ ਕੀਤੇ ਹੋਏ ਸਨ। ਇਹ ਹਿਫਾਜ਼ਤੀ ਮੋਰਚੇ ਭਾਵੇਂ ਸੀ. ਆਰ. ਪੀ. ਦੇ ਉੱਤਰ ਤੇ ਦੱਖਣ ਵਾਲੇ ਪਾਸਿਓਂ ਕੰਪਲੈਕਸ ਅੰਦਰ ਉਸਦੇ ਦਾਖਲੇ ਨੂੰ ਕੁਝ ਛਿਨ ਪਲਾਂ ਲਈ ਰੋਕਣ ਦਾ ਹੀ ਓਹੜ-ਪੋਹੜ ਕਰ ਸਕਦੇ ਸਨ ਕਿਉਂਕਿ ਇਹ ਮੋਰਚੇ ਨੀਮ ਫੌਜੀ ਦਸਤਿਆਂ ਦਾ ਟਾਕਰਾ ਬਹੁਤੇ ਸਮੇਂ ਲਈ ਇਸ ਕਰਕੇ ਨਹੀਂ ਸਨ ਕਰ ਸਕਦੇ ਕਿ ਅਕਾਲ ਫੈਡਰੇਸ਼ਨ ਦੀ ਇਸ ਛੋਟੀ ਜਿਹੀ ਜਥੇਬੰਦੀ ਨਾਲ ਜੁੜੇ ਹੋਏ ਕੁਝ ਇਕ ਜਵਾਨਾਂ ਕੋਲ ਹਥਿਆਰ ਸਿਰਫ ਨਾਮ ਮਾਤਰ ਹੀ ਸਨ ਅਤੇ ਇਹ ਹਥਿਆਰ ਵੀ ਸਿਰਫ ਦੋ ਚਾਰ ਦੇਸੀ ਮਾਰਕਾ ਪਾਸਤੌਲਾਂ ਰੀਵਾਲਵਰਾਂ, ਇਕ ਅੱਧ ਮਾਂਗਵੀਂ ਸਟੇਨ ਗੰਨ ਅਤੇ ਦੋ ਕੁ ਰਾਈਫਲਾਂ ਤੱਕ ਹੀ ਸੀਮਤ ਸਨ।

ਗੁਰੂ ਨਾਨਕ ਨਿਵਾਸ ਦੀ ਤੀਸਰੀ ਮੰਜ਼ਲ ਉੱਪਰ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਦਾ ਮੁੱਖ ਦਫਤਰ ਸੀ (ਕਮਰਾ ਨੰਬਰ 32)। ਇਸ ਦਫਤਰ ਦੇ ਅੰਦਰ ਜਾਂ ਬਾਹਰ ਵੀ ਕੋਈ ਛੋਟਾ ਜਾਂ ਵੱਡਾ ਮੋਰਚਾ ਨਹੀਂ ਸੀ। ਇਸ ਦਫਤਰ ਨਾਲ ਸਬੰਧਤ ਕਮਰਾ ਨੰਬਰ 28 ਤੇ 31 ਵਿਚ ਰਹਿ ਰਹੇ ਕੌਂਸਿਲ ਦੇ ਜਵਾਨਾਂ ਰੁਪਿੰਦਰ ਸਿੰਘ ਬੈਨੀ, ਪਰਮਿੰਦਰ ਸਿੰਘ ਚਾਵਾ, ਸੁਰਿੰਦਰ ਸਿੰਘ ਟਾਂਡਾ ਉੜਮੜ, ਸਰਬਜੀਤ ਸਿੰਘ ਭੁੱਲਰ, ਸੁਖਵਿੰਦਰ ਸਿੰਘ ਸੰਧੂ ਆਦਿ ਕੁਝ ਇਕ ਜਵਾਨਾਂ ਪਾਸ ਕੇਵਲ ਪਸਤੌਲ, ਰੀਵਾਲਵਰ, ਦੋ ਸਟੇਨ ਗੰਨਾਂ ਤੇ ਕੁਝ ਇਕ ਹੱਥ ਗੋਲੇ ਸਨ।

ਗੁਰੂ ਨਾਨਕ ਨਿਵਾਸ ਦੀ ਇਸ ਤੀਸਰੀ ਮੰਜ਼ਲ ਦੇ ਕਮਰਾ ਨੰਬਰ 29 30 ਤੇ 35 ਵਿਚ ਕੋਈ ਪਿਛਲੇ ਚੌਂਹ ਮਹੀਨਿਆਂ ਤੋਂ ਬੀਬੀ ਨਿਰਲੇਪ ਕੌਰ ਸਾਬਕਾ ਐਮ. ਪੀ. ਨੇ ਕੁਝ ਇਕ ਹਥਿਆਰ ਬੰਦ ਆਦਮੀ ਬਠਾਏ ਹੋਏ ਸਨ। ਇਸ ਹਥਿਆਰ ਬੰਦ ਗਰੁੱਪ ਦੇ ਮੁਖ ਰੂਪ ਵਿਚ ਦੋ ਜਥੇਦਾਰ ਸਨ। ਇਕ ਬਲਬੀਰ ਸਿੰਘ ਮੱਲੀਆਂ ਤੇ ਦੂਸਰਾ ਚਰਨ ਸਿੰਘ ਉਰਫ ਪ੍ਰਧਾਨ ਪੱਡੋਰੀ ਗੋਲਾ ਜ਼ਿਲਾ ਅੰਮ੍ਰਿਤਸਰ।

ਇਸ ਗਰੁੱਪ ਦਾ ਮੰਤਵ ਕੰਪਲੈਕਸ ਦੀ ਹਿਫਾਜ਼ਤ ਕਰਨ ਜਾਂ ਜੁਝਾਰੂ ਸਿੰਘ ਦਾ ਸਾਥ ਦੇਊ ਦਾ ਨਹੀਂ ਸੀ ਤੇ ਨਾ ਹੀ ਕੰਪਲੈਕਸ ਉੱਪਰ ਕਿਸੇ ਸਮੇਂ ਸਰਕਾਰੀ ਸੈਨਾ ਦੇ ਮੁਕਾਬਲੇ ਡੱਟ ਕੇ ਖਲੋਣ ਦਾ ਹੀ ਸੀ, ਸਗੋਂ ਇਸਦੇ ਜ਼ੁੰਮੇ ਜੋ ਮੁੱਖ ਕੰਮ ਸੀ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਖਿਲਾਫ ਪਰਚਾਰ ਕਰਨਾ ਤੇ ਮਾਰੂ ਕਿਸਮ ਦੀਆਂ ਸਾਜ਼ਸ਼ਾਂ ਘੜਨਾ ਸੀ। ਇਸ ਗਰੁੱਪ ਦੇ ਜਥੇਦਾਰਾਂ ਦਾ ਬੀਬੀ ਨਿਰਲੇਪ ਕੌਰ ਨਾਲ ਨਿਰੰਤਰ ਰਾਬਤਾ ਕਾਇਮ ਰਹਿੰਦਾ ਸੀ ਤੇ ਇਹਨਾਂ ਦਾ ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲ ਅਕਸਰ ਫੇਰਾ ਤੋਰਾ ਰਹਿੰਦਾ ਸੀ। ਬੀਬੀ ਨਿਰਲੇਪ ਕੌਰ ਆਪ ਵੀ ਦੋਂਹ ਜਾਂ ਤਿੰਨਾਂ ਹਫਤਿਆਂ ਪਿਛੋਂ ਉਚੇਚੇ ਤੌਰ ਤੇ ਦਿਲੀ ਤੋਂ ਅੰਮ੍ਰਿਤਸਰ ਇਨ੍ਹਾਂ ਦੋਹਾਂ ਵਿਅਕਤੀਆਂ ਨਾਲ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਖੁਫੀਆ ਮੀਟਿੰਗ ਕਰਨ, ਅਰਥਾਤ ਸਲਾਹ ਮਸ਼ਵਰਾ ਕਰਨ ਲਈ ਆਉਂਦੀ ਜਾਂਦੀ ਰਹਿੰਦੀ ਸੀ। ਬੀਬੀ ਦਾ ਖਾਸ ਪ੍ਰਾਈਵੇਟ ਡਰਾਈਵਰ ਜੋ ਤਰਨ ਤਾਰਨ ਤੋਂ ਚਾਰ ਪੰਜ ਮੀਲ ਦੀ ਦੂਰੀ ਉੱਪਰ ਪੈਂਦੇ ਜੜੌਂਦੀ ਸਰਹਾਲੀ ਦੇ ਆਸ ਪਾਸ ਦੇ ਕਿਸੇ ਪਿੰਡ ਦਾ ਜਮਪਲ ਸੀ ਅਤੇ ਜੋ ਪਿਛਲੇ ਕਈ ਸਾਲਾਂ ਤੋਂ ਬੀਬੀ ਦੀ ਕਾਰ ਦਾ ਡਰਾਈਵਰ ਚਲਿਆ ਆ ਰਿਹਾ ਸੀ, ਉਹ ਸੁਰਿੰਦਰ ਸਿੰਘ ਸੋਢੀ ਦੇ ਕਤਲ ਤੋਂ ਪਹਿਲਾਂ ਸੋਢੀ ਦੇ ਕਾਤਲ ਛਿੰਦੇ ਨਾਲ ਅਤੇ ਗੁਰਚਰਨ ਸਿੰਘ ਸਕੱਤਰ ਸ਼੍ਰੋਮਣੀ ਅਕਾਲੀ ਦਲ ਨਾਲ ਅਕਸਰ ਸਲਾਹ ਮਸ਼ਵਰਾ ਕਰਦਿਆਂ ਤੇ ਇਕੱਠਿਆਂ ਘੁੰਮਦਿਆਂ ਤੁਰਦਿਆਂ ਫਿਰਦਿਆਂ ਵੇਖਿਆ ਗਿਆ ਸੀ। ਅਸਲ ਵਿਚ ਇਨ੍ਹਾਂ ਕਾਰਨਾਂ ਕਰਕੇ ਬੀਬੀ ਨਿਰਲੇਪ ਕੌਰ ਦੇ ਇਸ ਹਥਿਆਰਬੰਦ ਗਰੁੱਪ ਦੀ ਉਥੇ ਮੌਜੂਦਗੀ ਦਾ ਨਿਸ਼ਾਨਾ ਸੀ. ਆਰ. ਪੀ. ਆਦਿ ਫੋਰਸਿਜ਼ ਨਾਲ ਟੱਕਰ ਲੈਣ ਦਾ ਨਹੀਂ ਸੀ ਸਗੋਂ ਇਸ ਟੋਲੇ ਦਾ ਤਾਂ ਮਕਸਦ ਕੁਝ ਹੋਰ ਹੀ ਸੀ।

ਗੁਰੂ ਨਾਨਕ ਨਿਵਾਸ ਦੀ ਸਭ ਤੋਂ ਉੱਪਰਲੀ ਚੌਥੀ ਮੰਜ਼ਲ ਉੱਤੇ ਬਬਰ ਖਾਲਸਾ ਦੇ ਲਗਪਗ ਪੰਜੀ ਤੀਹ ਸਿੰਘ ਰਹਿੰਦੇ ਸਨ, ਜਿਨਾਂ ਦੀ ਜਥੇਦਾਰੀ ਇਸ ਸਮੇਂ ਜਥੇਦਾਰ ਸੁਖਦੇਵ ਸਿੰਘ ਕਰਦਾ ਸੀ, ਗੁਰੂ ਨਾਨਕ ਨਿਵਾਸ ਦੀ ਇਹ ਚੌਥੀ ਮੰਜ਼ਲ ਉਹ ਹੀ ਸੀ ਜਿਸ ਉੱਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ 19 ਜੁਲਾਈ 1982 ਤੋਂ ਲੈ ਕੇ 15 ਦਸੰਬਰ 1983 ਤੱਕ ਆਪਣੇ ਜਥੇ ਦੇ ਸੰਕਤੇ ਸਿੰਘਾਂ ਸਮੇਤ

ਰਹਿੰਦੇ ਰਹੇ ਸਨ ਪਰ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਵਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਗੁਰੂ ਨਾਨਕ ਨਿਵਾਸ 'ਚੋਂ ਬਾਹਰ ਕਢਣ ਸਬੰਧੀ ਰਚਾਈ ਗਈ ਸਾਜ਼ਿਸ਼ ਦੇ ਕਾਰਨ ਸੰਤ ਭਿੰਡਰਾਂਵਾਲਿਆਂ ਵਲੋਂ ਆਪਣੇ ਜਥੇ ਸਮੇਤ ਨਾਨਕ ਨਿਵਾਸ ਦੀ ਇਮਾਰਤ ਨੂੰ ਛੱਡ ਜਾਣ ਤੋਂ ਪਿਛੋਂ ਉਥੇ ਹੁਣ ਬਬਰ ਖਾਲਸਾ ਜਥੇਬੰਦੀ ਦਾ ਜਥੇਦਾਰ ਸੁਖਦੇਵ ਸਿੰਘ ਆਪਣੇ ਪੰਜੀ ਭੀੜ ਸਿੰਘਾਂ ਨਾਲ ਹੀ ਰਹਿ ਰਿਹਾ ਸੀ।

ਬਬਰ ਖਾਲਸਾ ਦੇ ਇਨ੍ਹਾਂ ਸਿੰਘਾਂ ਨੇ ਪਹਿਲਾਂ ਆਪਣੇ ਮੋਰਚੇ ਸਰਾਂ ਗੁਰੂ ਰਾਮਦਾਸ, ਨਵੇਂ ਅਕਾਲ ਰੈਸਟ ਹਾਊਸ ਅਤੇ ਸਰਾਂ ਦੇ ਨਾਲ ਲਗਦੀ ਪਾਣੀ ਵਾਲੀ ਵੱਡੀ ਟੈਂਕੀ ਆਦਿ ਥਾਵਾਂ ਉਪਰ ਬਣਾਏ ਹੋਏ ਸਨ।

ਇਨ੍ਹਾਂ ਮੋਰਚਿਆਂ ਤੋਂ ਇਲਾਵਾ ਗੁਰੂਰਾਮਦਾਸ ਲੰਗਰ ਦੇ ਨਾਲ ਲਗਦੀ ਦਰਬਾਰ ਸਾਹਿਬ ਪਰਕਰਮਾ ਦੀ ਪੂਰਬੀ ਦਰਸ਼ਨੀ ਡਿਓੜੀ ਦੇ ਆਸ ਪਾਸ ਵੀ ਬਬਰ ਖਾਲਸਾ ਜਥੇਬੰਦੀ ਦੇ ਦੋ ਵੱਡੇ ਮੋਰਚੇ ਬਣੇ ਹੋਏ ਸਨ ਪਰ ਇਸ ਸਮੇਂ ਇਨ੍ਹਾਂ ਸਿੰਘਾਂ ਦੇ ਮੋਰਚੇ ਸਿਰਫ ਗੁਰੂ ਨਾਨਕ ਨਿਵਾਸ ਦੀ ਚੌਥੀ ਮੰਜ਼ਲ ਦੇ ਬਰਾਮਦਿਆਂ ਇਸ ਮੰਜ਼ਲ ਦੀ ਉਪਰਲੀ ਛੱਤ ਅਤੇ ਬਾਬਾ ਅਟੱਲ ਸਾਹਿਬ ਉੱਪਰ ਹੀ ਸਨ।

ਬਬਰ ਖਾਲਸਾ ਜਥੇਬੰਦੀ ਦੇ ਇਸ ਗਰੁਪ ਨੇ ਗੁਰੂ ਨਾਨਕ ਨਿਵਾਸ ਦੀ ਚੌਥੀ ਮੰਜ਼ਲ ਦੇ ਬਰਾਮਦਿਆਂ ਵਿਚ ਬਾਕਾਇਦਾ ਫੌਜੀ ਹਿਕਮਤ ਅਮਲੀ ਅਨੁਸਾਰ ਰਿਫਾਜ਼ਤੀ ਮੋਰਚੇ ਕਾਇਮ ਕੀਤੇ ਹੋਏ ਸਨ ਪਰ ਜੋ ਮੋਰਚਾ ਗੁਰੂ ਨਾਨਕ ਨਿਵਾਸ ਦੀ ਛੱਤ ਉੱਪਰ ਨਿਵਾਸ ਨੂੰ ਪਾਣੀ ਸਪਲਾਈ ਕਰਨ ਵਾਲੀ ਟੈਂਕੀ ਦੇ ਥਲੇ ਕਾਇਮ ਕੀਤਾ ਹੋਇਆ ਸੀ। ਉਹ ਮੋਰਚਾ ਤਾਂ ਹਰ ਪੱਖ ਸੁਰਖਸ਼ਤ ਤੇ ਬੜਾ ਹੀ ਮਜ਼ਬੂਤ ਸੀ। ਇਹ ਮੋਰਚਾ ਇਸ ਹੱਦ ਤੱਕ ਮਜ਼ਬੂਤ ਤੇ ਸੁਰਖਸ਼ਤ ਸੀ ਕਿ ਦੁਸ਼ਮਨ ਦੀ ਸੈਨਾ ਲਈ ਇਸ ਨੂੰ ਤੋਪਾਂ ਗੋਲਿਆਂ ਤੋਂ ਬਗੈਰ ਤੋੜਨਾ ਅਤੇ ਜਾਂ ਬਿਲਡਿੰਗ ਨੂੰ ਬਾਰੂਦ ਨਾਲ ਉਡਾਇਆ ਤੋਂ ਬਗੈਰ ਤਬਾਹ ਕਰਨਾ ਬੜਾ ਕਠਨ ਸੀ, ਕਿਉਂਕਿ ਇਹ ਮੋਰਚਾ ਜਿਥੇ ਹਰ ਪੱਖੋਂ ਮਜ਼ਬੂਤ ਤੇ ਸੁਰਖਿਅਤ ਸੀ ਉਥੇ ਗੁਪਤ ਹੋਣ ਕਰਕੇ ਦੁਸ਼ਮਨ ਲਈ ਬੜਾ ਮਾਰੂ ਵੀ ਸੀ।

ਬਾਬਾ ਅਟੱਲ ਸਾਹਿਬ ਦੀ ਮੰਜ਼ਲ ਉੱਪਰ ਵੀ ਜੋ ਮੋਰਚਾ ਕਾਇਮ ਕੀਤਾ ਹੋਇਆ ਸੀ ਉਸਨੂੰ ਵੀ ਤੋਪਾਂ ਦੀ ਮਾਰ ਤੋਂ ਬਿਨਾ ਸਰ ਕਰਨਾ ਦੁਸ਼ਮਨ ਫੋਰਸ ਲਈ ਇਕ ਤਰ੍ਹਾਂ ਨਾਲ ਅਸੰਭਵ ਹੀ ਸੀ।

ਗੁਰੂ ਨਾਨਕ ਨਿਵਾਸ ਅਤੇ ਬਾਬਾ ਅਟੱਲ ਸਾਹਿਬ ਦੇ ਇਹ ਮੋਰਚੇ ਬਹੁਤ ਉੱਚੇ ਹੋਣ ਕਰਕੇ ਸੀ. ਆਰ. ਪੀ. ਵਲੋਂ ਕੰਪਲੈਕਸ ਦੇ ਪੂਰਬ ਦੱਖਣ ਤੇ ਦਖਨ ਵਾਲੇ ਪਾਸੇ ਬਣਾਏ ਹੋਏ ਦੁਸ਼ਮਨ-ਮੋਰਚਿਆਂ ਨੂੰ ਸਿਧੀ ਤੇ ਕਰਾਰੀ ਮਾਰ ਮਾਰਨ ਦੇ ਪੂਰੀ ਤਰ੍ਹਾਂ ਨਾਲ ਸਮਰਥ ਸਨ। ਇਸ ਤੋਂ ਇਲਾਵਾ ਬਬਰ ਖਾਲਸਾ ਦੀ ਇਸ ਜਥੇਬੰਦੀ ਪਾਸ ਜਿਸ ਹੱਦ ਤੱਕ ਅਸਲਾ ਬਾਰੂਦ ਸੀ ਉਸ ਨਾਲ ਦੁਸ਼ਮਨ ਫੋਰਸਿਜ਼ ਨੂੰ ਤਕੜਾ ਮੁਕਾਬਲਾ ਦਿੱਤਾ ਜਾ ਸਕਦਾ ਸੀ।

ਗੁਰੂ ਨਾਨਕ ਨਿਵਾਸ ਅਤੇ ਬਾਬਾ ਅਟੱਲ ਸਾਹਿਬ ਦੇ ਵਿਚਕਾਰ ਪੈਂਦੀ ਇਮਾਰਤ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਇਮਾਰਤ ਦੇ ਐਨ ਸਾਹਮਣੇ ਸ਼੍ਰੋਮਣੀ ਅਕਾਲੀ ਦਲ ਤਲਵੰਡੀ ਦੇ ਦਫਤਰ ਸਨ ਪਰ ਇਨ੍ਹਾਂ ਦੋਹਾਂ ਹੀ ਦਫਤਰਾਂ ਦੇ ਅੰਦਰ, ਬਾਹਰ ਜਾਂ ਉੱਪਰ ਕੋਈ ਮੋਰਚਾ ਨਹੀਂ ਸੀ।

ਸ਼੍ਰੋਮਣੀ ਅਕਾਲੀ ਦਲ ਤਲਵੰਡੀ ਦੇ ਦਫਤਰ ਅੰਦਰਲੇ ਦੋ ਵੱਡੇ ਕਮਰਿਆਂ ਵਿਚ ਜਥਾ ਭਿੰਡਰਾਂਵਾਲਿਆਂ ਦੇ ਕੁਝ ਕੁ ਜੁਝਾਰੂ ਸਿੰਘਾਂ ਦੀ ਰਹਾਇਸ਼ ਦਾ ਪ੍ਰਬੰਧ ਸੀ ਅਤੇ ਇਥੇ ਰਹਾਇਸ਼ ਰਖਣ ਵਾਲੇ ਸਿੰਘ ਉਸ ਤਰ੍ਹਾਂ ਹਥਿਆਰ ਬੰਦ ਰੂਪ ਵਿਚ ਤਿਆਰ ਬਰ ਤਿਆਰ ਹੀ ਵੇਖੇ ਜਾਂਦੇ ਸਨ ਪਰ



ਉੱਪਰ ਮੋਰਚਾ ਕੋਈ ਨਹੀਂ ਸੀ।

ਤਲਵੰਡੀ ਅਕਾਲੀ ਦਲ ਦੇ ਇਸ ਦਫਤਰ ਵਿਚ 1 ਜੂਨ 1984 ਤੋਂ ਪਹਿਲਾਂ ਬਾਬਾ ਕਾਹਨ ਸਿੰਘ ਬਾਬਾ ਬਕਾਲਾ ਅਤੇ ਉਸਦੇ ਜਥੇ ਦੇ ਹੋਰ ਨਿਹੰਗ ਸਿੰਘ ਅਕਸਰ ਹਥਿਆਰ ਬੰਦ ਰੂਪ ਵਿਚ ਵੇਖੇ ਜਾ ਸਕਦੇ ਸਨ ਪਰ ਦਰਬਾਰ ਸਾਹਿਬ ਕੰਪਲੈਕਸ ਦੁਆਲੇ ਸੀ. ਆਰ. ਪੀ. ਦਾ ਘੇਰਾ ਜਿਉਂ ਜਿਉਂ ਤੰਗ ਹੁੰਦਾ ਗਿਆ ਅਤੇ ਕੰਪਲੈਕਸ ਉੱਪਰ ਹਮਲੇ ਦੀ ਸੰਭਾਵਨਾ ਵਧਦੀ ਗਈ ਤਿਉਂ ਤਿਉਂ ਨਿਹੰਗ ਸਿੰਘਾਂ ਦਾ ਫੇਰਾ ਤੋਰਾ ਘਟਦਾ ਤੁਰਿਆ ਗਿਆ ਤੇ ਆਖਰ ਬਿਲਕੁਲ ਹੀ ਖਤਮ ਹੋਕੇ ਰਹਿ ਗਿਆ ਸੀ।

ਇਸ ਤੋਂ ਅੱਗੇ ਦਰਬਾਰ ਸਾਹਿਬ ਪਰਕਰਮਾ ਦੀ ਦੱਖਣੀ ਦਰਸ਼ਨੀ ਡਿਉੜੀ ਅਤੇ ਉਸਦੀਆਂ ਆਸ ਪਾਸ ਦੀਆਂ ਉੱਚੀਆਂ ਉੱਚੀਆਂ ਬਿਲਡਿੰਗਾਂ ਉੱਪਰ ਭਿੰਡਰਾਂਵਾਲੇ ਜਥੇ ਦੇ ਸਿੰਘਾਂ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਜਵਾਨਾਂ ਦੇ ਅੰਮ੍ਰਿਤਸਰ ਯੂਨਿਟ ਵਲੋਂ ਬੜੇ ਹੀ ਤਕੜੇ ਤੇ ਮਜ਼ਬੂਤ ਮੋਰਚੇ ਕਾਇਮ ਕੀਤੇ ਹੋਏ ਸਨ।

ਇਹ ਮੋਰਚੇ ਜਿਥੇ ਕੰਪਲੈਕਸ ਤੋਂ ਦਖਨ ਵਾਲੇ ਪਾਸੇ ਨੂੰ ਠੱਲ ਪਾਉਂਦੇ ਸਨ ਉਥੇ ਦਰਬਾਰ ਸਾਹਿਬ ਪਰਕਰਮਾ ਦੀ ਉੱਤਰੀ ਦਰਸ਼ਨੀ ਡਿਉੜੀ ਵਲੋਂ ਸੀ. ਆਰ. ਪੀ. ਜਾਂ ਫੌਜ ਦੇ ਪਰਕਰਮਾ ਵਿਚ ਦਾਖਲੇ ਨੂੰ ਨਾਕਾਮ ਬਨਾਉਣ ਅਤੇ ਦੁਸ਼ਮਨ ਧਿਰ ਨੂੰ ਭਾਰੀ ਨੁਕਸਾਨ ਪਹੁੰਚਾਉਣ ਦੀ ਪੂਰੀ ਪੂਰੀ ਪੁਜ਼ੀਸ਼ਨ ਵਿਚ ਸਨ।

ਇਸੇ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੇ ਖਾਸ ਕਰਕੇ ਪਰਕਰਮਾ ਦੀਆਂ ਦਖਨ ਪਛਮ ਤੇ ਪਛਮ ਉੱਤਰ ਦੀਆਂ ਬਾਹੀਆਂ ਤੋਂ ਲੈਕੇ ਉੱਤਰ ਪੂਰਬ ਦੀਆਂ ਬਾਹੀਆਂ ਅਤੇ ਪਰਕਰਮਾ ਦੇ ਨਾਲ ਨਾਲ ਲਗਦੇ ਕਮਰਿਆਂ ਤੇ ਉਪਰਲੀਆਂ ਮੰਜ਼ਲਾਂ ਉੱਪਰ ਵੀ ਕੁਝ ਫਾਸਲੇ ਉੱਪਰ ਜਥੇ ਦੇ ਸਿੰਘਾਂ ਵਲੋਂ ਇਸ ਢੰਗ ਨਾਲ ਮੋਰਚੇ ਬਣਾਏ ਹੋਏ ਸਨ ਕਿ ਸੀ. ਆਰ. ਪੀ. ਜਾਂ ਫੌਜ ਦੇ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਦਾਖਲ ਹੋਣ ਦੇ ਸਮੇਂ ਉਹਨਾਂ ਦਾ ਮੂੰਹ ਭੰਵਾਇਆ ਜਾ ਸਕਦਾ ਸੀ।

ਦਰਬਾਰ ਸਾਹਿਬ ਕੰਪਲੈਕਸ ਦੇ ਐਨ ਪੱਛਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਨਵੀਂ ਬਣ ਰਹੀ ਪੱਛਮੀ ਦਰਸ਼ਨੀ ਡਿਉਢੀ ਅਤੇ ਇਸਦੇ ਆਲੇ ਦੁਆਲੇ ਦੀਆਂ ਇਮਾਰਤਾਂ ਉੱਪਰ ਵੀ ਬੜੇ ਮਜ਼ਬੂਤ ਮੋਰਚੇ ਬਣੇ ਹੋਏ ਸਨ ਅਤੇ ਇਹ ਸਾਰੇ ਦੇ ਸਾਰੇ ਮੋਰਚੇ ਵੀ ਜਨਰਲ ਸੁਬੇਗ ਸਿੰਘ ਦੀ ਸਲਾਹ ਨਾਲ ਤੇ ਉਸਦੀ ਦੇਖ ਰੇਖ ਵਿਚ ਬਣਾਏ ਹੋਏ ਸਨ।

ਇਹ ਮੋਰਚੇ ਜਿਥੇ ਦੁਸ਼ਮਨ ਦੇ ਪਰਕਰਮਾ ਵਿਚ ਦਾਖਲੇ ਤੇ ਉਸਦੀ ਪੇਸ਼ਕਦਮੀ ਨੂੰ ਠੱਲ ਪਾਉਣ ਦੇ ਤੇ ਉਸਨੂੰ ਮੌਤ ਦੇ ਘਾਟ ਉਤਾਰਨ ਦੇ ਸਮਰਥ ਸਨ ਉੱਥੇ ਕੰਪਲੈਕਸ ਤੋਂ ਪੱਛਮ ਉੱਤਰ ਅਤੇ ਉੱਤਰ ਵਿਚ ਕਾਇਮ ਦੁਸ਼ਮਨ ਮੋਰਚਿਆਂ ਨੂੰ ਵੀ ਸਿਧਾ ਟਾਰਗੇਟ ਬਨਾਉਂਦੇ ਸਨ।

ਦਰਬਾਰ ਸਾਹਿਬ ਪਰਕਰਮਾ ਦੀ ਉੱਤਰੀ ਦਰਸ਼ਨੀ ਡਿਓੜੀ ਦੇ ਆਸ ਪਾਸ ਜਥੇ ਦੇ ਸਿੰਘਾਂ ਵਲੋਂ ਜੋ ਮੋਰਚਾਬੰਦੀ ਕੀਤੀ ਹੋਈ ਸੀ ਉਹ ਬਾਜ਼ਾਰ ਮਾਈ ਸੇਵਾਂ, ਜਲ੍ਹਿਆਂ ਵਾਲਾ ਬਾਗ ਅਤੇ ਬ੍ਰਹਮ ਬੂਟਾ ਅਖਾੜਾ ਦੇ ਬਾਜ਼ਾਰਾਂ ਵਲੋਂ ਸੀ. ਆਰ. ਪੀ. ਜਾਂ ਫੌਜ ਦੀ ਲੜਾਈ ਨੂੰ ਰੋਕ ਪਾਉਣ ਅਤੇ ਤਕੜੇ ਰੂਪ ਵਿਚ ਮਾਰੂ ਸੱਟ ਮਾਰਨ ਦੇ ਪੱਖਾਂ ਨੂੰ ਮੁੱਖ ਰਖਦਿਆਂ ਹੋਇਆਂ ਕੀਤੀ ਗਈ ਸੀ।

ਇਸੇ ਤਰ੍ਹਾਂ ਜੋ ਮੋਰਚੇ ਪਰਕਰਮਾ ਦੇ ਉੱਤਰ ਵਾਲੇ ਪਾਸੇ ਪੂਰਬੀ ਬਾਹੀ ਦੇ ਅਖੀਰ ਉੱਪਰ ਬੁਰਜ ਜੱਸਾ ਸਿੰਘ ਆਹਲੂਵਾਲੀਆ ਤੇ ਲੰਗਰ ਗੁਰੂ ਰਾਮਦਾਸ ਦੇ ਨਾਲ ਕਰਕੇ ਪੈਂਦੀ ਬਾਬਾ ਖੜਕ ਸਿੰਘ

ਦੇ ਲੰਗਰ ਵਾਲੀ ਇਮਾਰਤ ਦੇ ਅੰਦਰਵਾਰ ਕਰਕੇ ਬਣਾਏ ਹੋਏ ਸਨ, ਉਹ ਮੋਰਚੇ ਤਾਂ ਦਰਬਾਰ ਸਾਹਿਬ ਦੀ ਉੱਤਰੀ ਦਰਸ਼ਨੀ ਡਿਓੜੀ ਵਲੋਂ ਪਰਕਰਮਾ ਵਿਚ ਦਾਖਲ ਹੋਣ ਵਾਲੀ ਦੁਸ਼ਮਨ ਸੈਨਾ ਉੱਪਰ ਬੜੀ ਹੀ ਕਰਾਰੀ ਤੇ ਡਾਢੀ ਮਾਰ ਮਾਰਨ ਦੀ ਪੁਜ਼ੀਸ਼ਨ ਵਿਚ ਸਨ। ਦਰਅਸਲ ਇਹ ਮੋਰਚੇ ਸੈਨਕ ਨੁਕਤੇ ਤੋਂ ਬਹੁਤ ਹੀ ਭਾਰੀ ਅਹਿਮੀਅਤ ਰਖਦੇ ਸਨ ਕਿਉਂਕਿ ਬਾਬਾ ਖੜਕ ਸਿੰਘ ਦੇ ਲੰਗਰ ਦੀ ਇਸ ਇਮਾਰਤ ਦੇ ਪਰਕਰਮਾ ਨਾਲ ਲਗਦੇ ਕਮਰੇ ਪਰਕਰਮਾ ਦੀ ਸਤਹ ਤੋਂ ਕਾਫੀ ਨੀਵੇਂ ਸਨ ਅਤੇ ਉਹਨਾਂ ਕਮਰਿਆਂ ਅੰਦਰੋਂ ਹਵਾ ਕੱਢਣ ਲਈ ਲਾਏ ਹੋਏ ਐਗਜ਼ਾਸਟ ਫੈਨਜ਼ ਦੇ ਗੋਲ ਚੌੜੇ ਸੁਰਾਖ ਪਰਗਮਾ ਤੋਂ ਐਵੇਂ ਕੁਝ ਫੁੱਟ ਦੀ ਉਚਾਈ ਤੇ ਹੀ ਪੈਂਦੇ ਸਨ ਜਿਸ ਕਰਕੇ ਸਿੰਘਾਂ ਵਲੋਂ ਇਨ੍ਹਾਂ ਥਾਵਾਂ ਵਿਚ ਦੀਵਾਰ ਦੇ ਪਿਛੇ ਪਾਸੇ ਕਾਇਮ ਕੀਤੇ ਹੋਏ ਮੋਰਚੇ ਆਪਣੇ ਆਪ 'ਚ ਬਹੁਤ ਹੀ ਮਜ਼ਬੂਤ ਸੁਰਖਿਅਤ ਤੇ ਲੁਕਵੇਂ ਹੋਣ ਦੇ ਨਾਲ ਨਾਲ ਉੱਤਰੀ ਦਰਸ਼ਨੀ ਡਿਉੜੀ ਤੇ ਹੇਠਾਂ ਪੈਂਦੀ ਦਰਬਾਰ ਸਾਹਿਬ ਪਰਕਰਮਾ ਦੀ ਇਸ ਸਮੁੱਚੀ ਬਾਹੀ ਨੂੰ ਆਪਣੀ ਸਿੱਧੀ ਲਪੇਟ ਵਿਚ ਲੈਂਦੇ ਸਨ।

ਇਨ੍ਹਾਂ ਮੋਰਚਿਆਂ ਵਿਚ ਸ੍ਰੀ ਹਜ਼ੂਰ ਸਾਹਿਬ ਦੇ ਜਥੇ ਦੇ ਸਿੰਘਾਂ ਨੇ ਆਪਣਾ ਪੱਕਾ ਡੇਰਾ ਜਮਾਇਆ ਹੋਇਆ ਸੀ ਅਤੇ ਇਹ ਸਾਰੇ ਦੇ ਸਾਰੇ ਸਿੰਘ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਮਨੋ ਤਨੋ ਸਹਿਯੋਗੀ ਸਨ ਅਤੇ ਸ੍ਰੀ ਹਜ਼ੂਰ ਸਾਹਿਬ ਤੋਂ ਉਚੇਚੇ ਤੌਰ 'ਤੇ ਇਸ ਮੰਤਵ ਨਿਸ਼ਾਨੇ ਅਤੇ ਦ੍ਰਿੜ ਇਰਾਦੇ ਨਾਲ ਆਏ ਹੋਏ ਸਨ ਕਿ 'ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਮਾਣ ਮਰਯਾਦਾ ਤੇ ਖਾਲਸਾ ਪੰਥ ਦੀ ਆਨ ਸ਼ਾਨ ਨੂੰ ਚੜ੍ਹਦੀ ਕਲਾ ਦੇ ਰੂਪ 'ਚ ਕਾਇਮ ਰੱਖਣ ਦੀ ਖਾਤਰ ਜੀਊਂਦਿਆਂ ਜੀਅ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਅੰਦਰ ਪੁਲੀਸ ਜਾਂ ਫੌਜ ਨੂੰ ਦਾਖਲ ਹੋਕੇ ਯਲਗਾਰ ਨਹੀਂ ਕਰਨ ਦੇਣੀ। ਜਦੋਂ ਤੱਕ ਸਵਾਸ ਕਾਇਮ ਰਹਿਣਗੇ ਉਦੋਂ ਤੱਕ ਦੁਸ਼ਮਨਾਂ ਦੁਸ਼ਟਾਂ ਨਾਲ ਲੋਹਾ ਲੈਂਦੇ ਰਹਾਂਗੇ।



# 8.

ਸ਼੍ਰੋਮਣੀ ਅਕਾਲੀ ਦਲ ਵਲੋਂ ਲਗਪਗ ਪਿਛਲੇ ਦੋ ਸਾਲਾਂ ਤੋਂ ਅਨੰਦਪੁਰ ਸਾਹਿਬ ਦੇ ਮਤੇ ਦੀ ਪੂਰਤੀ ਲਈ ਚਲਾਏ ਜਾ ਰਹੇ ਧਰਮ ਯੁੱਧ ਮੋਰਚੇ ਦੇ ਇਤਿਹਾਸ ਵਿਚ ਅੱਜ ਪਹਿਲਾ ਦਿਨ ਸੀ ਜਦੋਂ ਮੰਜੀ ਸਾਹਿਬ ਦੀਵਾਨ ਹਾਲ ਅੰਦਰ ਕੋਈ ਦੀਵਾਨ ਨਹੀਂ ਸੀ ਸਜਾਇਆ ਜਾ ਰਿਹਾ।

ਸਟੇਜ ਸੈਕਟਰੀ, ਸਟੇਜ ਜਥੇਦਾਰ ਤੇ ਹੋਰ ਬਹੁਤ ਸਾਰੇ ਸਟੇਜ ਦੇ ਧਨੀ ਸੂਰਮੇ ਸਭ ਦੇ ਸਭ ਸਮੁੰਦਰੀ ਹਾਲ ਦਾ ਸ਼ਿੰਗਾਰ ਬਣੀ ਬੈਠੇ ਸਨ ਅਤੇ ਉਹਨਾਂ 'ਚੋਂ ਬਹੁਤੇ ਸੰਤ ਲੌਂਗੋਵਾਲ ਸਾਹਿਬ ਦੇ ਦਵਾਲੇ ਬੈਠੇ ਸਨ, ਪਰ ਇਨ੍ਹਾਂ ਸਟੇਜ ਦੇ ਧਨੀ ਸੂਰਮਿਆਂ ਦੇ ਮੁਕਾਬਲੇ ਨਿਸਚਤ ਪ੍ਰੋਗਰਾਮ ਅਨੁਸਾਰ ਗ੍ਰਿਫਤਾਰੀ ਦੇਣ ਲਈ ਆਏ ਹੋਏ ਜਥੇ ਦੇ ਸਿੰਘ ਸਿੰਘਣੀਆਂ ਵਰ੍ਹਦੀਆਂ ਗੋਲੀਆਂ ਵਿਚ ਵੀ ਆਪਣੀਆਂ ਗ੍ਰਿਫਤਾਰੀਆਂ ਦੇਣ ਲਈ ਮਨੋ ਚਿਤੋਂ ਦ੍ਰਿੜ ਰੂਪ ਵਿਚ ਤਤਪਰ ਤੇ ਤਿਆਰ ਬਰ ਤਿਆਰ ਹੋਏ ਬੈਠੇ ਸਨ ਅਤੇ ਉਹਨਾਂ ਦਾ ਜਥੇਦਾਰ ਬਾਰ ਬਾਰ ਗੁਰੂ ਰਾਮਦਾਸ ਸਰਾਂ 'ਚੋਂ ਲੌਂਗੋਵਾਲ ਸਾਹਿਬ ਪਾਸ ਸਮੁੰਦਰੀ ਹਾਲ ਵਿਚ ਆਕੇ ਪ੍ਰੋਗਰਾਮ ਮੰਗ ਰਿਹਾ ਸੀ। ਪਰ ਜਦੋਂ ਅਗੋਂ ਉਸਨੂੰ ਕੋਈ ਤਸੱਲੀ ਬਖਸ਼ ਉੱਤਰ ਨਾ ਮਿਲਦਾ ਤਾਂ ਉਹ ਫਿਰ ਵਾਪਸ ਸਰਾਂ ਵੱਲ ਨੂੰ ਪਰਤ ਜਾਂਦਾ।

ਲੌਂਗੋਵਾਲ ਸਾਹਿਬ ਪਾਸ ਸਮੁੰਦਰੀ ਹਾਲ ਵਿਚ ਆ ਕੇ ਆਪਣੇ ਜਥੇ ਦੀ ਗ੍ਰਿਫਤਾਰੀ ਸਬੰਧੀ ਪ੍ਰੋਗਰਾਮ ਮੰਗ ਰਹੇ ਉਸ ਜਥੇਦਾਰ ਦੀ ਮਾਨਸਿਕ ਅਵਸਥਾ ਤੋਂ ਇਹ ਗੱਲ ਪਰਗਟ ਹੋ ਰਹੀ ਸੀ ਕਿ ਉਹ ਆਪਣੇ ਜਥੇ ਸਮੇਤ ਗ੍ਰਿਫਤਾਰੀ ਦੇਣ ਲਈ ਬੜਾ ਹੀ ਉਤਸਕ ਸੀ। ਉਸਦਾ ਇਹ ਵਿਚਾਰ ਸੀ ਕਿ 'ਜੇ ਮੰਜੀ ਸਾਹਿਬ ਦੀਵਾਨ ਹਾਲ ਚੋਂ ਬਾਹਰ ਬਾਜ਼ਾਰ ਵੱਲ ਨੂੰ ਨਿਕਲ ਕੇ ਪੁਲੀਸ ਨੂੰ ਗ੍ਰਿਫਤਾਰੀ ਨਹੀਂ ਦਿੱਤੀ ਜਾ ਸਕਦੀ ਤਾਂ ਸਮੁੰਦਰੀ ਹਾਲ ਜਾਂ ਸਰਾਂ ਵਿਚ ਜੈਕਾਰੇ ਛਡਾਂਦਿਆਂ ਹੋਇਆਂ ਬਾਹਰ ਬਾਜ਼ਾਰਾਂ ਵਿਚ ਨਿਕਲ ਕੇ ਤਾਂ ਜਥੇ ਦੇ ਸਿੰਘ ਸਿੰਘਣੀਆਂ ਆਪਣੀਆਂ ਗ੍ਰਿਫਤਾਰੀਆਂ ਦੇ ਹੀ ਸਕਦੇ ਆ। ਜੇ ਵਰ੍ਹਦੀਆਂ ਗੋਲੀਆਂ 'ਚ ਕੋਈ ਸ਼ਹੀਦੀ ਵੀ ਪਾ ਜਾਊ ਤਾਂ ਉਹ ਸ਼ਹੀਦੀ ਵੀ ਤਾਂ ਆਖਰ ਪੰਥ ਦੇ ਹੀ ਲੇਖੇ ਲਗੂਗੀ ਨਾ। ਸਾਨੂੰ ਤਾਂ ਪਿੰਡ ਦੀ ਸੰਗਤ ਨੇ ਜੀਊਨ ਨਹੀਂ ਦੇਣਾ ਕਿ ਫਾਇਰਿੰਗ ਤੋਂ ਡਰਦੇ ਗ੍ਰਿਫਤਾਰੀ ਦੇਣ ਤੋਂ ਭੱਜ ਗਏ ਸੀ। ਇਸ ਲਈ ਸਾਡਾ ਜਥਾ ਤਾਂ ਆਪਣੀ ਗ੍ਰਿਫਤਾਰੀ ਜ਼ਰੂਰ ਦਊ, ਭਾਵੇਂ ਸ਼ਹੀਦੀਆਂ ਹੀ ਕਿਉਂ ਨਾ ਪਾ ਜਾਵੇ।

ਮੰਜੀ ਸਾਹਿਬ ਦੀਵਾਨ ਹਾਲ ਜਿਥੇ ਹਰ ਰੋਜ਼ ਬੜੇ ਜਜ਼ਬੇ ਨਾਲ ਭਾਰੀ ਦੀਵਾਨ ਸਜਦੇ ਅਤੇ ਸੰਗਤਾਂ ਦੇ ਵਿਸ਼ਾਲ ਇਕੱਠ ਵਲੋਂ ਸ਼੍ਰੋਮਣੀ ਅਕਾਲੀ ਦਲ ਜ਼ਿੰਦਾਬਾਦ ਦੇ ਆਕਾਸ਼ ਚੀਰਦੇ ਨਾਅਰੇ ਲਗਦੇ ਅਤੇ 'ਰਾਜ ਕਰੇਗਾ ਖਾਲਸਾ 'ਦੇ ਬੋਲ ਗੂੰਜਦੇ ਸਨ ਅੱਜ ਉਥੇ ਫਾਇਰਿੰਗ ਦਾ ਸ਼ਿਕਾਰ ਹੋਏ ਦੋ ਸਿੰਘਾਂ ਦੀਆਂ ਲਾਸ਼ਾਂ ਅਤੇ ਜ਼ਖਮਾਂ ਦੀ ਮਾਰ ਤੇ ਪੀੜ ਨਾਲ ਨਿਢਾਲ ਹੋਏ ਪਏ ਕੁਝ ਇਕ ਸਿੰਘਾਂ ਤੋਂ ਬਿਨਾ ਬਾਕੀ ਸਭ ਪਾਸੇ ਖਲਾਅ ਹੀ ਖਲਾਅ ਸੀ।

ਜਿਨ੍ਹਾਂ ਰਾਹਾਂ ਤੋਂ ਦੀ ਸੈਂਕੜਿਆਂ ਦੀ ਗਿਣਤੀ ਵਿਚ ਸਿਖ ਸਿਘਣੀਆਂ ਅਤੇ ਛੋਟੇ ਵੱਡੇ ਭੁਝੰਗੀ ਭੁਝੰਗਣਾਂ ਅਨੰਦ ਪੁਰ ਮਤੇ ਦੇ ਨਾ ਉੱਪਰ ਲੜੇ ਜਾ ਰਹੇ ਧਰਮ ਯੁਧ ਮੋਰਚੇ ਵਿਚ ਸ਼ਾਮਲ ਹੋਣ ਲਈ ਮੰਜੀ ਸਾਹਿਬ ਦੀਵਾਨ ਹਾਲ ਵੱਲ ਨੂੰ ਵਹੀਰਾਂ ਘੱਤੀ ਆਉਂਦੇ ਸਨ; ਅੱਜ ਉਹਨਾਂ ਰਾਹਵਾਂ ਉੱਪਰ ਮੌਤ ਦੇ ਫਰਿਸ਼ਤੇ ਆਪਣਾ ਅਸਲ ਕਰਮ ਤੇ ਕਰਦਾਰ ਨਿਭਾ ਰਹੇ ਸਨ।

ਜਿਸ ਵਾਤਾਵਰਨ ਵਿਚ ਧੂੰਆਂ ਧਾਰ ਤਕਰੀਰਾਂ ਹੁੰਦੀਆਂ, ਭਾਰਤ ਸਰਕਾਰ ਦੀਆਂ ਪੰਥ ਮਾਰੂ ਨੀਤੀਆਂ ਤੇ ਸਾਜ਼ਸ਼ਾਂ ਦੇ ਪਾਜ ਉਘੇੜੇ ਜਾਂਦੇ, ਸਿਖ ਦੁਸ਼ਮਨ ਫੋਰਸਿਜ਼ ਵਲੋਂ ਸਿਖਾਂ ਉੱਪਰ ਕੀਤੇ ਜਾ ਰਹੇ ਜਬਰ ਜ਼ੁਲਮ ਨਾਲ ਭਰਪੂਰ ਦਾਸਤਾਨਾਂ ਸੁਣਾਈਆਂ ਜਾਂਦੀਆਂ ਤੇ ਹੁਕਮਰਾਨ ਟੋਲੇ ਦੇ ਚੇਹਰਿਆਂ ਉੱਪਰਲੇ ਮਖੌਟੇ ਉਤਾਰੇ ਜਾਂਦੇ, ਸਿਖ ਯੋਧਿਆਂ ਦੀਆਂ ਸੂਰਮਗਤੀ ਨਾਲ ਭਰਪੂਰ ਸਾਖਾਂ ਪਾਈਆਂ ਜਾਂਦੀਆਂ ਅਤੇ ਸੁਣਾਈਆਂ ਜਾਂਦੀਆਂ, ਸ਼ਹੀਦ ਸਿੰਘ ਸਿੰਘਣੀਆਂ ਦੀ ਸਿਰੜ ਤੇ ਬਹਾਦਰੀ ਦੀਆਂ ਵਾਰਾਂ ਗਾਇਨ ਕੀਤੀਆਂ ਜਾਂਦੀਆਂ, ਸਿਖ ਇਤਿਹਾਸ ਦੇ ਗੌਰਵ ਅਤੇ ਸ਼ਾਨਦਾਰ ਕਾਰਨਾਮਿਆਂ ਨੂੰ ਦਿਲਾਂ ਅੰਦਰ ਰੋਹ ਭਰ ਦੇਣ ਤੇ ਚੰਗਿਆੜੇ ਬਾਲ ਦੇਣ ਵਾਲੇ ਅੰਦਾਜ਼ ਵਿਚ ਪੇਸ਼ ਕੀਤਾ ਜਾਂਦਾ, ਬੀਤੇ ਵਿਚ ਹੋ ਗੁਜ਼ਰੇ ਪੰਥਕ ਗੱਦਾਰਾਂ ਤੇ ਮਸੰਦਾਂ ਦੇ ਕੱਚੇ ਚਿੱਠੇ ਫੋਲ ਫੋਲ ਕੇ ਬਿਆਨ ਕੀਤੇ ਜਾਂਦੇ, ਪੰਥ ਦੇ ਦੁਸ਼ਮਨਾਂ-ਦੋਖੀਆਂ ਦੀ ਦੁਨੀਆਂ ਵਿਚ ਭੁਚਾਲ ਪੈਦਾ ਕਰ ਦੇਣ ਤੇ ਅੱਗ ਲਾ ਦੇਣ ਦੇ ਦਾਅਵੇ ਕੀਤੇ ਜਾਂਦੇ, ਅਨੰਦ ਪੁਰ ਮਤੇ ਦੀ ਪ੍ਰਾਪਤੀ ਲਈ ਜ਼ਿੰਦਗੀ ਤਾਂ ਕੀ ਸਰਬਸਵ ਤੱਕ ਕੁਰਬਾਨ ਕਰ ਦੇਣ ਦੇ ਖੁੱਲੇ ਐਲਾਨ ਹੁੰਦੇ, ਸਿਖ ਸੰਗਤਾਂ ਵਲੋਂ ਮੋਰਚੇ ਦੀ ਕਾਮਯਾਬੀ ਵਾਸਤੇ ਆਗੂਆਂ ਉੱਪਰ ਹਰ ਰੋਜ਼ ਹਜ਼ਾਰਾਂ ਰੁਪਏ ਨਿਛਾਵਰ ਕੀਤੇ ਜਾਂਦੇ ਅਤੇ ਉਹਨਾਂ ਨੂੰ ਪੰਥ ਦੇ ਨਾਂ ਤੇ ਕਣਕ ਚੌਲਾਂ ਆਦਿ ਦੇ ਭੰਡਾਰ ਤੇ ਹੋਰ ਧਨ ਪਦਾਰਥ ਖੁੱਲੇ ਦਿਲ ਨਾਲ ਦਿੱਤੇ ਜਾਂਦੇ ਅਤੇ ਦੂਜੇ ਪਾਸੇ ਅਕਾਲੀ ਆਗੂਆਂ ਵੱਲੋਂ ਸੰਗਤਾਂ ਦੇ ਸਨਮੁਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਹਜ਼ੂਰੀ ਵਿਚ ਧਰਮ ਯੁਧ ਮੋਰਚੇ ਨੂੰ ਸਿਖ ਕੌਮ ਦੀ ਭਾਰਤ ਸਰਕਾਰ ਨਾਲ ਆਖਰੀ ਤੇ ਫੈਸਲਾਕੁੰਨ ਲੜਾਈ ਦੱਸ ਕੇ ਇਸ ਯੁੱਧ ਨੂੰ ਸ਼ਾਨ ਨਾਲ ਜਿੱਤਣ ਦੇ ਖੁੱਲੇ ਆਮ ਪ੍ਰਣ ਦੁਹਰਾਏ ਜਾਂਦੇ ਤੇ ਐਲਾਨ ਕੀਤੇ ਜਾਂਦੇ ਸਨ, ਅੱਜ ਉਸ ਵਾਤਾਵਰਨ ਉੱਪਰ ਭਾਰਤ ਸਰਕਾਰ ਦੀ ਸੈਂਟਰ ਰੀਜ਼ਰਵ ਪੁਲੀਸ ਦੇ ਮੋਰਚਿਆਂ ਦਾ ਪਰਛਾਵਾਂ ਛਾਇਆ ਹੋਇਆ ਹੋਣ ਕਰਕੇ ਸ਼੍ਰੋਮਣੀ ਅਕਾਲੀ ਦਲ ਉੱਪਰ ਭਾਰੂ ਹੋ ਗਿਆ ਜਾਪਦਾ ਸੀ।

ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਆਗੂਆਂ ਅਧਿਕਾਰੀਆਂ ਦੇ ਹੁਕਮ ਨਾਲ ਸੇਵਾਦਾਰਾਂ ਵਲੋਂ ਸਮੁੰਦਰੀ ਹਾਲ ਦੇ ਮੇਨ ਗੇਟ ਨੂੰ ਜੰਦਰਾ ਲਗਾ ਦਿੱਤਾ ਗਿਆ ਸੀ ਅਤੇ ਉਸ ਉੱਪਰ ਪਹਿਰਾ ਦੇ ਰਿਹਾ ਗੰਨ ਮੈਨ ਵੀ ਉੱਥੇ ਕੋਈ ਮੋਰਚਾ ਨਾ ਹੋਣ ਕਰਕੇ, ਉਥੋਂ ਬਿਲਕੁਲ ਨਾਲ ਪੈਂਦੇ ਇਨਕੁਆਇਰੀ ਰੂਮ ਅੰਦਰ ਜਾ ਬੈਠਾ ਸੀ।

ਸਮੁੰਦਰੀ ਹਾਲ ਦੀ ਇਮਾਰਤ ਦੇ ਅੰਦਰ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ, ਅਕਾਲੀ ਦਲ ਦੇ ਛੋਟੇ ਵੱਡੇ ਜਥੇਦਾਰਾਂ ਅਤੇ ਯੂਥ ਅਕਾਲੀ ਦਲ ਦੇ ਵਰਕਰਾਂ ਤੋਂ ਇਲਾਵਾ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਬਾਡੀ ਗਾਰਡਾਂ ਦੀ ਕਾਫੀ ਭਰਮਾਰ ਸੀ, ਪਰ ਇਸਦੇ ਬਾਵਜੂਦ ਉਥੇ ਕਿਸੇ ਤਰ੍ਹਾਂ ਦੀ ਵੀ ਸਰਗਰਮੀ ਤੇ ਜੁਝਾਰੂ ਜੀਵਨ ਵਾਲੀ ਕੋਈ ਗੱਲ ਵੇਖਣ ਵਿਚ ਨਹੀਂ ਸੀ ਆ ਰਹੀ ਕਿਉਂਕਿ ਸਮੁੰਦਰੀ ਹਾਲ ਅੰਦਰ ਅਕਾਲੀ ਆਗੂਆਂ ਅਤੇ ਹੋਰ ਬਹੁਤ ਸਾਰੇ ਅਧਿਕਾਰੀਆਂ ਕਰਮਚਾਰੀਆਂ ਤੇ ਵਰਕਰਾਂ ਦਾ ਭਾਰੀ ਜਮਘਟਾ ਹੋਣ ਦੇ ਬਾਵਜੂਦ ਸਮੁੱਚੇ ਵਾਤਾਵਰਨ ਵਿਚ ਬੜੀ ਦੱਬੀ ਘੁੱਟੀ ਜਿਹੀ ਸਹਿਮੀ ਸਿਮਟੀ ਹੋਈ ਚੁੱਪ ਛਾਈ ਹੋਈ ਸੀ ਅਤੇ ਇਸ ਡੂੰਘੀ ਚੁੱਪ ਨੂੰ ਜੇਕਰ ਕੋਈ ਆਵਾਜ਼ ਤੋੜਨ ਭੰਨਣ ਦਾ ਕਾਰਨ ਬਣ ਰਹੀ ਸੀ ਤਾਂ ਉਹ ਕੰਪਲੈਕਸ ਅੰਦਰ ਵਰ੍ਹ ਰਹੀਆਂ ਗੋਲੀਆਂ ਦੀ ਦਨਦਨਾਉਂਦੀ ਹੋਈ ਤੜ ਤੜ ਦੀ ਭਿਆਨਕ ਆਵਾਜ਼ ਹੀ ਸੀ ਤੇ ਜਾਂ ਫਿਰ ਸਮੁੰਦਰੀ ਹਾਲ



ਅੰਦਰਲੇ ਮਾਹੌਲ ਵਿਚ ਮੱਧਮ ਮੱਧਮ ਬੋਲਾਂ ਅਤੇ ਉਦਾਸ ਤੇ ਢਹਿੰਦੀ ਕਲਾ ਵਾਲੀ ਵਾਰਤਾਲਾਪ ਦੀ ਘੁਸਰ ਮੁਸਰ ਦੀ ਸੀ।

ਸਮੁੰਦਰੀ ਹਾਲ ਦੀ ਵਿਚਕਾਰਲੀ ਮੰਜ਼ਲ ਉੱਪਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਤੇ ਡਿਕਟੇਟਰ ਧਰਮ ਯੁਧ ਮੋਰਚਾ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਰਿਹਾਇਸ਼ੀ ਕਮਰਾ ਸੀ। ਇਸ ਕਮਰੇ ਦੇ ਬਾਹਰ ਗੁਰੂ ਨਾਨਕ ਨਿਵਾਸ ਵੱਲ ਨੂੰ ਪੈਂਦੇ ਬਰਾਮਦੇ ਵਿਚ ਅਕਸਰ ਸਿਖ ਸੰਗਤਾਂ, ਮੁਲਾਕਾਤੀਆਂ, ਅਖਬਾਰੀ ਨੁਮਾਇੰਦਿਆਂ, ਅਕਾਲੀ ਦਲ ਦੇ ਛੋਟੇ ਵਡੇ ਜਥੇਦਾਰਾਂ ਤੇ ਵਰਕਰਾਂ ਅਤੇ ਲੌਂਗੋਵਾਲ ਸਾਹਿਬ ਦੇ ਬਾਡੀਗਾਰਡਾਂ ਦੀ ਭਾਰੀ ਭੀੜ ਲੱਗੀ ਰਹਿੰਦੀ ਸੀ; ਇਥੋਂ ਤੱਕ ਕਿ ਬਰਾਂਡੇ ਦੇ ਵਿਚ ਇਕ ਪਾਸੇ ਜਿਹੇ ਕਰਕੇ ਡੱਠੇ ਰਹਿਣ ਵਾਲੇ ਬੈਂਚਾਂ ਨੂੰ ਕਦੀ ਘੱਟੇ ਸਾਹ ਨਹੀਂ ਮਿਲਦਾ ਸੀ। ਪਰ ਅੱਜ ਇਹ ਬੈਂਚ ਫਾਇਰਿੰਗ ਸ਼ੁਰੂ ਹੋਣ ਦੇ ਨਾਲ ਹੀ ਉੱਥੋਂ ਅਲੋਪ ਹੋ ਗਏ ਸਨ।

ਇਸ ਮਾਹੌਲ ਵਿਚ ਜਦੋਂ ਮੈਂ ਆਪਦੇ ਇਕ ਨਿਕਟ ਵਰਤੀ ਦੋਸਤ ਸੰਬੰਧੀ ਸਰਬਜੀਤ ਸਿੰਘ ਭੁਲਰ ਅਤੇ ਕੁਝ ਇਕ ਹੋਰ ਸਿੰਘਾਂ ਨਾਲ ਗੁਰੂ ਨਾਨਕ ਨਿਵਾਸ ਦੀ ਤੀਸਰੀ ਮੰਜ਼ਲ ਤੋਂ ਸਮੁੰਦਰੀ ਹਾਲ ਦੇ ਖੁੱਲੇ ਦਾਲਾਨ ਵੱਲ ਪੈਂਦੇ ਬਰਾਮਦੇ 'ਚ ਖਲੋਕੇ ਕੰਪਲੈਕਸ ਦੇ ਗੋਲੀਆਂ ਧਰੁੱਚੇ ਵਿਸ਼ਾਲ ਵਾਤਾਵਰਨ ਵੱਲ ਝਾਕ ਰਿਹਾ ਸਾਂ ਤਾਂ ਉਸ ਸਮੇਂ ਗੁਰੂ ਨਾਨਕ ਨਿਵਾਸ ਦੀ ਦੂਸਰੀ ਮੰਜ਼ਲ ਉੱਪਰ ਇਕ ਐਸੀ ਛੋਟੀ ਜਿਹੀ ਪਰ ਅਲੌਕਕ ਭਾਵ ਪ੍ਰਕਰ ਘਟਨਾ ਵਾਪਰੀ ਜਿਸ ਦੇ ਵਾਪਰਨ ਨਾਲ ਸਾਡੇ ਸਾਹਮਣੇ ਜੁਝਾਰੂ ਸਿੰਘਾਂ, ਜਿਨ੍ਹਾਂ ਦੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਮਨਬਚ ਕਰਮ ਪੱਖੋਂ ਨਜ਼ਰਿਆਤੀ ਸਾਂਝ ਸੀ ਅਤੇ ਦੂਸਰੇ ਪਾਸੇ ਜਿਨ੍ਹਾਂ ਦੀ ਭਾਰਤੀ ਕੌਮੀ ਏਕਤਾ ਤੇ ਭਾਰਤ ਦੀ ਅਖੰਡਤਾ ਦੇ ਵਣਜਾਰੇ ਅਰਥਾਤ ਝੰਡਾ ਬਰਦਾਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸੋਚ ਤੇ ਨੀਤੀ ਨਾਲ ਲਗਾਉ ਸੀ, ਦੇ ਵੱਖ ਵੱਖ ਖਾਸੇ ਤੇ ਕਰਦਾਰ ਦਾ ਤਸੱਵਰ ਸਾਡੇ ਸਾਹਮਣੇ ਸੁਭਾਵਕ ਰੂਪ 'ਚ ਹੀ ਉੱਭਰ ਕੇ ਆ ਗਿਆ ਸੀ।

ਇਨ੍ਹਾਂ ਦੋਹਾਂ ਧਿਰਾਂ ਵਿਚਕਾਰ ਆਵਾਜ਼ਾਂ ਤੇ ਰੌਲੇ ਰੱਪੇ ਪੱਖੋਂ ਝਗੜਾ ਏਨਾ ਜ਼ੋਰਦਾਰ ਸੀ ਕਿ ਉਸਦੇ ਸ਼ੋਰ-ਸ਼ਰਾਬੇ ਨੇ ਕੁਝ ਪਲਾਂ ਲਈ ਗੁਰੂ ਨਾਨਕ ਨਿਵਾਸ ਦੀ ਸਮੁੱਚੀ ਇਮਾਰਤ ਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ।

ਜਿਸ ਸਮੇਂ ਅਸੀਂ ਇਸ ਰੌਲੇ ਰੱਪੇ ਨੂੰ ਸੁਣਕੇ ਤੇਜ਼ ਤੇਜ਼ ਕਦਮ ਪੁਟਦੇ ਹੋਏ ਥੱਲੇ ਦੀ ਮੰਜ਼ਲ ਤੇ ਪਹੁੰਚੇ ਤਾਂ ਉਸ ਸਮੇਂ ਉਥੇ ਅਕਾਲ ਫੈਡਰੇਸ਼ਨ ਦੇ ਮੰਜੀ ਸਾਹਿਬ ਦੀਵਾਨ ਹਾਲ ਵੱਲ ਨੂੰ ਪੈਂਦੇ ਮੋਰਚੇ ਤੋਂ ਕੁਝ ਕਦਮ ਉਰੇ ਹੀ ਪੌੜੀਆਂ ਦੇ ਨਜ਼ਦੀਕ ਬਰਾਂਡੇ ਦੇ ਵਿਚ ਅਵਤਾਰ ਸਿੰਘ ਸਰਹਾਲੀ ਅਤੇ ਪਰਮਜੀਤ ਸਿੰਘ ਸੁੰਦਰ ਨਗਰ ਨੇ ਯੂਥ ਅਕਾਲੀ ਦਲ (ਲੌਂਗੋਵਾਲ ਅਕਾਲੀ ਦਲ ਦਾ ਯੂਥ ਵਿੰਗ) ਦੇ ਤਿੰਨਾਂ ਜਵਾਨਾਂ ਨੂੰ ਆਪਣੇ ਹੇਠਾਂ ਸੁੱਟ ਕੇ ਉਹਨਾਂ ਨੂੰ ਸੋਕੜ ਲਾਉਣੀ ਸ਼ੁਰੂ ਕੀਤੀ ਹੋਈ ਸੀ।

ਜਦ ਉੱਥੇ ਇਸ ਰੌਲੇ ਵਿਚ ਹੀ ਇਨ੍ਹਾਂ ਜਵਾਨਾਂ ਦਾ ਛੁੱਡ-ਛੁਡਵਾ ਕਰਵਾਇਆ ਗਿਆ ਤਾਂ ਪਤਾ ਲਗਾ ਕਿ ਝਗੜਾ ਯੂਥ ਅਕਾਲੀ ਦਲ ਦੇ ਜਵਾਨਾਂ ਵਲੋਂ ਇਹ ਗੱਲ ਕਹਿਣ ਤੇ ਸ਼ੁਰੂ ਹੋਇਆ ਸੀ ਕਿ, 'ਲੌਂਗੋਵਾਲ ਸਾਹਿਬ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਦਿੱਲੀ ਟੈਲੀਫੂਨ ਖੜਕਾਉਣਾ ਸ਼ੁਰੂ ਕਰ ਦਿੱਤਾ ਹੈ। ਬਸ, ਜਦੋਂ ਹੀ ਗਿਆਨੀ ਜ਼ੈਲ ਸਿੰਘ ਨੇ ਟੈਲੀਫੂਨ ਚੁੱਕ ਲਿਆ ਤਾਂ ਉਸਨੇ ਉਸੇ ਵੇਲੇ ਹੀ ਗੋਲੀ ਬੰਦ ਕਰਵਾ ਦੇਣ ਦਾ ਹੁਕਮ ਜਾਰੀ ਕਰ ਦੇਣਾ, ਕਿਉਂਕਿ ਲੌਂਗੋਵਾਲ ਸਾਹਿਬ ਇਸ ਵੇਲੇ ਬਹੁਤ ਹੀ ਗੁੱਸੇ ਵਿਚ ਨੇ।'

ਅਗੋਂ ਪਰਮਜੀਤ ਸਿੰਘ ਸੁੰਦਰ ਨਗਰ ਦਾ ਇਹ ਜਵਾਬ ਸੀ ਕਿ 'ਜੇ ਲੌਂਗੋਵਾਲ ਦੇ ਗੁੱਸੇ ਦਾ ਭਾਰਤ ਸਰਕਾਰ ਤੇ ਰਾਸ਼ਟਰਪਤੀ ਨੂੰ ਏਨਾ ਡਰ ਹੁੰਦਾ ਤਾਂ ਫਿਰ ਸੀ. ਆਰ. ਪੀ. ਨੂੰ ਮਸ਼ੀਨ ਗੰਨਾਂ ਦੇ ਮੂੰਹ ਸ੍ਰੀ ਦਰਬਾਰ ਸਾਹਿਬ ਵੱਲ ਕਰਨ ਦੀ ਜੁਰਅਤ ਕਿਵੇਂ ਪੈ ਸਕਦੀ ਸੀ? ਸਰਕਾਰ ਨੂੰ ਸਭ ਪਤਾ ਹੈ ਕਿ ਲੌਂਗੋਵਾਲ ਤੇ ਉਸਦਾ ਸ਼੍ਰੋਮਣੀ ਅਕਾਲੀ ਦਲ ਕਿੰਨੇ ਕੁ ਪਾਣੀਆਂ ਵਿਚ ਨੇ, ਪਿਛਲੇ ਦੋਂਹ ਸਾਲਾਂ ਤੋਂ ਲੈ ਕੇ ਹੁਣ ਤੱਕ ਢਾਈ ਲੱਖ ਤੋਂ ਉੱਤੇ ਉੱਤੇ ਗ੍ਰਿਫਤਾਰੀਆਂ ਵੀ ਹੋ ਗਈਆਂ, ਸਭ ਪਾਸਿਆਂ ਤੋਂ ਰਲਾ-ਮਿਲਾ ਕੇ ਹਜ਼ਾਰ ਦੇ ਲਾਗੇ ਛਾਗੇ ਸ਼ਹੀਦੀਆਂ ਵੀ ਪਹੁੰਚ ਚੁੱਕੀਆਂ। ਤੂੰ ਮੈਨੂੰ ਇਹ ਦੱਸ ਕਿ ਅੱਜ ਤੱਕ ਭਾਰਤ ਸਰਕਾਰ ਨੇ ਇਨ੍ਹਾਂ ਦੀ ਇਕ ਵੀ ਗੱਲ ਮੰਨੀ ਆ? ਹੁਣ ਗਿਆਨੀ (ਗਿਆਨੀ ਜ਼ੈਲ ਸਿੰਘ) ਇਹਦਾ ਵੱਡੇ ਸਰਦਾਰ-ਏ-ਆਜ਼ਮ ਦਾ ਹੁਕਮ ਕਿਵੇਂ ਮੰਨ ਜਾਊ। ਨਾਲੇ ਗਿਆਨੀ ਦੀ ਤਾਂ ਆਪ ਸੈਂਟਰ ਸਰਕਾਰ ਵਿਚ ਕਾਣੀ ਖੋਤੀ ਜਿੰਨੀ ਵੀ ਪੁੱਛ ਗਿੱਛ ਨਹੀਂ, ਇੰਦਰਾ ਦੀ ਸਰਕਾਰ ਸਾਹਮਣੇ ਗਿਆਨੀ ਦੀ ਕੀ ਜਾਹ ਵਾ ਜੇ ਉੱਚੀ ਸਾਹ ਵੀ ਲੈ ਜਾਵੇ। ਗਿਆਨੀ ਤਾਂ ਅਸਲ ਵਿਚ ਇੰਦਰਾ ਦਾ ਚਪਲ ਚੱਟ ਝਾੜੂ ਬਰਦਾਰ ਵਾ। ਏਸ ਲਈ ਉਹ ਲੌਂਗੋਵਾਲ ਦੀ ਗੱਲ ਮੰਨੂ ਕਿ ਮਲਕਾਂ ਇੰਦਰਾ ਦਾ ਹੁਕਮ ਮੰਨੂ? ਗੱਲ ਕਰਨ ਲਗਿਆਂ ..............।'

'.....ਨਾ, ਇਹਨੂੰ ਲੌਂਗੋਵਾਲ ਨੂੰ ਕੋਈ ਪੁੱਛੇ ਕਿ ਅਜ ਤਕ ਇਹਦੀ ਕਿਸੇ ਨਿੱਕੀ ਮੋਟੀ ਗੱਲ ਜਾਂ ਧਮਕੀ ਦਾ ਸਰਕਾਰ ਤੇ ਕੋਈ ਅਸਰ ਵੀ ਹੋਇਆ? ਸਰਕਾਰਾਂ ਹਮੇਸ਼ਾ ਅਸਰ ਉਹਦੀ ਗੱਲ ਦਾ ਮੰਨਦੀਆਂ ਹੁੰਦੀਆਂ ਜਿੰਨਾ ਦੀ ਜ਼ਮੀਰ ਦਾ ਕੋਈ ਵਜ਼ਨ ਹੁੰਦਾ ਤੇ ਜਿੰਨ੍ਹਾਂ ਵਿਚ ਆਪਣੀ ਗੱਲ ਉੱਤੇ ਪਹਿਰਾ ਦੇਣ ਦਾ ਬਲ ਤੇ ਗੁਣ ਹੁੰਦਾ। ਇਹ ਲੌਂਗੋਵਾਲ ਤਾਂ ਇਕ ਦਿਨ ਪਹਿਲਾਂ ਧਮਕੀ ਦੇਂਦਾ ਤੇ ਉਪਰੋਂ ਦੂਜੇ ਦਿਨ ਪੈਰ 'ਤੇ ਹੀ ਮੁੱਕਰ ਜਾਂਦਾ। ਜੇ ਲੌਂਗੋਵਾਲ ਤੇ ਟੌਹੜੇ ਵਿਚ ਥੋਹੜੀ ਜਿੰਨੀ ਵੀ ਕੋਈ ਬੰਦਿਆਂ ਵਾਲੀ ਗੱਲ ਹੁੰਦੀ ਤਾਂ ਫਿਰ ਇਹ ਲੋਕ ਅਨੰਦ ਪੁਰ ਸਾਹਿਬ ਦੇ ਮਤੇ ਨੂੰ ਏਨੀ ਵਾਰ ਬਦਲਵੇਂ ਬਦਲਵੇਂ ਢੰਗਾਂ 'ਚ ਕਿਉਂ ਪੇਸ਼ ਕਰਦੇ ਤੇ ਇਸਦੇ ਅਸਲ ਰੰਗ ਨੂੰ ਲੁਕਾਉਂਦੇ ਫਿਰਦੇ?'

'.....ਏਸ ਲਈ ਇਹੋ ਜਿਹੇ ਬੰਦਿਆਂ ਦੀ ਵਡਿਆਈ ਕਰਨ ਲਗਿਆਂ ਕੁਝ ਥੋਹੜੀ ਬਹੁਤ ਸ਼ਰਮ ਖਾ ਲਈਦੀ ਹੁੰਦੀ ਆ। ਹੁਣ ਇਹ ਲੋਕ ਆਹ ਜਿਹੜਾ ਸਰਕਾਰ ਨਾਲ ਅੰਦਰ ਖਾਨੇ ਛੋਟੀਆਂ ਮੋਟੀਆਂ ਮੰਗਾਂ ਉੱਤੇ ਚੋਰੀ ਚੋਰੀ ਸਮਝੌਤਾ ਕਰਨ ਦੇ ਦਾਅ ਖੇਡਨ ਲਗੇ ਹੋਏ ਨੇ, ਇਹ ਕੋਈ ਇਨ੍ਹਾਂ ਦੀਆਂ ਦਸਮ ਪਿਤਾ ਦੇ ਸਿਘਾਂ ਵਾਲੀਆਂ ਗੱਲਾਂ ਥੋਹੜੀਆਂ। ਪਹਿਲਾਂ ਇਨ੍ਹਾਂ ਲੋਕਾਂ ਨੇ ਅਨੰਦ ਪੁਰ ਮਤੇ ਦੇ ਨਾਂ ਉੱਤੇ ਸਿੱਖਾਂ ਲਈ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਨ ਤੇ ਪੰਜਾਬ ਅੰਦਰ ਖਾਲਸਾ ਜੀ ਦੇ ਬੋਲ ਬਾਲੇ ਕਾਇਮ ਕਰਨ ਦੀਆਂ ਫੜ੍ਹਾਂ ਮਾਰੀਆਂ ਫਿਰ ਇਨ੍ਹਾਂ ਨੇ ਹਿੰਦੁਸਤਾਨ ਭਰ ਦੇ ਸੂਬਿਆਂ ਲਈ ਵਧ ਅਧਿਕਾਰਾਂ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਫਿਰ ਇਹ ਇੰਦਰਾ ਤੇ ਭਾਰਤ ਦੀ ਏਕਤਾ ਦੇ ਕੁਝ ਲਗਦੇ ਪੰਝਤਾਲੀ ਮੰਗਾਂ 'ਤੇ ਆ ਗਏ ਤੇ ਇਸ ਤੋਂ ਪਿਛੋਂ ਹੁਣ ਇਨ੍ਹਾਂ ਨੇ ਪੰਦਰਾਂ ਮੰਗਾਂ ਦਾ ਚਾਰਟਰ ਕੱਢ ਮਾਰਿਆ। ਇਨ੍ਹਾਂ ਦਿਨਾਂ ਵਿਚ ਤਾਂ ਇਹ ਅਫਵਾਹ ਫੈਲੀ ਹੋਈ ਆ ਕਿ ਲੌਂਗੋਵਾਲ ਦੀ ਸਲਾਹ ਨਾਲ ਸੁਰਜੀਤ ਸਿੰਘ ਸਰਨਾਲਾ ਬਲਵੰਤ ਸਿੰਘ ਰਾਮੂਵਾਲੀਆ ਤੇ ਬਲਵੰਤ ਸਿੰਘ ਸਾਬਕਾ ਖਜ਼ਾਨਾ ਮੰਤਰੀ ਪਿਛਲੇ ਦਿਨਾਂ ਵਿਚ ਸਮੁੰਦਰੀ ਹਾਲ ਤੇ ਦਿੱਲੀ ਦੇ ਵਿਚਕਾਰ ਜੁਲਾਹਿਆਂ ਦੀ ਨਾਲ ਵਾਂਗੂ ਫਿਰਦੇ ਰਹੇ ਨੇ ਤੇ ਹੁਣ ਐਵੇਂ ਛੋਟੀਆਂ ਮੋਟੀਆਂ ਪੰਜਾਂ ਸੱਤਾਂ ਮੰਗਾਂ ਉੱਪਰ ਹੀ ਸਮਝੌਤਾ ਕਰਨ ਲਈ ਤਿਆਰ ਹੋਏ ਬੈਠੇ ਨੇ।

ਇਨ੍ਹਾਂ ਗੱਲਾਂ ਤੋਂ ਇਲਾਵਾ ਇਹ ਆਗੂ ਜੋ ਅੱਜ ਕੱਲ ਦਿੱਲੀ ਸਰਕਾਰ ਦੀ ਪੁਸ਼ੱਤ 'ਚ ਵੜਕੇ



ਸੰਤ ਭਿੰਡਰਾਂਵਾਲਿਆਂ ਦੇ ਖਿਲਾਫ ਸਕੀਮਾਂ ਬਨਾਉਂਦੇ ਤੇ ਸਾਜ਼ਸ਼ਾਂ ਘੜਦੇ ਫਿਰਦੇ ਨੇ ਉਹ ਗੱਲਾਂ ਵੀ ਸਾਥੋਂ ਕੋਈ ਭੁੱਲੀਆਂ ਹੋਈਆਂ ਤਾਂ ਨਹੀਂ। ਇਹ ਆਗੂ ਤਾਂ ਮਸੰਦਾਂ ਨਾਲੋਂ ਵੀ ਟੱਪ ਗਏ ਨੇ। ਏਦਾਂ ਦਾ ਕਾਰਾ ਆਪਣੀ ਕੁਲ ਨਾਲ ਕਰਨ ਲੱਗਿਆਂ ਤਾਂ ਲੋਕਾਂ ਦੇ ਬੱਚਿਆਂ ਦਾ ਕਲੇਜਾ ਕੱਢ ਕੇ ਖਾਣ ਵਾਲੀਆਂ ਡੈਣਾਂ ਤੇ ਚੁੜੇਲਾਂ ਵੀ ਹਜ਼ਾਰ ਵਾਰ ਸੋਚਦੀਆਂ ਪਰ ਇਹ ਆਗੂ ਤਾਂ ਪੰਥ ਦੀਆਂ ਆਂਦਰਾਂ ਨੂੰ ਧੂਹ ਪਾਉਣ ਤੇ ਕਲੇਜੇ ਨੂੰ ਹੱਥ ਪਾਉਣ ਪੱਖੋਂ ਉਹਨਾਂ ਡੈਣਾਂ ਤੇ ਚੁੜੇਲਾਂ ਨਾਲੋਂ ਵੀ ਦੋ ਰੱਤੀਆਂ ਅਗੇ ਹੋ ਗਏ ਨੇ। ਮੈਨੂੰ ਤਾਂ ਲਗਦਾ ਕਿ ਇਕ ਦਿਨ ਹੁਣ ਇਹੋ ਜਿਹੇ ਸਭ ਛੋਟੇ ਵਡੇ ਆਗੂਆਂ ਨੂੰ ਤੇਲ ਦੇ ਕੜਾਹਿਆਂ 'ਚ ਪਾ ਕੇ ਈ ਸਾੜਨਾ ਪੈਣਾ। ਹਨੇਰਸਾਈਂ ਦਾ, ਦਸਮ ਪਿਤਾ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਾਜਿਆ ਨਵਾਜਿਆ ਪੰਥ ਹੋਵੇ ਤੇ ਅੱਜ ਉਸਦੇ ਆਗੂ ਇਹੋ ਜਿਹੇ ਨਖਿਧ ਗੰਦੀ ਰੂਕ ਤੇ ਬੇਜ਼ਮੀਰੇ ਲੋਕ ਬਣਕੇ ਸਭ ਥਾਂ ਤੇ ਅੱਗੇ ਆ ਖਲੋਤੇ ਨੇ......'

'....ਵੇਖ ਓਏ ਅਵਤਾਰ ਸਿਹਾਂ, ਜੇ ਹੁਣ ਕੋਈ ਅੱਗੋਂ ਗੱਲ ਕੀਤੀ ਤਾਂ ਫਿਰ ਸਾਥੋਂ ਬੁਰਾ ਕੋਈ ਨਹੀਂ ਹੋਵੇਗਾ। ਜ਼ਬਾਨ ਨੂੰ.......'

'ਤਾਂ ਫਿਰ ਕੀ ਓਏ!....ਆ ਫਿਰ ਵੇਖ ਲਾ ਜੇ ਏਡਾ ਈ ਵਿਹੁ ਆਂ ਤੂੰ?'

ਇਸ ਵਾਰੀ ਅਵਤਾਰ ਸਿੰਘ ਸਰਹਾਲੀ ਨੇ ਇਹ ਗੱਲ ਕਹਿਣ ਦੇ ਨਾਲ ਹੀ ਆਪਣੀ ਰਾਈਫਲ ਤੇ ਗੋਲੀਆਂ ਵਾਲਾ ਝੋਲਾ ਆਪਣੇ ਇਕ ਸਾਥੀ ਨੂੰ ਫੜਾ ਦਿੱਤਾ।

ਯੂਥ ਅਕਾਲੀ ਦਲ ਦਾ ਜਵਾਨ ਜ਼ਰਾ ਕੁ ਜੋਸ਼ ਨਾਲ ਅੱਗੇ ਵਧਕੇ ਕੁਝ ਕਹਿਣ ਹੀ ਲੱਗਾ ਸੀ ਕਿ ਅਵਤਾਰ ਸਿੰਘ ਦੇ ਕੋਲ ਹੀ ਕਿੰਨੇ ਚਿਰ ਤੋਂ ਭਰੇ ਪੀਤੇ ਖਲੋਤੇ ਹੋਏ ਪਰਮਜੀਤ ਸਿੰਘ ਸੁੰਦਰ ਨਗਰ ਨੇ ਉਸਨੂੰ ਪਹਿਲਾਂ ਹੀ ਜਾ ਦਬੋਚਿਆ ਅਤੇ ਅਵਤਾਰ ਸਿੰਘ ਨੇ ਉਸਦੇ ਦੋ ਹੋਰ ਸਾਥੀਆਂ ਨੂੰ ਅੱਗੇ ਵਧਦਿਆਂ ਹੋਇਆਂ ਵੇਖ ਉਹਨਾਂ ਨੂੰ ਅੱਗੜ ਪਿਛੜ ਹੀ ਆਪਣੇ ਹੇਠਾਂ ਸੁਟ ਲਿਆ।

ਵੇਖਦਿਆਂ ਹੀ ਵੇਖਦਿਆਂ ਉੱਥੇ ਕੋਈ ਪੰਜੀ ਤੀਹ ਦੇ ਲਗਪਗ ਸਿੰਘ ਇਕੱਠੇ ਹੋ ਗਏ ਸਨ ਜਿਨ੍ਹਾਂ ਨੇ ਵਿਚ ਪੈ ਪਵਾ ਕੇ ਬੜੇ ਜ਼ੋਰ ਨਾਲ ਸਿੰਘਾਂ ਦੀ ਹਟ ਹਟਾਈ ਕਰਵਾਈ ਅਤੇ ਇਸ ਤੋਂ ਪਿਛੋਂ ਉੱਥੇ ਇਕੱਠੇ ਹੋਏ ਸਿੰਘਾਂ ਵਿਚਕਾਰ ਵੱਖ ਵੱਖ ਪਹਿਲੂਆਂ ਤੋਂ ਭਾਰਤ ਸਰਕਾਰ ਤੇ ਹਿੰਦੂ ਸਾਮਰਾਜ ਦੀ ਸਿੱਖ ਕੌਮ ਬਾਰੇ ਅਖਤਿਆਰ ਕੀਤੀ ਹੋਈ ਘਾਤਕ ਤੇ ਮਾਰੂ ਨੀਤੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀਆਂ ਕਮਜ਼ੋਰੀਆਂ, ਖਾਲਸਾ ਪੰਥ ਪ੍ਰਤੀ ਗਲਤ ਸੋਚ ਤੇ ਪਹੁੰਚ ਬਾਰੇ ਭਾਂਤ ਭਾਂਤ ਦੀਆਂ ਗੱਲਾਂ ਸ਼ੁਰੂ ਹੋ ਗਈਆਂ ਸਨ।

ਇਸ ਮਾਹੌਲ ਵਿਚ ਅਜੇ ਯੂਥ ਅਕਾਲੀ ਦਲ ਦੇ ਜਵਾਨ ਆਪਣੀਆਂ ਕੂਹਨੀਆਂ ਅਤੇ ਗੋਡਿਆਂ ਉਪਰ ਆਈਆਂ ਰਗੜਾਂ ਝਰੀਟਾਂ ਮਲ ਹੀ ਰਹੇ ਸਨ ਅਤੇ ਲੀੜੇ ਕਪੜੇ ਝਾੜ ਰਹੇ ਸਨ ਅਤੇ ਕੁਝ ਸਿੰਘਾਂ ਨੇ ਪਰਮਜੀਤ ਸਿੰਘ ਸੁੰਦਰ ਨਗਰ ਤੇ ਅਵਤਾਰ ਸਿੰਘ ਸਰਹਾਲੀ ਨੂੰ ਪਰ੍ਹਾਂ ਕਮਰਿਆਂ ਵੱਲ ਕੀਤਾ ਹੀ ਸੀ ਕਿ ਜਥੇਦਾਰ ਸੁਖਦੇਵ ਸਿੰਘ ਬੱਬਰ ਖਾਲਸਾ ਦੇ ਗਰੁੱਪ ਦੇ ਕੋਈ ਚਾਰ ਪੰਜ ਜਵਾਨ ਹਥਿਆਰ ਬੰਦ ਰੂਪ ਵਿਚ ਉਪਰਲੀ ਮੰਜ਼ਲ ਤੋਂ ਬੜੀ ਤੇਜ਼ੀ ਨਾਲ ਪੌੜੀਆਂ ਉਤਰਦੇ ਹੋਏ ਸਰਪੱਟ ਹੀ ਥੱਲੇ ਦੀ ਮੰਜ਼ਲ ਵੱਲ ਨੂੰ ਉੱਤਰ ਗਏ।

ਬੱਬਰ ਖਾਲਸਾ ਦੇ ਇਹ ਜਵਾਨ ਅਜੇ ਗੁਰੂ ਨਾਨਕ ਨਿਵਾਸ ਦੇ ਦਾਲਾਨ 'ਚੋਂ ਦੀ ਹੁੰਦੇ ਹੋਏ ਮੇਨ ਗੇਟ ਤੋਂ ਬਾਹਰ ਸੜਕ ਉੱਪਰ ਨਿਕਲੇ ਹੀ ਸਨ ਕਿ ਇਕ ਭਰਵੇਂ ਜੁੱਸੇ ਵਾਲਾ ਜਵਾਨ ਜੋ ਵੇਖਣ

ਵਿਚ ਡੌਲ ਡੌਲ ਤੇ ਪਹਿਲਵਾਨ ਲਗਦਾ ਸੀ, ਲਹੂ-ਲੁਹਾਨ ਹੋਏ ਭਾਈ ਕੁਲਵੰਤ ਸਿੰਘ ਜਗਾਧਰੀ ਨੂੰ ਆਪਣੇ ਮੋਢੇ 'ਤੇ ਪਾਈ ਬਾਬਾ ਅਟੱਲ ਸਾਹਿਬ ਵੱਲੋਂ ਗੁਰੂ ਨਾਨਕ ਨਿਵਾਸ ਵੱਲ ਨੂੰ ਇਕਲਾ ਹੀ ਅੱਗੇ ਵਧ ਰਿਹਾ ਸੀ।

ਜਦ ਗੁਰੂ ਨਾਨਕ ਨਿਵਾਸ ਦੀ ਦੂਸਰੀ ਮੰਜ਼ਲ ਉੱਤੇ ਖਲੋਤੇ ਹੋਏ ਸਿੰਘਾਂ ਨੇ ਇਹ ਦ੍ਰਿਸ਼ ਵੇਖਿਆ ਤਾਂ ਉਸਤੋਂ ਐਵੇਂ ਕੁਝ ਪਲ ਪਿਛੋਂ ਕੰਪਲੈਕਸ ਦੇ ਸਮੁੱਚੇ ਮਾਹੌਲ ਵਿਚ ਇਹ ਗੱਲ ਆਮ ਚੱਕਰ ਲਾ ਰਹੀ ਸੀ ਕਿ 'ਦੁਪਹਿਰ ਤੋਂ ਲੈਕੇ ਹੁਣ ਤਕ ਕੰਪਲੈਕਸ ਦੇ ਅੰਦਰ ਅੰਦਰ ਕਈ ਸਤ ਸਿੰਘ ਸ਼ਹੀਦੀਆਂ ਪਾ ਚੁੱਕੇ ਨੇ (ਇਸ ਦਿਨ ਕੰਪਲੈਕਸ ਅੰਦਰ ਕੁਲ ਗਿਆਰਾਂ ਸ਼ਹੀਦੀਆਂ ਹੋਈਆਂ ਸਨ) ਅਤੇ ਦਰਜਨ ਤੋਂ ਉੱਤੇ ਸਿੰਘ ਜ਼ਖਮੀ ਹੋ ਗਏ ਨੇ।

ਜਿਸ ਸਮੇਂ ਭਾਈ ਕੁਲਵੰਤ ਸਿੰਘ ਦੀ ਬੇਹੋਸ਼ ਤੇ ਆਖਰੀ ਸਵਾਸ ਲੈ ਰਹੀ ਦੇਹ ਗੁਰੂ ਨਾਨਕ ਨਿਵਾਸ ਦੀ ਚੌਥੀ ਮੰਜ਼ਲ ਦੇ ਕਮਰਾ ਨੰਬਰ ਪੰਜਤਾਲੀ ਦੇ ਸਾਹਮਣੇ ਬਰਾਮਦੇ-ਗੈਲਰੀ ਦੇ ਨਾਲ ਕਰਕੇ ਟਿਕਾਈ ਜਾ ਰਹੀ ਸੀ ਤਾਂ ਉਸ ਸਮੇਂ ਮੰਜੀ ਸਾਹਿਬ ਦੀਵਾਨ ਹਾਲ ਵਲੋਂ ਜੋੜੇ ਘਰ ਦੇ ਨਜ਼ਦੀਕ ਤੱਕ ਜ਼ਖਮੀ ਹਾਲਤ ਵਿਚ ਹੀ ਰੀਂਗਦਾ ਰੀਂਗਦਾ ਆ ਚੁੱਕਾ ਕੋਈ ਅੱਧਖੜ ਉਮਰ ਦਾ ਇਕ ਹੋਰ ਸਿੰਘ ਬੇਹੋਸ਼ ਤੇ ਨਿਢਾਲ ਹੋ ਜਾਣ ਕਰਕੇ ਉੱਥੇ ਹੀ ਬੇਹਾਲ ਢਹਿ ਪਿਆ ਸੀ ਅਤੇ ਹੌਲੀ ਹੌਲੀ ਦਮ ਤੋੜ ਰਿਹਾ ਸੀ।



# 9.

ਅੰਮ੍ਰਿਤਸਰ ਸ਼ਹਿਰ ਦੀਆਂ ਨੀਊਜ਼ ਏਜੰਸੀਆਂ ਤੇ ਅਖ਼ਬਾਰੀ ਨੁਮਾਇੰਦਿਆਂ ਨੇ ਦਰਬਾਰ ਸਾਹਿਬ ਕੰਪਲੈਕਸ ਅਤੇ ਇਸਦੇ ਆਲੇ ਦੁਆਲੇ ਸੀ. ਆਰ. ਪੀ. ਵਲੋਂ ਕੀਤੀ ਜਾ ਰਹੀ ਫਾਇਰਿੰਗ ਕਾਰਨ ਪੈਦਾ ਹੋਈ ਸਥਿਤੀ ਬਾਰੇ ਸਭ ਪਾਸੇ ਦੂਰ ਦੂਰ ਤੱਕ ਖਬਰਾਂ ਪਹੁੰਚਾ ਦਿੱਤੀਆਂ ਸਨ।

ਸ੍ਰੀ ਦਰਬਾਰ ਸਾਹਿਬ ਉੱਪਰ ਗੋਲੀ ਚਲਾਈ ਜਾਣ ਦੀਆਂ ਖਬਰਾਂ ਦੀ ਤਸਦੀਕ ਸਬੰਧੀ ਅੰਮ੍ਰਿਤਸਰ ਦੇ ਲੋਕਾਂ ਨੂੰ ਟੈਲੀਫੂਨ ਤੇ ਟੈਲੀਫੂਨ ਆ ਰਹੇ ਸਨ ਜਿਸਦੇ ਜਵਾਬ ਵਿਚ ਸਿੱਖ ਸ਼ਹਿਰੀਆਂ ਵਲੋਂ ਉਹਨਾਂ ਨੂੰ ਪੈਰਾ-ਮਿਲਟਰੀ ਫੋਰਸਿਜ਼ ਵਲੋਂ ਕੰਪਲੈਕਸ ਉੱਪਰ ਵਰ੍ਹਾਈਆਂ ਜਾ ਰਹੀਆਂ ਗੋਲੀਆਂ ਦੀ ਸਚਾਈ ਤੋਂ ਪੂਰੇ ਵਿਸਥਾਰ ਨਾਲ ਜਾਣੂ ਕਰਵਾਇਆ ਜਾ ਰਿਹਾ ਸੀ।

ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਵੀ ਵੱਖ ਵੱਖ ਸ਼ਹਿਰਾਂ ਤੋਂ ਟੈਲੀਫੂਨ ਪਹੁੰਚ ਰਹੇ ਸਨ ਅਤੇ ਕਮੇਟੀ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵਲੋਂ ਉਹਨਾਂ ਨੂੰ ਸਾਰੀ ਹਕੀਕਤ ਤੋਂ ਜਾਣੂ ਕਰਵਾਇਆ ਜਾ ਰਿਹਾ ਸੀ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਇਲਾਵਾ ਅੰਮ੍ਰਿਤਸਰ ਸ਼ਹਿਰ ਦੇ ਬਹੁਤ ਸਾਰੇ ਸਿੱਖ ਵਪਾਰੀਆਂ ਤੇ ਦੁਕਾਨਦਾਰਾਂ ਨੇ ਵੀ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਡੇ ਵੱਡੇ ਸ਼ਹਿਰਾਂ ਵਿਚ ਰਹਿੰਦੇ ਆਪਣੇ ਕੁਝ ਇਕ ਸਾਕਾਂ ਸਨਬੰਧੀਆਂ ਨੂੰ ਕੰਪਲੈਕਸ ਅਤੇ ਅੰਮ੍ਰਿਤਸਰ ਦੇ ਹਾਲਾਤ ਬਾਰੇ ਟੈਲੀਫੂਨ ਰਾਹੀਂ ਖਬਰਾਂ ਪਹੁੰਚਾ ਦਿੱਤੀਆਂ ਸਨ।

ਦੂਸਰੇ ਪਾਸੇ ਭਾਰਤ ਸਰਕਾਰ ਵਲੋਂ ਪਰਚਾਰ ਤੇ ਪਰਸਾਰ ਸਾਧਨਾਂ ਰਾਹੀਂ ਭਾਵੇਂ ਇਹ ਦੱਸਿਆ ਜਾ ਰਿਹਾ ਸੀ ਕਿ ਫਾਇਰਿੰਗ ਦਾ ਵਟਾਂਦਰਾ ਦੋਂਹ ਪਾਸਿਆਂ ਤੋਂ ਅਰਥਾਤ ਸਿੱਖ ਅਤੇ ਸੀ. ਆਰ. ਪੀ. ਆਦਿ ਫੋਰਸਿਜ਼ ਦੇ ਵਿਚਕਾਰ ਹੋ ਰਿਹਾ ਹੈ, ਪਰ ਦਰਬਾਰ ਸਾਹਿਬ ਕੰਪਲੈਕਸ ਦੇ ਆਲੇ ਦੁਆਲੇ ਦੇ ਲੋਕ ਇਸ ਹਕੀਕਤ ਤੋਂ ਭਲੀ ਭਾਂਤ ਰੂਪ ਵਿਚ ਜਾਣੂ ਸਨ ਕਿ ਵੱਡੀ ਪਧਰ ਤੇ ਗੋਲੀ ਸਿਰਫ ਇਕ ਪਾਸੜ ਰੂਪ ਵਿਚ ਸੈਂਟਰਲ ਰੀਜ਼ਰਵ ਪੁਲੀਸ ਵਲੋਂ ਹੀ ਚਲਾਈ ਜਾ ਰਹੀ ਹੈ।

ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰੋਂ ਸਿੰਘ ਸਿਰਫ ਉਦੋਂ ਹੀ ਗੋਲੀ ਚਲਾਉਂਦੇ ਸਨ ਜਦੋਂ ਸੀ. ਆਰ. ਪੀ. ਤੇ ਬੀ. ਐਸ. ਐਫ. ਦਾ ਕੋਈ ਗਸ਼ਤੀ ਦਸਤਾ ਦਰਬਾਰ ਸਾਹਿਬ ਵੱਲ ਨੂੰ ਅੱਗੇ ਵਧਦਾ ਹੋਇਆ ਦਖਾਈ ਦੇਂਦਾ ਸੀ; ਕਿਉਂਕਿ ਸਿੰਘਾਂ ਲਈ ਇਹ ਗੱਲ ਬਰਦਾਸ਼ਤ ਤੋਂ ਬਾਹਰ ਸੀ ਕਿ ਪੈਰਾ ਮਿਲਟਰੀ ਫੋਰਸਿਜ਼ ਦਸਤੇ ਕੰਪਲੈਕਸ ਦੇ ਨਾਲ ਪੈਂਦੇ ਗਲੀਆਂ ਬਾਜ਼ਾਰਾਂ ਵਿਚ ਅੱਗੇ ਵਧਦੇ ਤੁਰੇ ਆਉਣ। ਇਸ ਤੋਂ ਇਲਾਵਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਵੀ ਜਥੇ ਦੇ ਸਿੰਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਨੂੰ ਇਸ ਗੱਲ ਦੀ ਸਖਤ ਹਦਾਇਤ ਸੀ ਕਿ ਗੋਲੀ ਸਿਰਫ ਉਦੋਂ ਚਲਾਉਣੀ ਹੈ ਜਦੋਂ ਸੀ. ਆਰ. ਪੀ. ਆਦਿ ਫੋਰਸਿਜ਼ ਦੇ ਦਸਤੇ ਸ੍ਰੀ ਦਰਬਾਰ ਸਾਹਿਬ ਵੱਲ ਨੂੰ ਅੱਗੇ ਵਧਦੇ ਹੋਏ

ਦਿਸਣ।

ਪੰਜਾਬ ਦੇ ਵੱਖ ਵੱਖ ਭਾਗਾਂ ਤੋਂ ਸ੍ਰੀ ਅਕਾਲ ਸਾਹਿਬ ਵਿਖੇ ਵੀ ਬਾਰ ਬਾਰ ਟੈਲੀਫੂਨ ਆ ਰਹੇ ਸਨ ਅਤੇ ਉਹਨਾਂ ਨੂੰ ਅਗੋਂ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ, ਕੰਪਲੈਕਸ ਅੰਦਰਲੇ ਹਾਲਾਤ ਤੋਂ ਜਾਣੂ ਕਰਵਾ ਰਹੇ ਸਨ।

ਖਾਸ ਤੌਰ ਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਟੈਲੀਫੂਨ ਕਰਨ ਵਾਲੇ ਸਿੰਘ ਇਹ ਪੁਛਣਾ ਚਾਹੁੰਦੇ ਸਨ ਕਿ ਇਨ੍ਹਾਂ ਹਾਲਾਤ ਵਿਚ ਉਹਨਾਂ ਨੂੰ ਹੁਣ ਕੀ ਕਰਨਾ ਤੇ ਕੀ ਕਦਮ ਉਠਾਉਣਾ ਚਾਹੀਦਾ ਹੈ? ਹਰ ਇਕ ਸਿੰਘ ਦਾ ਸਵਾਲ ਲਗਪਗ ਇਕ ਸਮਾਨ ਹੀ ਹੁੰਦਾ ਸੀ ਤੇ ਉਸਦੇ ਸਵਾਲ ਕਰਨ ਦੇ ਅੰਦਾਜ਼ ਤੋਂ ਉਸਦੇ ਮਨ ਦੀ ਬੇਚੈਨੀ ਵੀ ਸਮਾਨ ਰੂਪ 'ਚ ਹੀ ਪਰਗਟ ਹੁੰਦੀ ਸੀ।

...ਜੀ ਸੁਣਿਆਂ, ਹਰਿਮੰਦਰ ਸਾਹਿਬ ਕੰਪਲੈਕਸ ਉੱਪਰ ਹਮਲਾ ਹੋ ਗਿਆ?'

'ਪ੍ਰਧਾਨ ਜੀ, ਸੁਣਿਆਂ ਕਿ ਸਿੰਘਾਂ ਦੀ ਦੁਸ਼ਟਾਂ ਨਾਲ ਘਮਸਾਨ ਦੀ ਲੜਾਈ ਹੋ ਰਹੀ ਆ?'

'ਪ੍ਰਧਾਨ ਸਾਹਿਬ ਜੀ, ਪਤਾ ਲੱਗਾ ਕਿ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ ਨੇ? ਸਭ ਪਾਸੇ ਸਿੱਖਾਂ ਵਿਚ ਬੜੀ ਚਿੰਤਾ, ਦਸੋ ਕਿ ਅਸਲ ਪੁਜੀਸ਼ਨ ਕੀ ਆ?'

'ਭਾਈ ਜੀ, ਦਰਬਾਰ ਸਾਹਿਬ ਉੱਪਰ ਹੋ ਰਹੀ ਫਾਇਰਿੰਗ ਦੀਆਂ ਗੱਲਾਂ ਸੁਣ ਸੁਣ ਕੇ ਹਿੰਦੂ ਬੜੀਆਂ ਚਿੜਮਿੜੀਆਂ ਮਾਰ ਰਹੇ ਨੇ। ਦਸੋ ਕਿ ਹੁਣ ਸਾਨੂੰ ਕੀ ਕਰਨਾ ਚਾਹੀਦਾ? ...ਜੇ ਹੁਕਮ ਹੋਵੇ ਤਾਂ ਅਸੀਂ ਹੁਣ ਦੁਸ਼ਟਾਂ ਦੀ ਸੋਧਾ-ਸੁਧਾਈ ਸ਼ੁਰੂ ਕਰ ਦੇਈਏ?'

ਅਗੋਂ ਭਾਈ ਅਮਰੀਕ ਸਿੰਘ ਦਾ ਟੈਲੀਫੂਨ ਕਰਨ ਵਾਲੇ ਸਿੰਘ ਨੂੰ ਤੱਤਸਾਰ ਰੂਪ ਵਿਚ ਲਗਪਗ ਇਹੋ ਹੀ ਉੱਤਰ ਹੁੰਦਾ ਸੀ ਕਿ,' ...ਹਾਂ, ਜੋ ਕੁਝ ਤੁਸਾਂ ਸੁਣਿਆਂ ਉਹ ਠੀਕ ਹੈ। ਸੀ. ਆਰ. ਪੀ ਤੇ ਬੀ. ਐਸ. ਐਫ. ਵਾਲੇ ਅੱਜ ਦੁਪਹਿਰ ਤੋਂ ਹੀ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਵੱਲ ਤਾਬੜ ਤੋੜ ਗੋਲੀਆਂ ਵਰ੍ਹਾ ਰਹੇ ਨੇ। ਕੰਪਲੈਕਸ ਅੰਦਰ ਕੁਝ ਸਿੰਘ ਸ਼ਹੀਦੀਆਂ ਵੀ ਪਾ ਗਏ ਨੇ। ...ਹੁਣ ਤੁਸੀ ਸਾਥੋਂ ਬਾਰ ਬਾਰ ਕੀ ਪੁਛਦੇ ਹੋ ਤੇ ਕੀ ਹੁਕਮ ਮੰਗਦੇ ਹੋ? ਹੁਣ ਪੁੱਛਣ ਵਾਲੀ ਕਿਹੜੀ ਗੱਲ ਪਿਛੇ ਰਹਿ ਗਈ ਆ। ਦਰਬਾਰ ਸਾਹਿਬ ਭਵਨ ਉੱਪਰ ਤਾਂ ਦੁਸ਼ਟ ਮੀਂਹ ਵਾਂਗ ਫਾਇਰਿੰਗ ਕਰ ਰਹੇ ਨੇ। ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਇਹ ਹਾਲਤ ਵਾਪਰ ਜਾਣ ਤੇ ਤੁਹਾਡੀ ਜਿਸ ਜਿਸ ਗਲ ਲਈ ਸੇਵਾ ਲਾ ਰੱਖੀ ਆ ਉਸਨੂੰ ਹੁਣ ਥਾਓਂ ਥਾਈਂ ਨਿਭਾ ਦਿਓ।'

ਭਾਈ ਅਮਰੀਕ ਸਿੰਘ ਨੇ ਜਦ ਵੱਖ ਵੱਖ ਥਾਵਾਂ ਤੋਂ ਆਉਂਦੇ ਰਹੇ ਟੈਲੀਫੂਨ ਸੁਣਨ ਤੋਂ ਬਾਅਦ ਇਸ ਸਬੰਧ ਵਿਚ ਸਾਰੀ ਗੱਲ ਸੰਤਾਂ ਨੂੰ ਜਾ ਕੇ ਦਸੀ ਤਾਂ ਉਹਨਾਂ ਨੇ ਅੱਗੋ ਭਾਈ ਅਮਰੀਕ ਸਿੰਘ ਨੂੰ ਉੱਤਰ ਵਿਚ ਕਿਹਾ ਕਿ

'ਪ੍ਰਧਾਨ ਜੀ, ਮੈਨੂੰ ਲਗਦਾ ਕਿ ਤੁਸਾਂ ਸਿੰਘਾਂ ਨੂੰ ਅੱਗੋਂ ਟੈਲੀਫੂਨ 'ਤੇ ਮੰਗੀ ਬੋਲੀ 'ਚ ਜਵਾਬ ਨਹੀਂ ਦਿੱਤਾ। ਹੁਣ ਨਰਮ ਗੱਲਾਂ ਦਾ ਸਮਾ ਲੰਘ ਗਿਆ ਤੇ ਜਬਾਨ ਨੂੰ ਜ਼ਰਾ ਸਖਤ ਕਰਨ ਦੀ ਲੋੜ ਆ। ਦੁਸ਼ਟ ਟੋਪੀ ਵਾਲਿਆਂ ਦੀ ਸਰਕਾਰ ਨੇ ਹੁਣ ਤਾਂ ਸ੍ਰੀ ਹਰਿਮੰਦਰ ਸਾਹਿਬ ਭਵਨ ਉੱਪਰ ਸਿਧੀਆਂ ਗੋਲੀਆਂ ਵਰ੍ਹਾ ਕੇ ਖਾਲਸਾ ਪੰਥ ਦੀ ਦਸਤਾਰ ਨੂੰ ਅੰਲਾਨੀਆਂ ਹੱਥ ਪਾਉਣ ਦੀ ਗੱਲ ਕਰ ਵਖਾਈ ਆ। ਇਸ ਲਈ ਅਸੀਂ ਹੁਣ ਸਿੰਘਾਂ ਨੂੰ ਸਿਧਾ ਤੇ ਸਪਸ਼ਟ ਸ਼ਬਦਾਂ ਵਿਚ ਪ੍ਰੋਗਰਾਮ ਦੇਣ ਤੋਂ ਕਿਉਂ ਝਿਜਕੀਏ ਤੇ ਚੁਪ ਰਹੀਏ? ਹੁਣ ਤਾਂ ਸੰਗਤਾਂ ਨੂੰ ਇਸ ਹਾਲਤ ਵਿਚ ਐਲਾਨੀਆਂ ਤੌਰ ਤੇ ਇਹ ਗੱਲ



ਦੱਸਣ ਦੀ ਲੋੜ ਆ ਕਿ ਜਿਥੇ ਜਿਥੇ ਵੀ ਗੁਰੂਘਰ ਦੇ ਨਿੰਦਕ ਤੇ ਦੋਖੀ ਦੁਸ਼ਮਨ ਫਨੇ ਚੜ੍ਹਦੇ ਤੇ ਦਿਸਦੇ ਨੇ ਉਹਨਾਂ ਨੂੰ ਉੱਥੇ ਉੱਥੇ ਹੀ ਸੋਧਨ ਦਾ ਰਾਹ ਮੱਲੋ, ਇਸ ਲਈ ਟੈਲੀਫੂਨ ਉੱਤੇ ਸਭ ਸਿੰਘਾਂ ਨੂੰ ਥਾਉਂ ਥਾਈਂ ਇਹ ਸੁਨੇਹਾ ਭਜਵਾ ਦਿਓ ਕਿ ਉਹ ਆਪਣੀ ਥਾਂ ਤੇ ਆਪਣੀ ਆਪਣੀ ਸੇਵਾ ਨਭਾਈ ਤੁਰੇ ਜਾਣ, ਕਿਉਂ ਜੋ ਸੇਵਾ ਨਿਭਾਉਣ ਦਾ ਸਮਾ ਸਿਰ ਤੇ ਆ ਗਿਆ। ਹੁਣ ਤਾਂ ਜਦੋਂ ਤੱਕ ਇਹ ਗੁੱਲੀ ਰਾਮ ਤੇ ਲਛੀ ਰਾਮ ਸਿਖ ਕੌਮ ਦੇ ਗਲੋਂ ਨਹੀਂ ਲੱਥਦੇ ਉਨਾਂ ਚਿਰ ਤੱਕ ਸਿੱਖਾਂ ਦੀ ਚੜ੍ਹਦੀ ਕਲਾ ਨਹੀਂ ਹੋ ਸਕਦੀ ਅਤੇ ਨਾ ਹੀ ਸਿੱਖਾਂ ਦੀ ਆਜ਼ਾਦ ਹਸਤੀ ਤੇ ਮਾਨ ਪ੍ਰਤਿਸ਼ਟਾ ਹੀ ਸੁਰਖਿਅਤ ਰਹਿ ਸਕਦੀ ਹੈ।

ਅੰਮ੍ਰਿਤਸਰ ਸ਼ਹਿਰ ਦੇ ਹਿੰਦੂ ਤਾਂ ਹੁਣ ਇਹ ਉਡੀਕ ਲਾਈ ਬੈਠੇ ਨੇ ਕਿ ਭਾਰਤ ਸਰਕਾਰ ਦੀ ਇਹ ਬਾਂਦਰ ਸੈਨਾ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖਲ ਕਦੋਂ ਹੁੰਦੀ ਆ। ਇਸਵਾਰੀ ਜਦੋਂ ਹੁਣ ਕਿਸੇ ਸਿੰਘ ਦਾ ਬਾਹਰੋਂ ਟੈਲੀਫੂਨ ਆਵੇ ਤਾਂ ਉਸ ਵੇਲੇ ਮੈਨੂੰ ਸਦਣਾ। ਇਸ ਵਾਰ ਜਵਾਬ ਮੈਂ ਆਪ ਦੇਵਾਂਗਾ।'

ਕੁਝ ਪਲ ਪਿਛੋਂ ਜਦ ਫਿਰੋਜ਼ਪੁਰ ਤੋਂ ਟੈਲੀਫੂਨ ਆਇਆ ਤਾ ਸੰਤ ਜੀ ਦਾ ਅੱਗੋਂ ਜਵਾਬ ਸੀ।

'ਸਿੰਘੋ ਸ੍ਰੀ ਹਰਿਮੰਦਰ ਸਾਹਿਬ ਭਵਨ ਤੇ ਹੋਰ ਸਮੁਚੇ ਕੰਪਲੈਕਸ ਤੇ ਸਭ ਪਾਸੇ ਟੋਪੀ ਵਾਲੇ ਦੁਸ਼ਟਾਂ ਵਲੋਂ ਤਾਬੜ-ਤੋੜ ਫਾਇਰਿੰਗ ਕੀਤੀ ਜਾ ਰਹੀ ਆ। ਸਿੰਘਾਂ ਦੀਆਂ ਸ਼ਹੀਦੀਆਂ ਵੀ ਹੋ ਰਹੀਆਂ। ਏਸ ਲਈ ਮੇਰੀ ਵੀ ਦੂਰ ਨੇੜੇ ਦੀਆਂ ਸਭ ਸੰਗਤਾਂ ਨੂੰ ਇਹ ਬੇਨਤੀ ਪਹੁੰਚਾ ਦਿਓ ਕਿ ਜੇ ਅਣਖ ਤੇ ਧਰਮ ਦੇ ਪਿਆਰੇ ਨੇ ਅਤੇ ਦੁਸ਼ਟਾਂ ਦੇ ਏਸ ਹਮਲੇ ਨੂੰ ਠੱਲ ਪਾਉਣੀ ਆਂ ਤਾਂ ਫਿਰ ਭਾਰਤ ਸਰਕਾਰ ਦੀ ਬਾਂਦਰ ਸੈਨਾ ਦੇ ਸਭ ਰਾਹ ਰੋਕ ਦਿਉ ਅਤੇ ਉਸਨੂੰ ਥਾਂ ਥਾਂ 'ਤੇ ਉਲਝਾ ਦਿਓ। ਇਨ੍ਹਾਂ ਦੁਸ਼ਟਾਂ ਦੀ ਜਿੰਨੀ ਵੀ ਸੋਧਾ ਸੁਧਾਈ ਕਰ ਸਕਦੇ ਹੋ ਕਰਨੀ ਆਰੰਭ ਦਿਓ। ਹੋਰ ਜੇ ਤੂੰ ਹਥਿਆਰਾਂ ਸ਼ਸਤ੍ਰਾਂ ਬਾਰੇ ਗੱਲ ਪੁਛਦਾਂ ਇਸ ਬਾਰੇ ਕਿਸੇ ਵੀ ਸਿੰਘ ਨੂੰ ਇਹ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਜੇ ਬੰਦੇ ਦੇ ਅੰਦਰ ਜਲਵਾ ਹੋਵੇ ਤਾਂ ਫਿਰ ਦੁਸ਼ਮਣ ਦੇ ਹਥਿਆਰ ਆਪਣੇ ਹਥਿਆਰ ਹੀ ਹੁੰਦੇ ਨੇ। ਸਿੰਘਾਂ ਨੂੰ ਇਨ੍ਹਾਂ ਦੁਸ਼ਟਾਂ ਪਾਸੋਂ ਹਥਿਆਰ ਖੋਹਣ ਦੀ ਜਾਚ ਕੋਈ ਨਵੇਂ ਸਿਰਿਓਂ ਨਹੀਂ ਸਿਖਾਉਣੀ ਪੈਣੀ। ਜਦੋਂ ਤੁਸੀਂ ਭਾਰਤ ਸਰਕਾਰ ਦੀ ਏਸ ਬਾਂਦਰ ਸੈਨਾ ਦੇ ਰਾਹ ਮੱਲ ਕੇ ਖਲੋਵੋਗੇ ਅਤੇ ਜਾਂ ਰਾਤ ਬਰਾਤੇ ਇਨ੍ਹਾਂ ਉੱਪਰ ਛਾਪੇ ਮਾਰੋਗੇ ਤਾਂ ਫਿਰ ਉਸ ਵੇਲੇ ਇਨ੍ਹਾਂ ਦੇ ਸਭ ਹੱਥਲੇ ਹਥਿਆਰ ਤੁਹਾਡੇ ਆਪਣੇ ਹਥਿਆਰ ਹੀ ਹੋਣਗੇ।

ਹੁਣ ਐਵੇਂ ਕਿਧਰੇ ਦਲ ਬਣਾ ਬਣਾਕੇ ਤੇ ਵਹੀਰਾਂ ਘੱਤ ਘੱਤ ਕੇ ਇਧਰ ਅੰਮ੍ਰਿਤਸਰ ਵੱਲ ਨੂੰ ਰੁਖ ਨਾ ਕਰਦੇ ਫਿਰਿਓ। ਜਦੋਂ ਤੁਸੀਂ ਥਾਂ ਥਾਂ ਉੱਪਰ ਦੁਸ਼ਟਾਂ ਦੋਖੀਆਂ ਦੀ ਸੋਧਾ-ਸੁਧਾਈ ਦਾ ਕੰਮ ਸ਼ੁਰੂ ਕਰ ਦਿਓਗੇ ਤਾਂ ਫਿਰ ਉਸ ਵੇਲੇ ਟੋਪੀ ਵਾਲਿਆਂ ਦੀ ਸੈਨਾ ਦਾ ਭਾਰ ਅੰਮ੍ਰਿਤਸਰ ਤੋਂ ਆਪੇ ਹੌਲਾ ਹੋ ਜਾਵੇਗਾ। ਇਸ ਲਈ ਹੁਣ ਕਿਸੇ ਵੀ ਐਸੇ ਵਿਅਕਤੀ ਨੂੰ ਅਰਥਾਤ ਪਾਪੀ ਤੇ ਦੁਸ਼ਟ ਨੂੰ ਨਹੀਂ ਬਖਸ਼ਣਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਸਿੱਖ ਧਰਮ ਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਦੋਖੀ ਤੇ ਦੁਸ਼ਮਨ ਹੈ। ਹੁਣ ਸ੍ਰੀ ਹਰਿਮੰਦਰ ਸਾਹਿਬ ਦੇ ਭਵਨ ਉੱਪਰ ਮੀਂਹ ਵਾਂਗ ਗੋਲੀਆਂ ਦੀ ਵਾਛੜ ਹੋ ਜਾਣ ਤੋਂ ਬਾਅਦ ਪਿਛੋਂ ਹੋਰ ਕਿਹੜੀ ਐਸੀ ਗੱਲ ਵਾਪਰਨ ਵਾਲੀ ਬਾਕੀ ਰਹਿ ਗਈ ਹੈ, ਜਿਸਦੇ ਵਾਪਰਨ ਤੋਂ ਪਿਛੋਂ ਹੀ ਤੁਸਾਂ ਰਣ-ਤੱਤੇ ਵਿਚ ਉਤਰਨਾ? ਰਣਤੱਤਾਂ ਤਾਂ ਸਿੰਘਾਂ ਨੂੰ ਹੁਣ ਉਡੀਕ ਰਿਹਾ। ਕਸਰ ਤਾਂ ਸਿਰਫ ਸਾਡੇ ਵਲੋਂ ਆ। ਏਸ ਵਾਸਤੇ ਸਿੰਘੋ, ਤੁਸੀਂ ਹੁਣ ਐਵੇਂ ਬਾਰ ਬਾਰ ਇਧਰ ਨੂੰ ਟੈਲੀਫੂਨ ਖੜਕਾਉਣ ਉੱਤੇ ਜ਼ੋਰ ਨਾ ਦਿਓ ਸਗੋਂ ਥਾਉਂ ਥਾਈਂ ਆਪਣਾ ਕੰਮ ਸ਼ੁਰੂ ਕਰੋ।'

ਸੰਤ ਜੀ ਨੇ ਫ਼ੀਰੋਜ਼ਪੁਰ ਵਾਲੇ ਸਿੰਘਾਂ ਨੂੰ ਇਹ ਉੱਤਰ ਦੇਣ ਤੋਂ ਬਾਅਦ ਟੈਲੀਫ਼ੂਨ ਰੱਖ ਦਿੱਤਾ ਤੇ ਫਿਰ ਕੁਝ ਚਿਰ ਚੁੱਪ ਰਹਿਣ ਤੋਂ ਪਿਛੋਂ ਆਪਣੇ ਪਾਸ ਹੀ ਖਲੋਤੇ ਰੱਬਾਬੀ ਅਮਰੀਕ ਸਿੰਘ ਨੂੰ ਕਹਿਣ ਲਗੇ, 'ਪ੍ਰਧਾਨ ਜੀ, ਹੁਣ ਜਦੋਂ ਵੀ ਕਿਸੇ ਵਲੋਂ ਟੈਲੀਫ਼ੂਨ ਐ ਤਾਂ ਉਸਨੂੰ ਅੱਗੋਂ ਸਾਫ਼ ਸ਼ਪਸ਼ਟ ਤੇ ਬੜੇ ਸਿੱਧੇ ਲਫ਼ਜ਼ਾਂ ਵਿਚ ਇਹ ਕਹਿਣਾ ਹੈ ਕਿ ਉਹ ਜਥੇ ਬਣੇ ਐਵੇਂ ਇੱਧਰ ਸਾਡੇ ਵੱਲ ਨੂੰ ਆਉਣ ਦੀ ਕੋਸ਼ਿਸ਼ ਨਾ ਕਰਨ ਕਿਉਂਕਿ ਇਸਦਾ ਕੋਈ ਲਾਭ ਨਹੀਂ ਹੋਵੇਗਾ। ਇਸ ਲਈ ਥਾਓਂ ਥਾਈਂ ਛੋਟੇ ਵਡੇ ਜਥੇ ਬਣਾਕੇ ਦੁਸ਼ਟਾਂ ਦੀ ਸੋਧਾ ਸੁਧਾਈ ਦਾ ਕੰਮ ਸ਼ੁਰੂ ਨ ਵਲ ਧਿਆਨ ਦੇਣ ਤੇ ਤਕੜੇ ਹੋ ਕੇ ਟੋਪੀ ਵਾਲਿਆਂ ਦੀ ਸੈਨਾ ਦੀਆਂ ਗਸ਼ਤੀ ਟੁਕੜੀਆਂ ਉ ਛਾਪੇ ਮਾਰ ਕੇ ਹਰ ਹੀਲ ਵਸੀਲੇ ਉਹਨਾਂ ਪਾਸੋਂ ਹਥਿਆਰ ਖੋਹਣ ਦੀ ਕੋਸ਼ਿਸ਼ ਕਰਨ। ਹਰ ਸਿੰਘ ਦਿਮਾਗ਼ ਵਿਚ ਇਹ ਗੱਲ ਪਾ ਦਿਓ ਕਿ ਘਾਤ ਲਾ ਕੇ ਛਾਪੇ ਮਾਰਨ ਵਾਲਾ ਇਕ ਸਿੰਘ ਦੁਸ਼ਮਨਣਾ ਦੇ ਸੈਂਕੜੇ ਸਿਪਾਹੀਆਂ ਉੱਪਰ ਭਾਰੂ ਹੁੰਦਾ ਹੈ। ਇਵੇਂ ਅਸੀਂ ਹਿੰਦੂਆਂ ਦੀ ਬਾਂਦਰ ਸੈਨਾ ਨ ਆਪ ਸਿੱਝਾਂਗੇ।'

ਸੰਤ ਜੀ ਇਸ ਪਾਸੇ ਵਲੋਂ ਫਾਰਗ ਹੋਕੇ ਅਜੇ ਆਪਣੇ ਕਮਰੇ ਵਿਚ ਏ ਹੀ ਸਨ ਕਿ ਮੋਰਚੇ 'ਚੋਂ ਉੱਠ ਕੇ ਆਏ ਇਕ ਸਿੰਘ ਨੇ ਬੜੀ ਕਾਹਲੀ ਨਾਲ ਸੰਤਾਂ ਦੇ ਕੋਲ ਕੇ ਉਹਨਾਂ ਨੂੰ ਦਸਿਆ, 'ਮਹਾਂਪੁਰਖੋ, ਮਹਿਤੇ ਵਾਲਾ ਰਾਮ ਸਿੰਘ ਵੀ ਸ਼ਹੀਦ ਹੋ ਗਿਆ ਤੇ ਜਥੇ ਹੋਰ ਸਿੰਘ ਜ਼ਖ਼ਮੀ ਹੋ ਗਏ ਨੇ।'

ਸੰਤ ਉਸ ਸਿੰਘ ਦੀ ਜ਼ਬਾਨੀ ਇਹ ਗੱਲ ਸੁਣਕੇ ਕੁਝ ਛਿਣ ਖ ਰਹੇ ਤੇ ਫਿਰ ਉਸ ਵੱਲ ਧਿਆਨ ਮੋੜਦੇ ਹੋਏ ਬੋਲੇ, 'ਕੋਈ ਗੱਲ ਮਨ ਤੇ ਨਹੀਂ ਲਿਆਉਣੀ।ਸਿੰਘ ਆਪਣਾ ਧਰਮ ਪਾਲ ਗਿਆ। ਵਾਹਿਗੁਰੂ ਸ਼ਹੀਦ ਸਿੰਘਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ। ਇਹ ਜੋ ਕੁਝ ਵੀ ਵਾਪਰ ਰਿਹਾ ਸਭ ਉਸ ਅਕਾਲ ਪੁਰਖ ਦੇ ਭਾਣੇ 'ਚ ਹੀ ਵਾਪਰ ਰਿਹਾ। ਭਾਈ ਸੁਜਾਨ ਸਿੰਘ ਨੂੰ ਕਹਿ ਦੇਂਦਾ, ਜਦੋਂ ਮੁਨਾਸਬ ਮੌਕਾ ਵੇਖਣ ਉਦੋਂ ਸਿੰਘ ਦੇ ਸਸਕਾਰਾ ਪ੍ਰਬੰਧ ਕਰ ਦੇਣਾ। ਜ਼ਖ਼ਮੀ ਸਿੰਘਾਂ ਦੀ ਮਰਹਮ ਪੱਟੀ ਵਲ ਧਿਆਨ ਦਿਓ। ਹੋਰ ਵੀ ਜਿਥੇ ਜਿਥੇ ਸਿੰ ਸ਼ਹੀਦ ਤੇ ਜ਼ਖ਼ਮੀ ਹੋਏ ਨੇ ਭਾਈ ਸੁਜਾਨ ਸਿੰਘ ਨੂੰ ਨਾਲ ਲੈਕੇ ਉਹਨਾਂ ਬਾਰੇ ਪਤਾ ਕਰੋ। ਵਾਹਿਗੁਰੂ ਭਲੀ ਕਰੇਗਾ ਤੇ ਚੜ੍ਹਦੀ ਕਲਾ ਬਖਸ਼ੇਗਾ।

'ਸਿੰਘ ਕੌਮਾਂ ਦੀਆਂ ਲੜਾਈਆਂ 'ਚ ਇਸ ਤਰਾਂ ਹੀ ਹੁੰਦਾ। ਸ਼ਹੀਦਾਂ ਸਗੋਂ ਅਮਰ ਪਦਵੀਆਂ ਪਾਂਦੇ ਨੇ ਵਾਹਿਗੁਰੂ ਸਾਨੂੰ ਵੀ ਬਲ ਬਖਸ਼ੀ ਰੱਖੇ।'



# 10.

ਸੂਰਜ ਕਾਫ਼ੀ ਹੱਦ ਤੱਕ ਢਾਲੇ ਪੈ ਚੁੱਕਾ ਸੀ, ਪਰ ਦਰਬਾਰ ਸਾਹਿਬ ਕੰਪਲੈਕਸ ਉੱਪਰ ਗੋਲੀ ਅਜੇ ਵੀ ਵਰ੍ਹ ਰਹੀ ਸੀ।

ਫੈਡਰੇਸ਼ਨ ਦੇ ਜਥੇ ਦੇ ਬਹੁਤ ਸਾਰੇ ਸਿੰਘ ਵੱਖ ਵੱਖ ਮੋਰਚਿਆਂ ਵਿਚ ਤੇ ਨਾਕਿਆਂ ਉੱਪਰ ਜਾ ਚੁੱਕੇ ਸਨ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਤਾਂ ਦੇ ਕਮਰੇ ਤੋਂ ਬਾਹਰ ਕੋਈ ਪੰਦਰਾਂ ਵੀਹ ਫੈਡਰੇਸ਼ਨ ਦੇ ਜਵਾਨ ਇੱਧਰ ਉੱਧਰ ਖਲੋਤੇ ਹੋਏ ਆਪਸ ਵਿਚ ਗੱਲਾਂ ਬਾਤਾਂ ਕਰ ਰਹੇ ਸਨ।

ਜਦ ਕਮਰੇ ਤੋਂ ਬਾਹਰ ਖਲੋਤੇ ਇਨ੍ਹਾਂ ਜਵਾਨਾਂ ਉੱਪਰ ਸੰਤਾਂ ਦੀ ਨਜ਼ਰ ਪਈ ਤਾਂ ਸੰਤਾਂ ਨੇ ਸ੍ਰ: ਰਛਪਾਲ ਸਿੰਘ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ, 'ਇਨ੍ਹਾਂ ਸਿੰਘਾਂ ਨੂੰ ਐਵੇਂ ਇੱਧਰ ਉੱਧਰ ਨਾ ਖਲਿਆਰ ਛੱਡੋ ਸਗੋਂ ਕਿਸੇ ਥਾਂ 'ਤੇ ਇਨ੍ਹਾਂ ਦੀ ਸੇਵਾ ਲਾਉ। ਹੁਣ ਕਿਸੇ ਸਿੰਘ ਦਾ ਵੀ ਬਿਨਾ ਕਿਸੇ ਕਾਰਨ ਦੇ ਇੱਥੇ ਬੈਠੇ ਖਲੋਤੇ ਰਹਿਣਾ ਠੀਕ ਨਹੀਂ।'

ਸ੍ਰ: ਰਛਪਾਲ ਸਿੰਘ ਨੇ ਉਸੇ ਵੇਲੇ ਹੀ ਸੰਤਾਂ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਜਥੇ ਦੇ ਕੁਝ ਇਕ ਸਿੰਘਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਉਹਨਾਂ ਸਭ ਜਵਾਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਹਿਲੀ (ਸ੍ਰੀ ਤਖ਼ਤ ਸਾਹਿਬ ਵਾਲੀ) ਮੰਜ਼ਲ ਅਤੇ ਪਰਕਰਮਾ ਵਿਚਲੇ ਕੁਝ ਇਕ ਨਾਕਿਆਂ ਉੱਪਰ ਭੇਜ ਦਿੱਤਾ।

ਇਨ੍ਹਾਂ ਜਵਾਨਾਂ ਨੂੰ ਵੀ ਆਪੋ ਆਪਣੇ ਟਿਕਾਣੇ ਮੱਲਣ ਤੋਂ ਪਹਿਲਾਂ ਇਸ ਗੱਲ ਦੀ ਸਖ਼ਤ ਹਦਾਇਤ ਕਰ ਦਿੱਤੀ ਗਈ ਕਿ, 'ਜਦੋਂ ਤੱਕ ਸੀ. ਆਰ. ਪੀ. ਆਦਿ ਫੋਰਸਿਜ਼ ਦੇ ਦਸਤੇ ਦਰਬਾਰ ਸਾਹਿਬ ਵੱਲ ਅਗੇ ਵਧਦੇ ਹੋਏ ਨਾ ਦਿਸਣ ਉਸ ਸਮੇਂ ਤੱਕ ਗੋਲੀ ਨਹੀਂ ਚਲਾਉਣੀ ਤੇ ਅਸਲਾ ਐਵੇਂ ਜ਼ਾਇਆ ਨਹੀਂ ਕਰਨਾ। ਇਕ ਇਕ ਗੋਲੀ ਦਾ ਪੂਰਾ ਪੂਰਾ ਮੁੱਲ ਪਾਉਣਾ। ਇਸ ਕਰਕੇ ਹਰ ਗੋਲੀ ਦਾ ਟਿਕਾਣੇ ਸਿਰ ਵਾਰ ਕਰੇ, ਤਾਂ ਸਵਾਦ ਆ। ਸੁਣਦੇ ਓ ਨਾ?'

ਸ੍ਰ: ਰਛਪਾਲ ਸਿੰਘ ਦੀ ਦੇਖ ਰੇਖ ਵਿਚ ਇਹ ਜਵਾਨ ਅਜੇ ਆਪੋ ਆਪਣੀ ਮੋਰਚਾ ਬੰਦੀ ਦੇ ਸੰਬੰਧ ਵਿਚ ਥਾਓਂ ਥਾਈਂ ਗਏ ਹੀ ਸਨ ਕਿ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਕੁਝ ਮੁੱਖ ਅਹੁਦੇਦਾਰ ਤੇ ਐਗਜ਼ੈਕਟਿਵ ਮੈਂਬਰ ਹਰਮਿੰਦਰ ਸਿੰਘ ਸੰਧੂ, ਅਮਰਜੀਤ ਸਿੰਘ ਚਾਵਲਾ, ਵਿਰਸਾ ਸਿੰਘ ਵਲਟੋਹਾ, ਰਾਜਿੰਦਰ ਸਿੰਘ ਮਹਿਤਾ ਹਰਮਿੰਦਰ ਸਿੰਘ ਗਿੱਲ ਤੇ ਕੰਵਲ ਸਿੰਘ ਭੂਰੇ ਆਦਿ ਸੰਤ ਭਿੰਡਰਾਂਵਾਲਿਆਂ ਦੇ ਕਮਰੇ ਵਿਚ ਆ ਦਾਖਲ ਹੋਏ ਅਤੇ ਫਿਰ ਸੰਤਾਂ ਨੂੰ ਫਤਹਿ ਗਜਾਉਣ ਅਤੇ ਫਤਹਿ ਦਾ ਜਵਾਬ ਫਤਹਿ ਵਿਚ ਪਾਉਣ ਤੋਂ ਬਾਅਦ ਉਹਨਾਂ ਦੇ ਸਨਮੁਖ ਆਸ ਪਾਸ ਹੋਕੇ ਬੈਠ ਗਏ।

ਜਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਹਰਮਿੰਦਰ ਸਿੰਘ ਸੰਧੂ ਪਾਸੋਂ ਅਕਾਲ ਰੋਸਟ

ਹਾਊਸ ਅਤੇ ਸਰਾਂ ਨਾਲ ਲਗਦੀ ਵੱਡੀ ਟੈਂਕੀ ਦੇ ਮੋਰਚਿਆਂ ਬਾਰੇ ਪੁਛਿਆ ਤਾਂ ਜਵਾਬ ਵਿਚ ਹਰਮਿੰਦਰ ਸਿੰਘ ਨੇ ਦੱਸਿਆ ਕਿ ਸਭ ਜਵਾਨ ਆਪੋ ਆਪਣੇ ਮੋਰਚਿਆਂ ਵਿਚ ਡਟੇ ਬੈਠੇ ਨੇ ਤੇ ਏਸ ਤਾਕ ਵਿਚ ਨੇ ਕਿ ਸਿਕਾਰ ਉਹਨਾਂ ਦੀ ਨਜ਼ਰੀ ਕਦੋਂ ਚੜ੍ਹਦਾ।'

ਇਸ ਤੋਂ ਬਾਅਦ ਅਮਰਜੀਤ ਸਿੰਘ ਚਾਵਲਾ ਨੇ ਸੰਤਾਂ ਨੂੰ ਦੱਸਿਆ ਕਿ 'ਅਕਾਲ ਰੈਸਟ ਹਾਊਸ, ਪਾਣੀ ਵਾਲੀ ਵਡੀ ਟੈਂਕੀ, ਸਰਾਂ ਗੁਰੂ ਰਾਮਦਾਸ ਤੇ ਗੁਰੂ ਨਾਨਕ ਨਿਵਾਸ ਵੱਲ ਫਾਇਰੰਗ ਬਹੁਤ ਹੀ ਜ਼ਬਰਦਸਤ ਹੋ ਰਹੀ ਏ, ਪਰਕਰਮਾ ਵਿਚ ਵੀ ਅਜੇ ਇਹੋ ਹੀ ਪੋਜ਼ੀਸ਼ਨ ਏ। ਸਭ ਸੰਗਤਾਂ ਤੇ ਸਿੰਘ ਥਾਉਂ ਥਾਈਂ ਬਰਾਜਮਾਨ ਹੋਏ ਬੈਠੇ ਨੇ। ਅਸੀਂ ਵੀ ਇਥੇ ਤੱਕ ਬੜਾ ਸੰਭਲ ਸੰਭਲ ਕੇ ਪਹੁੰਚੇ ਹਾਂ ਪਰ ਮਨ ਏਸ ਗੱਲੋਂ ਬੜਾ ਖੁਸ਼ ਏ ਕਿ ਕਿਸੇ ਇਕ ਵੀ ਸਿੰਘ ਜਾਂ ਸਿੰਘਨੀ ਦੇ ਚੇਹਰੇ ਉਪਰ ਮਾਸਾ ਜਿੰਨੀ ਵੀ ਉਦਾਸੀ ਨਹੀਂ। ਜਿੱਥੇ ਜਿੱਥੇ ਵੀ ਕੋਈ ਬੈਠੈ, ਚੜ੍ਹਦੀ ਕਲਾ 'ਚ ਹੀ ਬੈਠਾ ਨਜ਼ਰੀ ਆਉਂਦੈ।'

ਇਸੇ ਦੌਰਾਨ ਰਾਜਿੰਦਰ ਸਿੰਘ ਮਹਿਤੇ ਨੇ ਕਹਿਣਾ ਸ਼ੁਰੂ ਕੀਤਾ ਕਿ 'ਅਜੇ ਤੱਕ ਹੋਰ ਤਾਂ ਸਭ ਠੀਕ ਹੈ, ਪਰ ਮੰਜੀ ਸਾਹਿਬ ਦੇ ਆਸ ਪਾਸ ਤੇ ਪਰਕਰਮਾ ਵਿਚ ਕੁਝ ਸਿੰਘ ਸ਼ਹੀਦ ਹੋ ਗਏ ਨੇ, ਜ਼ਖਮੀਆਂ ਦੀ ਗਿਣਤੀ ਤਾਂ ਕਾਫੀ ਵੱਧ ਆ।'

ਰਾਜਿੰਦਰ ਸਿੰਘ ਮਹਿਤੇ ਦੀ ਗੱਲ ਸੁਨਣ ਤੋਂ ਬਾਅਦ, ਸੰਤਾ ਦੇ ਪਾਸ ਪਹਿਲਾਂ ਤੋਂ ਹੀ ਬੈਠੇ ਹੋਏ ਜਨਰਲ ਸੁਬੇਗ ਸਿੰਘ ਨੇ ਹਰਮਿੰਦਰ ਸਿੰਘ ਸੰਧੂ ਦਾ ਧਿਆਨ ਉਚੇਚੇ ਤੌਰ 'ਤੇ ਆਪਣੇ ਵੱਲ ਖਿਚਦਿਆਂ ਹੋਇਆਂ ਉਸਨੂੰ ਜ਼ਰਾ ਜ਼ੋਰਦਾਰ ਸ਼ਬਦਾਂ ਵਿਚ ਸੰਬੋਧਨ ਕਰਦਿਆਂ ਕਿਹਾ, 'ਮੇਰੀ ਗੱਲ ਜ਼ਰਾ ਧਿਆਨ ਨਾਲ ਸੁਣ, ਆਪਣੇ ਕਿਸੇ ਵੀ ਜਵਾਨ ਨੂੰ ਬਿਨਾ-ਮਕਸਦ ਕੰਪਲੈਕਸ ਵਿਚ ਇਧਰ ਉਧਰ ਨਹੀਂ ਫਿਰਨ ਦੇਣਾ। ਸਭ ਨੂੰ ਆਪੋ ਆਪਣੇ ਮੋਰਚਿਆਂ ਵਿਚ ਤਿਆਰ ਬਰ ਤਿਆਰ ਰਖਣਾ, ਟੈਂਕੀ ਵਾਲੇ ਮੋਰਚੇ ਉਪਰ ਜ਼ਰਾ ਗੁਰਦੇ ਤੇ ਜਿਗਰੇ ਵਾਲੇ ਜਵਾਨ ਬਠਾਉਣੇ ਨੇ। ਇਹ ਮੋਰਚਾ ਬੜਾ ਕੰਮ ਦਾ ਮੋਰਚਾ ਕਿਉਂਕਿ ਤੋਪ ਗੋਲਿਆਂ ਦੀ ਮਾਰ ਤੋਂ ਬਿਨਾ ਇਸ ਮੋਰਚੇ ਨੂੰ ਢਾਹ ਨਹੀਂ ਲਾਈ ਜਾ ਸਕਦੀ। ਏਸ ਲਈ ਓਸ ਮੋਰਚੇ ਤੋਂ ਵੱਧ ਤੋਂ ਵੱਧ ਫਾਇਦਾ ਉਠਾਉਣਾ। ਮੈਨੂੰ ਆਪਣੇ ਫੌਜੀ ਤਜਰਬੇ ਪੱਖੋਂ ਇਸਤਰਾਂ ਜਾਪਦਾ ਕਿ ਭਾਰਤ ਸਰਕਾਰ ਹੁਣ ਸਾਡੇ ਨਾਲ ਛੇਤੀ ਦੋ ਹੱਥ ਕਰਨ ਦੀ ਠਾਨੀ ਬੈਠੀ ਆ। ਜਿਸ ਢੰਗ ਨਾਲ ਸੈਮੀ ਮਿਲਟਰੀ ਫੋਰਸਿਜ਼ ਨੇ ਕੰਪਲੈਕਸ ਦੁਆਲੇ ਘੇਰਾ ਬੰਦੀ ਤੇ ਮੋਰਚਾ ਬੰਦੀ ਕਰ ਰੱਖੀ ਆ ਅਤੇ ਜਿਸ ਤਰਾਂ ਆਪਣੀਆਂ ਸਰਗਰਮੀਆਂ ਤੇਜ਼ ਕਰ ਰੱਖੀਆਂ ਨੇ, ਇਹ ਸਭ ਗੱਲਾਂ ਦੱਸਦੀਆਂ ਕਿ ਕੰਪਲੈਕਸ ਵਿਚ ਕੁਝ ਹੋਣ ਵਾਲਾ। ਜੇ ਸੱਚ ਪੁਛੋ ਤਾਂ ਮੈਨੂੰ ਤਾਂ ਅੱਜ ਦੀ ਇਸ ਕਾਰਵਾਈ ਤੋਂ ਫੌਜੀ ਹਿਕਮਤ ਅਮਲੀ ਤੇ ਆਗੂਵਾਈ ਦੀ ਬੂ ਆ ਰਹੀ ਆ। ......ਆਹ ਜੋ ਅੱਜ ਸ੍ਰੀ ਹਰਿਮੰਦਰ ਸਾਹਿਬ ਭਵਨ ਦੇ ਕੰਪਲੈਕਸ ਉਪਰ ਸਿੱਧੀ ਫਾਇਰੰਗ ਆ ਰਹੀ ਆ, ਇਹ ਸਭ ਕੁਝ ਭਾਰਤ ਸਰਕਾਰ ਵਲੋਂ ਸਮੁਚੀ ਸਿਖ ਕੌਮ ਦੇ ਖਲਾਫ ਐਲਾਨੇ-ਜੰਗ ਸਮਝਣਾ ਚਾਹੀਦਾ। ਏਸ ਲਈ ਹੁਣ ਤੁਸਾਂ ਸਭ ਜਵਾਨਾਂ ਨੇ ਆਪਣੇ ਆਪ ਨੂੰ ਕਿਸੇ ਵਡੇ ਸੈਨਕ ਐਕਸ਼ਨ ਦੇ ਟਾਕਰੇ-ਮੁਕਾਬਲੇ ਲਈ ਹਰ ਪਲ ਸਟੈਂਡ ਟੂ ਦੀ ਪੁਜ਼ੀਸ਼ਨ 'ਚ ਰੱਖਣਾ।'

ਹਰਮਿੰਦਰ ਸਿੰਘ ਸੰਧੂ ਨੇ ਜਨਰਲ ਸੁਬੇਗ ਸਿੰਘ ਦੇ ਉੱਤਰ ਵਿਚ ਕਿਹਾ, 'ਜਰਨੈਲ ਸਾਹਿਬ ਟੈਂਕੀ ਵਾਲੇ ਮੋਰਚੇ ਦੇ ਸਿੰਘਾਂ ਦਾ ਆਹ ਜਥੇਦਾਰ ਤੁਹਾਡੇ ਕੋਲ ਈ ਬੈਠਾ ਹੋਇਆ। ਇਸ ਸਿੰਘ ਨੂੰ ਵਿਰਸਾ ਸਿੰਘ ਵਲਟੋਹੀਆ ਵੀ ਕਹਿੰਦੇ ਨੇ ਤੇ ਵਿਰਸਾ ਸਿੰਘ ਮਤੌਲ ਵੀ। ਇਸ ਸਿੰਘ ਬਾਰੇ ਤਾਂ ਤੁਹਾਨੂੰ ਪਤਾ ਈ ਆ ਕਿ ਇਹ ਕਿੰਦਾਂ ਦਾ ਸਿੰਘ ਆ। ਜੇ ਇਸ ਸਿੰਘ ਦੇ ਸੂਰਾ ਤੇ ਜੁਝਾਰੂ ਖਾਸੇ ਬਾਰੇ ਕੁਝ ਜਾਣਨਾ ਹੋਵੇ ਤਾਂ ਇਸਦੇ ਹਮਜੋਲੀਆਂ ਤੋਂ ਪੁਛ ਲਓ। ਸਾਰਾ ਵਲਟੋਹਾ ਨਗਰ ਤੇ ਇਲਾਕਾ ਸਿੰਘ ਦੀ ਦਲੇਰੀ ਤੇ ਸੂਰਮਗਤੀ ਤੋਂ ਵਾਰਨੇ ਜਾਂਦਾ।'



ਹਰਮਿੰਦਰ ਸਿੰਘ ਸੰਧੂ ਵਲੋਂ ਬੜੇ ਉਤਸ਼ਾਹ ਜਨਕ ਰੂਪ ਵਿਚ ਵਿਰਸਾ ਸਿੰਘ ਬਾਰੇ ਹਾਮੀ ਭਰਨ ਤੋਂ ਬਾਅਦ ਜਦ ਜਨਰਲ ਸੁਬੇਗ ਸਿੰਘ ਨੇ ਵਿਰਸਾ ਸਿੰਘ ਦੇ ਚੇਹਰੇ ਉਪਰ ਆਪਣੀ ਤਿੱਖੀ ਤੇ ਡੂੰਘੀ ਨਜ਼ਰ ਦੁੜਾਈ ਤਾਂ ਵਿਰਸਾ ਸਿੰਘ ਨੇ ਜਨਰਲ ਸੁਬੇਗ ਸਿੰਘ ਦੇ ਬੋਲਣ ਤੋਂ ਪਹਿਲਾਂ ਹੀ ਆਪਣੇ ਹਾਵ ਭਾਵ ਦਾ ਪਰਗਟਾਵਾ ਕਰਦਿਆਂ ਹੋਇਆ ਕਿਹਾ, 'ਜਰਨੈਲ ਸਾਹਿਬ ਉਸ ਤਰ੍ਹਾਂ ਤਾਂ ਸਭ ਪਾਸੇ ਗੁਰੂ ਦੀ ਹੀ ਧਰਤੀ ਆ ਪਰ ਫੇਰ ਵੀ ਸਾਨੂੰ ਇਸ ਗੱਲ 'ਤੇ ਬੜਾ ਮਾਨ ਆ ਕਿ ਸਾਡਾ ਇਲਾਕਾ ਬਾਬਾ ਦੀਪ ਸਿੰਘ ਜੀ ਸ਼ਹੀਦ, ਭਾਈ ਤਾਰਾ ਸਿੰਘ, ਭਾਈ ਤਾਰੂ ਸਿੰਘ ਪੂਹਲਾ, ਭਾਈ ਗਰਜਾ ਸਿੰਘ, ਬੋਤਾ ਸਿੰਘ, ਸ਼ਹੀਦ ਬਾਬਾ ਨੰਧ ਸਿੰਘ ਤੇ ਭਾਈ ਸੁਖਾ ਸਿੰਘ ਦਾ ਇਲਾਕਾ ਹੈ। ਜ਼ਰਾ ਇਕ ਵਾਰ ਟੋਪੀ ਵਾਲਿਆਂ ਦੀ ਸੈਨਾ ਨੂੰ ਦਰਬਾਰ ਸਾਹਿਬ ਵੱਲ ਰੁਖ ਕਰ ਲੈਣ ਤੇ ਸਿਰੀਆਂ ਕੱਢ ਲੈਣ ਦਿਓ ਫੇਰ ਵੇਖਿਓ ਸਿੰਘਾਂ ਦੇ ਹੱਥ ਕਿ ਇਨ੍ਹਾਂ ਦੁਸ਼ਟਾਂ ਦੇ ਸੱਥਰ ਕਿਵੇਂ ਲਾਹੁੰਦੇ ਆਂ। ਬਸ ਗੁਰੂ ਘਰ ਦੀਆਂ ਮੇਹਰਾਂ ਚਾਹੀਦੀਆਂ, ਸੰਤ ਮਹਾਂਪੁਰਸ਼ਾਂ ਦਾ ਥਾਪੜਾ ਤਾਂ ਸਾਨੂੰ ਹੈ ਈ ਆ।'

ਵਿਰਸਾ ਸਿੰਘ ਦੀ ਜ਼ਬਾਨੀ ਇਹ ਗੱਲਾਂ ਸੁਣਕੇ ਸੰਤ ਪਹਿਲਾਂ ਤਾਂ ਉਸ ਵੱਲ ਵੇਖਕੇ ਮੁਸਕਰਾਏ ਤੇ ਫਿਰ ਝੱਟ ਹੀ ਬੜੇ ਗੰਭੀਰ ਜਿਹੇ ਹੋਕੇ ਕਹਿਣ ਲੱਗੇ, 'ਸਿੰਘਾ, ਸਭ ਸਿੰਘ ਜਾਣਦੇ ਨੇ ਕਿ ਵਾਹਿਗੁਰੂ ਦੀ ਤੇਰੇ ਉੱਤੇ ਬੜੀ ਕਿਰਪਾ ਬਖਸ਼ਸ਼ ਆ। ਮੈਨੂੰ ਤੇਰੇ ਵਰਗੇ ਸਿੰਘਾਂ ਤੇ ਉਸ ਤਰਾਂ ਵੀ ਬੜਾ ਮਾਨ ਆ ਤੇ ਆਸਾਂ ਵੀ ਨੇ, ਪਰ ਮੇਰੀ ਇਕ ਗੱਲ ਤੁਸੀਂ ਸਾਰੇ ਸਿੰਘ ਜ਼ਰਾ ਧਿਆਨ ਨਾਲ ਸੁਣੋ ਤੇ ਪੱਕੇ ਤੌਰ 'ਤੇ ਮਨ 'ਚ ਵਸਾਉਣ ਦੀ ਕੋਸ਼ਸ਼ ਵੀ ਕਰਿਓ। ......ਇਹ ਗੱਲ ਠੀਕ ਆ ਕਿ ਆਪਣੇ ਇਲਾਕੇ ਦੇ ਜੋਧਿਆਂ ਸੂਰਬੀਰ ਸ਼ਹੀਦਾਂ ਤੇ ਪੁਰਖਿਆਂ ਉਪਰ ਬੜਾ ਮਾਨ ਹੁੰਦਾ ਤੇ ਇਹ ਮਾਨ ਹੋਣਾ ਵੀ ਚਾਹੀਦਾ, ਪਰ ਇਸ ਪੱਖੋਂ ਖਾਲਸਾ ਪੰਥ ਅੰਦਰ, ਆਪਣੇ ਆਪਨੂੰ ਦੂਸਰਿਆਂ ਦੇ ਮੁਕਾਬਲੇ ਹਉਮੈਂ ਤੇ ਹੰਕਾਰ ਦੇ ਪ੍ਰਭਾਵ ਹੇਠ ਵਡਿਆਉਣਾ ਤੇ ਉੱਚਾ ਸਮਝਣਾ ਪੰਥਕ ਸਿਧਾਂਤ ਤੇ ਰਵਾਇਤਾਂ ਦੇ ਉਲਟ ਗੱਲ ਬਣਦੀ ਆ। ਖਾਲਸਾ ਪੰਥ ਅੰਦਰ ਸਮੇਂ ਸਮੇਂ ਪੈਦਾ ਹੋਣ ਵਾਲੇ ਤੇ ਵਿਆਪਕ ਰੂਪ ਵਿਚ ਨਾਮਣਾ ਪ੍ਰਾਪਤ ਕਰਨ ਵਾਲੇ ਯੋਧੇ ਸ਼ਹੀਦ ਤੇ ਪੂਰਨ ਸਿੰਘ ਖਾਸ ਇਲਾਕੇ ਜਾਂ ਕਿਸੇ ਕੁਨਬੇ ਦੀ ਵਿਰਾਸਤ ਨਹੀਂ ਹੁੰਦੇ ਸਗੋਂ ਉਹ ਤਾਂ ਸਮੁੱਚੇ ਖਾਲਸਾ ਪੰਥ ਦਾ ਸਾਂਝਾ ਵਿਰਸਾ ਇਤਹਾਸ ਤੇ ਸਰਮਾਇਆ ਹੁੰਦੇ ਨੇ ਕਿਉਂਕਿ ਜਦੋਂ ਕੋਈ ਵੀ ਸਿੰਘ ਰਣ-ਤੱਤੇ ਵਿਚ ਉਤਰਦਾ ਹੈ ਤੇ ਸ਼ਹੀਦੀ ਦੇ ਮਾਰਗ ਉਪਰ ਕਦਮ ਰਖਦਾ ਹੈ ਤਾਂ ਉਸ ਸਮੇਂ ਉਸਦੇ ਸਾਹਮਣੇ ਸਿਖ ਧਰਮ ਦੀ ਚੜ੍ਹਦੀ ਕਲਾ ਤੇ ਸਿਖ ਵਿਚਾਰ ਧਾਰਾ ਦਾ ਲਖਸ਼ ਤੇ ਨਜ਼ਰੀਆ ਹੁੰਦਾ ਹੈ। ਜਿਸ ਕਰਕੇ ਐਸੇ ਮਨੁੱਖ ਮਾਤਰ ਦਾ ਵਿਅਕਤੀਤਵ ਸ਼ਹੀਦਗਤੀ ਪਾਉਣ ਤੋਂ ਬਾਅਦ ਜਾਤ ਬਰਾਦਰੀਆਂ ਤੇ ਇਲਾਕਿਆਂ ਦੀਆਂ ਹੱਦਾਂ ਬੰਨਿਆਂ ਤੋਂ ਮੁਕਤ ਹੋ ਕੇ ਵਿਆਪਕ ਰੂਪ ਧਾਰਨ ਕਰ ਜਾਂਦਾ ਹੈ ਅਤੇ ਇਸਤਰਾਂ ਨਾਲ ਉਹ ਪੰਥ ਦੀਆਂ ਆਦਰਸ਼ ਰਵਾਇਤਾਂ ਨੂੰ ਆਪਣੇ ਲਹੂ ਨਾਲ ਸਿੰਜ ਕੇ ਹੋਰ ਗੂਹੜੀਆਂ ਕਰ ਜਾਂਦਾ ਹੈ। ਖਾਲਸਾ ਪੰਥ ਅੰਦਰ ਤਾਂ ਉਸਤਰਾਂ ਵੀ ਹਦਾਂ ਬੰਨਿਆਂ ਦੀਆਂ ਸੋੜੀਆਂ ਵਲਗਣਾ ਤੇ ਵੰਡੀਆਂ ਨੂੰ ਕੋਈ ਥਾਂ ਨਹੀਂ। ਸਿਖ ਕੌਮ ਦੀ ਇਸ ਗੱਲ ਵਿਚ ਹੀ ਮਹਾਨਤਾ ਤੇ ਚੜ੍ਹਦੀ ਕਲਾ ਹੈ ਕਿ ਸਮੁੱਚੇ ਖਾਲਸਾ ਪੰਥ ਨੂੰ ਆਪਣੇ ਸਭ ਧਾਰਮਕ ਇਤਹਾਸਕ ਅਸਥਾਨ ਅਰਥਾਤ ਪਵਿੱਤਰ ਗੁਰਧਾਮਾਂ 'ਚੋਂ ਗੁਰੂ ਸਾਹਿਬਾਨ ਦੀ ਆਤਮਕ ਜੋਤ ਤੇ ਉਸ ਅਕਾਲ ਪੁਰਖ ਦੇ ਸੱਚ ਸਰੂਪ ਦਾ ਨੂਰ ਇਕ ਸਮਾਨ ਰੂਪ ਵਿਚ ਨਜ਼ਰੀਂ ਆਉਂਦਾ ਹੈ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਲਾਹੀ ਸਰੂਪ ਸਾਡੇ ਸਭਣਾ ਲਈ ਆਤਮਕ ਬੋਧਕ ਗਿਆਨ ਦੀ ਰੋਸ਼ਨੀ ਤੇ ਸ਼ਕਤੀ ਦਾ ਸਾਂਝਾ ਸੋਮਾ ਹੈ ।ਇਸ ਲਈ ਜਦ ਵੀ ਕੋਈ ਵਿਅਕਤੀ ਸਿਖ ਵਿਚਾਰਧਾਰਾ ਦੀ ਰੋਸ਼ਨੀ ਵਿਚ ਸੱਚ ਧਰਮ ਦੇ ਮਾਰਗ ਉੱਪਰ ਚਲਦਾ ਹੋਇਆ ਆਪਣੇ ਜੀਵਨ ਨੂੰ ਸੇਵਾ ਤੇ ਘਾਲਣਾ ਦੇ ਲੇਖੇ ਲਾ ਜਾਂਦਾ ਹੈ ਅਤੇ ਜਾਂ ਸ਼ਹੀਦ ਗਤੀ ਨੂੰ ਪਾ ਜਾਂਦਾ ਹੈ ਤਾਂ ਫਿਰ ਉਹ ਉਸ

ਵਾਹਿਗੁਰੂ ਦੇ ਸੱਚ ਵਿਚ ਸਮਾ ਜਾਣ ਕਰਕੇ ਸਾਡੇ ਲਈ ਸਦੈਵੀ ਯਾਦ ਦੇ ਰੂਪ ਵਿਚ ਸਰਬ-ਸਾਂਝ ਦਾ ਪ੍ਰਤੀਕ ਬਣ ਜਾਂਦਾ ਹੈ। ਮੈਨੂੰ ਇਹ ਗੱਲ ਫਿਰ ਕਹਿਣ ਵਿਚ ਖੁਸ਼ੀ ਹੈ ਕਿ ਤੁਸੀਂ ਉਹਨਾਂ ਪੁਰਖਿਆਂ, ਜੁਝਾਰੂ ਸਿੰਘਾਂ ਤੇ ਸ਼ਹੀਦਾਂ ਉੱਪਰ ਜਿੰਨ੍ਹਾਂ ਨੇ ਤੁਹਾਡੇ ਆਪਣੇ ਇਲਾਕੇ ਵਿਚ ਜਨਮ ਲਿਆ ਤੇ ਗੁਰੂ ਘਰ ਦੇ ਮਾਰਗ ਉੱਪਰ ਚਲਦਿਆਂ ਜੀਵਨ ਲੇਖੇ ਲਾਇਆ ਹੈ, ਮਾਨ ਤੇ ਗੌਰਵ ਜ਼ਰੂਰ ਕਰਿਆ ਕਰੋ, ਪਰ ਆਪਣੇ ਅੰਦਰ ਇਸ ਮਾਨ ਤੇ ਗੌਰਵ ਨੂੰ ਉਹਨਾਂ ਵੱਲੋਂ ਪਾਏ ਹੋਏ ਪੂਰਨਿਆਂ ਉੱਤੇ ਚੱਲ ਕੇ ਪੈਦਾ ਕਰੋ ਤੇ ਦੁਨੀਆਂ ਸਾਹਮਣੇ ਇਕ ਆਦਰਸ਼ ਤੇ ਅਨੂਪਮ ਸ਼ਖ਼ਸੀਅਤ ਦੇ ਰੂਪ ਵਿਚ ਪਰਗਟ ਹੋਵੋ। ਪਰ ਜੇ ਅਸੀਂ ਖਾਲਸਾ ਪੰਥ ਦੇ ਸ਼ਹੀਦ ਯੋਧਿਆਂ ਤੇ ਪੁਰਖਿਆਂ ਨੂੰ ਐਂਵੇਂ ਕਿਸੇ ਸੌੜੀ ਰੁਚੀ ਦੇ ਅਧੀਨ ਆਪੋ ਆਪਣੇ ਇਲਾਕੇ ਤੇ ਕਟੁੰਬ ਕਬੀਲੇ ਨਾਲ ਜੋੜਨ ਲੱਗ ਪਏ ਤਾਂ ਫਿਰ ਖਾਲਸਾ ਪੰਥ ਅੰਦਰ ਜੋ ਸਿਧਾਂਤਕ ਵਲਖਣ ਤੇ ਮਾਨਵ-ਵਾਦੀ ਰੂਪ ਵਿਚ ਵਿਆਪਕਤਾ ਦਾ ਵਿਸ਼ੇਸ਼ ਗੁਣ ਪਾਇਆ ਜਾਂਦਾ ਹੈ ਉਸਨੂੰ ਸੱਟ ਵਜਦੀ ਹੈ। ਖਾਲਸਾ ਪੰਥ ਦੀ ਤਾਂ ਸਮੁਚੀ ਸ਼ਕਤੀ ਅਤੇ ਇਸਦੀ ਏਕਤਾ ਤੇ ਇਕਮੁੱਠਤਾ ਦਾ ਭੇਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਉੱਪਰ ਪੂਰਨ ਟੇਕ ਅਤੇ ਆਪਸੀ ਸਰਬ ਸਾਂਝ ਵਿਚ ਪਾਇਆ ਜਾਂਦਾ ਹੈ ਅਤੇ ਅਜ ਅਸੀਂ ਇਸੇ ਕਰਕੇ ਹੀ ਸਮੂਹਕ ਰੂਪ ਵਿਚ ਸਿਖ ਧਰਮ ਦੀ ਰਾਖੀ ਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਸਿਰ ਦੇਣ ਦੇ ਮਾਰਗ ਉੱਪਰ ਸਭ ਇਕੱਠੇ ਹੋਏ ਬੈਠੇ ਹਾਂ ਕੋਈ ਵੀ ਐਸਾ ਵਿਅਕਤੀ ਜੋ ਪੰਥਕ ਸਿਧਾਂਤ, ਰਵਾਇਤਾਂ ਤੇ ਵਿਸ਼ਵਾਸਾਂ ਦੇ ਉਲਟ ਮਨਮਤ ਮਾਰਗ ਅਪਨਾਉਂਦਾ ਹੈ ਜਾਂ ਕਿਸੇ ਹੋਰ ਮੱਤ-ਮਤਾਂਤਰ ਦੇ ਪੰਥ ਵਿਰੋਧੀ ਪ੍ਰਭਾਵ ਹੇਠ ਚਲਦਾ ਹੈ, ਸਮਝੋ ਕਿ ਉਹ ਖਾਲਸਾ ਪੰਥ ਦੀ ਚੜਿਦੀ ਕਲਾ ਵਿਰੁਧ ਰਿਹਾ ਹੈ। ਇਸ ਵਾਸਤੇ ਸਿਘ ਹੋਣ ਦੇ ਨਾਤੇ ਇਸ ਗੱਲ ਉੱਪਰ ਪੂਰੀ ਪੂਰੀ ਕਰੜਾਈ ਤੇ ਖ਼ਬਰਗੀਰੀ ਨਾਲ ਪਹਿਰਾ ਦਿਉ ਕਿ ਅੱਜ ਤੱਕ ਪੰਥ ਦੇ ਸ਼ਹੀਦਾਂ ਯੋਧਿਆਂ ਤੇ ਮਹਾਪੁਰਖਾਂ ਨੇ ਜੋ ਲਹੂ ਡੋਲ੍ਹ ਡੋਲ੍ਹ ਕੇ ਤੇ ਘਾਲਣਾ ਘਾਲ ਘਾਲ ਕੇ ਪੂਰਨੇ ਪਾਏ ਨੇ ਉਹ ਖਾਲਸਾ ਪੰਥ ਦੀ ਆਨ ਸ਼ਾਨ, ਮਾਨ ਪ੍ਰਤਿਸ਼ਟਾ ਤੇ ਚੜ੍ਹਦੀ ਕਲਾ ਪੱਖੋਂ ਮਾਨਵੀ ਕਦਰਾਂ ਕੀਮਤਾਂ ਦੀ ਰਾਖੀ ਲਈ ਪਾਏ ਨੇ। ਇਹੋ ਕਾਰਨ ਹੈ ਕਿ ਖਾਲਸਾ ਪੰਥ ਦੀ ਵਿਚਾਰਧਾਰਾ, ਸਿਧਾਂਤਕ ਸੋਚ ਤੇ ਨੀਤੀ ਅਤੇ ਮਰਯਾਦਾ ਤੇ ਹਰ ਪੰਥਕ ਰਵਾਇਤ ਸਾਨੂੰ ਪੂਰਨ ਗੁਰਸਿਖ ਅਥਵਾ ਪੂਰਨ ਮਨੁੱਖ ਬਨਣ ਵੱਲ ਤੋਰਦੀ ਹੈ ਅਤੇ ਅਧੂਰੇ ਸਮਾਜ ਨੂੰ ਪੂਰਨਤਾ ਵੱਲ ਵਧਣ ਲਈ ਪ੍ਰੇਰਦੀ, ਬਲ ਦੇਂਦੀ ਤੇ ਰੌਸ਼ਨੀ ਪਰਦਾਨ ਕਰਦੀ ਹੈ।

ਖਾਲਸਾ ਪੰਥ ਦੇ ਸਭ ਪੁਰਖੇ ਤੇ ਸ਼ਹੀਦ ਸਾਡੇ ਸਭਨਾਂ ਲਈ ਬਿਨਾ ਕਿਸੇ ਭਿੰਨ ਭੇਦ ਤੋਂ ਸਮਾਨ ਰੂਪ ਵਿਚ ਚਾਨਣ ਮੁਨਾਰੇ ਹਨ ਅਤੇ ਸਮੁੱਚਾ ਖਾਲਸਾ ਪੰਥ ਤੇ ਖਾਲਸਾ ਪੰਥ ਦੀ ਵਿਸ਼ਾਲ ਜਨਮ ਭੂਮੀ ਉਹਨਾ ਦੀਆਂ ਨੂਰੀ ਲਾਟਾਂ ਰਿਸ਼ਮਾਂ ਤੇ ਕਿਰਨਾਂ ਨਾਲ ਜਗਮਗਾ ਰਹੇ ਨੇ। ਸਿੰਘੋ, ਇਹ ਗੱਲਾਂ ਮੈਨੂੰ ਜ਼ਰਾ ਇਸ ਕਰਕੇ ਵਿਸਥਾਰ ਨਾਲ ਕਰਨੀਆ ਪਈਆਂ ਕਿ ਅੱਜ ਕੁਝ ਲੋਕਾਂ ਦਲ, ਜਥੇਬੰਦੀਆਂ ਤੇ ਸੰਪਰਦਾਵਾਂ ਆਪੋ ਆਪਣੇ ਇਲਾਕੇ ਬਰਾਦਰੀ ਤੇ ਪਰਵਾਰਾਂ ਦੇ ਨਾਮ ਉੱਤੇ ਪੰਥਕ ਯੋਧਿਆਂ ਦੇ ਜੀਵਨ ਘੋਲਾਂ, ਉਹਨਾਂ ਦੀਆਂ ਕੁਰਬਾਨੀਆਂ ਅਤੇ ਉਹਨਾਂ ਦੀ ਪੰਥਕ ਸੇਵਾ, ਘਾਲਨਾ ਤੇ ਹੋਂਦ ਹਸਤੀ ਨੂੰ ਸਿਰਫ ਆਪਣੇ ਆਪਣੇ ਸੀਮਤ ਆਲੇ ਦੁਆਲੇ ਤੱਕ ਘੁਮਾਉਣ ਦੀ ਐਸੀ ਖੇਡ ਖੇਡ ਰਹੀਆਂ ਨੇ ਜਿਸ ਨਾਲ ਪੰਥਕ ਏਕਤਾ, ਇਕੱਠਤਾ ਤੇ ਸ਼ਕਤੀ ਨੂੰ ਸੱਟ ਵਜਨੀ ਇਕ ਸੁਭਾਵਕ ਗੱਲ ਬਣ ਜਾਂਦੀ ਹੈ। ਜੋ ਲੋਕ ਇਸਤਰ੍ਹਾਂ ਕਰਦੇ ਹਨ, ਸਮਝੋ ਕਿ ਉਹਨਾਂ ਵਿਚ ਜ਼ਰੂਰ ਕੋਈ ਨਾ ਕੋਈ ਕਮਜ਼ੋਰੀ, ਲਾਲਸਾ ਤੇ ਜਾਂ ਖ਼ੁਸਮਤੀ ਅਤੇ ਜਾਂ ਮਕਰ ਫਰੇਬ ਤੇ ਸ਼ਰਾਰਤ ਵਾਲੀ ਗੱਲ ਹੈ

ਵੇਖਣ ਵਾਲੀ ਗੱਲ ਤਾਂ ਇਹ ਹੁੰਦੀ ਹੈ ਕਿ ਉਹਨਾਂ ਮਹਾਪੁਰਖਾਂ ਤੇ ਯੋਧਿਆਂ ਨੇ ਜੋ ਆਪਣੇ ਆਪਣੇ ਜੀਵਨ ਕਾਲ ਵਿਚ ਘਾਲਨਾ ਘਾਲੀ, ਲੰਮੀ ਤੇ ਨਿਰੰਤਰ ਜਦੋ-ਜਹਿਦ ਕੀਤੀ, ਦੁਖ ਤਸੀਹੇ ਝੱਲੇ,



ਪੈਰ ਪੈਰ ਉੱਪਰ ਖਤਰੇ ਮੁੱਲ ਲਏ, ਘਰੋਂ ਬੇਘਰ ਹੋਏ ਰਹੇ ਤੇ ਸਰਬੰਸ ਤੱਕ ਕੁਰਬਾਨ ਕਰ ਦਿੱਤਾ ਅਤੇ ਮਹਾਨ ਕੁਰਬਾਨੀਆਂ ਕੀਤੀਆਂ ਤੇ ਸ਼ਹਾਦਤਾਂ ਦਿੱਤੀਆਂ ਇਹ ਸਭ ਮਹਾਨ ਤੇ ਜਾਨ ਜੋਖੋਂ ਭਰੇ ਕਰਮ ਕਿਸ ਮੰਤਵ ਮਨੋਰਥ ਅਤੇ ਨਜ਼ਰੀਏ ਤੇ ਨਿਸ਼ਾਨੇ ਦੀ ਪੂਰਤੀ ਲਈ ਕਮਾਏ? ਕੀ ਉਹਨਾਂ ਦੇ ਆਸ਼ੇ ਉਦੇਸ਼ ਸੰਕਲਪ ਤੇ ਸੁਪਨਿਆਂ ਨੂੰ ਸੌੜੀਆਂ ਵਲਗਣਾਂ ਤੱਕ ਸੀਮਤ ਕਰਕੇ ਸਾਕਾਰ ਕੀਤਾ ਜਾ ਸਕਦਾ ਹੈ ਜਾਂ ਵਿਸ਼ਾਲ ਪੱਧਰ 'ਤੇ ਸਪੂਰਨ ਰੂਪ ਵਿਚ ਇਕਮੁੱਠਤਾ ਦਾ ਰੂਪ ਧਾਰਨ ਕਰਕੇ? ਇਸ ਤੋਂ ਇਲਾਵਾ ਸਾਨੂੰ ਹਰ ਸਮੇਂ ਇਹ ਗੱਲ ਵੀ ਦ੍ਰਿਸ਼ਟੀਗੋਚਰ ਰਖਣੀ ਚਾਹੀਦੀ ਹੈ ਕਿ ਅਸੀਂ ਪੰਥਕ ਸਮੂਹ ਦੀ ਇਕ ਇਕਾਈ ਹੋਣ ਵਜੋਂ ਉਹਨਾਂ ਦੀਆਂ ਰੀਝਾਂ, ਭਾਵਨਾਵਾਂ ਤੇ ਇਛਾਵਾਂ ਨੂੰ ਪਰਵਾਨ ਚੜ੍ਹਾ ਸਕਦੇ ਹਾਂ ਆਪਣੀ ਆਪਣੀ ਥਾਂ ਤੇ ਕੀ ਕਮਾਈ ਕਰ ਰਹੇ ਹਾਂ ਤੇ ਕੀ ਘਾਲਨਾ ਘਾਲ ਰਹੇ ਹਾਂ ਅਤੇ ਕੌਮੀ ਪੱਧਰ ਉੱਪਰ ਕੀ ਯੋਗਦਾਨ ਪਾ ਰਹੇ ਹਾਂ? ਜੇ ਤਾਂ ਅਸੀਂ ਉਹਨਾਂ ਦੇ ਸੰਕਲਪਾਂ ਤੇ ਟੀਚਿਆਂ ਦੀ ਪੂਰਤੀ ਲਈ ਮਨ ਬਚ ਤੇ ਕਰਮ ਪੱਖੋਂ ਯਥਾਸ਼ਕਤ ਰੂਪ ਵਿਚ ਥੋੜਾ ਜਾਂ ਬਹੁਤਾ ਹਿੱਸਾ ਪਾ ਰਹੇ ਹਾਂ ਤਾਂ ਅਸੀਂ ਉਹਨਾਂ ਦੇ ਸੱਚੇ ਵਫਾਦਾਰ ਪੈਰੋਕਾਰ ਹਾਂ ਪਰ ਜੇ ਅਸੀਂ ਉਹਨਾਂ ਦੀ ਮਹਾਨ ਦੇਣ ਤੇ ਉਹਨਾਂ ਦੀਆਂ ਕੁਰਬਾਨੀਆਂ ਨੂੰ ਤਾਂ ਜੈਕਾ ਮਾਰਦੇ ਹਾਂ, ਪਰ ਉਹਨਾਂ ਦੇ ਨਿਸ਼ਾਨੇ ਦੀ ਪੂਰਤੀ ਲਈ ਜੁਝਾਰੂ ਮਾਰਗ ਉੱਪਰ ਚਲਣ ਤੋਂ ਡਰਦੇ, ਸੰਕੋਚ ਕਰਦੇ ਤੇ ਜਾਂ ਲਾਪਰਵਾਹੀ ਵਖਾਉਂਦੇ ਹਾਂ ਤਾਂ ਫਿਰ ਇਸ ਹਾਲਤ ਵਿਚ ਅਸੀਂ ਖਾਲਸਾ ਪੰਥ ਦੇ ਹਤੈਸ਼ੀ ਕਿਵੇਂ ਹੋ ਸਕਦੇ ਹਾਂ?

ਸਿੰਘੋ, ਅੱਜ ਖਾਲਸਾ ਪੰਥ ਜੋ ਕੁਝ ਵੀ ਹੈ ਆਪਣੇ ਪੁਰਖਿਆਂ, ਯੋਧੇ ਤੇ ਸੂਰਬੀਰ ਸਿੰਘਾਂ ਅਤੇ ਸ਼ਹੀਦਾਂ ਵਲੋਂ ਪਾਏ ਹੋਏ ਸੁਨਹਿਰੀ ਪੂਰਨਿਆਂ ਤੇ ਪਰਵਾਨ ਚੜ੍ਹਾਏ ਗਏ ਉਹਨਾਂ ਮਹਾਨ ਕਾਰਨਾਮਿਆਂ ਦੇ ਸਿਰ ਸਦਕਾ ਹੈ ਜਿੰਨ੍ਹਾਂ ਦੀ ਪੂਰਤੀ ਪਿਛੇ ਇਕ ਐਸਾ ਆਦਰਸ਼ ਤੇ ਕ੍ਰਾਂਤੀਕਾਰੀ ਵਿਸ਼ਾਲ ਅਨੁਭਵ ਤੇ ਹਲੇਮੀ ਰਾਜ ਦੀ ਪ੍ਰਤੀਕ ਜਦੋਜਹਿਦ ਦਾ ਸੰਸਾਰ ਕੰਮ ਕਰਦਾ ਸੀ ਜੋ ਬ੍ਰਹਿਮੰਡਕ ਦਾਤਾਂ, ਖੁਸ਼ੀਆਂ, ਚਮਤਕਾਰਾਂ, ਸ਼ਕਤੀਆਂ, ਗੁਣਾ ਲਖਣਾ, ਸਚਾਈਆਂ, ਅਨੰਤ ਖੂਬੀਆਂ ਅਤੇ ਗੁੱਝੇ ਪ੍ਰਾਕਿਰਤਕ ਭੇਤਾਂ ਨੂੰ ਉਜਾਗਰ ਕਰਨ ਵਾਲੀਆਂ ਆਤਮਕ ਬੋਧਕ ਤੇ ਅਧਿਆਤਮਕ ਰਮਜ਼ਾਂ ਨਾਲ ਭਰਪੂਰ ਸੀ। ਗੁਰੂ ਘਰ ਦੀਆਂ ਨਜ਼ਰਾਂ ਵਿਚ ਜੋ ਸਮੁੱਚੇ ਪੰਥ ਦੀ ਹਸਤੀ ਅਤੇ ਇਸਦੀ ਦੁਨੀਆ ਬਾਰੇ ਇਕ ਦੈਵੀ ਤੇ ਚਮਤਕਾਰੀ ਤਸੱਵਰ ਸਦੈਵ ਕਾਲੀ ਰੂਪ ਵਿਚ ਉੱਕਰਿਆ ਹੋਇਆ ਹੈ ਉਹ ਤਾਂ ਇਸ ਪਰਕਾਰ ਹੈ:

> 'ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫਤਹਿ, ਬਿਰਦ ਕੀ ਪੈਜ, ਪੰਥ ਦੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲ ਬਾਲੇ.... (ਬੋਲੋ ਜੀ ਵਾਹਿਗੁਰੂ) ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ ...(ਬੋਲੋ ਜੀ ਵਾਹਿਗੁਰੂ)

'ਸਿੰਘੋ, ਇਨ੍ਹਾਂ ਸਭ ਮਹਾਂ ਵਾਕਾਂ ਤੇ ਬੋਲੇ ਜੈਕਾਰਿਆਂ ਦਾ, ਜਿੰਨ੍ਹਾਂ ਨੂੰ ਅਸੀਂ ਹਰ ਰੋਜ਼ ਮੂਲ ਸਿਧਾਂਤ ਵਜੋਂ ਅਰਦਾਸ ਰੂਪ ਵਿਚ ਦਹੁਰਾਉਂਦੇ ਹਾਂ, ਜੋ ਸੱਚ ਉਦੇਸ਼ ਹੈ ਉਹ ਪ੍ਰਤਖ ਰੂਪ ਵਿਚ ਸਮੁਚੇ ਖਾਲਸਾ ਪੰਥ ਨੂੰ ਜਿਥੇ ਆਤਮਕ ਅਧਿਆਤਮਕ ਨੂਰ ਪਰਦਾਨ ਕਰਦਾ ਹੈ ਉੱਥੇ ਰਾਜ ਭਾਗ ਦੀ ਸਰਬ-ਉੱਚ ਸੱਤਾ ਨੂੰ ਗ੍ਰਹਿਣ ਕਰਕੇ ਤੇ ਸਥਾਈ ਰੂਪ ਵਿਚ ਆਪਣੇ ਹਥਾਂ 'ਚ ਰਖਣ ਦੀ ਸਦੀਵ ਕਾਲੀ ਪ੍ਰੇਰਣਾ ਵੀ ਦੇਂਦਾ ਹੈ।

ਅਸਲ ਵਿਚ ਅੱਜ ਜੋ ਕੁਝ ਸਾਡੇ ਸਾਹਮਣੇ ਵਾਪਰ ਰਿਹਾ ਹੈ ਅਤੇ ਖਾਲਸਾ ਪੰਥ ਨੂੰ ਜਿਨ੍ਹਾਂ ਘਿਨਾਉਣੀਆਂ ਹਾਲਤਾਂ 'ਚੋਂ ਦੀ ਲੰਘਣਾ ਪੈ ਰਿਹਾ ਹੈ ਇਸਦਾ ਕਾਰਨ ਇਹ ਹੈ ਕਿ ਅਸਾਂ ਗੁਰੂ ਸਾਹਿਬਾਨ ਤੇ ਆਪਣੇ ਪੁਰਖਿਆਂ, ਸ਼ਹੀਦਾਂ ਦੇ ਸੁਪਨਿਆਂ, ਟੀਚਿਆਂ ਤੇ ਇਰਾਦਿਆਂ ਨੂੰ ਅਤੇ ਉਹਨਾਂ ਦੇ ਦ੍ਰਿੜ ਸੰਕਲਪ ਨੂੰ ਮਨੋਂ ਕਰਕੇ ਅਮਲੀ ਰੂਪ ਦੇਣ ਵਲ ਧਿਆਨ ਨਹੀਂ ਦਿੱਤਾ। ਜੇ ਸਾਡੇ ਇਸ ਸਦੀ ਦੇ ਆਗੂਆਂ ਨੇ ਗੁਰਦਵਾਰਾ ਮੁਕਤੀ ਲਹਿਰ ਦੇ ਸਮੇਂ ਤੋਂ ਹੀ ਪੰਥਕ ਆਦਰਸ਼ਾਂ, ਸੰਕਲਪਾਂ, ਧਾਰਨਾਵਾਂ ਤੇ ਰਵਾਇਤਾਂ ਨਾਲ ਖਾਲਸਾ ਪੰਥ ਨੂੰ ਜੋੜਨ ਦਾ ਰਾਹ ਮਨੋਂ ਕਰਕੇ ਮੱਲਿਆ ਹੁੰਦਾ ਤਾਂ ਫਿਰ 1947 ਵਿਚ ਸਾਡੇ ਆਗੂਆਂ ਦਾ ਕਰਦਾਰ ਸਿੱਖ ਕੌਮ ਨੂੰ ਆਜ਼ਾਦੀ ਦੇ ਪਿੜ 'ਚੋਂ ਠਿੱਬੀ ਮਾਰ ਕੇ ਬਾਹਰ ਕੱਢਣ ਵਾਲਾ ਬਿਲਕੁਲ ਨਾ ਹੁੰਦਾ ਸਗੋਂ ਉਹ, ਸਿੱਖ ਪੰਥ ਦੇ ਹਿੱਸੇ ਆਉਂਦਾ ਰਾਜ ਭਾਗ ਜ਼ਰੂਰ ਵੰਡਾਉਂਦੇ ਤੇ ਕਿਸੇ ਹਾਲਤ ਵਿਚ ਵੀ ਸਿੱਖ ਕੌਮ ਦੀ ਵਾਗ ਡੋਰ ਇਨ੍ਹਾਂ ... ਵਾਲੇ ਹਿੰਦੂਆਂ ਦੇ ਹੱਥ ਨਾ ਸੌਂਪਦੇ।

ਉਸ ਦੌਰ ਵਿਚ ਜੋ ਸਾਡਾ ਦੁਖਾਂਤ ਸੀ ਉਹ ਇਹ ਸੀ ਕਿ ਉਸ ਸਮੇਂ ਸਾਡੇ ਅਕਾਲੀ ਆਗੂ ਇਕ ਪਾਸੇ ਤਾਂ ਖਾਲਸਾ ਪੰਥ ਦੇ ਧਾਰਮਕ ਤੇ ਰਾਜਸੀ ਖੇਤਰ ਵਿਚ ਸਿੱਖ ਕੌਮ ਦੇ ਆਗੂ ਹੋਣ ਦਾ ਦਾਅਵਾ ਕਰਨ ਵਜੋਂ ਹਿੰਦੂ ਕਾਂਗਰਸੀ ਲੀਡਰਸ਼ਿਪ ਦੇ ਮਨਾ ਉੱਪਰ ਆਪਣੀ ਧਾਂਕ ਜਮਾਉਣ ਦੀ ਕੋਸ਼ਿਸ਼ ਕਰਦੇ ਰਹੇ, ਪਰ ਦੂਸਰੇ ਪਾਸੇ ਇਹ ਆਗੂ ਰਾਜਨੀਤੀ ਦੇ ਖੇਤਰ ਵਿਚ ਉਹਨਾਂ ਦੀਆਂ ਨੀਤੀਆਂ ਤੇ ਪਾਲਸੀਆਂ ਦੇ ਮੁਤਾਬਕ ਚਲਦੇ ਹੋਏ ਹਰ ਗੱਲ ਵਿਚ ਉਹਨਾਂ ਦਾ ਦਮ ਭਰਦੇ ਤੇ ਪਿਠ ਪੂਰਦੇ ਰਹੇ, ਜਿਸ ਕਰਕੇ ਉਸ ਦੌਰ ਦੇ ਕਿਸੇ ਇਕ ਅਕਾਲੀ ਆਗੂ ਨੇ ਵੀ ਖਾਲਸਾ ਪੰਥ ਦੇ ਸਾਹਮਣੇ ਕੌਮ ਦੀ ਆਜ਼ਾਦ ਹਸਤੀ ਤੇ ਰਾਜ ਕਰੇਗਾ ਖਾਲਸਾ, ਵਿਚਲੇ ਸੋਚ ਤੇ ਮੰਤਵ ਨੂੰ ਉਭਾਰਨ ਤੇ ਨਖੇਰਨ ਦੀ ਨਾ ਜੁਰਅਤ ਕੀਤੀ ਤੇ ਨਾ ਹੀ ਕੋਈ ਕੋਸ਼ਿਸ਼ ਕੀਤੀ ਜਿਸਦੇ ਨਤੀਜੇ ਵਜੋਂ ਸਿੱਖ ਕੌਮ ਅੰਦਰ ਇਕ ਆਜ਼ਾਦ ਤੇ ਖੁਦ ਮੁਖਤਿਆਰ ਰਾਜ ਦੇ ਸੰਕਲਪ ਤੇ ਨਜ਼ਰੀਏ ਨੂੰ ਵਧਣ ਫੁਲਣ ਤੇ ਪਰਫੁੱਲਤ ਹੋਣ ਦਾ ਰਾਹ ਹੀ ਨਸੀਬ ਨਾ ਹੋਇਆ। ਸਗੋਂ ਇਸਦੇ ਉਲਟ ਸਿੱਖਾਂ ਦੇ ਦਿਲ ਦਿਮਾਗ ਅਰਥਾਤ ਮਨਾਂ ਉੱਪਰ ਖਾਲਸਾ ਰਾਜ ਦੀ ਸਥਾਪਤੀ ਦੇ ਨਜ਼ਰੀਏ ਤੇ ਸੰਕਲਪ ਦੀ ਥਾਂ ਭਾਰਤ ਦੀ ਆਜ਼ਾਦੀ ਦਾ ਤਸੱਵਰ ਤੇ ਖਿਆਲ ਇਕ ਝਖੜ ਦੀ ਤਰ੍ਹਾਂ, ਛਾਇਆ ਰਿਹਾ, ਜਿਸ ਕਰਕੇ ਸਮੁੱਚਾ ਖਾਲਸਾ ਪੰਥ ਖਾਲਸਾ ਰਾਜ ਦੀ ਜਦੋ-ਜਹਿਦ ਦੇ ਪਿੜ ਵਿਚ ਉਤਰਨ ਦੀ ਬਜਾਏ ਭਾਰਤ ਦੇ ਸਵਤੰਤਰਤਾ ਸੰਘਰਸ਼ ਦੇ ਮੈਦਾਨ ਵਿਚ ਅਥਾਹ ਜੋਸ਼ ਤੇ ਜਜ਼ਬੇ ਨਾਲ ਥਾਂ ਥਾਂ ਉੱਪਰ ਮੋਹਰਲੀਆਂ ਸਫਾਂ ਵਿਚ ਖਲੋ ਕੇ ਕੁਰਬਾਨੀਆਂ ਕਰਦਾ ਤੇ ਸ਼ਹੀਦੀਆਂ ਦੇਂਦਾ ਰਿਹਾ। ਸਿੱਖ ਨੌਜਵਾਨ ਤੇ ਸਿੰਘ ਇਕ ਦੂਸਰੇ ਨਾਲੋਂ ਵਧ ਵਧ ਕੇ ਤੇ ਅਗੇ ਹੋ ਕੇ ਜੇਹਲਾਂ ਕੱਟਦੇ, ਤਸੀਹੇ ਝਲਦੇ ਤੇ ਫਾਂਸੀਆਂ ਦੇ ਰੱਸੇ ਚੁੰਮਦੇ ਅਤੇ ਛਾਤੀਆਂ ਵਿਚ ਗੋਲੀਆਂ ਖਾਂਦੇ ਰਹੇ। ਸਿੱਖ ਕੌਮ ਅੰਦਰ ਇਹ ਅਹਿਸਾਸ ਜਗਾਉਣ ਤੇ ਉਭਾਰਨ ਵੱਲ ਉੱਕਾ ਹੀ ਧਿਆਨ ਨਾ ਦਿੱਤਾ ਗਿਆ ਕਿ ਜੇ ਉਹ ਇਹੋ ਕੁਰਬਾਨੀਆਂ ਖਾਲਸਾ ਰਾਜ ਦੀ ਪ੍ਰਾਪਤੀ ਦੇ ਰਾਹ ਉੱਪਰ ਚਲਕੇ ਕਰੇ ਤਾਂ ਉਸਦਾ ਕੀ ਜਲਵਾ ਹੋਵੇਗਾ ਅਤੇ ਉਸਦਾ ਫਲ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਲਈ ਕਿੰਨਾ ਮਿੱਠਾ ਹੋਵੇਗਾ।

ਜੇਕਰ ਉਸ ਸਮੇਂ ਦੇ ਸਿੱਖ ਆਗੂ ਪੰਥਕ ਸਿਧਾਂਤ ਤੇ ਖਾਲਸਾ ਪੰਥ ਦੀ ਆਜ਼ਾਦ ਹਸਤੀ ਦੇ ਨਜ਼ਰੀਏ ਦੀ ਰੋਸ਼ਨੀ ਵਿਚ ਚੱਲ ਕੇ ਸਿੱਖ ਕੌਮ ਦੀ ਅਗਵਾਈ ਕਰ ਰਹੇ ਹੁੰਦੇ ਤਾਂ ਅੱਜ ਸਾਨੂੰ ਵੀ ਦੁਨੀਆਂ ਦੀਆਂ ਆਜ਼ਾਦ ਕੌਮਾਂ ਦੇ ਮੁਕਾਬਲੇ ਇਕ ਵਿਸ਼ਾਲ ਤੇ ਖੁਦ ਮੁਖਤਿਆਰ ਖਾਲਸਾ ਸਲਤਨਤ ਦੇ ਪ੍ਰਭੁਤਵ ਉੱਪਰ ਗੌਰਵ ਹੁੰਦਾ ਫਿਰ ਉਸ ਹਾਲਤ ਵਿਚ ਅੱਜ ਇਥੇ ਸੱਚਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਦੇ ਦੁਆਲੇ ਦੁਸ਼ਟਾਂ ਵਲੋਂ ਥਾਂ ਥਾਂ ਉੱਪਰ ਘੇਰਾ ਬੰਦੀ ਤੇ ਮੋਰਚਾ ਬੰਦੀ ਨਾ ਕੀਤੀ



ਗਈ ਹੁੰਦੀ। ਸਗੋਂ ਦੁਨੀਆਂ ਦੀਆਂ ਵੱਡੀਆਂ ਤੋਂ ਵਡੀਆਂ ਬਾਦਸ਼ਾਹੀਆਂ ਤੇ ਸਲਤਨਤਾਂ, ਹਕੂਮਤਾਂ ਦੇ ਸਰਬਰਾਹ ਇਸ ਮਹਾਨ ਤੇ ਪਵਿਤਰ ਅਸਥਾਨ ਨਾਲ ਜੁੜੇ ਹੋਏ ਅਲਾਹੀ ਪੰਥਕ ਸੂਤ ਨੂੰ ਸਮਝਣ ਅਤੇ ਇਸਦੇ ਆਦਰਸ਼ ਤੇ ਕਲਿਆਣਕਾਰੀ ਰੂਪ ਸਰੂਪ ਸਾਹਮਣੇ ਸਿਰ ਝੁਕਾਉਣ ਵਿਚ ਆਪਣੀ ਖੁਸ਼ਕਿਸਮਤੀ ਸਮਝਦੇ ਹੁੰਦੇ।

ਸਿੰਘੋ, ਹੁਣ ਬੀਤਿਆ ਹੋਇਆ ਸਮਾਂ ਤਾਂ ਹੱਥ ਨਹੀਂ ਆ ਸਕਦਾ, ਪਰ ਆਉਣ ਵਾਲੇ ਸਮਿਆਂ ਲਈ ਮੇਰੀ ਇਸ ਗੱਲ ਨੂੰ ਪੱਕੀ ਤਰ੍ਹਾਂ ਨਾਲ ਪੱਲੇ ਜ਼ਰੂਰ ਬੰਨ੍ਹ ਛੱਡਿਓ ਤੇ ਉਸ ਉੱਪਰ ਪੂਰਨ ਦ੍ਰਿੜਤਾ ਤੇ ਸਲਗਣਤਾ ਨਾਲ ਅਮਲ ਕਰਮ ਵੀ ਕਮਾਇਓ। ਜੇ ਤੁਸਾਂ ਖਾਲਸਾ ਪੰਥ ਨੂੰ ਚੜ੍ਹਦੀ ਕਲਾ ਤੇ ਆਜ਼ਾਦੀ ਦੀ ਮੰਜ਼ਲ ਵੱਲ ਅਗੇ ਲੈ ਜਾਣਾ ਤਾਂ ਫਿਰ ਤੁਹਾਨੂੰ ਸਿੱਖ ਕੌਮ ਦੇ ਸਾਹਮਣੇ ਸਿੱਖ ਸਿਧਾਂਤ ਦੀਆਂ ਸਚਾਈਆਂ ਨੂੰ ਐਲਾਨੀਆਂ ਤੌਰ ਤੇ ਮਿਥਣਾ ਪਵੇਗਾ ਅਤੇ ਖਾਲਸਾ ਪੰਥ ਦੀ ਵਿਲਖਣਤਾ ਦੇ ਮੂਲ ਗੁਣਾ ਲਖਣਾ ਤੇ ਕਾਰਨਾਂ ਨੂੰ ਨਖਾਰਨਾ ਪਵੇਗਾ। ਰਾਜ ਕਰੇਗਾ ਖਾਲਸਾ, ਪੰਥ ਦੀ ਆਜ਼ਾਦ ਹਸਤੀ ਅਤੇ ਖਾਲਸਾ ਜੀ ਦੇ ਬੋਲ ਬਾਲੇ ਦੇ ਨਜ਼ਰੀਏ ਤੇ ਸੰਕਲਪ ਨੂੰ ਪ੍ਰਤੱਖ ਤੇ ਵਿਆਪਕ ਰੂਪ ਵਿਚ ਉਜਾਗਰ ਕਰਨਾ ਹੋਵੇਗਾ। ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਨਮੁਖ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਉਸਾਰੀ ਪਿਛੋਂ ਕੌਮ ਕਰਦੇ ਅਧਿਆਤਮਕ ਤੇ ਰਾਜਸੀ ਆਸ਼ੇ ਉਦੇਸ਼ ਤੇ ਮੰਤਵ ਮਨੋਰਥ ਨੂੰ ਐਨ ਨਖੇੜ ਕੇ ਸਪਸ਼ਟ ਕਰਨਾ ਹੋਵੇਗਾ। ਇਸੇ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਤੇ ਉਪ ਜਥੇਦਾਰਾਂ ਦੇ ਸਿੱਖ ਕੌਮ ਅਤੇ ਖਾਲਸਾ ਰਾਜ ਦੀ ਸੱਤਾ ਸਥਾਪਤੀ, ਤੇ ਰਾਖੀ ਪ੍ਰਤੀ ਬੁਨਿਆਦੀ ਕਰਮ ਕਾਰਜ ਸਰਗਰਮੀਆਂ, ਜ਼ੁਮੇਵਾਰੀਆਂ ਤੇ ਫਰਜ਼ਾਂ ਨੂੰ ਸਥਾਈ ਰੂਪ ਵਿਚ ਨਿਸਚਤ ਕਰਨਾ ਪਵੇਗਾ। ਸਿੱਖ ਕੌਮ ਦੀ ਚੜ੍ਹਦੀ ਕਲਾ ਤੇ ਇਸਦੇ ਪਰਸਾਰ ਅਤੇ ਖਾਲਸਾ ਰਾਜ ਦੇ ਸੰਕਲਪ ਦੀ ਰਾਖੀ ਅਤੇ ਇਸ ਸੰਕਲਪ ਨੂੰ ਵਿਆਪਕ ਰੂਪ ਵਿਚ ਲਾਗੂ ਕਰਨ ਦੀਆਂ ਸਰਗਰਮੀਆਂ ਨੂੰ ਜਾਰੀ ਰੱਖਣ ਪ੍ਰਤੀ ਮਨ ਬਚ ਤੇ ਕਰਮ ਪੱਖੋਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਦ੍ਰਿੜ ਰਹਿਣਾ ਅਤੇ ਇਨ੍ਹਾਂ ਪੰਥਕ ਸੇਵਾਵਾਂ ਦੀ ਖਾਤਰ ਪਹਿਰਾ ਦੇਣ ਤੇ ਸਿਰ ਦੇਣ ਦੇ ਰਾਹ,ਤੇ ਤੁਰੇ ਰਹਿਣਾ ਉਸਦਾ ਮੁਖ ਕਰਤਵ ਤੇ ਧਰਮ ਹੋਵੇਗਾ। ਸਾਨੂੰ ਇਸ ਗੱਲ ਦਾ ਵੀ ਨਿਰਣਾ ਕਰਨਾ ਹੋਵੇਗਾ ਕਿ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਬੁਲਾਏ ਜਾਣ ਵਾਲੇ ਸਰਬਤ ਖਾਲਸਾ ਦੇ ਸੰਮੇਲਣ ਵਿਚ ਕੌਣ ਕੌਣ ਜਥੇਬੰਦੀਆਂ, ਦਲ, ਵਿਅਕਤੀ ਤੇ ਸੰਪਰਦਾਵਾਂ ਆਦਿ ਸ਼ਾਮਲ ਹੋਣ ਅਤੇ ਖਾਲਸਾ ਪੰਥ ਦੇ ਵਰਤਮਾਨ ਤੇ ਭਵਿੱਖ ਸਬੰਧੀ ਪ੍ਰੋਗਰਾਮ ਉਲੀਕਣ ਤੇ ਗੁਰਮਤਾ ਕਰਕੇ ਫੈਸਲੇ ਲੈਣ ਯੋਗ, ਸਮਰਥ ਤੇ ਅਧਿਕਾਰੀ ਹੋਣਗੇ?

ਸਿੰਘਾਂ ਦੇ ਇਨ੍ਹਾਂ ਵਿਚਾਰਾਂ ਤੋਂ ਮੇਰੇ ਮਨ ਵਿਚ ਅਕਸਰ ਇਹ ਵਿਚਾਰ ਉਭਰਦਾ ਤੇ ਵਿਗਸਦਾ ਰਹਿੰਦਾ ਹੈ ਕਿ ਜੇ ਸਿੱਖ ਕੌਮ ਦੇ ਸਾਹਮਣੇ ਪੰਥਕ ਉਦੇਸ਼ ਤੇ ਸਿਧਾਂਤਕ ਸਚਾਈਆਂ ਅਤੇ ਗੁਰੂ ਘਰ ਦੇ ਸੰਕਲਪਾਂ ਤੇ ਟੀਚਿਆਂ, ਨਿਸ਼ਾਨਿਆਂ ਦਾ ਸਹੀ ਨਿਰਣਾ ਪਰਗਟ ਕਰ ਦਿੱਤਾ ਜਾਵੇ ਅਤੇ ਉਹਨਾਂ ਅਨੁਸਾਰ ਪੰਥਕ ਕਾਰਜ ਕਰਮ ਤੇ ਸਰਗਰਮੀਆਂ ਦੇ ਅਮਲ ਨੂੰ ਨਿਭਾਉਣਾ ਆਰੰਭ ਕਰ ਦਿੱਤਾ ਜਾਵੇ ਤਾਂ ਉਸ ਹਾਲਤ ਵਿਚ ਖਾਲਸਾ ਪੰਥ, ਜੋ ਆਪਣੇ ਆਪ ਵਿਚ ਧਾਰਮਕ ਤੇ ਸਦਾਚਾਰਕ ਕਦਰਾਂ ਕੀਮਤਾਂ ਅਤੇ ਸਚਾਈਆਂ ਦਾ ਮੁੱਜਸਮਾ ਹੈ, ਇਕ ਛਿਣ ਪਲ ਲਈ ਵੀ ਰਾਜ ਭਾਗ ਦੀ ਸ਼ਾਨ ਉਚ ਸੱਤਾ ਤੇ ਸ਼ਕਤੀ ਤੋਂ ਵਾਂਝਿਆਂ ਨਹੀਂ ਰਹਿ ਸਕਦਾ। ਸਰਬਤ ਖਾਲਸਾ ਦੇ ਇਜਲਾਸ ਅਰਥਾਤ ਇਕੱਠ ਵਿਚ ਸ਼ਮੂਲੀਅਤ ਬਾਰੇ ਵੀ ਮੇਰੇ ਅੰਤਰ ਆਤਮਾ ਵਿਚ ਇਸ ਪਰਕਾਰ ਦੇ ਖਿਆਲ ਚਕਰ ਲਾਉਂਦੇ ਤੇ ਮੌਲਦੇ ਰਹਿੰਦੇ ਹਨ ਕਿ ਸਰਬਤ ਖਾਲਸਾ ਦੇ ਇਕੱਠ ਵਿਚ ਕੇਵਲ ਉਹੋ ਜਥੇਬੰਦੀਆਂ, ਦਲ ਸੰਪਰਦਾਵਾਂ ਤੇ ਖਾਲਸਾ ਪੰਥ ਦੇ ਅਨੁਆਈ ਸ਼ਾਮਲ ਹੋਣ ਦਾ ਹੱਕ ਰਖਦੇ ਹਨ ਜੋ

ਮਨ ਬਚ ਤੇ ਕਰਮਾਂ ਪੱਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਉੱਪਰ ਪੂਰਨ ਟੇਕ ਤੇ ਵਿਸ਼ਵਾਸ ਰੱਖਦੇ ਹੋਣ, ਖਾਲਸਾ ਰਾਜ ਦੇ ਸੰਕਲਪ ਤੇ ਨਿਸ਼ਾਨੇ ਅਤੇ ਇਸਦੀ ਪ੍ਰਾਪਤੀ ਤੇ ਸਥਾਈ ਰੂਪ ਵਿਚ ਸਥਾਪਤੀ ਤੇ ਟੀਚੇ ਪ੍ਰਤੀ ਪੂਰਨ ਤੌਰ 'ਤੇ ਵਫ਼ਾਦਾਰ ਤੇ ਦ੍ਰਿੜ ਹੋਣ, ਪੰਥ ਦੇ ਅੰਦਰ ਹੀ ਸਾਕ ਸਕੀਰੀਆਂ ਤੇ ਲਹੂ ਨਾਤੇ ਦੇ ਰਿਸ਼ਤੇ ਰੱਖਦੇ ਹੋਣ, ਧਰਮ ਤੇ ਰਾਜਨੀਤੀ ਵਿਚਕਾਰ ਅਟੁੱਟ ਸਾਂਝ ਦੇ ਨਜ਼ਰੀਏ ਨੂੰ ਧਾਰਮਕ ਤੇ ਰਾਜਨੀਤਕ ਪੱਖੋਂ ਮਨੋ ਚਿਤੋਂ ਮਾਨਤਾ ਦੇਂਦੇ ਹੋਣ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੌਸ਼ਨੀ ਤੇ ਅਗਵਾਈ ਅਤੇ ਕੇਸਰੀ ਨਿਸ਼ਾਨ ਸਾਹਿਬ ਦੀ ਛਤਰ ਛਾਇਆ ਹੇਠ ਆਪੋ ਆਪਣੇ ਜਥਿਆਂ ਜਥੇਬੰਦੀਆਂ, ਸੰਪਰਦਾਵਾਂ ਤੇ ਦਲਾਂ ਦੇ ਵਜੂਦ ਨੂੰ ਸਿਖ ਧਰਮ ਤੇ ਖਾਲਸਾ ਰਾਜ ਦੇ ਪਹਿਰੇਦਾਰ ਸਮਝਦੇ ਹੋਣ, ਆਪੋ ਆਪਣੀ ਜਥੇਬੰਦਕ ਹੋਂਦ ਹਸਤੀ ਦੇ ਮੁਕਾਬਲੇ ਖਾਲਸਾ ਪੰਥ ਦੀ ਸਰਵ ਉੱਚਤਾ ਤੇ ਏਕਤਾ ਅਗੇ ਸਿਰ ਨਿਵਾਉਂਦੇ ਹੋਣ ਅਤੇ ਖਾਲਸਾ ਪੰਥ ਦੀ ਏਕਤਾ ਤੇ ਸਰਵ ਉੱਚਤਾ ਦੀ ਖਾਤਰ ਹਮੇਸ਼ਾਂ ਮਰਜੀਵੜਿਆਂ ਦੇ ਰੂਪ ਵਿਚ ਆਪਣਾ ਸੀਸ ਤੇ ਸਰਬੰਸ ਤੱਕ ਲੇਖੇ ਲਾਉਣ ਲਈ ਮਨੋ ਚਿਤੋਂ ਤੱਤਪਰ ਰਹਿੰਦੇ ਹੋਣ।

ਕਿਸੇ ਵੀ ਐਸੀ ਧਾਰਮਕ ਸਿਆਸੀ ਜਾਂ ਸਮਾਜੀ ਜਥੇਬੰਦੀ ਨਾਲ ਸਾਂਝ ਭਿਆਲੀ ਤੇ ਮਾਨਸਿਕ ਲਗਾਉ ਪੱਖੋਂ ਦੂਰ ਦਾ ਵੀ ਵਾਸਤਾ ਨਾ ਰਖਦੇ ਹੋਣ। ਜਿਹੜੀਆਂ ਧਿਰਾਂ, ਸੰਸਥਾਵਾਂ ਤੇ ਤਾਕਤਾਂ ਪੰਥ ਦੀਆਂ ਦੁਸ਼ਮਨ ਸਫ਼ਾਂ ਵਿਚ ਆਪਣੇ ਸੈੱਲ ਰਖਦੀਆਂ ਜਾਂ ਖਲੋਤੀਆਂ ਹੋਈਆਂ ਹੋਣ ਕਿਸੇ ਵੀ ਧਾਰਮਕ ਜਥੇ ਬੰਦੀ ਸੰਪਰਦਾ ਵਲੋਂ ਮਨਮੱਤ 'ਤੇ ਆਧਾਰਤ ਕਾਇਮ ਕੀਤੀ ਹੋਈ ਮਰਯਾਦਾ 'ਤੇ ਕਰਮ ਕਾਂਡੀ ਰਹੁਰੀਤੀ, ਜੋ ਗੁਰ-ਸਿਧਾਂਤ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸੱਚ ਉਦੇਸ਼ ਤੇ ਰਾਹ ਨਾਲ ਮੇਲ ਨਾ ਖਾਂਦੀ ਹੋਵੇ, ਦੇ ਮੁਕਾਬਲੇ ਕੇਵਲ ਤੇ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਤੋਂ ਨਿਸਚਤ ਕੀਤੇ ਜਾਣ ਵਾਲੇ ਮਰਯਾਦਾ ਸਿਧਾਂਤ ਤੇ ਅਸੂਲਾਂ ਉੱਪਰ ਹੀ ਪਹਿਰਾ ਦੇਂਦੇ ਹੋਣ।

ਅਸਲ ਵਿਚ ਸਰਬਤ ਖਾਲਸੇ ਦਾ ਮਹੱਤਵ ਗੁਰੂ ਨਾਨਕ ਘਰ ਦੇ ਵਿਚਾਰਧਾਰਕ ਨਜ਼ਰੀਏ'ਤੋਂ ਪੱਖਾਂ, ਖਾਲਸਾ ਪੰਥ ਦੀਆਂ ਸਿਧਾਂਤਕ ਰਵਾਇਤਾਂ ਤੇ ਸਚਾਈਆਂ ਉੱਪਰ ਕਾਇਮ ਹੈ ਨਾ ਕਿ ਜਥੇਬੰਦੀਆਂ ਦੇ ਜਲ ਜਲੌ ਤੇ ਬਾਹਰੀ ਸ਼ਾਨ ਉੱਪਰ। ਖਾਲਸਾ ਪੰਥ ਤਾਂ ਇਕ ਐਸੇ ਵਿਸ਼ਾਲ ਝੀਲ ਸਰੋਵਰ ਦੀ ਨਿਆਈਂ ਹੈ ਜਿਸਦੀ ਅਮੋਘ ਤੇ ਅਗੰਮੀ ਸ਼ਾਨ ਅਤੇ ਜਿਸਦੇ ਅਲੌਕਕ ਗੁਣ ਲਖਣ ਤੇ ਬਹੁ ਪੱਖੀ ਵਡਿਆਈਆਂ ਖੂਬੀਆਂ ਨਾਲ ਸਰਸ਼ਾਰ ਨਜ਼ਾਰੇ ਆਪਣੀ ਅੰਦਰਲੀ ਅਲਾਹੀ ਸ਼ਕਤੀ ਦੇ ਸੋਮਿਆਂ ਉੱਪਰ ਨਿਰਭਰ ਨੇ। ਜਥੇਬੰਦੀਆਂ, ਦਲਾਂ ਤੇ ਸੰਪਰਦਾਵਾਂ ਦਾ ਜੋ ਮੁੱਖ ਕਾਰਜ-ਕਰਮ ਹੋਣਾ ਚਾਹੀਦਾ ਹੈ ਉਹ ਇਹ ਹੋਣਾ ਚਾਹੀਦਾ ਹੈ ਕਿ ਉਹ ਇਸ ਗੱਲ ਲਈ ਪਹਿਰਾ ਦੇਣ ਤੇ ਆਪਣਾ ਧਰਮ ਨਿਭਾਉਣ ਕਿ ਪੰਥ ਦੁਸ਼ਮਨ ਤਾਕਤਾਂ ਇਸ ਝੀਲ ਸਰੋਵਰ ਦੀ ਆਜ਼ਾਦ ਫਜ਼ਾ ਉੱਪਰ ਤੇ ਇਸਦੇ ਆਲੇ ਦੁਆਲੇ ਗੁਲਾਮੀ ਦਾ ਜਾਲ ਨਾ ਫੈਲਾ ਸਕਣ ਤੇ ਤਾਣਾ ਪੇਟਾ ਨਾ ਵਲ ਸਕਣ ਅਤੇ ਇਸਦੇ ਕਰਾਮਾਤੀ ਚਮਤਕਾਰੀ ਤੇ ਜੀਵਨਦਾਤਾ ਅੰਮ੍ਰਿਤ ਰੂਪੀ ਪਾਣੀ ਵਿਚ ਜ਼ਹਿਰ ਨਾ ਘੋਲ ਸਕਣ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੰਗਤ 'ਚੋਂ ਮਿਲੇ ਵਿਚਾਰਾਂ ਦੇ ਪਰਭਾਵ ਕਾਰਨ ਮੇਰੇ ਮਨ ਵਿਚ ਇਸ ਪਰਕਾਰ ਦੇ ਵਿਚਾਰ ਤੇ ਤਸਵੀਰ ਵੀ ਆਪਣਾ ਅਸਰ ਵਿਖਾਉਂਦੇ ਰਹਿੰਦੇ ਹਨ ਕਿ 'ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਨਾ ਤਾਂ ਮੀਰੀ ਪੀਰੀ ਦੇ ਮਾਲਕ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਸ ਅਕਾਲ ਪੁਰਖ ਦੇ ਸੱਚੇ ਤਖਤ ਵਜੋਂ ਕੀਤੀ ਹੈ ਜਿਸ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਤੇ ਰੌਸ਼ਨ ਅਗਵਾਈ ਵਿਚ ਅਤੇ ਖਾਲਸਾ ਪੰਥ ਦੀ ਹਾਜ਼ਰੀ ਵਿਚ ਉਹ ਫੈਸਲੇ ਹੀ ਲਏ ਜਾ ਸਕਦੇ ਤੇ ਗੁਰਮਤੇ ਕੀਤੇ ਜਾ ਸਕਦੇ ਹਨ ਜੋ ਸਿਖ ਸਿਧਾਂਤ, ਗੁਰੂ ਪੰਥ ਦੇ ਅਕੀਦਿਆਂ, ਗੁਰੂ ਸਾਹਿਬਾਨ ਦੇ ਸੰਕਲਪਾਂ, ਨਿਸ਼ਚਿਆਂ,



ਵਿਚਾਰਾਂ ਤੇ ਪੂਰਨਿਆਂ ਅਤੇ ਖਾਲਸਾ ਪੰਥ ਦੀਆਂ ਪ੍ਰਮਾਣਿਕ ਸਿਧਾਂਤਕ ਰਵਾਇਤਾਂ ਤੇ ਮਰਯਾਦਾਵਾਂ ਦੀ ਕਸਵੱਟੀ ਉੱਪਰ ਪੂਰਿਆਂ ਉਤਰਦੇ ਹੋਣ

ਅਸਲ ਵਿਚ ਇਸੇ ਕਰਕੇ ਹੀ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵ ਉੱਚਤਾ ਇਸਦੀ ਸਥਾਪਤ ਮਰਯਾਦਾ ਅਤੇ ਰਾਜਨੀਤੀ ਸਬੰਧੀ ਨੀਤੀਆਂ ਕਿਸੇ ਵੀ ਵਿਸ਼ੇਸ਼ ਵਿਅਕਤੀ ਜਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਆਪਣੀ ਜ਼ਾਤੀ ਮਰਜ਼ੀ ਅਰਥਾਤ ਉਸਦੀ ਮਨ ਮੌਜ ਦੇ ਅਧੀਨ ਨਹੀਂ ਹੁੰਦੀਆਂ, ਸਗੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਤੇ ਮਰਯਾਦਾ ਖੇਤਰ ਦੀਆਂ ਧਾਰਮਕ ਤੇ ਰਾਜਸੀ ਸਰਗਰਮੀਆਂ ਨਾਲ ਸਬੰਧਤ ਵਿਸ਼ੇਸ਼-ਵਿਅਕਤੀ ਅਰਥਾਤ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਆਪਣੇ ਜ਼ਿੰਮੇ ਲੱਗੀਆਂ ਸੇਵਾਵਾਂ ਤੇ ਜ਼ੁੰਮੇਵਾਰੀਆਂ ਨੂੰ ਪ੍ਰਤਖ ਤੇ ਅਮਲੀ ਰੂਪ ਵਿਚ ਨਿਭਾਉਣ ਤੇ ਪਰਵਾਨ ਚੜ੍ਹਾਉਣ ਲਈ ਖਾਲਸਾ ਪੰਥ ਪ੍ਰਤੀ ਜ਼ੁੰਮੇਵਾਰ ਵੀ ਹੁੰਦਾ ਹੈ ਤੇ ਜਵਾਬ ਦੇਹ ਵੀ। ਪਰ ਜੇ ਕੋਈ ਜਥੇਦਾਰ ਕਮਜ਼ੋਰ, ਸਵਾਰਥੀ ਜਾਂ ਸਿਧਾਂਤ ਹੀਨ ਹੋਣ ਦੇ ਨਾਤੇ ਸਿਖੀ ਵਿਚਾਰਧਾਰਾ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਿਧਾਂਤ ਸੱਚ ਤੇ ਮਰਯਾਦਾ ਪੱਖਾਂ ਨਾਲੋਂ ਟੁੱਟਿਆ ਹੋਣ ਕਰਕੇ ਅਤੇ ਜਾਂ ਖਾਲਸਾ ਪੰਥ ਦੇ ਦੁਸ਼ਮਨ ਵੈਰੀਆਂ ਦੀ ਨੀਤੀ, ਚਾਲ ਤੇ ਬੋਲੀ ਉੱਪਰ ਲਗਾ ਹੋਇਆ ਹੋਣ ਕਰਕੇ ਜਾਂ ਖਾਲਸਾ ਪੰਥ ਅੰਦਰਲੇ ਕਿਸੇ ਸਵਾਰਥੀ ਧਾਰਮਕ ਸਿਆਸੀ ਧੜੇ ਦਲ ਤੇ ਜਥੇਬੰਦੀ ਦੇ ਪ੍ਰਭਾਵ ਅਧੀਨ ਹੋਣ ਕਰਕੇ, ਖਾਲਸਾ ਪੰਥ ਦੇ ਹਿਤਾਂ ਅਸੂਲਾਂ ਤੇ ਸਿਧਾਂਤਾਂ ਦੇ ਵਿਰੁਧ ਹੁਕਮ ਜਾਰੀ ਕਰਦਾ ਹੈ ਅਤੇ ਜਾਂ ਆਪਣੀ ਤੇ ਆਪਣੀ ਧੜੇਬੰਦੀ ਦੀ ਹੀ ਮਰਜ਼ੀ ਤੇ ਫੈਸਲੇ ਨਾਲ ਬੁਲਾਏ ਜਾਣ ਵਾਲੇ ਕਿਸੇ ਇਕੱਠ ਦੀ ਹਾਜ਼ਰੀ ਵਿਚ ਕਿਸੇ ਸਿਧਾਂਤ-ਹੀਨ ਮਤੇ ਨੂੰ ਗੁਰਮਤੇ ਅਤੇ ਕਿਸੇ ਲਿਖਤ ਨੂੰ ਹੁਕਮ ਨਾਮੇ ਦਾ ਨਾ ਦੇਕੇ ਪੰਥ ਅੰਦਰ ਲਾਗੂ ਕਰਨ ਦਾ ਆਦੇਸ਼ ਦੇਂਦਾ ਹੈ ਤਾਂ ਉਸ ਹਾਲਤ ਵਿਚ ਉਸਨੂੰ ਅੱਜ ਤੱਕ ਨਾ ਖਾਲਸਾ ਪੰਥ ਨੇ ਪਰਵਾਨ ਕੀਤਾ ਹੈ ਤੇ ਨਾ ਹੀ ਇਸਤਰਾਂ ਦੇ ਫੈਸਲੇ ਸਿਖ ਇਤਹਾਸ ਤੇ ਸਿਖ ਰਵਾਇਤਾਂ ਦਾ ਅਟੁੱਟ ਤੇ ਅਨਿਖੜਵਾਂ ਹਿਸਾ ਹੀ ਬਣ ਸਕੇ ਹਨ।

ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਤਾਂ ਕੇਵਲ ਉਹ ਵਿਅਕਤੀ ਹੀ ਹੋ ਸਕਦਾ ਹੈ ਜੋ ਖਾਲਸਾ ਪੰਥ ਦੀ ਆਜ਼ਾਦ ਹਸਤੀ ਅਤੇ ਖਾਲਸਾ ਰਾਜ ਦੇ ਸੰਕਲਪ ਤੇ ਨਿਸ਼ਾਨੇ ਦਾ ਝੰਡਾ ਬਰਦਾਰ ਤੇ ਜ਼ਾਮਨ ਹੋਵੇ ਅਤੇ ਸਿਖ ਧਰਮ ਦੇ ਪਰਚਾਰ ਸੰਚਾਰ ਤੇ ਇਸ ਦੇ ਮੂਲ ਸਿਧਾਂਤ ਦੀ ਰਾਖੀ ਲਈ ਵਚਨਬਧ ਹੋਵੇ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੇ ਸਨਮੁਖ ਬੈਠੇ ਹੋਏ ਸਿੰਘਾਂ ਤੇ ਜਵਾਨਾਂ ਵਲੋਂ ਉਠਾਏ ਜਾਣ ਵਾਲੇ ਸਵਾਲਾਂ ਸ਼ੰਕਿਆਂ ਤੇ ਮਸਲਿਆਂ ਸਬੰਧੀ ਬੜੇ ਸਪਸ਼ਟ ਰੂਪ ਵਿਚ ਉੱਤਰ ਦੇ ਰਹੇ ਸਨ। ਸੰਤਾਂ ਦਾ ਕਥਨ ਸੀ, 'ਸਿੰਘੋ, ਜੇ ਖਾਲਸਾ ਰਾਜ ਦੇ ਦੌਰ ਪਿਛੋਂ ਸ੍ਰੀ ਅਕਾਲ ਸਾਹਿਬ ਦਾ ਕੋਈ ਜਥੇਦਾਰ ਅਕਾਲੀ ਫੂਲਾ ਸਿੰਘ ਦੀ ਤਰ੍ਹਾਂ ਮਹਾਨ ਵਿਅਕਤੀਤਵ ਤੇ ਜੁਝਾਰੂ ਆਤਮਾ ਦਾ ਮਾਲਕ ਹੁੰਦਾ ਤਾਂ ਫਿਰ ਖਾਲਸਾ ਪੰਥ ਦੀ ਚੜ੍ਹਦੀ ਕਲਾ ਨੂੰ ਕਦੀ ਵੀ ਢਾਹ ਨਾ ਲਗਦੀ। ਇਥੋਂ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਤੋਂ ਪਿਛੋਂ ਖਾਲਸਾ ਪੰਥ ਅੰਦਰਲੇ ਗਦਾਰ ਡੋਗਰਿਆਂ, ਵਿਕਾਊ ਸਿਖ ਸਰਦਾਰਾਂ, ਪਖਾਂਡੀ ਸਿਧੀਆਂ, ਮਿਸਰਾਂ ਅਤੇ ਉਹਨਾਂ ਦੇ ਅਜੇਲੀਆਂ, ਕੁੜਮ ਕੁਟੰਬਾਂ ਤੇ ਪਰਵਾਰਾਂ ਨੂੰ ਖਾਲਸਾ ਰਾਜ ਦੀਆਂ ਜੜ੍ਹਾਂ ਉੱਪਰ ਖੁੱਲ ਕੇ ਕੁਲਹਾੜੇ ਚਲਾਉਣ ਦੇ ਮੌਕੇ ਨਾ ਮਿਲਦੇ। ਜੇ ਕਿਧਰੇ ਉਸ ਸਮੇਂ ਸਮੁੱਚੇ ਖਾਲਸਾ ਪੰਥ ਨੂੰ ਸਮਾਜਕ ਖੇਤਰ ਵਿਚ ਅਤੇ ਖਾਲਸਾਈ ਫੌਜ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਧਾਂਤਕ ਤੇ ਜਥੇਬੰਦ ਸੇਧ ਮਿਲ ਜਾਂਦੀ ਤਾਂ ਉਸ ਹਾਲਤ ਵਿਚ ਸਿਖ ਕੌਮ ਅੰਦਰ 'ਰਾਜ ਕਰੇਗਾ ਖਾਲਸਾ' ਦਾ ਨਜ਼ਰੀਆ ਤੇ ਨਿਸ਼ਾਨਾ ਵੀ ਪ੍ਰਬਲ ਰੂਪ ਵਿਚ ਕਾਇਮ ਰਹਿੰਦਾ ਤੇ ਗਦਾਰਾਂ ਦੀ ਵਿਆਪਕ ਰੂਪ ਵਿਚ ਸੋਧਾ ਸੁਧਾਈ ਵੀ ਸ਼ੁਰੂ ਹੋ ਜਾਂਦੀ। ਖਾਲਸਾ ਪੰਥ ਦੀਆਂ ਦੁਸ਼ਮਨ ਤਾਕਤਾਂ

ਨਾਲ ਲੋਹਾ ਲੈਣ ਦੀਆਂ ਜੁਝਾਰੂ ਸਰਗਰਮੀਆਂ ਵੀ ਜਾਰੀ ਰਹਿੰਦੀਆਂ, ਅੱਗੇ ਤੋਂ ਪੰਥ ਨਾਲ ਗਦਾਰੀ ਕਰਨ ਦਾ ਵੀ ਕਿਸੇ ਨੂੰ ਹੀਆ ਨਾ ਪੈਂਦਾ ਅਤੇ ਖਾਲਸਾ ਰਾਜ ਦੀ ਮੁੜ ਪ੍ਰਾਪਤੀ ਤੇ ਸਥਾਪਤੀ ਦੀ ਜਦੋਜਹਿਦ ਵੀ ਨਿਰੰਤਰ ਰੂਪ ਵਿਚ ਜਾਰੀ ਰਹਿੰਦੀ। ਇਸ ਦਸ਼ਾ ਵਿਚ ਪੰਥ ਅੰਦਰ ਕੇਵਲ ਉਹ ਲੀਡਰਸ਼ਿਪ ਹੀ ਪਰਵਾਨ ਹੁੰਦੀ ਜੋ ਪੰਥ ਅੰਦਰ ਖਾਲਸਾ ਰਾਜ ਦੀ ਪ੍ਰਾਪਤੀ ਤੇ ਸਥਾਪਨਾ ਪ੍ਰਤੀ ਵਚਨਬਧ ਹੁੰਦੀ ਅਤੇ ਜੁਝਾਰੂ ਸਰਗਰਮੀਆਂ ਜਾਰੀ ਰਖਦੀ ਅਤੇ ਆਪਣਾ ਸੀਸ ਗੁਰੂ ਘਰ ਤੇ ਖਾਲਸਾ ਪੰਥ ਦੀ ਅਮਾਨਤ ਸਮਝਦੀ। ਇਸ ਤੋਂ ਇਲਾਵਾ ਗੁਰਧਾਮਾਂ ਅੰਦਰਲੇ ਸਭ ਅੰਗ੍ਰੇਜ਼-ਪ੍ਰਸਤ, ਪ੍ਰਬੰਧਕ ਤੇ ਪੁਜਾਰੀ ਵੀ ਸਮੇਂ ਦੇ ਨਾਲ ਨਾਲ ਸੋਧੀਦੇ ਤੁਰੇ ਜਾਣੇ ਸਨ ਅਤੇ ਗੁਰਧਾਮਾਂ ਦਾ ਪ੍ਰਬੰਧ ਵੀ ਖਾਲਸਾ ਪੰਥ ਦੇ ਹੱਥਾਂ ਵਿਚ ਰਹਿਣਾ ਸੀ, ਪਰ ਹੁਣ ਤਾਂ ਸਿੰਘੋ, ਸਾਨੂੰ ਬੀਤੇ ਦੀਆਂ ਗਲਤੀਆਂ ਤੋਂ ਸਬਕ ਹਾਸਲ ਕਰਨਾ ਚਾਹੀਦਾ ਹੈ ਤੇ ਉਹ ਰਸਤਾ ਅਖਤਿਆਰ ਕਰਨਾ ਚਾਹੀਦਾ ਹੈ ਜੋ ਦਸਮ ਪਿਤਾ ਨੇ ਖਾਲਸਾ ਪੰਥ ਲਈ ਨਿਸਚਤ ਕਰ ਰੱਖਿਆ ਹੈ। ਆਹ ਜੋ ਅੱਜ ਦੁਸ਼ਟਾਂ ਵਲੋਂ ਸਾਡੀਆਂ ਨਜ਼ਰਾਂ ਦੇ ਸਾਹਮਣੇ ਅਨਰਥ ਕਮਾਇਆ ਜਾ ਰਿਹਾ ਹੈ ਇਹ ਸਮੁੱਚੇ ਖਾਲਸਾ ਪੰਥ ਦੀ ਹਸਤੀ, ਜ਼ਮੀਰ ਤੇ ਆਤਮਾ ਲਈ ਸਿੱਧੀ ਤੇ ਐਲਾਨੀਆ ਵੰਗਾਰ ਹੈ। ਇਹ ਵੰਗਾਰ ਦਾ ਜਵਾਬ ਹੁਣ ਅਸਾਂ ਰਣ ਤੱਤੇ ਵਿਚ ਜੂਝ ਕੇ ਦੇਣਾ ਹੈ ਤੇ ਪੰਥ ਦੇ ਵੈਰੀਆਂ ਨਾਲ ਸਿੱਧਾ ਲੋਹਾ ਲੈਕੇ ਆਪਣੇ ਪੁਰਖਿਆਂ ਵਲੋਂ ਪਾਈਆਂ ਹੋਈਆਂ ਸੁਨਹਿਰੀ ਪੈੜਾਂ ਨੂੰ ਆਪਣੇ ਲਹੂ ਨਾਲ ਹੋਰ ਗੂਹੜਿਆਂ ਕਰਨਾ ਹੈ।

ਸਿੰਘੋ, ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਹ ਵਿਚਾਰ ਹਮੇਸ਼ਾ ਹਮੇਸ਼ਾ ਲਈ ਮਨ 'ਚ ਵਸਾਉਣਾ ਕਿ 'ਸਿੰਘਾਂ ਲਈ ਯੁਧ ਕਦੀ ਵੀ ਭਿਆਨਕ ਤੇ ਭੈਦਾਇਕ ਨਹੀਂ ਹੁੰਦਾ ਤੇ ਨਾ ਹੀ ਕਸ਼ਟਦਾਇਕ ਹੁੰਦਾ ਹੈ। ਯੁੱਧ ਤਾਂ ਇਕ ਖੇਡ ਹੁੰਦੀ ਹੈ। ਇਹ ਤਾਂ ਇਕ ਨਾਦ ਹੈ, ਮਨੋਰੰਜਨ ਹੈ ਅਤੇ ਸੁਖਦਾਇਕ ਹੁੰਦਾ ਹੈ ਕਿਉਂਕਿ ਸਿੰਘਾਂ ਲਈ ਇਹ ਇਕ ਮਹਾਨ ਕਲਿਆਣਕਾਰੀ ਤੇ ਅਤੀ ਅਵਸ਼ਕ ਧਰਮ ਕਾਰਜ ਹੁੰਦਾ ਹੈ।'



# 11.

ਸੂਰਜ ਆਪਣਾ ਰੂਪ ਤੇਜ ਗਵਾ ਚੁੱਕਾ ਸੀ ਅਤੇ ਫਾਇਰਿੰਗ ਦੀ ਦਨਾ-ਦਨ ਵੀ ਕਿਤੇ ਹੌਲੀ ਪੈ ਗਈ ਸੀ, ਜਿਸ ਕਰਕੇ ਦਰਬਾਰ ਸਾਹਿਬ ਕੰਪਲੈਕਸ ਦੇ ਵਾਤਾਵਰਨ ਤੇ ਇਮਾਰਤਾਂ ਨੂੰ ਲਗਾਤਾਰ ਪਿਛਲੇ ਸੱਤਾਂ ਘੰਟਿਆਂ ਤੋਂ ਪੈ ਰਹੀ ਫਾਇਰਿੰਗ ਦੀ ਕੜਕੁਟ ਤੋਂ ਬਹੁਤ ਹੱਦ ਤੱਕ ਛੁਟਕਾਰਾ ਮਿਲ ਗਿਆ ਸੀ।

ਜਥੇ ਤੇ ਫੈਡਰੇਸ਼ਨ ਦੇ ਸਿੰਘ ਪਰਕਰਮਾ ਅਤੇ ਕੰਪਲੈਕਸ ਦੇ ਪੂਰਬੀ ਭਾਗਾਂ ਦੀਆਂ ਇਮਾਰਤਾਂ ਦੇ ਆਸ ਪਾਸ ਇਧਰ ਉਧਰ ਫਿਰਦੇ ਤੁਰਦੇ ਹੋਏ ਨਜ਼ਰੀਂ ਆਉਣ ਲੱਗ ਪਏ ਸਨ। ਇਸ ਤੋਂ ਇਲਾਵਾ ਦਰਬਾਰ ਸਾਹਿਬ ਪਰਕਰਮਾਂ ਦੇ ਨਾਲ ਨਾਲ ਲਗਦੇ ਬਰਾਮਦਿਆਂ ਤੇ ਕਮਰਿਆਂ ਵਿਚ ਘਿਰੀਆਂ ਹੋਈਆਂ ਸੰਗਤਾਂ 'ਚੋਂ ਵੀ ਬੀਬੀਆਂ, ਬੱਚੇ ਤੇ ਸਿੰਘ ਗੁਰੂ ਰਾਮਦਾਸ ਸਰਾਂ ਵੱਲ ਨੂੰ ਆਉਂਦੇ ਹੋਏ ਦਿੱਸਣ ਲੱਗ ਪਏ ਸਨ।

ਪਰ ਸੰਗਤਾਂ ਦੀਆਂ ਇਨ੍ਹਾਂ ਸਰਗਰਮੀਆਂ ਨੇ ਅਜੇ ਪੂਰੀ ਤਰ੍ਹਾਂ ਨਾਲ ਤੇਜ਼ੀ ਨਹੀਂ ਸੀ ਫੜੀ ਕਿ ਬੁਰਜ ਜੱਸਾ ਸਿੰਘ ਆਹਲੂਵਾਲੀਆ ਅਤੇ ਗੁਰੂ ਰਾਮਦਾਸ ਲੰਗਰ ਦੀ ਸਭ ਤੋਂ ਉਪਰਲੀ ਮੰਜ਼ਲ ਦੇ ਮੋਰਚਿਆਂ ਵਿਚ ਡਟੇ ਬੈਠੇ ਸਿੰਘਾਂ ਨੇ, ਬ੍ਰਹਮ ਬੂਟਾ ਅਖਾੜਾ ਵਲੋਂ ਦਰਬਾਰ ਸਾਹਿਬ ਕੰਪਲੈਕਸ ਦੀ ਪੂਰਬੀ ਦਿਸ਼ਾ ਵੱਲ ਅਰਥਾਤ ਲੰਗਰ ਤੇ ਸਰਾਂ ਵਲ ਨੂੰ ਅਗੇ ਵਧ ਰਹੇ ਸੀ. ਆਰ. ਪੀ. ਦੇ ਦਸਤਿਆਂ ਉਪਰ ਜ਼ਬਰਦਸਤ ਫਾਇਰਿੰਗ ਖੋਲ੍ਹ ਦਿਤੀ।

ਸੀ. ਆਰ. ਪੀ. ਦੇ ਦਸਤੇ ਅਜੇ ਲੰਗਰ ਤੋਂ ਕੁਝ ਫਾਸਲੇ ਉਪਰ ਹੀ ਸਨ ਕਿ ਉਹਨਾਂ ਦੇ ਬਹੁਤ ਸਾਰੇ ਸਿਪਾਹੀ ਸਿੰਘਾਂ ਦੀ ਸਿੱਧੀ ਜ਼ਿਮਤ ਵਿਚ ਆਉਣ ਕਰਕੇ, ਸਿੰਘਾਂ ਵਲੋਂ ਵਰ੍ਹਾਈਆਂ ਗਈਆਂ ਗੋਲੀਆਂ ਦੀ ਬੁਛਾੜ ਦਾ ਸ਼ਿਕਾਰ ਹੋ ਥਾਂ 'ਤੇ ਹੀ ਢਹਿ ਪਏ ਜਿਸਦੇ ਸਿੱਟੇ ਵਜੋਂ ਰੱਖ ਦਸਤਿਆਂ ਦੇ ਰੂਪ ਵਿਚ ਅਗੇ ਵੱਧ ਰਹੇ ਸੀ. ਆਰ. ਪੀ. ਦੇ ਸੈਨਿਕ ਆਪਣੇ ਫੱਟੜ ਤੇ ਅਧਮੋਏ ਸਾਥੀਆਂ ਹਮਜੋਲੀਆਂ ਨੂੰ ਉਥੇ ਹੀ ਛੱਡ ਕੇ ਪਿਛਾਂਹ ਵੱਲ ਨੂੰ ਦੌੜ ਉਠੇ।

ਇਸੇ ਹੀ ਸਮੇਂ ਜਦ ਸੀ. ਆਰ. ਪੀ. ਦੇ ਦਸਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਲ ਪਿਛਲੇ ਪਾਸੇ ਪੈਂਦੇ ਗਲੀ ਬਾਜ਼ਾਰਾਂ ਵਲੋਂ ਅਗੇ ਵਧਣ ਲਗੇ ਤਾਂ ਉਹਨਾਂ ਨਾਲ ਵੀ ਉਹ ਬੀਤੀ ਜੋ ਬ੍ਰਹਮਬੂਟ ਅਖਾੜੇ ਵਲੋਂ ਗੁਰੂ ਰਾਮਦਾਸ ਲੰਗਰ ਤੇ ਸਰਾਂ ਵੱਲ ਨੂੰ ਅੱਗੇ ਵਧਣ ਵਾਲੇ ਸੈਨਿਕ ਦਸਤਿਆਂ ਨਾਲ ਬੀਤੀ ਸੀ।

ਬੁਰਜ ਜਸਾ ਸਿੰਘ ਆਹਲੂਵਾਲੀਆ ਅਤੇ ਇਨ੍ਹਾਂ ਬੁਰਜਾਂ ਦੇ ਨਾਲ ਲੱਗ ਕੇ ਪੈਂਦੀਆਂ ਇਮਾਰਤਾਂ ਦੇ ਮੋਰਚਿਆਂ ਵਿਚ ਜੋ ਜਥੇ ਦੇ ਸਿੰਘ ਸਨ, ਉਹਨਾਂ ਵਿਚੋਂ ਭਾਈ ਦਲਬੀਰ ਸਿੰਘ, ਭਾਈ ਸਵਰਨ ਸਿੰਘ, ਭਾਈ ਗੁਰਨਾਮ ਸਿੰਘ ਰੋਡੇ (ਫੌਜੀ ਸਿੰਘ) ਅਤੇ ਭਾਈ ਸੁਰਜੀਤ ਸਿੰਘ ਦਰੋੜੂ ਵਾਰ

ਵਾਲਾ (ਇਹ ਸਿੰਘ ਭਾਵੇਂ ਦਰੋਹੜੂ ਕਾਂਡ ਵਿਚ ਸ਼ਾਮਲ ਨਹੀਂ ਸੀ, ਪਰ ਸਰਕਾਰ ਨੇ ਇਸ ਸਿੰਘ ਉੱਪਰ ਦਰੋਹੜੂ ਕਾਂਡ ਵਾਲਾ ਮੁਕਦਮਾ ਪਾਇਆ ਹੋਇਆ ਸੀ) ਆਦਿ ਸਿੰਘ ਚੋਟੀ ਬਲਕਾਰੀ ਤੇ ਯੋਧੇ ਖਿਆਲ ਕੀਤੇ ਜਾਂਦੇ ਸਨ।

ਗੁਰੂ ਰਾਮਦਾਸ ਲੰਗਰ ਦੇ ਮੋਰਚਿਆਂ ਵੱਲ ਬਾਬਾ ਠਾਰਾ ਸਿੰਘ, ਜਥੇਦਾਰ ਰਾਮ ਸਿੰਘ ਅਤੇ ਜਥੇ ਦੇ ਕੁਝ ਹੋਰ ਮੁਖੀ ਸਿੰਘਾਂ ਤੋਂ ਇਲਾਵਾ ਬਹੁਤ ਸਾਰੇ ਹੋਰ ਸਿਰੜੀ ਤੇ ਸਿਦਕਵਾਨ ਸਿੰਘ ਮੌਜੂਦ ਸਨ।

ਇਸੇ ਤਰਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਮੋਰਚਿਆਂ ਵਿਚ ਭਾਈ ਕਾਬਲ ਸਿੰਘ ਉਰਫ ਨਿਰਤਰ ਸਿੰਘ (ਦਿਲੀ ਨਿਰੰਕਾਰੀ ਕਾਂਡ ਦਾ ਜੁਝਾਰੂ ਯੋਧਾ ਸਿੰਘ) ਭਾਈ ਰਾਮ ਸਿੰਘ ਗੜਵਈ (ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਬਹੁਤ ਹੀ ਵਿਸ਼ਵਾਸ ਪਾਤਰ ਤੇ ਅਜ਼ਮਾਇਆ ਹੋਇਆ ਯੋਧਾ ਬਲਕਾਰੀ ਸਿੰਘ) ਤੇ ਦਾਰਾ ਸਿੰਘ ਡਰਾਈਵਰ ਅਤੇ ਜਥੇ ਤੇ ਫੈਡਰੇਸ਼ਨ ਦੇ ਹੋਰ ਭਾਰੀ ਗਿਣਤੀ ਵਿਚ ਸਿੰਘ ਮਜੂਦ ਸਨ।

ਜਿਸ ਸਮੇਂ ਸੀ. ਆਰ. ਪੀ. ਦੇ ਦਸਤਿਆਂ ਨੂੰ ਬੁਰਜ ਜਸਾ ਸਿੰਘ ਆਹਲੂਵਾਲੀਆ ਅਤੇ ਉਪਰੋਂ ਸ੍ਰੀ ਅਕਾਲ ਤਖਤ ਸਾਹਿਬ ਵਾਲੇ ਪਾਸਿਓਂ ਜ਼ਬਰਦਸਤ ਰੂਪ ਵਿਚ ਬਰਾਬਰ ਦੀ ਮਾਰ ਪਈ ਤਾਂ ਉਸ ਤੋਂ ਬਾਅਦ ਉਹਨਾਂ ਨੇ ਮੁੜ ਧਾਵਾ ਬੋਲਣ ਜਾਂ ਮੋੜਵਾਂ ਉੱਤਰ ਦੇਣ ਦੀ ਕੋਈ ਬੁਹੜੀ ਬਹੁਤ ਕੋਸ਼ਸ਼ ਤੇ ਦਲੇਰੀ ਵੀ ਨਾ ਕੀਤੀ।

ਜਦ ਸਿੰਘਾਂ ਨੇ ਦਰਬਾਰ ਸਾਹਿਬ ਵੱਲ ਨੂੰ ਅੱਗੇ ਵਧ ਰਹੇ ਸੀ. ਆਰ. ਪੀ. ਦੇ ਦਸਤਿਆਂ ਨੂੰ ਬੁਰੀ ਤਰਾਂ ਨਾਲ ਪਛਾੜ ਦਿੱਤਾ ਤਾਂ ਉਸ ਸਮੇਂ ਗੁਰੂ ਰਾਮਦਾਸ ਲੰਗਰ ਤੋਂ ਸਿੰਘਾਂ ਵਲੋਂ ਛਡੇ ਗਏ ਜੈਕਾਰਿਆਂ ਦੀ ਗੂੰਜ ਨੇ ਸੰਗਤਾਂ ਅੰਦਰ ਭਾਰੀ ਜੋਸ਼ ਤੇ ਜਜ਼ਬੇ ਦਾ ਮਾਹੌਲ ਪੈਦਾ ਕਰ ਦਿੱਤਾ ਜਿਸ ਕਰਕੇ ਗੁਰੂ ਰਾਮਦਾਸ ਸਰਾਂ ਵਿਚ ਵੀ ਜੈਕਾਰਿਆਂ ਦੀਆਂ ਗੂੰਜਾਂ ਆਪਣਾ ਰੰਗ ਵਖਾਉਣ ਲੱਗ ਪਈਆਂ।

ਗੁਰੂ ਰਾਮਦਾਸ ਲੰਗਰ ਅਤੇ ਬੁਰਜ ਜੱਸਾ ਸਿੰਘ ਆਹਲੂਵਾਲੀਆ ਦੇ ਮੋਰਚਿਆਂ ਤੋਂ ਸਿੰਘਾਂ ਵਲੋਂ ਸੀ. ਆਰ. ਪੀ. ਦੇ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਨ, ਜ਼ਖਮੀ ਕਰਨ ਤੇ ਖਦੇੜ ਕੇ ਰੱਖ ਦੇਣ ਤੋਂ ਬਾਅਦ ਛੱਡੇ ਗਏ ਜੈਕਾਰਿਆਂ ਦੀ ਅਕਾਸ਼ ਚੀਰਵੀਂ ਗੂੰਜ ਵਿਚਲੇ ਜਲਵੇ ਤੋਂ ਇਹ ਗੱਲ ਸਪਸ਼ਟ ਹੋ ਰਹੀ ਸੀ ਕਿ ਸਿੰਘਾਂ ਲਈ ਭਾਰਤ ਸਰਕਾਰ ਦੀਆਂ ਸੈਮੀ ਮਿਲਟਰੀ ਫੋਰਸਿਜ਼ ਨਾਲ ਟੱਕਰ ਲੈਣੀ ਇਕ ਮਾਮੂਲੀ ਤੇ ਆਮ ਜਿਹੀ ਗੱਲ ਹੀ ਹੈ।

ਇਸੇ ਹੀ ਸਮੇਂ ਦੌਰਾਨ ਜਦ ਭਾਈ ਸਵਰਨ ਸਿੰਘ ਆਪਣੇ ਮੋਰਚੇ ਤੋਂ ਉੱਤਰ ਕੇ ਪਰਕਰਮਾ ਵਿਚ ਦਾਖਲ ਹੋਇਆ ਤਾਂ ਉਸਨੂੰ ਅੱਗੋਂ ਗੁਰਬਖਸ਼ ਸਿੰਘ ਪ੍ਰਧਾਨ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਜਿਲਾ ਫਰੀਦ ਕੋਟ ਅਤੇ ਗੁਰਜੀਤ ਸਿੰਘ ਭੁੱਕ ਹਰੀਹਰ ਨੇ ਜਦੋਂ ਰੋਕ ਕੇ ਸਿੰਘਾਂ ਦਾ ਹਾਲ ਚਾਲ ਪੁਛਿਆ ਤਾਂ ਸਵਰਨ ਸਿੰਘ ਦਾ ਅਗੋਂ ਬੜੀ ਕਾਹਲੀ ਵਿਚ ਉੱਤਰ ਸੀ, 'ਵਾਹਿਗੁਰੂ ਦੀ ਕਿਰਪਾ ਨਾਲ ਅਸਾਂ ਆਪਣੀ ਵਲੋਂ ਤਾਂ ਸੀ. ਆਰ. ਪੀ. ਵਾਲੇ ਦਸਾਂ ਪੰਦਰਾਂ ਤੋਂ ਉੱਤੇ ਉੱਤੇ ਫੁੰਡ ਘਤੇ ਨੇ। ਉਹ ਵੀ ਕੀ ਯਾਦ ਕਰਨਗੇ, ਸਿੰਘਾਂ ਨਾਲ ਵਾਹ ਪਿਆ ਸੀ, ਬਾਕੀ ਦੇ ਸਿਪਾਹੀ ਜਿਹੜੇ ਆਏ ਸੀ ਉਹਿਰ ਨੂੰ ਹੀ ਛੁਕਰਾਂ ਵੱਟ ਗਏ ਨੇ ਉਹਨਾਂ ਨੇ ਤਾਂ ਭੱਜਨ ਲੱਗਿਆਂ ਆਪਣੇ ਜ਼ਖਮੀ ਤੇ ਮਰੇ ਵੀ ਚੁਕਣ ਦੀ ਦਲੇਰੀ ਨਹੀਂ ਕੀਤੀ।

ਭਾਈ ਸਵਰਨ ਸਿੰਘ ਬੜੀ ਕਾਹਲੀ ਵਿਚ ਦਿਸਦਾ ਸੀ, ਜਿਸ ਕਰਕੇ ਉਹ ਏਨੀ ਕੁ ਗੱਲ ਕਰਕੇ



ਉਥੋਂ ਨਜ਼ਦੀਕ ਹੀ ਇਕ ਕਮਰੇ ਵਿਚ ਜਿਥੇ ਸਿੰਘਾਂ ਨੇ ਕੁਝ ਰਾਖਵਾਂ ਅਸਲਾ ਬਾਰੂਦ ਰਖਿਆ ਹੋਇਆ ਸੀ ਦਾਖਲ ਹੋ ਗਿਆ।

ਇਸ ਸਾਰੇ ਸਮੇਂ ਦੌਰਾਨ, ਮੇਰੇ ਪਾਸ ਬੈਠਾ ਹੋਇਆ ਸਰਬਜੀਤ ਸਿੰਘ ਭੁੱਲਰ ਤੇ ਕੁਝ ਹੋਰ ਸਿੰਘ ਗੁਰੂ ਰਾਮਦਾਸ ਲੰਗਰ ਵੱਲ ਦੇ ਮੋਰਚਿਆਂ ਵੱਲ ਜਾਕੇ ਸਿੰਘਾਂ ਵਲੋਂ ਵਖਾਈ ਗਈ ਕਾਰਗੁਜ਼ਾਰੀ ਨੂੰ ਅੱਖੀਂ ਵੇਖਣ ਤੇ ਕੰਨੀ ਸੁਨਣ ਲਈ ਬੜੇ ਉਤਾਵਲੇ ਹੋ ਰਹੇ ਸਨ।

ਜਦ ਸਰਬਜੀਤ ਸਿੰਘ ਭੁੱਲਰ ਅਤੇ ਕੁਝ ਹੋਰ ਸਿੰਘ ਗੁਰੂ ਰਾਮਦਾਸ ਲੰਗਰ ਵਿਖੇ ਪਹੁੰਚੇ ਤਾਂ ਉਹਨਾਂ ਨੂੰ ਅੱਗੋਂ ਲੰਗਰ ਦੀ ਉਪਰਲੀ ਮੰਜ਼ਲ ਉੱਤੇ ਗੁਰਬਖਸ਼ ਸਿੰਘ ਤੇ ਗੁਰਜੀਤ ਸਿੰਘ ਕੁਝ ਹੋਰ ਸਿੰਘਾਂ ਦੇ ਨਾਲ ਇਕ ਜ਼ਖਮੀ ਸਿੰਘ ਦੇ ਪਾਸ ਖਲੋਤੇ ਹੋਏ ਦਿੱਸੇ।

ਇਹ ਜ਼ਖਮੀ ਸਿੰਘ ਜ਼ਿਲਾ ਫਰੀਦ ਕੋਟ ਦਾ ਮੇਜਰ ਸਿੰਘ ਸੀ, ਜਿਸਦੇ ਗੋਡੇ ਤੋਂ ਜ਼ਰਾ ਕੁ ਉੱਪਰ ਕਰਕੇ ਪੱਟ ਵਿਚ ਗੋਲੀਆਂ ਲੱਗੀਆਂ ਹੋਈਆਂ ਸਨ। ਮੇਜਰ ਸਿੰਘ ਨੇ ਆਪਣੇ ਪੱਟ ਵਿਚ ਪਏ ਚਰਗਲ 'ਚੋਂ ਵਹਿ ਰਹੇ ਲਹੂ ਨੂੰ ਰੋਕ ਪਾਉਣ ਵਾਸਤੇ ਇਕ ਪਰਨੇ ਜਿਹੇ ਪਟਕੇ ਨੂੰ ਹੀ ਘੁੱਟ ਕੇ ਬੰਧਾ ਹੋਇਆ ਸੀ, ਪਰ ਇਸਦੇ ਬਾਵਜੂਦ ਖੂਨ ਬੁਰੀ ਤਰਾਂ ਨਾਲ ਨੁਚੜ ਰਿਹਾ ਸੀ।

ਮੇਜਰ ਸਿੰਘ ਦੇ ਜ਼ਖਮਾਂ 'ਚੋਂ ਭਾਰੀ ਮਾਤਰਾ ਵਿਚ ਲਹੂ ਵਹਿ ਜਾਣ ਕਰਕੇ ਉਸਦੇ ਚੇਹਰੇ ਉਪਰ ਪੀਲਤਣ ਛਾਈ ਹੋਈ ਸੀ ਅਤੇ ਉਸਦਾ ਗਲਾ ਖੁਸ਼ਕ ਹੋਇਆ ਲਗਦਾ ਸੀ ਪਰ ਉਹ ਸਿੰਘ ਇਸ ਹਾਲਤ ਵਿਚ ਵੀ ਆਪਣੇ ਪਾਸ ਖਲੋਤੇ ਸਿੰਘਾਂ ਨੂੰ ਵੇਖਕੇ ਉਹਨਾ ਨਾਲ ਉੱਠ ਕੇ ਗੱਲ ਬਾਤ ਕਰਨ ਦੀ ਕੋਸ਼ਸ਼ ਕਰ ਰਿਹਾ ਸੀ।

ਮੇਜਰ ਸਿੰਘ ਨੂੰ ਸਾਫ ਨਜ਼ਰੀ ਆ ਰਿਹਾ ਸੀ ਤੇ ਇਸ ਗੱਲ ਦਾ ਸਪਸ਼ਟ ਅਹਿਸਾਸ ਸੀ ਕਿ ਸਰੀਰ 'ਚੋਂ ਲਹੂ ਨੁਚੜਦਾ ਜਾ ਰਿਹਾ ਹੈ, ਕਮਜ਼ੋਰੀ ਪਲੋਪਲੀ ਜ਼ੋਰ ਫੜਦੀ ਜਾ ਰਹੀ ਹੈ ਪਰ ਉਹ ਫਿਰ ਵੀ ਅਡੋਲ ਚਿੱਤ ਸੀ ਅਤੇ ਸਿੰਘਾਂ ਦੀ ਹਰ ਗੱਲ ਦਾ ਉੱਤਰ ਦੇਣ ਸਮੇਂ ਚੜ੍ਹਦੀ ਕਲਾ ਦਾ ਪ੍ਰਭਾਵ ਦੇ ਰਿਹਾ ਸੀ। ਉਸ ਦੀਆਂ ਗੱਲਾਂ ਬਾਤਾਂ ਤੇ ਚੇਹਰੇ ਮੋਹਰੇ ਉੱਪਰ ਦੇ ਹਾਵਾਂ ਭਾਵਾਂ ਤੋਂ ਇਸਤਰਾਂ ਲਗ ਰਿਹਾ ਸੀ ਕਿ ਜਿਵੇਂ ਉਹ ਜਿੰਦਗੀ ਤੇ ਮੌਤ ਨੂੰ ਆਉਣ ਜਾਣ ਵਾਲੀ ਸ਼ੈ ਤੋਂ ਵੱਧ ਹੋਰ ਕੁਝ ਵੀ ਨਹੀਂ ਸੀ ਸਮਝ ਰਿਹਾ।

ਅਜੇ ਇਨ੍ਹਾਂ ਸਿੰਘਾਂ ਨੂੰ ਮੇਜਰ ਸਿੰਘ ਪਾਸ ਖਲੋਤਿਆਂ ਕੋਈ ਪੰਜ ਸੱਤ ਮਿੰਟ ਦਾ ਸਮਾ ਹੀ ਹੋਇਆ ਸੀ ਕਿ ਲੰਗਰ ਦੇ ਇਕ ਮੋਰਚੇ ਵੱਲ ਬਾਬਾ ਠਾਰਾ ਸਿੰਘ ਨੇ ਕੁਝ ਸਿੰਘਾਂ ਦੇ ਨਾਲ ਆਉਂਦਿਆਂ ਹੋਇਆਂ ਜਦ ਗੁਰਜੀਤ ਸਿੰਘ ਪਾਸੋਂ ਸ੍ਰੀ ਅਕਾਲ ਤਖਤ ਸਾਹਿਬ ਵੱਲ ਦੀ ਸਥਿਤੀ ਬਾਰੇ ਪੁਛਿਆ ਤਾਂ ਅੱਗੋਂ ਗੁਰਮੀਤ ਸਿੰਘ ਤੇ ਗੁਰਬਖਸ਼ ਸਿੰਘ ਨੇ ਬਾਬਾ ਠਾਰਾ ਸਿੰਘ ਨੂੰ ਚੜ੍ਹਦੀ ਕਲਾ ਕਹਿਕੇ ਬੜੇ ਆਦਰ ਸਤਿਕਾਰ ਨਾਲ ਮੋੜਵਾਂ ਪ੍ਰਸ਼ਨ ਕਰਦਿਆਂ ਹੋਇਆਂ ਪੁਛਿਆ, 'ਤੁਸੀਂ ਇਧਰ ਦੇ ਸਿੰਘਾਂ ਦਾ ਹਾਲ ਚਾਲ ਦੱਸੋ।

ਬਾਬਾ ਠਾਰਾ ਸਿੰਘ ਨੇ ਉੱਤਰ ਦੇਂਦਿਆਂ ਹੋਇਆਂ ਕਿਹਾ, 'ਲੰਗਰ ਵਿਚ ਸੰਗਤ 'ਚੋਂ ਕੁਝ ਸਿੰਘ ਸ਼ਹੀਦੀਆਂ ਪਾ ਗਏ ਨੇ ਤੇ ਪੰਜ ਸੱਤ ਜ਼ਖਮੀ ਹੋਏ ਪਏ ਨੇ। ਇਹ ਸਭ ਕੁਝ ਉਸ ਵਾਹਿਗੁਰੂ ਦੇ ਭਾਣੇ 'ਚ ਹੀ ਹੋ ਰਿਹਾ ਹੈ ਕਿਉਂਕਿ ਉਸ ਨੇ ਹੁਣ ਆਪਣੇ ਖਾਲਸਾ ਪੰਥ ਨੂੰ ਖਾਲਿਸਤਾਨ ਜ਼ਰੂ ਬਣਾ ਕੇ ਦੇਣਾ, ਇਸ ਕਰਕੇ ਇਹ ਜੋ ਵੀ ਬਿਧ ਬਣ ਰਹੀ ਆ ਇਸ ਤੋਂ ਖਾਲਿਸਤਾਨ ਦੇ ਹੋਂਦ ਵਿਚ ਆਉਣ ਦੀਆਂ ਨਿਸ਼ਾਨੀਆਂ ਸਾਫ ਜ਼ਾਹਰ ਹੋ ਰਹੀਆਂ। ਤੁਸੀਂ ਨੌਜਵਾਨ ਇਕ ਦਿਨ ਵੇਖੋਗੇ ਕਿ ਆਖਰ ਇਕ ਨਾ

ਇਕ ਦਿਨ ਦੁਸ਼ਟਾਂ ਦਾ ਨਾਸ ਪੁਟਿਆ ਜਾਣਾ, ਪੰਥ ਦੀ ਸਦਾ ਚੜ੍ਹਦੀ ਕਲਾ ਰਹਿਣੀਆਂ। ਟੋਪੀ ਵਾਲਿਆਂ ਨੇ ਰਾਜ ਭਾਗ ਦੇ ਨਸ਼ੇ ਵਿਚ ਸਿਖਾਂ ਨਾਲ ਮੱਥਾ ਤਾਂ ਲਾ ਲਿਆ ਪਰ ਇਹ ਸੌਦਾ ਹੁਣ ਇਕ ਨਾ ਇਕ ਦਿਨ ਇਨ੍ਹਾਂ ਨੂੰ ਮਹਿੰਗਾ ਈ ਪੈਣਾ। ਹਕੂਮਤ ਦੀ ਵਾਗ ਡੋਰ ਤਾਂ ਇਨ੍ਹਾਂ ਲੋਕਾਂ ਦੇ ਹਥਾਂ ਵਿਚ ਆ ਗਈ ਆ ਪਰ ਇਨ੍ਹਾਂ ਦੇ ਕਾਲੇ ਕਾਰਨਮਿਆ ਤੋਂ ਕੁੱਤੇ ਨੂੰ ਘੀਰ ਨਾ ਪਚਣ ਵਾਲੀ ਗੱਲ ਸਿਧ ਹੋ ਰਹੀਆ। ਇਹ ਟੋਪੀ ਵਾਲੇ ਦੁਸ਼ਟ ਜਿੰਨਾਂ ਮਰਜੀ ਆ ਟਿਲ ਲਾ ਲੈਣ, ਪੰਥ ਦੀ ਹਸਤੀ ਨੂੰ ਨਹੀਂ ਮੇਟ ਸਕਦੇ ਅਤੇ ਨਾਹੀ ਸਿਘਾਂ ਪਾਸੋਂ ਅਣਖ ਤੇ ਚੜ੍ਹਦੀ ਕਲਾ ਦੀ ਦਾਤ ਈ ਖੋਹ ਸਕਣਗੇ, ਵੇਖ ਲਓ, ਮੇਜਰ ਸਿਘ ਦੇ ਚੇਹਰੇ 'ਤੇ ਹੈ ਕਿਧਰੇ ਉਦਾਸੀ ਜਾਂ ਮਲਾਲ? ਸਿਰ ਫੇਟੜ ਹੋਣ ਤੋਂ ਬਾਅਦ ਵੀ ਤੁਹਾਡੇ ਨਾਲ ਚੜ੍ਹਦੀ ਕਲਾ ਦੀਆਂ ਗੱਲਾਂ ਕਰ ਰਿਹਾ। ਹੁਣ ਢਿਲੇ ਨਹੀਂ ਪੈਣਾ, ਦੁਸ਼ਟ ਅੱਗੋ ਵਧਣ ਤਾਂ ਲੰਗਾਰ ਲਾਹੀ ਤੁਰੇ ਜਾਓ।'

ਜਦ ਬਾਬਾ ਠਾਰਾ ਸਿਘ ਨਾਲ ਕੁਝ ਚਿਰ ਗੱਲਾਂ ਬਾਤਾਂ ਕਰਨ ਤੋਂ ਬਾਅਦ ਇਹ ਸਿਘ ਅਕਾਲ ਰੈਸਟ ਹਾਊਸ 'ਚ ਪਹੁੰਚੇ ਤਾਂ ਅਗੋ ਭਾਈ ਮਨਜੀਤ ਸਿਘ, ਹਰਮਿੰਦਰ ਸਿਘ ਸੰਧੂ, ਅਮਰਜੀਤ ਸਿਘ ਚਾਵਲਾ, ਰਾਜਿੰਦਰ ਸਿਘ ਮਹਿਤਾ ਤੇ ਫੈਡਰੇਸ਼ਨ ਦੇ ਬਹੁਤ ਸਾਰੇ ਹੋਰ ਜਵਾਨ ਆਪੋ ਆਪਣੇ ਮੋਰਚਿਆਂ ਦੇ ਆਸ ਪਾਸ ਤਿਆਰ ਬਰ ਤਿਆਰ ਰੂਪ ਵਿਚ ਡਟੇ ਬੈਠੇ ਸਨ।

ਇਸ ਤਰਾਂ ਫੈਡਰੇਸ਼ਨ ਦੇ ਕੁਝ ਨੌਜਵਾਨ ਅਕਾਲ ਰੈਸਟ ਹਾਊਸ ਦੀ ਛੱਤ ਉੱਪਰ ਅਤੇ ਕੁਝ ਸਿਧੇ ਹੋਟਲ ਤੇ ਇਸਦੇ ਨਾਲ ਪੈਂਦੀਆਂ ਇਕ ਦੋ ਹੋਰ ਇਮਾਰਤਾਂ ਦੀਆ ਛੱਤਾਂ ਉੱਪਰ ਮੋਰਚੇ ਸਾਂਭੀ ਬੈਠੇ ਸਨ।

ਵੱਡੀ ਟੈਂਕੀ ਵਾਲੇ ਮੋਰਚੇ ਉੱਪਰ ਵੀ ਕੇਵਲ ਸਿਘ ਬੂਰੇ, ਬਖਸ਼ੀਸ਼ ਸਿਘ, ਵਿਰਸਾ ਸਿਘ ਵਲਟੋਹਾ, ਹਰਮਿੰਦਰ ਸਿਘ ਗਿੱਲ ਅਤੇ ਦੋ ਤਿੰਨ ਹੋਰ ਨੌਜਵਾਨ ਬੜੀ ਹੀ ਖਬਰਗੀਰੀ ਨਾਲ ਡਟੇ ਹੋਏ ਸਨ। ਇਸ ਮੋਰਚੇ ਦੇ ਜਵਾਨਾਂ ਨੂੰ ਜਦੋਂ ਹੀ ਕੋਈ ਸੀ. ਆਰ. ਪੀ. ਜਾਂ ਬੀ. ਐਸ. ਐਫ. ਦਾ ਸੈਣਕ ਕਿਸੇ ਮੋਰਚੇ ਜਾਂ ਗਲੀ ਬਾਜ਼ਾਰ 'ਚੋਂ ਸਿਰੀ ਉੱਪਰ ਉਠਾਉਂਦਾ ਹੋਇਆ ਜਾਂ ਕਿਸੇ ਚੌਕ ਤੋਂ ਗਲੀ ਬਾਜ਼ਾਰ ਵਿਚ ਨਜ਼ਰੀ ਪੈਂਦਾ ਤਾਂ ਇਹ ਉਸਦੀ ਛੋਟੀ ਤੋਂ ਛੋਟੀ ਨਕਲ ਹਰਕਤ ਨੂੰ ਵੀ ਗੋਲੀਆਂ ਦੀ ਬੁਛਾੜ ਵਰ੍ਹਾ ਕੇ ਪੈਰ 'ਤੇ ਹੀ ਨੱਪ ਦੇਂਦੇ ਸਨ।

ਅਕਾਲ ਰੈਸਟ ਹਾਊਸ ਦੇ ਇਕ ਕਮਰੇ ਵਿਚ ਕੁਝ ਇਕ ਬੀਬੀਆਂ ਜਿੰਨ੍ਹਾਂ ਵਿਚ ਹਰਮਿੰਦਰ ਸਿਘ ਸੰਧੂ ਦੀ ਪਤਨੀ, ਰਾਜਿੰਦਰ ਸਿਘ ਮਹਿਤਾ ਦੀ ਪਤਨੀ, ਕੇਵਲ ਸਿਘ ਬੂਰੇ ਦੀ ਪਤਨੀ ਅਤੇ ਬੀਬੀ ਉਪਕਾਰ ਕੌਰ ਪ੍ਰਧਾਨ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ (ਇਸਤ੍ਰੀ ਵਿੰਗ) ਆਪਣੇ ਪਾਸ ਭਰੇ ਹੋਏ ਪਸਤੌਲ ਰੀਵਾਲਵਰ ਤੇ ਸਟੇਨਗੰਨਾਂ ਰੱਖੀ ਆਪੋ ਵਿਚ ਬੜੀ ਚੜ੍ਹਦੀ ਕਲਾ ਵਾਲੇ ਅੰਦਾਜ਼ ਨਾਲ ਗੱਲਾਂ ਬਾਤਾਂ ਤੇ ਸਲਾਹ ਮਸ਼ਵਰਾ ਕਰ ਰਹੀਆਂ ਸਨ।

ਜਦ ਸਰਬਜੀਤ ਸਿਘ ਭੁੱਲਰ ਨੇ ਇਨ੍ਹਾਂ ਬੀਬੀਆਂ ਨੂੰ ਦੁਸ਼ਮਨਾਂ ਨਾਲ ਲੋਹਾ ਲੈਕੇ ਜੂਝਨ ਦੇ ਚਾਉ ਦੀ ਅਵਸਥਾ ਵਿਚ ਵੇਖਿਆ ਤਾਂ ਉਸ ਤੋਂ ਫੈਡਰੇਸ਼ਨ ਦਾ ਇਕ ਰੁਕਨ ਹੋਣ ਦੇ ਨਾਤੇ ਉਹਨਾਂ ਦੀ ਤਾਰੀਫ ਕੀਤਿਆਂ ਤੋਂ ਬਿਨਾ ਨਾ ਰਹਿ ਹੋਇਆ। ਪਰ ਬੀਬੀ ਉਪਕਾਰ ਕੌਰ ਦਾ ਸਰਬਜੀਤ ਸਿਘ ਭੁਲੱਰ ਨੂੰ ਅਗੋਂ ਜਵਾਬ ਸੀ, 'ਵੀਰ ਜੀ, ਵਡਿਆਈ ਉਸਤਤ ਤਾਂ ਉਸ ਅਕਾਲ ਪੁਰਖ ਤੇ ਗੁਰੂਘਰ ਦੀ ਹੀ ਕਰਿਆ ਕਰੋ। ਅਸੀਂ ਤਾਂ ਇਥੇ ਆਪਣਾ ਫਰਜ਼ ਤੇ ਧਰਮ ਪਾਲਣ ਲਈ ਬੈਠੀਆਂ ਹੋਈਆਂ ਕਿਉਂਕਿ ਅਸੀਂ ਵੀ ਆਖਰ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿਘ ਜੀ ਮਹਾਰਾਜ ਦੀਆਂ ਸਪੁਤਰੀਆਂ ਹਾਂ। ਸੋਨੂੰ ਤਾਂ ਜੇ ਵਾਹਿਗੁਰੂ ਨੇ ਮੌਕਾ ਦਿਤਾ ਤਾਂ ਦੁਸ਼ਟ ਹਿੰਦੂ ਸੈਨਾ ਦੀਆ ਖੋਪਰੀਆਂ



'ਚ ਗੋਲੀਆ ਮਾਰ ਕੇ ਸ਼ਹੀਦੀਆਂ ਪਾਉਂ ਤੇ ਗੁਰੂ ਘਰ ਦੀਆ ਖੁਸ਼ੀਆਂ ਪ੍ਰਾਪਤ ਕਰੂੰ। ਤੁਸੀ ਵੇਖ ਲਿਓ ਜੀਉਂਦਿਆਂ ਜੀਅ ਤਾਂ ਅਸੀਂ ਇਨ੍ਹਾਂ ਕੁੱਤਿਆ ਦੇ ਹੱਥ ਕਦੀਂ ਵੀ ਨਹੀਂ ਆਵਾਂਗੀਆਂ। ਸੰਤ ਮਹਾਪੁਰਸ਼ਾਂ ਦੇ ਕਥਨ ਤੇ ਹੁਕਮ ਅਨੁਸਾਰ ਜੇ ਅਸੀਂ ਛੱਤੀ ਛੱਤੀ ਦੁਸ਼ਟਾਂ ਨੂੰ ਸੋਧਨ ਦੀ ਸੇਵਾ ਨਾ ਨਭਾ ਸਕਾਂਗੀਆਂ ਤਾਂ ਕੁਝ ਨਾ ਕੁਝ ਹਿਸਾ ਤਾਂ ਜ਼ਰੂਰ ਪਾਵਾਂਗੀਆਂ ਨਾ।'

## 12.

ਸੂਰਜ ਅਸਤ ਹੋ ਚੁੱਕਾ ਸੀ ਅਤੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਅਧਿਕਾਰੀਆ ਦੀ ਅਗਿਆ ਸਹਾਇਤਾ ਨਾਲ ਪੁਲੀਸ ਵੱਲੋਂ ਰੈੱਡ ਕਰਾਸ ਦੀਆਂ ਗੱਡੀਆਂ ਵਿਚ ਸ਼ਹੀਦ ਸਿਘਾਂ ਦੀਆਂ ਲਾਸ਼ਾਂ (ਦੇਹਾਂ) ਲੈ ਜਾਈਆਂ ਜਾ ਚੁੱਕੀਆਂ ਸਨ।

ਕੰਪਲੈਕਸ ਉੱਪਰ ਫਾਇਰੰਗ ਮੁਕੰਮਲ ਤੌਰ 'ਤੇ ਬੰਦ ਹੋ ਜਾਣ ਕਰਕੇ ਸੰਗਤਾਂ ਇਧਰ ਉਧਰ ਖੁੱਲੇ ਤੌਰ ਤੇ ਦਰਬਾਰ ਸਾਹਿਬ ਪਰਕਰਮਾ ਤੇ ਸ੍ਰੀ ਹਰਿਮੰਦਰ ਸਾਹਿਬ ਭਵਨ ਵੱਲ ਜਾਣ ਆਉਣ ਅਤੇ ਇਧਰ ਉੱਧਰ ਘੁੰਮਨ ਫਿਰਨ ਲੱਗ ਪਈਆਂ ਸਨ।

ਐਸੀ ਹਾਲਤ ਵਿਚ ਸੰਗਤਾਂ ਸ਼ਹੀਦ ਸਿਘਾਂ ਦੇ ਵੱਖ ਵੱਖ ਥਾਵਾਂ ਉੱਪਰ ਡੁੱਲੇ ਹੋਏ ਲਹੂ ਦੀਆਂ ਵਹਾਲਾਂ ਅਤੇ ਜੰਮੀਆਂ ਹੋਈਆ ਲਹੂ-ਪੇਪੜੀਆਂ ਤੇ ਥੇਟੀਆਂ ਵੱਲ ਇਸਤਰਾਂ ਨੀਝ ਲਾ ਕੇ ਤੱਕ ਰਹੀਆ ਸਨ ਕਿ ਜਿਵੇਂ ਉਹ ਉਹਨਾਂ 'ਚੋ ਸ਼ਹੀਦੀ ਪਾ ਚੁੱਕੇ ਸਿਘਾਂ ਦੀਆ ਸ਼ਕਲਾਂ ਸੂਰਤਾਂ ਦੀ ਭਾਲ ਤੇ ਪਛਾਣ ਕਰ ਰਹੀਆਂ ਹੋਣ।

ਇਸ ਤੋਂ ਇਲਾਵਾ ਸਿਘਾਂ ਦੇ ਛੋਟੇ ਵਡੇ ਗਰੁੱਪ ਪਰਕਰਮਾ ਦੇ ਅੰਦਰ ਤੇ ਬਾਹਰ ਅਰਥਾਤ ਕੰਪਲੈਕਸ ਦੇ ਵੱਖ ਵੱਖ ਭਾਗਾਂ ਵਿਚ ਇਧਰ ਉਧਰ ਬੈਠੇ ਖਲੋਤੇ ਹੋਏ ਅੱਜ ਦੇ ਹਾਲਾਤ ਤੇ ਵਾਪਰੀਆਂ ਘਟਨਾਵਾਂ ਬਾਰੇ ਵੱਖ ਵੱਖ ਪਹਿਲੂਆਂ ਤੋਂ ਗੱਲਾ ਬਾਤਾਂ ਕਰਦੇ ਤੇ ਚਲਾਵੇਂ ਜਿਹੇ ਰੂਪ ਵਿਚ ਆਪੋ ਆਪਣੀ ਵਿਚਾਰ ਪਰਗਟ ਕਰਦੇ ਹੋਏ ਦਿਖਾਈ ਦੇ ਰਹੇ ਸਨ।

ਪਰਕਰਮਾ ਕੰਪਲੈਕਸ ਦੇ ਅੰਦਰ ਤੇ ਬਾਹਰ ਜੋ ਥਾਉਂ-ਥਾਈਂ ਗੱਲਾਂ ਬਾਤਾਂ ਚੱਲ ਰਹੀਆ ਸਨ ਉਹਨਾਂ ਦਾ ਮੁਖ ਰੂਪ ਵਿਚ ਵਿਸ਼ਾ ਕੰਪਲੈਕਸ ਉੱਪਰ ਸੀ. ਆਰ. ਪੀ ਵਲੋਂ ਕੀਤੀ ਗਈ ਫਾਇਰੰਗ, ਸ਼ਹੀਦ ਸਿਘਾਂ ਦੇ ਪਤੇ ਟਿਕਾਣੇ, ਜ਼ਖਮੀ ਸਿਘਾਂ ਦੀ ਪੁੱਛ ਪੜਤਾਲ, ਪਹਿਲੇ ਹੋ ਗੁਜ਼ਰੇ ਤੇ ਅੱਜ ਦੇ ਅਕਾਲੀ ਆਗੂਆਂ ਦੀ ਸੋਚ ਤੇ ਨੀਤੀ, ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਵਲੋਂ ਖਾਲਿਸਤਾਨ ਦੇ ਐਲਾਨ ਦੀ ਸੰਭਾਵਨਾ, ਦਰਬਾਰ ਸਾਹਿਬ ਭਵਨ ਉੱਪਰ ਹੋਈ ਫਾਇਰੰਗ ਦੇ ਸਿਖ ਕੌਮ ਉੱਪਰ ਪ੍ਰਭਾਵ, ਕੰਪਲੈਕਸ ਉੱਪਰ ਹਮਲੇ ਦੀ ਸੰਭਾਵਨਾ ਅਤੇ ਇਸ ਪਰਕਾਰ ਦੇ ਹੀ ਹੋਰ ਵਿਸ਼ਿਆਂ ਤੇ ਮਸਲਿਆਂ ਬਾਰੇ ਵੱਖ ਵੱਖ ਖਿਆਲਾਂ ਵਿਚਾਰਾਂ ਦੀਆਂ ਗੱਲਾਂ ਬਾਤਾਂ ਚੱਲ ਰਹੀਆਂ ਸਨ। ਪਰ ਇਨ੍ਹਾਂ ਸਾਰੀਆਂ ਗੱਲਾਂ ਦੇ ਨਾਲ ਨਾਲ ਕੰਪਲੈਕਸ ਅੰਦਰਲੇ ਸਭ ਜੁਝਾਰੂ ਸਿਘ ਆਪੋ ਆਪਣੇ ਟਿਕਾਣਿਆਂ ਉੱਪਰ ਮੋਰਚਿਆਂ ਦੀ ਮਜ਼ਬੂਤੀ ਅਤੇ ਯਥਾਸ਼ਕਤ ਰੂਪ ਵਿਚ ਕੁਝ ਹੋਰ ਕਮਰਿਆਂ ਤੇ ਥਾਵਾਂ ਨੂੰ ਮੋਰਚਿਆਂ ਦੀ ਸ਼ਕਲ ਦੇਣ ਵਿਚ ਪੂਰੀ ਸਰਗਰਮਤਾ ਨਾਲ ਹੁਣੇ ਤੋਂ ਹੀ ਜੁੱਟੇ ਹੋਏ ਸਨ।

ਜਨਰਲ ਸੁਬੇਗ ਸਿੰਘ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕੁਝ ਇਕ ਹਥਿਆਰ ਬੰਦ ਜਵਾਨਾਂ ਨੂੰ ਆਪਣੇ ਨਾਲ ਲੈਕੇ ਕੰਪਲੈਕਸ ਅੰਦਰਲੇ ਵੱਖ ਵੱਖ ਮੋਰਚਿਆਂ ਤੱਕ ਪਹੁੰਚ ਕਰਦੇ ਹੋਏ ਜਥੇ ਦੇ ਸਿੰਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਨੂੰ ਮੋਰਚਿਆਂ ਦੇ ਅੰਦਰ ਬਾਹਰ ਤਕੜੀ ਤਰ੍ਹਾਂ ਨਾਲ ਪੋਜੀਸ਼ਨ ਮੱਲਣ, ਨਵੀਂ ਮੋਰਚਾ ਬੰਦੀ ਕਾਇਮ ਕਰਨ, ਦੁਸ਼ਮਨ ਦੇ ਹਮਲੇ ਸਮੇਂ ਕਾਰਵਾਈ ਕਰਨ ਅਤੇ ਲੋੜ ਪੈਣ ਉੱਪਰ ਸਰੋਵਰ ਦੀਆਂ ਪੌੜੀਆਂ,ਪਰਿਕਰਮਾ ਅੰਦਰਲੇ ਪਾਣੀ ਦੇ ਨਿਕਾਸ ਲਈ ਬਣਾਏ ਹੋਏ ਗਟਰਜ਼ ਕਮਰਿਆਂ ਦੇ ਰੋਸ਼ਨਦਾਨਾਂ,ਛੱਜਿਆਂ ਦੇ ਥਮਲਿਆਂ ਅਤੇ ਹੋਰ ਉਹਲੇ ਤੇ ਆੜ ਵਾਲੀਆਂ ਪੱਕੀਆਂ ਤੇ ਸੁਰਖਿਅਤ ਥਾਵਾਂ ਨੂੰ ਮੋਰਚਿਆਂ ਵਜੋਂ ਮੱਲ ਲੈਣ ਬਾਰੇ ਅਤੇ ਸਮੇਂ ਤੇ ਮੌਕੇ ਦੇ ਮੁਤਾਬਕ ਕੀਤੀ ਜਾਣ ਵਾਲੀ ਜਰੂਰੀ ਤੇ ਫੌਰਵਾਈ ਸਬੰਧੀ ਹਦਾਇਤਾਂ ਦੇ ਰਹੇ ਸਨ।

ਇਸੇ ਤਰ੍ਹਾਂ ਭਾਈ ਸੁਜਾਨ ਸਿੰਘ ਮਨਾਵਾਂ, ਕੰਪਲੈਕਸ ਅੰਦਰ ਜਿੱਥੇ ਛੋਟੇ ਛੋਟੇ ਗੁਰੁਪਾਂ ਦੀ ਸ਼ਕਲ ਵਿਚ ਗਸ਼ਤ ਤੇ ਪਹਿਰੇ ਸਬੰਧੀ ਨਵੇਂ ਸਿੰਘਾਂ ਨੂੰ ਵਾਰੀ ਸੌਂਪ ਰਹੇ ਸਨ ਉੱਥੇ ਉਹ ਇਨ੍ਹਾਂ ਹੀ ਕਾਰਜਾਂ ਲਈ ਪਹਿਲਾਂ ਤੋਂ ਕਾਇਮ ਕੀਤੇ ਹੋਏ ਸਿੰਘੀ ਬੜੀ ਖਬਰਗੀਰੀ ਨਾਲ ਚੈਕਿੰਗ ਵੀ ਕਰ ਰਹੇ ਸਨ।

ਭਾਈ ਗੁਰਮੁਖ ਸਿੰਘ ਤੇ ਰਾਮ ਸਿੰਘ ਵਲੋਂ ਕੰਪਲੈਕਸ ਦੇ ਅੰਦਰ ਤੇ ਇਸਦੇ ਨਾਲ ਨਾਲ ਲਗਦੀਆਂ ਦੂਰ ਨੇੜੇ ਦੀਆਂ ਇਮਾਰਤਾਂ ਦੇ ਮੋਰਚਿਆਂ ਵਿਚ ਡਟੇ ਬੈਠੇ ਸਿੰਘ ਤੇ ਜਵਾਨਾਂ ਦੀਆਂ ਜਰੂਰੀ ਲੋੜਾਂ ਥੁੜਾਂ ਬਾਰੇ ਪੁੱਛ ਪੜਤਾਲ ਕਰਨ ਦੇ ਵਿਚ ਜਥੇ ਦੇ ਕੁਝ ਇਕ ਨੌਜਵਾਨ ਸਿੰਘ, ਭਾਈ ਰਣਜੀਤ ਸਿੰਘ ਤੇ ਮੋਹਨ ਸਿੰਘ ਆਦਿ ਨੂੰ ਵੱਖ ਦਿਸ਼ਾਵਾਂ ਵੱਲ ਭੇਜਿਆ ਜਾ ਰਿਹਾ ਸੀ।

ਏਦਾਂ ਹੀ ਸ੍ਰ: ਰਛਪਾਲ ਸਿੰਘ ਪੀ. ਏ. (ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਿੱਜੀ ਸਕੱਤਰ) ਤੇ ਕੁਝ ਇਕ ਹੋਰ ਮੁੱਖੀ ਸਿੰਘ ਸੰਤਾਂ ਨਾਲ ਵਿਚਾਰ ਵਟਾਂਦਰਾ ਕਰਨ ਉਪ੍ਰੰਤ ਕੰਪਲੈਕਸ ਅੰਦਰਲੇ ਖਾਸ ਖਾਸ ਮੋਰਚਿਆਂ ਤੇ ਮਹੱਤਵ ਪੂਰਨ ਟਿਕਾਣਿਆਂ ਨੂੰ ਮੱਲੀ ਬੈਠੇ ਸਿੰਘਾਂ ਨਾਲ ਇੰਟਰ-ਕਮਿਊਨੀਕੇਸ਼ਨ ਸਿਸਟਮ ਰਾਹੀਂ ਸੰਪਰਕ ਕਾਇਮ ਰਹੇ ਸਨ।

ਜਦ ਇਸ ਪਰਕਾਰ ਦੀਆਂ ਹਿਫਾਜ਼ਤੀ ਤੇ ਯੁਧ ਦੀ ਤਿਆਰੀ ਸਬੰਧੀ ਸਰਗਰਮੀਆਂ ਚੱਲ ਰਹੀਆਂ ਸਨ ਤਾਂ ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੰਤ ਭਿੰਡਰਾਂਵਾਲਿਆਂ ਦੇ ਪਾਸ ਭਾਰੀ ਗਿਣਤੀ ਵਿਚ ਸੰਗਤਾਂ ਅਤੇ ਜਥੇ ਦੇ ਸਿੰਘ ਜੁੜੇ ਹੋਏ ਸਨ। ਸੰਗਤਾਂ ਤੇ ਸਿੰਘਾਂ ਦੇ ਇਸ ਪਰਵਾਰਕ ਜਿਹੇ ਮਾਹੌਲ ਵਿਚ, ਭਾਈ ਅਮਰੀਕ ਸਿੰਘ ਸੰਤਾਂ ਦੇ ਨਾਲ ਕਰਕੇ ਖੱਬੇ ਪਾਸੇ ਵੱਲ ਬੜੇ ਹੀ ਗੰਭੀਰ ਪਰ ਬੀਰਤਾ ਭਰੇ ਅੰਦਾਜ਼ ਵਿਚ ਬੈਠੇ ਸਨ।

ਮੈਨੂੰ ਭਾਈ ਅਮਰੀਕ ਸਿੰਘ ਨੂੰ ਪਹਿਲਾਂ ਵੀ ਅਵਾਰ ਮਿਲਣ ਅਤੇ ਉਹਨਾਂ ਨਾਲ ਧਰਮ, ਸਮਾਜ, ਸਿੱਖ ਵਿਚਾਰਧਾਰਾ, ਸਿੱਖ ਇਤਿਹਾਸ, ਖਾਲਸਾ ਅੰਦਰ ਰਾਜ ਦੇ ਸੰਕਲਪ ਖਾਲਿਸਤਾਨ ਲਹਿਰ, ਸਿੱਖ ਕੌਮ ਦੀ ਵਰਤਮਾਨ ਦਸ਼ਾ, ਅਕਾਲੀਆਂ ਦੇ ਖਾਸੇ ਤੇ ਕਰਦਾਰ, ਖਾਲਸਾ ਪੰਥ ਦੀਆਂ ਅਜ਼ੀਮ ਕੁਰਬਾਨੀਆਂ ਅਤੇ ਭਾਰਤ ਸਰਕਾਰ,ਹਿੰਦੂ ਸਾਮਰਾਜ ਦੀਆਂ ਸਿੱਖ ਕੌਮ ਬਾਰੇ ਮਾਰੂ ਨੀਤੀਆਂ, ਸਾਜ਼ਸ਼ਾਂ ਤੇ ਸੌੜਾਂ ਫੈਸਲਿਆਂ ਬਾਰੇ ਅਰ ਬਹੁਤ ਸਾਰੇ ਵੱਖ ਵੱਖ ਮਸਲਿਆਂ ਤੇ ਵਿਸ਼ਿਆਂ ਦੇ ਸਬੰਧ ਵਿਚ ਖੁਲ੍ਹੀਆਂ ਵਿਚਾਰਾਂ ਕਰਨ,ਉਹਨਾਂ ਦੇ ਵਿਚਾਰ ਜਾਨਣ ਤੇ ਕਈ ਵਾਰ ਇਕ ਸਟੇਜ ਉੱਪਰ ਇਕੱਠੇ ਹੋਣ ਦਾ ਅਕਸਰ ਖੁੱਲ੍ਹਾ ਮਿਲਦਾ ਰਿਹਾ ਸੀ, ਜਿਸ ਕਰਕੇ ਮੇਰੇ ਮਨ ਉੱਪਰ ਉਹਨਾਂ ਦੀ ਵਿਦਵਤਾ, ਪੰਥਕ ਜਜ਼ਬੇ ਦੱਗੀਰੇ, ਮਾਨਸਿਕ ਤੇ ਬੌਧਕ ਸਥਿਰਤਾ ਤੇ ਪਰਿਪੱਕਤਾਈ, ਮਾਨਵੀ ਕਦਰਾਂ ਕੀਮਤਾਂ ਬਾਰੇ ਨੇਕ ਨਾਮ ਅਤੇ ਹੋਰ ਅਨੇਕ ਗੁਣਾਂ ਖੂਬੀਆਂ ਦੇ



ਕਾਰਨ ਬੜਾ ਪ੍ਰਭਾਵ ਸੀ, ਪਰ ਇਸ ਸਭ ਕੁਝ ਦੇ ਬਾਵਜੂਦ ਮੈਂ ਅੱਜ ਉਹਨਾਂ ਦੇ ਚੇਹਰੇ ਉੱਪਰ ਛਾਈ ਹੋਈ ਡੂੰਘੀ ਗੰਭੀਰਤਾ, ਚੋਂ ਝਲਕ ਰਹੇ ਜਿਸ ਜੋਸ਼, ਜਜ਼ਬੇ, ਜਲਵੇ ਤੇ ਤਪ-ਤੇਜ ਦੀ ਲਾਲੀ ਨੂੰ ਵੇਖ ਰਿਹਾ ਸਾਂ ਉਹ ਮੇਰੇ ਲਈ ਬੜਾ ਹੀ ਦਿਲ ਟੁੰਬਵਾਂ ਅਤੇ ਖਾਸ ਕਰਕੇ ਇਕ ਜ਼ਬਰਦਸਤ ਕ੍ਰਾਂਤੀਕਾਰੀ ਅਨੁਭਵ ਸੀ।

ਸੰਤਾਂ ਦੇ ਆਸ ਪਾਸ ਸਨਮੁਖ ਰੂਪ ਵਿਚ ਇਕ ਤਰ੍ਹਾਂ ਨਾਲ ਪਰਵਾਰਕ ਜਿਹਾ ਮਾਹੌਲ ਜੁੜਿਆ ਹੋਇਆ ਸੀ ਅਤੇ ਸੰਗਤ ਰੂਪ ਵਿਚ ਬੈਠੇ ਸਿੰਘ ਉਹਨਾਂ ਨਾਲ ਕੁਝ ਇਸਤਰ੍ਹਾਂ ਘੁਲਮਿਲ ਕੇ ਗੱਲਾਂ ਬਾਤਾਂ ਤੇ ਸਲਾਹ ਮਸ਼ਵਰਾ ਕਰ ਰਹੇ ਸਨ ਕਿ ਜਿਵੇਂ ਕਿਸੇ ਬਹੁਤ ਵੱਡੇ ਪਰਵਾਰ ਉੱਪਰ ਅਚਾਨਕ ਹੀ ਕੋਈ ਭਿਆਣਕ ਭੀੜ ਪੈ ਜਾਣ ਤੋਂ ਬਾਅਦ ਉਹ ਆਪਣੇ ਪਰਵਾਰ ਦੇ ਮੁਖੀ ਦੀ ਹਾਜ਼ਰੀ ਵਿਚ ਇਕ ਥਾਂ ਇਕੱਠੇ ਹੋ ਕੇ ਉਸ ਪਾਸੋਂ ਆਪੋ ਆਪਣੇ ਕੰਮ ਬਾਰੇ ਅਤੇ ਸੇਵਾ ਤੇ ਜ਼ੁੰਮੇਵਾਰੀ ਬਾਰੇ ਪੁੱਛ ਰਹੇ ਤੇ ਆਦੇਸ਼ ਲੈ ਰਹੇ ਹੁੰਦੇ ਹਨ।

ਸੰਤਾਂ ਨਾਲ ਕੁਝ ਜ਼ਰੂਰੀ ਮਸਲਿਆਂ ਬਾਰੇ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਜਦ ਭਾਈ ਅਮਰੀਕ ਸਿੰਘ ਆਪਣੀ ਥਾਂ ਤੋਂ ਉੱਠੇ ਤਾਂ ਉਹਨਾਂ ਨੇ ਉਸ ਸਮੇਂ ਉੱਥੇ ਹਾਜ਼ਰ ਫੈਡਰੇਸ਼ਨ ਦੇ ਜਵਾਨਾਂ ਨੂੰ ਵੱਖਰਿਆਂ ਕਰਕੇ ਸੰਬੋਧਤ ਕਰਦਿਆਂ ਹੋਇਆਂ ਕਿਹਾ—

'ਸਿੰਘੋ, ਅੱਜ ਦੁਸ਼ਟਾਂ ਨੇ ਜੋ ਕਾਲਾ ਕਾਰਨਾਮਾ ਕੀਤਾ ਤੇ ਸਿੱਖ ਕੌਮ ਨਾਲ ਇਕ ਹੋਰ ਧਾਰਾ ਕੀਤਾ ਹੈ ਉਹ ਤੁਹਾਡੀਆਂ ਨਜ਼ਰਾਂ ਦੇ ਸਾਹਮਣੇ ਹੀ ਆ, ਇਸ ਤੋਂ ਵੱਧ ਹੁਣ ਸਾਨੂੰ ਦਿੱਲੀ ਦੀ ਹਿੰਦੁਸਤਾਨੀਆਂ ਸਰਕਾਰ ਹੋਰ ਕੀ ਵੰਗਾਰ ਦੇ ਸਕਦੀ ਆ। ਮੈਂ ਤਾਂ ਸੱਚੀ ਗੱਲ ਹਿੰਦੂ ਸਾਮਰਾਜ ਦੀ ਏਸ ਵੰਗਾਰ ਨੂੰ ਮਨੋਂ ਕਰਕੇ ਕਬੂਲ ਕਰ ਲਿਆ। ਮੇਰਾ ਤਾਂ ਹੁਣ ਇਸ ਗੱਲ ਲਈ ਪੱਕਾ ਮਨ ਬਣ ਗਿਆ ਕਿ ਆਪਾਂ ਇਨ੍ਹਾਂ ਬਾਹਮਨ ਬਾਣੀਏਂ ਹਿੰਦੂਆਂ ਨੂੰ ਖਾਲਸਾ ਪੰਥ ਦੀ ਜਨਮ ਭੂਮੀ ਉੱਪਰ ਰਾਜ ਨਹੀਂ ਕਰਨ ਦੇਣਾ ਤੇ ਨਾ ਆਉਣ ਵਾਲੇ ਸਮੇਂ ਵਿਚ ਇਨ੍ਹਾਂ 'ਤੇ ਕਿਸੇ ਪਰਕਾਰ ਦਾ ਕੋਈ ਵਿਸ਼ਵਾਸ ਤੇ ਭਰੋਸਾ ਹੀ ਕਰਨਾ। ਏਸ ਲਈ ਅੱਜ ਤੋਂ ਬਾਅਦ ਹੁਣ ਸਾਡੇ ਕਮਰ ਕੱਸੇ ਖਾਲਸਾ ਰਾਜ ਦੀ ਪ੍ਰਾਪਤੀ ਵਾਸਤੇ ਹੋਣੇ ਚਾਹੀਦੇ ਨੇ, ਇਥੋਂ ਤੱਕ ਕਿ ਅਸਾਂ ਤਾਂ ਹੁਣ ਭਵਿੱਖ ਵਿਚ ਹਿੰਦੂਆਂ ਨਾਲ ਦੂਰ ਜਾਂ ਨੇੜੇ ਦੀਆਂ ਰਿਸ਼ਤੇਦਾਰੀਆਂ ਰਖਣ ਤੇ ਪਾਲਣ ਵਾਲੇ ਅਖਾਉਤੀ ਤੇ ਐਵੇਂ ਵਖਾਵੇ ਦੇ ਸਿੱਖਾਂ ਨੂੰ ਵੀ ਖਾਲਸਾ ਰਾਜ ਦੀ ਪ੍ਰਾਪਤੀ ਤੋਂ ਬਾਅਦ ਉਸ ਵਿਚ ਰਵਾਲ ਮਾਤਰ ਰੂਪ 'ਚ ਵੀ ਭਾਈਵਾਲ ਨਹੀਂ ਬਨਣ ਦੇਣਾ। ਹੁਣ ਤਾਂ ਅਸਾਂ ਨਰੋਲ ਖਾਲਸਾ ਰਾਜ ਕਾਇਮ ਰੱਖਣ ਤੇ ਕਰਨ ਲਈ ਮੈਦਾਨ ਵਿਚ ਪੈਰ ਰੱਖਣਾ। ਵਾਹਿਗੁਰੂ ਨੂੰ ਮਨਜ਼ੂਰ ਹੋਇਆ ਤੇ ਖਾਲਸਾ ਰਾਜ ਦੀ ਪ੍ਰਾਪਤੀ ਲਈ ਜਦੋ-ਜਹਿਦ ਸਬੰਧੀ ਫੈਡਰੇਸ਼ਨ ਵਿਚ ਛੇਤੀ ਹੀ ਸਰਬ ਸੰਮਤੀ ਨਾਲ ਫੈਸਲਾ ਲੈ ਲਿਆ ਜਾਵੇਗਾ। ਏਸ ਲਈ ਸਿੰਘੋ, ਹੁਣ ਹਰ ਤਰ੍ਹਾਂ ਨਾਲ ਮਨ ਤੇ ਬੁਧ ਪੱਖੋਂ ਜਾਗਦੇ ਰਹਿਣਾ।

ਅਜ ਤਾਂ ਇਹਨਾਂ ਦੁਸ਼ਟਾਂ ਨੇ ਸੱਚਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਉੱਪਰ ਸਿੱਧੀਆਂ ਤੇ ਐਲਾਨੀਆਂ ਗੋਲੀਆਂ ਵਰ੍ਹਾ ਕੇ ਸਾਡੀ ਆਤਮਾ ਤੇ ਜ਼ਮੀਰ ਨੂੰ ਝੰਜੋੜ ਕੇ ਰੱਖ ਦਿੱਤਾ। ਇਹ ਅੱਜ ਵਾਲਾ ਕਾਰਾ ਜੋ ਇਨ੍ਹਾਂ ਰੰਗੜਿਆਂ ਤੇ ਚੰਦੂ ਹਾਵਾਰੀਆਂ ਨੇ ਕੀਤਾ ਇਹ ਤਾਂ ਸਿੱਧੀ ਖਾਲਸਾ ਪੰਥ ਦੀ ਪੱਗ ਨੂੰ ਹੱਥ ਪਾਉਣ ਵਾਲੀ ਗੱਲ ਕੀਤੀ ਆ। ਏਸ ਲਈ ਹੁਣ ਤੁਸੀਂ ਆਪਣੀਆਂ ਦਸਤਾਰਾਂ ਦੀ, ਜੋ ਹਰ ਰੋਜ਼ ਸ਼ੀਸ਼ਿਆਂ ਅੱਗੇ ਖਲੋ, ਪੇਚ ਪੇਚ ਕੇ ਸਜਾਉਂਦੇ ਜੇ, ਦੀ ਲਾਜ ਵੀ ਰੱਖਣੀ ਆ। ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਸੰਸਾਰ ਵਿਚ ਦਸਤਾਰ, ਸਾਬਤ ਸੂਰਤ ਤੇ ਸ੍ਰੀ ਸਾਹਿਬ ਦੀ ਬਖਸ਼ਸ਼ ਉਸ ਅਕਾਲ ਪੁਰਖ ਦੇ ਹੁਕਮ ਨਾਲ ਗੁਰੂ ਘਰ ਵਲੋਂ ਮਰਯਾਦਾ ਪੂਰਵਕ ਰੂਪ ਵਿਚ ਖਾਲਸਾ ਪੰਥ ਨੂੰ ਹੀ

ਹੋਈ ਆ। ਇਸੇ ਤਰ੍ਹਾਂ ਆਹ ਜੋ ਆਪ ਸਾਰਿਆਂ ਨੇ ਕੜਾ ਸਜਾਇਆ ਹੋਇਆ ਇਹ ਸਾਡੇ ਦਸਮ ਪਿਤਾ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਿੱਖ ਸੂਰਮੇ ਤੇ ਵਫ਼ਾਦਾਰ ਪੁੱਤਰ ਹੋਣ ਦੀ ਨਿਸ਼ਾਨੀ ਆ। ਸਮਝੋ ਕਿ ਕੜਾ ਸਾਡੇ ਉੱਪਰ ਇਹ ਗੱਲ ਸਪਸ਼ਟ ਕਰਦਾ ਕਿ ਅਸੀਂ ਸਭ ਗੁਰੂ ਘਰ ਦੇ ਸੱਚੇ ਸਿਧਾਂਤ ਤੇ ਖਾਲਸਾਈ ਪ੍ਰੰਪਰਾਵਾਂ ਤੇ ਟੀਚਿਆਂ ਨਿਸ਼ਾਨਿਆਂ ਪ੍ਰਤੀ ਵਚਨਬੱਧ ਹਾਂ ਅਤੇ ਪੰਥਕ ਘੋਲਾਂ ਪਿੱਛੇ ਕੰਮ ਕਰਦੇ ਤਸੱਵਰ ਤੇ ਸੰਕਲਪ ਨਾਲ ਪ੍ਰਣਾਏ ਹੋਏ ਹਾਂ। ਇਸ ਕਰਕੇ ਜੇ ਫਿਰ ਵੀ ਹੁਣ ਆਪਾਂ ਇਨ੍ਹਾਂ ਦੁਸ਼ਟਾਂ ਤੇ ਜਰਵਾਣਿਆਂ ਦਾ ਕੰਡਾ ਕਰਨ ਦਾ ਰਾਹ ਅਖ਼ਤਿਆਰ ਨਾ ਕੀਤਾ ਤਾਂ ਫਿਰ ਧਿਰਕਾਰ ਹੈ ਸਾਡੇ ਰੋਟੀ ਪਾਣੀ ਖਾਣ, ਸਾਹ ਲੈਣ, ਸੁਖ ਅਰਾਮ ਵਾਲਾ ਜੀਵਨ ਬਤੀਤ ਕਰਨ ਤੇ ਆਪਣੀਆਂ ਜ਼ਮੀਨਾਂ ਜਾਇਦਾਦਾਂ ਦੇ ਉੱਪਰ ਮਾਨ ਕਰਨ ਦੇ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਇਹ ਮਹਾਂਵਾਕ ਕਦੀ ਨਾ ਭੁਲਿਓ-ਵਿਸਾਰਿਓ ਕਿ

ਜੇ ਜੀਵੈ ਪਤ ਲਥੀ ਜਾਏ ਸਭ ਹਰਾਮ ਜੇਤਾ ਕਿਛੁ ਖਾਏ,

ਸੁਣਦੇ ਓ ਨਾ, ਅੱਜ ਤੋਂ ਬਾਅਦ ਸਾਡਾ ਟੀਚਾ ਤੇ ਨਿਸ਼ਾਨਾ ਖਾਲਿਸਤਾਨ ਹੋਣਾ ਚਾਹੀਦਾ। ਇਕ ਗੱਲ ਮੇਰੀ ਹੋਰ ਜ਼ਰਾ ਗਹੁ ਨਾਲ ਤੇ ਧਿਆਨ ਨਾਲ ਸੁਣ ਲਓ। ਹੋ ਸਕਦਾ ਕਿ ਦੁਸ਼ਟ ਅੱਜ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਉੱਤੇ ਹਮਲਾ ਕਰਨ। ਇਸ ਲਈ ਆਰਾਮ ਤੇ ਨੀਂਦ ਨੂੰ ਹੁਣ ਇਕਤਰ੍ਹਾਂ ਤਲਾਂਜਲੀ ਸਮਝੋ; ਸਿਰਫ ਓਨਾ ਹੀ ਆਰਾਮ ਕਰਨਾ ਤੇ ਸੌਣਾ ਜਿਸ ਤੋਂ ਬਿਨਾ ਸਰਦਾ ਨਾ ਹੋਵੇ, ਉਹ ਵੀ ਸਮਾਂ ਵਿਚਾਰ ਕੇ। ਸਿੱਖ ਖਾਲਸਾ ਪੰਥ ਸਿਮਰਨ, ਭਗਤੀ ਤੇ ਸ਼ਕਤੀ ਦਾ ਨੂਰ ਵੀ ਹੈ ਤੇ ਮੁਜੱਸਮਾ ਵੀ। ਇਸ ਗੱਲ ਨੂੰ ਅਸਾਂ ਇਕ ਵਾਰ ਫਿਰ ਆਪਣੇ ਪੁਰਖਿਆਂ ਦੇ ਰਾਹ ਉੱਪਰ ਚੱਲ ਕੇ ਸਾਬਤ ਕਰਨਾ। ਸਾਡਾ ਜੋ ਸ੍ਰੀ ਸਾਹਿਬ ਦੀ ਸ਼ਕਤੀ ਉੱਪਰ ਵਿਸ਼ਵਾਸ ਹੈ, ਹਕੀਕਤ ਵਿਚ ਉਹ ਬਲੀਦਾਨ ਦੇ ਰਾਹ ਉੱਪਰ ਵਿਸ਼ਵਾਸ ਹੈ। ਇਸ ਲਈ ਸ੍ਰੀ ਸਾਹਿਬ ਦੀ ਤੇਜ਼ ਧਾਰ ਤੇ ਸ਼ਕਤੀ ਨਾਲ ਪਿਆਰ ਕਰਨ ਵਾਲਿਆਂ ਪਾਸ ਨੀਂਦ ਲਈ ਇਮਤਿਹਾਨ ਦੇ ਸਮੇਂ ਜਾਂ ਰਣ ਤੱਤੇ ਵਿਚ ਕੋਈ ਥਾਂ ਹੀ ਨਹੀਂ ਹੁੰਦੀ।

ਤੁਸਾਂ ਅੱਜ ਸਾਰਿਆਂ ਨੇ ਅਕਾਲ ਤਖ਼ਤ ਸਾਹਿਬ ਦੀਆਂ ਉੱਪਰਲੀਆਂ ਤੇ ਹੇਠਲੀਆਂ ਮੰਜ਼ਲਾਂ ਉੱਪਰ ਪਹਿਰੇ ਦੀ ਸੇਵਾ ਨਿਭਾਉਣੀ ਆ ਇਸ ਲਈ ਹਰ ਤਰ੍ਹਾਂ ਨਾਲ ਚੇਤੰਨ, ਚੌਕਸ ਤੇ ਖ਼ਬਰਦਾਰ ਰਹਿਣਾ। ਇਸੇ ਤਰ੍ਹਾਂ ਤੁਹਾਡੇ 'ਚੋਂ ਜਿਨ੍ਹਾਂ ਦੀ ਸੇਵਾ ਪਰਕਰਮਾ ਵਿਚ ਲੱਗੀ ਹੋਈ ਆ ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਆਸ ਪਾਸ ਸਭ ਨਾਕਿਆਂ ਟਿਕਾਣਿਆਂ ਦੀ ਨਿਗਰਾਨੀ ਤਕੜੇ ਹੋ ਕੇ ਰੱਖਣੀ ਆ। ਐਵੇਂ ਦੂਸਰੇ ਮੋਰਚਿਆਂ ਵੱਲ ਨਹੀਂ ਦੌੜੇ ਭੱਜੇ ਫਿਰਨਾ। ਉਹਨਾਂ ਵਿਚ ਸਭ ਸਿੱਖ ਆਪੋ ਆਪਣੀ ਥਾਂ 'ਤੇ ਤਿਆਰ ਬਰ ਤਿਆਰ ਨੇ, ਤੁਹਾਡੇ ਚੋਂ ਕੋਈ ਵੀ ਸਿੱਖ ਹਥਿਆਰ ਤੋਂ ਬਗੈਰ ਨਹੀਂ ਹੋਣਾ ਚਾਹੀਦਾ, ਜਿਸ ਕਿਸੇ ਪਾਸ ਅਸਲਾ ਨਹੀਂ ਜਾਂ ਰਾਉਂਦ ਘੱਟ ਨੇ ਉਹ ਹੁਣ ਦੱਸ ਦੇਵੇ।

ਜੇ ਕੋਈ ਬੰਦਾ ਸ਼ੱਕੀ ਹਾਲਤ ਵਿਚ ਮਿਲੇ ਤਾਂ ਪਹਿਲਾਂ ਉਸ ਪਾਸੋਂ ਇਥੇ ਆਉਣ ਦਾ ਕਾਰਨ ਪੁਛਣਾ। ਬਾਜ਼ਾਰ ਵੱਲ ਬਹੁਤ ਦੂਰ ਤੱਕ ਅੱਗੇ ਨਹੀਂ ਜਾਣਾ, ਪਰ ਦੁਸ਼ਟਾਂ ਦੀ ਟੋਹ ਸਭ ਪਾਸਿਆਂ ਤੋਂ ਪੂਰੀ ਤਰ੍ਹਾਂ ਨਾਲ ਰੱਖਣੀ ਆ। ਜੇ ਹਿੰਦੂਆਂ ਦੀ ਬਾਂਦਰ ਸੈਨਾ ਦਰਬਾਰ ਸਾਹਿਬ ਵੱਲ ਅੱਗੇ ਵਧਦੀ ਦਿਸੇ ਤਾਂ ਫਿਰ ਉਸ ਵੇਲੇ ਸੋਚਾਂ ਵਿਚਾਰਾਂ 'ਚ ਨਹੀਂ ਪੈਣਾ, ਸਗੋਂ ਸਿੱਧਾ ਸੁਧਾਈ ਦਾ ਕੰਮ ਪੱਰ ਤੋਂ ਈ ਸ਼ੁਰੂ ਕਰ ਦੇਣਾ। ਉਹਨਾਂ 'ਚੋਂ ਫਿਰ ਬਚਕੇ ਕੋਈ ਵਾਪਸ ਨਹੀਂ ਜਾਣਾ ਚਾਹੀਦਾ। ਤੁਸੀਂ ਹੁਣ ਸਾਰੇ ਸਿੱਖ ਆਪੋ ਆਪਣੇ ਗਰੁੱਪ ਬਣਾ ਲਉ। ਵਾਰੋ ਵਾਰੀ ਲੰਗਰ ਪ੍ਰਸ਼ਾਦ ਛਕ ਕੇ ਆਪੋ ਆਪਣੇ ਮੋਰਚਿਆਂ ਤੇ ਨਾਕਿਆਂ ਟਿਕਾਣਿਆਂ 'ਤੇ ਜਾ ਕੇ ਡਟ ਜਾਓ। ਜਾਣ ਤੋਂ ਪਹਿਲਾਂ ਹਰ ਗਰੁਪ ਦੇ ਜਥੇਦਾਰ ਨੇ



ਮੈਨੂੰ ਦੱਸ ਕੇ ਜਾਣਾ ਕਿ ਕਿਸ ਥਾਂ 'ਤੇ ਕੌਣ ਕੌਣ ਆ। ਤੁਹਾਡੇ 'ਚੋਂ ਕਿਧਰੇ ਕੋਈ ਇਹ ਨਾ ਸਮਝੇ ਕਿ ਤੁਹਾਨੂੰ ਚੈੱਕ ਕਿਸੇ ਨਹੀਂ ਕਰਨਾ। ਜੇ ਕੋਈ ਸੁਸਤ ਵੇਖਿਆ ਗਿਆ ਤਾਂ ਸਮਝੋ ਕਿ ਉਸ ਸਾਰੇ ਗਰੁਪ ਨੂੰ ਬੈਠਕਾਂ ਕਢਣੀਆਂ ਪੈਣੀਆਂ। ਇਹ ਸੋਚ ਲਉ ਕਿ ਕਿਸੇ ਦਾ ਲਿਹਾਜ਼ ਨਹੀਂ ਹੋਣਾ, ਬੈਠਕਾਂ ਵੀ ਪੰਜ ਪੰਜ ਸੌ ਕੱਢਣੀਆਂ ਪੈਣੀਆਂ, ਇਸ ਗੱਲ ਦਾ ਧਿਆਨ ਕਰ ਲਓ।' ਭਾਈ ਅਮਰੀਕ ਸਿੰਘ ਨੇ ਇਹ ਸਾਰੀਆਂ ਗੱਲਾਂ ਫੈਡਰੇਸ਼ਨ ਦੇ ਜਵਾਨਾਂ ਨਾਲ ਬੜੇ ਹੀ ਜੋਸ਼, ਜਜ਼ਬੇ ਤੇ ਭਰਪੂਰ ਅਪਨਤ ਨਾਲ ਕੀਤੀਆਂ ਸਨ।

ਭਾਈ ਅਮਰੀਕ ਸਿੰਘ ਅਜੇ ਫੈਡਰੇਸ਼ਨ ਦੇ ਜਵਾਨਾਂ ਨੂੰ ਰਾਤ ਦੇ ਪਹਿਰੇ ਸਬੰਧੀ ਜ਼ਰੂਰੀ ਹਦਾਇਤਾਂ ਦੇ ਕੇ ਅਤੇ ਉਹਨਾਂ ਦੀ ਗਰੁੱਪਬੰਦੀ ਕਰਕੇ ਮੁੜ ਸੰਤਾਂ ਦੇ ਪਾਸ ਜਾਣ ਹੀ ਲੱਗੇ ਸਨ ਕਿ ਜਥੇ ਦੇ ਇਕ ਸਿੰਘ ਨੇ ਸੰਤਾਂ ਵੱਲ ਨੂੰ ਬੜੀ ਕਾਹਲੀ ਵਿਚ ਜਾਂਦਿਆਂ ਜਾਂਦਿਆਂ ਭਾਈ ਅਮਰੀਕ ਸਿੰਘ ਨੂੰ ਦੱਸਿਆ ਕਿ, 'ਅਬਨਾਸ਼ੀ ਸਿੰਘ, ਸੰਤਾਂ ਨੂੰ ਟੈਲੀਫੂਨ ਉੱਤੇ ਦੋਹਾਂ ਪ੍ਰਧਾਨਾਂ ਦਾ ਇਕ ਜ਼ਰੂਰੀ ਸੁਨੇਹਾ ਦੇਣਾ ਚਾਹੁੰਦਾ। ਇਸ ਸਮੇਂ ਉਹ ਟੈਲੀਫੂਨ ਹੋਲਡ ਕਰੀ ਬੈਠਾ।'

ਸੰਤ ਜਰਨੈਲ ਸਿੰਘ ਜਦ ਟੈਲੀਫੂਨ ਅਟੈਂਡ ਕਰਨ ਵਾਸਤੇ ਗਏ ਤਾਂ ਸ੍ਰ: ਅਬਨਾਸ਼ੀ ਸਿੰਘ (ਸ੍ਰ: ਗੁਰਚਰਨ ਸਿੰਘ ਟੌਹੜਾ ਦੇ ਨਿੱਜੀ ਸਕੱਤਰ) ਨੇ ਸੰਤ ਜੀ ਨੂੰ ਫਤਹਿ ਬੁਲਾਉਣ ਤੇ ਫਤਹਿ ਦਾ ਜਵਾਬ ਫਤਹਿ ਵਿਚ ਪਾਉਣ ਦੇ ਨਾਲ ਹੀ ਸੰਤਾਂ ਨੂੰ ਦੱਸਣਾ ਸ਼ੁਰੂ ਕੀਤਾ ਕਿ

'ਸੰਤ ਮਹਾਂਪੁਰਸ਼ ਦੋਹਾਂ ਪ੍ਰਧਾਨਾਂ (ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਟੌਹੜਾ ਸਾਹਿਬ) ਦਾ ਤੁਹਾਡੀ ਸੇਵਾ ਵਿਚ ਸੁਨੇਹਾ। ਉਹਨਾਂ ਨੇ ਤੁਹਾਥੋਂ ਸਲਾਹ ਮੰਗੀ ਹੈ ਕਿ ਹੁਣ ਦੇ ਹਾਲਾਤ ਮੁਤਾਬਿਕ ਕੀ ਹੋਣਾ ਤੇ ਕਰਨਾ ਚਾਹੀਦਾ?'

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਬਨਾਸ਼ੀ ਸਿੰਘ ਦੀ ਗੱਲ ਸੁਣਨ ਤੋਂ ਬਾਅਦ ਕੁਝ ਛਿਣ ਬਿਲਕੁਲ ਖਾਮੋਸ਼ ਰਹੇ ਤੇ ਫਿਰ ਬੜੇ ਧੀਰੇ ਗੰਭੀਰ ਅੰਦਾਜ਼ ਪਰ ਜ਼ੋਰਦਾਰ ਤੇ ਪ੍ਰਭਾਵਸ਼ਾਲੀ ਰੂਪ ਵਿਚ ਕਹਿਣ ਲੱਗੇ, 'ਮੈਥੋਂ ਹੁਣ ਇਹ ਦੋਹਵੇਂ ਪ੍ਰਧਾਨ ਕਾਹਦੀ ਸਲਾਹ ਮੰਗਦੇ ਨੇ, ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਭਵਨ ਉੱਪਰ ਆਪਣੀ ਸੈਂਟਰਲ ਰੀਜ਼ਰਵ ਪੁਲੀਸ ਰਾਹੀਂ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਇਨ੍ਹਾਂ ਦੇ ਸੈਕੂਲਰ ਭਾਰਤ ਦੀ ਸਰਕਾਰ ਨੇ ਜਿਸਦੇ ਹੱਕ 'ਚ ਇਹ ਦੋਹਵੇਂ ਪ੍ਰਧਾਨ ਅੱਠੇ ਪਹਿਰ ਭਾਰਤ ਦੀ ਅਖੰਡਤਾ ਦੇ ਸੋਹਲੇ ਗਾਉਂਦੇ ਨਹੀਂ ਥਕਦੇ, ਅੱਜ ਦੇ ਕਰੋੜ ਸਿੱਖਾਂ ਦੀ ਮਾਨ ਪ੍ਰਤਿਸ਼ਟਾ ਤੇ ਦਸਤਾਰ ਨੂੰ ਹੱਥ ਪਾਇਆ। ਮਹਾਰਾਜ ਦੇ ਦਰ ਘਰ ਵਿਚ ਦੁਸ਼ਟਾਂ ਦੀਆਂ ਗੋਲੀਆਂ ਨਾਲ ਦਸਾਂ ਤੋਂ ਉੱਤੇ ਸ਼ਹੀਦੀਆਂ ਹੋਈਆਂ ਤੇ ਜਿਹੜੇ ਪੰਜੀ ਤੀਹ ਸਿੱਖ ਗੰਭੀਰ ਰੂਪ 'ਚ ਜ਼ਖਮੀ ਹੋਏ ਨੇ ਉਹ ਵਖਰੇ ਨੇ, ਮੈਥੋਂ ਹੁਣ ਇਹ ਪ੍ਰਧਾਨ ਕਾਹਦੀ ਸਲਾਹ ਮੰਗਦੇ ਨੇ। ਹੁਣ ਤਾਂ ਸਗੋਂ ਇਨ੍ਹਾਂ ਦੋਹਾਂ ਪ੍ਰਧਾਨਾਂ ਨੂੰ ਹੁਕਮ ਕਰਨਾ ਚਾਹੀਦਾ ਕਿ ਦਾਸ ਦੇ ਜ਼ੁੰਮੇ ਕੀ ਸੇਵਾ?'

'ਜਦੋਂ ਸਲਾਹ ਪੁਛਣ ਦਾ ਵੇਲਾ ਸੀ ਉਦੋਂ ਤਾਂ ਇਹ ਸਰਕਾਰ ਨਾਲ ਗੁਪਤ ਮੀਟਿੰਗਾਂ ਕਰਦੇ ਰਹੇ ਨੇ ਤੇ ਹੁਣ ਜਦੋਂ ਸੱਚਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਦੇ ਭਵਨ ਤੇ ਗੋਲੀਆਂ ਵਰ੍ਹ ਰਹੀਆਂ ਤਾਂ ਇਹ ਮੇਰੀ ਸਲਾਹ ਪੁਛਣ ਲੱਗ ਪਏ ਨੇ। ਇਨ੍ਹਾਂ ਦੋਹਾਂ ਪ੍ਰਧਾਨਾਂ ਨੂੰ ਤਾਂ ਹੁਣ ਇਸ ਗੱਲ ਦਾ ਆਪਣੇ ਆਪ ਅਹਿਸਾਸ ਹੋਣਾ ਚਾਹੀਦਾ ਕਿ ਜਦੋਂ ਦੁਸ਼ਟਾਂ ਨੇ ਸਾਰੀ ਸਿੱਖ ਕੌਮ ਦੇ ਕੇਂਦਰੀ ਧਾਰਮਕ ਅਸਥਾਨ ਸੱਚ ਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਉੱਪਰ ਹਮਲਾ ਬੋਲ ਦਿੱਤਾ ਤਾਂ ਉਹਨਾਂ ਨੇ ਇਕ ਪਰਕਾਰ ਨਾਲ ਪੰਥਕ ਹਸਤੀ, ਮਾਨ ਮਰਯਾਦਾ ਤੇ ਪੰਥਕ ਜਜ਼ਬਾਤ ਉੱਤੇ ਹਮਲਾ ਬੋਲ ਦਿੱਤਾ। ਇਹ ਹਮਲਾ ਸਿੱਖ ਧਰਮ ਤੇ ਖਾਲਸਾ ਪੰਥ ਦੀ ਜ਼ਮੀਰ ਉੱਪਰ ਹਮਲਾ ਹੈ। ਇਸ ਗੱਲ ਦਾ ਉਹਨਾਂ ਨੂੰ ਮਨੋ

ਕਰਕੇ ਕਿਆਸ ਤੇ ਅਹਿਸਾਸ ਕਰਨਾ ਚਾਹੀਦਾ। ਹਾਂ, ਦੱਸ ਕੀ ਸਲਾਹ ਪੁੱਛਦੇ ਨੇ?

'ਸੰਤ ਮਹਾਪੁਰਸ਼, ਉਹਨਾਂ ਤੁਹਾਥੋਂ ਪੁੱਛਿਆ ਕਿ ਹੁਣ ਕੀ ਹੋਣਾ ਚਾਹੀਦਾ? ਕੰਪਲੈਕਸ ਉੱਪਰ ਤਾਂ ਹਮਲੇ ਦੀ ਸੰਭਾਵਨਾ ਵਧ ਗਈ ਆ। ਇਸ ਲਈ ਜੇ ਵੇਲੇ ਨਾਲ ਕੁਝ ਨਾ ਸੋਚਿਆ ਤਾਂ ਫਿਰ ਹੋ ਸਕਦਾ ਕਿ ਕੰਪਲੈਕਸ ਉੱਪਰ ਹਮਲਾ ਹੋ ਜਾਵੇ।'

ਅਬਨਾਸ਼ੀ ਸਿੰਘ ਦੀ ਜ਼ਬਾਨੀ ਇਹ ਗੱਲ ਸੁਣਕੇ ਸੰਤ ਜ਼ਰਾ ਕੁ ਗੁੱਸੇ ਵਿਚ ਆ ਗਏ ਤੇ ਫਿਰ ਬੜੇ ਜ਼ੋਰਦਾਰ ਸ਼ਬਦਾਂ ਵਿਚ ਉਸਨੂੰ ਕਹਿਣ ਲੱਗੇ, 'ਸਿੰਘਾ, ਹਮਲਾ ਹੋਰ ਕਿਹਨੂੰ ਕਹਿੰਦੇ ਨੇ? ਹਮਲਾ ਤਾਂ ਇਨ੍ਹਾਂ ਪਰਧਾਨਾਂ ਦੀ ਉਸ ਸਰਕਾਰ ਨੇ ਬੋਲ ਦਿੱਤਾ ਜਿਸ ਉੱਪਰ ਇਹ ਅਜੇ ਵੀ ਭਰੋਸਾ ਕਰੀ ਬੈਠੇ ਨੇ ਤੇ ਜਿਸ ਨਾਲ ਗੁਪਤ ਮੀਟਿੰਗਾਂ ਕਰਦੇ ਕਰਵਾਉਂਦੇ ਰਹੇ ਨੇ। ਜਦੋਂ ਸੀ. ਆਰ. ਪੀ. ਨੇ ਗੁਰੂ ਘਰ ਉੱਪਰ ਮਸ਼ੀਨਗੰਨਾਂ ਦੇ ਮੂੰਹ ਹੀ ਖੋਹਲ ਦਿੱਤੇ ਨੇ ਤਾਂ ਹਮਲੇ ਵਲੋਂ ਹੁਣ ਕਿਹੜੀ ਕਸਰ ਬਾਕੀ ਰਹਿ ਗਈ ਆ? ਟੋਪੀ ਵਾਲਿਆਂ ਵੱਲੋਂ ਤਾਂ ਹਮਲਾ ਸ਼ੁਰੂ ਆ, ਕਸਰ ਤਾਂ ਸਿਰਫ ਸਾਡੇ ਵਲੋਂ ਆ। ਇਸ ਕਰਕੇ ਮੇਰੇ ਵਲੋਂ ਇਨ੍ਹਾਂ ਦੋਹਾਂ ਪ੍ਰਧਾਨਾਂ ਨੂੰ ਕਹੋ ਕਿ ਜੇ ਕੋਈ ਬੰਦਿਆਂ ਵਾਲੀ ਗੱਲ ਕਰਨੀ ਹੈ ਤਾਂ ਫਿਰ ਹੁਣ ਸਿੱਧਾ ਖਾਲਿਸਤਾਨ ਦਾ ਐਲਾਨ ਕਰਨ। ਹੁਣ ਸਲਾਹਾਂ ਪੁਛਣ ਦਾ ਸਮਾਂ ਨਹੀਂ ਸਗੋਂ ਕੌਮ ਨੂੰ ਕੋਈ ਪ੍ਰੋਗਰਾਮ ਦੇਣ ਤੇ ਉਸਦੇ ਸਾਹਮਣੇ ਸਪਸ਼ਟ ਨਿਸ਼ਾਨਾ ਮਿਥਣ ਦਾ ਸਮਾਂ ਹੈ। ਜੇ ਮਨ ਸਾਫ ਨੇ ਤਾਂ ਉਸ ਹਾਲਤ ਵਿਚ ਕੋਈ ਤਕੜੀ ਗੱਲ ਕਰਨੀ ਪੈਣੀ ਆਂ, ਮੇਰੇ ਵਲੋਂ ਉਹਨਾਂ ਨੂੰ ਦੱਸ ਦੇ ਕਿ ਇਸ ਵੇਲੇ ਕੌਮ ਵਲੋਂ ਕੋਈ ਕਸਰ ਨਹੀਂ, ਕੌਮ ਤਾਂ ਬਿਲਕੁਲ ਤਿਆਰ ਬੈਠੀ ਆ। ਜੋ ਵੀ ਪ੍ਰੋਗਰਾਮ ਕੌਮ ਨੂੰ ਦੇਣਗੇ ਕੌਮ ਉਸਨੂੰ ਨਿਭਾਏਗੀ।'

'ਮੇਰੇ ਬਿਆਨ ਤਾਂ ਸਰਕਾਰ ਕਿਧਰੇ ਵੀ ਛਪਣ ਨਹੀਂ ਦੇਂਦੀ ਇਸ ਹਾਲਤ ਵਿਚ ਹੁਣ ਤਾਂ ਖਾਲਿਸਤਾਨ ਦਾ ਸਿੱਧਾ ਐਲਾਨ ਇਨ੍ਹਾਂ ਵਲੋਂ ਹੋਣਾ ਚਾਹੀਦਾ। ਜੇ ਇਹ ਦੋਹਵੇਂ ਪ੍ਰਧਾਨ ਕਿਤੇ ਮੇਰੀ ਸਲਾਹ 'ਤੇ ਚਲਦੇ ਹੁੰਦੇ ਤਾਂ ਅੱਜ ਟੋਪੀ ਵਾਲਿਆਂ ਦੀ ਸਰਕਾਰ ਨੂੰ ਦਰਬਾਰ ਸਾਹਿਬ ਉੱਪਰ ਇਸਤਰਾਂ ਤਾਬੜ ਤੋੜ ਫਾਇਰਿੰਗ ਕਰਵਾਉਣ ਦੀ ਦਲੇਰੀ ਨਾ ਪੈਂਦੀ, ਪਰ ਜੇ ਇਨ੍ਹਾਂ ਨੇ ਹੁਣ ਵੀ ਮੇਰੀ ਸਲਾਹ ਮੰਗੀ ਪੁੱਛੀ ਆ ਤਾਂ ਮੇਰੀ ਫਿਰ ਇਨ੍ਹਾਂ ਨੂੰ ਪੱਕੀ ਸਲਾਹ ਤੇ ਰਾਏ ਇਹ ਆ ਅਤੇ ਇਹ ਮੇਰਾ ਫੈਸਲਾ ਵੀ ਆ ਕਿ ਪੰਥ ਨੂੰ ਖਾਲਿਸਤਾਨ ਤੋਂ ਉਰੇ ਦੀ ਹੁਣ ਹੋਰ ਕੋਈ ਵੀ ਗੱਲ ਨਹੀਂ ਪੁਗਣੀ। ਮੇਰੇ ਵਲੋਂ ਇਨ੍ਹਾਂ ਦੋਹਾਂ ਪ੍ਰਧਾਨਾਂ ਨੂੰ ਸਮਝਾ ਦੇਓ, ਸਮਝਾਣੀ ਵੀ ਜ਼ਰਾ ਚੰਗੀ ਤਰਾਂ ਖੋਹਲ ਕੇ, ਕਿ ਜੇ ਇਹ ਅੱਜ ਸੱਚੇ ਮਨੋਂ ਅੰਦਰੋਂ ਬਾਹਰੋਂ ਇਕ ਹੋ ਕੇ ਸਿੱਧੇ ਤਰਾਂ ਖਾਲਿਸਤਾਨ ਦਾ ਐਲਾਨ ਕਰ ਦੇਣ ਤਾਂ ਫਿਰ ਸਰਕਾਰ ਦਰਬਾਰ ਸਾਹਿਬ ਉੱਪਰ ਹਮਲਾ ਕਰਨ, ਮੇਰਾ ਕਹਿਣ ਦਾ ਭਾਵ ਇਹ ਹੈ ਕਿ ਫੌਜਾਂ ਚੜ੍ਹਾਉਣ ਤੋਂ ਪਹਿਲਾਂ ਹਜ਼ਾਰ ਵਾਰ ਸੋਚੇਗੀ, ਪਰ ਜੇ ਇਨ੍ਹਾਂ ਨੇ ਭਾਰਤ ਨੂੰ ਆਪਣੀ ਮਾਂ ਬਣਾਈ ਰੱਖਣਾ, ਹਿੰਦੂ ਸਿਖ ਏਕਤਾ ਕੂਕੀ ਕੂਕੀ ਜਾਣੀ ਆ ਤੇ ਭਾਰਤ ਦੀ ਅਖੰਡਤਾ ਬਾਰੇ ਬਿਆਨ ਤੇ ਬਿਆਨ ਦਾਗੀ ਤੁਰੇ ਜਾਣੇ ਨੇ ਤਾਂ ਤੇ ਫਿਰ ਦਰਬਾਰ ਸਾਹਿਬ ਕੰਪਲੈਕਸ ਉੱਪਰ ਹਮਲਾ ਹੋਣਾ ਈ ਹੋਣਾ। ਅੱਜ ਨਾ ਹੋਊ ਤਾਂ ਹੋਰ ਦੋਹ ਦਿਨਾਂ ਨੂੰ ਹੋ ਜਾਊ, ਬਾਕੀ ਮੇਰੇ ਵੱਲੋਂ ਤਾਂ ਖਾਲਿਸਤਾਨ ਦਾ ਐਲਾਨ ਈ ਐਲਾਨ ਆ। ਇਸ ਲਈ ਜੇ ਇਹ ਦੋਹਵੇਂ ਪ੍ਰਧਾਨ ਵੀ ਸਿੱਧੀ ਪਟੜੀਏ ਪੈ ਜਾਣ ਤਾਂ ਫਿਰ ਪੰਥ ਨੂੰ ਸਿੱਧੀ ਤੇ ਸਪਸ਼ਟ ਸੇਧ ਮਿਲ ਜਾਏਗੀ। ਰਸਤਾ ਵੀ ਸਾਫ ਹੋ ਜਾਊ, ਲੜਾਈ ਵੀ ਸਾਰੀ ਕੌਮ ਦੀ ਸਾਂਝੀ ਤੇ ਤਕੜੀ ਬਣ ਜਾਊ ਅਤੇ ਜੋ ਪੰਥ ਨੂੰ ਚਿਰਾਂ ਤੋਂ ਕਾਕੜੇ ਲਾਕੜੇ ਚੰਬੜੇ ਹੋਏ ਨੇ ਉਹ ਵੀ ਸਭ ਆਪਣੇ ਆਪ ਝੜ ਜਾਣਗੇ ਤੇ ਤੱਤ ਖਾਲਸਾ ਨਿਤਰ ਕੇ ਸਾਹਮਣੇ ਮੈਦਾਨ ਵਿਚ ਆ ਜਾਊ।

ਮੇਰੇ ਵਲੋਂ ਇਨ੍ਹਾਂ ਨੂੰ ਸਾਫ ਸਾਫ ਦੱਸ ਦੇ ਕਿ ਜੰਗ ਹਿਣ ਪੰਜਾਬ ਦੀ ਹੁਣ ਸਟੇਜਾਂ ਤੇ ਨਹੀਂ ਲੜੀ



ਜਾਣੀ ਅਤੇ ਨਾ ਹੀ ਮੰਗਾਂ ਦਾ ਠੂਠਾ ਹੱਥਾਂ 'ਚ ਫੜ ਕੇ ਲੜੀ ਜਾਣੀ ਆ, ਜੇ ਇਨ੍ਹਾਂ ਨੇ ਸਮੁੰਦਰੀ ਹਾਲ ਨੂੰ ਸਚ ਮੁਚ ਹੀ ਚਮਕੌਰ ਦੀ ਗੜ੍ਹੀ ਬਨਾਉਣਾ ਤਾਂ ਫਿਰ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਪੂਤ ਬਣਕੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੇ ਪੈਰ ਚਿੰਨਾ ਉੱਪਰ ਚੱਲਣ ਦਾ ਸਬੂਤ ਦੇਣ ਅਤੇ ਆਪਣੇ ਆਪ ਨੂੰ ਮਨ, ਬਚ ਤੇ ਕਰਮ ਪੱਖੋਂ ਬਾਬਾ ਫਤਹਿ ਸਿੰਘ ਤੇ ਬਾਬਾ ਜ਼ੋਰਾਵਰ ਸਿੰਘ ਦੀਆਂ ਬਲਵਾਨ ਤੇ ਖਾਲਸਾ ਪੰਥ ਤੋਂ ਆਪਾ ਕੁਰਬਾਨ ਕਰ ਦੇਣ ਦੀਆਂ ਭਾਵਨਾਵਾਂ ਦੇ ਸੱਚੇ ਵਿਚ ਢਾਲਣ ਲਈ ਤੱਤਪਰ ਰਹਿਣ। ਇਹ ਰਣ ਹੁਣ ਸਟੇਜਾਂ ਉੱਤੇ ਬਾਹਵਾਂ ਉਲਾਰ ਉਲਾਰ ਕੇ ਤੇ ਆਪਣੀ ਜ਼ਿੰਦਾਬਾਦ ਕਰਵਾ ਕਰਵਾ ਕੇ ਐਵੇਂ ਫੋਕੇ ਲੈਕਚਰ ਦੇ ਦੇਣ ਨਾਲ ਨਹੀਂ ਜਿੱਤਿਆ ਜਾਣਾ। ਇਹ ਜੰਗ ਤਾਂ ਹੁਣ ਮੈਦਾਨ 'ਚ ਲੜੀ ਜਾਣੀ ਆ ਤੇ ਲੜਨੀ ਵੀ ਖਾਲਸਾ ਪੰਥ ਨੇ ਆ। ਇਸ ਵਾਸਤੇ ਹੁਣ ਤਾਂ ਜੋ ਖਾਲਸਾ ਪੰਥ ਚਾਹੁੰਦਾ ਉਹ ਕਰਨਾ। ਬਥੇਰਾ ਫੁੱਲਾਂ ਦੇ ਹਾਰ ਗਲਾਂ 'ਚ ਪਵਾ ਲਏ ਨੇ ਤੇ ਜੈ ਜੈ ਕਾਰ ਕਰਵਾ ਲਈ ਆ। ਹੁਣ ਇਨ੍ਹਾਂ ਗੱਲਾਂ ਦਾ ਖਹਿੜਾ ਛੱਡਣ ਤੇ ਸਿੱਧੀ ਤਰ੍ਹਾਂ ਸਿੰਘ ਹੋਣ ਦਾ ਸਬੂਤ ਦੇਣ। ਮੇਰੇ ਵੱਲੋਂ ਇਨ੍ਹਾਂ ਨੂੰ ਇਹ ਗੱਲ ਸਪਸ਼ਟ ਕਰ ਦੇਣੀ ਕਿ ਮੇਰੇ ਵਲੋਂ ਖਾਲਿਸਤਾਨ ਦਾ ਪੱਕਾ ਐਲਾਨ ਸਮਝਣਾ। ਇਨ੍ਹਾਂ ਦੋਹਾਂ ਪ੍ਰਧਾਨਾਂ ਨਾਲ ਗੱਲ ਕਰਕੇ ਮੈਨੂੰ ਜ਼ਰਾ ਛੇਤੀ ਦੱਸਣ ਦੀ ਕੋਸ਼ਿਸ਼ ਕਰੀਂ ਕਿ ਉਹਨਾਂ ਨੇ ਮੇਰੀ ਗੱਲ ਦਾ ਕੀ ਜਵਾਬ ਦਿੱਤਾ।'

ਸ੍ਰੀ ਅਬਨਾਸ਼ੀ ਸਿੰਘ ਦਾ ਜਦ ਦੂਸਰੀ ਵਾਰ ਟੈਲੀਫੂਨ ਆਇਆ ਤਾਂ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਦੱਸ ਰਿਹਾ ਸੀ ਕਿ, 'ਸੰਤ ਮਹਾਪੁਰਸ਼ ਆਪਣੇ ਦੋਹਵੇਂ ਪ੍ਰਧਾਨ ਸਾਹਿਬ ਕਹਿੰਦੇ ਨੇ ਕਿ ਖਾਲਿਸਤਾਨ ਦਾ ਐਲਾਨ ਤਾਂ ਅਜੇ ਉਹ ਨਹੀਂ ਕਰ ਸਕਦੇ, ਜੇ ਹੋਰ ਕਿਸੇ ਮਸਲੇ ਬਾਰੇ ਵਿਚਾਰ ਕਰਨੀ ਆਂ ਤਾਂ ਉਹ ਤਿਆਰ ਨੇ।'

'ਜੇ ਸੱਚਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਉੱਪਰ ਮਸ਼ੀਨ ਗੰਨਾਂ ਦੀਆਂ ਗੋਲੀਆਂ ਚਲਣ ਤੋਂ ਬਾਅਦ ਵੀ ਇਹ ਦੋਹਵੇਂ ਪ੍ਰਧਾਨ ਖਾਲਿਸਤਾਨ ਦਾ ਐਲਾਨ ਨਹੀਂ ਕਰ ਸਕਦੇ ਤਾਂ ਫਿਰ ਮੈਥੋਂ ਹੋਰ ਕਿਸ ਗੱਲ ਦੀ ਸਲਾਹ ਪੁਛਦੇ ਨੇ? ਕੀ ਫਿਰ ਇਹ ਦੋਹਵੇਂ ਪ੍ਰਧਾਨ ਇਹ ਚਾਹੁੰਦੇ ਨੇ ਕਿ ਭਿੰਡਰਾਂਵਾਲਾ ਹਥਿਆਰ ਸੁੱਟ ਕੇ ਜਥੇ ਸਮੇਤ ਦੁਸ਼ਟ ਹਿੰਦੂ ਸਰਕਾਰ ਦੇ ਅੱਗੇ ਪੇਸ਼ ਹੋ ਜਾਵੇ? ਇਨ੍ਹਾਂ ਪ੍ਰਧਾਨਾਂ ਦੇ ਮਨ ਵਿਚ ਤਾਂ ਫਿਰ ਮੈਨੂੰ ਇਹ ਗੱਲ ਬੈਠੀ ਹੋਈ ਲਗਦੀ ਆ ਕਿ ਆਪ ਪਿਛੇ ਰਹਿ ਕੇ ਤਮਾਸ਼ਾ ਵੇਖਾਂਗੇ ਤੇ ਭਿੰਡਰਾਂਵਾਲਾ ਆਪ ਪੇਸ਼ ਹੋ ਕੇ ਸਮੁਚੇ ਪੰਥ ਨੂੰ ਚੰਡਾਲ ਰੂਪੀ ਹਿੰਦੂ ਰਾਜ ਦੇ ਮੂੰਹ ਵੱਲ ਧੱਕ ਕੇ ਹੌਲੀ ਹੌਲੀ ਕਰਕੇ ਗਲਣ ਸੜਨ ਤੇ ਮਰਨ ਦੇ ਰਾਹ ਉੱਤੇ ਪਾ ਦੇਵੇ। ਇਹ ਗੱਲ ਮੇਰੀ ਵਲੋਂ ਇਨ੍ਹਾਂ ਦੋਹਾਂ ਵਡੇ ਪ੍ਰਧਾਨਾਂ ਨੂੰ ਜ਼ਰਾ ਚੰਗੀ ਤਰਾਂ ਨਾਲ ਸਮਝਾ ਦੇਣੀ ਕਿ ਜਿੰਨੇ ਚਿਰ ਤੱਕ ਦਾਸ ਉੱਤੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕ੍ਰਿਪਾ ਤੇ ਉਸ ਵਾਹਿਗੁਰੂ ਦੀ ਮੇਹਰ ਸਦਕਾ ਇਸ ਪੰਜ ਭੌਤਕ ਸਰੀਰ ਵਿਚ ਸਵਾਸਾਂ ਦੀ ਲੜੀ ਚਲਦੀ ਰਹੇਗੀ ਉਦੋਂ ਤੱਕ ਨਾ ਤਾਂ ਟੋਪੀ ਵਾਲਿਆਂ ਦੀ ਭਾਰਤ ਸਰਕਾਰ ਨਾਲ ਖਾਲਿਸਤਾਨ ਤੋਂ ਉਰੇ ਕੋਈ ਸੁਲ੍ਹਾ ਸਮਝੌਤਾ ਹੋ ਸਕਦਾ ਤੇ ਨਾ ਹੀ ਹੁਣ ਪੰਥ ਨੂੰ ਮੰਗਾਂ ਦਾ ਠੂਠਾ ਹੱਥ 'ਚ ਫੜ ਕੇ ਦਿੱਲੀ ਦਰਬਾਰ ਵੱਲ ਮੂੰਹ ਕਰਨ ਵਾਲਿਆਂ ਦੇ ਮਗਰ ਹੀ ਲੱਗਣ ਦਿੱਤਾ ਜਾਵੇਗਾ। ਅੱਜ ਤੋਂ ਬਾਅਦ ਹੁਣ ਸਾਡੀ ਇਨ੍ਹਾਂ ਟੋਪੀ ਵਾਲਿਆਂ ਨਾਲ ਕੋਈ ਸਾਂਝ ਭਿਆਲੀ ਵਾਲੀ ਗੱਲ ਨਹੀਂ ਰਹੀ, ਸਿੱਖ ਕੌਮ ਹੁਣ ਆਪੇ ਆਪਣਾ ਰਸਤਾ ਤੇ ਮੰਜ਼ਲ ਅਖਤਿਆਰ ਕਰੇਗੀ, ਜੇ ਦੁਸ਼ਟਾਂ ਵੱਲੋਂ ਸ੍ਰੀ ਦਰਬਾਰ ਸਾਹਿਬ ਤੇ ਚੜ੍ਹਾਈ ਵੀ ਕੀਤੀ ਗਈ ਤਾਂ ਅੱਗੋਂ ਡਟ ਕੇ ਟਾਕਰਾ ਕਰਾਂਗੇ। ਦਸਮ ਪਿਤਾ ਦੇ ਸਿੰਘ ਹਾਂ ਜਾਨ ਪਿਆਰੀ ਨਹੀਂ ਕਰਾਂਗੇ ਤੇ ਨਾ ਈ ਵੈਰੀਆਂ ਅੱਗੇ ਹਥਿਆਰ ਸੁਟਾਂਗੇ। ਜੇ ਵਾਹਿਗੁਰੂ ਨੂੰ ਮਨਜ਼ੂਰ ਹੋਇਆ ਤਾਂ ਪੰਥ ਦੇ ਵਾਲੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਦੱਸੇ ਹੋਏ ਮਾਰਗ ਉੱਪਰ ਚਲਦੇ ਹੋਏ ਸ਼ਹੀਦੀਆਂ ਪਾਵਾਂਗੇ।

'...ਪਰ ਜੇ ਇਨ੍ਹਾਂ ਪ੍ਰਧਾਨਾਂ ਨੂੰ ਗੁਰੂ ਘਰ ਦੀ ਪਵਿੱਤਰਤਾ ਤੇ ਪੰਥ ਦੀ ਇਜ਼ਤ ਆਬਰੂ ਤੇ ਆਨ ਸ਼ਾਨ ਨਾਲੋਂ ਆਪਣੀਆਂ ਜਾਨਾਂ ਪਿਆਰੀਆਂ ਨੇ ਤਾਂ ਬਚਾ ਲੈਣ। ਜਾਨ ਤਾਂ ਸਿਘਾ, ਆਖਰ ਇਕ ਨਾ ਇਕ ਦਿਨ ਫੇਰ ਵੀ ਨਿਕਲ ਕੇ ਈ ਰਹਿਣੀ ਆ। ਆਦਮੀ ਕਿੰਨੇ ਤਰਲੇ ਲੈ ਲਏ ਤੇ ਯਤਨ ਕਰ ਲਏ, ਆਤਮਾ ਦੇ ਪੰਛੀ ਨੇ ਆਖਰ ਇਸ ਸਰੀਰ ਨੂੰ ਛਡਨਾ ਈ ਛਡਨਾ ਹੁੰਦਾ। ਇਸ ਕਰਕੇ ਜੇ ਹੁਣ ਇਨ੍ਹਾਂ ਨੇ ਪੰਥ ਨੂੰ ਕੁਝ ਦੇਣਾ ਤਾਂ ਫਿਰ ਹੁਣ ਸਿਧਾ ਰਸਤਾ ਮੱਲਣ ਤੇ ਖਾਲਿਸਤਾਨ ਦਾ ਐਲਾਨ ਕਰਨ। ਜੇ ਇਨ੍ਹਾਂ ਦੋਹਾਂ ਪ੍ਰਧਾਨਾਂ ਨੇ ਹੁਣ ਵੀ ਮੌਕਾ ਨਾ ਸਾਂਭਿਆ ਤਾਂ ਫਿਰ ਪੰਥ ਨੇ ਇਨ੍ਹਾਂ ਨੂੰ ਕਿਸੇ ਹਾਲਤ ਵਿਚ ਵੀ ਮੁਆਫ ਨਹੀਂ ਕਰਨਾ ਤੇ ਜਾਨਾਂ ਇਨ੍ਹਾਂ ਦੀਆਂ ਫੇਰ ਵੀ ਨਹੀਂ ਬਚਣੀਆਂ।'

ਸ੍ਰ: ਅਬਨਾਸ਼ੀ ਸਿਘ ਨਾਲ ਗੱਲ ਬਾਤ ਕਰਨ ਤੋਂ ਬਾਅਦ ਸੰਤ ਅਜੇ ਸੰਗਤਾਂ ਵਿਚ ਆ ਕੇ ਬੈਠੇ ਹੀ ਸਨ ਕਿ ਫੈਡਰੇਸ਼ਨ ਦੇ ਇਕ ਜਵਾਨ ਨੇ ਬੜੀ ਕਾਹਲੀ ਨਾਲ ਆਉਂਦਿਆਂ ਹੋਇਆਂ ਸੰਤਾਂ ਨੂੰ ਸੰਬੋਧਤ ਕਰਦਿਆਂ ਦੱਸਿਆ,

'ਸੰਤ ਮਹਾਂਪੁਰਸ਼ੋ, ਰੇਡੀਓ 'ਤੇ ਹੁਣੇ ਹੁਣੇ ਖਬਰ ਆਈ ਆ ਕਿ ਅੰਮ੍ਰਿਤਸਰ ਸ਼ਹਿਰ ਵਿਚ ਰਾਤ ਦੇ ਨੌ ਵਜੇ ਤੋਂ ਲੈਕੇ ਪੂਰੇ 32 ਘੰਟੇ ਤੱਕ ਦਾ ਕਰਫ਼ਿਊ ਲਗਾ ਦਿੱਤਾ ਗਿਆ ਹੈ।'



# 13.

2 ਜੂਨ ਦੀ ਸੇਵਰ ਨੂੰ ਸਾਰਾ ਅੰਮ੍ਰਿਤਸਰ ਸ਼ਹਿਰ ਕਰਫ਼ਿਊ ਦੀ ਲਪੇਟ ਵਿਚ ਸੀ, ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਆਲੇ ਦੁਆਲੇ ਦੇ ਬਾਜ਼ਾਰਾਂ ਦੀ ਇਹ ਦਸ਼ਾ ਸੀ ਕਿ ਜਿਵੇਂ ਸਭ ਪਾਸੇ ਆਦਮ ਬੋ, ਆਦਮ ਬੋ ਕਰਦਾ ਦਿਓ ਫਿਰ ਗਿਆ ਹੁੰਦਾ ਹੈ।

ਚਾਰ ਚੁਫੇਰੇ ਹੀ ਸੀ. ਆਰ. ਪੀ. ਤੇ ਬੀ. ਐਸ. ਐਫ. ਦਾ ਸਖਤ ਪਹਿਰਾ ਹਥਿਆਰ ਬੰਦ ਦਸਤਿਆਂ ਦੀ ਗਸ਼ਤ ਤੇ ਸਖਤ ਨਾਕਾ ਬੰਦੀ ਸੀ। ਜਿਨਾਂ ਰਾਹਾਂ ਉੱਪਰ ਦਰਬਾਰ ਸਾਹਿਬ ਵੱਲ ਨੂੰ ਆਉਣ ਵਾਲੀਆਂ ਸੰਗਤਾਂ ਦੀ ਰੌਣਕ ਲਗੀ ਰਹਿੰਦੀ ਸੀ ਅਤੇ ਯਾਤਰੂਆਂ ਅਤੇ ਸ਼ਰਧਾਲੂਆਂ ਦੀ ਭਰਮਾਰ ਹੁੰਦੀ ਸੀ ਅੱਜ ਉਥੇ ਦਹਿਸ਼ਤ ਦਾ ਮਾਹੌਲ ਛਾਇਆ ਹੋਇਆ ਸੀ ਤੇ ਸੁਨਸਾਨ ਵਰਤੀ ਹੋਈ ਸੀ।

ਕੋਈ ਵਿਅਕਤੀ ਬਾਰੀਆਂ 'ਚੋਂ ਦੀ ਵੀ ਬਾਹਰ ਵੱਲ ਨੂੰ ਨਹੀਂ ਸੀ ਝਾਕ ਸਕਦਾ, ਵੇਖਦਿਆਂ ਹੀ ਗੋਲੀ ਮਾਰ ਦੇਣ ਦਾ ਹੁਕਮ ਸੀ, ਪਰ ਦਰਬਾਰ ਸਾਹਿਬ ਦੇ ਪੱਛਮ ਵਾਲੇ ਪਾਸੇ ਹਿੰਦੂਆਂ ਦੇ ਖੁਲ੍ਹੇ ਅਤੇ ਜੰਗਲਾ-ਬੰਦ ਗਲੀ ਮੁਹੱਲਿਆਂ ਵਿਚ ਕਰਫ਼ਿਊ ਤਾਂ ਜ਼ਰੂਰ ਸੀ, ਪਰ ਉਧਰ ਏਨੀ ਕਰੜਾਈ ਨਹੀਂ ਸੀ, ਜਿਸ ਕਰਕੇ ਇਸ ਪਾਸੇ ਵੱਲ ਦੇ ਹਿੰਦੂ ਮੁਹੱਲਿਆਂ ਵਿਚ ਵਸਦੇ ਹਿੰਦੂ ਲੋਕ ਇਕ ਦੂਸਰੇ ਘਰ ਤੋਂ ਛਤਾਂ ਰਾਹੀਂ ਇਧਰ ਉਧਰ ਆਉਂਦੇ ਜਾਂਦੇ ਹੋਏ ਅਤੇ ਉਪਰਲੀਆਂ ਮੰਜ਼ਲਾਂ 'ਤੇ ਬੂਹੇ ਬਾਰੀਆਂ ਖੋਹਲੀ ਇਧਰ ਉੱਧਰ ਫਿਰਦੇ ਤੁਰਦੇ ਹੋਏ ਅਤੇ ਗਲੀ ਮੁਹਲੇ ਦੇ ਅੜੋਸ ਪੜੋਸ ਵੱਲ ਝਾਕਦੇ ਹੋਏ ਸਾਫ ਦਿਖਾਈ ਦੇ ਰਹੇ ਸਨ।

ਹਿੰਦੂਆਂ ਦੇ ਇਨ੍ਹਾਂ ਮੁਹੱਲਿਆਂ ਵਿਚ ਰਹਿੰਦੇ ਸਿਖਾਂ 'ਚੋਂ ਕੋਈ ਵੀ ਛੋਟਾ ਵੱਡਾ ਵਿਅੱਕਤੀ ਆਪਦੇ ਘਰਾਂ ਦੀਆਂ ਉਪਰਲੀਆਂ ਮੰਜ਼ਲਾਂ ਦੇ ਬੂਹੇ ਬਾਰੀਆਂ ਖੋਹਲਣ ਜਾਂ ਆਪਣੇ ਹੀ ਵੇਹੜਿਆਂ ਵੱਲ ਪੈਂਦੇ ਬਰਾਮਦਿਆਂ ਵਿਚ ਬੈਠਣ ਖਲੋਣ ਫਿਰਣ ਤੁਰਨ ਦੀ ਜੁਰਅੱਤ ਨਹੀਂ ਸੀ ਕਰ ਰਿਹਾ ਕਿਉਂਕਿ ਉਹਨਾਂ ਨੂੰ ਇਸ ਗੱਲ ਦਾ ਪੂਰਨ ਅਨਭਵ ਸੀ ਕਿ ਸੀ. ਆਰ. ਪੀ. ਦੇ ਹਿੰਦੂ ਸੈਣਕ ਤੇ ਅਫਸਰ ਉਹਨਾਂ ਨੂੰ ਕਿਸੇ ਹਾਲਤ ਵਿਚ ਵੀ ਮੁਆਫ ਨਹੀ ਕਰਨਗੇ ਅਤੇ ਸਿਧੀ ਗੋਲੀ ਮਾਰਨਗੇ, ਜਦੋਂ ਕਿ ਹਿੰਦੂਆਂ ਨੂੰ ਵੇਖਕੇ ਆਪਣੀਆਂ ਨਜ਼ਰਾਂ ਘੁਮਾ ਲੈਣਗੇ।

ਕੰਪਲੈਕਸ ਦੇ ਆਲੇ ਦੁਆਲੇ ਜਿਥੇ ਜ਼ਬਰਦਸਤ ਰੂਪ ਵਿਚ ਗਸ਼ਤ ਜਾਰੀ ਸੀ ਤੇ ਨੀਮ ਫੌਜੀ ਦਸਤਿਆਂ ਵਲੋਂ ਸਖਤ ਨਾਕਾਬੰਦੀ ਕੀਤੀ ਹੋਈ ਸੀ, ਉਥੇ ਸੀ. ਆਰ. ਪੀ. ਦੇ ਸੈਣਕ ਉਚੀਆਂ ਉਚੀਆਂ ਇਮਾਰਤਾਂ ਉੱਪਰ ਬਣਾਏ ਹੋਏ ਮੋਰਚਿਆਂ ਦੇ ਅੰਦਰ ਤੇ ਬਾਹਰ ਤਿਆਰ ਬਰਤਿਆਰ ਰੂਪ ਵਿਚ ਡਟੇ ਹੋਏ ਸਨ।

ਐਸੀ ਹਾਲਤ ਵਿਚ ਕੰਪਲੈਕਸ ਅੰਦਰ ਇਸ ਗੱਲ ਦੀ ਆਮ ਅਫਵਾਹ ਫੈਲੀ ਹੋਈ ਸੀ ਕਿ ਚਿੱਟ ਕਪੜੀਏ ਫੌਜੀ ਅਫਸਰਾਂ ਦੀ ਦੇਖ ਰੇਖ ਵਿਚ ਇਨ੍ਹਾਂ ਉੱਚੀਆਂ ਉੱਚੀਆਂ ਮੰਜਲਾਂ ਦੀਆਂ ਛੱਤਾਂ

ਉਪਰਲੇ ਮੋਰਚਿਆਂ ਨੂੰ ਨਵੇਂ ਸਿਰਓਂ ਤਰਤੀਬ ਦਿੱਤੀ ਜਾ ਰਹੀ ਹੈ ਤੇ ਮਜ਼ਬੂਤ ਕੀਤਾ ਜਾ ਰਿਹਾ ਹੈ। ਕੁਝ ਕੁ ਨਵੀਆਂ ਇਮਾਰਤਾਂ ਉੱਪਰ ਕੀਤੀ ਜਾ ਰਹੀ ਨਵੀਂ ਮੋਰਚਾ ਬੰਦੀ ਦੇ ਦ੍ਰਿਸ਼ ਤਾਂ ਕੰਪਲੈਕਸ ਦੀਆਂ ਇਮਾਰਤਾਂ ਤੋਂ ਸਾਫ਼ ਨਜ਼ਰੀਂ ਪੈ ਰਹੇ ਸਨ।

ਪਰ ਦਰਬਾਰ ਸਾਹਿਬ ਕੰਪਲੈਕਸ ਅੰਦਰ, ਬਾਹਰ ਸੰਗਤਾਂ ਦੀ ਆਵਾਜਾਈ ਉੱਕੀ ਹੀ ਠੱਪ ਹੋਣ ਦੇ ਬਾਵਜੂਦ ਦਰਬਾਰ ਸਾਹਿਬ ਵਿਖੇ ਕਾਫ਼ੀ ਰੌਣਕ ਸੀ, ਜਿਸ ਕਰਕੇ ਸਿਖ ਸੰਗਤਾਂ ਤੋਂ ਇਲਾਵਾ ਧਰਮ ਯੁੱਧ ਮੋਰਚੇ ਦੇ ਸਬੰਧ ਵਿਚ ਆਏ ਹੋਏ ਜਥੇ ਦੇ ਸਿਘ ਸਿੰਘਣੀਆਂ, ਵੱਖ ਵੱਖ ਜੁਝਾਰੂ ਜਥਿਆਂ ਦੇ ਸਿਘ, ਫੈਡਰੇਸ਼ਨ ਦੇ ਜਵਾਨ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਛੋਟੇ ਵੱਡੇ ਵਰਕਰ ਕਰਮਚਾਰੀ ਸੇਵਾਦਾਰ ਤੇ ਕੁਝ ਇਕ ਜਥੇਦਾਰ ਖੁੱਲੇ ਤੇ ਭਾਰੀ ਰੂਪ ਵਿਚ ਇਧਰ ਉੱਧਰ ਫਿਰਦੇ ਤੁਰਦੇ ਹੋਏ ਨਜ਼ਰੀਂ ਆ ਰਹੇ ਸਨ।

ਸਭ ਦੇ ਚੇਹਰਿਆਂ ਉੱਪਰ ਅਜੀਬ ਜਿਹੇ ਜਜ਼ਬਾਤ ਅਤੇ ਹਾਵ ਭਾਵ ਦਾ ਸੁਮੇਲ ਖੇਡ ਰਿਹਾ ਸੀ, ਜਿਸ ਵਿਚ ਗੁਰੂ ਘਰ ਪ੍ਰਤੀ ਅਥਾਹ ਪਿਆਰ ਤੇ ਸ਼ਰਧਾ, ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਅਹਿਸਾਸ ਅਤੇ ਪੰਥ ਦੇ ਦੁਸ਼ਮਨਾਂ ਪ੍ਰਤੀ ਨਫ਼ਰਤ, ਗੁੱਸੇ ਤੇ ਰੋਹ ਦੀ ਝਲਕ ਸਾਫ਼ ਦਿਖਾਈ ਦੇ ਰਹੀ ਸੀ। ਸਭ ਸਿਘ ਸਿੰਘਣੀਆਂ ਅਤੇ ਛੋਟੇ ਵੱਡੇ ਬੱਚੇ ਪਰਕਰਮਾ ਵਿਚ ਥਾਂ ਥਾਂ ਉੱਪਰ ਖਲੋ ਕੇ ਗੋਲੀਆਂ ਦੀ ਤਾਬੜ ਤੋੜ ਮਾਰ ਨਾਲ ਛਲਣੀ ਛਲਣੀ ਹੋਏ ਦਰਬਾਰ ਸਾਹਿਬ ਭਵਨ ਅਤੇ ਪਰਕਰਮਾ ਅੰਦਰਲੀਆਂ ਹੋਰ ਇਮਾਰਤਾਂ ਵੱਲ ਨਜ਼ਰਾਂ ਉਠਾਈ ਵੇਖ ਰਹੇ ਸਨ ਅਤੇ ਦਰਬਾਰ ਸਾਹਿਬ ਭਵਨ ਦੇ ਸੁਨਹਿਰੀ ਗੁੰਬਦ 'ਚੋਂ ਗੋਲੀਆਂ ਦੀ ਮਾਰ ਨਾਲ ਨਿਕਲੀਆਂ ਹੋਈਆਂ ਝਰਕੀਆਂ ਦੇ ਕਾਰਨ ਪਏ ਹੋਏ ਸੁਰਾਖਾਂ ਵੱਲ ਵੇਖ ਵੇਖ ਤ੍ਰਾਸ ਤ੍ਰਾਸ ਕਰ ਰਹੇ ਤੇ ਗੁੱਸੇ ਵਿਚ ਦੰਦ ਪੀਹ ਰਹੇ ਸਨ।

ਪਰਕਰਮਾ ਦੇ ਅੰਦਰ ਬਰਾਮਦਿਆਂ ਦਰਵਾਜ਼ਿਆਂ ਦੀਵਾਰਾਂ ਤੇ ਉਤਲੀਆਂ ਮੰਜ਼ਲਾਂ ਦੇ ਬੂਹਿਆਂ ਬਾਰੀਆਂ ਉੱਪਰ ਸਭ ਪਾਸੇ ਗੋਲੀਆਂ ਦੇ ਨਿਸ਼ਾਨ ਸਨ। 32 ਵਡੇ ਨਿਸ਼ਾਨ ਤਾਂ ਸ੍ਰੀ ਦਰਬਾਰ ਸਾਹਿਬ ਦੇ ਸੁਨਹਿਰੀ ਭਵਨ ਦੇ ਗੁੰਬਦ ਦੇ ਆਲੇ ਦੁਆਲੇ ਹੀ ਸਨ।

ਹਰ ਦਿਲ ਵਿਚ ਭਾਰਤ ਸਰਕਾਰ ਤੇ ਹਿੰਦੂ ਸਾਮਰਾਜ ਵਿਰੁੱਧ ਰੋਹ ਦੀ ਜਵਾਲਾ ਬਲ ਰਹੀ ਪ੍ਰਤੀਤ ਹੋ ਰਹੀ ਸੀ, ਚੇਹਰਿਆਂ ਉੱਪਰ ਛਾਈ ਹੋਈ ਉਦਾਸੀ ਤੇ ਚੁੱਪ-ਗੰਭੀਰਤਾ ਚੋਂ ਗੁੱਸਾ ਤੇ ਜੋਸ਼ ਸੁਲਗਦੇ ਹੋਏ ਅੰਗਿਆਰਾਂ ਵਾਂਗ ਦਹਿਕਦੇ ਹੋਏ ਦਿਖਾਈ ਦੇ ਰਹੇ ਸਨ। ਉਹਨਾਂ ਦੇ ਅੰਤਸ਼ਕਰਨ ਅੰਦਰਲੇ ਜਜ਼ਬਾਤ ਤੇ ਵਲਵਲਿਆਂ ਦੀ ਦਸ਼ਾ ਐਨ ਇਸਤਰਾਂ ਦੀ ਜਾਪ ਰਹੀ ਸੀ ਜਿਵੇਂ ਕਿਸੇ ਆਤਸ਼ਫਸ਼ਾਂ ਪਹਾੜ ਅੰਦਰਲਾ ਲਾਵਾ ਫੁਟਣ ਲਈ ਕਾਹਲਾ ਪੈ ਰਿਹਾ ਹੋਵੇ ਤੇ ਰਾਹ ਲਭ ਰਿਹਾ ਹੋਵੇ।

ਬਹੁਤ ਸਾਰੇ ਸਿਘ ਸਿੰਘਣੀਆਂ ਆਪਣੀ ਆਪਣੀ ਥਾਂ ਤੇ ਖਲੋਤੇ ਤੇ ਪਰਕਰਮਾ ਵਿਚ ਤੁਰੇ ਜਾਂਦੇ ਹੋਏ 1947 ਤੋਂ ਪਹਿਲਾਂ ਉਸ ਸਮੇਂ ਦੀ ਅਕਾਲੀ ਲੀਡਰਸ਼ਿਪ ਵਲੋਂ ਕੀਤੀਆਂ ਗਈਆਂ ਪਹਾੜ ਜੇਡੀਆਂ ਗਲਤੀਆਂ ਨੂੰ ਕੋਸਦੇ ਹੋਏ ਸਾਫ਼ ਸੁਣਾਈ ਦੇ ਰਹੇ ਸਨ। ਕੁਝਕੁ ਵਿਅੱਕਤੀ ਤਾਂ ਮਾਸਟਰ ਤਾਰਾ ਸਿਘ, ਬਲਦੇਵ ਸਿਘ ਅਤੇ ਉਸ ਸਮੇਂ ਦੇ ਜ਼ੁੰਮੇਵਾਰ ਆਗੂਆਂ ਵਲੋਂ ਸਿਖ ਕੌਮ ਲਈ ਹਿੱਸੇ ਆਉਂਦਾ ਇਕ ਆਜ਼ਾਦ ਤੇ ਖ਼ੁਦਮੁਖ਼ਤਿਆਰ ਰਾਜ ਭਾਗ ਨਾ ਲੈਣ ਦੇ ਸਿਲਸਿਲੇ ਵਿਚ ਕੀਤੀਆਂ ਗਈਆਂ ਸਿਆਸੀ ਭੁੱਲਾਂ ਅਤੇ ਦਿਖਾਈ ਗਈ ਮੂਰਖਤਾ ਤੇ ਕਮਜ਼ੋਰੀ ਉੱਪਰ ਫਿਟਕਾਰਾਂ ਪਾ ਰਹੇ ਸਨ। ਇਥੋਂ ਤੱਕ ਕਿ ਉਹਨਾਂ ਪ੍ਰਤੀ ਕੌੜੇ-ਫਿਕੇ ਬੋਲ ਬੋਲ ਰਹੇ ਸਨ ਅਤੇ ਇਸਤਰਾਂ ਨਾਲ ਆਪਣੇ ਮਨ ਦੀ ਭੜਾਸ ਕੱਢ ਰਹੇ ਸਨ।

ਮਾਸਟਰ ਤਾਰਾ ਸਿਘ ਨੂੰ ਕਮਜ਼ੋਰ, ਲਾਈਲੱਗ, ਫੋਕਾ, ਨਾਦੂਰਅੰਦੇਸ਼, ਘਪਲੇਬਾਜ਼, ਜਜ਼ਬਾਤੀ ਤੇ



ਐਵੇਂ ਹਵਾ ਵਿਚ ਤਲਵਾਰਾਂ ਮਾਰੀ ਜਾਣ ਵਾਲੇ ਅਖਾਉਤੀ ਜੋਸ਼ੀਲੇ ਵਿਅਕਤੀ ਅਤੇ ਪੈਰ ਪੈਰ ਉੱਪਰ ਡਾਲੋਂ ਘੁੱਥਣ ਵਾਲੀ ਡੂਮਨੀ ਨਾਲ ਤੁਲਣਾ ਦੇ ਰਹੇ ਸਨ, ਜਦੋਂ ਕਿ ਬਲਦੇਵ ਸਿਘ ਨੂੰ ਸਿਖ ਕੌਮ ਦਾ ਗੱਦਾਰ, ਦੌਲਤ ਤੇ ਚੌਧਰ ਦਾ ਭੁੱਖਾ, ਮਿਲਾਂ ਕਾਰਖਾਨਿਆਂ ਤੇ ਕੰਪਨੀਆਂ ਵਿਚਲੀ ਭਾਈਵਾਲੀ ਦੀ ਖਾਤਰ ਸਮੁੱਚੇ ਖਾਲਸਾ ਪੰਥ ਨੂੰ ਹਿੰਦੂਆਂ ਅੱਗੇ ਵੇਚ ਦੇਣ ਵਾਲਾ ਹਿੰਦੂਆਂ ਦਾ ਟੋਡੀ ਬੱਚਾ ਅਤੇ ਗਿਆਨੀ ਕਰਤਾਰ ਸਿਘ ਨੂੰ ਮੌਕਾ ਤਾੜੂ ਟਪੂਸੀ ਬਾਜ਼, ਵਜ਼ੀਰੀ ਦਾ ਭੁੱਖਾ ਤੇ ਥੁਹੜ ਚਿਰੀ ਦ੍ਰਿੜਤਾ ਤੇ ਢਕੌਂਸਲੇ ਭਰੀ ਪੰਥਕ ਹਮਦਰਦੀ ਦਾ ਕੱਚਾ ਪਿਲਾ ਭਾਂਡਾ ਤੇ ਪੁਤਲਾ ਦੱਸ ਰਹੇ ਸਨ। ਇਸੇ ਤਰ੍ਹਾਂ ਨਾਗੋਕੇ ਗਰੁੱਪ ਦੇ ਜਥੇਦਾਰਾਂ ਤੇ ਹੋਰ ਕਾਂਗਰਸੀ ਕਮਿਊਨਿਸਟ ਆਗੂਆਂ ਨੂੰ ਕੁੱਤੇ ਧੋਕਮੀਰੇ, ਪੰਥ ਘਾਤਕ ਤੇ ਹਿੰਦੂ ਕਾਂਗਰਸੀ ਲੀਡਰਾਂ ਦੇ ਚੂਤੀ ਚੱਟ ਕਹਿ ਰਹੇ ਸਨ।

ਕੁਝ ਲੋਕ ਮਹਾਤਮਾ ਗਾਂਧੀ ਨੂੰ ਸ਼ੈਤਾਨ ਦਾ ਚਰਖਾ, ਕੱਲਰ ਦਾ ਸਪੋਲੀਆ ਤੇ ਗੁਝੀ ਮਾਰ ਸੱਪ-ਨੂੰਹਾਂ ਅਤੇ ਜਵਾਹਰ ਲਾਲ ਨੂੰ ਭੇਡ ਦੀ ਖੱਲ 'ਚ ਭੇੜੀਆ ਅਤੇ ਧਰਮ ਨਿਰਪੱਖਤ, ਸੈਕੂਲਰਿਜ਼ਮ ਤੇ ਲੋਕ ਰਾਜ ਦੀ ਬੁੱਕਲ ਵਿਚ ਬੈਠਾ ਕਟੜ ਪੰਥੀ ਹਿੰਦੂ ਨੀਤੀਵਾਨ ਅਤੇ ਪਟੇਲ ਤੇ ਹੋਰ ਹਿੰਦੂ ਆਗੂਆਂ ਨੂੰ ਕਟੜ ਪੰਥੀ ਤੇ ਹੱਦ ਦਰਜੇ ਤੱਕ ਦੇ ਜਨੂੰਨੀ ਹਿੰਦੂ ਅਤੇ ਇੰਦਰਾ ਗਾਂਧੀ ਨੂੰ ਜ਼ਹਿਰੀਲੀ ਨਾਗਨ, ਕਲਜੋਗਨ, ਸਿੱਖਾਂ ਦੇ ਤੇ ਹੋਰ ਮੁਸਲਿਮ ਆਦਿ ਗੈਰ ਹਿੰਦੂ ਕੌਮਾਂ ਕਬੀਲਿਆਂ ਤੇ ਮੱਤਾਂ ਧਰਮਾਂ ਦੇ ਬੱਚਿਆਂ ਦੀ ਇਕ ਖੜਾਵੀ ਦੇ ਰੂਪ ਵਿਚ ਕਲੇਜੇ ਕੱਢ ਕੇ ਖਾਣ ਵਾਲੀ ਚੜੇਲ ਭਾਰਤੀ ਅਕਲੀਅਤਾਂ ਦੀ ਮਨੋ ਚਿੱਤੋਂ ਵੈਰਨ, ਬਾਹਰੋਂ ਲੋਕਰਾਜ ਦੀ ਪ੍ਰਸਤਾਰ ਤੇ ਅੰਦਰੋਂ ਹਿੰਦੂਵਾਦ ਦੀ ਝੰਡਾ ਬਰਦਾਰ ਅਤੇ ਗੁਰੂ ਘਰ ਤੇ ਗੁਰੂ ਪੰਥ ਦੀ ਪੱਕੀ ਵੈਰਨ ਦੱਸ ਰਹੇ ਸਨ।

ਇਸੇ ਤਰ੍ਹਾਂ ਵੱਖ ਵੱਖ ਥਾਵਾਂ ਉੱਪਰ ਇਧਰ ਉਧਰ ਖਲੋਤੀਆਂ ਹੋਈਆਂ ਸੰਗਤਾਂ ਪੰਥ ਦੀ ਵਰਤਮਾਨ ਸਥਿਤੀ ਬਾਰੇ ਵਿਚਾਰ ਪਰਗਟ ਕਰਦੀਆਂ ਹੋਈਆਂ ਕਹਿ ਰਹੀਆਂ ਸਨ ਕਿ,

'...ਕੀ ਰੱਖਿਆ ਹੁਣ ਐਵੇਂ ਛੋਟੀਆਂ ਮੋਟੀਆਂ ਮੰਗਾਂ ਮੰਗੀ ਜਾਣ ਦੀਆਂ ਗੱਲਾਂ ਵਿਚ, ਹੁਣ ਤਾਂ ਅਕਾਲੀ ਆਗੂਆਂ ਨੂੰ ਮੰਗਾਂ ਦਾ ਠੂਠਾ ਪੱਕੇ ਤੌਰ 'ਤੇ ਭੰਨ ਦੇਣਾ ਚਾਹੀਦਾ ਤੇ ਸਿਧੀ ਖਾਲਿਸਤਾਨ ਦੀ ਗੱਲ ਕਰਨੀ ਚਾਹੀਦੀ ਆ। ਇਸ ਮੰਗਾਂ ਦੇ ਠੂਠੇ ਨੇ ਤਾਂ ਸਾਨੂੰ ਜ਼ਲੀਲ ਕਰ ਛੱਡਿਆ। ਇਸ ਠੂਠੇ ਵਿਚ ਤਾਂ ਭਾਰਤ ਸਰਕਾਰ ਵੱਲ ਪਿਛਲੇ ਛਤੀਆਂ ਸੈਂਤੀਆਂ ਸਾਲਾਂ ਤੋਂ ਓਨੀ ਕੁ ਹੀ ਖੈਰਾਤ ਪਾਈ ਜਾਂਦੀ ਰਹੀ ਆ, ਜਿਸ ਨਾਲ ਪੰਥ 'ਚੋਂ ਸਮੇਂ ਸਮੇਂ ਸਾਵਣ ਭਾਦਰੋਂ ਦੇ ਮਹੀਨਿਆਂ 'ਚ ਹਿੰਦੂ ਸਾਮਰਾਜ ਦੀ ਹਾਂਡੀ ਨੂੰ ਭਾਗ ਲਾਉਣ ਲਈ, ਖੁੰਭਾਂ ਵਾਂਗ ਨਿਕਲਦੇ ਰਹੇ ਅਕਾਲੀ ਆਗੂਆਂ ਦੇ ਰੂਟ ਪਰਮਿਟ ਤੇ ਜ਼ਮੀਨਾਂ ਜਾਇਦਾਦਾਂ ਅਤੇ ਅਹੁਦਿਆਂ ਵਜ਼ੀਰੀਆਂ ਦੇ ਮਸਾਲਿਆਂ ਨਾਲ ਮਸਾਂ ਆਪਣੇ ਹੀ ਢਿਡ ਭਰਦੇ ਰਹੇ ਹਨ ਤੇ ਇਨ੍ਹਾਂ ਦੀ ਬਚੀ ਹੋਈ ਜੂਠ ਉਹਨਾਂ ਦੇ ਹਵਾਰੀ ਤੇ ਦੁੰਮਛੱਲੇ ਖਾਂਦੇ ਰਹੇ ਨੇ। ਪੰਥ ਨੂੰ ਤਾਂ ਬੇਸ਼ੁਮਾਰ ਕੁਰਬਾਨੀਆਂ ਦੇਣ ਤੋਂ ਬਾਅਦ ਵੀ ਅੱਜ ਤੱਕ ਕੁਝ ਨਸੀਬ ਨਹੀਂ ਹੋਇਆ, ਜਿਸ ਕਰਕੇ ਸਿਖ ਕੌਮ ਨੂੰ ਤਾਂ ਅੱਜ ਵੀ ਉਹਨਾਂ ਹੀ ਕੰਡਿਆਲੀਆਂ ਤੇ ਜਾਨ ਜੋਖੋਂ ਭਰੀਆਂ ਰਾਹਾਂ ਉੱਪਰ ਤੁਰਨਾ ਪੈ ਰਿਹਾ, ਜਿੰਨਾ ਰਾਹਾਂ ਉੱਪਰ ਪੰਥ ਨੇ 1947 ਤੋਂ ਪਹਿਲਾਂ ਸਿਖ ਆਗੂਆਂ ਦੀ ਜਥੇਦਾਰੀ ਤੇ ਅਗਵਾਈ ਵਿਚ ਸਫ਼ਰ ਆਰੰਭਿਆ ਸੀ। ਪੰਥ ਲਈ ਤਾਂ ਅੱਜ ਵੀ ਉਹ ਸੂਲੀਆਂ ਸੰਗੀਨਾਂ ਗੋਲੀਆਂ ਲਾਠੀਆਂ ਤੇ ਜੇਹਲਾਂ ਦੀਆਂ ਕਾਲ ਕੋਠੜੀਆਂ ਦਾ ਭਿਆਨਕ ਚੱਕਰ ਕਾਇਮ ਆ। ਐਸੇ ਹਾਲਾਤ ਵਿਚ ਹੁਣ ਜਦੋਂ ਲਗਪਗ ਸਾਰੇ ਦੇ ਸਾਰੇ ਗੁਰੂ ਪੰਥ ਦਾ ਮਨ ਕਰਕੇ ਝੁਕਾ ਖਾਲਿਸਤਾਨ ਵੱਲ ਹੁੰਦਾ ਜਾ ਰਿਹਾ ਤਾਂ ਪਤਾ ਨਹੀਂ ਕਿ ਫਿਰ ਵੀ ਇਹ ਅਕਾਲੀ ਆਗੂ ਖਾਲਿਸਤਾਨ ਦਾ ਐਲਾਨ ਕਿਉਂ ਨਹੀਂ ਕਰਦੇ? ਖਵਰੇ ਕੀ ਮਿਠਾ ਇਨ੍ਹਾਂ ਨੂੰ ਹਿੰਦੂਆਂ ਤੋਂ ਉਹਨਾਂ ਦੀ ਵਲਾਂ ਛਲਾਂ

ਅਤੇ ਜਬਰ ਜ਼ੁਲਮ ਦੇ ਹੱਥਾਂ ਨਾਲ ਜੋੜ ਰੱਖੀ ਭਾਰਤ ਦੀ ਅਖੰਡਤਾ ਦਾ?

ਇਹ ਆਗੂ ਤਾਂ, ਸੱਚੀ ਗੱਲ ,ਹੁਣ ਐਵੇਂ ਪੰਥ ਨੂੰ ਰੋਲਣ ਡਹੇ ਹੋਏ ਨੇ। ਕੀ ਹੋ ਜਾਊ? ਬੜੀ ਗੱਲ ਹਊ ਤਾਂ ਦਸ ਵੀਹ ਲੱਖ ਸ਼ਹੀਦੀਆਂ ਹੀ ਹੋ ਜਾਣਗੀਆਂ ਨਾ, ਇਸ ਤੋਂ ਵਧ ਹੋਰ ਤਾਂ ਕੁਝ ਨਹੀਂ ਹੋ ਚਲਿਆ। ਸਿਖ ਕੌਮ ਐਸ ਰੋਜ਼ ਦੀ ਖਜਲ ਖੁਆਰੀ ਤੇ ਘੁਲ ਘੁਲ ਕੇ ਮਰਨ ਦੇ ਕਜੀਏ ਬਖੇੜੇ ਤੋਂ ਤਾਂ ਹਮੇਸ਼ਾ ਹਮੇਸ਼ਾ ਲਈ ਛੁਟਕਾਰਾ ਪਾ ਜਾਊ ਨਾ। ਏਦਾਂ ਦੀ ਜਲਾਲਤ ਨਾਲੋਂ ਤਾਂ, ਸੱਚੀ ਗੱਲ, ਵੈਰੀਆਂ ਦੁਸ਼ਮਨਾਂ ਦੇ ਗਲ ਪੈ ਕੇ ਮਰ ਜਾਣਾ ਕਿਤੇ ਚੰਗਾ। ਹੋਰ ਕੁਝ ਨਹੀਂ ਤਾਂ ਇਸਤਰਾਂ ਦੀ ਮੌਤ ਵਾਹਿਗੁਰੂ ਦੇ ਦਰ ਘਰ ਵਿਚ ਤਾਂ ਪਰਵਾਨ ਹੋਵੇਗੀ ਨਾ, ਪਰ ਐਸ ਹਾਲਤ ਵਿਚ ਤਾਂ ਅਜੇ ਅਸੀਂ ਨਾ ਜੀਊਂਦਿਆਂ 'ਚੋਂ ਤੇ ਨਾ ਮਰਿਆਂ 'ਚ ਈ ਆਂ, ਭਲਾ ਆਹ ਵੀ ਸਾਡਾ ਕੋਈ ਜੀਊਣਾ ਕਿ ਸ੍ਰੀ ਹਰਿਮੰਦਰ ਸਾਹਿਬ ਭਵਨ ਉੱਪਰ ਅੱਖੀਂ ਗੋਲੀਆਂ ਚੱਲਦੀਆ ਵੇਖਕੇ ਵੀ ਸ਼ਕਤੀ ਹੱਥੋਂ ਹਥਲੇ ਹੋਣ ਕਰਕੇ ਆਪਣੀ, ਮਜਬੂਰੀ ਤੇ ਲਾਚਾਰੀ ਕਾਰਨ ਸਬਰ ਦਾ ਘੁੱਟ ਭਰ ਕੇ ਬੈਠੇ ਹੋਏ ਹਾਂ, ਜੇ ਸਾਡੇ ਕੋਲ ਵੀ ਮੁਕਾਬਲੇ ਵਿਚ ਏਦਾਂ ਦੀ ਸਾਧਨ ਵਸੀਲੇ ਤੇ ਹਥਿਆਰ ਹੋਣ ਤਾਂ ਅਸੀਂ ਭਾਰਤ ਸਰਕਾਰ ਦੀ ਇਸ ਬਾਂਦਰ ਸੈਨਾ ਨੂੰ ਏਦਾਂ ਈ ਹਰਿਮੰਦਰ ਸਾਹਿਬ ਭਵਨ ਉੱਪਰ ਗੋਲੀਆਂ ਵਰ੍ਹਾਉਣ ਦੇਂਦੇ। ਇਨ੍ਹਾਂ ਬਾਂਦਰਾਂ ਦੀਆਂ ਸੰਘੀਆਂ ਇਨ੍ਹਾਂ ਦੇ ਮੋਰਚਿਆਂ ਵਿਚ ਜਾ ਕੇ ਨਾ ਘੁੱਟ ਦੇਂਦੇ?

ਹਿੰਦੂ ਰਾਜ ਦੀ ਗੁਲਾਮੀ ਨੇ ਤਾਂ ਸਾਨੂੰ ਸਭ ਪਾਸਿਆਂ ਤੋਂ ਢਾਹ ਲਾ ਰੱਖੀ ਆ ਤੇ ਹੱਥਲ ਕਰਕੇ ਬਣਾ ਛੱਡਿਆ। ਸੱਚੇ ਪਾਤਸ਼ਾਹ ਮਹਾਰਾਜ ਕਲਗੀਆਂ ਵਾਲੇ ਸ਼ਹਿਨਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ, ਉਸ ਵਾਹਿਗੁਰੂ ਦੀ ਮੇਹਰ ਸਦਕਾ ਸੰਤ ਭਿੰਡਰਾਂਵਾਲਿਆਂ 'ਤੇ ਬਖਸ਼ਸ਼ ਕਰੀ ਰੱਖਣ ਜਿਸ ਨੇ ਗੁਰੂ ਘਰ ਦੇ ਓਟ ਆਸਰੇ ਸਦਕਾ ਅਜੇ ਤੱਕ ਪੰਥ ਦਾ ਨੱਕ ਨਮੂਜ ਕਾਇਮ ਰੱਖਿਆ ਹੋਇਆ।

ਅਸਲ ਵਿਚ ਸੰਗਤਾਂ ਸ੍ਰੀ ਦਰਬਾਰ ਸਾਹਿਬ ਭਵਨ ਉੱਪਰ ਲਗੀਆਂ ਗੋਲੀਆਂ ਦੇ ਨਸ਼ਾਨਾਂ ਅਤੇ ਕੰਪਲੈਕਸ ਅੰਦਰ ਹੋਈਆਂ ਸ਼ਹੀਦੀਆਂ ਬਾਰੇ ਸੋਚ ਸੋਚ ਕੇ ਮਨੋ ਦੁਖੀ ਹੋ ਰਹੀਆਂ ਸਨ ਅਤੇ ਪੰਜਾਬ ਤੇ ਹਰਿਆਣੇ ਅੰਦਰ ਥਾਂ ਥਾਂ ਉੱਪਰ ਸਿੱਖਾਂ ਨਾਲ ਵਾਪਰ ਰਹੀਆਂ ਘਨਾਉਣੀਆਂ ਘਟਨਾਵਾਂ ਨੂੰ ਯਾਦ ਕਰ ਕਰ ਕੇ ਹੈਰਾਨ ਤੇ ਪਰੇਸ਼ਾਨ ਹੋ ਰਹੀਆਂ ਸਨ ਕਿ ਪੰਥ ਨਾਲ ਇਹ ਸਭ ਕੁਝ ਕੀ ਵਾਪਰ ਰਿਹਾ ਹੈ।

ਸੰਗਤਾਂ ਕੰਪਲੈਕਸ ਅੰਦਰ ਥਾਂ ਥਾਂ ਉੱਪਰ ਲੱਗੀਆਂ ਗੋਲੀਆਂ ਦੇ ਨਿਸ਼ਾਨੇ ਅਤੇ ਪਰਕਰਮਾ, ਮੰਜੀ ਸਾਹਿਬ ਦੀਵਾਨ ਹਾਲ ਤੇ ਗੁਰੂ ਰਾਮਦਾਸ ਲੰਗਰ ਦੇ ਵਾਤਾਵਰਨ ਵਿਚ ਡੁੱਲ੍ਹੇ ਹੋਏ ਲਹੂ ਨੂੰ ਵੇਖ ਵੇਖ ਕੇ ਆਪਣੇ ਆਪ ਵਿਚ ਇਸਤਰਾਂ ਮਹਿਸੂਸ ਕਰ ਰਹੀਆਂ ਜਾਪਦੀਆਂ ਸਨ ਕਿ ਜਿਵੇਂ ਇਹ ਗੋਲੀਆਂ ਉਹਨਾਂ ਦੇ ਆਪਣੇ ਸੀਨੇ ਵਿਚ ਲੱਗੀਆਂ ਹੋਣ ਅਤੇ ਇਹ ਲਹੂ ਉਹਨਾਂ ਦੇ ਆਪਣੇ ਜਿਗਰ 'ਚੋਂ ਚੋਇਆ ਹੋਵੇ ਅਤੇ ਉੱਥੇ ਜੰਮੀਆਂ ਹੋਈਆਂ ਲਹੂ ਬੂਟੀਆਂ ਵਿਚ ਉਹਨਾਂ ਦਾ ਆਪਣਾ ਦਿਲ ਧੜਕ ਰਿਹਾ ਹੋਵੇ। ਐਸੀ ਹਾਲਤ ਵਿਚ ਉਹਨਾਂ ਨੂੰ ਇਸਤਰਾਂ ਅਨੁਭਵ ਹੋ ਰਿਹਾ ਸੀ ਕਿ ਜਿਵੇਂ ਉਹਨਾਂ ਦੇ ਸਰੀਰ ਦਾ ਰੋਮ ਰੋਮ ਲੂਹ ਰਿਹਾ ਤੇ ਤੜਪ ਰਿਹਾ ਹੋਵੇ; ਅੰਗ ਅੰਗ ਤੋੜਿਆ ਮਰੋੜਿਆ ਤੇ ਨੋਚਿਆ ਜਾ ਚੁੱਕਾ ਹੋਵੇ ਅਤੇ ਮਨ ਦੀ ਅਵਸਥਾ ਵਲੂੰਧਰੀ ਗਈ ਹੋਵੇ। ਬਹੁਤਿਆਂ ਦੀਆਂ ਗੱਲਾਂ ਤੋਂ ਤਾਂ ਇਹ ਭਾਸਦਾ ਸੀ ਕਿ ਜਿਵੇਂ ਹਿੰਦੂ ਸਾਮਰਾਜ ਦੀ ਸਰਕਾਰ ਨੇ ਉਹਨਾਂ ਦੀ ਦਸਤਾਰ ਨੂੰ ਧਰਤੀ ਤੇ ਪਟਕਾ ਮਾਰਿਆ ਹੋਵੇ ਅਤੇ ਇਹ ਮਸਲਾ ਉਹਨਾਂ ਲਈ ਹੁਣ ਸਵੈਮਾਨ ਤੇ ਇਜ਼ਤ ਮਾਨ ਪੱਖੋਂ ਜ਼ਿੰਦਗੀ ਤੇ ਮੌਤ ਦਾ ਮਸਲਾ ਬਣ ਗਿਆ ਹੋਵੇ। ਅਸਲ ਵਿਚ ਉਹ ਕੰਪਲੈਕਸ ਅੰਦਰ ਭਾਰਤ ਸਰਕਾਰ ਦੀ ਸੀ ਆਰ ਪੀ ਵਲੋਂ ਕੀਤੀ ਗਈ ਫਾਇਰਿੰਗ ਨੂੰ ਅਤੇ ਖਾਸ ਕਰਕੇ ਸ੍ਰੀ ਹਰਿਮੰਦਰ ਸਾਹਿਬ ਭਵਨ ਉੱਪਰ ਲੱਗੀਆਂ ਗੋਲੀਆਂ ਦੇ ਨਸ਼ਾਨਾਂ ਨੂੰ ਸਮੁੱਚੇ ਖਾਲਸਾ ਪੰਥ ਦੀ ਜ਼ਮੀਰ ਲਈ ਇਕ ਜ਼ਬਰਦਸਤ ਵੰਗਾਰ



ਸਮਝ ਰਹੇ ਸਨ। ਇਸ ਤੋਂ ਇਲਾਵਾ ਕਈਆਂ ਦਾ ਇਹ ਖਿਆਲ ਸੀ ਕਿ ਰਾਜ ਭਾਗ ਤੋਂ ਵਾਂਝੀਆਂ ਤੇ ਹਥਿਆਰਾਂ ਤੋਂ ਹੱਥਲ ਹੋ ਕੇ ਬੈਠੀਆਂ ਬਲਵਾਨ ਤੋਂ ਬਲਵਾਨ ਕੌਮਾਂ ਵੀ ਅਹਿਮੀਅਤ ਨਹੀਂ ਰਖਦੀਆਂ ਕਿਉਂ ਜੋ ਉਹ ਭਾਵੇਂ ਉਹਨਾਂ ਨੂੰ ਆਪਣੀ ਮਰਜ਼ੀ ਨਾਲ ਕੁਝ ਚਿਰ ਲਈ ਹਰਿਆਲੀ 'ਚ ਲਈ ਫਿਰਨ, ਵਾੜੇ ਵਿਚ ਡੱਕੀ ਰੱਖਣ,ਜਾਂ ਜਦੋਂ ਦਿਲ ਕਰੇ ਉਹਨਾਂ ਨੂੰ ਵੇਚ ਦੇਣ ਤੇ ਜਾਂ ਜਿਬ੍ਹਾ ਕਰ ਸੁੱਟਣ।

ਹੁਣ ਤੱਕ ਸੂਰਜ ਦੀ ਟਿੱਕੀ ਨੇ ਕੰਪਲੈਕਸ ਉੱਪਰ ਚੌਫੇਰੇ ਹੀ ਆਪਣੀਆਂ ਤਿੱਖੀਆਂ ਰਿਸ਼ਮਈਆਂ ਕਿਰਨਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਧੁਪ ਦੇ ਕਾਰਨ ਸਵੇਰ ਦੇ ਵਾਤਾਵਰਨ ਨੇ ਕਿਸੇ ਹੱਦ ਤੱਕ ਗਰਮੀ ਤੇ ਧੁਪੀਲੇ ਸੇਕ ਨੂੰ ਅਖਤਿਆਰ ਕਰ ਲਿਆ ਸੀ। ਪਰ ਇਸਦੇ ਬਾਵਜੂਦ ਗੁਰੂ ਰਾਮ ਦਾਸ ਸਰਾਂ ਦੇ ਸਾਹਮਣੇ ਜਿਸ ਥਾਂ ਉੱਪਰ ਇਕ ਜੂਨ ਦੀ ਸ਼ਾਮ ਨੂੰ (ਤਰਕਾਲਾਂ ਵੇਲੇ) ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਲੱਦੀਆਂ ਗਈਆਂ ਸਨ, ਉੱਥੇ ਡੁੱਲ੍ਹੇ ਹੋਏ ਖੂਨ ਦੁਆਲੇ ਅਜੇ ਵੀ ਸੰਗਤਾਂ ਦੀ ਭਾਰੀ ਭੀੜ ਜੁੜੀ ਹੋਈ ਸੀ।

ਸੰਗਤਾਂ ਦੀ ਇਸ ਭੀੜ ਵਿਚ ਡਾਢੀ ਖਾਮੋਸ਼ੀ ਤੇ ਹੋਰ ਭਿੱਜੀ ਉਦਾਸੀ ਛਾਈ ਹੋਈ ਸੀ ਅਤੇ ਲਗਪਗ ਸਭ ਦੀਆਂ ਨਜ਼ਰਾਂ ਦਰਦ ਭਿਜੀਆਂ ਸਨ ਅਤੇ ਮਨ ਦ੍ਰਵੇ ਤੇ ਪਸੀਜੇ ਹੋਏ ਸਨ।

ਉੱਥੇ ਖਲੋਤੀਆਂ ਸੰਗਤਾਂ 'ਚੋਂ ਇਕ ਬਜ਼ੁਰਗ ਮਾਈ ਉਸ ਲਹੂ ਮਿੱਟੀ ਨੂੰ ਹੱਥ ਨਾਲ ਇਕੱਠਿਆਂ ਕਰਕੇ ਆਪਣੇ ਪੱਲੂ ਵਿਚ ਬੰਨ੍ਹ ਰਹੀ ਸੀ ਤੇ ਉਸਨੂੰ ਬਾਰ ਬਾਰ ਚੁੰਮ ਰਹੀ ਸੀ ਅਤੇ ਆਪਣੇ ਕੁੱਛੜ ਚੁੱਕੇ ਹੋਏ ਬਾਲ ਪੋਤਰੇ ਦੇ ਚੇਹਰੇ ਨੂੰ ਸ਼ਹੀਦ ਹੋਏ ਸਿੰਘ ਦੇ ਲਹੂ ਰੰਗੀ ਹੋਈ ਮਿੱਟੀ ਨੂੰ ਲਾਲ ਗੁਲਾਲ ਸਮਝ ਕੇ ਲਾ ਰਹੀ ਸੀ।

ਇਕ ਅੰਮ੍ਰਿਤਧਾਰੀ ਸਿੰਘ ਸ਼ਹੀਦਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਨ ਦੀ ਤਿਆਰੀ ਵਿਚ ਸੀ ਅਤੇ ਉੱਥੇ ਨਜ਼ਦੀਕ ਹੀ ਸੰਗਤਾਂ ਦੇ ਆਸ ਪਾਸ ਭਿੰਡਰਾਂਵਾਲੇ ਜਥੇ ਦੇ ਕੁਝ ਸਿੰਘ ਇਧਰ ਉਧਰ ਤੁਰਦੇ ਫਿਰਦੇ ਹੋਏ ਵੀ ਧਿਆਨ ਮੁਗਧ ਹੋ ਨਾਮ ਸਿਮਰਨ ਕਰਦੇ ਹੋਏ ਦਿਸ ਰਹੇ ਸਨ। ਇਸੇ ਤਰ੍ਹਾਂ ਗੁਰੂ ਰਾਮ ਦਾਸ ਲੰਗਰ ਦੀ ਉਪਰਲੀ ਛੱਤ ਉੱਪਰ ਫਿਰ ਤੁਰ ਰਹੇ ਸਿੰਘ ਵੀ ਧਾਨ ਕਰਦੇ ਹੋਏ ਨਜ਼ਰੀਂ ਪੈ ਰਹੇ ਸਨ।

ਦੂਸਰੇ ਪਾਸੇ ਸ਼ਹੀਦ ਭਾਈ ਕੁਲਵੰਤ ਸਿੰਘ ਦੀ ਦੇਹ ਗੁਰੂ ਨਾਨਕ ਨਿਵਾਸ ਦੀ ਚੌਥੀ ਮੰਜ਼ਲ ਉੱਪਰ ਪੌੜੀਆਂ ਨਾਲ ਲਗਦੇ ਬਰਾਮਦੇ ਦੇ ਨਜ਼ਦੀਕ ਕਮਰਾ ਨੰਬਰ 45-46 ਦੇ ਸਾਹਮਣੇ ਅਜੇ ਉਸ ਤਰ੍ਹਾਂ ਨਵੇਂ ਨਰੋਏ ਰੂਪ ਵਿਚ ਪਈ ਹੋਈ ਸੀ।

ਜਦ ਮੈਂ ਭਾਈ ਕੁਲਵੰਤ ਸਿੰਘ ਸ਼ਹੀਦ ਦੀ ਦੇਹ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਗੁਰੂ ਨਾਨਕ ਨਿਵਾਸ ਦੀ ਚੌਥੀ ਮੰਜ਼ਲ ਉੱਪਰ ਗਿਆ ਤਾਂ ਉਸ ਸਮੇਂ ਉੱਥੇ ਕਾਫੀ ਸੰਗਤ ਜੁੜੀ ਹੋਈ ਸੀ। ਐਸੀ ਹਾਲਤ ਵਿਚ ਮੈਨੂੰ ਇਸ ਸਿੰਘ ਦੀ ਦੇਹ 'ਚੋਂ ਇਕ ਪਰਕਾਰ ਨਾਲ ਸਭ ਸ਼ਹੀਦਾਂ ਦੇ ਸਨਮੁਖ ਰੂਪ ਵਿਚ ਦੀਦਾਰ ਹੋ ਰਹੇ ਸਨ। ਉਸ ਸਮੇਂ ਮੈਨੂੰ ਇਸਤਰਾਂ ਅਨੁਭਵ ਹੋ ਰਿਹਾ ਸੀ ਕਿ ਜਿਵੇਂ ਕੁਦਰਤ ਆਪਣਾ ਸਭ ਤੋਂ ਪਿਆਰਾ ਰੂਪ ਤੇ ਜਲਾਲ ਸ਼ਹੀਦਾਂ ਲਈ ਰਾਖਵਾਂ ਰਖਦੀ ਹੈ, ਜਿਸ ਕਰਕੇ ਉਸ ਮੁਖੜੇ 'ਚੋਂ ਮੈਨੂੰ ਬੜੇ ਹੀ ਪਿਆਰੇ ਪਿਆਰੇ ਮੁੱਖੜੇ ਨਜ਼ਰੀਂ ਆ ਰਹੇ ਸਨ ਜਿਨ੍ਹਾਂ ਦੇ ਰੂਪ ਅੱਗੇ ਆਪਣੇ ਆਪ ਹੀ ਸ਼ਰਧਾ ਸਤਿਕਾਰ ਤੇ ਪਿਆਰ ਨਾਲ ਸਿਰ ਝੁਕ ਜਾਂਦਾ ਸੀ। ਮੇਰੇ ਤਸੱਵਰ ਵਿਚ ਜੋ ਸ਼ਹੀਦਾਂ ਦਾ ਰੂਪ ਸਰੂਪ ਉਘੜ ਰਿਹਾ ਸੀ ਉਹ ਸੰਸਾਰ ਦੇ ਖੂਬਸੂਰਤ ਤੋਂ ਖੂਬਸੂਰਤ ਚੇਹਰਿਆਂ ਨਾਲੋਂ ਕਿਤੇ ਵਧ

ਪਿਆਰਾ ਤੇ ਨਿਆਰਾ ਸਰੂਪ ਸੀ. ਐਸਾ ਸੁੰਦਰ ਤੇ ਅਲਾਹੀ ਸਰੂਪ ਜਿਸ ਦੀਆਂ ਨੂਰਾਨੀ ਚਮਕਾਂ ਦਮਕਾਂ ਦੀ ਭਾਹ ਸੰਸਾਰਕ ਮਨੁੱਖਾਂ ਦੇ ਚੇਹਰਿਆਂ ਚੋਂ ਕਿਧਰੇ ਵੀ ਨਾ ਦਿਸਦੀ ਹੋਵੇ।

ਇਸ ਸਬੰਧ ਵਿਚ ਮੈਨੂੰ ਇਸਤਰਾਂ ਅਨੁਭਵ ਹੋ ਰਿਹਾ ਸੀ ਕਿ ਸ਼ਹੀਦ ਉਸ ਅਕਾਲ ਪੁਰਖ ਨੂੰ ਸਭ ਤੋਂ ਵੱਧ ਪਿਆਰੇ ਹੁੰਦੇ ਹਨ ਅਤੇ ਉਸ ਵਾਹਿਗੁਰੂ ਦੇ ਸਮੁੱਚੇ ਬ੍ਰਹਿਮੰਡਕ ਨਿਜ਼ਾਮ ਵਿਚ ਅਰਥਾਤ ਅਲਾਹੀ ਦਰਬਾਰ ਵਿਚ ਸ਼ਹੀਦਾਂ ਨੂੰ ਖਾਸ ਮੁਕਾਮ ਹਸਾਲ ਹੁੰਦਾ ਹੈ ਤੇ ਉਹਨਾਂ ਦੀ ਆਤਮਕ ਹਸਤੀ ਉਸਦੇ ਰੱਬੀ ਨੂਰ ਦੇ ਨੂਰਾਨੀ ਜਲਵੇ ਦਾ ਓਤਪੋਤ ਹੁੰਦੀ ਹੈ ਅਤੇ ਸ਼ਹੀਦਾਂ ਦੀਆਂ ਦੇਹਾਂ ਉੱਪਰ ਭਾਵੇਂ ਉਹ ਕਿਸੇ ਵੀ ਹਾਲ ਵਿਚ ਕਿਉਂ ਨਾ ਹੋਣ, ਰੱਬੀ ਜਲਵੇ ਦਾ ਨੂਰ ਡੁੱਲ ਡੁੱਲ ਪੈਂਦਾ ਹੈ। ਉਹਨਾਂ ਦੇ ਸੰਕਲਪ, ਮੰਤਵ ਮਨੋਰਥ ਤੇ ਇਸ਼ਟ ਜਿਸਦੀ ਖਾਤਰ ਉਹਨਾਂ ਨੇ ਸ਼ਹਾਦਤ ਦਿੱਤੀ ਹੁੰਦੀ ਹੈ, ਨਾਲ ਪਿਆਰ ਕਰਨ ਵਾਲੀਆਂ ਆਤਮਾਵਾਂ ਨੂੰ ਵੀ ਇਸ ਗੱਲ ਦਾ ਅਟੱਲ ਵਿਸ਼ਵਾਸ ਹੁੰਦਾ ਹੈ ਕਿ ਸ਼ਹੀਦ ਕਦੀ ਨਹੀਂ ਮਰਦੇ ਤੇ ਉਹ ਅਮਰ ਹੁੰਦੇ ਹਨ। ਸ਼ਹੀਦ ਤਾਂ ਸਗੋਂ ਆਪਣੀ ਸ਼ਹਾਦਤ ਸਦਕਾ ਆਪਣੀ ਕੌਮ ਨੂੰ ਸਵੈਮਾਨ ਤੇ ਗੌਰਵ ਦੇ ਰੰਗ ਵਿਚ ਰੰਗ ਕੇ ਉਸਦੀ ਝੋਲੀ ਅਮਰ ਵਡਿਆਈ ਦੀ ਦਾਤ ਪਾ ਜਾਂਦੇ ਨੇ ਅਤੇ ਉਸਨੂੰ ਆਦਰਸ਼, ਇਨਕਲਾਬੀ ਸੁਨਹਿਰੀ ਸ਼ਾਨ ਤੇ ਮੱਤੀਆਂ ਪੈੜਾਂ ਦੀ ਸਦੀਵਕਾਲੀ ਰੂਪ ਵਿਚ ਮਹਾਨ ਦੇਣ ਦੇ ਜਾਂਦੇ ਨੇ। ਅਸਲ ਵਿਚ ਇਹੋ ਹੀ ਕਾਰਨ ਹੈ ਕਿ ਸ਼ਹੀਦਾਂ ਦਾ ਡੁੱਲਾ ਹੋਇਆ ਖੂਨ ਕੌਮ ਲਈ ਜੀਵਨ ਸੋਮਾ ਹੁੰਦਾ ਹੈ, ਕਿਉਂਕਿ ਸ਼ਹੀਦਾਂ ਦਾ ਲਹੂ ਕਦੀ ਵੀ ਜਾਇਆ ਨਹੀਂ ਜਾਂਦਾ ਤੇ ਇਹ ਮੁਨਾਸਬ ਸਮੇਂ ਉੱਪਰ ਆਪਣਾ ਰੰਗ, ਬਲ ਤੇ ਜਲਵਾ ਜ਼ਰੂਰ ਵਖਾਉਂਦਾ ਹੈ।

ਅਜਿਹ ਰੂਪ ਮੁੱਤਾ ਹੋਇਆ ਸ਼ਹੀਦ ਕੁਲਵੰਤ ਸਿੰਘ, ਜੋ ਆਤਮਕ ਤੌਰ 'ਤੇ ਜਾਗ੍ਰਿਤ ਸਰੂਪ ਸੀ, ਆਪਣੇ ਆਲੇ ਦੁਆਲੇ ਬੈਠੇ ਖਲੋਤੇ ਹੋਏ ਤੇ ਇਧਰ ਓਧਰ ਘੁੰਮ ਫਿਰ ਰਹੇ ਆਪਣੇ ਸੰਗੀ ਸਾਥੀਆਂ ਨੂੰ ਰਮਜ਼ ਹੀ ਰਮਜ਼ ਵਿਚ ਇਹ ਗੱਲ ਕਹਿ ਰਿਹਾ ਪ੍ਰਤੀਤ ਹੋ ਰਿਹਾ ਸੀ, 'ਸਿੰਘੋ, ਆਪਣੇ ਸਿਰਾਂ ਉੱਪਰ ਸਜਾਈਆਂ ਹੋਈਆਂ ਦਸਤਾਰਾਂ ਅਤੇ ਗੁਰੂ ਘਰ ਦੇ ਪ੍ਰੇਮ ਸਤਿਕਾਰ ਨਾਲ ਸਰਸ਼ਾਰ ਹਿਰਦਿਆਂ ਤੇ ਸੀਨਿਆਂ ਦੀ ਲਾਜ ਰਖਿਓ ਅਤੇ ਆਪਣੇ ਜੀਊਂਦਿਆਂ ਜੀਅ ਦੁਸ਼ਟਾਂ ਨੂੰ ਦਰਬਾਰ ਸਾਹਿਬ ਦੀ ਪਵਿੱਤਰ ਪਰਕਰਮਾ ਵਿਚ ਪੈਰ ਨਾ ਪਾਉਣ ਦਿਉ। ਜੇ ਉਹ ਪੈਰ ਪਾਉਣ ਦੀ ਦਲੇਰੀ ਕਰਨ ਤਾਂ ਫਿਰ ਜੀਉਂਦੇ ਵਾਪਸ ਨਹੀਂ ਜਾਣੇ ਚਾਹੀਦੇ, ਭਾਵੇਂ ਸਿਰਾਂ ਦੀ ਬਾਜ਼ੀ ਹੀ ਕਿਉਂ ਨਾ ਲਾਉਣੀ ਪਵੇ। ਕਮਜ਼ੋਰ ਸਵਾਰਥੀ ਮੌਕਾ ਪ੍ਰਸਤ ਤੇ ਅੰਦਰੋਂ ਖਾਲਿਸਤਾਨ ਦੇ ਵਿਰੋਧੀ ਅਤੇ ਪੰਥ ਨਾਲ ਘਾਤ ਹੁੰਦਾ ਵੇਖਕੇ ਵੀ ਭਾਰਤ ਦੀ ਅਖੰਡਤਾ ਦੇ ਹੱਕ ਵਿਚ ਰਾਗ ਅਲਾਪਣ ਤੇ ਨਾਚ ਨੱਚਣ ਵਾਲੇ ਅਖਉਤੀ ਪੰਥਕ ਆਗੂਆਂ ਦੀ ਸਫ਼ ਵਿਚ ਭੁੱਲ ਕੇ ਵੀ ਨਾ ਖਲੋਇਓ।

ਸਿੱਖ ਧਰਮ ਤੇ ਆਜ਼ਾਦੀ ਦੀ ਖਾਤਰ ਮਨੋ ਚਿਤੋਂ ਜੂਝਣ ਦੇ ਰਾਹ ਉਪਰ ਤੁਰਨ ਵਾਲੇ ਸਿੰਘਾਂ ਦੀ ਸਫ਼ ਵਿਚ ਖਲੋਇਓ ਅਤੇ ਆਖਰੀ ਦਮ ਤੱਕ ਉਹਨਾਂ ਨਾਲ ਸਾਥ ਨਿਭਾਇਓ। ਖਾਲਸਾ ਪੰਥ ਦੇ ਦੁਸ਼ਮਣਾਂ ਦੇ ਟਾਕਰੇ ਵਿਚ ਆਪੋ ਆਪਣੇ ਮੋਰਚਿਆਂ ਅੰਦਰ ਮਰਜੀਵੜਿਆਂ ਦੇ ਰੂਪ ਵਿਚ ਡਟੇ ਰਹਿਣਾ। ਬਾਬਾ ਅਟੱਲ ਸਾਹਿਬ ਦਾ ਮੋਰਚਾ ਕਿਸੇ ਹਾਲਤ ਵਿਚ ਇਕ ਛਿਣ ਪਲ ਲਈ ਵੀ ਖਾਲੀ ਨਾ ਛੱਡਣਾ ਅਤੇ ਗੁਰੂ ਨਾਨਕ ਨਿਵਾਸ ਦੀ ਉੱਪਰਲੀ ਛੱਤ ਵਾਲੇ ਮੋਰਚੇ ਵਿਚ ਜਿਸ ਨਾਲ ਸਾਡਾ ਸਤਨਾ ਦਾ ਮਾਨਸਿਕ ਲਗਾਓ ਹੋ ਚੁੱਕਾ ਹੈ, ਡਟੇ ਰਹਿਣਾ। ਇਸ ਸਮੇਂ ਮੇਰੀ ਸਵਾਸਾਂ ਤੋਂ ਮੁਕਤ ਹੋ ਚੁੱਕੀ ਦੇਹ ਦੇ ਖੱਬੇ ਸੱਜੇ ਖਲੋ ਕੇ, ਜੋ ਤੁਸੀਂ ਵੱਖ ਵੱਖ ਜਥੇਬੰਦੀਆਂ ਤੇ ਦਲਾਂ ਦੇ ਆਗੂਆਂ ਤੇ ਸਿੰਘਾਂ ਨਾਲ ਫੋਟੋਆਂ ਖਿਚਵਾ ਰਹੇ ਜੇ ਤੇ ਮੇਰੀ ਸ਼ਹਾਦਤ ਦੇ, ਆਪਣੇ ਪਾਸ ਆਉਣ ਜਾਣ ਵਾਲਿਆਂ ਨੂੰ ਕਿੱਸੇ ਸੁਣਾ ਰਹੇ ਜੇ, ਇਸ ਸਭ ਕੁਝ ਦੀ ਲਾਜ ਰੱਖਿਓ। ਜਥੇਬੰਦੀਆਂ ਤੇ ਵਿਅਕਤੀਆਂ ਦੇ ਨਾਵਾਂ ਨੂੰ ਉਦੋਂ



ਭਾਗ ਲਗਦੇ ਨੇ ਜਦੋਂ ਉਹ ਇਮਤਿਹਾਨ ਦੀ ਘੜੀ ਉੱਪਰ ਤੇ ਪਰਖ ਦੀ ਕਸਵੱਟੀ ਉੱਪਰ ਪੂਰਿਆਂ ਸੂਰਿਆਂ ਉਤਰਦੇ ਨੇ। ਮੇਰੀ ਇਹ ਗੱਲ ਯਾਦ ਰਖਿਓ ਕਿ ਸੱਚਖੰਡ ਸਰੂਪ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰਖਣ ਲਈ ਦਿੱਤੇ ਜਾਣ ਵਾਲਾ ਇਕ ਸੀਸ ਨੇੜੇ ਭਵਿੱਖ ਵਿਚ ਹਜ਼ਾਰਾਂ ਦੁਸ਼ਮਨਾਂ ਲਈ ਮੌਤ ਦਾ ਕਾਰਨ ਬਣੇਗਾ। ਮੇਰੀ ਆਤਮਕ ਸ਼ਾਂਤੀ ਇਸੇ ਹੀ ਗੱਲ ਵਿਚ ਹੈ ਕਿ ਤੁਸੀ ਧਰਮ ਦੀ ਰਾਖੀ ਤੇ ਗੁਰੂ ਘਰ ਦੀ ਮਾਨ, ਪ੍ਰਤਿਸ਼ਟਾ ਨੂੰ ਕਾਇਮ ਰਖਣ ਦੀ ਖਾਤਰ ਆਖਰੀ ਦਮ ਤੱਕ ਆਪਣਾ ਫਰਜ਼ ਤੇ ਧਰਮ ਨਿਭਾ ਦਿਉ ਅਤੇ ਦੁਸ਼ਟਾਂ ਦੀ ਸੈਣਾ ਵਲੋਂ ਸ੍ਰੀ ਹਰਿਮੰਦਰ ਸਾਹਿਬ ਉੱਪਰ ਧਾਵਾ ਬੋਲੇ ਜਾਣ ਸਮੇਂ ਆਖਰੀ ਸਵਾਸਾਂ ਤੱਕ ਰਣ-ਤੱਤੇ ਨੂੰ ਪਿਠ ਨਾ ਵਖਾਇਓ। ਮੇਰੀ ਆਤਮਾ ਦੀ ਤਸਕੀਨ ਤੇ ਮੈਨੂੰ ਸਹੀ ਸ਼ਰਧਾਂਜਲੀ ਇਸੇ ਹੀ ਗੱਲ ਵਿਚ ਸਮਝਣੀ।

# 14.

ਜਿਸ ਸਮੇਂ ਕੰਪਲੈਕਸ ਦੇ ਵੱਖ ਵੱਖ ਭਾਗਾਂ ਵਿਚ ਸੰਗਤਾਂ ਦੀਆਂ ਸਰਗਰਮੀਆਂ ਦਾ ਵੱਖ ਵੱਖ ਰੂਪ 'ਚ ਅਮਲ ਕਰਮ ਚੱਲ ਰਿਹਾ ਸੀ ਤਾਂ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਥੇ ਤੇ ਫੈਡਰੇਸ਼ਨ ਦੇ ਕੋਈ ਪੰਦਰਾਂ ਵੀਹ ਸਿੰਘ ਕੰਪਲੈਕਸ ਦੇ ਪੂਰਬੀ ਭਾਗ ਵਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਉਹਨਾਂ ਦੇ ਕਮਰੇ ਵਿਚ ਜਾ ਕੇ ਫ਼ਤਹਿ ਗੁਜਾਉਣ ਤੋਂ ਬਾਅਦ ਉਹਨਾਂ ਨਾਲ ਕੁਝ ਮਸਲਿਆਂ ਬਾਰੇ ਜ਼ਰੂਰੀ ਸਲਾਹ ਮਸ਼ਵਰਾ ਕਰਨ ਦੇ ਖਿਆਲ ਨਾਲ ਉਹਨਾਂ ਦੇ ਸਨਮੁਖ ਹੋ ਕੇ ਬੈਠ ਗਏ ਸਨ।

ਸੰਤ ਉਹਨਾਂ ਸਿੰਘਾਂ ਨੂੰ ਤਿਆਰ ਬਰ ਤਿਆਰ ਰੂਪ ਵਿਚ ਵੇਖਕੇ ਉਹਨਾਂ ਦੇ ਚੇਹਰਿਆਂ ਤੋਂ ਦੀ ਨਜ਼ਰ ਤਾਰਦੇ ਹੋਏ ਕਹਿਣ ਲੱਗੇ, 'ਸਿੰਘੋ' ਮੈਨੂੰ ਹੁਣੇ ਹੁਣੇ ਆਪਣੇ ਕਿਸੇ ਗੁਪਤ ਵਸੀਲੇ ਤੋਂ ਪਤਾ ਲੱਗਾ ਕਿ ਸਰਕਾਰ ਨੇ ਪੰਜਾਬ ਨੂੰ ਫੌਜ ਦੇ ਹਵਾਲੇ ਕਰਨ ਦਾ ਫੈਸਲਾ ਕਰ ਲਿਆ। ਮੇਰੀ ਜਾਣਕਾਰੀ ਦੇ ਮੁਤਾਬਕ ਦਰਬਾਰ ਸਾਹਿਬ ਉੱਪਰ ਕਿਸੇ ਸਮੇਂ ਵੀ ਹਮਲਾ ਹੋ ਸਕਦਾ। ਇਸ ਲਈ ਹੁਣ ਹਰ ਤਰ੍ਹਾਂ ਨਾਲ ਤਿਆਰ ਬਰ ਤਿਆਰ ਰਹਿਣਾ ਤੇ ਹਰ ਪੱਖੋਂ ਰਣ-ਤੱਤੇ ਵਿਚ ਉਤਰਨ ਤੇ ਜੂਝਣ ਲਈ ਤਿਆਰੀਆਂ ਕਰ ਲਉ ਤੇ ਕਮਰਕੱਸੇ ਕਰ ਲਓ। ਗੁਰੂ ਘਰ ਵਿਚ ਸਿੰਘਾਂ ਦੀ ਤਰ੍ਹਾਂ ਜੂਝਦਿਆਂ ਤੇ ਲੜਦਿਆਂ ਹੋਇਆਂ ਸ਼ਹੀਦੀਆਂ ਪਾਉਣੀਆਂ। ਦੁਸ਼ਟਾਂ ਦੁਸ਼ਮਨਾਂ ਦੀ ਫੌਜ ਆਵੇ ਤਾਂ ਜੀਊਂਦੀ ਵਾਪਸ ਨਾ ਜਾਵੇ, ਵਾਹਿਗੁਰੂ ਨੇ ਜੋ ਆਪਾਂ ਸਭਨਾਂ ਨੂੰ ਖਾਲਸਾ ਪੰਥ ਵਿਚ ਜਨਮ ਦਿੱਤਾ ਇਸਦਾ ਮੁੱਲ ਹੁਣ ਲਹੂ ਦੇ ਕੇ ਚੁਕਾਉਣਾ। ਸਾਡਾ ਸਾਰਿਆਂ ਦਾ ਇਹ ਜੀਵਨ ਗੁਰੂ ਘਰ ਤੇ ਗੁਰੂ ਪੰਥ ਦੀ ਅਮਾਨਤ ਆ। ਜੀਉਂਦਿਆਂ ਜੀਅ ਦੁਸ਼ਟਾਂ ਨੂੰ ਪਰਕਰਮਾ ਵਿਚ ਪੈਰ ਨਹੀਂ ਜਮਾਉਣ ਦੇਣੇ।'

ਜਿਸ ਸਮੇਂ ਸੰਤ ਫੈਡਰੇਸ਼ਨ ਦੇ ਜਵਾਨਾਂ ਤੇ ਜਥੇ ਦੇ ਸਿੰਘਾਂ ਨਾਲ ਵਿਚਾਰ ਸਾਂਝੇ ਕਰ ਰਹੇ ਸਨ ਤਾਂ ਉਸ ਸਮੇਂ ਭਾਈ ਅਮਰੀਕ ਸਿੰਘ ਜੋ ਸੰਤਾਂ ਦੇ ਕੋਲ ਹੀ ਬੈਠੇ ਹੋਏ ਸਨ, ਨੇ ਸੰਤਾਂ ਵੱਲ ਧਿਆਨ ਮੋੜਦਿਆਂ ਹੋਇਆਂ ਕਿਹਾ,

'ਮਹਾਂਪੁਰਸ਼ੋ ਫੈਡਰੇਸ਼ਨ ਦੇ ਇਹ ਸਭ ਜਵਾਨ ਬੜੇ ਚੰਗੇ ਸਿੰਘ ਨੇ. ਤੁਸੀਂ ਭਰੋਸਾ ਰਖੋ, ਪੰਥ ਦੀ ਚੜ੍ਹਦੀ ਕਲਾ ਤੇ ਧਰਮ ਦੀ ਰਾਖੀ ਲਈ ਫੈਡਰੇਸ਼ਨ ਦੇ ਨਾ ਨੂੰ ਚਾਰ ਚੰਦ ਲਾਉਣਗੇ। ਕਿਉਂ

ਸੁਰਮਿਓ ਤਿਆਰ ਬਰ ਤਿਆਰ ਓ ਨਾ? ਕਿਸੇ ਤਰ੍ਹਾਂ ਦੀ ਕੋਈ ਕਸਰ ਤਾਂ ਨਹੀਂ? ਟੋਪੀ ਵਾਲਿਆਂ ਨੂੰ ਆਪਾਂ ਕਰਾਰੇ ਹੱਥ ਵਖਾਉਣੇ ਆਂ। ਦੁਸ਼ਟ ਹਮਲਾ ਕਰਨ ਤਾਂ ਬਚ ਕੇ ਵਾਪਸ ਨਹੀਂ ਜਾਣੇ ਚਾਹੀਦੇ।'

ਭਾਈ ਅਮਰੀਕ ਸਿਘ ਦੀ ਜ਼ਬਾਨੀ ਇਹ ਵੰਗਾਰ ਸੁਣਕੇ ਫੈਡਰੇਸ਼ਨ ਦੇ ਜਵਾਨਾਂ 'ਚੋਂ ਇਕ ਸਿਘ ਨੇ ਜੈਕਾਰਾ ਛੱਡ ਕੇ ਸਮੁੱਚੇ ਮਾਹੌਲ ਵਿਚ ਛਾਏ ਹੋਏ ਜੋਸ਼ ਤੇ ਜਜ਼ਬੇ ਦੀ ਪ੍ਰੋੜ੍ਹਤਾ ਕਰ ਦਿੱਤੀ।

ਸੰਤਾਂ ਅਤੇ ਸਿਘਾਂ ਦੇ ਵਿਚਕਾਰ ਵਰਤਮਾਨ ਹਾਲਾਤ ਸਬੰਧੀ ਅਤੇ ਪੰਜਾਬ ਨੂੰ ਫੌਜ ਦੇ ਹਵਾਲੇ ਕਰ ਦੇਣ ਦੀ ਸੰਭਾਵਨਾ ਬਾਰੇ ਗੱਲਾਂ ਬਾਤਾਂ ਚੱਲ ਹੀ ਰਹੀਆਂ ਸਨ ਕਿ ਭਾਈ ਗੁਰਮੁਖ ਸਿਘ ਜੋ ਸੰਤਾਂ ਦਾ ਗੜਵਈ ਸੀ ਨੇ ਸੰਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ,

'ਸੰਤ ਮਹਾਪੁਰਸ਼ੋ, ਇਨ੍ਹਾਂ ਹਾਲਾਤ ਵਿਚ ਵੇਖੋ ਕੌਮ ਹੁਣ ਕੀ ਕਰਦੀ ਆ?'

ਸੰਤ, ਭਾਈ ਗੁਰਮੁਖ ਸਿਘ ਦੀ ਜ਼ਬਾਨੀ ਇਹ ਗੱਲ ਸੁਣਕੇ ਕੁਝ ਛਿਣ ਤਾਂ ਬਿਲਕੁਲ ਖਾਮੋਸ਼ ਰਹੇ, ਪਰ ਫਿਰ ਬੜੇ ਗੰਭੀਰ ਜਿਹੇ ਹੋਕੇ ਕਹਿਣ ਲਗੇ,

'ਸਿਘਾ, ਸਾਨੂੰ ਆਪਣਾ ਧਰਮ ਨਿਭਾਉਣਾ ਚਾਹੀਦਾ, ਕੌਮ ਆਪੇ ਆਪਣਾ ਧਰਮ ਪਾਲੇਗੀ, ਇਸ ਬਾਰੇ ਸਾਨੂੰ ਚਿੰਤਾ ਕਰਨ ਦੀ ਲੋੜ ਨਹੀਂ। ਤੂੰ ਮੈਨੂੰ ਇਹ ਦੱਸ ਕਿ ਸ੍ਰੀ ਦਰਬਾਰ ਸਾਹਿਬ ਉੱਪਰ ਹਮਲੇ ਤੋਂ ਪਿਛੋਂ ਉਹ ਕਿਹੜਾ ਗੁਰੂ ਦਾ ਸਿਘ ਹੋਵੇਗਾ ਜੋ ਭਾਰਤ ਸਰਕਾਰ ਤੇ ਟੋਪੀ ਵਾਲਿਆਂ ਦੇ ਹਿੰਦੂ ਸਾਮਰਾਜ ਵਿਰੁਧ ਅੱਗ ਦਾ ਭਾਂਬੜ ਬਣਕੇ ਨਾ ਉੱਠੇਗਾ। ਜੇ ਇਸ ਤੋਂ ਬਾਅਦ ਵੀ ਅਸਾਂ ਟੋਪੀ ਵਾਲਿਆਂ ਦੀ ਦੁਬੇਲ ਬਣਕੇ ਰਹਿਣਾ ਤਾਂ ਫਿਰ ਸਾਡਾ ਜੀਉਣਾ ਵੀ ਕਾਹਦਾ ਜੀਉਣਾ। ਇਸ ਤੋਂ ਪਿਛੋਂ ਤਾਂ ਫਿਰ ਖਾਲਸਾ ਪੰਥ ਨੂੰ ਹਿਦੁਸਤਾਨ ਦੀ ਆਜ਼ਾਦੀ ਦੀ ਖਾਤਰ ਆਪਣੀਆਂ ਕੀਤੀਆਂ ਕੁਰਬਾਨੀਆਂ ਤੇ ਦਿੱਤੀਆਂ ਸ਼ਹੀਦੀਆਂ ਦੇ ਹਿਸਾਬ ਨਾਲ ਆਪਣੇ ਹਿਸੇ ਆਉਂਦੀ ਧਰਤੀ ਹਰ ਹਾਲਤ ਵਿਚ ਲੈਣੀ ਹੀ ਪੈਣੀ ਆਂ, ਜਿਸ ਉੱਪਰ ਸਿਘਾਂ ਦਾ ਆਪਣਾ ਬੋਲ ਬਾਲਾ ਹੋਣਾ ਤੇ ਕੇਸਰੀ ਨਸ਼ਾਨ ਸਾਹਿਬ ਝੂਲਨਾ।

'ਕੌਮ ਬਾਰੇ ਸਾਡੇ 'ਚੋਂ ਕਿਸੇ ਨੂੰ ਵੀ ਚਿੰਤਾਤੁਰ ਹੋਣ ਦੀ ਲੋੜ ਨਹੀਂ। ਇਹ ਬੜੀ ਚੜ੍ਹਦੀ ਕਲਾ 'ਚ ਆ। ਇਹ ਤਾਂ ਯੋਧਿਆਂ ਬਲਕਾਰੀਆਂ ਦੀ ਕੌਮ ਆ। ਇਸ ਨੂੰ ਤਾਂ ਉਸ ਅਕਾਲ ਪੁਰਖ ਦੀ ਫੌਜ ਕਰਕੇ ਮੰਨਿਆਂ ਗਿਆ ਤੇ ਵਾਹਿਗੁਰੂ ਨੇ ਇਸ ਨੂੰ ਆਪਣੀ ਮੌਜ ਵਿਚ ਆ ਕੇ ਪੈਦਾ ਕੀਤਾ। ਕਿਉਂ ਸਿਘੋ! ਤੁਸੀਂ ਸਾਰੇ ਪੜ੍ਹੇ ਲਿਖੇ ਜੇ, ਸਿੱਖ ਇਤਹਾਸ ਪੜ੍ਹਿਆ ਨਾ? ਇਹ ਤਾਂ ਤੁਹਾਨੂੰ ਪਤਾ ਈ ਆ ਕਿ ਖਾਲਸਾ ਪੰਥ ਦੇ ਪੁਰਖੇ ਅਣਖ ਤੇ ਸਿਰੜ ਦੇ ਕਿੰਨੇ ਪੱਕੇ ਰਹੇ ਨੇ। ਉਸ ਅਕਾਲ ਪੁਰਖ ਦੀ ਮਿਹਰ ਸਦਕਾ ਤੁਹਾਡੇ ਸਭਨਾ ਵਿਚ ਤੇ ਸਾਰੇ ਪੰਥ ਵਿਚ ਵੀ ਅੱਜ ਉਹ ਹੀ ਸੰਸਕਾਰ, ਗੁਣ ਲਖਣ ਤੇ ਉਹੋ ਹੀ ਜੋਸ਼ ਜਜ਼ਬਾ ਕੰਮ ਕਰ ਰਹੇ ਨੇ। ਦਰਬਾਰ ਸਾਹਿਬ ਉੱਪਰ ਹਮਲੇ ਤੋਂ ਬਾਅਦ ਸਿਖਾਂ ਸਾਹਮਣੇ ਰਣ-ਤੱਤੇ ਵਿਚ ਉਤਰਨ ਤੋਂ ਬਿਨਾ ਹੋਰ ਚਾਰ ਹੀ ਕਿਹੜਾ ਰਹਿ ਜਾਂਦਾ? ਜੇ ਸੱਚ ਪੁੱਛੋ ਤਾਂ ਟੋਪੀ ਵਾਲਿਆਂ ਨਾਲ ਯੁਧ ਤੇ ਪੱਕੇ ਵਖਰੇਵੇਂ ਦੀ ਨੀਂਹ ਤਾਂ ਕੱਲ ਤੋਂ ਹੀ ਬੱਝ ਚੁੱਕੀ ਆ। ਐਸੀ ਦਸ਼ਾ ਵਿਚ ਤਾਂ ਹੁਣ ਕੋਈ ਅੱਡਾ ਨੀਚ ਤੇ ਭ੍ਰਿਸ਼ਟੀ ਹੋਈ ਮੱਤ-ਬੁਧ ਤੇ ਨਖਿਧ ਜ਼ਮੀਰ ਵਾਲਾ ਵਿਅਕਤੀ ਹੀ ਹੋਵੇਗਾ ਜੋ ਟੋਪੀ ਵਾਲਿਆਂ ਨਾਲ ਆਪਣਾ ਲਹੂ ਮਾਸ ਦਾ ਰਿਸ਼ਤਾ ਦਸਦਾ ਫਿਰੇਗਾ ਅਤੇ ਭਾਰਤ ਨੂੰ ਆਪਣੀ ਮਾਂ ਦਸਦਾ ਹੋਇਆ ਇਸਦੀ ਅਖੰਡਤਾ ਵਾਸਤੇ ਅੱਡੀਆਂ ਚੁੱਕ ਚੁੱਕ ਕੇ ਟਾਹਰਾਂ ਮਾਰਦਾ ਫਿਰੇਗਾ।'

'ਬਸ ਹੁਣ ਤਾਂ ਸਾਨੂੰ ਆਪਣੀ ਨਿਭਾ ਦੇਣੀ ਚਾਹੀਦੀ ਆ, ਸਾਡੇ ਪਿਛੋਂ ਖਾਲਸਾ ਪੰਥ ਆਪੇ ਆਪਣੀ ਨਿਭਾ ਦਏਗਾ। ਸਿਘਾ ਉਸ ਵਾਹਿਗੁਰੂ ਤੇ ਭਰੋਸਾ ਰੱਖ, ਖਾਲਸੇ ਦਾ ਯੁਗ ਆਉਣ ਵਾਲਾ



ਸਿਰ ਜ਼ਰੂਰ ਭਾਰੀ ਗਿਣਤੀ ਵਿਚ ਲੇਖੇ ਲਾਉਣੇ ਪੈਣਗੇ, ਪਰ ਖਾਲਸਾ ਪੰਥ ਨੂੰ ਖਾਲਸਾ ਰਾਜ ਦੀ ਪ੍ਰਾਪਤੀ ਜ਼ਰੂਰ ਹੋਵੇਗੀ, ਉਸ ਵੇਲੇ ਇਕ ਗੱਲ ਦਾ ਪੂਰੀ ਪੂਰੀ ਤਕੜਾਈ ਨਾਲ ਖਿਆਲ ਰਖਣਾ ਪੈਣਾ ਕਿ ਰਾਜ ਭਾਗ ਦੀ ਸੱਤਾ ਦੇ ਖੇਤਰ ਵਿਚ ਕਿਸੇ ਹਿਦੂ ਤੇ ਹਿੰਦੂ ਨਵਾਜ ਦਾ ਪਰਛਾਵਾਂ ਨਹੀਂ ਪੈਣ ਦੇਣਾ, ਨਰੋਲ ਪੰਥਕ ਨੀਹਾਂ ਉੱਪਰ ਰਾਜ ਭਾਗ ਕਾਇਮ ਕਰਨਾ, ਜੇ ਕਿਸੇ ਵਿਅਕਤੀ ਦੀ ਹਿੰਦੂ ਵੰਸ਼ ਅੰਦਰ ਦੂਰ ਦੀ ਵੀ ਰਿਸ਼ਤੇਦਾਰੀ ਤੇ ਲਹੂ ਨਾਤੇ ਵਜੋਂ ਮਿਲਵਰਤਨ ਨਜ਼ਰੀਂ ਆਵੇ ਤਾਂ ਉਸਨੂੰ ਵੀ ਲਾਗੇ ਨਹੀਂ ਲਗਣ ਦੇਣਾ। ਗ਼ਦਾਰ ਧਨਵਾਦਿਆਂ ਨੂੰ ਕਿਸੇ ਹਾਲਤ ਵਿਚ ਵੀ ਮੁਆਫ ਨਹੀਂ ਕਰਨਾ ਭਾਵੇਂ ਕਿੰਨਾ ਵੀ ਸੋਨੇ ਦਾ ਹੋ ਕੇ ਕਿਉਂ ਨਾ ਵਖਾਉਣ। ਜੋ ਲੋਕ ਸਿਖ ਹੁੰਦੇ ਹੋਏ ਅੱਜ ਸਿਖ ਕੌਮ ਦੇ ਲਹੂ ਵਿਚ ਹੱਥ ਰੰਗ ਰਹੇ ਨੇ, ਭਾਰਤ ਸਰਕਾਰ ਦੇ ਗੁਣ ਗਾਇਨ ਕਰ ਰਹੇ ਨੇ, ਜੁਝਾਰੂ ਸਿੰਘਾਂ ਦੇ ਵਿਰੁੱਧ ਜਹਾਦ ਖੜਾ ਕਰ ਰਹੇ ਨੇ ਅਤੇ ਭਾਰਤ ਦੀ ਸਿਖ ਦੁਸ਼ਮਨ ਸਰਕਾਰ ਪਾਸੋਂ ਥਾਪੀਆਂ ਲੈ ਰਹੇ ਤੇ ਆਰਥਕ ਲਾਭ ਪ੍ਰਾਪਤ ਕਰ ਰਹੇ ਨੇ ਉਹਨਾਂ ਦਾ ਤੇ ਉਹਨਾਂ ਦੇ ਮੋਲੀ ਜੋਲੀ ਕੁਲਮ ਕੁਟੰਬੀਆਂ ਦਾ ਸੱਤਾਂ ਪੀੜ੍ਹੀਆਂ ਤੱਕ ਪਿੱਛਾ ਕਰਨਾ ਹੋਵੇਗਾ ਤੇ ਉਹਨਾਂ ਪਾਸੋਂ ਹਿਸਾਬ ਕਤਾਬ ਲੈਣਾ ਹੋਵੇਗਾ। ਐਸੇ ਲੋਕਾਂ ਲਈ ਉਸ ਸਮੇਂ ਮੁਆਫੀ ਵਾਲੇ ਖਾਨੇ ਵਿਚ ਕੋਈ ਥਾਂ ਨਹੀਂ ਹੋਣੀ ਚਾਹੀਦੀ।

ਇਸੇ ਸਬੰਧ ਵਿਚ ਇਕ ਗੱਲ ਮੈਂ ਫਿਰ ਦੁਹਰਾ ਦੇਣੀ ਚਾਹੁੰਦਾ, ਉਹ ਇਹ ਹੈ ਕਿ ਜੇ ਕੋਈ ਵਿਅਕਤੀ ਖਾਲਸਾ ਪੰਥ ਦੇ ਦੁਸ਼ਮਨਾਂ ਵੈਰੀਆਂ ਦਾ ਪੱਕਾ ਸਾਥੀ ਰਿਹਾ ਹੋਵੇ ਅਤੇ ਪੰਥਕ ਹਿਤਾਂ ਨਾਲ ਪੈਰ ਪੈਰ ਉੱਪਰ ਧਰੋਹ ਕਮਾਉਂਦਾ ਤੇ ਗ਼ਦਾਰੀ ਕਰਦਾ ਰਿਹਾ ਹੋਵੇ, ਭਾਰਤ ਸਰਕਾਰ ਤੇ ਹਿਦੂਆਂ ਨੂੰ ਖੁਸ਼ ਕਰਨ ਲਈ ਸਿਖ ਨੌਜਵਾਨਾਂ ਦੇ ਲਹੂ ਨਾਲ ਹੋਲੀ ਖੇਡਦਾ ਰਿਹਾ ਹੋਵੇ ਅਤੇ ਜਾਂ ਹੋਲੀ ਖੇਡਨ ਵਾਲਿਆਂ ਵੱਲ ਵੇਖਕੇ ਖੁਸ਼ ਹੁੰਦਾ ਰਿਹਾ ਹੋਵੇ ਤੇ ਜ਼ਾਤੀ ਚੌਧਰਾਂ ਤੇ ਕੁਰਸੀਆਂ ਦੀ ਖਾਤਰ ਸਿਖ ਕੌਮ ਦੀ ਛਾਤੀ ਉੱਪਰ ਮੂੰਗ ਦਲਦਾ ਰਿਹਾ ਹੋਵੇ ਤਾਂ ਉਸ ਹਾਲਤ ਵਿਚ ਉਸ ਵਿਅਕਤੀ ਦੀ ਕਿਸੇ ਇਕ ਅੱਧ ਵੱਡੀ ਛੋਟੀ ਸੇਵਾ ਜਾਂ ਕੁਰਬਾਨੀ ਉੱਪਰ ਐਵੇਂ ਨਾ ਪਸੀਜ ਜਾਇਆ ਕਰੋ; ਕਿਉਂਕਿ ਅਜਿਹੇ ਲੋਕ ਮਾਨਸਿਕ ਤੌਰ 'ਤੇ ਐਸੇ ਗਏ ਗੁਜ਼ਰੇ ਹੋਏ ਹੁੰਦੇ ਨੇ ਕਿ ਛੋਟੀ ਕੀਤਿਆਂ ਇਨ੍ਹਾਂ ਦੇ ਨਾ ਤਾਂ ਸੰਸਕਾਰ ਬਦਲਦੇ ਨੇ ਤੇ ਨਾ ਹੀ ਸੁਭਾ ਤੇ ਖਾਸਾ ਹੀ ਬਦਲਦਾ ਹੈ। ਇਸਤਰਾਂ ਦੇ ਲੋਕ ਇਸ ਹੱਦ ਤੱਕ ਚਾਲਬਾਜ਼ ਚੁਸਤ ਚਾਲਾਕ ਤੇ ਲੂੰਬੜ ਦੀ ਤਰਾਂ ਮੱਕਾਰ ਹੁੰਦੇ ਨੇ ਕਿ ਇਹ ਆਉਣ ਵਾਲੇ ਸਮੇਂ ਦੀ ਪਹਿਲਾਂ ਹੀ ਨਬਜ਼ ਪਛਾਣ ਕੇ ਕੌਮ ਅੰਦਰ ਆਪਣੀ ਥਾਂ ਬਨਾਉਣ ਲਈ ਖੇਡਾਂ ਖੇਡਣੀਆਂ ਤੇ ਅਡੰਬਰ ਰਚਾਉਣੇ ਸ਼ੁਰੂ ਕਰ ਦੇਂਦੇ ਨੇ ਤੇ ਫਿਰ ਇਨ੍ਹਾਂ ਗੱਲਾਂ ਦੀ ਆੜ ਵਿਚ ਆਪਣੇ ਮਜ਼ਬੂਤ ਸਾਧਨ ਵਸੀਲਿਆਂ ਰਾਹੀਂ ਵੇਖਦਿਆਂ ਹੀ ਵੇਖਦਿਆਂ ਪੰਥਕ ਮਾਹੌਲ ਉੱਪਰ ਛਾ ਜਾਂਦੇ ਨੇ।'

'ਸਿਘੋ, ਇਸ ਤਰ੍ਹਾਂ ਦੇ ਲੋਕ ਇਸ ਹੱਦ ਤੱਕ ਖਤਰਨਾਕ ਤੇ ਸਾਜ਼ਸ਼ਾਂ ਰਚਣ ਵਿਚ ਮਾਹਰ ਹੁੰਦੇ ਨੇ ਕਿ ਇਨ੍ਹਾਂ ਦੀਆਂ ਪੰਸਾਦਵਰਾਨਾ ਚਾਲਾਂ ਤੇ ਸ਼ਾਹੀ ਮਹੱਲਾਂ ਅੰਦਰਲੀਆਂ ਅਰਥਾਤ ਰਾਜਨੀਤਕ ਖੇਤਰ ਵਿਚਲੀਆਂ ਸਾਜ਼ਸ਼ਾਂ ਦਾ ਕੌਮ ਨੂੰ ਉਦੋਂ ਹੀ ਪਤਾ ਲਗਦਾ ਹੈ ਜਦੋਂ ਇਹ ਲੋਕ ਕੌਮ ਦੀਆਂ ਜੜ੍ਹਾਂ ਕੁਤਰਨ ਤੋਂ ਬਾਅਦ ਫਿਰ ਦੁਸ਼ਮਨ ਧਿਰ ਦੇ ਟਾਹਣਾਂ ਉੱਪਰ ਬਾਂਦਰ ਵਾਂਗ ਬੈਠੇ ਆਪਣੇ ਅਸਲ ਮਾਲਕਾਂ ਹੱਥੋਂ ਫਲ ਫਰੂਟ ਖਾ ਰਹੇ ਤੇ ਖੁਸ਼ ਹੋ ਕੇ ਆਪਣੇ ਪਰਵਾਰਾਂ ਸੰਗ ਝਾਂਜਰਾਂ ਪੌਲ ਰਹੇ ਤੇ ਖੁਲ੍ਹਾਂ ਡੁੱਲਾਂ ਮਾਨ ਰਹੇ ਹੁੰਦੇ ਹਨ। ਰਾਜ ਭਾਗ ਦੇ ਖੇਤਰ ਵਿਚ ਅੱਖਾਂ ਮੀਟਿਆਂ ਲਿਹਾਜ਼ਦਾਰੀਆਂ 'ਚ ਪਿਆਂ ਅਤੇ ਵੱਡੇ ਦੋਸ਼ੀਆਂ ਤੇ ਕੌਮ ਘਾਤਕਾਂ ਨੂੰ ਐਵੇਂ ਛੋਟੀਆਂ ਮੋਟੀਆਂ ਤਨਖਾਹਾਂ ਲਾ ਕੇ ਤੇ ਸਜ਼ਾਵਾਂ ਦੇ ਕੇ ਮੁਆਫ ਕਰ ਦੇਣ ਨਾਲ ਅਤੇ ਉਹਨਾਂ ਨਾਲ 'ਚਲ ਹਉ ਪਰੇ ਜਾਂ ਚੱਲ ਛੱਡੋ ਪਰੇ' ਵਾਲੀ ਗੱਲ ਕਹਿ ਕੇ ਰਾਜ ਭਾਗ ਦੇ ਖੇਤਰ ਵਿਚ ਦਾਖਲ ਹੋਣ ਲਈ ਦਰ ਖੋਹਲ ਦੇਣ ਦੇ ਨਾਲ ਕੌਮ ਦਾ ਬਚਾ ਨਹੀਂ ਹੁੰਦਾ।

ਵਡੇ ਦੋਸ਼ਾਂ ਤੇ ਪੰਥ ਘਾਤਕ ਅਮਲਾਂ ਕਾਰਜਾਂ ਦੀ ਸਜ਼ਾ ਉਹੋ ਹੀ ਨਿਸਚਤ ਕਰਨੀ ਹੋਵੇਗੀ ਜੋ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਸੰਦਾਂ ਲਈ ਨਿਸਚਤ ਕੀਤੀ ਸੀ। ਐਸੇ ਦੋਸ਼ੀਆਂ ਦੀ ਸਜ਼ਾ ਮੌਤ ਹੈ ਤੇ ਜੇ ਇਹੋ ਜਿਹੇ ਪੰਥ ਘਾਤਕਾਂ ਤੇ ਪੰਥ ਦੁਸ਼ਮਣਾਂ ਦੇ ਨੱਕ ਵਿਚ ਨਕੇਲ ਪਾ ਕੇ ਥਾਂ ਥਾਂ ਉੱਪਰ ਚੱਕਰ ਲਗਾਉਣ ਤੋਂ ਬਾਅਦ ਤੇਲ ਦੇ ਕੜਾਹਿਆਂ ਵਿਚ ਸੁੱਟ ਕੇ ਸਾੜਿਆ ਜਾਵੇ ਤਾਂ ਹੋਰ ਵੀ ਚੰਗਾ ਹੈ। ਗੱਦਾਰ ਤੇ ਪੰਥਕ ਹਿਤਾਂ ਅਤੇ ਪੰਥ ਦੇ ਬੁਨਿਆਦੀ ਤੇ ਸਿਧਾਂਤਕ ਅਸੂਲਾਂ ਨਾਲ ਖਿਲਵਾੜ ਕਰਨ ਵਾਲੇ ਜਥੇਦਾਰਾਂ ਤੇ ਆਗੂਆਂ ਨੂੰ ਐਵੇਂ ਨਿੱਕੀ ਮੋਟੀ ਸੇਵਾ ਤੇ ਸਜ਼ਾ ਲਾ ਕੇ ਮੁਆਫ਼ ਕਰ ਦੇਣ ਜਿਡਾ ਹੋਰ ਕੋਈ ਭਿਆਨਕ ਗੁਨਾਹ ਨਹੀਂ ਹੋ ਸਕਦਾ, ਇਸ ਵਾਸਤੇ ਐਸੇ ਗੁਨਾਹ ਦੇ ਕਦੀ ਭੁੱਲ ਕੇ ਵੀ ਭਾਗੀ ਨਹੀਂ ਬਨਣਾ।

ਇਹੋ ਜਿਹੇ ਲੋਕਾਂ, ਜੋ ਪੰਥ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਨੂੰ ਐਵੇਂ ਘੱਟੇ ਕੌਡੀਆਂ ਰੁਲਾਉਣ ਦੀ ਗੱਲ ਕਰਦੇ ਨੇ, ਦੀ ਸਜ਼ਾ ਉਹੋ ਹੀ ਹੈ ਜੋ ਸਮੇਂ ਸਮੇਂ ਸਿਖ ਪੰਥ ਵਲੋਂ ਚੰਦੂ ਸਵਾਰੀਏ, ਸੁੱਚਾ ਨੰਦ ਤੇ ਲਖੂ ਕਰਾੜ (ਲਖਪਤ ਰਾਏ) ਆਦਿ ਦੁਸ਼ਟਾਂ ਨੂੰ ਦਿੱਤੀ ਜਾਂਦੀ ਰਹੀ ਹੈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਖਾਲਸਾ ਪੰਥ ਨੇ ਖਾਲਸਾ ਰਾਜ ਦੀ ਪ੍ਰਾਪਤੀ ਤੇ ਸਥਾਪਨਾ ਤੋਂ ਬਾਅਦ ਪਿੰਡ ਪੱਧਰ ਤੋਂ ਲੈ ਕੇ ਉੱਪਰ ਤੱਕ ਹਰ ਪੱਖੋਂ ਸੁਚੇਤ ਖਬਰਦਾਰ ਤੇ ਚੇਤੰਨ ਰਹਿਣਾ ਹੋਵੇਗਾ ਅਤੇ ਸੋਚਾਂ, ਨੀਤੀਆਂ ਤੇ ਫੈਸਲਿਆਂ ਪਖੋਂ ਬਹੁਤ ਸੋਚ ਵਿਚਾਰ ਕੇ ਤੇ ਸਖਤ ਨੇਮਾਂ ਉੱਪਰ ਚਲਦਿਆਂ ਹੋਇਆਂ ਕੰਮ ਲੈਣਾ ਹੋਵੇਗਾ। ਸਿਖ ਨੌਜਵਾਨਾਂ ਦਾ ਖਾਸ ਤੌਰ 'ਤੇ ਇਹ ਫਰਜ਼ ਤੇ ਕਾਰਜ ਕਰਮ ਹੋਵੇਗਾ ਕਿ ਧਰਮ ਤੇ ਰਾਜਨੀਤੀ ਦੇ ਖੇਤਰ ਵਿਚ ਅਫੀਮੀਆਂ, ਭੰਗੀਆਂ ਪੋਸਤੀਆਂ ਤੇ ਵਿਭਚਾਰੀਆਂ ਨੂੰ ਲਾਗੇ ਨਾ ਫਟਕਣ ਦੇਣ, ਕਿਸੇ ਵੀ ਵਿਅਕਤੀ ਨੂੰ ਕਿਸੇ ਮਹਾਨ ਸੇਵਾ ਘਾਲਨਾ ਤੇ ਕੁਰਬਾਨੀ ਤੋਂ ਬਿਨਾ ਐਵੇਂ ਪੰਥ ਰਤਨ ਤੇ ਲੋਹ ਪੁਰਸ਼ ਆਦਿ ਖਤਾਬ ਨਹੀਂ ਵੰਡੀ ਤੁਰੇ ਜਾਣੇ।

ਜੇ ਕੋਈ ਜਥੇਦਾਰ ਤੇ ਆਗੂ ਪੰਥ ਵੱਲੋਂ ਨਿਸਚਤ ਕੀਤੇ ਜਾਣ ਵਾਲੇ ਅਸੂਲਾਂ ਨੇਮਾਂ ਤੇ ਸਿਧਾਂਤ ਦੀ ਕਸਵੱਟੀ ਉੱਪਰ ਪੂਰਿਆਂ ਉਤਰਦਾ ਨਾ ਦਿਸੇ ਤਾਂ ਉਸਨੂੰ ਐਵੇਂ ਬਰਦਾਸ਼ਤ ਨਹੀਂ ਕਰੀ ਜਾਣ, ਰਾਜ ਭਾਗ ਨੂੰ ਹਰ ਪੱਖੋਂ ਨਿਆਂਸ਼ੀਲ, ਖੁਸ਼ਹਾਲ ਤੇ ਬਲਵਾਨ ਬਨਾਉਣਾ ਹੋਵੇਗਾ। ਵਿਕਾਸ ਪੱਖੋਂ ਦੁਨੀਆਂ ਦੀ ਹਰ ਦੌੜ ਵਿਚ ਵਧ ਚੜ੍ਹ ਕੇ ਹਿਸਾ ਲੈਣਾ ਹੋਵੇਗਾ ਅਤੇ ਧਰਤੀ ਆਕਾਸ਼ ਤੇ ਸਮੁੰਦਰਾਂ ਤੱਕ ਨੂੰ ਗਾਹੁਣ, ਖੋਜਨ ਤੇ ਰਿੜਕਨ ਦੀ ਆਪਣੇ ਵਿਚ ਯੋਗਤਾ ਤੇ ਸਮਰਥਾ ਪੈਦਾ ਕਰਨੀ ਹੋਵੇਗੀ। ਸਿਖ ਸਭਿਆਚਾਰ ਤੇ ਵਿਰਸੇ ਨੂੰ ਚਾਰ ਚੰਨ ਲਾਉਣੇ ਹੋਣਗੇ ਅਤੇ ਵਿਦਿਆ ਦੇ ਹਰ ਖੇਤਰ ਵਿਚ ਛਾਲਾਂ ਮਾਰਦਿਆਂ ਹੋਇਆਂ ਸਿਖਰ ਨੂੰ ਪਾਉਣ ਵਾਸਤੇ ਆਪਣੇ ਅੰਦਰ ਸਾਹਸ ਬਲ, ਵਸਫ਼ ਤੇ ਗਿਆਨ ਪੱਖੋਂ ਨਿਪੁੰਨਤਾ ਪੈਦਾ ਕਰਨੀ ਹੋਵੇਗੀ।'

'ਸਿੰਘੋ, ਸੰਸਾਰ ਅੰਦਰ ਆਪਣੀ ਹਸਤੀ ਨੂੰ ਸ਼ਾਹਾਨਾ ਅੰਦਾਜ਼ ਵਿਚ ਅਰਥਾਤ ਖਾਲਸਾਈ ਤੇ ਚੜ੍ਹਦੀ ਕਲਾ ਦੇ ਰੂਪ ਵਿਚ ਉਜਾਗਰ ਕਰਨਾ ਹੋਵੇਗਾ। ਹਰ ਸਿੰਘ ਦੀ ਸ਼ਾਨ ਚੜ੍ਹਤ ਅਤੇ ਜੀਵਨ ਪੱਖੋਂ ਉਸਦਾ ਵਿਅਕਤੀਤਵ ਸੰਸਾਰ ਭਰ ਅੰਦਰ ਲੋਕ ਹਿਰਦਿਆਂ ਨੂੰ ਮੋਹ ਲੈਣ ਵਾਲਾ, ਮਨਾਂ ਨੂੰ ਕੀਲ ਲੈਣ ਵਾਲਾ ਅਤੇ ਮਾਨਸਿਕ, ਬੋਧਕ, ਸਰੀਰਕ ਤੇ ਸਦਾਚਾਰਕ ਪੱਖੋਂ ਆਕਰਸ਼ਕ ਹੋਣਾ ਦਰਕਾਰ ਹੈ। ਤੁਸਾਂ ਆਪਣੇ ਆਪ ਵਿਚ ਹਿਸਾਬ ਕਤਾਬ ਲਗਾ ਲੈਣਾ ਕਿ ਸੰਸਾਰ ਦੇ ਮੁਕਾਬਲੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੁਤਰਾਂ ਦਾ ਵਿਅਕਤੀਤਵ ਕਿਹੋ ਜਿਹਾ ਹੋਣਾ ਚਾਹੀਦਾ ਹੈ ਤੇ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ, ਪੰਥ ਦੇ ਵਾਲੀ, ਨੀਲੇ ਘੋੜੇ ਦੇ ਸਵਾਰ ਚਿੱਟੇ ਬਾਜਾਂ ਵਾਲੇ ਤੇ ਕਲਗੀਧਰ ਸੱਚੇ ਪਾਤਸ਼ਾਹ ਦੇ ਪੁੱਤਰ, ਰਹਿਣ ਸਹਿਣ ਅਤੇ ਸਮਾਜਕ ਰਾਜਸੀ ਖੇਤਰ ਵਿਚ ਜਲਵੇ ਜਲਾਲ ਤੇ ਵਿਅਕਤੀਤਵ ਦੇ ਪੱਖੋਂ ਹਰ ਤਰ੍ਹਾਂ ਪ੍ਰਭਾਵਸ਼ਾਲੀ, ਤੇਜੱਸਵੀ, ਸ਼ਾਹਜ਼ੋਰ



ਆਦਰਸ਼ ਗ੍ਰਿਹਸਥੀ ਅਤੇ ਬਲ, ਉੱਦਮ, ਘਾਲਨਾ ਤੇ ਚਰਿਤਰ ਪਖੋਂ ਮਹਾਨ ਨਜ਼ਰੀਂ ਆਉਣੇ ਚਾਹੀਦੇ ਨੇ। ਕਿਸੇ ਵੀ ਹਾਲਤ ਵਿਚ ਧਾਰਮਕ ਅਧਿਆਤਮਕ ਸੋਚ ਤੇ ਰਾਜਸੀ ਸ਼ਕਤੀ ਨਾਲੋਂ ਨਹੀਂ ਟੁੱਟਣਾ, ਕਿਸੇ ਵੀ ਤਾਕਤ ਦੇ ਅਜ਼ੀਂ ਹੋ ਕੇ, ਉਸਦੀ ਦੁਬੇਲ ਬਣਕੇ ਜਾਂ ਉਸਦੀ ਕਿਸੇ ਈਨ ਨੂੰ ਮੰਨ ਕੇ ਨਹੀਂ ਜੀਉਣਾ ਸਗੋਂ ਸਵੈਮਾਨ, ਸਵੈ-ਭਰੋਸੇ, ਸਵੈਗੌਰਵ ਤੇ ਸਵਤੰਤ੍ਰਤਾ ਨੂੰ ਅਰਥਾਤ ਇਹਨਾਂ ਗੁਣਾ ਲਖਣਾ ਦੇ ਵਾਤਾਵਰਨ ਨੂੰ ਸਥਿਰ ਤੇ ਸਥਾਈ ਰੂਪ ਵਿਚ ਆਪਣੇ ਦੁਆਲੇ ਬਣਾਈ ਰੱਖਣਾ।'

'ਸਿੰਘੋ, ਦਾਸ ਨੇ ਇਹ ਗਲਾਂ ਆਪ ਨਾਲ ਅੱਜ ਏਸ ਕਰਕੇ ਖੁੱਲ ਕੇ ਕੀਤੀਆਂ ਨੇ ਕਿ ਰਾਜ ਭਾਗ ਤਾਂ ਇਕ ਨਾ ਇਕ ਦਿਨ ਖਾਲਸਾ ਪੰਥ ਨੂੰ ਉਸ ਅਕਾਲ ਪੁਰਖ ਦੀ ਕਿਰਪਾ ਨਾਲ ਮਿਲ ਹੀ ਜਾਣਾ ਹੈ, ਪਰ ਉਸਨੂੰ ਜੁਗੋ ਜੁੱਗ ਅਟੱਲ ਰੂਪ ਦੇਣ ਲਈ ਖਾਲਸਾ ਰਾਜ ਦੀਆਂ ਬੁਨਿਆਦਾਂ ਪੰਥ ਨੂੰ ਆਪ ਮਜ਼ਬੂਤ ਕਰਨੀਆਂ ਪੈਣੀਆਂ ਅਤੇ ਰਾਜ ਭਾਗ ਦੇ ਪੈਲਰਾਂ ਨੂੰ ਗੁਰੂ ਘਰ ਦੇ ਟੀਚਿਆਂ ਤੇ ਸੰਕਲਪ ਅਨੁਸਾਰ ਰੂਪ ਰੰਗ ਵੀ ਆਪ ਹੀ ਦੇਣਾ ਪੈਣਾ। ਤਕੜੇ ਹੋ ਕੇ ਆਪਣੀ ਮੰਜ਼ਲ ਤੇ ਆਪਣੇ ਨਸ਼ਾਨੇ ਵੱਲ ਵਧਦੇ ਤੁਰੇ ਜਾਇਓ, ਅਕਾਲ ਪੁਰਖ ਅਵੱਸ਼ ਮੇਹਰ ਕਰੇਗਾ।'

# 15.

ਸਵੇਰੇ ਕੋਈ ੭ ਵਜੇ ਦੇ ਲਗਪਗ ਚਾਂਹ ਅਖ਼ਬਾਰ ਨਵੀਸਾਂ ਅਤੇ ਫੋਟੋਗ੍ਰਾਫਰਾਂ ਉੱਪਰ ਅਧਾਰਤ ਇਕ ਗਰੁਪ ਚੱਕ ਘੰਟਾ ਘਰ ਵਾਲੇ ਪਾਸਿਓਂ ਦਰਬਾਰ ਸਾਹਿਬ ਪਰਕਰਮਾ ਵਿਚ ਦਾਖ਼ਲ ਹੋਇਆ। ਇਹ ਅਖ਼ਬਾਰ ਨਵੀਸ ਤੇ ਫੋਟੋਗ੍ਰਾਫਰ (ਅਖ਼ਬਾਰੀ ਫੋਟੋਗ੍ਰਾਫਰ) ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਵਿਸ਼ੇਸ਼ ਮਨਜ਼ੂਰੀ ਨਾਲ ਕਰਫ਼ੀਓ ਪਾਸ ਲੈ ਕੇ ਦਰਬਾਰ ਸਾਹਿਬ ਵਿਖੇ। ਜੂਨ ਨੂੰ ਸੀ ਆਰ ਪੀ ਵੱਲੋਂ ਕੀਤੀ ਗਈ ਫਾਇਰਿੰਗ ਦੇ ਸਬੰਧ ਵਿਚ ਜਾਣਕਾਰੀ ਲੈਣ ਲਈ ਉਚੇਚੇ ਤੌਰ 'ਤੇ ਦਿੱਲੀ ਤੋਂ ਆਏ ਸਨ।

ਇਸ ਪ੍ਰੈਸ ਟੀਮ ਨੇ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਅਤੇ ਸ੍ਰੀ ਹਰਿਮੰਦਰ ਸਾਹਿਬ ਭਵਨ ਉੱਪਰ ਲਗੀ ਗੋਲੀਆਂ ਦੇ ਨਿਸ਼ਾਨ ਵੇਖੇ ਅਤੇ ਥਾਂ ਪੁਥਾਂ ਤੋਂ ਦਰਜਨਾਂ ਫੋਟੋਆਂ ਉਤਾਰੀਆਂ।

ਇਨ੍ਹਾਂ ਨੇ ਸ਼ਹੀਦ ਹੋਏ ਸਿਖਾਂ ਅਤੇ ਜ਼ਖਮੀ ਸਿਖਾਂ ਬਾਰੇ ਇਧਰ ਉਧਰ ਫਿਰ ਤੁਰ ਕੇ ਸੰਗਤਾਂ ਪਾਸੋਂ ਅਤੇ ਦਰਬਾਰ ਸਾਹਿਬ ਦੇ ਸੇਵਾਦਾਰਾਂ, ਕਰਮਚਾਰੀਆਂ ਤੇ ਜਥੇ ਦੇ ਸਿਖਾਂ ਪਾਸੋਂ ਬੜੇ ਵਿਸਥਾਰ ਨਾਲ ਵੇਰਵੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਪਰਕਰਮਾ ਦੇ ਅੰਦਰ ਅਤੇ ਕੰਪਲੈਕਸ ਦੇ ਕੁਝ ਇਕ ਹੋਰ ਭਾਗਾਂ ਵਿਚ ਜਿਥੇ ਜਿਥੇ ਸਿੰਘ ਸ਼ਹੀਦ ਹੋਏ ਸਨ ਉਹਨਾਂ ਥਾਵਾਂ ਨੂੰ ਦੇਖਿਆ ਅਤੇ ਕੁਝ ਥਾਵਾਂ, ਤੋਂ ਲਹੂ ਦੀਆਂ ਵਰਾਲਾਂ ਤੇ ਜੰਮੀਆਂ ਹੋਈਆਂ ਖੂਨ ਦੀਆਂ ਪੇਪੜੀਆਂ ਬੇਟੀਆਂ ਦੀਆਂ ਫੋਟੋ ਉਤਾਰੀਆਂ।

ਇਨ੍ਹਾਂ ਗੱਲਾਂ ਤੋਂ ਇਲਾਵਾ ਉਹਨਾਂ ਨੇ ਸੀ. ਆਰ. ਪੀ. ਵਲੋਂ ਸ੍ਰੀ ਦਰਬਾਰ ਸਾਹਿਬ ਭਵਨ ਉੱਪਰ ਵਰਾਈਆਂ ਗਈਆਂ ਗੋਲੀਆਂ ਬਾਰੇ ਸਿਖ ਸੰਗਤਾਂ ਦੇ ਪ੍ਰਭਾਵ ਨੋਟ ਕੀਤੇ ਅਤੇ ਉਹਨਾਂ ਦੇ ਇਸ ਸਬੰਧ ਵਿਚ ਖੁੱਲੇ ਵਿਚਾਰ ਜਾਨਣ ਦਾ ਯਤਨ ਕੀਤਾ।

ਪ੍ਰੈਸ ਵਾਲਿਆਂ ਨੇ 32 ਵਡੇ ਨਿਸ਼ਾਨ ਸ੍ਰੀ ਹਰਿਮੰਦਰ ਸਾਹਿਬ ਭਵਨ ਉੱਪਰ ਲੱਗੇ ਵੇਖੇ ਤੇ ਗਿਣੇ। ਆਖਰਕਾਰ ਇਹ ਟੀਮ ਕੋਈ ਇਕ ਘੰਟੇ ਤੱਕ ਦਰਬਾਰ ਸਾਹਿਬ ਪਰਕਰਮਾ, ਹਰਿਮੰਦਰ ਸਾਹਿਬ ਭਵਨ ਤੇ ਕੰਪਲੈਕਸ ਦੇ ਕੁਝ ਇਕ ਹੋਰ ਭਾਗਾਂ ਤੋਂ ਵੇਰਵਾ ਪ੍ਰਾਪਤ ਕਰਨ ਅਤੇ ਸੰਗਤਾਂ ਦੇ ਮਾਨਸਿਕ ਪ੍ਰਭਾਵ ਦਾ ਜਾਇਜ਼ਾ ਲੈਣ ਤੋਂ ਬਾਅਦ 10 ਵਜੇ ਦੇ ਲਗਪਗ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪਾਸ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪਹੁੰਚੀ। ਜਿਸ ਸਮੇਂ ਇਹ ਪ੍ਰੈਸ ਟੀਮ ਸੰਤ ਭਿੰਡਰਾਂਵਾਲਿਆਂ ਦੇ ਨਿਵਾਸ ਅਸਥਾਨ ਵਾਲੇ ਕਮਰੇ 'ਚ ਦਾਖਲ ਹੋਈ ਤਾਂ ਉਸ ਸਮੇਂ ਸੰਤਾਂ ਪਾਸ ਕਾਫ਼ੀ ਸਿੰਘ ਬੈਠੇ ਖਲੋਤੇ ਹੋਏ ਸਨ ਜਿਸ ਕਰਕੇ ਸੰਤਾਂ ਨੇ ਪ੍ਰੈਸ ਟੀਮ ਨੂੰ ਆਇਆ ਵੇਖ ਭਾਈ ਅਮਰੀਕ ਸਿੰਘ ਤੇ ਕੁਝ ਇਕ ਹੋਰ ਸਿਖਾਂ ਤੋਂ ਬਿਨਾ ਬਾਕੀ ਦੇ ਸਭ ਸਿਖਾਂ ਨੂੰ ਕਮਰੇ 'ਚੋਂ ਬਾਹਰ ਭੇਜ ਦਿੱਤਾ।

ਦਿਲੀ ਤੋਂ ਆਈ ਇਸ ਪ੍ਰੈਸਟੀਮ ਨੇ ਜਦ ਸੰਤਾਂ ਪਾਸੋਂ ਕੱਲ ਦੀਆਂ ਘਟਨਾਵਾਂ ਤੇ ਪ੍ਰਸਥਿਤੀਆਂ ਅਤੇ ਵਰਤਮਾਨ ਸਥਿਤੀ ਬਾਰੇ ਕੁਝ ਪੁੱਛਣਾ ਚਾਹਿਆ ਤਾਂ ਸੰਤਾਂ ਨੇ ਉਹਨਾਂ ਨੂੰ ਬੜੇ ਸਾਫ਼ ਤੇ ਸਪਸ਼ਟ ਸ਼ਬਦਾਂ ਵਿਚ ਕਿਹਾ,



'ਤੁਸੀਂ ਪ੍ਰੈਸ ਵਾਲੇ ਮੈਥੋਂ ਬਿਆਨ ਲੈ ਜਾਂਦੇ ਹੋ, ਪਰ ਜਦ ਤੁਸੀਂ ਉਹ ਅਖ਼ਬਾਰਾਂ ਤੇ ਰਸਾਲਿਆਂ ਵਿਚ ਛਪਣ ਲਈ ਭੇਜਦੇ ਹੋ ਤਾਂ ਉਹ ਬਹੁਤ ਹੱਦ ਤੱਕ ਕੱਟ ਵੱਢ ਕੇ ਭੇਜਦੇ ਹੋ, ਸਚਾਈ ਤਾਂ ਇਹ ਹੈ ਕਿ ਤੁਸੀਂ ਬਿਆਨ ਦੀ ਅਸਲ ਭਾਵਨਾ ਨੂੰ ਕੱਢ ਸੁਟਦੇ ਹੋ ਤੇ ਉਸਦੇ ਅਸਲ ਭਾਵ ਅਰਥ ਦਾ ਰੂਪ ਰੰਗ ਬਹੁਤ ਹੱਦ ਤੱਕ ਵਗਾੜ ਦੇਂਦੇ ਹੋ, ਮੈਂ ਪਿਛਲੇ ਕੁਝ ਹਫ਼ਤਿਆਂ ਤੋਂ ਤੁਹਾਨੂੰ ਅਖ਼ਬਾਰਾਂ ਵਾਲਿਆਂ ਨੂੰ ਜਿੰਨੇ ਵੀ ਬਿਆਨ ਦੇਂਦਾ ਰਿਹਾ ਹਾਂ ਉਹਨਾਂ ਵਿਚਲੀ ਅਸਲ ਤੱਤ ਵਾਲੀ ਗੱਲ ਤਾਂ ਛਾਪੀ ਹੀ ਨਹੀਂ ਜਾਂਦੀ ਰਹੀ। ਮੈਨੂੰ ਲਗਦਾ ਕਿ ਤੁਹਾਡੇ ਅਖ਼ਬਾਰਾਂ ਰਸਾਲਿਆਂ ਵਾਲਿਆਂ ਉਤੇ ਸਰਕਾਰ ਦਾ ਡਰ-ਡੌਪਾ ਤੇ ਹਿੰਦੂਵਾਦ ਦਾ ਅਸਰ ਛਾਇਆ ਹੋਇਆ। ਮੇਰਾ ਤਜਰਬਾ ਮੈਨੂੰ ਦਸਦਾ ਕਿ ਤੁਸਾਂ ਮੇਰੇ ਅੱਜ ਵਾਲੇ ਬਿਆਨਾਂ ਨੂੰ ਵੀ ਅੱਵਲ ਤਾਂ ਛਾਪਣਾ ਨਹੀਂ, ਤੇ ਜੇ ਛਾਪ ਵੀ ਦਿੱਤੇ ਤਾਂ ਅਸਲ ਰੂਪ ਵਿਚ ਛਾਪਣ ਦੀ ਦਲੇਰੀ ਨਹੀਂ ਕਰੋਗੇ। ਜੇ ਤੁਸਾਂ ਦਲੇਰੀ ਕਰ ਵੀ ਲਈ ਤੇ ਮੇਰੇ ਅੱਜ ਦੇ ਬਿਆਨਾਂ ਨੂੰ ਤੁਸਾਂ ਛਪਣ ਵਾਸਤੇ ਅਸਲ ਰੂਪ ਵਿਚ ਭੇਜ ਵੀ ਦਿੱਤਾ ਤਾਂ ਉਹਨਾਂ ਨੂੰ ਅੱਗੋਂ ਤੁਹਾਡੇ ਅਖ਼ਬਾਰਾਂ ਰਸਾਲਿਆਂ ਵਾਲਿਆਂ ਨੇ ਨਹੀਂ ਛਾਪਣਾ।

ਇਸ ਤੋਂ ਬਾਅਦ ਜਦ ਪ੍ਰੈਸ ਵਾਲਿਆਂ ਨੇ ਸੰਤਾਂ ਨੂੰ ਕਿਹਾ ਕਿ ਉਹਨਾ ਦੇ ਅੱਜ ਵਾਲੇ ਬਿਆਨ ਉਹ ਜ਼ਰੂਰ ਛਾਪਣਗੇ ਤਾਂ ਸੰਤਾਂ ਨੇ ਜ਼ਰਾ ਕੁ ਮੁਸਕਰਾ ਕੇ ਤੇ ਬੁਹੜਾ ਜਿਹਾ ਤਨਜ਼ ਨਾਲ ਉਹਨਾਂ ਵੱਲ ਵੇਖਦਿਆਂ ਹੋਇਆਂ ਕਿਹਾ, 'ਇਸਤਰਾਂ ਦੇ ਉੱਤਰ ਤਾਂ ਮੈਂ ਤੁਹਾਡੇ ਅਖ਼ਬਾਰਾਂ ਏਜੰਸੀਆਂ ਵਾਲਿਆਂ ਦੀ ਜ਼ਬਾਨੀ ਪਹਿਲਾਂ ਵੀ ਕਈ ਵਾਰ ਸੁਣ ਚੁੱਕਾ ਹਾਂ।'

ਪ੍ਰੈਸ ਪਾਰਟੀ ਨੇ ਜਦ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉੱਪਰ ਹੋਈ ਫਾਇਰਿੰਗ ਬਾਰੇ ਸੰਤਾਂ ਦਾ ਪ੍ਰਭਾਵ ਪੁਛਿਆ ਤਾਂ ਸੰਤਾਂ ਦਾ ਉਤਰ ਸੀ, 'ਭਾਰਤ ਸਰਕਾਰ ਦੀ ਸੀ ਆਰ ਪੀ ਵਲੋਂ ਸ੍ਰੀ ਦਰਬਾਰ ਸਾਹਿਬ ਭਵਨ ਉੱਪਰ ਕੀਤੀ ਗਈ ਫਾਇਰਿੰਗ ਨੂੰ ਸਮੁੱਚੇ ਖਾਲਸਾ ਪੰਥ ਲਈ ਚੈਲੰਜ ਸਮਝਦਾ ਹਾਂ, ਸਰਕਾਰ ਨੇ ਸਿਖ ਕੌਮ ਦੇ ਸਿਰ ਇਹ ਇਕ ਹੋਰ ਨਵੀਂ ਭਾਜੀ ਚੜ੍ਹਾਈ ਹੈ, ਸਿਖ ਇਸ ਨੂੰ ਜ਼ਰੂਰ ਮੋੜਨਗੇ, ਭਾਵੇਂ ਕਿੱਡੀ ਕੀਮਤ ਵੀ ਅਦਾ ਕਿਉਂ ਨਾ ਕਰਨੀ ਪਵੇ, ਕਿਉਂਕਿ ਖਾਲਸਾ ਪੰਥ ਦਾ ਇਹ ਸੁਭਾ ਤੇ ਖਾਸਾ ਹੈ ਅਤੇ ਰਵਾਇਤ ਵੀ ਹੈ ਕਿ ਇਹ ਆਪਦੇ ਸਿਰ ਕਿਸੇ ਵੱਡੀ ਤੋਂ ਵੱਡੀ ਤਾਕਤ ਵਲੋਂ ਵੀ ਚਾੜ੍ਹੀ ਜਾਣ ਵਾਲੀ ਭਾਜੀ ਨੂੰ ਬਹੁਤ ਲੰਮੇ ਸਮੇਂ ਤੱਕ ਆਪਣੇ ਉੱਪਰ ਚੜ੍ਹੀ ਨਹੀਂ ਰਹਿਣ ਦੇਂਦਾ।'

ਪ੍ਰੈਸ ਵਾਲਿਆਂ ਫਿਰ ਪੁੱਛਿਆ ਕਿ, 'ਤੁਹਾਡਾ ਹੁਣ ਹਿੰਦੁਸਤਾਨ ਦੇ ਨਾਲ ਰਹਿਣ ਬਾਰੇ ਕੀ ਖਿਆਲ ਹੈ?'

ਸੰਤਾਂ ਦਾ ਅਗੋਂ ਉੱਤਰ ਸੀ ਕਿ 'ਹੁਣ ਸਿਖਾਂ ਦਾ ਭਾਰਤ ਦੇ ਨਾਲ ਇਕੱਠੇ ਰਹਿਣਾ ਅਸੰਭਵ ਹੋ ਗਿਆ ਹੈ। ਇਸ ਲਈ ਹਰ ਉਹ ਸਿਖ ਜਿਸਦੀ ਜ਼ਮੀਰ ਆਪਣੀ ਹੈ ਤੇ ਜੀਉਂਦੀ ਹੈ ਅਤੇ ਜਿਸਦੇ ਹਿਰਦੇ ਉੱਪਰ ਗੁਰੂ ਘਰ ਦੇ ਸੱਚ ਦੀ ਮੋਹਰ ਲੱਗੀ ਹੋਈ ਹੈ ਹੁਣ ਉਹ ਹਿੰਦੁਸਤਾਨ ਨਾਲ ਇਕੱਠਿਆਂ ਰਹਿਣ ਦੀ ਗੱਲ ਸੋਚ ਤਾਂ ਕੀ ਅਚੇਤ ਰੂਪ ਵਿਚ ਵੀ ਆਪਣੇ ਮਨ ਵਿਚ ਨਹੀਂ ਲਿਆ ਸਕਦਾ।'

ਪ੍ਰੈਸ ਵਾਲਿਆਂ ਦਾ ਫਿਰ ਇਹ ਸਵਾਲ ਸੀ ਕਿ, ਤੁਹਾਡੇ ਫਿਰ ਹੁਣ ਖਾਲਿਸਤਾਨ ਬਾਰੇ ਕੀ ਖਿਆਲ ਹਨ?'

ਸੰਤਾਂ ਨੇ ਬੜੇ ਸਾਫ਼ ਤੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ 'ਇਕ ਜੂਨ ਤੋਂ ਪਹਿਲਾਂ ਅਰਥਾਤ ਕੱਲ ਤੋਂ ਪਹਿਲਾਂ ਮੈਂ ਨਾ ਤਾਂ ਕਦੀ ਖਾਲਿਸਤਾਨ ਦੀ ਮੁਖਾਲਫਤ ਕੀਤੀ ਸੀ ਤੇ ਨਾ ਹੀ ਇਸਦੀ ਖੁੱਲ ਕੇ

ਹਮਾਇਤ ਹੀ ਕੀਤੀ ਸੀ। ਮੈਂ ਹਮੇਸ਼ਾਂ ਇਹ ਕਹਿੰਦਾ ਰਿਹਾ ਹਾਂ ਕਿ ਇਹ ਗੱਲ ਭਾਰਤ ਸਰਕਾਰ ਨੇ ਸੋਚਨੀ ਹੈ ਕਿ ਉਸਨੇ ਸਿਖਾਂ ਨੂੰ ਨਾਲ ਰਖਣਾ ਹੈ ਕਿ ਨਹੀਂ ਕਿਉਂਕਿ ਸਿਖ ਭਾਰਤ ਵਿਚ ਦੂਸਰੇ ਨੰਬਰ ਦੇ ਸ਼ਹਿਰੀ ਬਣਕੇ ਨਹੀਂ ਰਹਿ ਸਕਦੇ। ਅਸੀਂ ਜੇ ਹਿੰਦੁਸਤਾਨ ਨਾਲ ਰਹਾਂਗੇ ਤਾਂ ਬਰਾਬਰ ਦੇ ਸ਼ਹਿਰੀ ਬਣਕੇ ਰਹਾਂਗੇ ਅਤੇ ਆਪਣੇ ਧਰਮ ਵਿਚ ਕਿਸੇ ਦਾ ਭੁਹੜਾ ਜਿੰਨਾ ਵੀ ਦਖਲ ਬਰਦਾਸ਼ਤ ਨਹੀਂ ਕਰਾਂਗੇ ਤੇ ਖਾਲਸਾ ਪੰਥ ਦੀ ਆਜ਼ਾਦ ਹਸਤੀ ਅਤੇ ਇਸਦੀ ਵਿਲਖਣਤਾ ਉਪਰ ਕਿਸੇ ਪਰਕਾਰ ਦਾ ਹਮਲਾ ਬਰਦਾਸ਼ਤ ਨਹੀਂ ਕਰਾਂਗੇ। ਪਰ ਹੁਣ ਜਦੋਂ ਭਾਰਤ ਦੀ ਹਿੰਦੂ ਸਰਕਾਰ ਨੇ ਸੱਚਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਦੇ ਭਵਨ ਉੱਪਰ ਆਪਣੀਆਂ ਮਸ਼ੀਨ ਗੰਨਾਂ ਦੇ ਮੂੰਹ ਹੀ ਖੋਹਲ ਦਿੱਤੇ ਨੇ ਤਾਂ ਇਸ ਹਾਲਤ ਵਿਚ ਹੁਣ ਸਾਡਾ ਨਸ਼ਾਨਾ ਖਾਲਿਸਤਾਨ ਹੋਵੇਗਾ ਅਤੇ ਭਵਿੱਖ ਵਿਚ ਇਸਦੀ ਪ੍ਰਾਪਤੀ ਲਈ ਹੀ ਜੂਝਾਂਗੇ।'

ਸੰਤਾਂ ਵੱਲੋਂ ਖਾਲਿਸਤਾਨ ਦੇ ਸਬੰਧ ਵਿਚ ਸਾਫ ਤੇ ਸਪਸ਼ਟ ਰੂਪ ਵਿਚ ਦਿੱਤੇ ਗਏ ਬਿਆਨ ਨੂੰ ਸੁਣ ਕੇ ਪ੍ਰੈਸ ਵਾਲਿਆਂ ਨੇ ਆਪੋ ਵਿਚ ਇਕ ਦੂਸਰੇ ਵੱਲ ਵੇਖਿਆ ਤੇ ਫਿਰ ਪੈਰ 'ਤੇ ਹੀ ਸਵਾਲਾਂ ਦੀ ਰਮਜ਼ ਨੂੰ ਹੋਰ ਰੁਖ ਦੇਂਦਿਆਂ ਹੋਇਆਂ ਸੰਤਾਂ ਤੋਂ ਪੁਛਿਆ ਕਿ, 'ਤੁਸੀਂ ਕੋਈ ਸਿਖ ਕੌਮ ਦੇ ਨਾਂ ਪੈਗਾਮ ਜਾਂ ਸੰਦੇਸ਼ ਆਦੇਸ਼ ਦੇਣਾ ਚਾਹੁੰਦੇ ਹੋ?'

ਸੰਤਾਂ ਦਾ ਦੋ ਟੁੱਕ ਰੂਪ ਵਿਚ ਉੱਤਰ ਸੀ 'ਹਾਂ ਸਮੁੱਚੀ ਸਿਖ ਕੌਮ ਦੇ ਨਾਂ ਮੇਰਾ ਇਹ ਸੰਦੇਸ਼ ਹੈ ਕਿ ਜਿਸ ਦਿਨ ਸੀ. ਆਰ. ਪੀ. ਜਾਂ ਭਾਰਤ ਸਰਕਾਰ ਦੀ ਫੌਜ ਆਦਿ ਵੱਲੋਂ ਦਰਬਾਰ ਸਾਹਿਬ ਉੱਪਰ ਧਾਵਾ ਬੋਲ ਦਿੱਤਾ ਜਾਵੇ ਤਾਂ ਉਸ ਦਿਨ ਤੋਂ ਹਰ ਇਕ ਸਿਖ ਨੂੰ ਭਾਰਤ ਸਰਕਾਰ ਦੇ ਵਿਰੁਧ ਜੰਗ ਸ਼ੁਰੂ ਕਰ ਦੇਣੀ ਚਾਹੀਦੀ ਹੈ। ਸ੍ਰੀ ਦਰਬਾਰ ਸਾਹਿਬ ਉੱਪਰ ਹਮਲੇ ਤੋਂ ਬਾਅਦ ਕਿਸੇ ਨੂੰ ਇਧਰ ਸਾਡੀ ਵੱਲ ਆਉਣ ਦੀ ਕੋਸ਼ਸ਼ ਨਹੀਂ ਕਰਨੀ ਚਾਹੀਦੀ, ਇਥੇ ਲੜਾਈ ਅਸੀਂ ਆਪ ਲੜਾਂਗੇ, ਪਰ ਉਹਨਾਂ ਨੂੰ ਥਾਂ ਪੁਥਾਂ ਭਾਰਤ ਸਰਕਾਰ ਦੇ ਵਿਰੁਧ ਹਥਿਆਰ ਚੁੱਕ ਲੈਣੇ ਚਾਹੀਦੇ ਹਨ। ਖਾਲਸਾ ਪੰਥ ਦੇ ਨਾਂ ਮੇਰਾ ਇਹ ਖੁੱਲਾ ਐਲਾਨ ਤੇ ਹੋਕਾ ਹੈ ਕਿ ਉਸ ਦਿਨ ਤੋਂ ਬਾਅਦ ਜਿਥੇ ਕਿਤੇ ਵੀ ਕੋਈ ਗੁਰੂ ਘਰ ਦਾ ਨਿੰਦਕ, ਸਿਖ ਕੌਮ ਦਾ ਦੁਸ਼ਮਨ ਵੈਰੀ ਅਤੇ ਸਿਖ ਧਰਮ ਦਾ ਦੋਖੀ ਨਜ਼ਰੀ ਆਵੇ ਤੇ ਦਾਹੜ ਹੇਠ ਆਉਂਦਾ ਦਿੱਸੇ ਉਸਨੂੰ ਕਿਸੇ ਹਾਲਤ ਵਿਚ ਵੀ ਮੁਆਫ ਨਹੀਂ ਕਰਨਾ ਸਗੋਂ ਉਸਨੂੰ ਪੂਰਨ ਦ੍ਰਿੜਤਾ ਤੇ ਪੱਕੇ ਮਨ ਨਾਲ ਸੋਧਨ ਦਾ ਰਾਹ ਮੱਲਣਾ ਹੈ। ਮੇਰੀ ਸਮੁੱਚੇ ਖਾਲਸਾ ਪੰਥ ਦੇ ਚਰਨਾਂ ਵਿਚ ਇਹ ਵੀ ਬੇਨਤੀ ਹੈ ਕਿ ਸ੍ਰੀ ਦਰਬਾਰ ਸਾਹਿਬ ਉੱਪਰ ਹਮਲੇ ਤੋਂ ਪਿਛੋਂ ਖਾਲਿਸਤਾਨ ਦੀ ਪ੍ਰਾਪਤੀ ਤੋਂ ਬਗੈਰ ਹੋਰ ਕੋਈ ਵੀ ਛੋਟੀ ਵਡੀ ਲੜਾਈ ਨਹੀਂ ਲੜਨੀ ਹੋਵੇਗੀ। ਸਗੋਂ ਇਸ ਤੋਂ ਬਾਅਦ ਸਿਧੇ ਤੌਰ 'ਤੇ ਐਲਾਨੀਆਂ ਤੌਰ 'ਤੇ ਖਾਲਿਸਤਾਨ ਦੀ ਲੜਾਈ ਲੜਨੀ ਹੋਵੇਗੀ।

ਜੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਹਮਲੇ ਤੋਂ ਬਾਅਦ ਵੀ ਕੋਈ ਸਿਖ ਆਗੂ ਖਾਲਸਾ ਪੰਥ ਨੂੰ ਹਿੰਦੁਸਤਾਨ ਦੀ ਅਖੰਡਤਾ ਭਾਰਤ ਦੀ ਅਖਾਉਤੀ ਧਰਮ ਨਿਰਪੱਖਤਾ, ਹਿੰਦੂ ਸਿਖ ਏਕਤਾ ਤੇ ਭਾਰਤ ਦੀ ਆਜ਼ਾਦੀ ਦੀ ਰੱਖਿਆ ਦੇ ਨਾਂ ਉੱਪਰ ਪੰਥ ਨੂੰ ਗੁਮਰਾਹ ਕਰਨ ਲਈ ਦਲੀਲਾਂ ਦੇਂਦਾ ਹੈ, ਪਰਚਾਰ ਕਰਦਾ ਹੈ ਤਾਂ ਐਸੇ ਦੁਸ਼ਟ ਤੇ ਪੰਥ ਘਾਤਕ ਸਿਖ ਆਗੂਆਂ ਨੂੰ ਉੱਕਾ ਹੀ ਮੂੰਹ ਨਾ ਲਾਇਆ ਜਾਵੇ। ਜੇਹੜਾ ਵੀ ਕੋਈ ਵਿਅਕਤੀ ਆਪਣੇ ਆਪ ਵਿਚ ਪੰਥਕ ਆਗੂ ਹੋਣ ਦਾ ਦਾਅਵੇਦਾਰ ਬਣਦਾ ਹੋਇਆ ਸਿਖ ਕੌਮ ਨੂੰ ਛੋਟੀਆਂ ਮੋਟੀਆਂ ਮੰਗਾਂ ਲਈ ਸਤਿਆਗ੍ਰਹਿ ਦੇ ਰਸਤੇ ਉੱਪਰ ਪਾਉਂਦਾ ਹੈ ਤੇ ਸ਼ਾਂਤੀ ਸ਼ਾਂਤੀ ਕੂਕਦਾ ਹੋਇਆ ਹਿੰਦੁਸਤਾਨ ਦੀ ਏਕਤਾ ਤੇ ਅਖੰਡਤਾ ਦਾ ਵਾਸਤਾ ਪਾਉਂਦਾ ਹੈ ਤਾਂ ਉਸ ਹਾਲਤ ਵਿਚ ਉਸਨੂੰ ਗੁਰੂ ਘਰ ਦਾ ਦੋਖੀ ਅਤੇ ਸਿਖ ਕੌਮ ਦਾ ਦੁਸ਼ਮਨ ਤੇ ਵੱਡਾ ਗੱਦਾਰ ਸਮਝਣਾ ਹੋਵੇਗਾ। ਇਹ ਮੇਰੀ ਸਭਨਾ ਦੇ ਪਾਸ ਅਰਥਾਤ ਸਮੁਚੇ ਖਾਲਸਾ ਪੰਥ ਪਾਸ ਹੱਥ



ਜੋੜ ਕੇ ਬੇਨਤੀ ਹੈ ਕਿ ਦਰਬਾਰ ਸਾਹਿਬ ਉੱਪਰ ਹਮਲੇ ਤੋਂ ਬਾਅਦ ਖਾਲਿਸਤਾਨ ਦਾ ਝੰਡਾ ਆਪਣੇ ਹੱਥਾਂ ਵਿਚ ਲੈ ਕੇ ਰਣ-ਤੱਤੇ ਵਿਚ ਉਤਰ ਆਉਣਾ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਮਨੋ ਚਿਤੋਂ ਦ੍ਰਿੜ ਸੰਕਲਪ ਹੋ ਕੇ ਹਿੰਦੂ ਸਾਮਰਾਜ ਵਿਰੁਧ ਲੜਨਾ ਤੇ ਜੂਝਣਾ।'

ਇਸਦੇ ਨਾਲ ਹੀ ਸੰਤਾਂ ਨੇ ਦਿੱਲੀ ਦੇ ਇਨ੍ਹਾਂ ਅਖਬਾਰੀ ਨੁਮਾਇੰਦਿਆਂ ਨੂੰ ਫਿਰ ਜ਼ਰਾ ਜੋਰਦਾਰ ਸ਼ਬਦਾਂ ਵਿਚ ਸੰਬੋਧਨ ਕਰਦਿਆਂ ਕਿਹਾ, 'ਹੁਣ ਮੇਰਾ ਦੂਸਰਾ ਬਿਆਨ ਵੀ ਜੋ ਭਾਰਤ ਸਰਕਾਰ ਦੇ ਵਿਰੁਧ ਖੁਲ੍ਹੀ ਤੇ ਐਲਾਨੀਆਂ ਬਗਾਵਤ ਬਾਰੇ ਹੈ, ਉਹ ਵੀ ਲਿਖ ਲਓ, ਇਹ ਮੇਰਾ ਬਿਆਨ ਜ਼ਰਾ ਦਲੇਰੀ ਨਾਲ ਲਿਖਿਓ ਤੇ ਦਲੇਰੀ ਨਾਲ ਛਪਵਾਉਣ ਦੀ ਕੋਸ਼ਸ਼ ਕਰਿਓ।

'ਮੇਰੀ ਵੱਲੋਂ ਫੌਜ, ਪੁਲੀਸ ਅਤੇ ਸਭ ਸਿਵਲ ਤੇ ਨੀਮ ਫੌਜੀ ਅਦਾਰਿਆਂ ਵਿਚ ਤੇ ਵਿਭਾਗਾਂ ਅੰਦਰ ਕੰਮ ਕਰਨ ਵਾਲੇ ਹਰ ਗੁਰੂ ਦੇ ਸਿਖ ਨੂੰ ਜਿਸਦੇ ਨਾਮ ਨਾਲ ਸਿਖ ਸ਼ਬਦ ਲਗਦਾ ਹੈ, ਇਸ ਗੱਲ ਦੀ ਖੁੱਲੀ ਅਪੀਲ ਕੀਤੀ ਜਾਂਦੀ ਹੈ ਅਤੇ ਉਹਨਾਂ ਦੇ ਨਾਂ ਮੇਰਾ ਇਹ ਸੰਦੇਸ਼ ਤੇ ਖੁੱਲਾ ਐਲਾਨ ਹੈ ਕਿ ਸ੍ਰੀ ਦਰਬਾਰ ਸਾਹਿਬ ਉੱਪਰ ਹਮਲੇ ਤੋਂ ਬਾਅਦ ਸਾਰੇ ਦੇ ਸਾਰੇ ਸਿਖ ਫੌਜੀ, ਸਿਖ ਕਰਮਚਾਰੀ, ਸਿਖ ਅਫਸਰ, ਸਿਖ ਅਧਿਕਾਰੀ ਅਤੇ ਹਰ ਸਮੂਹ ਸਿਖ ਜਥੇਬੰਦੀਆਂ, ਦਲਾਂ, ਸੰਪਰਦਾਵਾਂ ਤੇ ਸਮੁਚੀ ਸਿਖ ਸੰਗਤ ਨੂੰ, ਜਿੱਥੇ ਜਿੱਥੇ ਵੀ ਉਹ ਹਨ, ਆਪਣੇ ਆਪਣੇ ਖੇਤਰ ਵਿਚ ਜਥੇਬੰਦ ਹੋਕੇ ਤੇ ਆਪਣੇ ਆਪਣੇ ਹਥਿਆਰ ਉਠਾ ਕੇ ਭਾਰਤ ਸਰਕਾਰ ਤੇ ਉਸਦੇ ਹਿੰਦੂ ਸਾਮਰਾਜ ਦੇ ਖਲਾਫ ਖੁੱਲੀ ਬਗਾਵਤ ਦਾ ਝੰਡਾ ਚੁੱਕ ਲੈਣ, ਕਿਉਂਕਿ ਇਸਤਰਾਂ ਕਰਨਾ ਹੁਣ ਹਰ ਇਕ ਸਿੱਖ ਦਾ ਧਰਮ ਬਣਦਾ ਹੈ। ਭਾਰਤ ਸਰਕਾਰ ਦੇ ਹੁਕਮ ਨਾਲ ਸੈਂਟਰਲ ਰੀਜ਼ਰਵ ਪੁਲੀਸ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਭਵਨ ਉੱਪਰ ਕੀਤੀ ਗਈ ਤਾਬੜ ਤੋੜ ਫਾਇਰਿੰਗ ਨੂੰ ਵੇਖਦਿਆਂ ਹੋਇਆਂ ਅਤੇ ਆਉਣ ਵਾਲੇ ਸਮੇਂ ਵਿਚ ਸ੍ਰੀ ਦਰਬਾਰ ਸਾਹਿਬ ਉੱਪਰ ਭਾਰਤੀ ਫੌਜ ਵਲੋਂ ਕੀਤੇ ਜਾਣ ਵਾਲੇ ਫੌਜੀ ਹਮਲੇ ਦੀਆਂ ਸੰਭਾਵਨਾਵਾਂ ਨੂੰ ਵੇਖਦਿਆਂ ਹੋਇਆਂ ਮੇਰੀ ਵਲੋਂ ਭਾਰਤ ਸਰਕਾਰ ਦੇ ਖਲਾਫ ਐਲਾਨ-ਏ-ਜੰਗ ਹੈ।'

# 16.

ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਆਈ ਪ੍ਰੈਸ ਪਾਰਟੀ ਤੋਂ ਇਲਾਵਾ ਕੁਝ ਇਕ ਲੋਕਲ ਪ੍ਰੈਸ ਰੀਪੋਰਟ ਵੀ ਸੀ. ਆਰ. ਪੀ. ਦੇ ਸੈਂਟਰੀਆਂ ਤੇ ਅਫਸਰਾਂ ਦੀਆਂ ਝਿੜਕਾਂ ਝੰਬਾਂ ਖਾਣ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਪਹੁੰਚ ਚੁੱਕੇ ਸਨ ਅਤੇ ਉਹ ਸਮੁੰਦਰੀ ਹਾਲ ਦੇ ਆਸ ਪਾਸ, ਅਕਾਲੀ ਆਗੂਆਂ ਤੇ ਜਥੇਦਾਰਾਂ ਦੇ ਬਿਆਨ ਲੈਣ ਅਤੇ ਉਥੋਂ ਦੇ ਸਾਰੇ ਹਾਲਾਤ ਸਬੰਧੀ ਜਾਇਜ਼ਾ ਲੈਣ ਲਈ ਇਧਰ ਉਧਰ ਘੁੰਮ ਫਿਰ ਰਹੇ ਸਨ।

ਅੰਮ੍ਰਿਤਸਰ ਦੇ ਲੋਕਲ ਪ੍ਰੈਸ-ਨਾਮਾ ਨਗਾਰਾਂ ਨੂੰ, ਜਿਨਾਂ ਕੋਲ ਕਰਫੀਊ ਪਾਸ ਵੀ ਸਨ, ਦਰਬਾਰ ਸਾਹਿਬ ਕੰਪਲੈਕਸ ਤੱਕ ਪੁਜਣ ਤੋਂ ਪਹਿਲਾਂ ਸੀ. ਆਰ. ਪੀ. ਵੱਲੋਂ ਰਾਹ ਵਿਚ ਥਾਂ ਥਾਂ ਉੱਪਰ ਰੋਕ ਕੇ ਜਲੀਲ ਕੀਤਾ ਗਿਆ ਅਤੇ ਉਹਨਾਂ ਦੀ ਜ਼ਮੀਰ ਨੂੰ ਹੱਦ ਦਰਜੇ ਤੱਕ ਦੀਆਂ ਹੇਠੀ ਭਰੀਆਂ ਗੱਲਾਂ ਕਹਿ ਕਹਿ ਕੇ ਤੇ ਸੁਣਾ ਸੁਣਾ ਕੇ ਨੋਚਿਆ ਗਿਆ ਤੇ ਜ਼ਖਮੀ ਕੀਤਾ ਗਿਆ।

ਅੰਮ੍ਰਿਤਸਰ ਦੇ ਇਨ੍ਹਾਂ ਪ੍ਰੈਸ ਨਾਮਾ ਨਗਾਰਾਂ ਵੱਲੋਂ ਬਾਰ ਬਾਰ ਕਰਫੀਊ ਪਾਸ ਵਖਾਏ ਜਾਣ ਦੇ ਬਾਵਜੂਦ ਹਰ ਚੌਕ ਤੇ ਮੋੜ ਉੱਪਰ ਉਹਨਾਂ ਦੀਆਂ ਦਸਤਾਰਾਂ ਟੋਹੀਆਂ ਗਈਆਂ, ਪੈਂਟਾਂ ਕਮੀਜ਼ਾਂ ਦੀਆਂ ਜੇਬ੍ਹਾਂ ਤੱਕ ਫੋਲੀਆਂ ਗਈਆਂ, ਉਹਨਾਂ ਦੇ ਜਿਸਮ ਦੇ ਵੱਖ ਵੱਖ ਭਾਗਾਂ ਨੂੰ ਬੜੇ ਹੀ ਬੇਕਿਰਕ ਤੇ ਕੁਰਖਤ ਲਹਿਜੇ ਵਿਚ ਇਸਤਰਾਂ ਟੋਹਿਆ ਜਾਂਦਾ ਰਿਹਾ ਜਿਸਤਰਾਂ ਕਸਾਈ ਕਿਸੇ ਭੇਡ ਜਾਂ ਬਕਰੇ ਦਾ ਸੌਦਾ ਕਰਨ ਤੋਂ ਪਹਿਲਾਂ ਉਸਦੇ ਵੱਖ ਵੱਖ ਭਾਗਾਂ ਤੇ ਹੱਡਾਂ ਪਸਲੀਆਂ ਨੂੰ ਟੋਹੰਦਾ ਹੈ।

ਜਿਸ ਸਮੇਂ ਇਨ੍ਹਾਂ ਪ੍ਰੈਸ ਨਾਮਾਨਿਗਾਰਾਂ ਦੀ ਤਲਾਸ਼ੀ ਲਈ ਜਾ ਰਹੀ ਹੁੰਦੀ, ਉਸ ਸਮੇਂ ਹਥਿਆਰ ਬੰਦ ਸਿਪਾਹੀ ਉਹਨਾਂ ਵੱਲ ਰਾਈਫਲਾਂ ਸਟੇਨ ਗੰਨਾਂ ਦੇ ਮੂੰਹ ਤਾਣੀ ਪੂਰੀ ਤਿਆਰੀ ਵਿਚ ਖਲੋਤੇ ਹੋਏ ਹੁੰਦੇ ਅਤੇ ਇਨ੍ਹਾਂ ਅਖਬਾਰ ਨਵੀਸਾਂ ਦੇ ਜ਼ਰਾ ਕੁ ਵੀ ਹਿਲਣ ਜੁਲਣ ਜਾਂ ਉਹਨਾਂ ਵੱਲ ਸੀ. ਆਰ. ਪੀ. ਵਾਲਿਆਂ ਦੇ ਇਸ ਅੱਨ-ਮਨੁੱਖੀ ਤੇ ਗੈਰ ਮੁਹੱਜ਼ਬ ਵਤੀਰੇ ਬਾਰੇ ਕੋਈ ਥੋੜ੍ਹੀ ਜਿੰਨੀ ਵੀ ਗੱਲ ਕਰਦੇ ਤਾਂ ਉਸ ਹਾਲਤ ਵਿਚ ਉਹਨਾਂ ਨੂੰ ਸਖਤ ਧਮਕੀਆਂ ਦਿੱਤੀਆਂ ਜਾਂਦੀਆਂ ਤੇ ਬੁਰਾ ਭਲਾ ਕਿਹਾ ਜਾਂਦਾ।

ਇਨ੍ਹਾਂ ਪ੍ਰੈਸ ਨਾਮਾ ਨਿਗਾਰਾਂ ਵਿਚ ਇਕ ਹਰਬੀਰ ਸਿੰਘ ਭੰਵਰਾ ਨਾਂ ਦਾ ਪ੍ਰੈਸ ਨੁਮਾਇੰਦਾ ਵੀ ਸੀ, ਜਿਸ ਨੂੰ ਫੈਡਰੇਸ਼ਨ ਦੇ ਬਹੁਤ ਸਾਰੇ ਜਵਾਨ ਆਪੋ ਵਿਚ ਗੱਲਾਂ ਬਾਤਾਂ ਕਰਦੇ ਸਮੇਂ ਹਰਬੀਰ ਸਿੰਘ ਘੁੰਮਨ ਘੇਰ ਜਾਂ ਜਲ-ਭੰਬੀਰੀ ਦਾ ਨਾਮ ਦਿਆ ਕਰਦੇ ਸਨ ਕਿਉਂਕਿ ਫੈਡਰੇਸਨ ਦੇ ਬਹੁਤ ਸਾਰੇ ਜਵਾਨਾਂ ਨੂੰ ਇਸ ਗੱਲ ਦਾ ਪਤਾ ਸੀ ਕਿ ਇਹ ਪ੍ਰੈਸ ਰੀਪੋਰਟਰ ਸਿਰਫ ਇਕ ਹਜ਼ਾਰ ਰੁਪਏ ਮਹੀਨੇ ਦੇ ਵਾਧੂ ਲਾਭ ਦੀ ਖਾਤਰ ਸੰਤ ਲੌਂਗੋਵਾਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਇਕ ਜਥੇਦਾਰਾਂ ਦੀ ਖੁਸ਼ਨੂਦੀ ਹਾਸਲ ਕਰਨ ਲਈ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੇ ਫੈਡਰੇਸਨ ਦੇ ਖਿਲਾਫ



ਅਖਬਾਰਾਂ ਤੇ ਪ੍ਰੈਸ ਏਜੰਸੀਆਂ ਨੂੰ ਅਕਸਰ ਬਿਆਨ ਭੇਜਦਾ ਭਜਵਾਉਂਦਾ ਰਹਿੰਦਾ ਸੀ। ਇਸ ਵਿਅਕਤੀ ਬਾਰੇ ਇਹ ਆਮ ਚਰਚਾ ਸੀ ਕਿ ਇਸ ਵਿਚਾਰੇ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਪਾਇਆ ਜਾਣ ਵਾਲਾ ਰੋਟੀ ਦਾ ਸਰਗਲਾ ਟੁਕੜਾ ਜੁਝਾਰੂ ਸਿੰਘ ਦੇ ਖਲਾਫ ਭੌਂਕਣ ਲਈ ਮਜਬੂਰ ਕਰ ਰਿਹਾ ਹੈ। ਫੈਡਰੇਸ਼ਨ ਦੇ ਜਵਾਨਾਂ ਦਾ ਇਹ ਖਿਆਲ ਸੀ ਕਿ ਇਹ 'ਭੰਵਰ' ਸਿਘਾਂ ਦੀਆਂ ਜੁਝਾਰੂ ਨੀਤੀਆਂ ਤੇ ਸਰਗਰਮੀਆਂ ਨੂੰ ਅਖਬਾਰੀ ਦੁਨੀਆਂ ਦੇ ਸਾਗਰ ਵਿਚ ਪੈ ਰਹੇ ਮਾਰੂ ਭੰਵਰਾਂ ਅਰਥਾਤ ਘੁੰਮਨਘੇਰਾਂ ਵਿਚ ਸੁਟਨ ਲਈ ਅੱਠੇ ਪਹਿਰ ਤਾਕ ਲਗਾਈ ਰਖਦਾ ਸੀ। ਅਸਲ ਵਿਚ ਇਸਦਾ ਮੁਖ ਕੰਮ ਹੀ ਇਹ ਸੀ ਕਿ ਜਥੇ ਤੇ ਫੈਡਰੇਸ਼ਨ ਨਾਲ ਜੁੜੀਆਂ ਹੋਈਆਂ ਪੰਥਕ ਭਲਾਈ ਤੇ ਚੜ੍ਹਦੀ ਕਲਾ ਵਾਲੀਆਂ ਸਚਾਈਆਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਕਿਸੇ ਘੁੰਮਨਘੇਰ ਤੇ ਚੱਕਰ ਵਿਚ ਪਾਉਣਾ। ਜਿਸ ਕਰਕੇ ਫੈਡਰੇਸ਼ਨ ਦੇ ਜਵਾਨਾਂ ਨੇ ਇਸ 'ਭੰਵਰ' ਦਾ ਨਾਂ ਹੀ ਘੁੰਮਨਘੇਰ ਤੇ ਜਲ-ਭੰਬੀਰੀ ਰੱਖ ਛੱਡਿਆ ਸੀ।

ਖੈਰ, ਸਿਖ ਪ੍ਰੈਸ ਰੀਪੋਰਟਰਾਂ, ਜਿਨਾਂ ਵਿਚ ਭਾਰਤ ਦੀ ਏਕਤਾ ਤੇ ਅਖੰਡਤਾ ਦਾ ਦਿਲਦਾਦਾ 'ਭੰਵਰ' ਵੀ ਸ਼ਾਮਲ ਸੀ, ਦੀ ਇਹ ਦੁਰਦਸ਼ਾ ਕਰਨ ਤੋਂ ਬਾਅਦ ਜਦ ਉਹਨਾਂ ਨੂੰ ਉਥੋਂ ਜਾਣ ਦੀ ਆਗਿਆ ਦਿੱਤੀ ਗਈ ਤਾਂ ਉਹਨਾਂ ਦੇ ਉੱਤੇ ਨਿਮ ਮੋਈ ਤੇ ਜਲੀਲ ਅਵਸਥਾ ਵਿਚ ਤੁਰਨ ਸਮੇਂ ਵੀ ਸੀ. ਆਰ. ਪੀ. ਦੇ ਸਿਪਾਹੀਆਂ (ਜੋ ਸਭ ਦੇ ਸਭ ਹਿੰਦੂ ਹੀ ਸਨ) ਵਲੋਂ ਬੜੇ ਤਨਜ਼ ਭਰਪੂਰ ਤੇ ਨਫਰਤ ਭਰੇ ਢੰਗ ਨਾਲ ਉਹਨਾਂ ਨੂੰ ਸੁਣਾ ਸੁਣਾ ਕੇ ਤੇ ਲਾ ਲਾ ਕੇ ਗੱਲਾਂ ਕਹੀਆਂ ਜਾ ਰਹੀਆਂ ਸਨ।

'ਜਾਓ ਜਾਓ, ਅਬ ਹਮਾਰੇ ਮੂੰਹ ਕੀ ਤਰਫ ਕਿਆ ਦੇਖਤੇ ਹੋ। ਤੁਮ ਤੋਂ ਸਭ ਅਖਬਾਰ ਵਾਲੇ ਲੋਗ ਹੋ, ਦਰਬਾਰ (ਸਾਹਿਬ) ਵਾਲੇ ਤੁਮੇ ਜੋ ਅਛਾ ਖਾਸਾ ਖਲਾਤੇ ਪਲਾਤੇ ਹੋਂਗੇ, ਭਲਾ ਗੋਲੀ ਤੁਮ ਲੋਗੋਂ ਕੇ ਜਿਸਮ ਕਾ ਕਿਆ ਬਗਾੜ ਸਕਤੀ ਹੈ। ... ਜਾਓ ਜਾਓ ਅਬ ਪੀਛੇ ਮੁੜ ਮੁੜ ਕਰ ਕਿਆ ਦੇਖਤੇ ਹੋ, ਸਾਲੇ ਅਖਬਾਰੀਏ ਕੌ।'

ਜਿਸ ਸਮੇਂ ਇਹ ਸਿਖ ਨਾਮਾਨਗਾਰ ਸਮੁੰਦਰੀ ਹਾਲ ਦੇ ਆਸ ਪਾਸ ਇਧਰ ਉੱਧਰ ਘੁੰਮ ਫਿਰ ਰਹੇ ਸਨ ਤਾਂ ਉਸ ਸਮੇਂ ਉਹਨਾਂ ਵੱਲ ਵੇਖਿਆਂ ਇਹ ਗੱਲ ਸਾਫ ਨਜ਼ਰੀ ਆ ਰਹੀ ਸੀ ਕਿ ਜਿਵੇਂ ਉਹ ਮਾਨਸਿਕ ਤੌਰ 'ਤੇ ਬਹੁਤ ਹੀ ਦੁਖੀ, ਪਰੇਸ਼ਾਨ ਤੇ ਢਹਿੰਦੀ ਕਲਾ ਵਿਚ ਹੁੰਦੇ ਹਨ। ਉਹਨਾਂ ਦੇ ਚੇਹਰਿਆਂ ਦਾ ਰੰਗ ਉਡਿਆ ਉਡਿਆ ਤੇ ਬੁਝਿਆ ਬੁਝਿਆ ਸੀ ਅਤੇ ਹਰ ਵੇਖਣ ਵਾਲੇ ਨੂੰ ਉਹਨਾਂ ਦੀ ਸ਼ਕਲ ਸੂਰਤ ਇਹ ਪ੍ਰਭਾਵ ਦੇ ਰਹੀ ਸੀ ਕਿ ਜਿਵੇਂ ਕਿਸੇ ਹੈਂਸਿਆਰੇ ਤੇ ਜਰਵਾਣੇ ਮਨੁੱਖ ਨੇ ਆਪਣੇ ਵਹਿਸ਼ੀ ਵਤੀਰੇ ਤੇ ਕਰਦਾਰ ਨਾਲ ਉਹਨਾਂ ਦੀ ਇਜ਼ਤ-ਪਤ ਨੂੰ ਮਿਟੀ ਵਿਚ ਰੋਲ ਕੇ ਉਹਨਾਂ ਦੇ ਵਿਅਕਤੀਤਵ ਨੂੰ ਗਲੀਆਂ ਦੇ ਕੱਖਾਂ ਤੋਂ ਵੀ ਹੌਲਿਆਂ ਕਰ ਸੁੱਟਿਆ ਹੋਵੇ ਅਤੇ ਜ਼ਮੀਰ ਨੂੰ ਮਿਧ ਮਧੋਲ ਕੇ ਉਹਨਾਂ ਅੰਦਰ ਇਸ ਗੱਲ ਦਾ ਹੀਨ ਭਾਵ ਪੈਦਾ ਕਰ ਦਿੱਤਾ ਹੋਵੇ ਕਿ ਜਿਵੇਂ ਉਹ ਆਪਣੇ ਆਪ ਨੂੰ ਕਲਮ ਦੇ ਧਨੀ ਤੇ ਮਾਲਕ ਸਮਝਦੇ ਹੋਏ ਵੀ ਗੁਲਾਮ ਤੋਂ ਵੀ ਕਿਤੇ ਵੱਧ ਮਜਬੂਰ ਲਾਚਾਰ ਤੇ ਘਟੀਆ ਦਰਜੇ ਦੇ ਐਵੇਂ ਵਖਾਵੇ ਮਾਤਰ ਰੂਪ 'ਚ ਹੀ ਮਨੁੱਖ ਸਮਝ ਰਹੇ ਹੋਣ।

ਜਦ ਇਹ ਪ੍ਰੈਸ ਨੁਮਾਇੰਦੇ ਦਰਬਾਰ ਸਾਹਿਬ ਕੰਪਲੈਕਸ ਦੇ ਸਮੁੱਚੇ ਵਾਤਾਵਰਨ ਨੂੰ ਵੇਖਣ ਵਾਚਨ ਤੋਂ ਬਾਅਦ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਸ੍ਰ. ਗੁਰਚਰਨ ਸਿੰਘ ਟੌਹੜਾ ਨੂੰ ਮਿਲੇ ਤਾਂ ਇਨ੍ਹਾਂ ਦੋਹਾਂ ਆਗੂਆਂ ਨੇ ਪ੍ਰੈਸ ਦੇ ਨਾਂ ਬੜਾ ਭਾਵਪੂਰਤ ਬਿਆਨ ਦੇਂਦਿਆਂ ਕਿਹਾ,

'ਅਸੀਂ ਸੈਂਟਰਲ ਰੀਜ਼ਰਵ ਪੁਲੀਸ ਵਲੋਂ ਸ੍ਰੀ ਦਰਬਾਰ ਸਾਹਿਬ ਭਵਨ ਤੇ ਹੋਰ ਸਮੁੱਚੇ ਕੰਪਲੈਕਸ ਉੱਪਰ ਕੀਤੀ ਗਈ ਤਾਬੜ ਤੋੜ ਫਾਇਰਿੰਗ ਦੀ ਜ਼ੋਰਦਾਰ ਸ਼ਬਦਾਂ ਵਿਚ ਨਖੇਧੀ ਕਰਦੇ ਹਾਂ, ਭਾਰਤ

ਸਰਕਾਰ ਨੂੰ ਹੁਣ ਇਸ ਗੱਲ ਦਾ ਖਮਿਆਜ਼ਾ ਹਰ ਹਾਲਤ ਵਿਚ ਭੁਗਤਣਾ ਪਵੇਗਾ।'

ਇਸਦੇ ਨਾਲ ਦੀ ਇਨ੍ਹਾਂ ਦੋਹਾਂ ਆਗੂਆਂ ਨੇ ਸਮੁੱਚੇ ਖਾਲਸਾ ਪੰਥ ਨੂੰ ਅਪੀਲ ਕਰਦਿਆਂ ਹੋਇਆ ਕਿਹਾ,

'ਸਿੱਖ ਸੰਗਤਾਂ ਨੂੰ ਹੁਣ ਇਕ ਮੁੱਠ ਹੋਕੇ ਇਸ ਹਮਲੇ ਦਾ ਮੋੜਵੇਂ ਰੂਪ ਵਿਚ ਉੱਤਰ ਦੇਣ ਲਈ ਸਮੂਹਕ ਰੂਪ ਵਿਚ ਥਾਂ ਥਾਂ ਉੱਪਰ ਮੈਦਾਨ ਵਿਚ ਉੱਤਰ ਆਉਣਾ ਚਾਹੀਦਾ ਹੈ।'

ਜਿਸ ਸਮੇਂ ਪ੍ਰੈਸ ਨਾਮਾਨਿਗਾਰਾਂ ਨੇ ਇਨ੍ਹਾਂ ਦੋਹਾਂ ਅਕਾਲੀ ਆਗੂਆਂ ਨੂੰ ਖਾਲਿਸਤਾਨ ਦੇ ਸਬੰਧ ਵਿਚ ਪੁਛਿਆ ਕਿ ਇਸ ਬਾਰੇ ਹੁਣ ਉਹਨਾਂ ਦਾ ਕੀ ਵਿਚਾਰ ਹੈ ਤਾਂ ਉਸ ਸਮੇਂ ਲੌਂਗੋਵਾਲ ਸਾਹਿਬ ਤੇ ਟੋਹੜਾ ਸਾਹਿਬ ਨੇ ਇਕ ਦੂਸਰੇ ਵੱਲ ਨਜ਼ਰਾਂ ਘੁੰਮਾ ਕੇ ਵੇਖਿਆ ਤੇ ਫਿਰ ਟੁੱਟਦੀ ਇਕ ਜ਼ਬਾਨ ਤੋਂ ਉੱਤਰ ਦੇਂਦਿਆ ਹੋਇਆ ਕਿਹਾ,

'ਅਜੇ ਖਾਲਿਸਤਾਨ ਬਾਰੇ ਸਾਡਾ ਕੋਈ ਪ੍ਰੋਗਰਾਮ ਨਹੀਂ ਇਸ ਬਾਰੇ ਵਕਤ ਆਉਣ 'ਤੇ ਦਸਾਂਗੇ।'

ਪ੍ਰੈਸ ਨਾਮਾਨਗਾਰ ਜਦ ਇਨ੍ਹਾਂ ਨੇਤਾਵਾਂ ਦੇ ਬਿਆਨ ਲੈਣ ਤੋਂ ਬਾਅਦ ਜਥੇਦਾਰ, ਅਕਾਲ ਤਖਤ ਸਾਹਿਬ ਗਿਆਨੀ ਕਿਰਪਾਲ ਸਿੰਘ ਅਤੇ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਗਿਆਨੀ ਸਾਹਿਬ ਸਿੰਘ ਨੂੰ ਮਿਲੇ ਤਾਂ ਉਹਨਾਂ ਨੇ ਪ੍ਰੈਸ ਦੇ ਨਾਂ ਇਕ ਸਾਂਝਾ ਬਿਆਨ ਜਾਰੀ ਕਰਦਿਆਂ ਹੋਇਆ ਕਿਹਾ ਕਿ,

'ਅਸੀਂ ਭਾਰਤ ਸਰਕਾਰ ਦੀ ਸੀ. ਆਰ. ਪੀ. ਵਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅਤੇ ਸ੍ਰੀ ਹਰਿਮੰਦਰ ਸਾਹਿਬ ਭਵਨ ਉੱਪਰ ਕੀਤੀ ਗਈ ਫਾਇਰਿੰਗ ਦੀ ਕਾਰਵਾਈ ਦੀ ਜ਼ੋਰਦਾਰ ਸ਼ਬਦਾਂ ਵਿਚ ਸਖਤ ਨਿਖੇਧੀ ਕਰਦੇ ਹਾਂ ਅਤੇ ਅਸੀਂ ਸਮੂਹ ਸੰਗਤਾਂ ਨੂੰ ਅਪੀਲ ਕਰਦੇ ਹਾਂ ਕਿ ਦੁਸ਼ਟਾਂ ਨੂੰ ਸੋਧ ਦਿਓ।'

ਜਦ ਅਖਬਾਰੀ ਨੁਮਾਇੰਦਿਆਂ ਨੇ ਉਹਨਾਂ ਪਾਸੋਂ ਦੁਸ਼ਟਾਂ ਨੂੰ ਸੋਧ ਦੇਣ ਬਾਰੇ ਵਿਆਖਿਆ ਅਰਥਾਤ ਸਪਸ਼ਟੀਕਰਨ ਮੰਗਿਆਸ੍ਰੀ ਹਰਿਮੰਦਰ ਸਾਹਿਬ ਭਵਨ ਉੱਪਰ ਕੀਤੀ ਗਈ ਫਾਇਰਿੰਗ ਦੀ ਕਾਰਵਾਈ ਦੀ ਜ਼ੋਰਦਾਰ ਸ਼ਬਦਾਂ ਵਿਚ ਸਖਤ ਨਿਖੇਧੀ ਕਰਦੇ ਹਾ ਅਤੇ ਅਸੀਂ ਸਮੂਹ ਸਿੱਖ ਸੰਗਤਾਂ ਨੂੰ ਅਪੀਲ ਕਰਦੇ ਹਾਂ ਕਿ ਦੁਸ਼ਟਾਂ ਨੂੰ ਸੋਧ ਦਿਓ।'

ਜਦ ਅਖਬਾਰੀ ਨੁਮਾਇੰਦਿਆਂ ਨੇ ਉਹਨਾਂ ਪਾਸੋਂ ਦੁਸ਼ਟਾਂ ਨੂੰ ਸੋਧ ਦੇਣ ਦੇ ਬਾਰੇ ਵਿਆਖਿਆ ਅਰਥਾਤ ਸਪਸ਼ਟੀਕਰਨ ਮੰਗਿਆ ਤਾਂ ਉਹਨਾਂ ਦਾ ਅੱਗੋਂ ਕਹਿਣਾ ਸੀ,

'ਗੁਰੂ ਘਰ ਉੱਪਰ ਹਮਲਾ ਕਰਨ ਵਾਲੇ ਅਤੇ ਗੁਰੂ ਘਰ ਤੇ ਗੁਰੂ ਪੰਥ ਨਾਲ ਦੁਸ਼ਮਨੀ ਕਮਾਉਣ ਵਾਲਿਆਂ ਨੂੰ ਸੋਧ ਦਿੱਤਾ ਜਾਵੇ।'



# 17

ਜਿਸ ਸਮੇਂ ਦਰਬਾਰ ਸਾਹਿਬ ਕੰਪਲੈਕਸ ਅੰਦਰ ਵਰਤਮਾਨ ਹਾਲਾਤ ਬਾਰੇ ਥਾਂ ਥਾਂ ਉੱਪਰ ਬਹੁ ਪੱਖੀ ਰੂਪ ਵਿਚ ਸੋਚਾਂ ਵਿਚਾਰਾਂ ਤੇ ਸਰਗਰਮੀਆਂ ਚੱਲ ਰਹੀਆਂ ਸਨ ਅਤੇ ਅਕਾਲੀ ਆਗੂਆਂ ਤੇ ਜਥੇਦਾਰਾਂ ਵਲੋਂ ਆਪਣੇ ਆਪਣੇ ਢੰਗ ਤਰੀਕੇ ਅਨੁਸਾਰ ਬਿਆਨ ਦਿੱਤੇ ਜਾ ਰਹੇ ਸਨ, ਉਸ ਸਮੇਂ ਭਾਰਤ ਸਰਕਾਰ ਵਲੋਂ ਸਮੁੱਚੀ ਸਿਖ ਕੌਮ ਉੱਪਰ ਭਿਆਨਕ ਰੂਪ ਵਿਚ ਫੌਜੀ ਹਮਲਾ ਕਰਨ ਅਤੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਤੇ ਪੰਜਾਬ ਭਰ ਦੇ ਹੋਰ ਦਰਜਨਾਂ ਇਤਹਾਸਕ ਗੁਰਧਾਮਾਂ ਉੱਪਰ ਫੌਜੀ ਬਲਗਾਰ ਕਰਨ ਸਬੰਧੀ ਵੱਡੀ ਪਧੱਰ 'ਤੇ ਫੈਸਲੇ ਲਏ ਜਾ ਚੁੱਕੇ ਸਨ ਅਤੇ ਉਹਨਾਂ ਫੈਸਲਿਆਂ ਨੂੰ ਛੇਤੀ ਤੋਂ ਛੇਤੀ ਅਮਲੀ ਰੂਪ ਦੇਣ ਲਈ ਬੜੀ ਤੇਜ਼ੀ ਨਾਲ ਕਾਰਵਾਈਆਂ ਅਮਲ ਵਿਚ ਲਿਆਂਦੀਆਂ ਜਾਂ ਰਹੀਆਂ ਸਨ।

ਸਰਕਾਰ ਵਲੋਂ ਇਹ ਸਭ ਕੁਝ ਇਕ ਨਿਸਚਤ ਪ੍ਰੋਗਰਾਮ ਬਕਾਇਦਾ ਮਨਸੂਬਾ-ਬੰਦੀ, ਠੋਸ ਤੇ ਪਰਪੱਕ ਫੈਸਲਿਆਂ ਅਤੇ ਦ੍ਰਿੜ ਕੀਤੇ ਗਏ ਨਿਸ਼ਾਨੇ ਦੇ ਆਧਾਰ ਤੇ ਕੀਤਾ ਜਾ ਰਿਹਾ ਸੀ। ਇਨ੍ਹਾਂ ਗੱਲਾਂ ਤੋਂ ਇਲਾਵਾ ਰੇਡੀਓ ਅਤੇ ਟੈਲੀਵੀਯਨ ਤੋਂ ਇੰਦਰਾ ਗਾਂਧੀ ਵਲੋਂ ਭਾਸ਼ਨਾਂ ਦੇ ਰੂਪ ਵਿਚ ਇਕ ਵਿਸ਼ੇਸ਼ ਸੰਦੇਸ਼ ਜਾਰੀ ਕਰਨ ਬਾਰੇ ਐਲਾਨ ਕੀਤਾ ਜਾ ਚੁੱਕਾ ਸੀ।

ਨਿਸਚਤ ਸਮੇਂ ਉੱਪਰ ਇੰਦਰਾ ਗਾਂਧੀ ਨੇ ਆਪਣਾ ਲੰਮਾ ਚੌੜਾ ਭਾਸ਼ਣ ਦੇਣ ਤੋਂ ਬਾਅਦ ਜੋ ਸੰਕੇਤਕ ਤੌਰ 'ਤੇ ਤੱਤਸਾਰ ਰੂਪ ਵਿਚ ਗੱਲਾਂ ਕਹੀਆਂ ਸਨ ਉਹਨਾਂ ਦਾ ਸਪਸ਼ਟ ਭਾਵ ਸ਼੍ਰੋਮਣੀ ਅਕਾਲੀ ਦਲ ਨੂੰ ਮੋਰਚਾ ਵਾਪਸ ਲੈ ਲੈਣ ਦੇ ਸਬੰਧ ਵਿਚ ਕਹੀ ਗਈ ਗੱਲ ਸੀ।

ਇੰਦਰਾ ਗਾਂਧੀ ਦਾ ਇਹ ਰੇਡੀਓ ਤੇ ਟੈਲੀਵੀਜ਼ਨ ਤੋਂ ਦਿੱਤਾ ਗਿਆ ਲੈਕਚਰ ਪੰਜਾਬ ਅਤੇ ਸਿੱਖ ਕੌਮ ਨਾਲ ਸਬੰਧਤ ਮਸਲਿਆਂ ਤੋਂ ਹਟ ਕੇ ਅਰਥਾਤ ਟੁੱਟ ਕੇ ਨਰੋਲ ਵਖਾਵੇ ਅਤੇ ਡਿਪਲੋਮੇਸੀ ਤੇ ਹਿਪੋਕਰੇਸੀ ਅਰਥਾਤ ਗਹਿਰੀ ਚਾਲ, ਧੋਖੇ ਫਰੇਬ ਉੱਪਰ ਨਿਰਪੱਖਤਾ ਦੇ ਨਾਂ 'ਤੇ ਖੋਲ ਵਿਚ ਲਪੇਟਿਆ ਜ਼ਹਿਰ ਸੀ ਜੋ ਬਹੁਤ ਛੇਤੀ ਸਿੱਖ ਕੌਮ ਵਿਚ ਵੰਡਿਆ ਜਾਣਾ ਸੀ।

ਜ਼ਾਹਰਾ ਤੌਰ ਤੇ ਇਹ ਲੈਕਚਰ ਬੜਾ ਹੀ ਭੁਲੇਖਾ ਪਾਊ ਸੀ ਕਿਉਂਕਿ ਇਸ ਸਮੁੱਚੇ ਲੈਕਚਰ ਵਿਚ ਇੰਦਰਾ ਗਾਂਧੀ ਨੇ ਆਪਣੇ ਵਿਚਾਰਾਂ ਤੇ ਨਜ਼ਰੀਏ ਦਾ ਕੇਂਦਰੀਬਿੰਦੂ ਇਸ ਗੱਲ ਨੂੰ ਹੀ ਬਣਾਈ ਰੱਖਿਆ ਸੀ ਕਿ ਉਸਨੇ ਤੇ ਉਸਦੀ ਭਾਰਤ ਸਰਕਾਰ ਨੇ ਪੰਜਾਬ ਅਤੇ ਸਿਖ ਮਸਲਿਆਂ ਨੂੰ ਹੱਲ ਕਰਨ ਲਈ ਬਾਰ ਬਾਰ ਹੱਥ ਵਧਾਇਆ ਸੀ ਪਰ ਅਕਾਲੀ ਦਲ ਨੇ ਉਹਨੂੰ ਮਾਨਤਾ ਦੇਣ ਤੇ ਅਪਨਾਉਣ ਦੀ ਥਾਂ ਬਾਰ ਬਾਰ ਠੁਕਰਾਇਆ ਹੈ, ਜਿਸਦੇ ਨਤੀਜੇ ਵਜੋਂ ਪੰਜਾਬ ਅੰਦਰ ਅੱਤਵਾਦੀ ਸਰਗਰਮੀਆਂ ਵਿਚ ਵਾਧਾ ਹੋਇਆ ਹੈ ਅਤੇ ਦੇਸ਼ ਦੀ ਅਖੰਡਤਾ ਤੇ ਹਿੰਦੂ ਸਿਖਾਂ ਵਿਚਲੀ ਏਕਤਾ ਭਾਰੀ ਖਤਰੇ ਵਿਚ ਪੈ ਗਈ ਹੈ। ਇਸ ਲਈ ਅਕਾਲੀ ਆਗੂਆਂ ਨੂੰ ਮੋਰਚੇ ਦਾ ਰਾਹ ਛੱਡ ਕੇ ਗੱਲ ਬਾਤ ਦਾ ਰਾਹ

ਅਪਨਾਉਣਾ ਚਾਹੀਦਾ ਹੈ।

ਇੰਦਰਾ ਗਾਂਧੀ ਦਾ ਇਹ ਲੈਕਚਰ ਇਸ ਹੱਦ ਤੱਕ ਭੁਲੇਖਾ ਪਾਊ ਅਤੇ ਝੂਠ ਮਕਰ ਫਰੇਬ ਤੇ ਰਿਆਕਾਰੀ ਉੱਪਰ ਆਧਾਰਤ ਸੀ ਕਿ ਕੰਪਲੈਕਸ ਅੰਦਰ ਆਮ ਸੰਗਤਾਂ ਵਿਚ ਇਸ ਗੱਲ ਦੀ ਚਰਚਾ ਸ਼ੁਰੂ ਹੋ ਗਈ ਸੀ ਕਿ 'ਇੰਦਰਾ ਗਾਂਧੀ ਦੇ ਲੈਕਚਰ ਤੋਂ ਇਸਤਰਾਂ ਜਾਪਦਾ ਹੈ ਕਿ ਜਿਵੇਂ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਗੱਲ ਬਾਤ ਕਰਕੇ ਪੰਜਾਬ ਤੇ ਸਿਖਾਂ ਦੇ ਮਸਲੇ ਨੂੰ ਹਲ ਕਰਨ ਦਾ ਰਾਹ ਅਖਤਿਆਰ ਕਰਨਾ ਚਾਹੁੰਦੀ ਹੈ। ਇਹ ਗੱਲ ਇਕ ਤਰ੍ਹਾਂ ਨਾਲ ਉਸਦੀ ਭਾਂਜ ਹੈ ਅਤੇ ਉਸਦੇ ਸਮੁੱਚੇ ਲੈਕਚਰ ਵਿਚ ਕੀਤੀਆਂ ਗਈਆਂ ਗੱਲਾਂ ਤੇ ਪਰਗਟ ਕੀਤੇ ਗਏ ਵਿਚਾਰਾਂ ਤੋਂ ਇਸਤਰਾਂ ਜਾਪਦਾ ਹੈ ਕਿ ਦਰਬਾਰ ਸਾਹਿਬ ਕੰਪਲੈਕਸ ਉੱਪਰ ਹਮਲੇ ਦੀ ਸੰਭਾਵਨਾ ਬਹੁਤ ਹੱਦ ਤੱਕ ਜਾਂਦੀ ਰਹੀ ਹੈ ਅਰਥਾਤ ਘਟ ਗਈ ਹੈ।'

ਪਰ ਦੂਸਰੇ ਪਾਸੇ ਜੋ ਵਿਅਕਤੀ ਭਾਰਤ ਸਰਕਾਰ ਦੀਆਂ ਸਿਖ ਕੌਮ ਪ੍ਰਤੀ ਨੀਤੀਆਂ ਤੇ ਸਰਗਰਮੀਆਂ ਅਤੇ ਇੰਦਰਾ ਗਾਂਧੀ ਦੀ ਸਿਆਸੀ ਪੈਂਤੜੇਬਾਜ਼ੀ ਤੇ ਚਾਨਕੀਆ ਨੀਤੀ ਤੋਂ ਸੋਚ ਅਤੇ ਉਸਦੇ ਲੈਕਚਰ ਦੇ ਲਬੋ-ਲਹਿਜੇ ਵਿਚ ਘੋੜ ਰਹੀਆਂ ਰਮਜ਼ਾਂ ਧਮਕੀਆਂ ਨੂੰ ਸਮਝਦੇ ਪਛਾਣਦੇ ਸਨ, ਉਹ ਫੌਜੀ ਹਮਲੇ ਦੀ ਸੰਭਾਵਨਾ ਨੂੰ ਪ੍ਰਤੱਖ ਰੂਪ ਵਿਚ ਸਿਰ 'ਤੇ ਕੂਕਦਿਆਂ ਹੋਇਆਂ ਵੇਖ ਸੁਣ ਰਹੇ ਸਨ।

ਜੋ ਪ੍ਰੈਸ ਵਾਲੇ ਦਿਲੀ ਤੋਂ ਆਏ ਸਨ, ਉਹਨਾਂ ਦੀਆਂ ਗੱਲਾਂ ਤੋਂ ਤਾਂ ਸਵੇਰੇ ਹੀ ਇਸ ਗੱਲ ਦਾ ਸੰਕੇਤ ਮਿਲ ਚੁੱਕਾ ਸੀ ਕਿ 'ਦਰਬਾਰ ਸਾਹਿਬ ਕੰਪਲੈਕਸ ਉਪਰ ਫੌਜੀ ਹਮਲਾ ਅਵੱਸ਼ ਹੈ ਦੋ ਚਾਰ ਦਿਨ ਦੇ ਵਿਚ ਵਿਚ ਹੋਵੇ ਜਾਂ ਕੁਝ ਦਿਨ ਪਾ ਕੇ।'

ਇਨਾਂ ਦਿੱਲੀ ਦੇ ਪ੍ਰੈਸ ਨਾਮਾਨਗਾਰਾਂ ਤੋਂ ਇਲਾਵਾ ਅੰਮ੍ਰਿਤਸਰ ਦੇ ਪ੍ਰੈਸ ਰੀਪੋਰਟਰ ਵੀ ਹਮਲੇ ਦੀ ਸੰਭਾਵਨਾ ਨੂੰ ਰੱਦ ਨਹੀਂ ਕਰਦੇ ਸਨ, ਉਹ ਤਾਂ ਸਗੋਂ ਆਪਣੇ ਪ੍ਰਤੀ ਸੀ. ਆਰ. ਪੀ. ਵਲੋਂ ਅਖਤਿਆਰ ਕੀਤੇ ਗਏ ਅਨ-ਮਨੁੱਖੀ ਵਤੀਰੇ ਤੇ ਸੈਮੀ ਫੌਜੀ ਫੋਰਸਿਜ਼ ਦੀਆਂ ਸਰਗਰਮੀਆਂ ਨੂੰ ਵੇਖਦੇ ਹੋਏ ਇਸਤਰਾਂ ਸਮਝ ਰਹੇ ਸਨ ਕਿ ਹਮਲਾ ਕਿਸੇ ਛਿਣ ਪਲ ਉੱਪਰ ਵੀ ਹੋ ਸਕਦਾ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਪਾਸ ਤਾਂ ਉਹਨਾਂ ਦੇ ਆਪਣੇ ਵਸੀਲਿਆਂ ਰਾਹੀਂ ਇਸ ਸਬੰਧ ਵਿਚ ਪਹਿਲਾਂ ਹੀ ਖਬਰ ਪ੍ਰੁਜ ਚੁੱਕੀ ਸੀ।

ਇੰਦਰਾ ਗਾਂਧੀ ਦੇ ਰੇਡੀਓ ਤੇ ਟੈਲੀਵੀਯਨ ਉੱਪਰ ਦਿਤੇ ਗਏ ਲੈਕਚਰ ਤੋਂ ਝੱਟ ਹੀ ਪਿਛੋਂ ਪੰਜਾਬ ਦੇ ਗਵਰਨਰ ਭੈਰੋਂ ਦੱਤ ਪਾਂਡੇ ਵਲੋਂ ਪੰਜਾਬ ਦੀ ਸਥਿਤੀ ਨਾਲ ਨਜਿੱਠਨ ਲਈ ਕੇਂਦਰੀ ਸਰਕਾਰ ਤੋਂ ਫੌਰਨ ਫੌਜੀ ਸਹਾਇਤਾ ਦੇਣ ਦੀ ਮੰਗ ਕਰ ਦਿਤੀ ਗਈ ਸੀ। ਜਿਸ ਕਰਕੇ ਮਿਥੀ ਹੋਈ ਨੀਤੀ ਤੇ ਯੋਜਨਾ ਦੇ ਅਨੁਸਾਰ ਇੰਦਰਾ ਗਾਂਧੀ ਵਲੋਂ ਰੇਡੀਓ ਟੈਲਵੀਯਨ ਉੱਪਰ ਲੈਕਚਰ ਦੇਣ ਅਤੇ ਫਿਰ ਗਵਰਨਰ ਪੰਜਾਬ ਵਲੋਂ ਫੌਜ ਦੀ ਮੰਗ ਕਰ ਲੈਣ ਤੋਂ ਬਾਅਦ ਭਾਰਤ ਸਰਕਾਰ ਵਲੋਂ ਫੌਜ ਦੇ ਪੰਜਾਬ ਨੂੰ ਹਵਾਲੇ ਕਰ ਦੇਣ ਦਾ ਐਲਾਨ ਕਰ ਦਿੱਤਾ ਗਿਆ ਅਤੇ ਇਸਦੇ ਨਾਲ ਹੀ ਪੰਜਾਬ ਦੇ ਗਵਰਨਰ ਨੂੰ ਚੰਡੀਗੜ੍ਹ ਦਾ ਮੁਨੱਜ਼ਿਮ (Administrator) ਲਗਾ ਦੇਣ ਦਾ ਐਲਾਨ ਵੀ ਜਾਰੀ ਕਰ ਦਿੱਤਾ ਗਿਆ।

ਇੰਦਰਾ ਗਾਂਧੀ ਦੇ ਲੈਕਚਰ ਤੋਂ ਫੌਰਨ ਪਿਛੋਂ ਜੋ ਗਵਰਨਰ ਪੰਜਾਬ ਅਤੇ ਭਾਰਤ ਸਰਕਾਰ ਵਲੋਂ ਹੇਠ ਉੱਪਰ ਐਲਾਨ ਕੀਤੇ ਗਏ ਉਹਨਾਂ ਐਲਾਨਾਂ ਤੋਂ ਝੱਟ ਹੀ ਪਿਛੋਂ ਪੰਜਾਬ ਨੂੰ ਫੌਜ ਦੇ ਹਵਾਲੇ ਕਰ



ਦੇਣ ਦਾ ਹੁਕਮ ਜਾਰੀ ਕਰਨ ਦੇ ਨਾਲ ਹੀ ਜੋ ਭਾਰਤ ਸਰਕਾਰ ਵਲੋਂ ਇਸ ਕੀਤੀ ਗਈ ਹੰਗਾਮੀ ਕਾਰਵਾਈ ਦੇ ਸਬੰਧ ਵਿਚ ਪਰਚਾਰ ਦੀ ਨੀਤੀ ਅਪਨਾਈ ਗਈ ਉਸਦਾ ਤੱਤਸਾਰ ਰੂਪ ਵਿਚ ਵੇਰਵਾ ਕੁਝ ਇਸਤਰਾਂ ਹੈ:

'ਸਰਕਾਰ ਸਾਹਮਣੇ ਇਸ ਸਮੇਂ ਜੋ ਮੁਖ ਮਸਲਾ ਹੈ ਉਹ ਪੰਜਾਬ ਤੇ ਚੰਡੀਗੜ੍ਹ ਵਿਚ ਪਿਛਲੇ ਲੰਮੇ ਸਮੇਂ ਤੋਂ ਵਾਪਰ ਰਹੀਆਂ ਹਿੰਸਕ ਤੇ ਫਿਰਕਾਦਾਰਾਨਾ ਕਾਰਵਾਈਆਂ ਦੀ ਰੋਕ ਥਾਮ ਕਰਨਾ ਹੈ ਅਤੇ ਅਤਵਾਦੀਆਂ ਨੂੰ ਪੱਕੇ ਤੌਰ 'ਤੇ ਨੱਥ ਪਾਉਣਾ ਹੈ। ਹਾਲਾਤ ਨੂੰ ਸੁਧਾਰਨਾ, ਅਮਨ ਸ਼ਾਂਤੀ ਨੂੰ ਕਾਇਮ ਰਖਣਾ ਅਤੇ ਲੋਕਾਂ ਨੂੰ ਸੁਰੱਖਿਆ ਦੇਣੀ ਜਿਥੇ ਸਰਕਾਰ ਦਾ ਫਰਜ਼ ਹੈ ਉਥੇ ਸਰਕਾਰ ਆਪਣੇ ਲੋਕਾਂ ਪ੍ਰਤੀ ਇਸ ਗੱਲ ਲਈ ਵੀ ਵਚਨਬਧ ਤੇ ਜ਼ਮਾਵਾਰ ਹੈ ਕਿ ਅੱਤਵਾਦੀਆਂ ਹੱਥੋਂ ਉਹਨਾਂ ਦੇ ਜਾਨ ਮਾਲ ਦੀ ਹਰ ਹਾਲਤ ਵਿਚ ਰਖਸ਼ਾ ਕੀਤੀ ਜਾਵੇ। ਇਸ ਤੋਂ ਇਲਾਵਾ ਭਾਰਤ-ਪਾਕ ਸਰਹੱਦ ਉੱਪਰ ਬਾਰਡਰ ਸਕਿਉਰਿਟੀ ਫੋਰਸ ਦੀ ਸਥਿਤੀ ਤੇ ਸਥਾਪਤੀ ਨੂੰ ਪ੍ਰਭਾਵਸ਼ਾਲੀ ਬਨਾਉਣਾ ਤੇ ਬਣਾਈ ਰਖਣਾ ਅਤੀ ਜ਼ਰੂਰੀ ਹੋ ਗਿਆ ਹੈ। ਸਮਗਲਿੰਗ ਨੂੰ ਰੋਕਣ ਅਤੇ ਗੈਰ ਕਾਨੂੰਨੀ ਤੌਰ ਉਪਰ ਸਰਹੱਦ ਪਾਰ ਕਰਨ ਦੇ ਅਮਲ ਨੂੰ ਬਾਂਝ ਬਨਾਉਣਾ ਤੇ ਖਤਮ ਕਰਨ ਲਈ ਫੌਜੀ ਸਰਗਰਮੀਆਂ ਨੂੰ ਤੇਜ਼ ਕਰਨਾ ਅਤੇ ਪੰਜਾਬ ਨੂੰ ਫੌਜ ਦੇ ਹਵਾਲੇ ਕਰਨਾ ਅਤੀ ਅਵੱਸ਼ਕ ਹੋ ਗਿਆ ਹੈ। ਲੋਕ-ਸੁਰਖਿਆ ਨੂੰ ਕਾਇਮ ਰਖਣਾ ਤੇ ਬਣਾਈ ਰੱਖਣਾ ਅਤੇ ਲੋਕਾਂ ਵਿਚ ਸੁਰਖਿਆ ਪ੍ਰਤੀ ਵਿਸ਼ਵਾਸ ਬਹਾਲ ਕਰਨਾ ਸਰਕਾਰ ਲਈ ਜਰੂਰੀ ਹੋ ਗਿਆ ਹੈ। ਇਨ੍ਹਾਂ ਗੱਲਾਂ ਤੋਂ ਇਲਾਵਾ ਜੋ ਹੋਰ ਮਹੱਤਵ ਪੂਰਨ ਅੱਖੋਂ ਉਹਲੇ ਨਾ ਕੀਤੇ ਜਾਣ ਵਾਲੇ ਮਸਲੇ ਹਨ ਉਹਨਾਂ 'ਚੋਂ ਜੋ ਇਸ ਸਮੇਂ ਮੁਖ ਰੂਪ ਵਿਚ ਦਰਪੇਸ਼ ਮਸਲਾ ਹੈ ਉਹ ਹੈ ਪੰਜਾਬ ਦੇ ਵੱਖ ਵੱਖ ਟਿਕਾਣਿਆਂ ਤੋਂ ਗੈਰ ਕਾਨੂੰਨੀ ਅਸਲੇ ਬਾਰੂਦ ਦੇ ਭੰਡਾਰ ਬਰਾਮਦ ਕਰਨਾ ਅਤੇ ਅੱਤਵਾਦੀਆਂ ਦੀ ਸ਼ਕਤੀ ਨੂੰ ਢਾਹ ਲਾਉਣੀ ਤੇ ਖਦੇੜਨਾ ਅਤੇ ਉਹਨਾਂ ਤੋਂ ਗੁਪਤ ਟਿਕਾਣੇ ਖਾਲੀ ਕਰਵਾਉਣੇ ਆਦਿ ਆਦਿ।'

ਅਸਲ ਵਿਚ ਭਾਰਤ ਸਰਕਾਰ ਵਲੋਂ ਜੋ ਪੰਜਾਬ ਨੂੰ ਫੌਜੀ ਰਾਜ ਅਧੀਨ ਦੇਣ ਦੇ ਸਬੰਧ ਵਿਚ ਦਲੀਲਾਂ ਦਿੱਤੀਆਂ ਤੇ ਸਪਸ਼ਟੀਕਰਨ ਕੀਤੇ ਜਾ ਰਹੇ ਸਨ ਉਹ ਜਿੱਥੇ ਦੁਨੀਆਂ ਦੀਆਂ ਨਜ਼ਰਾਂ ਵਿਚ ਆਪਣੇ ਫੌਜੀ ਐਕਸ਼ਨ ਨੂੰ ਯੋਗ ਤੇ ਮੁਨਾਸਬ ਅਰਥਾਤ ਹੱਕੀ ਠਹਿਰਾਉਣਾ ਤੇ ਸਿਧ ਕਰਨਾ ਸੀ ਉਥੇ ਉਸਦੇ ਪਿਛੇ ਜੋ ਅਸਲ ਰਮਜ਼ ਨੀਤੀ ਤੇ ਫੈਸਲਾ ਕੰਮ ਕਰ ਰਹੇ ਸਨ ਉਹ ਖਾਲਸਾ ਪੰਥ ਦੇ ਜਥੇਬੰਦਕ ਰੂਪ ਅਤੇ ਇਸਦੇ ਖਾਲਸਾਈ ਮਹੱਤਵ ਨੂੰ ਤੇ ਪੰਥਕ ਹਸਤੀ ਦੇ ਤਸੱਵਰ ਨੂੰ ਤਹਿਸ ਨਹਿਸ ਕਰਨਾ ਸੀ। ਇਸ ਤੋਂ ਇਲਾਵਾ ਇਹ ਸਭ ਕੁਝ ਦਾ ਅਸਲ ਮੰਤਵ ਮਨੋਰਥ ਤੇ ਨਸ਼ਾਨਾ ਸੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਧਾਰਮਕ ਤੇ ਰਾਜਸੀ ਪੱਖੋਂ ਸਿਖਾਂ ਅੰਦਰ ਜੋ ਮਰਕਜ਼ੀ ਪੋਜ਼ੀਸ਼ਨ ਤੇ ਹੈਸੀਅਤ ਦਾ ਸੰਕਲਪ ਸੀ ਉਸ ਨੂੰ ਤਬਾਹ ਕਰਨਾ। ਸਿਖ ਕੌਮ ਦੇ ਸਭ ਇਤਹਾਸਕ ਗੁਰਧਾਮਾਂ ਉੱਪਰ ਸਰਕਾਰੀ ਤਸੱਲਤ ਤੇ ਗਲਬਾ ਜਮਾਉਣਾ, ਸਿਖ ਪੰਥ ਦੇ ਖਾਲਸਾਈ ਅਰਥਾਤ ਜੁਝਾਰੂ ਭਾਵਨਾਵਾਂ ਦਾ ਸਫਾਇਆ ਕਰਨਾ, ਸਿਖ ਕੌਮ ਦੇ ਧਾਰਮਕ ਤੇ ਰਾਜਸੀ ਹੱਕਾਂ ਦੀ ਰਾਖੀ ਤੇ ਪ੍ਰਾਪਤੀ ਲਈ ਜੂਝਨ ਵਾਲੇ ਅੰਮ੍ਰਿਤਧਾਰੀ ਸਿੰਘਾਂ ਤੇ ਜਵਾਨਾਂ ਨੂੰ ਚੁਣ ਚੁਣ ਕੇ ਮਾਰਨਾ, ਪੰਥ ਅੰਦਰ ਵੀ ਚੜ੍ਹਦੀ ਕਲਾ ਦੀ ਪ੍ਰਬਲ ਰੁਚੀ ਤੇ ਭਾਵਨਾ ਦੀ ਥਾਂ ਢਹਿੰਦੀ ਕਲਾ ਦੀਆਂ ਰੁਚੀਆਂ ਭਾਵਨਾਵਾਂ ਦਾ ਵਰਤਾਰਾ ਕਰਨਾ, ਭਿੰਡਰਾਂਵਾਲੀ ਟਕਸਾਲ ਦਾ ਮੂਲ ਸਫਾਇਆ ਕਰਨਾ, ਪੰਜਾਬ ਨੂੰ ਭਾਰਤ ਦੀ ਇਕ ਕਾਲੋਨੀ ਅਰਥਾਤ ਬਸਤੀ ਦਾ ਰੂਪ ਦੇਣ ਲਈ ਇਸਨੂੰ ਸਥਾਈ ਤੌਰ 'ਤੇ ਫੌਜੀ ਛਾਉਣੀ 'ਚ ਬਦਲਣਾ, ਸਿਖ ਵਿਚਾਰਧਾਰਾ 'ਚੋਂ ਧਾਰਮਕ ਰਾਜਸੀ ਨਜ਼ਰੀਏ ਦੀ ਸਾਂਝ ਅਰਥਾਤ ਧਰਮ ਤੇ ਰਾਜਨੀਤੀ ਵਿਚਕਾਰ ਪਾਈ ਜਾਣ ਵਾਲੀ ਸਿਧਾਂਤਕ ਸਾਂਝ ਦੇ ਸੰਕਲਪ ਨੂੰ ਜੜੋਂ ਉਖੇੜਨਾ, ਸਿਖਾਂ ਨੂੰ ਆਰਥਕ ਸਮਾਜਕ

ਤੇ ਰਾਜਸੀ ਪੱਖੋਂ ਹਿੰਦੂ ਸਾਮਰਾਜ ਦਾ ਅੱਜੀ ਤੇ ਗੁਲਾਮ ਬਣਾ ਕੇ ਰੱਖ ਦੇਣਾ ਅਤੇ ਖਾਲਸਾ ਪੰਥ ਨੂੰ ਗੁਰਧਾਮਾਂ 'ਚੋਂ ਵਿਰਸੇ ਰੂਪ ਵਿਚ ਪ੍ਰਾਪਤ ਧਾਰਮਕ ਰਾਜਨੀਤਕ ਪਲੇਟਫਾਰਮ ਤੋਂ ਪੱਕੇ ਤੌਰ 'ਤੇ ਹੋਥਲ ਕਰਕੇ ਹਰ ਪਰਕਾਰ ਦੀ ਸ਼ਕਤੀ, ਸਾਹਸ ਅਗਵਾਈ ਤੇ ਰੋਸ਼ਨੀ ਪਰਦਾਨ ਕਰਨ ਵਾਲੇ ਸੋਮਿਆਂ ਤੋਂ ਸਥਾਈ ਰੂਪ 'ਚ ਨਖੇੜਨਾ ਅਤੇ ਸਭ ਗੁਰਧਾਮਾਂ ਉੱਪਰ ਆਪਣੀ ਮਰਜ਼ੀ ਤੇ ਨੀਤੀ ਦੇ ਪ੍ਰਬੰਧਕ ਬਣਾ ਕੇ ਇਨ੍ਹਾਂ ਮਹਾਨ ਧਾਰਮਕ ਰਾਜਸੀ ਤੇ ਇਤਹਾਸਕ ਕੇਂਦਰਾਂ ਨੂੰ ਕੇਵਲ ਪੂਜਾ ਅਸਥਾਨ ਤੇ ਧਾਰਮਕ ਮੱਠਾਂ ਦਾ ਰੂਪ ਦੇ ਦੇਣਾ।

ਇਨ੍ਹਾਂ ਗੱਲਾਂ ਤੋਂ ਇਲਾਵਾ ਭਾਰਤੀ ਸੰਵਿਧਾਨ ਦੀਆਂ ਹਿੰਦੂਵਾਦੀ ਨੀਤੀਆਂ ਦੀ ਆੜ ਤੇ ਮਾਰ ਹੇਠ ਸਿਖ ਇਤਹਾਸ, ਸਿਖ ਸਭਿਆਚਾਰ, ਸਿਖ ਵਿਰਸੇ, ਪੰਥ ਦੀ ਆਜ਼ਾਦ ਤੇ ਵਿਲੱਖਣ ਹਸਤੀ ਅਤੇ ਸਿਖ ਧਰਮ ਦੀ ਆਦਰਸ਼ ਵਿਚਾਰਧਾਰਾ ਮਰਯਾਦਾ ਅਤੇ ਇਸਦੀਆਂ ਸਿਧਾਂਤਕ ਤੇ ਇਨਕਲਾਬੀ ਰਵਾਇਤਾਂ ਨੂੰ ਸਮੇਂ ਦੀ ਤੋਰ ਦੇ ਨਾਲ ਨਾਲ ਜੜ੍ਹਾਂ ਤੋਂ ਕੱਟ ਵੱਢ ਸੁਟਨਾ ਅਤੇ ਇਸਤਰਾ ਨਾਲ ਸਿਖਾਂ ਨੂੰ ਜੈਨੀਆਂ ਤੇ ਬੋਧੀਆਂ ਦੀ ਤਰ੍ਹਾਂ ਹਿੰਦੂ ਧਰਮ ਦੀ ਹੀ ਇਕ ਧਾਰਮਕ ਸ਼ਾਖ ਬਣਾ ਕੇ ਰਖ ਦੇਣਾ।



# 18.

ਸਾਰਾ ਅੰਮ੍ਰਿਤਸਰ ਸ਼ਹਿਰ ਕਰਫੀਓ ਦੀ ਲਪੇਟ ਵਿਚ ਹੋਣ ਦੇ ਬਾਵਜੂਦ ਦਰਬਾਰ ਸਾਹਿਬ ਪਰਕਰਮਾ ਅੰਦਰ ਸੰਗਤਾਂ ਦੀ ਭਾਰੀ ਰੌਣਕ ਸੀ।

ਕੰਪਲੈਕਸ ਅੰਦਰਲੀਆਂ ਸੰਗਤਾਂ ਅੱਜ ਅੰਮ੍ਰਿਤ ਵੇਲੇ ਤੋਂ ਵੀ ਕੁਝ ਪਹਿਲਾਂ ਹੀ ਉੱਠ ਖਲੋਤੀਆਂ ਸਨ ਕਿਉਂਕਿ ਅੱਜ 3 ਜੂਨ ਦਾ ਦਿਨ ਸੀ ਅਤੇ ਇਸ ਦਿਨ ਸਿਖ ਪੰਥ ਦੇ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ।

ਵੱਖ ਵੱਖ ਜਥਿਆਂ ਦੇ ਸਿਘਾਂ ਤੇ ਸੰਗਤਾਂ ਨੇ ਸਰੋਵਰ ਵਿਚ ਇਸ਼ਨਾਨ ਕੀਤਾ, ਨਾਮ ਸਿਮਰਨ ਦਾ ਅਭਿਆਸ ਕੀਤਾ ਅਤੇ ਫਿਰ ਬਹੁਤ ਸਾਰੇ ਸਿਘਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਤੇ ਪਰਕਰਮਾ ਵਿਚ ਸਰੋਵਰ ਦੇ ਕਨਾਰੇ ਤੇ ਆਪੋ ਆਪਣੇ ਅੱਡੋ ਟਿਕਾਣਿਆਂ ਉਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚਾਰਨ ਕੀਤੀ ਹੋਈ ਬਾਣੀ ਸੁਖਮਨੀ ਸਾਹਿਬ ਦਾ ਪਾਠ ਆਰੰਭ ਦਿੱਤਾ।

ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨ ਇਸ਼ਨਾਨ ਕਰਨ, ਅਕਾਲੀ ਬਾਣੀ ਦਾ ਕੀਰਤਨ ਸੁਨਣ ਅਤੇ ਨਾਮ ਸਿਮਰਨ ਦਾ ਅਭਿਆਸ ਕਰਨ ਤੋਂ ਬਾਅਦ ਜਦ ਜਥੇ ਦੇ ਸਿਘ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਫਿਰ ਇਕ ਥਾਂ ਇਕੱਠੇ ਹੋਏ ਤਾਂ ਉਸ ਸਮੇਂ ਤੱਕ ਸਵੇਰ ਦਾ ਪੱਖ ਪੂਰਨ ਤੌਰ 'ਤੇ ਉਜਾਗਰ ਹੋ ਚੁੱਕਾ ਸੀ।

ਬਹੁਤ ਸਾਰੇ ਸਿਘ ਵਰਤਮਾਨ ਹਾਲਾਤ ਤੇ ਪਰਚਲਤ ਭਖਵੇਂ ਮਸਲਿਆਂ ਸਬੰਧੀ ਵੱਖ ਵੱਖ ਪਖਾਂ ਤੋਂ ਵਿਚਾਰਾਂ ਕਰਦੇ ਹੋਏ ਅਤੇ ਆਪੋ ਆਪਣੇ ਮੋਰਚਿਆਂ ਟਿਕਾਣਿਆਂ ਦੇ ਪਾਸ ਹਥਿਆਰਾਂ ਦੀ ਸਾਂਭ ਸੰਭਾਲ ਕਰਦੇ ਹੋਏ ਵੀ ਅੱਜ ਦੀਆਂ ਅਖ਼ਬਾਰਾਂ ਦੀ ਬੜੀ ਉਤਸਕਤਾ ਨਾਲ ਉਡੀਕ ਕਰ ਰਹੇ ਸਨ ਕਿਉਂਕਿ ਇਸ ਗੱਲ ਦੀ ਚਰਚਾ ਤੇ ਸੰਭਾਵਨਾ ਸੀ ਕਿ ਅੱਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਹੋਣ ਕਰਕੇ ਅੰਮ੍ਰਿਤਸਰ ਸ਼ਹਿਰ 'ਚੋਂ ਕੁਝ ਸਮੇਂ ਲਈ ਕਰਫੀਊ ਜ਼ਰੂਰ ਚੁਕ ਲਿਆ ਜਾਵੇਗਾ।

ਭਾਵੇਂ 2 ਜੂਨ ਦੀ ਰਾਤ ਨੂੰ ਰੇਡੀਓ ਵਿਚ ਆਈਆਂ ਖ਼ਬਰਾਂ ਤੋਂ ਸਮੁੱਚੇ ਪੰਜਾਬ ਨੂੰ ਫੌਜ ਦੇ ਹਵਾਲੇ ਕਰ ਦਿੱਤੇ ਜਾਣ ਦੀ ਸਥਿਤੀ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਸੀ ਰਿਹਾ, ਪਰ ਸਿਘ ਅਖ਼ਬਾਰਾਂ ਤੋਂ ਇਹ ਗੱਲ ਜਾਨਣ ਲਈ ਵੀ ਬੜੇ ਉਤਾਵਲੇ ਲਗਦੇ ਸਨ ਕਿ ਬੀਤੇ ਦਿਹਾੜੇ ਸੰਤਾਂ ਵਲੋਂ ਅਖ਼ਬਾਰਾਂ ਵਾਲਿਆਂ ਨੂੰ ਦਿੱਤੇ ਗਏ ਖਾਲਿਸਤਾਨ ਦੇ ਹੱਕ ਵਿਚ ਅਤੇ ਸਿਖ ਕੌਮ ਨੂੰ ਤੇ ਹੋਰ ਸਭ ਸਿਖ ਸਿਵਲ ਫੌਜੀ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਦਰਬਾਰ ਸਾਹਿਬ ਉੱਪਰ ਹਮਲਾ ਹੋਣ ਦੀ ਸੂਰਤ ਵਿਚ ਬਗਾਵਤ ਦਾ ਝੰਡਾ ਚੁੱਕ ਲੈਣ ਦੇ ਸਬੰਧ ਵਿਚ ਉਹਨਾਂ ਦੇ ਬਿਆਨ ਛਾਪੇ ਹਨ ਕਿ ਨਹੀਂ ਕਿਉਂਕਿ ਸਿਘਾਂ ਨੂੰ ਇਸ ਗੱਲ ਦਾ ਵੀ ਪਤਾ ਲੱਗ ਚੁੱਕਾ ਸੀ ਕਿ ਸੰਤਾਂ ਨੇ ਦਿਲੀ ਤੋਂ ਆਈ ਪ੍ਰੈਸ ਪਾਰਟੀ ਨੂੰ

ਆਪਣਾ ਇੰਟਰਵੀਊ ਦੇਣ ਤੋਂ ਬਾਅਦ ਕੁਝ ਇਕ ਅੰਮ੍ਰਿਤਸਰ ਦੇ ਅਖਬਾਰੀ ਨੁਮਾਇੰਦਿਆਂ ਨੂੰ ਵੀ ਲਗਪਗ ਉਸੇ ਹੀ ਰੂਪ 'ਚ ਆਪਣੇ ਬਿਆਨ ਦਿੱਤੇ ਸਨ।

ਅੰਮ੍ਰਿਤਸਰ ਸ਼ਹਿਰ ਚੋਂ ਸਵੇਰੇ ਕੁਝ ਸਮੇਂ ਲਈ ਕਰਫੀਊ ਉਠਾਏ ਜਾਣ ਤੋਂ ਬਾਅਦ ਜਦ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅਖਬਾਰਾਂ ਪਹੁੰਚੀਆਂ ਤਾਂ ਸਿਖ ਇਹ ਵੇਖਕੇ ਕਿਸੇ ਹੱਦ ਤੱਕ ਹੈਰਾਨ ਤੇ ਮਾਯੂਸ ਵੀ ਹੋਏ ਕੀ ਅਖਬਾਰਾਂ ਪੰਜਾਬ ਨੂੰ ਫੌਜ ਦੇ ਹਵਾਲੇ ਕਰ ਦੇਣ ਦੀਆਂ ਮੋਟੀਆਂ ਮੋਟੀਆਂ ਸੁਰਖੀਆਂ ਖਬਰਾਂ ਨਾਲ ਤਾਂ ਲਿਸ਼ਕ ਪੁਸ਼ਕ ਤੇ ਚਮਕ ਰਹੀਆਂ ਹਨ, ਪਰ ਸੰਤਾਂ ਵਲੋਂ ਪ੍ਰੈਸ ਵਾਲਿਆਂ ਨੂੰ ਸਮੁਚੀ ਸਿਖ ਕੌਮ ਦੇ ਨਾ ਦਿੱਤੇ ਗਏ ਖਾਲਿਸਤਾਨ ਅਤੇ ਬਗਾਵਤ ਸਬੰਧੀ ਬਿਆਨਾਂ ਬਾਰੇ ਕੋਈ ਖਬਰ ਨਹੀਂ ਸੀ। ਐਸੀ ਹਾਲਤ ਵਿਚ ਜਥੇ ਦੇ ਸਿਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਦਾ ਇਹ ਵਿਚਾਰ ਸੀ ਕਿ 'ਜੇ ਸੰਤਾਂ ਦੇ ਕੱਲ ਵਾਲੇ ਬਿਆਨ ਅੱਜ ਦੀਆਂ ਅਖਬਾਰਾਂ ਵਿਚ ਛਪੇ ਹੋਏ ਹੁੰਦੇ ਤਾਂ ਲੜਾਈ ਦਾ ਰੁਖ ਹੀ ਬਦਲ ਜਾਣਾ ਸੀ।

ਦੂਸਰੇ ਪਾਸੇ ਸੰਤ ਹਰਚੰਦ ਸਿਘ ਲੌਂਗੋਵਾਲ ਅਤੇ ਸ: ਗੁਰਚਰਨ ਸਿਘ ਟੌਹੜਾ ਨੇ ਅੱਜ ਫੇਰ ਪ੍ਰੈਸ ਵਾਲਿਆਂ ਨੂੰ ਬੜੇ ਤਿੱਖੇ ਭਖਵੇਂ ਤੇ ਗਰਮ ਗਰਮ ਬਿਆਨ ਦਿੱਤੇ ਸਨ।

ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰ: ਗੁਰਚਰਨ ਸਿਘ ਟੌਹੜਾ ਨੇ ਤਾਂ ਇਥੋਂ ਤੱਕ ਕਿਹਾ ਕਿ 'ਸ੍ਰੀ ਹਰਿਮੰਦਰ ਸਾਹਿਬ ਭਵਨ ਉੱਪਰ ਲੱਗੇ ਗੋਲੀਆਂ ਦੇ ਨਸ਼ਾਨ ਸਾਡੇ ਇਤਿਹਾਸ ਦਾ ਹਿਸਾ ਬਣ ਗਏ ਹਨ ਅਸੀਂ ਇਨ੍ਹਾਂ ਨੂੰ ਹਰ ਕੀਮਤ 'ਤੇ ਸਾਂਭ ਸੰਭਾਲ ਕੇ ਰਖਾਂਗੇ।'

ਇਸੇ ਤਰ੍ਹਾਂ ਹਰਚਰਨ ਸਿਘ ਲੌਂਗੋਵਾਲ ਨੇ ਬੜੇ ਜੋਸ਼ ਤੇ ਜਜ਼ਬੇ ਦੇ ਤਹਿਤ ਭਾਰੀ ਰੋਹ ਵਿਚ ਆ ਕੇ ਕਿਹਾ ਕਿ, 'ਹਰ ਸਿਖ ਸਰਕਾਰ ਦੀਆਂ ਇਨ੍ਹਾਂ ਗੋਲੀਆਂ (ਫਾਇਰਿੰਗ) ਦਾ ਬਦਲਾ ਲਏਗਾ ਸਰਕਾਰ ਨੂੰ ਆਪਣੀ ਕੀਤੀ ਦਾ ਖਮਿਆਜ਼ਾ ਅਵੱਸ਼ ਹੀ ਭੁਗਤਨਾ ਪਏਗਾ।'

ਜਦ ਪ੍ਰੈਸ ਵਾਲਿਆਂ ਨੇ ਸੰਤ ਹਰਚਰਨ ਸਿਘ ਲੌਂਗੋਵਾਲ ਪਾਸੋਂ ਇੰਦਰਾ ਗਾਂਧੀ ਵਲੋਂ ਰੇਡੀਓ ਟੈਲੀਵੀਜਨ ਪਰਸਾਰਨ ਵਿਚ ਧਰਮ ਯੁੱਧ ਮੋਰਚਾ ਵਾਪਸ ਲੈਣ ਦੀ ਅਪੀਲ ਬਾਰੇ ਪੁਛਿਆ ਤਾਂ ਉਤਰ ਸੀ ਕਿ 'ਮੋਰਚਾ ਹਰਗਿਜ਼ ਵਾਪਸ ਨਹੀਂ ਲਿਆ ਜਾਵੇਗਾ। ਸਾਡਾ ਇਹ ਧਰਮ ਯੁੱਧ ਮੋਰਚਾ ਉਦੋਂ ਤੱਕ ਚਲਦਾ ਰਹੇਗਾ ਜਦ ਤੱਕ ਸਾਡੀਆਂ ਸਭ ਮੰਗਾਂ ਪਰਵਾਨ ਨਹੀਂ ਕਰ ਲਈਆਂ ਜਾਂਦੀਆਂ। ਅਸੀਂ ਆਪਣੇ ਹਰ ਪ੍ਰੋਗਰਾਮ ਤੇ ਬਿਆਨ ਬਾਰੇ ਦ੍ਰਿੜ ਹਾਂ'

ਇਨ੍ਹਾਂ ਆਗੂਆਂ ਦੇ ਬਿਆਨ ਲੈਣ ਤੋਂ ਪਿਛੋਂ ਜਿਸ ਸਮੇਂ ਇਹ ਅਖਬਾਰੀ ਨੁਮਾਇੰਦੇ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਪਾਸ ਸ੍ਰੀ ਅਕਾਲ ਤਖਤ ਸਾਹਿਬ ਪਹੁੰਚੇ ਤਾਂ ਉਸ ਸਮੇਂ ਸੰਤਾਂ ਦੇ ਚੇਹਰੇ ਉੱਪਰ ਜੋਸ਼ ਤੇ ਜਜ਼ਬੇ ਦੇ ਚਿੰਨ ਬੜੇ ਪਰਤੱਖ ਤੌਰ ਤੇ ਗੂਹੜੇ ਰੂਪ ਵਿਚ ਉਘੜੇ ਹੋਏ ਨਜ਼ਰੀ ਆ ਰਹੇ ਸਨ ਤੇ ਉਹਨਾਂ 'ਚੋਂ ਗੰਭੀਰਤਾ ਦੇ ਨਾਲ ਨਾਲ ਭਾਰੀ ਰੋਸ ਤੇ ਗੁੱਸੇ ਦਾ ਪ੍ਰਭਾਵ ਵੀ ਪ੍ਰਤਖ ਤੌਰ 'ਤੇ ਉਜਾਗਰ ਹੋ ਰਿਹਾ ਸੀ, ਜਿਸ ਕਰਕੇ ਸੰਤਾਂ ਦੇ ਚੇਹਰੇ ਦੇ ਹਾਵ ਭਾਵ ਤੇ ਤਸਵੀਰ, ਜੋ ਵਾਸਤਵ ਵਿਚ ਖਾਲਿਸਤਾਨ ਦੀ ਹੀ ਆਵਾਜ਼ ਤੇ ਤਸਵੀਰ ਸੀ, ਆਪਣੇ ਅਸਲ ਰੂਪ ਦਾ ਝਲਕਾਰਾ ਬੜੇ ਹੀ ਸਾਫ ਤੇ ਸਪਸ਼ਟ ਰੂਪ ਵਿਚ ਵਖਾ ਰਹੀ ਸੀ।

ਅਖਬਾਰਾਂ ਵਿਚ ਸੰਤਾਂ ਦੇ ਕੱਲ ਵਾਲੇ ਬਿਆਨ ਨਾ ਆਉਣ ਦੇ ਕਾਰਨ ਅਖਬਾਰੀ ਨੁਮਾਇੰਦਿਆਂ ਪ੍ਰਤੀ ਜਥੇ ਦੇ ਕੁਝ ਸਿਘਾਂ ਦੇ ਮਨਾਂ 'ਤੇ ਭਾਵੇਂ ਕੋਈ ਚੰਗਾ ਪ੍ਰਭਾਵ ਨਹੀਂ ਸੀ ਤੇ ਉਹ ਅਖਬਾਰਾਂ ਵਾਲਿਆਂ ਉੱਪਰ ਬੁਹਤੀ ਬੁਹਤੀ ਕੌੜ ਖਾਂਦੇ ਹੋਏ ਵੀ ਪ੍ਰਤੀਤ ਹੋ ਰਹੇ ਸਨ, ਪਰ ਇਸਦੇ ਬਾਵਜੂਦ ਸੰਤ



ਇਨ੍ਹਾਂ ਅਖਬਾਰੀ ਨੁਮਾਇੰਦਿਆਂ ਦੀ ਬੇਬਸੀ ਤੇ ਮਜਬੂਰੀ ਨੂੰ ਸਮਝਣ ਦੇ ਕਾਰਨ ਉਹਨਾਂ ਨਾਲ ਬੜੇ ਸੁਖਾਲੇ ਤੇ ਮਿਲਣਸਾਰੀ ਦੇ ਮਾਹੌਲ ਵਿਚ ਹੀ ਗੱਲਾਂ ਬਾਤਾਂ ਕਰ ਰਹੇ ਸਨ।

ਜਦ ਪ੍ਰੈਸ ਨੁਮਾਇੰਦਿਆਂ ਨੇ ਸੰਤ ਹਰਚੰਦ ਸਿਘ ਲੌਂਗੋਵਾਲ, ਸ੍ਰ: ਗੁਰਚਰਨ ਸਿਘ ਟੌਹੜਾ, ਗਿਆਨੀ ਕਿਰਪਾਲ ਸਿਘ ਅਤੇ ਗਿਆਨੀ ਸਾਹਿਬ ਸਿਘ ਵਲੋਂ 1 ਜੂਨ ਦੀ ਘਟਨਾ ਤੋਂ ਪਿਛੋਂ ਪ੍ਰੈਸ ਦੇ ਨਾ ਦਿੱਤੇ ਗਏ ਬਿਆਨਾਂ ਦੇ ਸਬੰਧ ਵਿਚ ਸੰਤ ਭਿੰਡਰਾਂਵਾਲਿਆਂ ਦਾ ਪ੍ਰਭਾਵ ਜਾਨਣਾ ਚਾਹਿਆ ਤਾਂ ਸੰਤਾਂ ਨੇ ਉਪ੍ਰੋਕਤ ਆਗੂਆਂ ਤੇ ਜਥੇਦਾਰਾਂ ਵਲੋਂ ਖਾਲਸਾ ਪੰਥ ਦੇ ਹੱਕ ਵਿਚ ਅਤੇ ਭਾਰਤ ਸਰਕਾਰ ਵਿਰੁੱਧ ਸਪਸ਼ਟ ਹੱਕੀ ਤੇ ਵੇਲੇ ਦੀ ਮੰਗ ਅਨੁਸਾਰ ਦਿੱਤੇ ਗਏ ਬਿਆਨਾਂ ਦੀ ਹਮਾਇਤ ਤੇ ਪ੍ਰੋੜਤਾ ਕਰਦਿਆਂ ਹੋਇਆ ਕਿਹਾ, 'ਮੈਂ ਇਨ੍ਹਾਂ ਆਗੂਆਂ ਵਲੋਂ ਦਿੱਤੇ ਗਏ ਇਨ੍ਹਾਂ ਬਿਆਨਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।'

ਇਸਤੋਂ ਇਲਾਵਾ ਸੰਤਾਂ ਨੇ ਪ੍ਰੈਸ ਰੀਪੋਰਟਰਾਂ ਨਾਲ ਅੱਜ ਫੇਰ ਜਿਥੇ ਖਾਲਿਸਤਾਨ ਦੇ ਹੱਕ ਵਿਚ ਗਲਾਂ ਕੀਤੀਆਂ ਉਥੇ ਹਿੰਦ ਸਰਕਾਰ ਤੇ ਹਿੰਦੂ ਸਾਮਰਾਜ ਵਲੋਂ ਸਿਖ ਕੌਮ ਵਿਰੁਧ ਘੜੀਆਂ ਜਾਂ ਚੁੱਕੀਆਂ ਚਾਲਾਂ, ਸਾਜ਼ਸ਼ਾਂ, ਅਤਿ ਖਤਰਨਾਕ ਨੀਤੀਆਂ ਫੈਸਲਿਆਂ ਬਾਰੇ ਵੀ ਖੁੱਲ ਕੇ ਗੱਲਾਂ ਕੀਤੀਆਂ, ਸੰਤਾਂ ਨੇ ਪ੍ਰੈਸ ਵਾਲਿਆਂ ਨੂੰ ਇਹ ਵੀ ਦੱਸਿਆ ਕਿ,

ਸਰਕਾਰ 'ਹੁਣ ਛੇਤੀ ਹੀ ਸਾਨੂੰ ਹਥਿਆਰ ਸੁੱਟਨ ਦੇ ਸਬੰਧ ਵਿਚ 24 ਘੰਟਿਆਂ ਦਾ ਨੋਟਸ ਦੇਵੇਗੀ। ਮੈਨੂੰ ਇਸ ਗੱਲ ਦਾ ਵੀ ਪਤਾ ਲੱਗਾ ਹੈ ਕਿ ਫੌਜ ਪੰਜਾਬ ਦੇ ਸਭ ਗੁਰਧਾਮਾਂ ਉੱਪਰ ਧਾਵਾ ਬੋਲਣ ਵਾਲੀ ਹੈ ਪਰ ਅਸੀਂ ਵੀ ਇਹ ਪੱਕੇ ਤੌਰ 'ਤੇ ਫੈਸਲਾ ਕਰ ਰਖਿਆ ਹੈ ਕਿ ਜੇ ਫੌਜ ਸ੍ਰੀ ਦਰਬਾਰ ਸਾਹਿਬ ਵਿਚ ਦਾਖਲ ਹੋਈ ਤਾਂ ਅੱਗੋਂ ਡਟ ਕੇ ਮੁਕਾਬਲਾ ਕਰਾਂਗੇ, ਅਤੇ ਆਖਰੀ ਸਵਾਸਾਂ ਤੱਕ ਹਥਿਆਰ ਨਹੀਂ ਸੁਟਾਂਗੇ। ਸ੍ਰੀ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਜੀਊਂਦਿਆਂ ਜੀਅ ਨਹੀਂ ਸਹਾਰਾਂਗੇ। ਮੈਂ ਸਿਘਾਂ ਨੂੰ ਸਾਫ ਕਹਿ ਦਿੱਤਾ ਹੈ ਕਿ ਜੇ ਦੁਸ਼ਟਾਂ ਦੀ ਫੌਜ ਦਰਬਾਰ ਸਾਹਿਬ ਪਰਕਰਮਾ ਵਿਚ ਪੈਰ ਧਰੇ ਤਾਂ ਉਸਦੇ ਵਧ ਤੋਂ ਵੱਧ ਡੱਕਰੇ ਮੱਛੇ ਪਾਉਣੇ ਨੇ, ਇਕ ਵੀ ਹਥਿਆਰ ਜੀਊਂਦਿਆਂ ਜੀਅ ਟੋਪੀ ਵਾਲਿਆਂ ਦੇ ਹਥ ਨਹੀਂ ਜਾਣ ਦੇਣਾ। ਤੁਸੀਂ ਵੇਖੋਗੇ ਤੇ ਸੁਣੋਗੇ ਕਿ, ਵਾਹਿਗੁਰੂ ਨੂੰ ਭਾਇਆ ਤਾਂ ਟੋਪੀ ਵਾਲਿਆਂ ਦੀ ਫੌਜ ਦੀਆਂ ਪਰਕਰਮਾ ਵਿਚ ਥਾਂ ਥਾਂ ਉੱਪਰ ਢੇਰੀਆਂ ਲਾਵਾਂਗੇ।'

ਇਸ ਤੋਂ ਬਾਅਦ ਪ੍ਰੈਸ ਨਾਮਾਨਗਾਰਾਂ ਦੀ ਇਹ ਟੀਮ ਸਿਖਰ ਦੁਪਹਿਰ ਤੱਕ ਤੇ ਫਿਰ ਕੁਝ ਸਮਾ ਇਕ ਥਾਂ ਬੈਠਣ ਤੋਂ ਪਿਛੋਂ ਸੂਰਜ ਦੇ ਢਾਲੇ ਪੈ ਜਾਣ ਤੱਕ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਘੁੰਮ ਫਿਰ ਕੇ ਹਾਲਾਤ ਦਾ ਜਾਇਜ਼ਾ ਲੈਂਦੀ ਰਹੀ ਅਤੇ ਸਿਘਾਂ ਤੇ ਸੰਗਤਾਂ ਦੇ ਮਨ ਪੜ੍ਹਦੀ ਰਹੀ।

ਇਸ ਸਮੇਂ ਤੱਕ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਭਵਨ ਉੱਪਰ ਲੱਗੇ ਗੋਲੀਆਂ ਦੇ ਵਡੇ ਛੋਟੇ ਨਿਸ਼ਾਨਾਂ ਉੱਪਰ ਲਾਲ ਰੋਗਨੀ ਰੰਗ ਨਾਲ ਗੋਲ ਦਾਇਰਿਆਂ ਦੇ ਗੂਹੜੇ ਨਸ਼ਾਨ ਖਿਚਵਾਏ ਜਾ ਚੁੱਕੇ ਸਨ। ਸ੍ਰੀ ਹਰਿਮੰਦਰ ਸਾਹਿਬ ਭਵਨ ਦੇ ਚੌਂਹਰੇ ਜੋ ਗੋਲੀਆਂ ਦੇ ਛੋਟੇ ਨਿਸ਼ਾਨ ਸਨ ਉਹਨਾਂ ਦੀ ਗਿਣਤੀ ਕੋਈ 162 ਦੇ ਲਗਪਗ ਸੀ ਅਤੇ ਜੋ ਪਰਕਰਮਾ ਦੇ ਨਾਲ ਲਗਦੀਆਂ ਇਮਾਰਤਾਂ ਤੇ ਦਰਸ਼ਨੀ ਡਿਉਢੀਆਂ ਉੱਪਰ ਪਏ ਸਨ ਉਹਨਾਂ ਦੀ ਗਿਣਤੀ ਤਾਂ ਇਕ ਤਰਾਂ ਨਾਲ ਬੇ-ਹਸਾਬ ਹੀ ਸੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਥਾਂ ਪੁਥਾਂ ਪਏ ਵਡੇ ਨਿਸ਼ਾਨ ਦੇ ਨਾਲ ਨਾਲ ਕੁਝ ਕੁਝ ਫਾਸਲੇ ਉੱਪਰ ਗੂਹੜੇ ਲਾਲ ਰੋਗਨੀ ਰੰਗ ਨਾਲ 1 ਜੂਨ 1984 ਲਿਖਵਾ ਦਿੱਤਾ ਸੀ।

ਅੰਮ੍ਰਿਤਸਰ ਸ਼ਹਿਰ 'ਚੋਂ ਕਰਫੀਊ 5 ਵਜੇ ਸ਼ਾਮ ਤੋਂ ਲੈ ਕੇ 9 ਵਜੇ ਰਾਤ ਤੱਕ ਫਿਰ ਖੋਹਲ ਦਿਤਾ ਗਿਆ ਸੀ ਅਤੇ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਸੂਰਜ ਅਸਤਨ ਤੋਂ ਪਹਿਲਾ ਪਹਿਲਾਂ ਕੋਈ 10 ਹਜ਼ਾਰ ਦੇ ਲਗਪਗ ਸੰਗਤ ਵੱਖ ਵੱਖ ਅਸਥਾਨਾਂ 'ਤੇ ਬੈਠੀ ਖਲੋਤੀ ਤੇ ਪਰਕਰਮਾ ਵਿਚ ਘੁੰਮਦੀ ਫਿਰਦੀ ਹੋਈ ਨਜ਼ਰ ਆ ਰਹੀ ਸੀ।

ਮੈਨੂੰ ਤਰਕਾਲਾਂ ਪੈ ਜਾਣ ਤੇ ਲਗਪਗ, ਫੈਡਰੇਸ਼ਨ ਦੇ ਜਵਾਨਾਂ ਤੋਂ ਪਤਾ ਲੱਗਾ ਕਿ ਦੋ ਹਿੰਦੂ ਪੱਤਰਕਾਰ ਦਿੱਲੀ ਤੋਂ ਆਏ ਹਨ ਅਤੇ ਉਹ ਸ੍ਰੀ ਹਰਿਮੰਦਰ ਸਾਹਿਬ ਭਵਨ ਅਤੇ ਕੰਪਲੈਕਸ ਦੇ ਕੁਝ ਇਕ ਹੋਰ ਵੱਖ ਵੱਖ ਭਾਗਾਂ ਉੱਪਰ ਲਗੀਆਂ ਗੋਲੀਆਂ ਦੇ ਨਸ਼ਾਨਾਂ ਨੂੰ ਬੜੇ ਗਹੁ ਨਾਲ ਵੇਖ ਰਹੇ ਹਨ ਅਤੇ ਸੰਗਤਾਂ ਦੇ ਮਾਨਸਿਕ ਪ੍ਰਭਾਵ ਬਾਰੇ ਜਾਣਕਾਰੀ ਪ੍ਰਾਪਤ ਕਰ ਰਹੇ ਹਨ।

ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਜਵਾਨਾਂ ਪਾਸੋਂ ਪੁਛਣ 'ਤੇ ਮੈਨੂੰ ਪਤਾ ਲਗਾ ਕਿ ਇਹ ਦੋਹਵੇਂ ਪਤਰਕਾਰ 'ਟਾਈਮਜ਼ ਆਫ ਇੰਡੀਆ ਤੇ ਲੰਡਨ ਗਾਰਡੀਅਨ ਨਾਲ ਸਬੰਧਤ ਹਨ (ਟਾਈਮਜ਼ ਆਫ ਇੰਡੀਆ ਦੇ ਸ੍ਰੀ ਸੁਭਾਸ਼ ਕਿਰਪੇਕਰ ਤੇ ਲੰਡਨ ਗਾਰਡੀਅਨ ਦੇ ਸ੍ਰੀ ਅਜੇ ਬੋਸ ਹਨ)

ਜਦ ਇਹ ਦੋਹਵੇਂ ਪਤਰਕਾਰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਪਾਸ ਪਹੁੰਚੇ ਤਾਂ ਉਸ ਸਮੇਂ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਕੁਝ ਇਕ ਜਵਾਨ ਤੇ ਹਰਿਮਿੰਦਰ ਸਿਘ ਸੰਧੂ ਉਹਨਾਂ ਦੇ ਨਾਲ ਸਨ।

ਸੰਤਾਂ ਨੇ ਇਨ੍ਹਾਂ ਦੋਹਵਾਂ ਪਤਰਕਾਰਾਂ ਨੂੰ ਬੜੇ ਪ੍ਰੇਮ ਭਾਵ ਨਾਲ ਆਪਣੇ ਪਾਸ ਬਠਾਇਆ ਤੇ ਫਿਰ ਕੁਝ ਛਿਣਪਲ ਬਾਅਦ ਜਦ ਉਹਨਾਂ ਪੱਤਰਕਾਰਾਂ ਨੇ ਸੰਤਾਂ ਤੋਂ ਪੁਛਿਆ (ਸੰਤਾਂ ਉੱਪਰ ਜੋ ਬਹੁਤੇ ਸਵਾਲ ਕੀਤੇ ਗਏ ਸਨ ਉਹ ਸੁਭਾਸ਼ ਕਿਰਪੇਕਰ ਵਲੋਂ ਕੀਤੇ ਗਏ ਸਨ) ਕਿ ਸਰਕਾਰ ਵਲੋਂ ਪੰਜਾਬ ਵਿਚ ਫੌਜ ਭੇਜੇ ਜਾਣ ਬਾਰੇ ਤੁਹਾਡਾ ਕੀ ਪ੍ਰਤੀਕਰਮ ਹੈ।'

ਸੰਤਾਂ ਦਾ ਅਗੋਂ ਬੜੇ ਹੀ ਸੰਖੇਪ ਰੂਪ ਵਿਚ ਉੱਤਰ ਸੀ ਕਿ ਇਹ (ਫੌਜ) ਸਿਖਾਂ ਨੂੰ ਦਬਾਉਣ ਲਈ ਭੇਜੀ ਗਈ ਹੈ।'

'ਕੀ ਤੁਸੀਂ ਸੀ. ਆਰ. ਪੀ. ਤੇ ਫੌਜ ਵਿਚ ਕੋਈ ਫਰਕ ਸਮਝਦੇ ਹੋ।'

'ਕੋਈ ਫਰਕ ਨਹੀਂ ਸਿਰਫ ਨਾ ਦਾ ਹੀ ਫਰਕ ਹੈ। ਸੀ. ਆਰ. ਪੀ. ਵੀ ਸਿਖਾਂ ਨੂੰ ਕੁਚਲ ਰਹੀ ਸੀ ਤੇ ਫੌਜ ਵੀ ਸਿਖਾਂ ਨੂੰ ਕੁਚਲਣ ਵਾਸਤੇ ਹੀ ਭੇਜੀ ਗਈ ਹੈ।

ਸੰਤ ਇਨ੍ਹਾਂ ਪੱਤਰਕਾਰਾਂ ਦੀ ਹਰ ਗੱਲ ਦਾ ਉੱਤਰ ਬੜੇ ਹੀ ਸੰਖੇਪ ਤੇ ਦੋ ਟੂਕ ਰੂਪ ਵਿਚ ਦੇ ਰਹੇ ਸਨ ਅਤੇ ਸੰਤਾਂ ਵਲੋਂ ਇਨ੍ਹਾਂ ਪਤਰਕਾਰਾਂ ਦੀਆਂ ਗੱਲਾਂ ਦਾ ਦਿੱਤਾ ਜਾ ਰਿਹਾ ਹਰ ਉੱਤਰ ਸਿਖ ਕੌਮ ਤੇ ਹਿੰਦੂ ਸਾਮਰਾਜ ਵਿਚਕਾਰ ਪੱਕੇ ਤੌਰ 'ਤੇ ਪੈਦਾ ਹੋ ਚੁੱਕੀ ਖਲੀਜ ਕਾਰਨ ਪੈਦਾ ਹੋਣ ਵਾਲੇ ਪ੍ਰਭਾਵ ਤੇ ਨਤੀਜੇ ਸਬੰਧੀ ਸਪਸ਼ਟ ਰੂਪ ਵਿਚ ਭਵਿੱਖ ਬਾਣੀ ਕਰਦਾ ਹੋਇਆ ਜਾਪਦਾ ਸੀ।

'ਸਿਖ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਬਿਲਕੁਲ ਨਹੀਂ ਸਹਾਰ ਸਕਦੇ, ਇਸਦੀ ਪ੍ਰਤੀਕਿਰਿਆ ਅਵਸ਼ ਹੋਵੇਗੀ।'

ਸੁਭਾਸ਼ ਕਿਰਪੇਕਰ ਨੇ ਸੰਤਾਂ ਉੱਪਰ ਫਿਰ ਪ੍ਰਸ਼ਨ ਕੀਤਾ ਕਿ 'ਕੀ ਸਿਖ ਹੁਣ ਭਾਰਤ ਨਾਲ ਰਹਿ ਸਕਦੇ ਹਨ?



ਇਸ ਵਾਰੀ ਸੰਤਾਂ ਨੇ ਇਸ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਪਤਰਕਾਰਾਂ ਨੂੰ ਆਪਣਾ ਸਵਾਲ ਸਪਸ਼ਟ ਕਰਨ ਲਈ ਕਿਹਾ।

'ਸਾਡਾ ਕਹਿਣ ਤੋਂ ਭਾਵ ਹੈ ਕਿ ਕੀ ਹੁਣ ਸਿਖ ਭਵਿੱਖ ਵਿਚ ਭਾਰਤ ਅੰਦਰ ਰਲ ਕੇ ਰਹਿ ਸਕਦੇ ਹਨ?

ਸੰਤਾਂ ਦਾ ਅਗੋਂ ਬੜੇ ਜ਼ੋਰਦਾਰ ਅੰਦਾਜ਼ ਵਿਚ ਬਿਨਾ ਕਿਸੇ ਲੁੱਕ ਲੁਕਾ ਦੇ ਸਾਫ ਤੇ ਸਪਸ਼ਟ ਉੱਤਰ ਸੀ ਕਿ

'ਸੱਚੀ ਗੱਲ ਤਾਂ ਇਹ ਹੈ ਕਿ ਸਿਖ ਹੁਣ ਭਾਰਤ ਨਾਲ ਰਲਕੇ ਨਾ ਰਹਿ ਸਕਦੇ ਹਨ ਤੇ ਨਾ ਹੀ ਚੱਲ ਸਕਦੇ ਹਨ ਕਿਉਂਕਿ ਇਨ੍ਹਾਂ ਹਾਲਾਤ ਵਿਚ ਹੁਣ ਸਿਖਾਂ ਦਾ ਭਾਰਤ ਨਾਲ ਰਹਿਣਾ ਉੱਕਾ ਹੀ ਅਸੰਭਵ ਹੋ ਗਿਆ ਹੈ।'

'ਕੀ ਤੁਸੀਂ ਅਕਾਲੀ ਲੀਡਰਸ਼ਿਪ ਬਾਰੇ ਸੰਤੁਸ਼ਟ ਹੋ?'

ਸੰਤ ਪਤਰਕਾਰਾਂ ਦੀ ਜ਼ਬਾਨੀ ਇਹ ਗੱਲ ਸੁਣਕੇ ਖਾਮੋਸ਼ ਹੋ ਗਏ ਤੇ ਫਿਰ ਉੱਤਰ ਵਿਚ ਸਿਰਫ ਏਨਾ ਹੀ ਕਿਹਾ ਕਿ, ਇਸ ਸਬੰਧ ਵਿਚ ਮੈਂ ਕੁਝ ਨਹੀਂ ਕਹਿਣਾ।

'ਰੱਬ ਨਾ ਕਰੇ, ਜੇ ਤੁਹਾਡੀ ਮੌਤ ਹੋ ਜਾਵੇ ਤਾਂ ਤੁਹਾਡਾ ਉੱਤਰ ਅਧਿਕਾਰੀ ਕੌਣ ਹੋਵੇਗਾ।'

ਇਸ ਸਵਾਲ ਦੇ ਸਬੰਧ ਵਿਚ ਸੰਤਾਂ ਨੇ ਇਨ੍ਹਾਂ ਪਤੱਰਕਾਰਾਂ ਨੂੰ, ਜਥੇ ਤੇ ਟਕਸਾਲ ਦੇ ਬੁਨਿਆਦੀ ਅਸੂਲਾਂ ਉੱਪਰ ਰੋਸ਼ਨੀ ਪਾਉਂਦੇ ਹੋਇਆਂ ਦਸਿਆ ਕਿ,

'ਟਕਸਾਲ ਦੇ ਮੁਖੀ ਦੀ ਚੋਣ ਸਬੰਧੀ (ਦਾਸ ਤਾਂ ਸਮੂਹ ਪੰਥ ਦੇ ਚਰਨਾਂ ਦੀ ਧੂੜ ਹੈ) ਵੋਟਾਂ ਦਾ ਰਵਾਜ ਨਹੀਂ ਜੋ ਵਿਅਕਤੀ ਯੋਗ ਹੋਵੇਗਾ, ਜਥੇ ਵਾਲੇ ਉਸਨੂੰ ਚੁਣ ਲੈਣਗੇ।

'ਕੀ ਤੁਸੀਂ ਆਪਣੇ ਮਿਸ਼ਨ ਦੀ ਪੂਰਤੀ ਲਈ ਵਿਦੇਸ਼ ਤੋਂ ਮਦਦ ਲਉਗੇ?'

'ਹਾਂ ਕਿਉਂ ਨਹੀਂ? ਜੇ ਕੋਈ ਦੇਸ਼ ਮਦਦ ਦੇਵੇਗਾ ਤਾਂ ਜ਼ਰੂਰ ਲਵਾਂਗੇ।'

ਇਸ ਵਾਰ ਸੰਤਾਂ ਨੇ ਇਹ ਗੱਲ ਕੁਝ ਐਸੇ ਅੰਦਾਜ਼ ਵਿਚ ਕਹੀ ਕਿ ਉਸ ਤੋਂ ਇਹ ਗੱਲ ਆਪਣੇ ਆਪ ਹੀ ਸਪਸ਼ਟ ਹੋ ਰਹੀ ਸੀ ਕਿ ਜੇ ਖਾਲਸਾ ਰਾਜ ਦੀ ਪ੍ਰਾਪਤੀ ਵਾਸਤੇ ਹਿੰਦੁਸਤਾਨ ਦੀ ਸਰਕਾਰ ਤੇ ਉਸਦੇ ਹਿੰਦੂ ਸਾਮਰਾਜ ਨਾਲ ਸਿੱਧੀ ਹਥਿਆਰ ਬੰਦ ਟੱਕਰ ਲੈਣੀ ਪਈ ਅਤੇ ਕਿਸੇ ਦੋਸਤ ਤੇ ਹਮਦਰਦ ਵਿਦੇਸ਼ੀ ਤਾਕਤ ਵਲੋਂ ਸਹਾਇਤਾ ਦਿੱਤੀ ਗਈ ਤੇ ਜਾਂ ਪੇਸ਼ਕਸ਼ ਕੀਤੀ ਗਈ ਤਾਂ ਉਸਨੂੰ ਅਸੀਂ ਮਨੋ ਚਿੱਤੋ ਜੀਉ ਆਇਆ ਕਹਾਂਗੇ ਤੇ ਸਵੀਕਾਰ ਕਰਾਂਗੇ।

ਇਕ ਹੋਰ ਸਵਾਲ ਦੇ ਉਤਰ ਵਿਚ ਤਾਂ ਸੰਤਾਂ ਨੇ ਇਨ੍ਹਾਂ ਪਤਰਕਾਰਾਂ ਸਾਹਮਣੇ ਸਿਖ ਕੌਮ ਦੀ ਵਰਤਮਾਨ ਪੋਜੀਸ਼ਨ ਬਾਰੇ ਆਪਣੇ ਮਨ ਦੀ ਗੱਲ ਨੂੰ ਐਨ ਸਾਫ ਤੇ ਸਪਸ਼ਟ ਕਰਦਿਆਂ ਹੋਇਆਂ ਕਿਹਾ ਕਿ,

'ਸਿਖ ਭਾਰਤ ਵਿਚ ਗ਼ੁਲਾਮ ਹਨ, ਹੁਣ ਅਸਾਂ ਹਰ ਹਾਲਤ ਵਿਚ ਗੁਲਾਮੀ ਦੀਆਂ ਜ਼ੰਜੀਰਾਂ ਕੱਟਣੀਆਂ ਹਨ। ਇਸ ਮਹਾਨ ਕਾਰਜ ਦੀ ਪੂਰਤੀ ਦੇ ਰਸਤੇ ਵਿਚ ਜੋ ਵੀ ਰੋਕ ਰੁਕਾਵਟ ਦਿਸੇਗੀ ਉਸਨੂੰ ਹਰ ਹੀਲੇ ਦੂਰ ਕਰਨ ਲਈ ਸਖ਼ਤ ਤੋਂ ਸਖਤ ਸੰਘਰਸ਼ ਕਰਾਂਗੇ ਤੇ ਵੱਡੇ ਤੋਂ ਵਡੇ ਖਤਰਾ ਵੀ ਮੁਲ ਲਵਾਂਗੇ। ਦੁਖ ਤਸੀਹੇ ਤੇ ਮੌਤ ਸਾਡੇ ਰਸਤੇ ਵਿਚ ਅੜਿਕਾ ਨਹੀਂ ਬਣ ਸਕਦੇ।'

ਜਦ ਪ੍ਰੈਸ ਨਾਮਾਨਗਾਰਾਂ ਨੇ ਸੰਤਾਂ ਤੋਂ ਇਹ ਪੁਛਿਆ ਕਿ 'ਤੁਸੀਂ ਸਿੰਘ ਸਾਹਿਬਾਨ (ਗਿਆਨੀ ਕਿਰਪਾਲ ਸਿੰਘ ਅਤੇ ਗਿਆਨੀ ਗਿਆਨ ਸਿੰਘ) ਦੇ ਕੱਲ ਵਾਲੇ ਇਸ ਬਿਆਨ ਤੇ ਆਦੇਸ਼ ਨਾਲ ਸਹਿਮਤ ਹੋ ਕਿ, ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਤੇ ਹਲਾ ਬੋਲ ਦਿੱਤਾ ਹੈ, ਭਾਵ ਇਹ ਕਿ ਸ੍ਰੀ ਹਰਿਮੰਦਰ ਸਾਹਿਬ ਭਵਨ ਉੱਪਰ ਤੇ ਸਮੁੱਚੇ ਕੰਪਲੈਕਸ ਉੱਪਰ ਸੀ. ਆਰ. ਪੀ. ਵਲੋਂ ਲਗਾਤਾਰ 7 ਘੰਟੇ ਤੱਕ ਤਾਬੜ ਤੋੜ ਫਾਇਰੰਗ ਕੀਤੀ ਗਈ ਹੈ, ਦੁਸ਼ਟਾਂ ਦਾ ਨਾਸ਼ ਕਰ ਦਿਓ' ਤਾਂ ਸੰਤਾਂ ਦਾ ਅਗੋਂ ਦੋ ਟੂਕ ਰੂਪ ਵਿਚ ਉੱਤਰ ਸੀ ਕਿ 'ਹਾਂ ਪੂਰੀ ਤਰਾਂ ਨਾਲ ਸਹਿਮਤ ਹਾਂ'

ਜਿਸ ਸਮੇਂ ਪ੍ਰੈਸ ਰੀਪੋਰਟਰਾਂ ਵਲੋਂ ਸੰਤਾਂ ਦਾ ਇੰਟਰਵੀਊ ਲਿਆ ਜਾ ਰਿਹਾ ਸੀ ਤਾਂ ਉਸ ਸਮੇਂ ਪ੍ਰੈਸ ਵਾਲਿਆਂ ਵਲੋਂ ਇਸ ਦੌਰਾਨ ਜੋ ਵੀ ਪ੍ਰਸ਼ਨ ਪੁਛੇ ਗਏ ਉਸਦੇ ਜਵਾਬ ਵਿਚ ਸੰਤਾਂ ਦੀ ਗੱਲ ਬਾਤ ਦਾ ਜੋ ਪ੍ਰਭਾਵ ਸਮੁੱਚੇ ਤੌਰ ਤੇ ਉਘੜ ਕੇ ਸਾਹਮਣੇ ਆਇਆ ਉਹ ਇਹ ਸੀ ਕਿ ਸਿੱਖਾਂ ਦਾ ਹੁਣ ਭਾਰਤ ਨਾਲ ਅਰਥਾਤ ਹਿੰਦੂ ਸਾਮਰਾਜ ਨਾਲ ਇਕੱਠ ਨਹੀਂ ਨਿਭ ਸਕਦਾ ਅਤੇ ਸਿੱਖਾਂ ਨੂੰ ਹੁਣ ਹਰ ਹਾਲਤ ਵਿਚ ਆਪਣੇ ਲਈ ਇਕ ਆਜ਼ਾਦ ਤੇ ਖੁਦਮੁਖਤਿਆਰ ਦੇਸ਼ ਖਾਲਿਸਤਾਨ ਕਾਇਮ ਕਰਨਾ ਹੀ ਪਵੇਗਾ। ਸੰਤਾਂ ਨੇ ਆਪਣੇ ਇਨ੍ਹਾਂ ਬਿਆਨਾਂ ਦੀ ਵਿਆਖਿਆ ਸਿੱਖਾਂ ਵਿਚ ਬੜੀ ਖੁਲ ਕੇ ਕੀਤੀ ਸੀ।

ਇੰਟਰਵੀਊ ਦੇ ਦੌਰਾਨ ਸੰਤਾਂ ਪਾਸ ਹੋਰਨਾਂ ਸਿੱਘਾਂ ਤੋਂ ਇਲਾਵਾ ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਗਿਆਨੀ ਪੂਰਨ ਸਿੰਘ, ਸ੍ਰ: ਰਛਪਾਲ ਸਿੰਘ ਤੇ ਹਰਮਿੰਦਰ ਸਿੰਘ ਸੰਧੂ ਆਦਿ ਵੀ ਬੈਠੇ ਹੋਏ ਸਨ।

ਜਦ ਸੰਤਾਂ ਨੇ ਜਨਰਲ ਸੁਬੇਗ ਸਿੰਘ ਦੀ ਪਤੱਰਕਾਰਾਂ ਨਾਲ ਜਾਣਪਛਾਣ ਕਰਵਾਈ ਤਾਂ ਪਤੱਰਕਾਰਾਂ ਵਲੋਂ ਕੀਤੇ ਗਏ ਪ੍ਰਸ਼ਨਾਂ ਦੇ ਉੱਤਰ ਵਿਚ ਜਨਰਲ ਸੁਬੇਗ ਸਿੰਘ ਨੇ ਉਹਨਾਂ ਸਾਹਮਣੇ ਖਾਲਸਾ ਪੰਥ ਦੀ ਆਨ ਸ਼ਾਨ ਆਜ਼ਾਦੀ ਤੇ ਚੜ੍ਹਦੀ ਕਲਾ ਨੂੰ ਕਾਇਮ ਰਖਣ ਦੇ ਸਬੰਧ ਵਿਚ ਆਪਣੇ ਜਜ਼ਬਾਤ ਦਾ ਪਰਗਟਾਵਾ ਕਰਦਿਆਂ ਹੋਇਆਂ ਕਿਹਾ,

'ਮੈਨੂੰ ਆਪਣੀ ਉਮਰ ਦਾ ਬਹੁਤਾ ਹਿਸਾ ਵਿਹਾ ਜਾਣ ਤੋਂ ਬਾਅਦ ਹੁਣ ਆ ਕੇ ਆਪਣੇ ਆਪ ਵਿਚ ਇਸਤਰਾਂ ਜਾਪ ਰਿਹਾ ਹੈ ਕਿ ਜਿਵੇਂ ਮੈਨੂੰ ਸਹੀ ਮੰਜ਼ਲ ਨਜ਼ਰੀ ਪੈ ਗਈ ਹੋਵੇ ਤੇ ਠੀਕ ਰਾਹ ਮਿਲ ਗਿਆ ਹੋਵੇ। ਮੈਂ ਹਿੰਦੁਸਤਾਨ ਦੀ ਖਾਤਰ ਕਈ ਲੜਾਈਆਂ ਲੜੀਆਂ ਹਨ, ਪਰ ਜੋ ਮਾਨਸਿਕ ਪ੍ਰਸੰਨਤਾ ਤੇ ਬਲ ਮੈਨੂੰ ਗੁਰੂ ਘਰ ਤੇ ਖਾਲਸਾ ਪੰਥ ਦੀ ਸੇਵਾ ਦੇ ਖੇਤਰ 'ਚ ਨਸੀਬ ਹੋਇਆ ਹੈ, ਉਹ ਮੈਨੂੰ ਸੰਸਾਰਕ ਜਲ-ਜਲੋ ਰੁਹਬ ਆਦਾਬ ਤੇ ਸੁਖ ਆਰਾਮ ਵਾਲੇ ਐਸ਼ਵਰਜ ਭਰੇ ਜੀਵਨ 'ਚੋਂ ਕਦੀ ਵੀ ਨਸੀਬ ਨਹੀਂ ਸੀ ਹੋਇਆ। ਹੁਣ ਤਾਂ ਮੈਂ ਖਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਆਪਣੇ ਧਰਮ ਦੀ ਰਾਖੀ ਤੇ ਧਾਰਮਕ ਉਚ ਸਥਾਨਾਂ ਦੀ ਆਨ ਸ਼ਾਨ ਤੇ ਪਵਿੱਤਰਤਾ ਨੂੰ ਕਾਇਮ ਰਖਣ ਲਈ ਆਪਣੀ ਜਾਨ ਤਾਂ ਕੀ ਸਰਬੰਤਵ ਤੱਕ ਵਾਰ ਦਿਆਂਗਾ। ਮੇਰੇ ਜੀਵਨ ਦਾ ਹੁਣ ਇਹੋ ਹੀ ਲਖਸ਼ ਹੈ ਕਿ ਖਾਲਸਾ ਪੰਥ ਸਦਾ ਚੜ੍ਹਦੀ ਕਲਾ ਵਿਚ ਤੇ ਆਨ ਸ਼ਾਨ ਨਾਲ ਸਭ ਪਾਸੇ ਵਿਚਰੇ ਤੇ ਵਧੇ ਫੁੱਲੇ ਅਤੇ ਇਸਦੀ ਹਸਤੀ ਯੁੱਗਾਂ ਯੁਗਾਤਰਾਂ ਤੱਕ ਆਜ਼ਾਦ ਤੇ ਖੁਦ ਮੁਖਤਿਆਰ ਰਹੇ।'

ਜਿਸ ਸਮੇਂ ਇਹ ਪਤਰਕਾਰ ਸੰਤਾਂ ਦਾ ਇੰਟਰਵੀਊ ਲੈਣ ਤੋਂ ਬਾਅਦ ਹਰ ਤਰ੍ਹਾਂ ਨਾਲ ਫਾਰਗ ਹੋ ਗਏ ਤਾਂ ਉਹਨਾਂ ਨੇ ਵੇਖਿਆ ਕਿ ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨ ਬੜੇ ਹੀ ਜੋਸ਼ ਜਜ਼ਬੇ ਤੇ ਉਤਸ਼ਾਹ ਨਾਲ ਆਪੋ ਆਪਣੀਆਂ ਸਰਗਰਮੀਆਂ ਜਾਰੀ ਰੱਖ ਰਹੇ ਹਨ। ਉਸ ਸਮੇਂ ਲਗਪਗ ਸਭ ਸਿੰਘ ਹਥਿਆਰ ਬੰਦ ਰੂਪ ਵਿਚ ਇਧਰ ਉਧਰ ਘੁੰਮ ਫਿਰ ਰਹੇ ਸਨ ਅਤੇ ਬਹੁਤ ਸਾਰੇ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਦੀ ਸਭ ਤੋਂ ਉੱਪਰਲੀ ਮੰਜ਼ਲ ਉੱਪਰ ਦੂਰ ਦੂਰ ਤੱਕ ਦੀਆਂ ਉੱਚੀਆਂ ਇਮਾਰਤਾਂ



ਉੱਤੇ ਪੁਜ਼ੀਸ਼ਨਾਂ ਮੱਲੀ ਬੈਠੇ ਫੌਜੀਆਂ ਵਲ ਨਿਸ਼ਾਨਾ ਬੰਨ੍ਹ ਬੰਨ੍ਹ ਕੇ ਵੇਖ ਰਹੇ ਸਨ।

ਉਸ ਸਮੇਂ ਸਿੰਘਾਂ ਦੀ ਇਸ ਮੌਜ ਤੋਂ ਉਹਨਾਂ ਦੇ ਅੰਤਸ਼ ਕਰਨ ਅੰਦਰ ਮਚਲ ਰਹੇ ਜੁਝਾਰੂ ਜਜ਼ਬਾਤ ਤੇ ਵਲਵਲਿਆਂ ਤੋਂ ਇਸਤਰਾਂ ਭਾਸ ਰਿਹਾ ਸੀ ਕਿ ਜਿਵੇਂ ਉਹਨਾਂ ਦੇ ਉੱਪਰ ਭਾਰਤ ਸਰਕਾਰ ਦੇ ਹੁਕਮ ਹਾਸਲ ਫੌਜੀਆਂ, ਉਸਦੀਆਂ ਛਾਉਣੀਆਂ ਉਸਦੇ ਟੈਂਕਾਂ, ਜੰਗੀ ਹਵਾਈ ਜਹਾਜਾਂ ਖਤਰਨਾਕ ਕਿਸਮ ਦੇ ਬੰਬਾਰਾਂ ਤੇ ਤੋਪ ਖਾਨਿਆਂ ਭਿਆਨਕ ਕਿਸਮ ਦੇ ਬੰਬ ਗੋਲਿਆਂ ਤੇ ਹਥਿਆਰਾਂ ਅਤੇ ਬੇਇੰਤਹਾ ਅਸਲੇ ਦੇ ਭੰਡਾਰਾਂ ਤੇ ਸਭ ਤਰਾਂ ਦੀ ਬਰੀ ਬਹਿਰੀ ਅਤੇ ਹਵਾਈ ਫੌਜ ਦੇ ਭਾਰੀ ਲਸ਼ਕਰਾਂ ਬੇੜਿਆਂ ਤੇ ਕਾਫਲਿਆਂ ਦਾ ਰੱਤੀ ਮਾਤਰ ਰੂਪ ਵਿਚ ਵੀ ਕੋਈ ਡਰ ਭੈ ਜਾਂ ਵਿਸਵਾਸ ਅੰਦੇਸ਼ਾ ਨਹੀਂ ਹੁੰਦਾ।

# 19.

੩ ਜੂਨ ਨੂੰ ਸ਼ਾਮ ਦੀਆਂ ਖ਼ਬਰਾਂ ਵਿਚ ਦੱਸਿਆ ਗਿਆ ਸੀ ਕਿ ੯ ਵਜੇ ਰਾਤ ਤੋਂ ਸਾਰੇ ਪੰਜਾਬ ਵਿਚ ੩੬ ਘੰਟੇ ਦਾ ਕਰਫ਼ਿਊ ਲਗ ਰਿਹਾ ਹੈ।

ਖ਼ਬਰਾਂ ਤੋਂ ਇਹ ਗੱਲ ਵੀ ਸਪਸ਼ਟ ਹੋ ਗਈ ਸੀ ਕਿ ਕਰਫ਼ਿਊ ਦੇ ਇਸ ਸਮੇਂ ਦੌਰਾਨ ਪੰਜਾਬ ਭਰ ਅੰਦਰ ਹਰ ਤਰ੍ਹਾਂ ਦੀਆਂ ਗੱਡੀਆਂ ਬੱਸਾਂ ਇਥੋਂ ਤੱਕ ਕਿ ਬੈਲ ਗੱਡੀਆਂ ਤੇ ਸਾਈਕਲਾਂ ਤੱਕ ਨੂੰ ਚਲਾਉਣ ਉਪਰ ਵੀ ਪਾਬੰਦੀ ਲਗਾ ਦਿੱਤੀ ਗਈ ਸੀ।

ਪੰਜਾਬ ਦੇ ਗਵਰਨਰ ਭੈਰੋਂ ਦੱਤ ਪਾਂਡੇ ਦੇ ਸਲਾਹਕਾਰ ਸਿੱਧੂ ਨੂੰ ਕੇਂਦਰ ਵਿਚ ਵਾਪਸ ਭੇਜ ਦੇਣ ਬਾਰੇ ਐਲਾਨ ਹੋ ਚੁੱਕਾ ਸੀ ਅਤੇ ਲੈਫਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਨੂੰ ਗਵਰਨਰ ਪੰਜਾਬ ਦੇ ਸੁਰੱਖਿਆ ਸਲਾਹਕਾਰ ਵਜੋਂ ਬਾਕਾਇਦਾ ਚਾਰਜ ਸੌਂਪ ਦਿੱਤਾ ਗਿਆ ਸੀ।

ਅਖ਼ਬਾਰਾਂ 'ਤੇ ਸੈਂਸਰ ਲਗਾ ਦਿੱਤੀ ਗਈ ਸੀ ਅਤੇ ਫ਼ੌਜੀ ਤੇ ਨੀਮ ਫ਼ੌਜੀ ਫੋਰਸਿਜ਼ ਦੇ ਕਿਸੇ ਵੀ ਐਲਾਨ ਜਾਂ ਉਪਰੇਸ਼ਨ ਬਾਰੇ ਕੁਝ ਵੀ ਨਹੀਂ ਸੀ ਛਾਪਿਆ ਜਾ ਸਕਦਾ।

ਇਨ੍ਹਾਂ ਖ਼ਬਰਾਂ ਦੇ ਆਉਣ ਦੇ ਨਾਲ ਹੀ ਕੰਪਲੈਕਸ ਅੰਦਰ ਇਹ ਅਫ਼ਵਾਹ ਤੇ ਚਰਚਾ ਆਮ ਸੀ ਕਿ ਅੱਜ ਰਾਤ ਦਰਬਾਰ ਸਾਹਿਬ ਉਪਰ ਹਮਲਾ ਜ਼ਰੂਰ ਹੋਵੇਗਾ ਕਿਉਂਕਿ ਦਰਬਾਰ ਸਾਹਿਬ ਕੰਪਲੈਕਸ ਦੇ ਆਲੇ ਦੁਆਲੇ ਚੌਕ ਘੰਟਾ ਘਰ, ਬ੍ਰਹਮ ਬੂਟਾ ਮਾਰਕੀਟ ਕੋਤਵਾਲੀ ਜਲਿਆਂ ਵਾਲੇ ਬਾਗ਼ ਦੇ ਆਸ ਪਾਸ, ਕੰਪਲੈਕਸ ਦੇ ਆਲੇ ਦੁਆਲੇ ਉੱਚੀਆਂ ਉੱਚੀਆਂ ਇਮਾਰਤਾਂ ਤੇ ਹੋਰ ਅੱਡਿਆਂ ਟਿਕਾਣਿਆਂ ਦੇ ਮੋਰਚਿਆਂ ਅਤੇ ਚੌਕ ਪਰਾਗ ਦਾਸ, ਚੌਕ ਬਾਬਾ ਅਟੱਲ ਸਾਹਿਬ, ਛੱਤੀ ਖੂਹੀ, ਆਟਾ ਮੰਡੀ, ਲਛਮਣ ਸਰ ਚੌਕ ਝੂਠਾ ਬਜ਼ਾਰ, ਪਰਤਾਪ ਬਾਜ਼ਾਰ ਤੇ ਕਟੜਾ ਆਹਲੂਵਾਲੀਆ ਆਦਿ ਸਭ ਪਾਸੇ ਫ਼ੌਜ ਨੇ ਮੁਕੰਮਲ ਤੌਰ ਤੇ ਕੰਟਰੋਲ ਸੰਭਾਲ ਰੱਖਿਆ ਸੀ।

ਅਸਲ ਵਿਚ ੩ ਜੂਨ ਦਾ ਇਹ ਦਿਨ ਭਾਰਤ ਸਰਕਾਰ ਵਲੋਂ ਸਿੱਖ ਕੌਮ ਉੱਪਰ ਸਭ ਪਾਸਿਆਂ ਤੋਂ ਮਾਰੂ ਵਾਰ ਕਰਨ ਦੇ ਸਬੰਧ ਵਿਚ ਉਸਾਰੇ ਗਏ ਤੇ ਕਾਇਮ ਕੀਤੇ ਗਏ ਜੰਗੀ ਪੜਾ ਤੇ ਵਾਤਾਵਰਨ ਵਜੋਂ ਸਾਬਤ ਹੋ ਰਿਹਾ ਸੀ। ਕਿਉਂਕਿ ਇਸ ਦਿਨ ਸਮੁੱਚੇ ਪੰਜਾਬ ਨੂੰ ਪਿੰਜਰਾ ਬੰਦ ਕਰਨ ਅਤੇ ਸਿੱਖਾਂ ਨੂੰ ਹਰ ਪੱਖੋਂ ਮਜਬੂਰ ਲਾਚਾਰ ਤੇ ਕੈਦੀ ਬਣਾਕੇ ਰੋਕ ਦੇਣ ਦੀਆਂ ਸਰਕਾਰੀ ਕਾਰਵਾਈਆਂ ਪੂਰੇ ਜ਼ੋਰਾਂ 'ਤੇ ਸਨ।

ਗੱਲ ਕੀ ਕਿ ਸਾਰੇ ਪੰਜਾਬ ਨੂੰ ਸਭ ਪਾਸਿਆਂ ਤੋਂ ਮੁਕੰਮਲ ਤੌਰ ਉਪਰ ਅਲੱਗ-ਥਲੱਗ ਕਰ ਦੇਣ ਦੇ ਹੁਕਮ ਜਾਰੀ ਕੀਤੇ ਜਾ ਚੁਕੇ ਸਨ। ਆਵਾਜਾਈ ਦੇ ਸਭ ਸਾਧਨ ਵਸੀਲੇ ਠੱਪ ਕਰਕੇ ਰੋਕ ਦਿੱਤੇ ਗਏ ਸਨ। ਸਭ ਗੈਰ ਸਰਕਾਰੀ ਅਰਥਾਤ ਗੈਰ ਫ਼ੌਜੀ ਤੇ ਗੈਰ ਨੀਮ ਫ਼ੌਜੀ ਅਥਵਾ ਸਿਵਲ ਸੰਚਾਰ ਸਾਧਨ



ਕੱਟ ਦਿੱਤੇ ਗਏ ਸਨ। ਇਥੋਂ ਤੱਕ ਕਿ ਹਵਾਈ ਜਹਾਜ਼ਾਂ ਦੀਆਂ ਉਡਾਨਾਂ ਉੱਪਰ ਵੀ ਪਾਬੰਦੀ ਲਗਾਈ ਜਾ ਚੁੱਕੀ ਸੀ। ਪੰਜਾਬ ਭਰ ਵਿਚੋਂ ਵਿਦੇਸ਼ੀਆਂ ਨੂੰ ਬਾਹਰ ਕੱਢ ਦੇਣ ਦੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਚੁਕੀਆਂ ਸਨ ਅਤੇ ਇਸ ਤਰ੍ਹਾਂ ਪੰਜਾਬ ਅੰਦਰ ਵਿਦੇਸ਼ੀਆਂ ਦੇ ਦਾਖਲੇ ਉੱਪਰ ਪਾਬੰਦੀ ਲਗਾਈ ਜਾ ਚੁਕੀ ਸੀ। ਅਟਾਰੀ ਬਾਡਰ ਦੀ ਚੈੱਕ ਪੋਸਟ ਬੰਦ ਕਰ ਦੇਣ ਤੇ ਵਾਘਾ ਬਾਰਡਰ ਬੰਦ ਕਰ ਦੇਣ ਦੇ ਹੁਕਮ ਜਾਰੀ ਹੋ ਚੁਕੇ ਸਨ। ਅਖ਼ਬਾਰਾਂ ਉੱਪਰ ਸੈਂਸਰ ਬਠਾਉਣ ਤੋਂ ਇਲਾਵਾ ਪੰਜਾਬ ਅੰਦਰ ਅਖ਼ਬਾਰਾਂ ਦੀ ਅਸ਼ਾਇਤ ਅਤੇ ਦੂਸਰੇ ਸੂਬਿਆਂ ਤੇ ਬਾਹਰ ਤੋਂ ਆਉਣ ਵਾਲੀਆਂ ਅਖ਼ਬਾਰਾਂ ਤੇ ਹੋਰ ਪਬਲਿਸ਼ਡ ਮੈਟਰ ਦੀ ਆਮਦ ਉੱਪਰ ਪਾਬੰਦੀ ਲਾਗੂ ਕਰਨ ਦੇ ਸਭ ਪ੍ਰਬੰਧ ਮੁਕੰਮਲ ਕਰ ਲਏ ਗਏ ਸਨ ਤੇ ਇਸ ਸਬੰਧ ਵਿਚ ਬਾਕਾਇਦਾ ਹੁਕਮ ਜਾਰੀ ਕੀਤੇ ਜਾ ਚੁੱਕੇ ਸਨ। ਪੰਜਾਬ ਭਰ ਅੰਦਰ ਸੂਰਜ ਚੜ੍ਹੇ ਤੋਂ ਪਹਿਲਾਂ ਪਹਿਲਾਂ ਸਭ ਪਾਸੇ ਵਿਸ਼ਾਲ ਪੱਧਰ ਤੇ ਮਿਲਟਰੀ ਦੀ ਸਥਾਪਨਾ ਕਰ ਦਿੱਤੀ ਗਈ ਸੀ ਅਤੇ ਚੰਡੀਗੜ੍ਹ ਉੱਪਰ ਵੀ ਇਹ ਸਭ ਕਾਨੂੰਨ ਤੇ ਹੁਕਮ ਬਰਾਬਰ ਲਾਗੂ ਹੋ ਚੁੱਕੇ ਸਨ। ਪੰਜਾਬ ਨਾਲ ਲਗਦੇ ਸਭ ਸੂਬਿਆਂ ਦੀਆਂ ਹੱਦਾਂ ਵੀ ਫ਼ੌਜ ਦੀ ਸਖ਼ਤ ਨਿਗਰਾਨੀ ਵਿਚ ਸਨ। ਪਾਕ ਭਾਰਤ ਬਾਰਡਰ ਸਮੁੱਚੇ ਰੂਪ ਵਿਚ ਸੀਲ ਕੀਤਾ ਜਾ ਚੁੱਕਾ ਸੀ ਤੇ ਪੰਜਾਬ ਨਾਲ ਲਗਦੀਆਂ ਸਭ ਭਾਰਤੀ ਹੱਦਾਂ ਵੀ ਮੁਕੰਮਲ ਤੌਰ 'ਤੇ ਫ਼ੌਜੀ ਕਮਾਂਡ ਹੇਠ ਦੇ ਦਿੱਤੀਆਂ ਗਈਆਂ ਸਨ।

ਅਸਲ ਵਿਚ ਇਹ ਸਭ ਕਾਰਵਾਈ ਭਾਰਤ ਸਰਕਾਰ ਵਲੋਂ ਜੰਗੀ ਪੱਧਰ 'ਤੇ ਪਰਵਾਨ ਚੜ੍ਹਾਈ ਗਈ ਸੀ ਅਤੇ ਪੰਜਾਬ ਦੀ ਚੱਪਾ ਚੱਪਾ ਧਰਤੀ ਨੂੰ ਫ਼ੌਜੀ ਬੂਟਾਂ, ਜੀਪਾਂ, ਬਖਤਰ ਬੰਦ ਗੱਡੀਆਂ ਤੇ ਟੈਂਕਾਂ ਆਦਿ ਦੀ ਮਾਰ ਹੇਠ ਦਰੜ ਦੇਣ ਦੇ ਹਿੰਦੂ ਸਾਮਰਾਜ ਦੇ ਸੁਪਣੇ ਨੂੰ ਸਾਕਾਰ ਕਰਨ ਲਈ ਪਿਛਲੇ ਛੱਤੀ ਸੈਂਤੀ ਸਾਲਾਂ ਤੋਂ ਸਿੱਖ ਵਿਰੁਧ ਘੜੀਆਂ ਜਾਂਦੀਆਂ ਰਹੀਆਂ ਭਿਆਨਕ ਨੀਤੀਆਂ ਤੇ ਸਾਜ਼ਸ਼ਾਂ ਨੂੰ ਹੁਣ ਇਕ ਫੈਸਲਾ ਕੁੰਨ ਨੀਤੀ, ਫੈਸਲੇ ਤੇ ਯੋਜਨਾ ਅਤੇ ਫ਼ੌਜੀ ਮਨਸੂਬਾ ਬੰਦੀ ਤੇ ਹਿਕਮਤਅਮਲੀ ਦੇ ਆਧਾਰ 'ਤੇ ਅਮਲੀ ਰੂਪ ਦਿੱਤਾ ਜਾ ਰਿਹਾ ਸੀ।

ਜਿਸ ਸਮੇਂ ਸਾਰੇ ਪੰਜਾਬ ਨੂੰ ਫ਼ੌਜ ਦੀ ਮਾਰ ਹੇਠ ਲਿਆਂਦਾ ਅਤੇ ਅੰਮ੍ਰਿਤਸਰ ਸ਼ਹਿਰ ਨੂੰ ਮੁਕੰਮਲ ਤੌਰ 'ਤੇ ਫ਼ੌਜੀ ਛਾਉਣੀ ਵਿਚ ਬਦਲਿਆ ਜਾ ਚੁੱਕਾ ਸੀ ਤਾਂ ਉਸ ਸਮੇਂ ਦਰਬਾਰ ਸਾਹਿਬ ਕੰਪਲੈਕਸ ਅੰਦਰ ਜੁਝਾਰੂ ਸਿੰਘ ਇਸ ਗੱਲ ਲਈ ਪੂਰੀ ਪੂਰੀ ਤਿਆਰੀ ਤੇ ਉਡੀਕ ਵਿਚ ਸਨ ਕਿ ਭਾਰਤ ਸਰਕਾਰ ਤੇ ਹਿੰਦੂ ਸਾਮਰਾਜ ਦੀ ਫ਼ੌਜ ਨਾਲ ਉਹਨਾਂ ਦੇ ਆਹਮੋ ਸਾਹਮਣੇ ਰੂਪ ਵਿਚ ਦੋ ਦੋ ਹੱਥ ਕਦੋਂ ਹੁੰਦੇ ਹਨ।

ਰਾਤ ਕਾਫ਼ੀ ਜਾ ਚੁਕੀ ਸੀ ਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੁਖ ਆਸਨ ਲਈ ਪਹੁੰਚ ਚੁਕੀ ਸੀ ਅਤੇ ਮਹਾਰਾਜ ਦੀ ਪਾਲਕੀ ਲਿਆਉਣ ਤੇ ਪਾਲਕੀ ਦੇ ਨਾਲ ਨਾਲ ਹਾਜ਼ਰੀ ਭਰਨ ਤੇ ਆਉਣ ਵਾਲੀਆਂ ਸੰਗਤਾਂ ਮਰਯਾਦਾ ਪੂਰਵਕ ਸੇਵਾਵਾਂ ਤੋਂ ਫਾਰਗ ਹੋ ਚੁਕੀਆਂ ਸਨ ਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਜੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਪਣੇ ਰਹਾਇਸ਼ੀ ਕਮਰੇ ਦੇ ਨਾਲ ਲਗਦੇ ਵਡੇ ਹਾਲ ਕਮਰੇ ਵਿਚ ਜਿਥੇ ਸੰਗਤਾਂ ਨੂੰ ਅੰਮ੍ਰਿਤਪਾਨ ਕਰਵਾਇਆ ਜਾਂਦਾ ਸੀ, ਬੈਠੇ ਹੋਏ ਸਨ ਅਤੇ ਆਪਣੇ ਆਸ ਪਾਸ ਬੈਠੀਆਂ ਸੰਗਤਾਂ ਨਾਲ ਵਿਚਾਰ ਸਾਂਝੇ ਕਰ ਰਹੇ ਸਨ। ਉਸ ਸਮੇਂ ਸੰਤਾਂ ਦੇ ਮਨ ਦੀ ਅਵਸਥਾ ਤੋਂ ਇੰਜ ਲਗਦਾ ਸੀ ਕਿ ਜਿਵੇਂ ਉਹ ਅੱਜ ਸੰਗਤਾਂ ਨਾਲ ਆਪਣੇ ਦਿਲ ਦੀਆਂ ਖੁਲ੍ਹ ਕੇ ਗੱਲਾਂ ਕਰਨੀਆਂ ਲੋਚਦੇ ਹੋਣ।

ਸੰਤ ਬੜੇ ਹੀ ਸਾਫ਼, ਸਿੱਧੇ ਸਪਸ਼ਟ ਸ਼ਬਦਾਂ ਵਿਚ ਕਹਿ ਰਹੇ ਸਨ, 'ਖਾਲਸਾ ਪੰਥ ਨੇ ਜੇ ਅਜੇ ਵੀ

ਆਪਣੇ ਆਪ ਨੂੰ ਟੋਪੀ ਵਾਲਿਆਂ ਦੇ ਰਾਜ ਨਾਲੋਂ ਵੱਖ ਕਰਨ ਦਾ ਰਾਹ ਨਾ ਮਿਲਿਆ ਤਾਂ ਉਸ ਹਾਲਤ ਵਿਚ ਪੰਥ ਦੀ ਆਜ਼ਾਦ ਹਸਤੀ ਤੇ ਸਿਖ ਧਰਮ ਦੀਆਂ ਬੁਨਿਆਦਾਂ ਨੂੰ ਖਤਰਾ ਹੀ ਖਤਰਾ ਸਮਝਣਾ ਚਾਹੀਦਾ ਹੈ। ਸਿਖਾਂ ਪਾਸ 1947 ਤੋਂ ਪਿਛੋਂ ਗੁਰਧਾਮ ਹੀ ਧਰਮ ਤੇ ਰਾਜਨੀਤੀ ਦੇ ਸਬੰਧ ਵਿਚ ਆਵਾਜ਼ ਉਠਾਉਣ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਨ ਦਾ ਇਕੋ ਇਕ ਬਲਵਾਨ ਸਾਧਨ ਵਸੀਲਾ ਰਹਿ ਗਏ ਸਨ ਪਰ ਭਾਰਤ ਸਰਕਾਰ ਹੁਣ ਇਨ੍ਹਾਂ ਗੁਰਧਾਮਾਂ ਚੋਂ ਵੀ ਸਿਖਾਂ ਦੀ ਤਾਕਤ ਨੂੰ ਤਬਾਹ ਕਰਨ ਲਈ ਤੁਲੀ ਹੋਈ ਹੈ। ਮੇਰਾ ਤਾਂ ਸ਼ੁਰੂ ਤੋਂ ਹੀ ਇਹ ਅਨੁਭਵ ਰਿਹਾ ਹੈ ਕਿ ਜਿਹੜਾ ਹਿੰਦੂ-ਰਾਜ ਤੇ ਸਮਾਜ ਸਿਖਾਂ ਨੂੰ ਇਕ ਵੱਖਰੀ ਕੌਮ ਮੰਨਣ ਲਈ ਹੀ ਤਿਆਰ ਨਹੀਂ ਉਹ ਪੰਥ ਦਾ ਤੇ ਗੁਰੂਘਰ ਦਾ ਭਲਾ ਕਿਵੇਂ ਚਿਤਵ ਸਕਦਾ ਹੈ? ਅਸਲ ਵਿਚ ਇਨ੍ਹਾਂ ਟੋਪੀਆਂ ਵਾਲਿਆਂ ਦੀਆਂ ਸਿਖਾਂ ਪ੍ਰਤੀ ਸ਼ੁਰੂ ਤੋਂ ਹੀ ਖਤਰਨਾਕ ਤੇ ਗੁੰਝਲਦਾਰ ਚਾਲਾਂ ਨੀਤੀਆਂ ਰਹੀਆਂ ਹਨ ਕਿ ਪੰਥ ਨੂੰ ਇਨ੍ਹਾਂ ਨੇ ਇਕ ਲੰਮੇ ਸਮੇਂ ਤੱਕ ਇਸ ਗੱਲ ਦਾ ਹੀ ਪਤਾ ਨਹੀਂ ਸੀ ਲੱਗਣ ਦਿੱਤਾ ਕਿ ਖਾਲਸਾ ਪੰਥ ਬਾਰੇ ਇਨ੍ਹਾਂ ਦੇ ਅਸਲ ਇਰਾਦੇ ਕੀ ਹਨ? ਜਿਸ ਕਰਕੇ ਪੰਥ ਦਾ ਇਕ ਬਹੁਤ ਵੱਡਾ ਹਿੱਸਾ ਇਨ੍ਹਾਂ ਦੀਆਂ ਨੀਤੀਆਂ ਤੇ ਚਾਲਾਂ ਦਾ ਸ਼ਿਕਾਰ ਹੋ ਕੇ ਪੰਥਕ ਰਵਾਇਤਾਂ ਨਾਲੋਂ ਟੁੱਟਿਆ ਹੀ ਨਾ ਰਿਹਾ ਸਗੋਂ ਟੋਪੀ ਵਾਲਿਆਂ ਦੇ ਹੱਕ ਵਿਚ ਤੇ ਆਪਣਿਆਂ ਦੇ ਵਿਰੋਧ ਵਿਚ ਖਲੋਤਾ ਰਿਹਾ। ਜਿਨ੍ਹਾਂ ਸਿਖ ਆਗੂਆਂ ਨੂੰ ਇਨ੍ਹਾਂ ਦੇ ਮੰਦੇ ਇਰਾਦਿਆਂ ਬਾਰੇ ਪਤਾ ਸੀ ਉਹ ਆਪਣੇ ਆਪ ਵਿਚ ਕਮਜ਼ੋਰ ਤੇ ਸਵਾਰਥੀ ਹੋਣ ਕਰਕੇ ਅਤੇ ਪੰਥਕ ਨਿਸ਼ਾਨੇ ਪ੍ਰਤੀ ਸਪਸ਼ਟ ਸੰਜੀਦਾ ਤੇ ਦ੍ਰਿੜ ਨਾ ਹੋਣ ਕਰਕੇ ਕੌਮ ਨੂੰ ਬਾਰ ਬਾਰ ਘੋਲਾਂ ਤੇ ਸੰਘਰਸ਼ ਦੇ ਰਾਹ ਉੱਪਰ ਪਾਉਣ ਦੇ ਬਾਵਜੂਦ ਅਖੀਰ ਵਿਚ ਕਚੇ-ਪਿਲੇ ਤੇ ਅਰਥ-ਹੀਨ ਸਮਝੌਤਿਆਂ ਤੇ ਕਮਿਸ਼ਨਾਂ ਦੇ ਗੇੜ ਵਿਚ ਫਸ ਕੇ ਆਪ ਵੀ ਮਰਦੇ ਰਹੇ ਤੇ ਪੰਥ ਨੂੰ ਵੀ ਕਰਾਰੀ ਮਾਰ ਪਵਾਉਂਦੇ ਰਹੇ। ਪੰਥ ਉੱਪਰ ਛਾਏ ਹੋਏ ਕਮਜ਼ੋਰ ਤੇ ਖੁਦਗਰਜ਼ ਵਿਅਕਤੀਆਂ ਦੀਆਂ ਕਮਜ਼ੋਰੀਆਂ ਤੇ ਗਦਾਰੀਆਂ ਦੇ ਕਾਰਨ ਸਿਖ ਕੌਮ ਨੂੰ ਇਕ ਲੰਮੇ ਸਮੇਂ ਤਕ ਇਸ ਦੁਬਿਧਾ ਤੇ ਭੁਲੇਖੇ ਵਿਚ ਪਾ ਛਡਿਆ ਕਿ 'ਸਿਖ ਇਕ ਵਖਰੀ ਕੌਮ ਹਨ ਕਿ ਨਹੀਂ?'

ਅਜ ਵੀ ਭਾਰਤ ਸਰਕਾਰ ਅਤੇ ਹਿੰਦੂ ਹੁਕਮਰਾਨਾਂ ਤੇ ਲੀਡਰਾਂ ਨੇ ਜਦ ਸਿਖਾਂ ਬਾਰੇ ਦੁਨੀਆਂ ਦੇ ਲੋਕਾਂ ਨੂੰ ਬੁਰਾ ਪ੍ਰਭਾਵ ਦੇਣਾ ਹੁੰਦਾ ਹੈ ਜਾਂ ਸਿਖਾਂ ਪ੍ਰਤੀ ਕੋਈ ਮੰਦਾ ਭਾਸ਼ਾ ਬੋਲਣੀ ਹੁੰਦੀ ਹੈ ਤਾਂ ਉਸ ਸਮੇਂ ਇਨ੍ਹਾਂ ਵਲੋਂ ਖੁਲ੍ਹੇ ਆਮ ਸਿਖ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਜਦ ਸਿਖ ਆਪਣੇ ਹੱਕਾਂ ਬਾਰੇ ਕੋਈ ਗੱਲ ਕਰਦੇ, ਆਵਾਜ਼ ਉਠਾਉਂਦੇ ਜਾਂ ਅੰਦੋਲਨ ਚਲਾਉਂਦੇ ਹਨ ਤਾਂ ਉਸ ਸਮੇਂ ਇਨ੍ਹਾਂ ਹੀ ਹਿੰਦੂਆਂ ਵਲੋਂ ਥਾਂ ਥਾਂ ਉਪਰ ਇਹ ਰਾਗ ਅਲਾਪਿਆ ਜਾਂਦਾ ਹੈ ਕਿ ਸਿਖ ਤਾਂ ਹਿੰਦੂਆਂ ਦਾ ਹੀ ਇਕ ਭਾਗ ਹਨ ਇਸ ਲਈ ਇਨ੍ਹਾਂ ਨੂੰ ਵਿਸ਼ੇਸ਼ ਰੂਪ ਵਿਚ ਵਖਰੇ ਹੱਕ ਕਿਵੇਂ ਦਿਤੇ ਜਾ ਸਕਦੇ ਹਨ?'

'ਜੇ ਕਿਸੇ ਜੰਗ ਯੁੱਧ ਦੇ ਸਮੇਂ ਛਾਤੀ ਵਿਚ ਗੋਲੀ ਖਾਣੀ ਹੋਵੇ ਤਾਂ ਉਸ ਸਮੇਂ ਹਿੰਦੂਆਂ ਦੀਆਂ ਨਜ਼ਰਾਂ ਵਿਚ ਸਿਖ ਇਕ ਕੌਮ ਤੇ ਵਖਰੇ ਧਰਮ ਦੇ ਰੂਪ ਵਿਚ ਉੱਭਰ ਆਉਂਦੇ ਹਨ ਅਤੇ ਸਿਖਾਂ ਨੂੰ ਗੁਰੂ ਨਾਨਕ ਜੋਤ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਖਾਲਸਾ ਪੰਥ ਕਰਕੇ ਵਡਿਆਇਆ ਜਾਣ ਲੱਗ ਪੈਂਦਾ ਹੈ। ਗਗਨ ਦਮਾਮਾ ਬਾਜਿਓ...... ਜੇ ਤਉ ਪ੍ਰੇਮ ਖੇਲਣ ਕਾ ਚਾਉ...... ਦੇਹ ਸਿਵਾ ਬਰ ਮੋਹਿ ਇਹੈ...... ਰੇਡੀਓ ਸਟੇਸ਼ਨਾਂ ਤੇ ਟੈਲੀਵੀਜ਼ਨ ਸੈਂਟਰਾਂ ਤੋਂ ਗੂੰਜਣ ਲੱਗ ਪੈਂਦੇ ਹਨ। ਥਾਂ ਥਾਂ ਉੱਪਰ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਛਡੇ ਤੇ ਗੁੰਜਾਏ ਜਾਣ ਲੱਗ ਪੈਂਦੇ ਹਨ।

ਢਾਡੀ ਸਿੰਘਾਂ, ਕਵੀਸ਼ਰਾਂ ਤੇ ਸਿਖ ਵਿਦਵਾਨਾਂ ਨੂੰ ਵਾਰਾਂ ਗਾਉਣ ਤੇ ਸਿਖ ਇਤਿਹਾਸ ਦੇ ਸ਼ਾਨਦਾਰ ਕਾਰਨਾਮਿਆਂ ਬਾਰੇ ਉਚੇਚੇ ਲੈਕਚਰ ਦੇਣ ਲਈ ਸੱਦੇ ਪੱਤਰ ਭੇਜੇ ਜਾਣ ਲੱਗ ਪੈਂਦੇ ਹਨ,



ਥਾਂ ਥਾਂ ਉੱਪਰ ਸਿਖ ਕੌਮ ਦੀ ਬਹਾਦਰੀ ਤੇ ਇਸਦੇ ਵਲੱਖਣ, ਪੰਥਕ ਗੁਣਾ ਨੂੰ ਪਰਗਟਾਉਣ ਲਈ ਆਵਾਜ਼ ਤੇ ਰੋਸ਼ਨੀ ਡਰਾਮਿਆਂ ਦਾ ਲੱਖਾਂ ਰੁਪਏ ਖਰਚ ਕਰਕੇ ਪ੍ਰਬੰਧ ਕੀਤਾ ਜਾਣ ਲੱਗ ਪੈਂਦਾ ਹੈ। ਪਰ ਜਦੋਂ ਜੰਗ ਯੁੱਧ ਦਾ ਤੇ ਸੰਕਟ ਦਾ ਸਮਾ ਲੰਘ ਜਾਂਦਾ ਹੈ ਅਤੇ ਸਿਖ ਫੌਜੀ ਜਵਾਨਾਂ ਤੇ ਪੰਜਾਬੀ ਸਿਖਾਂ ਦੇ ਭਾਰੀ ਗਿਣਤੀ ਵਿਚ ਸਿਰ ਲੇਖੇ ਲਵਾ ਲਏ ਜਾਂਦੇ ਹਨ ਤਾਂ ਫਿਰ ਉਸ ਤੋਂ ਝੱਟ ਹੀ ਪਿਛੋਂ ਭਾਰਤ ਸਰਕਾਰ ਤੇ ਉਸਦੇ ਸਮੁੱਚੇ ਹਿੰਦੂ ਸਮਾਜ ਨੂੰ ਖਾਲਸਾ ਪੰਥ ਦੀ ਵਲਖਣਤਾ ਅਤੇ ਇਸਦੀ ਆਜ਼ਾਦ ਹਸਤੀ ਤੇ ਇਸਦੇ ਕੌਮੀ ਨਿਆਰੇ ਪਣ ਦਾ ਅਹਿਸਾਸ ਵਿੱਸਰ ਹੀ ਨਹੀਂ ਜਾਂਦਾ ਸਗੋਂ ਉਹਨਾਂ ਨੂੰ ਇਹ ਸਾਰੀਆਂ ਗੱਲਾਂ ਆਪਣੇ ਲਈ ਤੇ ਹਿੰਦੁਸਤਾਨ ਲਈ ਇਕ ਵੱਡਾ ਖਤਰਾ ਭਾਸਨ ਲੱਗ ਪੈਂਦੀਆਂ ਹਨ।

ਇਸ ਤੋਂ ਇਲਾਵਾ ਸਿਖਾਂ ਦੀਆਂ ਕੁਰਬਾਨੀਆਂ, ਸੇਵਾਵਾਂ ਤੇ ਸ਼ਹੀਦੀਆਂ ਦੇ ਕਾਰਨ ਪ੍ਰਾਪਤ ਹੋਣ ਵਾਲੀਆਂ ਜਿੱਤਾਂ ਦੇ ਮਹੱਤਵ ਨੂੰ ਭਾਰਤ ਦੇਸ਼ ਤੇ ਭਾਰਤੀਆਂ ਦੀ ਜਿੱਤ ਤੇ ਕੁਰਬਾਨੀ ਦੇ ਰੂਪ ਵਿਚ ਪਰਚਾਰਿਆ ਤੇ ਵਡਿਆਇਆ ਜਾਣ ਲੱਗ ਪੈਂਦਾ ਹੈ। ਵੇਲਾ ਲੰਘਣ ਪਿਛੋਂ ਪੰਜਾਬ ਦੀਆਂ ਸਰਹੱਦਾਂ ਉੱਪਰ ਦੁਖ ਕਸ਼ਟ ਤੇ ਮੌਤ ਦਾ ਮੁਕਾਬਲਾ ਕਰਨ ਵਾਲੀ ਸਿਖ ਕੌਮ ਅਤੇ ਬਰਫੀਲੀਆਂ ਪਹਾੜੀਆਂ ਤੇ ਘਣੇ ਜੰਗਲਾਂ ਵਿਚ ਜਾਨ ਹੂਲ ਕੇ ਕੁਰਬਾਨੀਆਂ ਕਰਨ ਵਾਲੇ ਬਹਾਦਰ ਸਿਖ ਫੌਜੀਆਂ ਦਾ ਹਰ ਮਹਾਨ ਕਾਰਨਾਮਾ ਸਭ ਭਾਰਤੀਆਂ ਦਾ ਸਾਂਝਾ ਵਿਰਸਾ ਬਣ ਜਾਂਦੇ ਹਨ।

ਸਿੰਘ, ਇਸੇ ਲਈ ਮੈਂ ਕਈ ਵਾਰ ਸਿਖ ਸੰਗਤਾਂ ਅਤੇ ਜਥੇ ਤੇ ਫੈਡਰੇਸ਼ਨ ਦੇ ਸਿੰਘਾਂ ਪਾਸ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਨ ਦੇ ਸਮੇਂ ਦੌਰਾਨ ਇਹ ਗੱਲ ਕਹਿ ਚੁਕਾ ਹਾਂ ਕਿ ਪੁਰਾਤਨ ਸਮੇਂ ਵਿਚ ਜਿਨ੍ਹਾਂ ਲੋਕਾਂ ਨੇ ਹਿੰਦੂਆਂ ਨੂੰ ਕਾਲੇ ਚੋਰ ਦਾ ਨਾਂ ਦਿਤਾ ਸੀ ਉਹਨਾਂ ਨੇ ਇਨ੍ਹਾਂ ਦੇ ਖਾਸੇ ਨੂੰ ਅੰਤ ਇਨ੍ਹਾਂ ਦੀਆਂ ਦੂਸਰੇ ਧਰਮਾਂ ਮੱਤਾਂ ਪ੍ਰਤੀ ਈਰਖਾਲੂ ਰੁਚੀਆਂ ਤੇ ਨੀਤੀਆਂ ਨੂੰ ਵੇਖਕੇ ਹੀ ਦਿੱਤਾ ਸੀ, ਮੈਨੂੰ ਤਾਂ ਪਿਛੇ ਜਿਹੇ ਇਕ ਸਿੰਘ ਵੱਲੋਂ ਇਨ੍ਹਾਂ ਟੋਪੀ ਵਾਲਿਆਂ ਬਾਰੇ ਕਹੀ ਗਈ ਇਹ ਗੱਲ ਹੋਰ ਵੀ ਠੀਕ ਲੱਗੀ ਸੀ ਕਿ 'ਹਿੰਦੂ ਦਾ ਦੂਸਰਾ ਨਾਂ ਸ਼ੈਤਾਨ ਹੈ, ਸਗੋਂ ਇਹ ਸ਼ੈਤਾਨ ਦਾ ਵੀ ਸ਼ੈਤਾਨ ਹੈ।' ਉਸ ਸਿੰਘ ਦੇ ਵਿਚਾਰ ਅਨੁਸਾਰ ਮਨੁੱਖ ਅਜੇ ਸ਼ੈਤਾਨ ਦੀ ਮਾਰ ਤੋਂ ਤਾਂ ਬਚ ਸਕਦਾ ਹੈ ਪਰ ਜੇ ਕੌਮ, ਕਬੀਲਾ ਜਾਂ ਧਰਮ ਮੱਤ ਬਦਕਿਸਮਤੀ ਨਾਲ ਇਨ੍ਹਾਂ ਸ਼ੈਤਾਨਾਂ ਦੀ ਨੀਤੀ ਤੇ ਸਾਜਿਸ਼ ਦੀ ਮਾਰ ਹੇਠ ਆ ਜਾਂਦੇ ਹਨ ਉਹਨਾਂ ਦਾ ਬਚਣਾ ਬੜਾ ਕਠਨ ਹੁੰਦਾ ਹੈ। ਅਸਲ ਵਿਚ ਮੇਰਾ ਵੀ ਹੁਣ ਤਜਰਬੇ ਦੇ ਆਧਾਰ 'ਤੇ ਇਹ ਅਨੁਭਵ ਬਣਿਆਂ ਹੈ ਤੇ ਇਸ ਸਬੰਧ ਵਿਚ ਮੇਰਾ ਇਹ ਕਥਣ ਵੀ ਹੈ ਕਿ ਸਿਖ ਕੌਮ ਦਾ ਬਚਾ ਹੁਣ ਆਪਣੇ ਆਪ ਨੂੰ ਇਨ੍ਹਾਂ ਟੋਪੀ ਵਾਲਿਆਂ ਤੋਂ ਬਿਲਕੁਲ ਵੱਖ ਕਰ ਲੈਣ ਵਿਚ ਹੀ ਹੈ।

ਇਨ੍ਹਾਂ ਟੋਪੀ ਵਾਲੇ ਹਿੰਦੂ ਮਹਾਸ਼ਿਆਂ ਤੇ ਲਾਲਿਆਂ ਨੂੰ ਕੋਈ ਪੁੱਛੇ ਕਿ ਜੇ ਇਹ ਸਿਖਾਂ ਨੂੰ ਹਿੰਦੂਆਂ ਨਾਲੋਂ ਵਖਰਾ ਨਹੀਂ ਸਨ ਸਮਝਦੇ ਤੇ ਇਕ ਵਖਰੀ ਕੌਮ ਨਹੀਂ ਸਨ ਮੰਨਦੇ ਤਾਂ ਫਿਰ 1947 ਤੋਂ ਅਰਥਾਤ ਪਾਕਿਸਤਾਨ ਦੀ ਹੋਂਦ ਵਿਚ ਆਉਣ ਤੋਂ ਪਹਿਲਾਂ ਭਾਰਤ ਦੀ ਆਜ਼ਾਦੀ ਅਤੇ ਇਸਦੀ ਤਕਸੀਮ ਦੇ ਸੰਬੰਧ ਵਿਚ ਕੀਤੇ ਜਾਣ ਵਾਲੇ ਸਭ ਫੈਸਲੇ ਹਿੰਦੂ ਮੁਸਲਿਮ ਤੇ ਸਿਖਾਂ ਦੀ ਤਿੰਨ ਧਿਰੀ ਮੀਟਿੰਗ ਵਿਚ ਕਿਉਂ ਲਏ ਜਾਂਦੇ ਰਹੇ ਤੇ ਪਰਵਾਨ ਚੜ੍ਹਦੇ ਰਹੇ? ਉਸ ਸਮੇਂ ਦੇ ਸਭ ਜ਼ੁਮੇਵਾਰ ਹਿੰਦੂ ਕਾਂਗਰਸੀ ਆਗੂਆਂ ਵਲੋਂ ਸਿਖਾਂ ਨੂੰ ਬਾਰ ਬਾਰ ਇਸ ਗੱਲ ਦਾ ਭਰੋਸਾ ਕਿਉਂ ਦਵਾਇਆ ਜਾਂਦਾ ਰਿਹਾ ਕਿ ਸਿਖਾਂ ਨੂੰ ਉਤਰ-ਪਛੰਮੀ ਭਾਰਤ ਵਿਚ ਧਾਰਮਕ ਤੇ ਰਾਜਸੀ ਖੇਤਰ ਅੰਦਰ ਐਸੇ ਅਧਿਕਾਰ ਪ੍ਰਾਪਤ ਹੋਣਗੇ ਜਿਨ੍ਹਾਂ ਦੁਆਰਾ ਉਹ ਪੂਰਨ ਤੌਰ ਤੇ ਆਜ਼ਾਦੀ ਦਾ ਨਿੱਘ ਮਾਣ ਸਕਣਗੇ।

ਭਾਰਤ ਦੀ ਵੰਡ ਵੇਲੇ, ਜਦੋਂ ਕਿ ਅੰਗਰੇਜ਼ ਹਕੂਮਤ ਸਿਖਾਂ ਨੂੰ ਵਖਰਾ ਰਾਜ ਭਾਗ ਦੇਣ ਨੂੰ

ਤਿਆਰ ਬੈਠੀ ਸੀ. ਅਕਾਲੀ ਆਗੂਆਂ ਵੱਲੋਂ ਵਖਾਈ ਗਈ ਮੂਰਖਤਾ ਤੇ ਕੀਤੀ ਗਈ ਗੱਦਾਰੀ ਕਾਰਨ ਉਸ ਸਮੇਂ ਸਿਖ ਰਾਜ ਪ੍ਰਾਪਤ ਤੇ ਕਾਇਮ ਨਾ ਕਰਨ ਦਾ ਇਹ ਮਤਲਬ ਤਾਂ ਨਹੀਂ ਨਿਕਲਦਾ ਕਿ ਸਿਖ ਅੱਜ ਇਕ ਵੱਖਰੀ ਕੌਮ ਨਹੀਂ ਰਹੇ ਤੇ ਇਸ ਲਈ ਇਨ੍ਹਾਂ ਦਾ ਇਕ ਵਖਰਾ ਆਜ਼ਾਦ ਖੁਦਮੁਖਤਿਆਰ ਖਾਲਸਾ ਰਾਜ ਕਾਇਮ ਕਰਨ ਦਾ ਕੋਈ ਹੱਕ ਅਧਿਕਾਰ ਨਹੀਂ ਰਹਿ ਜਾਂਦਾ। ਜੇ ਇਹ ਸਿਖਾਂ ਨੂੰ ਇਕ ਵਖਰੀ ਕੌਮ ਨਹੀਂ ਸਨ ਸਮਝਦੇ ਤਾਂ ਫਿਰ ਦੇਸ਼ ਦੀ ਵੰਡ ਤੋਂ ਝੱਟ ਹੀ ਪਿਛੋਂ ਭਾਰਤ ਸਰਕਾਰ ਨੇ ਸਿਖ ਕੌਮ ਨੂੰ ਢਾਹ ਲਾਉਣ ਤੇ ਇਸਨੂੰ ਬਦਨਾਮ ਕਰਨ ਦੇ ਇਰਾਦੇ ਨਾਲ ਸਿਖਾਂ ਨੂੰ ਹੀ ਜਰਾਇਮ ਪੇਸ਼ਾ ਕਿਉਂ ਗਰਦਾਨਿਆ ਸੀ? ਇਹ ਕਿਉਂ ਨਾ ਕਿਹਾ ਗਿਆ ਕਿ ਉੱਤਰ ਪੱਛਮ ਭਾਰਤ ਦੇ ਅਰਥਾਤ ਪੰਜਾਬ ਦੇ ਹਿੰਦੂ ਜਰਾਇਮਪੇਸ਼ਾ ਹਨ। ਜੇ ਸਿਖ ਹਿੰਦੂਆਂ ਦੀ ਹੀ ਇਕ ਧਾਰਮਿਕ ਸ਼ਾਖ ਹਨ ਤਾਂ ਫਿਰ ਇਹ ਕਿਉਂ ਨਹੀਂ ਕਿਹਾ ਜਾਂਦਾ ਕਿ ਹਿੰਦੂ ਅਤਵਾਦੀ ਹਨ। ਦੁਨੀਆਂ ਭਰ ਅੰਦਰ ਲਗਾਤਾਰ ਤੇ ਜ਼ੋਰਦਾਰ ਢੰਗ ਨਾਲ ਇਸ ਗੱਲ ਦਾ ਢੰਡੋਰਾ ਕਿਉਂ ਪਿਟਿਆ ਜਾਂਦਾ ਹੈ ਕਿ ਸਿਖ ਅਤਵਾਦੀ ਹਨ?

ਇਸ ਤੋਂ ਵੱਧ ਹੋਰ ਭਿਆਨਕ ਗੱਲ ਕੀ ਹੋ ਸਕਦੀ ਹੈ ਕਿ ਅਜ ਹਰ ਅੰਮ੍ਰਿਤਧਾਰੀ ਸਿਘ ਅਤੇ ਸਿਖ ਕੌਮ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲਾ ਹਰ ਵਿਅਕਤੀ ਇਨ੍ਹਾਂ ਟੋਪੀ ਵਾਲਿਆਂ ਨੂੰ ਅਤਵਾਦੀ ਦਿਸ ਰਿਹਾ ਹੈ। ਅਸਲ ਵਿਚ ਭਾਰਤ ਸਰਕਾਰ ਦੇ ਇਰਾਦੇ ਸਿਖ ਕੌਮ ਪ੍ਰਤੀ ਬੜੇ ਹੀ ਮਾਰੂ ਹਨ ਅਤੇ ਇਨ੍ਹਾਂ ਟੋਪੀ ਵਾਲਿਆਂ ਦੀਆਂ ਸਭ ਧਾਰਮਕ ਰਾਜਸੀ ਜਥੇਬੰਦੀਆਂ ਦੀਆਂ ਨੀਤੀਆਂ ਬੜੀਆਂ ਹੀ ਖੋਟੀਆਂ ਹਨ। ਇਹੋ ਕਾਰਨ ਹੈ ਕਿ ਸਰਕਾਰ ਤੇ ਹਿੰਦੂ ਸਮਾਜ ਦੀ ਛਹਿ ਤੇ ਬਲਬੂਤੇ ਉਪਰ ਹਿੰਦੂਵਾਦੀ ਸਿਖ ਦੁਸ਼ਮਨ ਤਾਕਤਾਂ ਤੇ ਵੱਖ ਵੱਖ ਸੰਪਰਦਾਵਾਂ ਨੇ ਕਈ ਪਰਕਾਰ ਦੇ ਰੂਪਾਂ ਭੇਸਾਂ ਵਿਚ ਪੰਥਕ ਹਸਤੀ ਵਿਚਲੀ ਏਕਤਾ ਦੀ ਤੰਦ ਤੇ ਸਾਂਝ ਨੂੰ ਤੋੜਣ ਲਈ ਕਈ ਪਰਕਾਰ ਦੇ ਹਰਬੇ ਵਸੀਲੇ ਅਖਤਿਆਰ ਕਰ ਰਖੇ ਹਨ ਅਤੇ ਅਡੰਬਰ ਰਚਾ ਛੱਡੇ ਹਨ। ਇਹ ਗੱਲ ਅੱਜ ਕਿਸੇ ਤੋਂ ਵੀ ਲੁਕੀ ਛਿਪੀ ਹੋਈ ਨਹੀਂ ਕਿ ਨਰਕਧਾਰੀਆਂ (ਅਖਾਉਤੀ ਨਿਰੰਕਾਰੀਆਂ), ਦਰਸ਼ਨ ਦਾਸੀਆਂ ਤੇ ਰਾਧਾਸੁਆਮੀਆਂ ਅਤੇ ਅਜਿਹੀਆਂ ਹੀ ਸਿਖ ਵਿਰੋਧੀ ਹੋਰ ਸੰਪਰਦਾਵਾਂ ਨੂੰ, ਖਾਲਸਾ ਪੰਥ ਅੰਦਰ ਤਰੇੜ ਪੈਦਾ ਕਰਨ ਤੇ ਇਸਦੀ ਇਕੱਤਾ ਨੂੰ ਚੋਟ ਮਾਰਨ ਅਰਥਾਤ ਢਾਹ ਲਾਉਣ ਲਈ ਭਾਰਤ ਸਰਕਾਰ ਦੀ ਗੋਦ ਵਿਚ ਲੋਰੀ ਮਿਲਦੀ ਰਹੀ ਹੈ ਅਤੇ ਅੱਗੇ ਤੋਂ ਵੀ ਮਿਲਦੀ ਰਹੇਗੀ।

'ਸਿਘ, ਸਿਖ ਕੌਮ ਨੇ ਹਿੰਦੂਆਂ ਦੀ ਛੱਤੀ ਸੈਂਤੀ ਸਾਲਾਂ ਤੱਕ ਬਥੇਰੀ ਗੁਲਾਮੀ ਝਲ ਲਈ ਹੈ ਸਾਥੋਂ ਹੁਣ ਹੋਰ ਗੁਲਾਮੀ ਨਹੀਂ ਜਰੀ ਜਾ ਸਕਦੀ ਤੇ ਨਾ ਹੀ ਜਰਾਂਗੇ ਹੁਣ ਤਾਂ ਖਾਲਿਸਤਾਨ ਦੀ ਪ੍ਰਾਪਤੀ ਲਈ ਜਿੰਨੇ ਵੀ ਦੁਸ਼ਮਣਾਂ ਦੇ ਸਿਰ ਲਾਹੁਣੇ ਪੈਣਗੇ ਉਨੇ ਹੀ ਸਿਰ ਲਾਹਵਾਂਗੇ ਅਤੇ ਸਾਨੂੰ ਜਿੰਨੇ ਵੀ ਸਿਰ ਦੇਣੇ ਪੈਣਗੇ ਉਨੇ ਹੀ ਦੇਵਾਂਗੇ। ਇਸ ਗੱਲ ਵਿਚ ਹੁਣ ਕੋਈ ਭਲੇਖਾ ਨਹੀਂ ਰਿਹਾ ਕਿ ਭਾਰਤ ਸਰਕਾਰ ਤੇ ਹਿੰਦੂਆਂ ਦੀ ਮਲਕਾ ਇੰਦਰਾ ਗਾਂਧੀ ਨੇ ਸ੍ਰੀ ਹਰਿਮੰਦਰ ਸਾਹਿਬ ਭਵਨ ਉਪਰ ਸਿਧੀਆਂ ਗੋਲੀਆਂ ਵਰ੍ਹਾ ਕੇ ਇਕ ਤਰ੍ਹਾਂ ਆਪਦੇ ਹੱਥੀਂ ਖਾਲਿਸਤਾਨ ਦਾ ਰਾਹ ਮੋਕਲਾ ਕਰ ਦਿੱਤਾ ਹੈ। ਇਸ ਕਰਕੇ ਸਿਘ ਜੇ ਇਹ ਟੋਪੀ ਵਾਲੇ ਹੁਣ ਸਿਖਾਂ ਨੂੰ ਖਾਲਿਸਤਾਨ ਦੇ ਰਾਹ ਉਪਰ ਕਮਰ ਕਸਾ ਕਰਕੇ ਚਲਣ ਲਈ ਵੰਗਾਰ ਹੀ ਚੁੱਕੇ ਨੇ ਤਾਂ ਸਾਨੂੰ ਇਨ੍ਹਾਂ ਦੀ ਇਹ ਵੰਗਾਰ ਕਬੂਲ ਹੈ ਤੇ ਸਾਡਾ ਹੁਣ ਇਹ ਦ੍ਰਿੜ ਫੈਸਲਾ ਹੈ ਕਿ ਭਵਿੱਖ ਵਿਚ ਅਸੀਂ ਖਾਲਿਸਤਾਨ ਦੀ ਪ੍ਰਾਪਤੀ ਦੇ ਰਸਤੇ ਉਪਰ ਹੀ ਚਲਾਂਗੇ। (ਜੈਕਾਰਾ)

ਇਹ ਗੱਲ ਬੜੀ ਸਾਫ ਹੈ ਤੇ ਇਹ ਗੱਲ ਹਰ ਸਿਖ ਉਪਰ ਸਾਫ ਹੋਣੀ ਬੜੀ ਲਾਜ਼ਮੀ ਹੈ ਕਿ ਅਸਾਂ ਇਨ੍ਹਾਂ ਟੋਪੀ ਵਾਲਿਆਂ ਤੋਂ ਖਾਲਿਸਤਾਨ ਕੋਈ ਖੈਰਾਤ ਵਜੋਂ ਨਹੀਂ ਲੈਣਾ ਤੇ ਨਾ ਹੀ ਅਸਾਂ



ਖਾਲਿਸਤਾਨ ਦੀ ਪ੍ਰਾਪਤੀ ਲਈ ਮੰਗਾਂ ਦਾ ਠੂਠਾ ਹੀ ਹਥਾਂ ਵਿਚ ਫੜਨਾ ਹੈ। ਖਾਲਿਸਤਾਨ ਤਾਂ ਅਸਾਂ ਆਪਣਾ ਹੱਕ ਸਮਝ ਕੇ ਲੈਣਾ ਹੈ ਤੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਦੱਸੇ ਹੋਏ ਮਾਰਗ ਉੱਪਰ ਚੱਲ ਕੇ ਲੈਣਾ ਹੈ। ਸਿਘੋ, ਹੱਕ ਸੱਚ ਤੇ ਆਜ਼ਾਦੀ ਦੇ ਰਾਹ ਉੱਪਰ ਤੁਰਨ ਵਾਲਿਆਂ ਨੂੰ ਚੱਕੀਆਂ ਪੀਸਣੀਆਂ ਪਈਆਂ, ਦੁਖ ਤਸੀਹੇ ਝੱਲਣੇ ਪਏ, ਦੇਗਾਂ 'ਚ ਉਬਲਨਾ ਪਿਆ, ਤੱਤੀਆਂ ਤਵੀਆਂ 'ਤੇ ਬੈਠਣਾ ਪਿਆ, ਬੰਦ ਬੰਦ ਕਟਵਾਉਣੇ ਪਏ, ਖੋਪਰੀਆਂ ਲਹਾਉਣੀਆਂ ਪਈਆਂ ਅਤੇ ਸਰਬੰਸ ਤੱਕ ਤੇ ਸਰਬਤਵ ਤੱਕ ਕੁਰਬਾਨ ਕਰਨਾ ਪਿਆ ਪਰ ਖਾਲਸਾ ਪੰਥ ਆਪਣਾ ਹੱਕ ਲੈ ਕੇ ਹੀ ਰਿਹਾ। ਇਹ ਅਜ਼ੀਮ ਤੇ ਚਮਤਕਾਰੀ ਕਾਰਨਾਮੇ ਸਾਡਾ ਇਤਹਾਸ ਵੀ ਏ ਤੇ ਵਿਰਸਾ ਵੀ, ਅਸੀਂ ਆਪਣੇ ਇਸ ਇਤਹਾਸ ਤੇ ਵਿਰਸੇ ਨੂੰ ਪੂਰੀ ਆਨ ਸ਼ਾਨ ਨਾਲ ਜੀਉਂਦਿਆਂ ਰੱਖਾਂਗੇ ਤੇ ਸਗੋਂ ਇਸਦੀਆਂ ਪੈੜਾਂ ਨੂੰ ਸ਼ਾਨਦਾਰ ਰਵਾਇਤਾਂ ਨਾਲ ਹੋਰ ਗੂਹੜਿਆਂ ਕਰਾਂਗੇ। ਹੱਕ ਸੱਚ ਦੇ ਰਾਹ 'ਤੇ ਤੁਰਨਾ ਤੇ ਰਾਜ ਭਾਗ ਦੇ ਖੇਤਰ ਵਿਚ ਪੂਰਨ ਆਜ਼ਾਦੀ ਨੂੰ ਮਾਨਣਾ ਤੇ ਗੁਰ ਸਿਧਾਂਤ ਤੇ ਗੁਰੂ ਪੰਥ ਦੀਆਂ ਆਦਰਸ਼ ਤੇ ਸਿਧਾਂਤਕ ਰਵਾਇਤਾਂ ਅਨੁਸਾਰ ਰਾਜ ਦੇ ਖੇਤਰ ਵਿਚ ਖਾਲਸਾ ਜੀ ਦੇ ਬੋਲ ਬਾਲੇ ਨੂੰ ਬਲਵਾਨ ਤੇ ਪੂਰਨ ਰੂਪ ਵਿਚ ਕਾਇਮ ਰੱਖਣਾ ਖਾਲਸਾ ਪੰਥ ਦੇ ਕਾਰਜ ਖੇਤਰ ਦਾ ਇਕ ਅਟੁੱਟ ਤੇ ਅਤੀ ਅਵਸ਼ਕ ਅੰਗ ਹੈ। ਇਕ ਗੱਲ ਹੋਰ ਪੱਕੀ ਤਰ੍ਹਾਂ ਨਾਲ ਸਥਾਈ ਰੂਪ ਵਿਚ ਪੱਲੇ ਬੰਨ੍ਹ ਛੱਡੋ ਕਿ ਖਾਲਸਾ ਪੰਥ ਅਜ ਤੱਕ ਘੋਲਾਂ ਤੇ ਜੰਗਾਂ ਯੁਧਾਂ ਦੇ ਰਸਤੇ ਉੱਪਰ ਚਲਦਾ ਹੋਇਆ ਕਦੀ ਵੀ ਕਮਜ਼ੋਰ ਨਹੀਂ ਹੋਇਆ ਇਸਨੂੰ ਹਮੇਸ਼ਾ ਉਦੋਂ ਹੀ ਸੱਟਾਂ ਵਜਦੀਆਂ ਰਹੀਆਂ ਤੇ ਮਾਰਾਂ ਪੈਂਦੀਆਂ ਰਹੀਆਂ ਜਦੋਂ ਇਹ 'ਰਾਜ ਕਰੇਗਾ ਖਾਲਸਾ' ਦੇ ਸੰਕਲਪ ਤੇ ਆਸ਼ੇ ਉਦੇਸ਼ ਪ੍ਰਤੀ ਅਨਗਹਿਲੀ ਤੋਂ ਕੰਮ ਲੈਂਦਾ ਰਿਹਾ ਹੈ ਤੇ ਅਵੇਸਲਾ ਹੁੰਦਾ ਰਿਹਾ ਹੈ।

ਸਿਘੋ, ਅਸਲ ਵਿਚ ਸਿਖ ਕੌਮ ਦੀ ਇਸ ਅਨਗਹਿਲੀ ਦੇ ਕਾਰਨ ਖਾਲਸਾ ਪੰਥ ਅੰਦਰ ਕੰਮਜ਼ੋਰ ਸਵਾਰਥੀ ਤੇ ਗਦਾਰ ਲੀਡਰਸ਼ਿਪ ਅੱਗੇ ਆਉਂਦੀ ਰਹੀ ਤੇ ਛਾਈ ਰਹਿੰਦੀ ਰਹੀ ਹੈ। ਅੰਤ ਐਸੀ ਲੀਡਰਸ਼ਿਪ ਸਮੇਂ ਦੇ ਨਾਲ ਨਾਲ ਆਪਣਾ ਜੱਫਾ ਮਜ਼ਬੂਤ ਕਰਕੇ ਪੰਥ ਨੂੰ ਅਸਲ ਮੰਜ਼ਲ ਦੇ ਰਸਤੇ ਉੱਪਰ ਪਾਉਣ ਦੀ ਬਜਾਏ ਕੁਰਾਹੇ ਪਾਉਂਦੀ ਤੇ ਖੱਜਲ ਖਵਾਰ ਕਰਦੀ ਰਹੀ ਹੈ, ਜਿਸਦੇ ਸਿੱਟੇ ਵਜੋਂ ਜਿਥੇ ਪੰਥ ਦੀਆਂ ਦੁਸ਼ਮਨ ਤਾਕਤਾਂ ਤੇ ਧਿਰਾਂ ਮਜ਼ਬੂਤ ਹੁੰਦੀਆਂ ਰਹੀਆਂ ਉਥੇ ਪੰਥ ਨੂੰ ਧਰਮ ਸਮਾਜ ਤੇ ਰਾਜ ਦੇ ਖੇਤਰ ਵਿਚ ਪੈਰ ਪੈਰ ਉੱਪਰ ਠੇਡੇ ਖਾਣੇ ਪੈਂਦੇ ਰਹੇ। ਇਥੋਂ ਤੱਕ ਕਿ ਵਰ੍ਹਿਆਂ ਬੱਧੀ ਘੋਲਾਂ ਸੰਘਰਸ਼ਾਂ ਦੇ ਮਾਰਗ ਉੱਪਰ ਚਲਦੇ ਰਹਿਣ ਤੋਂ ਬਾਅਦ ਵੀ ਸਿਖ ਕੌਮ ਦੇ ਹੱਥ ਬੁਨਿਆਦੀ ਹੱਕਾਂ, ਅਧਿਕਾਰਾਂ ਤੋਂ ਵਾਂਝੇ ਤੇ ਖਾਲੀ ਹੀ ਰਹਿੰਦੇ ਰਹੇ।

'ਅਸੀਂ ਜਦੋਂ ਸਿਖ ਕੌਮ ਦੇ ਮੁਕਾਬਲੇ ਹਿੰਦੂਆਂ ਵੱਲ ਵੇਖਦੇ ਹਾਂ ਤਾਂ ਸਾਨੂੰ ਇਕ ਗੱਲ ਆਪਣੇ ਆਪ ਹੀ ਸਪਸ਼ਟ ਹੋ ਜਾਂਦੀ ਹੈ ਕਿ ਦੇਸ਼ ਦੀ ਵੰਡ ਤੋਂ ਪਿਛੋਂ ਅੱਜ ਤੱਕ ਕਿਸੇ ਹਿੰਦੂ ਨੂੰ ਵੀ ਆਪਣੇ ਧਾਰਮਕ ਹੱਕਾਂ, ਧਾਰਮਕ ਸਥਾਨਾਂ ਤੇ ਆਪਣੇ ਧਾਰਮਕ ਚਿੰਨ੍ਹਾਂ ਦੀ ਰਾਖੀ ਕਰਨ ਵਾਸਤੇ ਇਕ ਘੱਟੇ ਵਾਸਤੇ ਵੀ ਜੇਹਲ ਕੱਟਣ ਦੀ ਲੋੜ ਮਹਿਸੂਸ ਨਹੀਂ ਹੋਈ, ਕਿਉਂ ਕਿ ਇਨ੍ਹਾਂ ਨੂੰ ਤਾਂ ਬੈਠਿਆਂ ਬਠਾਇਆਂ ਹੀ ਸਭ ਕੁਝ ਮਿਲ ਗਿਆ ਹੈ ਅਤੇ ਅਜ ਸਾਰੇ ਹਿੰਦੁਸਤਾਨ ਉਪਰ ਹਿੰਦੂਆਂ ਦਾ ਰਾਜ ਭਾਗ ਕਾਇਮ ਹੈ ਤੇ ਗਲਬਾ ਹੈ, ਪਰ ਇਸ ਸਭ ਕੁਝ ਦੇ ਨਾਲ ਨਾਲ ਹਰ ਸੂਬੇ ਤੇ ਰਾਜ ਦੀ ਪ੍ਰਬੰਧ ਪ੍ਰਣਾਲੀ ਵਿਚ ਵੀ ਹਿੰਦੂਆਂ ਦੀ ਹੀ ਮੁਕੰਮਲ ਸਰਦਾਰੀ ਕਾਇਮ ਏ, ਪੰਜਾਬ ਦੇ ਹਿੰਦੂ ਨੂੰ ਤਾਂ ਪੰਜਾਬ ਅੰਦਰ ਆਰਥਕ ਹੱਕਾਂ ਦੀ ਰਾਖੀ ਤੇ ਵਿਕਾਸ ਲਈ ਵੀ ਕਦੀ ਕੋਈ ਮੁਹਿੰਮ ਚਲਾਉਣ ਦੀ ਲੋੜ ਮਹਿਸੂਸ ਨਹੀਂ ਹੋਈ। ਇਸਨੇ ਤਾਂ ਅੱਜ ਤੱਕ ਪੰਜਾਬ ਦੇ ਕੁਦਰਤੀ ਸੋਮਿਆਂ ਦੀ ਰਾਖੀ ਤੇ ਇਨ੍ਹਾਂ ਦੀ ਲੁੱਟ ਦੇ ਖਿਲਾਫ ਅਤੇ ਆਰਥਕ ਹੱਕਾਂ ਲਈ ਕਦੀ ਹੋਕਾ ਤੱਕ ਵੀ ਨਹੀਂ ਭਰਿਆ ਸਗੋਂ ਇਹ ਤਾਂ

ਐਲਾਨੀਆਂ ਤੌਰ ਉੱਪਰ ਤਨੋ ਮਨੋ ਜ਼ੋਰ ਲਗਾ ਕੇ ਪੰਜਾਬ ਦੇ ਵਿਰੋਧੀਆਂ ਤੇ ਦੁਸ਼ਮਨਾਂ ਦੀ ਹੀ ਬੋਲੀ ਬੋਲਦਾ ਰਿਹਾ ਹੈ, ਪੰਜਾਬ ਦਾ ਹਿੰਦੂ ਖਾਲਸਾ ਪੰਥ ਦੀ ਮਿਹਨਤ ਤੇ ਕਿਰਤ ਕਮਾਈ ਨੂੰ ਲੁੱਟ ਪੁੱਟ ਕੇ, ਪੰਜਾਬ ਦੀ ਆਰਥਕਤਾ ਨੂੰ ਚੂੰਡ ਚੱਟ ਕੇ ਤੇ ਇਸ ਧਰਤੀ ਤੋਂ ਸਭ ਪਰਕਾਰ ਦੇ ਸੁਖ ਸਾਧਨ ਪ੍ਰਾਪਤ ਕਰਕੇ ਵੀ ਪੰਜਾਬ ਦੀ ਧਰਤੀ ਤੇ ਸਿੱਖਾਂ ਨਾਲ ਦੁਸ਼ਮਨੀ ਕਮਾਉਂਦਾ ਰਿਹਾ ਹੈ। ਇਥੋਂ ਤੱਕ ਕਿ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਦਾ ਸਭ ਤੋਂ ਵੱਡਾ ਵਿਰੋਧੀ ਤੇ ਵੈਰੀ ਬਣਿਆਂ ਬੈਠਾ ਹੈ। ਖਾਲਸਾ ਪੰਥ ਤੇ ਸਿਖ ਧਰਮ ਪ੍ਰਤੀ ਜੋ ਈਰਖਾ ਤੇ ਮੰਦ ਭਾਵਨਾ ਪੰਜਾਬ ਦੇ ਹਿੰਦੂਆਂ ਦੇ ਮਨ ਵਿਚ ਹੈ ਉਸ ਬਾਰੇ ਤੁਸੀਂ ਸਭ ਭਲੀ ਭਾਂਤ ਜਾਣਦੇ ਹੋ।

ਅੱਜ ਹਿੰਦੁਸਤਾਨ ਦੀ ਸਰਕਾਰ ਤੇ ਹਿੰਦੁਸਤਾਨ ਭਰ ਦੇ ਹਿੰਦੂ ਆਗੂ ਇਸ ਗੱਲ ਦਾ ਰੌਲਾ ਪਾ ਰਹੇ ਤੇ ਵਾਵੇਲਾ ਕਰ ਰਹੇ ਹਨ ਕਿ ਪੰਜਾਬ ਦਾ ਹਿੰਦੂ ਮਾਸੂਮ ਹੈ, ਬੇਜ਼ਬਾਨ ਤੇ ਅੱਤਵਾਦੀ (ਜੁਝਾਰੂ) ਸਿੱਖਾਂ ਦੇ ਮੁਕਾਬਲੇ ਮਜਬੂਰ ਲਾਚਾਰ ਤੇ ਬੇਬਸ ਹੈ। ਮੈਂ ਕਹਿੰਦਾ ਹਾਂ ਕਿ ਜਿਹੜਾ ਹਿੰਦੂ ਪੰਜਾਬ ਦੀ ਧਰਤੀ ਦਾ ਜੰਮ-ਪਲ ਹੋ ਕੇ ਅਤੇ ਇਸ ਧਰਤੀ ਤੋਂ ਹੀ ਜੀਵਨ ਦੇ ਸਭ ਤਰ੍ਹਾਂ ਦੇ ਸੁਖ ਸਾਧਨ ਪ੍ਰਾਪਤ ਕਰਦਾ ਹੋਇਆ ਵੀ-ਇਥੋਂ ਦੀ ਧਰਤੀ, ਬੋਲੀ ਤੇ ਚੜ੍ਹਦੀ ਕਲਾ ਦਾ ਅੰਦਰੋਂ ਵੈਰੀ ਬਣਿਆਂ ਬੈਠਾ ਹੈ ਤੇ ਐਲਾਨੀਆਂ ਤੌਰ 'ਤੇ ਵੈਰ ਕਮਾਉਂਦਾ ਹੈ ਉਸ ਨੂੰ ਮਜਬੂਰ ਲਾਚਾਰ ਮਾਸੂਮ ਤੇ ਬੇਜ਼ਬਾਨ ਕਿਵੇਂ ਕਿਹਾ ਤੇ ਮੰਨਿਆ ਜਾ ਸਕਦਾ ਹੈ? ਅੱਜ ਸਿੱਖਾਂ ਦੇ ਮੁਕਾਬਲੇ ਪੰਜਾਬ ਦੇ ਹਿੰਦੂਆਂ ਨੂੰ ਵੇਖ ਲਉ ਇਸਨੂੰ ਜੀਵਨ ਦੇ ਹਰ ਖੇਤਰ ਵਿਚ ਸੈਂਕੜੇ ਗੁਣਾ ਵੱਧ ਸੁਖ ਸਾਧਨ, ਸਹੂਲਤਾਂ ਤੇ ਵਸੀਲੇ ਪ੍ਰਾਪਤ ਹਨ। ਇਨ੍ਹਾਂ ਦੇ ਮੁਕਾਬਲੇ ਸਿਖਾਂ ਨੂੰ ਤਾਂ ਦੋਨੋਂਆਂ ਕੁਰਬਾਨੀਆਂ ਕਰਕੇ ਵੀ ਦੋ ਡੰਗ ਦੀ ਰੁੱਖੀ ਮਿਸੀ ਰੋਟੀ ਹੀ ਨਸੀਬ ਹੁੰਦੀ ਹੈ ਤੇ ਹਿੰਦੂਆਂ ਦੀ ਗੁਲਾਮੀ ਵਖਰੀ।

1947 ਤੋਂ ਪਿਛੋਂ ਸਿਖ ਕੌਮ ਨਾਲ ਉਹ ਕਿਹੜੀ ਜ਼ਿਆਦਤੀ ਅਤੇ ਕਿਹੜਾ ਅਨਿਆਂ ਤੇ ਜਬਰ ਜ਼ੁਲਮ ਨਹੀਂ ਹੋਇਆ ਜਿਸ ਨੇ ਸਿੱਖਾਂ ਦੀ ਜ਼ਮੀਰ, ਆਤਮਾ, ਹਸਤੀ ਤੇ ਜ਼ਿੰਦਗੀ ਦੀ ਤੋਰ ਤੱਕ ਨੂੰ ਦਾਗੀ ਨਾ ਕੀਤਾ ਹੋਵੇ? ਸਿੱਖਾਂ ਨੂੰ ਤਾਂ ਥੋਹੜੀ ਤੋਂ ਥੋਹੜੀ ਧਾਰਮਕ ਤੇ ਸਿਆਸੀ ਮੰਗ ਪੂਰੀ ਕਰਵਾਉਣ ਲਈ ਵੀ ਜੇਹਲਾਂ 'ਚ ਜਾਣਾ ਪੈਂਦਾ ਰਿਹਾ ਹੈ ਅਤੇ ਲਾਠੀਆਂ ਤੇ ਗੋਲੀਆਂ ਖਾਣੀਆਂ ਪੈਂਦੀਆਂ ਰਹੀਆਂ ਹਨ। ਸਿੱਖਾਂ ਨੂੰ ਖਤਮ ਕਰਨ ਲਈ ਸਰਕਾਰ ਨੇ ਅੱਜ ਤੱਕ ਕੀ ਕੀ ਨਹੀਂ ਕੀਤਾ ਤੇ ਕਿਹੜਾ ਹਰਬਾ ਵਸੀਲਾ ਨਹੀਂ ਵਰਤਿਆ। ਹਿੰਦੁਸਤਾਨ ਦੀ ਆਜ਼ਾਦੀ ਲਈ ਸਿੱਖਾਂ ਵੱਲੋਂ ਦਿੱਤੀਆਂ ਗਈਆਂ ਸ਼ਹਾਦਤਾਂ ਤੇ ਕੀਤੀਆਂ ਗਈਆਂ ਬੇਹੱਦ ਕੁਰਬਾਨੀਆਂ ਦੇ ਬਾਵਜੂਦ ਜਿੰਨਾਂ ਅਨਿਆਂ ਤੇ ਜਬਰ ਜ਼ੁਲਮ ਅਜ ਤੱਕ ਇਨ੍ਹਾਂ ਟੋਪੀ ਵਾਲਿਆਂ ਨੇ ਰਾਜ ਦੌਰਾਨ ਸਿੱਖਾਂ ਨਾਲ ਹੋਇਆ ਹੈ, ਦੁਨੀਆਂ ਵਿਚ ਇਸਦੀ ਮਿਸਾਲ ਕਿਧਰੇ ਘੱਟ ਹੀ ਮਿਲਦੀ ਹੈ। ਸਿੱਖਾਂ ਨੂੰ ਨਿੱਕੇ ਤੋਂ ਨਿੱਕਾ ਹੱਕ ਲੈਣ ਲਈ ਵੀ ਵੱਡੀ ਤੋਂ ਵੱਡੀ ਕੁਰਬਾਨੀ ਕਰਨੀ ਪਈ ਤੇ ਕੀਮਤ ਅਦਾ ਕਰਨੀ ਪਈ ਹੈ। ਪਰ ਇਸਦੇ ਬਾਵਜੂਦ ਉਹ ਹੱਕ ਅੱਜ ਵੀ ਜਿਥੇ ਅਧੂਰੇ ਹਨ ਉਥੇ ਖਾਲਸਾ ਪੰਥ ਦੀ ਹਸਤੀ ਵੀ ਸਭ ਪਾਸਿਆਂ ਤੋਂ ਖਤਰਿਆਂ ਵਿਚ ਘਿਰੀ ਹੋਈ ਹੈ। ਸਿੱਖਾਂ ਉੱਪਰ ਭਾਰਤ ਅੰਦਰ ਹੋਏ ਜ਼ੁਲਮਾਂ ਤੇ ਅੱਤਿਆਚਾਰਾਂ ਦੀਆਂ ਘਟਨਾਵਾਂ ਦਾਸਤਾਨਾਂ ਨਾਲ ਸਾਰੇ ਭਾਰਤ ਦੀਆਂ ਤੇ ਦੁਨੀਆਂ ਦੀਆਂ ਅਖਬਾਰਾਂ ਤੇ ਰਸਾਲੇ ਭਰੇ ਪਏ ਹਨ।

'ਦੁਨੀਆਂ ਭਰ ਦੇ ਵੱਖ ਵੱਖ ਦੇਸ਼ਾਂ ਤੋਂ ਅਖਬਾਰਾਂ ਰਸਾਲਿਆਂ ਦੇ ਰੀਪੋਰਟਰ ਇਥੇ ਆਉਂਦੇ ਰਹੇ ਹਨ ਅਤੇ ਉਹ ਸਿੱਖਾਂ ਦੇ ਮੋਰਚਿਆਂ ਤੇ ਘੋਲਾਂ ਕੁਰਬਾਨੀਆਂ ਨੂੰ ਅੱਖੀਂ ਵੇਖਦੇ ਰਹੇ ਹਨ। ਵਿਦੇਸ਼ਾਂ ਦੇ ਅਖਬਾਰਾਂ ਰਸਾਲਿਆਂ ਵਿਚ ਸਿਖ ਕੌਮ ਬਾਰੇ ਤੇ ਇਨ੍ਹਾਂ ਵੱਲੋਂ ਲੜੇ ਜਾ ਰਹੇ ਘੋਲਾਂ ਤੇ ਕੀਤੀਆਂ ਜਾ



ਰਹੀਆਂ ਕੁਰਬਾਨੀਆਂ ਬਾਰੇ ਬਹੁਤ ਕੁਝ ਛਪ ਚੁੱਕਾ ਹੈ, ਇਸ ਸੰਬੰਧ ਵਿਚ ਵਿਦੇਸ਼ੀ ਜ਼ਬਾਨਾਂ ਅੰਦਰ ਭਾਰਤ ਸਰਕਾਰ ਹੱਥੋਂ ਜਬਰ ਜ਼ੁਲਮ ਤੇ ਅਨਿਆਂ ਦਾ ਸ਼ਿਕਾਰ ਹੋ ਰਹੇ ਸਿੱਖਾਂ ਬਾਰੇ ਫੋਟੋਆਂ ਸਮੇਤ ਵਡੀਆਂ ਕਿਤਾਬਾਂ ਵੀ ਛਪ ਚੁੱਕੀਆਂ ਹਨ। ਜਿਸ ਕਰਕੇ ਹੁਣ ਇਹ ਗੱਲ ਲੁਕਵੀਂ ਨਹੀਂ ਰਹੀ ਕਿ ਸਿਖ ਹਿੰਦੂ ਸਾਮਰਾਜ ਦੀ ਗੁਲਾਮੀ ਤੋਂ ਨਜਾਤ ਚਾਹੁੰਦੇ ਹਨ ਤੇ ਦੂਸਰੇ ਪਾਸੇ ਭਾਰਤ ਸਰਕਾਰ ਵਲੋਂ ਸਿਖ ਕੌਮ ਨੂੰ ਕੁਚਲਣ ਅਤੇ ਇਸਦੇ ਧਰਮ, ਸੱਭਿਆਚਾਰ, ਵਿਰਸੇ ਤੇ ਇਸਦੀ ਆਜ਼ਾਦ ਪੰਥਕ ਹਸਤੀ ਨੂੰ ਜੜ੍ਹਾਂ ਤੋਂ ਉਖੇੜਨ ਲਈ ਖਤਰਨਾਕ ਕਿਸਮ ਦੀਆਂ ਸਾਜ਼ਸ਼ਾਂ ਘੜੀਆਂ ਤੇ ਤਬਾਹਕੁਨ ਚਾਲਾਂ ਖੇਡੀਆਂ ਜਾ ਰਹੀਆਂ ਹਨ।

ਇਸ ਲਈ ਸਿੰਘੋ, ਹੁਣ ਸ੍ਰੀ ਸਾਹਿਬ ਨੂੰ ਹੱਥ 'ਚ ਲੈਣਾ ਸਾਡਾ ਧਰਮ ਬਣਦਾ ਹੈ, ਕਿਉਂ ਕਿ ਇਸ ਹਾਲਤ ਵਿਚ ਇਸ ਤੋਂ ਬਿਨਾ ਖਾਲਸਾ ਪੰਥ ਕੋਲ ਨਾ ਕੋਈ ਚਾਰਾ ਰਹਿ ਗਿਆ ਹੈ ਤੇ ਨਾ ਹੀ ਇਸਦੇ ਸਾਹਮਣੇ ਹੋਰ ਕੋਈ ਰਾਹ ਹੀ ਰਹਿ ਗਿਆ ਹੈ। ਮੇਰਾ ਇਹ ਅਟੱਲ ਵਿਸ਼ਵਾਸ ਹੈ ਕਿ ਜਿਸ ਦਿਨ ਖਾਲਸਾ ਪੰਥ ਨੇ ਜਥੇਬੰਦਕ ਰੂਪ ਵਿਚ ਸ੍ਰੀ ਸਾਹਿਬ ਦਾ ਰਾਹ ਅਪਨਾ ਲਿਆ ਤਾਂ ਫਿਰ ਇਹ ਸ੍ਰੀ ਸਾਹਿਬ ਦੀ ਸ਼ਕਤੀ ਇਕ ਨਾ ਇਕ ਦਿਨ ਅਵੱਸ਼ ਹੀ ਖਾਲਸਾ ਪੰਥ ਲਈ ਆਨ, ਸ਼ਾਨ, ਚੜ੍ਹਦੀ ਕਲਾ, ਮਹਾਨ ਜਿੱਤਾਂ ਤੇ ਰਾਜ ਭਾਗ ਦੀ ਪ੍ਰਤੀਕ ਸਿੱਧ ਹੋਵੇਗੀ ਕਿਉਂ ਕਿ ਉਸ ਅਕਾਲ ਪੁਰਖ ਤੇ ਗੁਰੂ ਘਰ ਵੱਲੋਂ ਖਾਲਸਾ ਪੰਥ ਨੂੰ ਜਨਮ ਕਾਲ ਤੋਂ ਹੀ ਇਸ ਗੱਲ ਦਾ ਵਰ ਪ੍ਰਾਪਤ ਹੈ ਕਿ ਸ੍ਰੀ ਸਾਹਿਬ ਦਾ ਰਾਹ ਖਾਲਸਾ ਪੰਥ ਲਈ ਅਨੰਤ ਕਾਲੀ ਅਰਥਾਤ ਸਦੀਵ ਕਾਲੀ ਰੂਪ ਵਿਚ ਬਖਸ਼ਸ਼ਾਂ ਬਰਕਤਾਂ ਜਿੱਤਾਂ ਤੇ ਹਕਿਮਤਾਂ ਦੀਆਂ ਦਾਤਾਂ, ਖਜ਼ਾਨੇ ਤੇ ਭੰਡਾਰ ਪਰਦਾਨ ਕਰਨ ਦਾ ਰਾਹ ਹੈ। ਇਸ ਲਈ ਸਿਖ ਕੌਮ ਦੇ ਹਰ ਇਕ ਅਨੁਆਈ ਅਰਥਾਤ ਹਰ ਸਿੰਘ-ਸਿੰਘਣੀ ਅਤੇ ਭੁਝੰਗੀ-ਭੁਝੰਗਨ ਨੂੰ ਇਸ ਗੱਲ ਉੱਪਰ ਪੂਰਨ ਭਰੋਸਾ ਤੇ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਇਸ ਰਾਹ ਦੀਆਂ ਬਖਸ਼ਸ਼ਾਂ ਅਮੁਲ ਹਨ ਤੇ ਸਦਾਬਹਾਰ ਹਨ। ਇਸ ਵਾਸਤੇ ਸਿੰਘੋ, ਜਦੋਂ ਤੱਕ ਸ੍ਰੀ ਸਾਹਿਬ ਦੀ ਸ਼ਕਤੀ ਉੱਪਰ ਮਨੋ ਚਿਤੋਂ ਤੇ ਕਰਮ ਪੱਖੋਂ ਆਪਣਾ ਵਿਸ਼ਵਾਸ ਕਾਇਮ ਰੱਖੋਗੇ ਉਸ ਸਮੇਂ ਤੱਕ ਤੁਹਾਡੇ ਕਦਮ ਜਿੱਤਾਂ, ਕਾਮਯਾਬੀਆਂ, ਖੁਸ਼ੀਆਂ ਖੇੜਿਆਂ ਅਤੇ ਚੜ੍ਹਦੀ ਕਲਾ, ਮਾਨ ਪ੍ਰਤਿਸ਼ਟਾ ਤੇ ਫ਼ਤਹਿ ਦੀ ਮੰਜ਼ਲ ਵਲ ਵਧਦੇ ਰਹਿਣਗੇ ਕਿਉਂ ਕਿ ਖਾਲਸਾ ਪੰਥ ਨੂੰ ਉਸ ਵਾਹਿਗੁਰੂ ਦੀ ਮੇਹਰ ਸਦਕਾ ਗੁਰੂ ਘਰ ਵਲੋਂ ਜਿਸ ਸ੍ਰੀ ਸਾਹਿਬ ਦੀ ਬਖਸ਼ਸ਼ ਕੀਤੀ ਗਈ ਹੈ। ਵਾਸਤਵ ਵਿਚ ਉਸਦੀ ਸ਼ਕਤੀ ਅਲਾਹੀ ਰੂਪ ਦੀ ਮਾਲਕ ਹੋਣ ਕਰਕੇ ਕ੍ਰਿਪਾ ਨਿਧਾਨ ਹੈ, ਦੁਸ਼ਟਾਂ ਪਾਪੀਆਂ ਦਾ ਨਾਸ ਕਰਨ ਵਾਲੀ ਹੈ ਅਤੇ ਧਰਮ, ਨੇਕੀ, ਸਚਿਆਈ, ਮਾਨਵਤਾ ਦੀ ਕਲਿਆਣ ਤੇ ਸਮੁੱਚੇ ਮਨੁੱਖੀ ਸਮਾਜ ਅੰਦਰ ਸਦਾਚਾਰਕ ਕਦਰਾਂ ਕੀਮਤਾਂ ਦਾ ਸੰਚਾਰ ਤੇ ਰਾਖੀ ਕਰਨ ਵਾਲੀ ਹੈ

'ਸਿੰਘੋ, ਜਿਸਤਰਾਂ ਰਸਤੇ ਨੂੰ ਸੁਖਾਵਾਂ ਬਨਾਉਣ ਲਈ ਉਸ 'ਚੋਂ ਕੰਡੇਦਾਰ ਝਾੜਾਂ-ਬੂਟਾਂ ਦੀਆਂ ਜੜ੍ਹਾਂ ਕੱਟਣੀਆਂ ਵੱਢਣੀਆਂ ਪੈਂਦੀਆਂ ਤੇ ਹਰ ਪਰਕਾਰ ਦੀਆਂ ਰੋਕਾਂ ਰੁਕਾਵਟਾਂ ਦੂਰ ਕਰਨੀਆਂ ਪੈਂਦੀਆਂ ਹਨ ਉਸੇ ਤਰਾਂ ਧਰਮ, ਸਮਾਜ ਤੇ ਰਾਜ ਦੇ ਖੇਤਰ ਨੂੰ ਉਤਮ, ਸਚਿਆਰਾ ਤੇ ਖੁਸ਼ਹਾਲ ਰੂਪ ਦੇਣ ਲਈ ਦੁਸ਼ਟਾਂ, ਪਾਪੀਆਂ, ਸਵਾਰਥ ਦੇ ਭੁੱਖਿਆਂ ਵਿਭਚਾਰੀਆਂ ਤੇ ਗਦਾਰਾਂ ਦੇ ਸਿਰ ਕਟਣੇ ਵੱਢਣੇ ਪੈਂਦੇ ਹਨ। ਜਿਸਤਰਾਂ ਗੰਦ ਨੂੰ ਹੂੰਝਿਆਂ ਬਿਨਾ ਵਾਤਾਵਰਨ ਨੂੰ ਸਾਫ ਸੁਥਰਾ ਨਹੀਂ ਰੱਖਿਆ ਜਾ ਸਕਦਾ ਐਨ ਇਸੇ ਤਰ੍ਹਾਂ ਹੀ ਸਵਾਰਥੀ ਤੇ ਕੁਕਰਮੀ ਲੋਕਾਂ ਦਾ ਸਫਾਇਆ ਕੀਤਿਆਂ ਬਿਨਾ ਸਮਾਜ ਅੰਦਰ ਸੱਚ ਧਰਮ ਤੇ ਨਿਆਂ ਦੇ ਸੰਕਲਪ ਨੂੰ ਸਾਕਾਰ ਨਹੀਂ ਕੀਤਾ ਜਾ ਸਕਦਾ। ਸਰਬਤ ਦਾ ਭਲਾ ਚਿਤਵਨ ਦੇ ਨਾਲ ਨਾਲ ਜਦੋਂ ਇਸ ਮਹਾਨ ਤੇ ਉੱਤਮ ਭਾਵਨਾ ਨੂੰ ਸਮਾਜ ਅੰਦਰ ਅਮਲੀ ਰੂਪ ਵਿਚ ਲਾਗੂ ਕਰਨ ਦਾ ਰਸਤਾ ਅਖਤਿਆਰ ਕਰਨਾ ਪੈਂਦਾ ਹੈ ਤਾਂ ਫਿਰ ਉਸ ਸਮੇਂ ਸ੍ਰੀ ਸਾਹਿਬ

ਦੀ ਸ਼ਕਤੀ ਦਾ ਹੱਥ ਵਿਚ ਹੋਣਾ ਇਕ ਲਾਜ਼ਮੀ ਅਮਰ ਬਣ ਜਾਂਦਾ ਹੈ। ਇਨ੍ਹਾਂ ਸਭ ਗੱਲਾਂ ਵੱਲ ਹੁਣ ਸਾਨੂੰ ਧਿਆਨ ਦੇਣਾ ਹੀ ਪਵੇਗਾ।

ਸਿੰਘੋ, ਮੈਨੂੰ ਕਈ ਵਾਰ ਅਖ਼ਬਾਰਾਂ ਵਾਲੇ ਸਵਾਲ ਕਰਦੇ ਹਨ ਕਿ 'ਜੇ ਤੁਹਾਨੂੰ ਅਕਾਲੀਆਂ ਨੇ ਜਾਂ ਸਰਕਾਰ ਨੇ ਮਰਵਾ ਦਿੱਤਾ ਤਾਂ ਫਿਰ ਤੁਹਾਡੀ ਮੌਤ ਪਿਛੋਂ ਕੀ ਬਣੇਗਾ?' ਮੇਰਾ ਉਹਨਾ ਨੂੰ ਅੱਗੋਂ ਇਹੋ ਹੀ ਉੱਤਰ ਹੁੰਦਾ ਹੈ ਕਿ 'ਮੈਂ ਸਰੀਰ ਦੇ ਮਰਨ ਨੂੰ ਮੌਤ ਨਹੀਂ ਸਮਝਦਾ। ਮੇਰੀਆਂ ਨਜ਼ਰਾਂ ਵਿਚ ਤਾਂ ਕਿਸੇ ਸਿੱਖ ਦੀ ਮੌਤ ਉਦੋਂ ਹੁੰਦੀ ਹੈ ਜਦੋਂ ਉਹ ਆਪਣੀ ਜ਼ਮੀਰ ਨੂੰ ਸਿੱਖ ਦੁਸ਼ਮਨ ਤਾਕਤਾਂ ਅਰਥਾਤ ਭਾਰਤ ਸਰਕਾਰ, ਹਿੰਦੂ ਸਾਮਰਾਜ ਤੇ ਬੀਬੀ ਇੰਦਰਾ ਦੀਆਂ ਚਾਪਲਾਂ ਥੱਲੇ ਦੇ ਕੇ ਇਹ ਕਹਿ ਦੇਵੇ ਕਿ ਸਿੱਖ ਇਕ ਕੌਮ ਨਹੀਂ ਹੈ ਇਸਨੂੰ ਇਕ ਆਜ਼ਾਦ ਤੇ ਖੁਦ ਮੁਖਤਿਆਰ ਰਾਜ ਭਾਗ ਦੀ ਕੋਈ ਲੋੜ ਨਹੀਂ ਅਤੇ 'ਰਾਜ ਕਰੇਗਾ ਖਾਲਸਾ' ਦਾ ਸੰਕਲਪ ਖਾਲਸਾ ਪੰਥ ਦਾ ਸੰਕਲਪ ਨਹੀਂ, ਤਾਂ ਮੈਂ ਸਮਝਦਾ ਹਾਂ ਕਿ ਉਹ ਸਿੱਖ ਮਰਿਆ ਹੋਇਆ ਹੈ।

ਜਿਥੋਂ ਤੱਕ ਖਾਲਸਾ ਪੰਥ ਦੀ ਹਸਤੀ ਦਾ ਸਵਾਲ ਹੈ, ਇਸ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਇਸਦੀ ਹਸਤੀ ਕਿਸੇ ਵੀ ਇਕ ਵਿਅਕਤੀ ਦੀ ਜ਼ਾਤ ਉੱਪਰ ਨਿਰਭਰ ਨਹੀਂ ਕਰਦੀ, ਖਾਲਸਾ ਪੰਥ ਦੀ ਹਸਤੀ ਦਾ ਅਸਲ ਸਰੋਤ ਦਸਾਂ ਪਾਤਸ਼ਾਹੀਆਂ ਦੀ ਜੋਤ ਸਰੂਪ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਆਪ ਹਨ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਸਰੂਪ ਅਲਾਹੀ ਬਾਣੀ ਦੇ ਸੋਚ ਤੇ ਨਜ਼ਰੀਏ ਕਾਰਨ ਅਮਰ, ਅਜਰ ਤੇ ਅਟੱਲ ਹੈ, ਜਿਸ ਕਰਕੇ ਖਾਲਸਾ ਪੰਥ ਦੀ ਹਸਤੀ ਵੀ ਆਪਣੇ ਦੈਵੀ ਤੇ ਅਨਾਦੀ ਗੁਣਾਂ ਦੇ ਕਾਰਨ ਯੁਗੋ-ਯੁਗ ਰੂਪ ਵਿਚ ਅਟੱਲ ਹੈ। ਸਿਰਫ ਲੋੜ ਇਸ ਸਿਧਾਂਤਕ ਸੋਚ ਨੂੰ ਸਮਝਣ ਤੇ ਜੀਵਨ ਦੇ ਅਮਲ ਕਰਮ ਵਿਚ ਢਾਲਣ ਦੀ ਹੈ। ਵਿਅਕਤੀ ਤਾਂ ਸੇਵਾ ਦਾ ਪਾਤਰ ਹੁੰਦਾ ਹੈ ਬੁਰਾਈ ਕਰ ਜਾਏ ਜਾਂ ਭਲਾਈ ਕਰ ਜਾਏ ਇਹ ਉਸਦੀ ਆਪਣੀ ਜ਼ਾਤ ਉੱਪਰ ਨਿਰਭਰ ਕਰਦਾ ਹੈ।

'ਸਿੰਘੋ, ਇਨ੍ਹਾਂ ਹੀ ਗੱਲਾਂ ਦੇ ਪ੍ਰਸੰਗ ਵਿਚ ਦਾਸ ਤੁਹਾਡੇ ਨਾਲ ਕੁਝ ਇਕ ਗੱਲਾਂ ਹੋਰ ਕਰਨੀਆਂ ਚਾਹੁੰਦਾ ਹੈ, ਉਹ ਇਹ ਨੇ ਕਿ ਜੇ ਕੋਈ ਧਿਰ ਜਾਂ ਫਰੀਕ ਬਾਰ ਬਾਰ ਸਮਝਾਉਣ ਤੇ ਕੋਸ਼ਿਸ਼ ਕਰਨ ਦੇ ਬਾਵਜੂਦ ਹੱਕ ਨਾ ਦੇਵੇ, ਇਨਸਾਫ ਨੂੰ ਤੇ ਸਚਾਈ ਨੂੰ ਨਾ ਗੌਲੇ, ਸਗੋਂ ਅੱਗੋਂ ਉਲਟਾ ਜਬਰ ਕਰ ਜਾਵੇ ਅਤੇ ਖਾਲਸਾ ਪੰਥ ਦੀ ਇਜ਼ਤ ਦਸਤਾਰ ਨੂੰ ਹੱਥ ਪਾਈ ਜਾਵੇ ਤਾਂ ਫਿਰ ਇਸ ਤੋਂ ਪਿਛੋਂ ਸ੍ਰੀ ਸਾਹਿਬ ਦੀ ਸ਼ਕਤੀ ਨੂੰ ਹੱਥ 'ਚ ਨਾ ਲੈਣਾ ਹਰ ਸਿੱਖ ਲਈ ਇਕ ਘੋਰ ਪਾਪ ਦੀ ਨਿਆਈਂ ਕਰਮ ਬਣ ਜਾਂਦਾ ਹੈ। ਹੱਕ ਸੱਚ ਦੀ ਅਵਾਜ਼ ਉਠਾਉਣ ਲਈ ਤੇ ਗੁਰੂਘਰ ਦੀ ਰਾਖੀ ਲਈ ਸਾਨੂੰ ਜਿਨਾ ਅਸਲਾ ਜਿਥੋਂ ਕਿਧਰੋਂ ਵੀ ਮਿਲਿਆ ਹੈ ਉਹ ਅਸਾਂ ਔਖਿਆਂ ਸੌਖਿਆਂ ਹੋਕੇ ਵੀ ਇਧਰੋਂ ਉਧਰੋਂ ਇਕੱਠਾ ਕੀਤਾ ਹੈ। ਹੋਰ ਵੀ ਜਿਥੋਂ ਕਿਧਰੋਂ ਹਥਿਆਰ ਤੇ ਅਸਲਾ ਬਾਰੂਦ ਮਿਲੇਗਾ ਉਹ ਜਾਨ ਹੂਲ ਕੇ ਤੇ ਔਖਿਆਂ ਸੌਖਿਆਂ ਹੋਕੇ ਵੀ ਪ੍ਰਾਪਤ ਕਰਾਂਗੇ।

ਜਿਨ੍ਹਾਂ ਮੁਸ਼ਕਲਾਂ ਤੇ ਔਕੜਾਂ ਨਾਲ ਅਸਾਂ ਇਹ ਤਿਲਫੁਲ ਰੂਪ ਵਿਚ ਹਥਿਆਰਾਂ ਦੀ ਇਹ ਸ਼ਕਤੀ ਇਕੱਠੀ ਕੀਤੀ ਹੈ ਉਸਨੂੰ ਵਾਹਿਗੁਰੂ ਦੀ ਹੀ ਬਖਸ਼ਸ਼ ਕਿਹਾ ਜਾ ਸਕਦਾ ਹੈ, ਇਸ ਕਰਕੇ ਸਾਨੂੰ ਇਸ ਗੱਲ ਦਾ ਭਰੋਸਾ ਹੈ ਕਿ ਜੇ ਭਾਰਤ ਸਰਕਾਰ ਦੀ ਫੌਜ ਨੇ ਪਰਕਰਮਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਫਿਰ ਉਹ ਇਥੋਂ ਸੁੱਕਿਆਂ ਵਾਪਸ ਨਹੀਂ ਜਾਵੇਗੀ, ਸਗੋਂ ਲਾਸ਼ਾਂ ਹੀ ਵਾਪਸ ਜਾਣਗੀਆਂ। ਉਸ ਅਕਾਲ ਪੁਰਖ ਦੀ ਮੇਹਰ ਚਾਹੀਦੀ ਆ, ਭਾਰਤ ਸਰਕਾਰ ਦੀ ਪਿਆਦਾ ਫੌਜ ਨੂੰ ਤਾਂ ਅਸੀ ਜੀਉਂਦਿਆਂ ਜੀ ਦਰਬਾਰ ਸਾਹਿਬ ਉੱਪਰ ਅਧਿਕਾਰ ਨਹੀਂ ਜਮਾਉਣ ਦਿਆਂਗੇ। ਇਸ ਗੱਲ ਦਾ



ਸਾਨੂੰ ਵੀ ਵਿਸ਼ਵਾਸ ਹੈ ਕਿ ਗੁਰੂ ਮਹਾਰਾਜ ਸਾਡੇ ਅੰਗ ਸੰਗ ਹਨ। ਹਾਂ, ਸਾਡੀਆਂ ਸ਼ਹੀਦੀਆਂ ਤੋਂ ਪਿਛੋਂ ਫਿਰ ਖਾਲਸਾ ਪੰਥ ਆਪੇ ਦੁਸ਼ਟ ਤਾਕਤਾਂ ਨਾਲ ਨਜਿੱਠ ਲਏਗਾ। ਦਰਬਾਰ ਸਾਹਿਬ ਵਿਚ ਫੌਜ ਦੇ ਦਾਖਲੇ ਤੋਂ ਪਿਛੋਂ ਲੜਾਈ ਫਿਰ ਖਾਲਿਸਤਾਨ ਦੀ ਪ੍ਰਾਪਤੀ ਤੇ ਸਥਾਪਤੀ 'ਤੇ ਹੀ ਜਾ ਕੇ ਖਤਮ ਹੋਵੇਗੀ ਅਤੇ ਕੇਸਰੀ ਨਸ਼ਾਨ ਸਾਹਿਬ ਦਿੱਲੀ ਦੇ ਲਾਲ ਕਿਲੇ ਉੱਪਰ ਅਵਸ਼ ਝੂਲੇਗਾ ਤੇ ਫਿਰ ਯੁਗੋ ਯੁਗ ਅਟੱਲ ਰੂਪ ਵਿਚ ਝੂਲਦਾ ਰਹੇਗਾ। ਸਿੰਘੋ, ਇਹ ਗੱਲਾਂ ਮੈਂ ਬਾਰ ਬਾਰ ਇਸ ਕਰਕੇ ਕਰਦਾ ਹਾਂ ਕਿ ਤਾਂ ਜੋ ਦਰਬਾਰ ਸਾਹਿਬ ਉੱਪਰ ਸਿੱਧੇ ਫੌਜੀ ਹਮਲੇ ਤੋਂ ਪਿਛੋਂ ਕਿਤੇ ਪੰਥ ਘਾਤਕ ਤੇ ਦੁਸ਼ਟ ਸੁਭਾ ਵਾਲੇ ਆਗੂਆਂ ਵਲੋਂ ਪੰਥ ਨੂੰ ਗੁਮਰਾਹ ਨਾ ਕੀਤਾ ਜਾ ਸਕੇ। ਤੁਸਾਂ ਖਾਲਿਸਤਾਨ ਸਬੰਧੀ ਮੇਰੀ ਇਸ ਬੇਨਤੀ ਤੇ ਮੇਰੇ ਐਲਾਨ ਨੂੰ ਘਰ ਘਰ ਪਹੁੰਚਾਉਣਾ ਹੋਵੇਗਾ।

ਹੁਣ ਤਾਂ ਖਾਲਸਾ ਪੰਥ ਨੂੰ ਥਾਂ ਥਾਂ ਉੱਪਰ ਜਥੇ ਬੰਦ ਹੋਣਾ ਪਏਗਾ, ਹਥਿਆਰ ਇਕੱਠੇ ਕਰਨੇ ਹੋਣਗੇ ਤੇ ਦੁਸ਼ਮਨ ਦੀ ਸੈਨਾ ਤੋਂ ਖੋਹਣੇ ਪੈਣਗੇ। ਪੰਜਾਬ ਵਿਚ ਐਸੇ ਹਾਲਾਤ ਪੈਦਾ ਕਰਨੇ ਪੈਣਗੇ ਕਿ ਟੋਪੀ ਵਾਲਿਆਂ ਦੀ ਫੌਜ ਪੰਜਾਬ ਅੰਦਰ ਸੜਕਾਂ ਉੱਪਰ ਚਲਣ ਤੋਂ ਪਹਿਲਾਂ ਹਜ਼ਾਰ ਵਾਰ ਸੋਚੇ। ਸਿੰਘੋ, ਜੀਵਨ ਵਿਚ ਕੌਮਾਂ ਨੂੰ ਬੜੇ ਖਤਰਨਾਕ ਪੜਾਵਾਂ 'ਚੋਂ ਗੁਜ਼ਰਦਿਆਂ ਹੋਇਆਂ ਵੀ ਸਮੇਂ ਸਮੇਂ ਬੜੇ ਸੁਨਹਿਰੀ ਮੌਕੇ ਮਿਲਦੇ ਰਹਿੰਦੇ ਹਨ, ਇਸ ਲਈ ਵਾਹਿਗੁਰੂ ਜਦੋਂ ਤੁਹਾਨੂੰ ਕਦੀ ਇਹ ਮੌਕਾ ਦੇਵੇ ਤਾਂ ਤੁਸਾਂ ਇਸ ਦਾ ਪੂਰਾ ਪੂਰਾ ਲਾਭ ਉਠਾਉਣਾ ਤੇ ਉਸ ਸਮੇਂ ਟੋਪੀ ਵਾਲਿਆਂ ਦੀ ਫੌਜ ਨਾਲ ਪੰਜਾਬ ਦੀ ਚੱਪਾ ਚੱਪਾ ਧਰਤੀ ਉੱਪਰ ਟੱਕਰ ਲੈਣੀ। ਅੰਤਕਾਂ ਇਨ੍ਹਾਂ ਹਿੰਦੂਆਂ ਦੀ ਬਾਂਦਰ ਸੈਨਾ ਨੂੰ ਹੌਦਾਂ ਉੱਪਰ ਰੋਟੀਆਂ ਪਕਾ ਪਕਾ ਕੇ ਤੇ ਲੱਸੀ ਦੀਆਂ ਚਾਟੀਆਂ ਅਤੇ ਮੱਖਣ ਦੇ ਕਟੋਰੇ ਨਹੀਂ ਭੇਜਣੇ, ਸਗੋਂ ਇਨ੍ਹਾਂ ਨੂੰ ਥਾਂ ਥਾਂ ਉੱਪਰ ਮੌਤ ਦੀ ਸਾਹੇ ਚਿੱਠੀ ਭੇਜਣੀ ਹੈ। ਮੈਨੂੰ ਭਰੋਸਾ ਹੈ ਕਿ ਮੁਨਾਸਬ ਸਮੇਂ ਉੱਪਰ ਜਦੋਂ ਖਾਲਸਾ ਪੰਥ ਟੋਪੀ ਵਾਲਿਆਂ ਦੀ ਫੌਜ ਦੇ ਮੁਕਾਬਲੇ ਥਾਂ ਥਾਂ ਉੱਪਰ ਡਟ ਗਿਆ ਤਾਂ ਉਸ ਸਮੇਂ ਇਨ੍ਹਾਂ ਦੀ ਬਾਂਦਰ ਸੈਨਾ ਦੇ ਸਭ ਅਸਲੇ ਬਾਰੂਦ ਦੇ ਭੰਡਾਰ, ਟੈਂਕ, ਇਨ੍ਹਾਂ ਦੀਆਂ ਤੋਪਾਂ, ਮਸ਼ੀਨ ਗੰਨਾਂ, ਬਖਤਰ ਬੰਦ ਗੱਡੀਆਂ ਤੇ ਸਭ ਤਰਾਂ ਦਾ ਫੌਜੀ ਮਾਲ ਅਸਬਾਬ ਤੁਹਾਡਾ ਆਪਣਾ ਹੋਵੇਗਾ, ਕਿਉਂ ਕਿ ਉਸ ਸਮੇਂ ਸਭ ਸੜਕਾਂ, ਰਸਤੇ ਪੁਲ, ਰੇਲਾਂ ਸਟੇਸ਼ਨ, ਤੇ ਜ਼ਮੀਨ ਤੁਹਾਡੀ ਸਿਧੀ ਮਾਰ ਹੇਠ ਹੋਣਗੇ।

'ਜੇ ਭਾਰਤ ਸਰਕਾਰ ਦੀ ਫੌਜ ਦੇ ਪੈਰ ਇਕ ਵਾਰ ਵੀ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਤੇ ਜਾਂ ਹੋਰ ਪਵਿੱਤਰ ਗੁਰਧਾਮਾਂ ਅੰਦਰ ਫੌਜੀ ਹਮਲੇ ਦੇ ਇਰਾਦੇ ਤੇ ਨਸ਼ਾਨੇ ਨਾਲ ਪੈ ਜਾਣ ਤਾਂ ਫਿਰ ਤੁਸਾਂ ਉਹ ਪੈਰ ਮੌਕਾ ਮਿਲਣ ਉੱਪਰ (ਜਦੋਂ ਕਦੀ ਵੀ ਮੌਕਾ ਹੱਥ ਲੱਗੇ) ਹਰ ਹਾਲਤ ਵਿਚ ਤੇ ਹਰ ਕੀਮਤ 'ਤੇ ਅਵੱਸ਼ ਵੱਢਣੇ ਹੋਣਗੇ। ਜਿਨਾਂ ਹੱਥਾਂ ਵਲੋਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਧਾਮਾਂ ਉੱਪਰ ਮਸ਼ੀਨ ਗੰਨਾਂ ਦੀਆਂ ਗੋਲੀਆਂ, ਤੋਪਾਂ ਗੋਲੀਆਂ ਤੇ ਗਰਨੇਡਾਂ ਬੰਬਾਂ ਆਦਿ ਦੀ ਵਰਖਾ ਕੀਤੀ ਜਾਵੇ ਉਹ ਹੱਥ ਮੋਢਿਆਂ ਤੋਂ ਰੋਖ ਕੇ ਕੱਟਣੇ ਹੋਣਗੇ। ਜਿਹੜੀਆਂ ਅੱਖਾਂ ਸਾਡੇ ਜੀਵਨ ਦਾਤਾ ਗੁਰੂ ਘਰਾਂ ਉੱਪਰ ਮੰਦਭਾਵੀ ਨਜ਼ਰਾਂ ਸੁੱਟਣ ਉਹਨਾ ਅੱਖਾਂ ਨੂੰ ਨੋਚਣ ਤੇ ਕੱਢਣ ਤੋਂ ਸੰਕੋਚ ਨਾ ਕਰਨਾ। ਭਾਰਤ ਸਰਕਾਰ ਦੀ ਬਾਂਦਰ ਸੈਨਾ ਜਦੋਂ ਖਾਲਸਾ ਪੰਥ ਦੇ ਮਹਾਨ ਤੇ ਪਵਿੱਤਰ ਅਸਥਾਨਾਂ ਉੱਤੇ ਫੌਜੀ ਹਮਲਾ ਬੋਲੇ ਤਾਂ ਸਮਝ ਲੈਣਾ ਕਿ ਸਮੁੱਚਾ ਹਿੰਦੂ ਸਮਾਜ ਹਲਕ ਗਿਆ ਹੈ ਅਤੇ ਫਿਰ ਐਸੀ ਹਾਲਤ ਵਿਚ ਹਰ ਹਲਕੇ ਕੁੱਤੇ ਨੂੰ ਮਾਰਨਾ ਖਾਲਸਾ ਪੰਥ ਦੇ ਹਰ ਅਨੁਆਈ ਦਾ ਧਰਮ ਹੋਵੇਗਾ।'

'ਖਾਲਸਾ ਜੀ, ਤੁਹਾਡੇ ਉੱਪਰ ਉਸ ਵਾਹਿਗੁਰੂ ਅਥਵਾ ਗੁਰਘਰ ਦੀ ਅਪਾਰ ਬਖਸ਼ਸ਼ ਹੈ, ਤੁਸੀਂ ਆਪਣੇ ਆਪ ਵਿਚ ਇਕ ਏਡੀ ਵੱਡੀ ਅਜਿੱਤ ਸੱਤਾ ਤੇ ਸ਼ਕਤੀ ਦੇ ਸੋਮੇ ਹੋ ਕਿ ਤੁਹਾਡੇ ਜਥੇਬੰਦਕ ਹੜ ਦੇ ਵਹਾ ਸਾਹਮਣੇ ਭਾਰਤੀ ਫੌਜ ਦਾ ਜਾਪਦਾ ਅੜ ਤਾਂ ਕੀ ਖਲੋ ਤੱਕ ਨਾ ਸਕੇਗਾ। ਵਾਹਿਗੁਰੂ

ਨੇ ਇਕ ਨਾ ਇਕ ਦਿਨ ਮੌਕਾ ਤੁਹਾਨੂੰ ਜ਼ਰੂਰ ਦੇਣਾ ਹੈ। ਉਸ ਵੇਲੇ ਫਿਰ ਉਸ ਅਵਸਰ ਨੂੰ ਖਾਲਿਸਤਾਨ ਦੀ ਪ੍ਰਾਪਤੀ ਤੇ ਸਥਾਪਨਾ ਲਈ ਸੁਨਹਿਰੀ ਮੌਕਾ ਸਮਝਿਓ ਤੇ ਜਾਣਿਓ, ਪਰ ਉਸ ਤੋਂ ਪਹਿਲਾਂ ਹਥਿਆਰਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਛੱਡਿਓ ਜੀਓ, ਗੱਡੀਆਂ ਮੋਟਰ ਸਾਈਕਲ ਹੋਰ ਜੰਗੀ ਸਾਜ਼ ਸਾਮਾਨ ਬਾਰੇ ਜਿਥੇ ਕਿਥੇ ਵੀ ਜਾਣਕਾਰੀ ਤੇ ਸਿਖਲਾਈ ਪ੍ਰਾਪਤ ਹੋਵੇ, ਪ੍ਰਾਪਤ ਕਰ ਛੱਡਿਓ ਪਰ ਉਸ ਮੌਕੇ ਦੇ ਮਿਲਣ ਤੱਕ ਐਵੇਂ ਹੱਥਾਂ 'ਤੇ ਹੱਥ ਰੱਖ ਕੇ ਵੇਹਲਿਆਂ ਨਹੀਂ ਬੈਠੇ ਰਹਿਣਾ ਸਗੋਂ ਉਸ ਸਮੇਂ ਤੱਕ ਦੁਸ਼ਟਾਂ ਪਾਪੀਆਂ ਤੇ ਦੁਸ਼ਮਨ ਗਦਾਰਾਂ ਨੂੰ ਸੋਧਨ ਦਾ ਰਾਹ ਮੱਲੀ ਰੱਖਣਾ ਅਤੇ ਆਪਣੇ ਮਹਾਨ ਸੋਧੇ ਪੁਰਖਿਆਂ ਤੇ ਸੂਰਬੀਰ ਸਿੰਘਾਂ ਅਤੇ ਸ਼ਹੀਦ ਸਿੰਘਾਂ ਦੀਆਂ ਪੈੜਾਂ ਉੱਪਰ ਤੁਰੇ ਹੀ ਰਹਿਣਾ। ਉਦੋਂ ਤੱਕ ਭਾਰਤ ਸਰਕਾਰ, ਹਿੰਦੂ ਸਾਮਰਾਜ ਤੇ ਇਨ੍ਹਾਂ ਦੇ ਹਵਾਰੀਆ ਦੁਮਛੱਲਿਆਂ ਨੂੰ ਉਨ੍ਹਾਂ ਚਿਰ ਸਾਹ ਨਹੀਂ ਲੈਣ ਦੇਣਾ ਤੇ ਅਮਨ ਚੈਨ ਦੀ ਨੀਂਦ ਨਹੀਂ ਸੌਣ ਦੇਣਾ, ਪਰ ਜਦੋਂ ਯੋਗ ਮੁਨਾਸਬ ਸਮਾ ਆਵੇ ਤੇ ਮੌਕਾ ਹੱਥ ਲੱਗੇ ਤਾਂ ਉਦੋਂ ਫਿਰ ਇਕ ਯੋਜਨਾਬਧ ਢੰਗ ਨਾਲ ਰਣ ਤੱਤੇ ਵਿਚ ਉੱਤਰ ਆਇਓ। ਉਦੋਂ ਫਿਰ ਸਾਰੇ ਪੰਜਾਬ ਅੰਦਰ ਤੇ ਹੋਰ ਜਿਥੋਂ ਜਿਥੋਂ ਤੱਕ ਤੁਹਾਡਾ ਹੱਥ ਪਵੇ ਤੇ ਜ਼ੋਰ ਪਵੇ, ਓਥੇ ਓਥੇ ਤੱਕ ਮੈਦਾਨ ਮੱਲ ਲੈਣਾ ਤੇ ਸਭ ਪਾਸੇ ਫੈਲ ਜਾਣਾ। ਸਿੰਘੋ, ਉਸ ਸਮੇਂ ਸਭ ਪਾਸੇ ਇਸਤਰਾਂ ਦੇ ਹਾਲਾਤ ਪੈਦਾ ਕਰ ਦਿਓ ਕਿ ਟੋਪੀ ਵਾਲਿਆਂ ਦੀ ਬਾਂਦਰ ਸੈਨਾ ਨੂੰ ਕਿਧਰੇ ਵੀ ਖੂੰਡਾਂ, ਝੰਗੀਆਂ, ਝਾੜੀਆਂ, ਬਾਗਾਂ, ਉੱਚੇ ਨੀਵੇਂ ਟਿਲਿਆਂ ਟਿੱਬਿਆਂ ਓਹਲੇ ਅਤੇ ਲੁਕਣ ਵਾਲੀਆਂ ਥਾਵਾਂ ਅਤੇ ਨਹਿਰਾਂ, ਨਦੀਆਂ ਨਾਲਿਆਂ, ਦਰਿਆਵਾਂ, ਰੇਲਾਂ, ਪੁਲਾਂ ਅਤੇ ਹੋਰ ਰਾਹ ਪੈਂਡਿਆਂ ਤੇ ਅਸਥਾਨਾਂ ਦੇ ਆਸ ਪਾਸ ਅੱਡੇ ਟਿਕਾਣੇ ਕਾਇਮ ਕਰਨ ਤੇ ਮੋਰਚੇ ਪੁਟਣ ਤੇ ਗੱਡਣ ਦੀ ਜੁਰਅਤ ਤੱਕ ਨਾ ਪਵੇ। ਉਸ ਸਮੇਂ ਸਭ ਪਾਸੇ ਅਤੇ ਸਭ ਮਹੱਤਵ ਪੂਰਨ ਥਾਵਾਂ ਉੱਪਰ ਤੁਹਾਡਾ ਜ਼ੋਰ ਤੇ ਗਲਬਾ ਹੋਣਾ ਚਾਹੀਦਾ ਹੈ। ਉਸ ਸਮੇਂ ਚੱਪਾ ਚੱਪਾ ਧਰਤੀ ਤੁਹਾਡੀ ਨਜ਼ਰ ਤੇ ਮਾਰ ਹੇਠ ਹੋਣੀ ਚਾਹੀਦੀ ਹੈ। ਦੁਸ਼ਟਾਂ ਦੁਸ਼ਮਨਾਂ ਦੀਆਂ ਫੌਜਾਂ ਜਿਥੇ ਵੀ ਟਿਕਾਣਾ ਜਾਂ ਮੋਰਚਾ ਮੱਲਣ ਜਾਂ ਜਿਥੋਂ ਦੀ ਲੰਘਣ ਉਹਨਾਂ ਸਭ ਥਾਵਾਂ ਉੱਪਰ ਉਹਨਾਂ ਦੀਆਂ ਲਾਸ਼ਾਂ ਵਿਛੀਆਂ ਹੋਈਆਂ ਤੇ ਬੋਟੀਆਂ ਉੱਡਦੀਆਂ ਹੋਈਆਂ ਨਜ਼ਰੀਂ ਆਉਣੀਆਂ ਚਾਹੀਦੀਆਂ ਹਨ। ਉਸ ਸਮੇਂ ਐਸੇ ਹਾਲਾਤ ਪੈਦਾ ਕਰ ਦਿਓ ਕਿ ਦੁਸ਼ਟਾਂ ਦੇ ਸਭ ਸੰਚਾਰ ਸਾਧਨ ਨਾਕਾਰੇ ਹੋ ਕੇ ਰਹਿ ਜਾਣ। ਆਵਾਜਾਈ ਦੇ ਸਾਧਨ ਵਸੀਲੇ ਠੱਪ ਹੋ ਕੇ ਤੇ ਬਾਝ ਬਣ ਕੇ ਰਹਿ ਜਾਣ। ਸਭ ਸਪਲਾਈ ਲਾਈਨਾਂ ਕੱਟੀਆਂ ਜਾਣ ਇਥੋਂ ਤੱਕ ਕਿ ਇਨ੍ਹਾਂ ਕੁੱਤਿਆਂ ਨੂੰ ਰਸਤ ਪਾਣੀ ਤੇ ਅਸਲਾ ਬਾਰੂਦ ਸਪਲਾਈ ਕਰਨ ਵਾਲਾ ਕੋਈ ਨਜ਼ਰੀ ਤੱਕ ਨਹੀ ਆਵੇ। ਇਹ ਦੁਸ਼ਟ ਜਿਥੇ ਕਿਥੇ ਵੀ ਹੋਣ ਉਥੇ ਹੀ ਸਿੰਘਾਂ ਦੀ ਸਿੱਧੀ ਮਾਰ ਹੇਠ ਹੋਣ. ਉਸ ਸਮੇਂ ਥਾਂ ਥਾਂ ਉੱਪਰ ਛਹਿ ਲਾ ਕੇ ਬੈਠਣ ਤੇ ਛਾਪੇ ਮਾਰਨ ਦੇ ਕਰਮ ਨੂੰ ਵੀ ਜਾਰੀ ਰੱਖਿਓ ਅਤੇ ਦੁਸ਼ਮਨਾਂ ਵੈਰੀਆਂ ਦੇ ਵੱਧ ਤੋਂ ਵੱਧ ਹਥਿਆਰ ਤੇ ਉਹਨਾਂ ਦੀਆਂ ਵਰਦੀਆਂ ਕਬਜ਼ੇ 'ਚ ਕਰਿਓ।

'ਮੈਨੂੰ ਇਸ ਗੱਲ ਦਾ ਵੀ ਪੂਰਨ ਭਰੋਸਾ ਹੈ ਕਿ ਐਸਾ ਸਮਾ ਜਦੋਂ ਹੀ ਆਇਆ ਤਾਂ ਉਸ ਸਮੇਂ ਵਾਹਿਗੁਰੂ ਤੁਹਾਨੂੰ ਸਭ ਤਰਾਂ ਦੀ ਸ਼ਕਤੀ ਦੇ ਸਾਧਨ ਵਸੀਲੇ ਅਤੇ ਓਅ ਆਪ ਬਖਸ਼ੇਗਾ ਅਤੇ ਯੋਗ ਤੇ ਬਲਵਾਨ ਵਿਅਕਤੀਆਂ ਦੀ ਸਚਿਆਰੀ ਤੇ ਬਲਸ਼ਾਲੀ ਅਗਵਾਈ ਵੀ ਬਖਸ਼ੇਗਾ। ਉਸ ਸਮੇਂ ਫਿਰ ਖਾਲਸਾ ਪੰਥ ਆਪਣੇ ਆਪ ਵਿਚ ਇਕ ਮਹਾਨ ਤੇ ਅਜਿੱਤ ਸ਼ਕਤੀ ਦੇ ਰੂਪ ਵਿਚ ਉਭਰੇਗਾ। ਸਿੰਘੋ, ਫਿਰ ਐਸੀ ਹਾਲਤ ਵਿਚ ਜਿਥੋਂ ਤੱਕ ਦਿਲ ਕਰੇਗਾ ਖਾਲਿਸਤਾਨ ਦੀਆਂ ਹੱਦਾਂ ਮਿਥ ਲਿਓ।' (ਜੈਕਾਰਾ)

ਜਿਸ ਸਮੇਂ ਸੰਤ ਜੈਕਾਰਿਆਂ ਦੀ ਗੂੰਜ ਵਿਚ ਸੰਗਤਾਂ ਤੋਂ ਫਾਰਗ ਹੋਏ ਤਾਂ ਉਸ ਸਮੇਂ ਰਾਤ ਦਾ ਇਕ ਵੱਜ ਚੁੱਕਾ ਸੀ ਪਰ ਦੂਸਰੇ ਪਾਸੇ ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨ ਕੰਪਲੈਕਸ ਅੰਦਰ ਥਾਂ



ਥਾਂ ਆਪੋ ਆਪਣੇ ਮੋਰਚਿਆਂ ਟਿਕਾਣਿਆਂ 'ਤੇ ਮਨੋ ਚਿਤੋਂ ਦ੍ਰਿੜਤਾ ਨਾਲ ਡਟੇ ਬੈਠੇ ਸਨ ਅਤੇ ਸਭ ਸਿੰਘਾਂ ਦੀਆਂ ਨਜ਼ਰਾਂ ਆਪੋ, ਆਪਣੇ ਟਾਰਗੇਟ ਅਨੁਸਾਰ ਉਹਨਾਂ ਲਾਂਘਿਆਂ ਰਾਹਾਂ, ਮੁਖ ਪਰਵੇਸ਼ ਦੁਆਰਾਂ ਵੱਲ ਤਾੜੀਆਂ ਲਾ ਰਹੀਆਂ ਸਨ ਜਿਧਰੋਂ ਜਿਧਰੋਂ ਫੌਜ ਦੇ ਦਰਬਾਰ ਸਹਿਬ ਦੇ ਕੰਪਲੈਕਸ ਵਿਚ ਦਾਖਲ ਹੋਣ ਦੀ ਸੰਭਾਵਨਾ ਸੀ।

# 20.

4 ਜੂਨ ਦੀ ਸਵੇਰ ਨੂੰ ਠੀਕ 4.40 ਉੱਪਰ ਪਹਿਲਾ ਤੋਪ ਦਾ ਗੋਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਸੁਨਹਿਰੀ ਗੁੰਬਦ ਉੱਤੇ ਆ ਕੇ ਲਗਾ।

ਧਮਾਕਾ ਇਸ ਹੱਦ ਤੱਕ ਭਿਆਨਕ ਤੇ ਜ਼ਬਰਦਸਤ ਸੀ ਕਿ ਅਕਾਲ ਤਖਤ ਸਾਹਿਬ ਤੇ ਹੋਰ ਸਮੁੱਚੇ ਕੰਪਲੈਕਸ ਦੇ ਆਲੇ ਦੁਆਲੇ ਦੀਆਂ ਇਮਾਰਤਾਂ ਦੇ ਸਭ ਦਰ ਦੀਵਾਰ ਹਿਲ ਗਏ।

ਜਿਸ ਵੇਲੇ ਇਹ ਧਮਾਕਾ ਹੋਇਆ ਤਾਂ ਉਸ ਸਮੇਂ ਕੋਈ ਪੰਜੀ ਵੀਹ ਦੇ ਲਗਪਗ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਦੀ ਸਭ ਤੋਂ ਉੱਪਰਲੀ ਸੁਨਹਿਰੀ ਗੁੰਬਦ ਵਾਲੇ ਭਵਨ ਦੇ ਨਾਲ ਲਗਦੀ, ਛੱਤ ਉੱਪਰ ਮੌਜੂਦ ਸਨ।

ਉਸ ਸਮੇਂ ਕੁਝ ਸਿੰਘ ਤਾਂ ਮੋਰਚਿਆਂ ਦੇ ਆਸ ਪਾਸ ਡਟੇ ਹੋਏ ਸਨ ਤੇ ਕੁਝ ਰਾਤ ਸਮੇਂ ਦੀ ਗਸ਼ਤ ਕਰਨ ਤੇ ਪਹਿਰਾ ਦੇਣ ਦੀ ਸੇਵਾ ਤੋਂ ਮੁਕਤ ਹੋਣ ਬਾਅਦ ਆਰਾਮ ਕਰ ਰਹੇ ਸਨ।

ਸ੍ਰੀ ਅਕਾਲ ਤਖਤ ਸਾਹਿਬ ਦੇ ਸੁਨਹਿਰੀ ਗੁੰਬਦ ਉੱਪਰ ਤੋਪ ਦਾ ਗੋਲਾ ਲਗੱਣ ਦੇ ਨਾਲ ਹੀ ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨ ਬਿਜਲੀ ਦੀ ਤੇਜ਼ੀ ਵਾਂਗ ਆਪੋ ਆਪਣੀ ਥਾਂ ਤੋਂ ਉੱਠੇ ਅਤੇ ਉਹਨਾਂ ਨੇ ਉੱਠਦਿਆਂ ਹੀ ਆਪੋ ਆਪਣੇ ਹਥਿਆਰ ਸੰਭਾਲ ਲਏ।

ਭਾਈ ਅਮਰੀਕ ਸਿੰਘ ਅਤੇ ਉਹਨਾਂ ਦੇ ਨਾਲ ਕੁਝ ਹੋਰ ਸਿੰਘ ਅਜੇ ਥੱਲੇ ਉੱਤਰੇ ਹੀ ਸਨ, ਕਿ ਤੋਪਾਂ ਦੇ ਚਾਰ ਪੰਜ ਗੋਲੇ ਉੱਪਰੋ ਥੱਲੀ ਹੀ ਅਕਾਲ ਤਖਤ ਸਾਹਿਬ ਦੇ ਗੁੰਬਦ ਦੀ ਦੀਵਾਰ ਅਤੇ ਥੱਲੇ, ਨਾਲ ਲਗਦੀ ਛੱਤ ਉੱਪਰ ਬਣੀ ਹੋਈ ਪਾਣੀ ਦੀ ਟੈਂਕੀ ਤੇ ਉਸ ਟੈਂਕੀ ਦੇ ਨਾਲ ਕਰਕੇ ਬਣੇ ਹੋਏ ਮੋਰਚਿਆਂ ਉੱਪਰ ਆ ਲੱਗੇ।

ਉਸ ਵੇਲੇ ਉਥੇ ਮੌਜੂਦ ਸਿੰਘ, ਤੋਪਾਂ ਗੋਲਿਆਂ ਦੀ ਅਚਨਚੇਤ ਰੂਪ 'ਚ ਹੋਈ ਇਸ ਗੋਲਾ ਬਾਰੀ ਦੀ ਸਿੱਧੀ ਮਾਰ ਹੇਠ ਤੇ ਲਪੇਟ ਵਿਚ ਨਾ ਆਉਣ ਕਰਕੇ ਸ਼ਹੀਦ ਹੋਣ ਤੋਂ ਤਾਂ ਬਚ ਗਏ, ਪਰ ਉਹਨਾਂ ਦੇ ਵਜੂਦ ਉਥੇ ਬਖਤ ਵਾਂਗ ਪੈਦਾ ਹੋਏ ਘੱਟੇ ਮਿੱਟੀ ਦੇ ਗਰਦੋ ਗੁਬਾਰ ਨਾਲ ਲੱਥ ਪੱਥ ਹੋ ਗਏ ਅਤੇ ਕੁਝ ਸਿੰਘਾਂ ਨੂੰ ਜ਼ਖਮ ਵੀ ਆਏ।

ਤੋਪਾਂ ਦੇ ਗੋਲਿਆਂ ਦੀ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਹੋਈ ਸਿੱਧੀ ਮਾਰ ਕਾਰਨ ਧੂਏਂ ਤੇ ਧੂੜ ਮਿੱਟੀ ਦਾ ਜ਼ਬਰਦਸਤ ਧੂੰਦ ਗੁਬਾਰ ਇਕ ਵਾਰਗੀ ਹੀ ਵਰੋਲਿਆਂ ਦੀ ਸ਼ਕਲ ਵਿਚ ਆਕਾਸ਼ ਵੱਲ ਨੂੰ ਉੱਪਰ ਉੱਠਿਆ। ਘੱਟੇ ਮਿੱਟੀ ਦਾ ਇਹ ਧੂੰਦ ਗੁਬਾਰ ਲਾਲ ਤੇ ਸੁਰਖ ਮਟਿਆਲੇ ਰੂਪ ਵਿਚ ਇਸ ਹੱਦ ਤੱਕ ਘਿਨਾਉਣਾ ਤੇ ਸੰਘਣਾ ਸੀ ਕਿ ਉਥੇ ਆਲੇ ਦੁਆਲੇ ਕੁਝ ਵੀ ਨਜ਼ਰੀਂ ਨਹੀਂ ਸੀ ਆ ਰਿਹਾ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਉੱਚੀਆਂ ਵੱਡੀਆਂ ਇਮਾਰਤਾਂ ਅਤੇ ਬਾਬਾ ਅਟੱਲ ਸਾਹਿਬ ਦੇ ਲੱਗ ਪੱਗ ਅੱਠ ਮੰਜ਼ਲੇ ਮੀਨਾਰ ਭਵਨ ਦੇ ਆਲੇ ਦੁਆਲੇ ਪੀੜ੍ਹੀ ਦਰ ਪੀੜ੍ਹੀ ਰੂਪ ਵਿਚ ਪਿਛਲੇ ਕਈ ਦਹਾਕਿਆਂ ਤੋਂ ਘਰ ਬਣਾਕੇ ਬੈਠੇ ਹੋਏ ਕਬੂਤਰਾਂ ਦੀ ਵਿਸ਼ਾਲਵੀ ਅਰਥਾਤ ਦੁਨੀਆਂ ਵਿਚ ਤਾਂ ਪਰਲੋ ਆ ਗਈ ਲਗਦੀ ਸੀ। ਤੋਪਾਂ, ਮਸ਼ੀਨ ਗੰਨਾਂ ਤੇ ਰਾਈਫਲਾਂ ਕਾਰਬਾਈਨਾਂ ਵੱਲੋਂ ਪੈਦਾ ਹੋ ਰਹੇ ਭਿਆਨਕ ਧਮਾਕਿਆਂ ਤੇ ਭਾਰਤ ਤੇਜ਼ ਰੂਪ 'ਚ ਸ਼ੁਰੂ ਹੋ ਚੁੱਕੀ ਫਾਇਰਿੰਗ ਦੀਆਂ ਕੰਨਪਾੜਵੀਆਂ ਗੂੰਜਾਂ ਦੀ ਆਵਾਜ਼ ਵਿਚ ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਸੀ ਪੈ ਰਹੀ ਕਿ ਉਹ ਕਿਧਰ ਨੂੰ ਜਾਣ, ਕਿੱਥੇ ਪਨਾਹ ਲੈਣ ਤੇ ਕਿੱਥੇ ਬੈਠਣ।

ਸੂਰਜ ਚੜ੍ਹਨ ਤੋਂ ਪਹਿਲਾਂ ਦੇ ਪਹੁਫਟਾਲੇ ਤੇ ਘੁਸ ਮੁਸੇ ਜਿਹੇ ਵਾਤਾਵਰਨ ਵਿਚ ਚੂਨੇ ਗੱਚ ਹੋਈਆਂ ਇੱਟਾਂ ਦੇ ਉੱਡਦੇ ਹੋਏ ਪੱਥਰ ਡਲੇ, ਟਾਟ ਬੋਰੀਆਂ ਦੇ ਚੀਥੜੇ ਲੀਰਾਂ ਜਿਹੇ, ਗੇਰੀ ਰੰਗ ਗੂੜ੍ਹੇ ਸੁਰਖ ਚੂਨੇ ਮਿੱਟੀ ਦੇ ਭਖਦੇ ਵਰੋਲੇ ਤੇ ਧੂੜ ਮਿੱਟੀ ਦੇ ਘਟਾਟੋਪ ਅੰਬਾਰ ਵਿਚ ਰਲਵਾਂ ਸੰਕੜੇ ਇੱਟਾਂ ਰੋੜੇ ਅਤੇ ਇਸ ਸਭ ਕੁਝ ਦੇ ਉੱਪਰ ਤੇ ਆਲੇ ਦੁਆਲੇ ਆਕਾਸ਼ ਵਿਚ ਦੂਰ ਦੂਰ ਤੱਕ ਘੇਰਿਓ-ਘੇਰੀ ਰੂਪ ਵਿਚ ਦਹਿਸ਼ਤ ਦੇ ਪ੍ਰਭਾਵ ਹੇਠ ਤੇਜ਼ ਉੱਡਦੇ ਹੋਏ ਕਬੂਤਰਾਂ ਦੀਆਂ ਡਾਰਾਂ ਦਾ ਜਮਘਟਾ ਆਦਿ ਇਹ ਸਭ ਕੁਝ ਆਪਸ ਵਿਚ ਮਿਲਕੇ ਬੜਾ ਹੀ ਅਜੀਬ ਪਰ ਹੌਲਨਾਕ ਕਿਸਮ ਦਾ ਪ੍ਰਭਾਵ ਤੇ ਨਜ਼ਾਰਾ ਪੇਸ਼ ਕਰ ਰਹੇ ਸਨ।

ਤੋਪ ਗੋਲਿਆਂ ਦੀ ਮਾਰ ਕਾਰਨ ਆਕਾਸ਼ ਵੱਲ ਨੂੰ ਉੱਠੇ ਧੂਏਂ ਗੁਬਾਰ ਵਿਚ ਉੱਡਦੇ ਤੇ ਧੱਸਦੇ ਹੋਏ ਇੱਟਾਂ ਪੱਥਰ ਤੇ ਟਾਟ ਬੋਰੀਆਂ ਦੇ ਚੀਥੜੇ ਆਕਾਸ਼ ਵਿਚ ਉੱਡ ਰਹੇ ਸੈਂਕੜੇ ਹਜ਼ਾਰਾਂ ਗੁੱਡੀ ਕਾਗਜ਼ਾਂ ਅਤੇ ਜੇਠ ਹਾੜ ਦੀ ਰੁੱਤੇ ਅੱਕ ਖੱਖੜੀਆਂ 'ਚੋਂ ਨਿਕਲਣ ਵਾਲੀਆਂ ਮਾਈਆਂ-ਬੁੱਢੀਆਂ ਅਰਥਾਤ ਰੂੰ-ਫੰਬਿਆਂ ਅਤੇ ਰੁੱਖਾਂ ਦਰਖਤਾਂ ਦੇ ਸੁੱਕੇ ਸੜੇ ਹੋਏ ਪੱਤਿਆਂ ਵਾਂਗ ਬੇਤਹਾਸ਼ਾ ਰੂਪ ਵਿਚ ਉਲਟ ਬਾਜ਼ੀਆਂ ਖਾਂਦੇ ਤੇ ਝੱਗ ਰੋਸੀਆਂ ਸਮੁੰਦ ਦੀਆਂ ਲਹਿਰਾਂ ਵਾਂਗ ਆਪਸ ਵਿਚ ਟਕਰਾਉਂਦੇ ਤੇ ਉਛਲਦੇ ਚੜ੍ਹਦੇ ਹੋਏ ਦਿਸ ਰਹੇ ਸਨ।

ਉੱਪਰ ਥੱਲੀ ਪੈ-ਦਰ-ਪੈ ਰੂਪ ਵਿਚ ਤੋਪ ਗੋਲੇ ਲੱਗਣ ਦੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਇਸਤਰਾਂ ਥਰ-ਥਰਾ ਉੱਠੀ ਸੀ ਤੇ ਉੱਥੇ ਮੌਜੂਦ ਸਭ ਸਿੰਘਾਂ ਨੂੰ ਇਸਤਰਾਂ ਭਾਸ ਰਿਹਾ ਸੀ ਕਿ ਜਿਵੇਂ ਅਕਾਲ ਤਖਤ ਸਾਹਿਬ ਦੀਆਂ ਕੰਧਾਂ ਛੱਤਾਂ ਹੁਣੇ ਹੀ ਅੱਖ ਦੇ ਫੋਰ ਵਿਚ ਥੱਲੇ ਢਹਿ ਪੈਣਗੀਆਂ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੇ ਕਮਰੇ ਤੋਂ ਬਾਹਰ ਆ ਚੁੱਕੇ ਸਨ ਅਤੇ ਉਹ ਸਿੰਘਾਂ ਨੂੰ ਇਕ ਥਾਂ ਉੱਪਰ ਜਮਘਟਾ ਬਣਾ ਕੇ ਨਾ ਖਲੋਣ ਲਈ ਕਹਿ ਰਹੇ ਸਨ। ਇਸਦੇ ਨਾਲ ਹੀ ਸੰਤਾਂ ਨੇ ਉਥੇ ਮੌਜੂਦ ਸਭ ਸਿੰਘਾਂ ਨੂੰ ਇਸ ਗੱਲ ਦੀ ਵੀ ਹਦਾਇਤ ਕੀਤੀ ਕਿ ਉੱਪਰਲੀ ਛੱਤ ਦੇ ਮੋਰਚੇ ਵਾਲੇ ਸਿੰਘਾਂ ਤੋਂ ਬਿਨਾਂ ਬਾਕੀ ਦੇ ਜਿੰਨੇ ਵੀ ਸਿੰਘ ਨੇ ਥੱਲੇ ਆ ਜਾਣ ਤੇ ਕੋਈ ਵੀ ਸਿੰਘ ਬਿਨਾ ਕਿਸੇ ਕਾਰਨ ਦੇ ਉੱਪਰ ਜਾਣ ਦੀ ਕੋਸ਼ਿਸ਼ ਨਾ ਕਰੇ।



ਸੰਤ ਕੁਝ ਸਮੇਂ ਤੱਕ ਜਥੇ ਦੇ ਸਿੰਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਵਿਚ ਇਧਰ ਉੱਧਰ ਵਿਚਰਨ ਤੇ ਉਹਨਾਂ ਨੂੰ ਜ਼ਰੂਰੀ ਹਦਾਇਤਾਂ ਦੇਣ ਤੋਂ ਬਾਅਦ ਭਾਈ ਅਮਰੀਕ ਸਿੰਘ ਤੇ ਕੁਝ ਕੁ ਹੋਰ ਸਿੰਘਾਂ ਨੂੰ ਆਪਣੇ ਨਾਲ ਲੈਕੇ ਕੁਝ ਜ਼ਰੂਰੀ ਸਲਾਹ ਮਸ਼ਵਰਾ ਕਰਨ ਤੇ ਫੈਸਲੇ ਲੈਣ ਦੇ ਸਬੰਧ ਵਿਚ ਮੁੜ ਆਪਣੇ ਕਮਰੇ ਅੰਦਰ ਵਾਪਸ ਚਲੇ ਗਏ ਪਰ ਉੱਥੇ ਐਵੇਂ ਕੁਝ ਚਿਰ ਬੈਠਣ ਤੋਂ ਪਿਛੋਂ ਕੋਈ ਖਿਆਲ ਆਉਣ 'ਤੇ ਸਿੰਘਾਂ ਨੂੰ ਆਪਣੇ ਨਾਲ ਲੈਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਥੱਲੇ ਤੇ ਪਰਕਰਮਾ ਦੇ ਹੇਠਾਂ ਪੈਂਦੇ ਵੱਡੇ ਭੋਰੇ ਵਿਚ ਜਾਣ ਲਈ ਤਿਆਰ ਹੋ ਗਏ, ਕਿਉਂਕਿ ਸੰਤਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਇਸ ਭੋਰੇ ਅੰਦਰ ਭਾਰੀ ਮਾਤਰਾਂ ਵਿਚ ਅਸਲਾ ਬਾਰੂਦ ਤੇ ਹਥਿਆਰ ਜਮਾਂ ਕਰਕੇ ਸੰਭਾਲ ਰੱਖੇ ਸਨ।

ਸੰਤ ਜਦ ਭੋਰੇ ਵੱਲ ਜਾਣ ਲਈ ਥੱਲੇ ਉੱਤਰੇ ਤਾਂ ਉਹ ਭੋਰੇ ਵੱਲ ਨੂੰ ਉੱਤਰਦੀਆਂ ਪੌੜੀਆਂ ਵੱਲ ਜਾਣ ਤੋਂ ਪਹਿਲਾਂ ਕੁਝ ਚਿਰ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ 'ਤਖਤ ਸਾਹਿਬ' ਵਾਲੀ ਪਹਿਲੀ ਮੰਜ਼ਲ ਉੱਪਰ ਰੁਕੇ ਅਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਸੀਸ ਨਿਵਾਕੇ ਮੱਥਾ ਟੇਕਣ ਤੋਂ ਬਾਅਦ ਉਥੋਂ ਜ਼ਰਾ ਕੁ ਇਕ ਪਾਸੇ ਹੋ ਕੇ ਉੱਥੇ ਮੌਜੂਦ ਸਿੰਘਾਂ ਨੂੰ ਸੰਬੋਧਨ ਕਰਦੇ ਹੋਏ ਕਹਿਣ ਲੱਗੇ

'ਸਿੰਘੋ ਹੁਣ ਕਿਸੇ ਨੂੰ ਵੀ ਇਹ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਟੋਪੀ ਵਾਲਿਆਂ ਤੇ ਉਹਨਾਂ ਦੀ ਭਾਰਤ ਸਰਕਾਰ ਦੇ ਮਨਾਂ ਵਿਚ ਸਿੰਘਾਂ ਬਾਰੇ ਕੀ ਇਰਾਦੇ ਨੇ। ਇਸ ਕਰਕੇ, ਜਿਦਾਂ ਹੁਣ ਟੋਪੀ ਵਾਲਿਆਂ ਨੇ ਇਹ ਇਰਾਦਾ ਧਾਰ ਰੱਖਿਆ ਤੇ ਫੈਸਲਾ ਕਰ ਰੱਖਿਆ ਕਿ ਸਿੰਘਾਂ ਨੂੰ ਕੁਚਲ ਦੇਣਾ ਅਤੇ ਖਾਲਸਾ ਪੰਥ ਦੇ ਪਵਿੱਤਰ ਗੁਰਧਾਮਾਂ ਦੇ ਧਾਰਮਕ ਰਾਜਸੀ ਮਹੱਤਵ ਨੂੰ ਮਲੀਆਮੇਟ ਕਰ ਦੇਣਾ, ਹੁਣ ਇਸੇ ਤਰ੍ਹਾਂ ਤੁਸਾਂ ਵੀ ਇਹ ਪੱਕੇ ਮਨ ਨਾਲ ਨਿਸ਼ਚਾ ਧਾਰਨਾ ਕਿ ਜੀਉਂਦਿਆਂ ਜੀਅ ਦੁਸ਼ਟਾਂ ਦੀ ਫੌਜ ਨੂੰ ਸ੍ਰੀ ਦਰਬਾਰ ਕੰਪਲੈਕਸ ਅੰਦਰ ਪੈਰ ਨਹੀਂ ਜਮਾਉਣ ਦੇਣਾ। ਆਪਾਂ ਇਨ੍ਹਾਂ ਦੁਸ਼ਟਾਂ ਨਾਲ ਹੁਣ ਇਹ ਜੰਗ ਗੁਰਧਾਮਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਤੇ ਸਰਵ ਉੱਚਤਾ ਨੂੰ ਕਾਇਮ ਰਖਣ, ਖਾਲਸਾ ਰਾਜ ਸਥਾਪਨ ਕਰਨ ਅਤੇ ਕੇਸਰੀ ਨਿਸ਼ਾਨ ਸਾਹਿਬ ਦੀ ਆਨ ਸ਼ਾਨ ਤੇ ਚੜ੍ਹਤ ਨੂੰ ਚਾਰ ਚੰਦ ਲਾਉਣ ਦੇ ਮਨੋਰਥ ਉਦੇਸ਼ ਨਾਲ ਲੜਨੀਆਂ।

ਸਿੰਘੋ, ਆਪਾਂ ਸਭ ਉਸ ਗੁਰੂ ਨਾਨਕ ਜੋਤ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੁੱਤਰ ਹਾਂ ਜਿਨ੍ਹਾਂ ਨੇ ਆਪਣਾ ਸਰਬੰਸ ਤੇ ਸਰਬਤਵ ਤੱਕ ਤਾਂ ਗੁਰੂ ਨਾਨਕ ਘਰ ਤੇ ਖਾਲਸਾ ਪੰਥ ਦੇ ਲੇਖੇ ਲਾ ਦਿੱਤਾ ਸੀ, ਪਰ ਇਸਦੇ ਨਾਲ ਉਹਨਾਂ ਨੇ ਸਾਡੇ ਸਾਹਮਣੇ ਜੋ ਇਕ ਹੋਰ ਰੌਸ਼ਨ ਰਵਾਇਤ ਕਾਇਮ ਕੀਤੀ ਸੀ ਉਸਨੂੰ ਵੀ ਆਪਣੇ ਜੀਵਨ ਦੇ ਕਰਮ ਵਿਚ ਪੱਕੇ ਤੇ ਨਿਰੰਤਰ ਰੂਪ ਵਿਚ ਢਾਲਣ ਦੀ ਲੋੜ ਹੈ। ਉਹ ਰੌਸ਼ਨ ਮਿਸਾਲ ਤੇ ਰਵਾਇਤ ਇਹ ਹੈ ਕਿ ਆਪਣਾ ਸਭ ਕੁਝ ਕੁਰਬਾਨ ਕਰ ਦੇਣ ਤੋਂ ਬਾਅਦ ਵੀ ਅਡੋਲ ਚਿਤ ਹੋ ਆਪਣੀ ਮੰਜ਼ਲ, ਮਾਰਗ ਤੇ ਨਿਸ਼ਾਨੇ ਵੱਲ ਆਪਣੇ ਜੀਵਨ ਦੇ ਆਖਰੀ ਛਿਣ ਪਲ ਤੱਕ ਵਧਦੇ ਤੁਰੇ ਰਹਿਣਾ। ਅੱਜ ਇਹ ਜੋ ਖਾਲਸਾ ਪੰਥ ਦੇ ਵੈਰੀਆਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਤੋਪਾਂ ਦੇ ਗੋਲੇ ਤੇ ਮਸ਼ੀਨ ਗੰਨਾਂ ਦੇ ਬਰਸਟ ਵਰ੍ਹਾਏ ਜਾ ਰਹੇ ਨੇ ਇਹ ਹਰ ਗੁਰੂ ਦੇ ਸਿੰਘ ਲਈ ਵੰਗਾਰ ਨੇ। ਇਸ ਕਰਕੇ ਹੁਣ ਆਪਾਂ ਟੋਪੀ ਵਾਲਿਆਂ ਦੀ ਭਾਰਤ ਸਰਕਾਰ ਤੇ ਹਿੰਦੂ ਸਾਮਰਾਜ ਨੂੰ ਉਸੇ ਹੀ ਬੋਲੀ ਵਿਚ ਜਵਾਬ ਦੇਣਾ ਜਿਸ ਬੋਲੀ ਵਿਚ ਉਸਨੇ ਪੰਥ ਨੂੰ ਵੰਗਾਰ ਦਿੱਤੀ ਹੈ। ਜੇ ਭਾਰਤ ਸਰਕਾਰ ਨੇ ਪੰਜਾਬ ਦੀ ਧਰਤੀ ਨਾਲ ਤੇ ਸਿੱਖ ਕੌਮ ਨਾਲ ਗਦਾਰੀ ਤੇ ਵਿਸ਼ਵਾਸ ਘਾਤ ਕਰਕੇ ਸਿੰਘਾਂ ਦੀਆਂ ਲਾਸ਼ਾਂ ਉੱਪਰ ਆਪਣੇ ਸੁਪਨਿਆਂ ਤੇ ਇਰਾਦਿਆਂ ਦੇ ਮਹਿਲ ਖੜੇ ਕਰਨ ਦੀ ਠਾਨ ਰੱਖੀ ਆ ਤਾਂ ਤੁਸਾਂ ਵੀ ਹੁਣ ਇਨ੍ਹਾਂ ਟੋਪੀ

ਵਾਲਿਆਂ ਦੀਆਂ ਲਾਸ਼ਾਂ ਉੱਪਰ ਖਾਲਸਾ ਰਾਜ ਦਾ ਝੰਡਾ ਗੱਡਨ ਦੇ ਇਰਾਦੇ ਤੇ ਦ੍ਰਿੜ ਸੰਕਲਪ ਨੂੰ ਧਾਰਨ ਕਰਨ ਤੋਂ ਸੰਕੋਚ ਨਹੀਂ ਕਰਨਾ ਤੇ ਨਾ ਹੀ ਇਸ ਬਾਰੇ ਕਿਸੇ ਪਰਕਾਰ ਦੀ ਢਿੱਲ ਮੱਠ ਹੀ ਵਖਾਉਣੀ ਆ।

'ਸਿੰਘ, ਆਪਣੀਆਂ ਰਵਾਇਤਾਂ ਤੇ ਪ੍ਰੰਪਰਾਵਾਂ ਨੂੰ ਯਾਦ ਰੱਖਿਆ ਕਰੇ ਤੇ ਉਹਨਾਂ ਨੂੰ ਅਪਨਾਉਣ ਤੇ ਉਹਨਾਂ ਉੱਪਰ ਚੱਲਣ ਦਾ ਸਬਕ ਪਕਾਇਆ ਕਰੇ। ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹਰਿਗੋਬਿੰਦ ਪੁਰ ਵਿਖੇ ਭਗਵਾਨ ਦਾਸ ਘਰੇੜ ਤੇ ਹੋਰ ਬਹੁਤ ਸਾਰੇ ਪੰਥ ਦੁਸ਼ਮਨਾਂ ਨੂੰ ਰਣ ਤੱਤੇ ਵਿਚ ਮੌਤ ਦੇ ਘਾਟ ਉਤਾਰਨ ਪਿਛੋਂ ਜਿੱਥੇ ਉਸਦੀ ਲਾਸ਼ ਨੂੰ ਦਰਿਆ ਬਿਆਸ ਵਿਚ ਸੁਟਵਾਇਆ ਸੀ ਉੱਥੇ ਹੋਰ ਬਹੁਤ ਸਾਰੇ ਪੰਥ ਦੇ ਵੈਰੀਆਂ ਤੇ ਉਸਦੇ ਹਵਾਰੀ ਲਹੂ ਨਾਤੀਆਂ ਨੂੰ ਇਕ ਥਾਂ ਉੱਪਰ ਜ਼ਮੀਨ ਵਿਚ ਡੂੰਘਿਆਂ ਨੱਪ ਕੇ ਉਸ ਥਾਂ ਉੱਤੇ ਹੀ ਇਕ ਥੜ੍ਹਾ ਬਣਾਇਆ ਸੀ ਤੇ ਫਿਰ ਉਸ ਥੜੇ ਉੱਪਰ ਉਸੇ ਹੀ ਸ਼ਾਮ ਆਪ ਬਰਾਜਮਾਨ ਹੋ ਕੇ ਗੁਰਸਿਖਾਂ ਦੇ ਸਨਮੁਖ ਰਹਿਰਾਸਿ ਸਾਹਿਬ ਜੀ ਦਾ ਪਾਠ ਕੀਤਾ ਸੀ ਅਤੇ ਇਸਤਰ੍ਹਾਂ ਨਾਲ ਪੰਥ ਦੀ ਇਸ ਯੁੱਧ ਵਿਚ ਹੋਈ ਮਹਾਨ ਜਿੱਤ ਵਜੋਂ ਉਸ ਅਕਾਲ ਪੁਰਖ ਦੀ ਬਖਸ਼ਸ਼ ਦਾ ਸ਼ੁਕਰਾਨਾ ਅਦਾ ਕੀਤਾ ਸੀ। ਅੱਜ ਵੀ ਉੱਥੇ ਗੁਰੂ ਸਾਹਿਬ ਦੀ ਇਸ ਮਹਾਨ ਜਿੱਤ ਦੀ ਯਾਦ ਵਿਚ ਕੇਸਰੀ ਨਸ਼ਾਨ ਸਾਹਿਬ ਝੂਲ ਰਿਹਾ ਹੈ ਤੇ ਪਵਿੱਤਰ ਗੁਰਧਾਮ ਕਾਇਮ ਹੈ।

'ਸਿੰਘ ਪੰਥ ਦੁਸ਼ਮਨਾਂ ਨੂੰ ਮੌਤ ਦੇ ਘਾਟ ਉਤਾਰ ਕੇ ਉਹਨਾਂ ਦੀਆਂ ਲਾਸ਼ਾਂ ਉੱਪਰ ਪੰਥਕ ਜਿੱਤ ਦੇ ਨਸ਼ਾਨ ਕਾਇਮ ਕਰਨੇ ਇਸ ਗੱਲ ਦਾ ਪ੍ਰਤੀਕ ਨੇ ਕਿ 'ਪਾਪੀਆਂ ਦੁਸ਼ਟਾਂ ਤੇ ਦੂਸਰਿਆਂ ਦੇ ਬੁਨਿਆਦੀ ਹੱਕਾਂ ਨੂੰ ਖੋਹ ਕੇ ਉਹਨਾਂ ਉੱਪਰ ਜਬਰ ਜ਼ੁਲਮ ਢਾਹੁਣ ਵਾਲਿਆਂ ਦਾ ਨਾਸ਼ ਕਰਨਾ ਹਰ ਸਿੰਘ ਲਈ ਉਸਦਾ ਧਰਮ ਕਾਰਜ ਬਣਦਾ ਹੈ। ਇਸ ਵਾਸਤੇ ਜੇ ਹੁਣ ਖਾਲਸਾ ਪੰਥ ਇਨ੍ਹਾਂ ਦੁਸ਼ਟਾਂ ਪਾਪੀਆਂ, ਅਕਿਰਤਘਣਾ ਵਿਸ਼ਵਾਸ ਘਾਤਕਾਂ ਤੇ ਖਾਲਸਾ ਪੰਥ ਦੀ ਜਨਮ ਭੂਮੀ ਦੇ ਗਦਾਰਾਂ ਦਾ ਨਾਸ਼ ਕਰਨ ਲਈ ਅਤੇ ਖਾਲਿਸਤਾਨ ਦੀ ਪ੍ਰਾਪਤੀ ਦੀ ਖਾਤਰ ਆਪਣੀਆਂ ਵਧ ਤੋਂ ਵਧ ਕੁਰਬਾਨੀਆਂ ਤੇ ਸ਼ਹੀਦੀਆਂ ਦੇ ਕੇ ਵੀ ਆਉਣ ਵਾਲੇ ਸਮੇਂ ਤੇ ਪੀਹੜੀਆਂ ਲਈ ਖਾਲਸਾ ਰਾਜ ਕਾਇਮ ਕਰ ਲਏਗਾ ਤਾਂ ਇਸ ਵਿਚ ਵਾਹਿਗੁਰੂ ਦੀ ਅਨੰਤ ਖੁਸ਼ੀ ਹੋਵੇਗੀ ਕਿਉਂਕਿ ਪਾਪੀਆਂ ਦੁਸ਼ਟਾਂ ਅਕ੍ਰਿਤਘਨਾਂ, ਵਿਸ਼ਵਾਸ ਘਾਤਕਾਂ ਤੇ ਗਦਾਰਾਂ ਦਾ ਨਾਸ਼ ਕਰਨ ਨਾਲ ਜਿਥੇ ਹੱਕ ਸੱਚ ਤੇ ਨਿਆਂ ਦੀਆਂ ਤਾਕਤਾਂ ਨੂੰ ਬਲ ਤੇ ਚੜ੍ਹਦੀ ਕਲਾ ਨਸੀਬ ਹੁੰਦੇ ਨੇ ਉੱਥੇ ਧਰਤੀ ਅਰਥਾਤ ਸਮਾਜ ਨੂੰ ਅਧਰਮ, ਅਕ੍ਰਿਤਘਨਤਾ ਤੇ ਜਬਰ ਜ਼ੁਲਮ ਅਤੇ ਭੁੱਖਾਂ ਦੁੱਖਾਂ ਦੀ ਮਾਰ ਤੋਂ ਸ਼ਕਤੀ ਮਿਲਦੀ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੀ ਤਖਤ ਸਾਹਿਬ ਵਾਲੀ ਜਿਸ ਮੰਜ਼ਲ ਉੱਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਜਥੇ ਦੇ ਸਿੰਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਨਾਲ ਖਲੋਤੇ ਖਲੋਤੇ ਵਿਚਾਰ ਵਟਾਂਦਰਾ ਕਰ ਰਹੇ ਸਨ ਉੱਥੇ ਨਜ਼ਦੀਕ ਹੀ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਬਾਬਾ ਦੀਪ ਸਿੰਘ ਸ਼ਹੀਦ, ਬਾਬਾ ਨੌਧ ਸਿੰਘ ਸ਼ਹੀਦ, ਬਾਬਾ ਬੋਲਾ ਸਿੰਘ ਤੇ ਬਾਬਾ ਗੁਰਜਾ ਸਿੰਘ ਅਤੇ ਬਹੁਤ ਸਾਰੇ ਹੋਰ ਯੋਧੇ ਤੇ ਸ਼ਹੀਦ ਸਿੰਘਾਂ ਦੇ ਯਾਦਗਾਰੀ ਹਥਿਆਰਾਂ ਦਾ ਅਜ਼ੀਮ ਖਜ਼ਾਨਾ ਵਿਰਸੇ ਵਜੋਂ ਸਾਂਭ ਕੇ ਰੱਖਿਆ ਹੋਇਆ ਸੀ।

ਸੰਤਾਂ ਨੇ ਭੋਰੇ ਵਿਚ ਜਾਣ ਤੋਂ ਪਹਿਲਾਂ ਕੰਪਲੈਕਸ ਦੇ ਅੰਦਰ ਅੰਦਰ ਕੁਝ ਇਕ ਵੱਡੇ ਮੋਰਚਿਆਂ ਵਿਚ ਡਟੇ ਬੈਠੇ ਹੋਏ ਸਿੰਘਾਂ ਨਾਲ ਇੰਟਰ ਕਮਿਊਨੀਕੇਸ਼ਨ ਸਿਸਟਮ 'ਤੇ ਤਾਲ ਮੇਲ ਰਾਹੀ ਗੱਲ ਬਾਤ ਕਰਦਿਆਂ ਹੋਇਆਂ ਕਿਹਾ, 'ਸਿੰਘ ਖਾਲਸਾ ਪੰਥ ਨੇ ਹੁਣ ਖਾਲਿਸਤਾਨ ਬਨਾਉਣਾ ਤੇ ਜੋ ਯੁੱਧ ਤੁਸਾਂ



ਇਥੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨਤਾ ਨੂੰ ਕਾਇਮ ਰੱਖਣ ਦੇ ਮੰਤਵ ਮਨੋਰਥ ਤੇ ਆਸ਼ੇ ਉਦੇਸ਼ ਨਾਲ ਲੜਨਾ ਖਾਲਿਸਤਾਨ ਨੇ ਉਸ 'ਚ ਇਕ ਦਿਨ ਅਵੱਸ਼ ਹੀ ਸਾਕਾਰ ਹੋਣਾ। ਇਹ ਮੇਰੀ ਪੇਸ਼ੀਨਗੋਈ (ਭਵਿੱਖ ਬਾਣੀ) ਆ ਇਸ ਲਈ ਜੋ ਦੁਸ਼ਟ ਪਰਕਮਾ ਵਿਚ ਪੈਰ ਪਾਉਣ ਤਾਂ ਇਕ ਵਾਰ ਦੱਸ ਦਿਉ ਕਿ ਦਰਬਾਰ ਸਾਹਿਬ ਵੱਲ ਏਦਾਂ ਮੂੰਹ ਕਰਨ ਦਾ ਕੀ ਨਤੀਜਾ ਹੁੰਦਾ। ਆਖਰੀ ਸਵਾਸਾਂ ਤੱਕ ਚੜ੍ਹਦੀ ਕਲਾ 'ਚ ਰਹਿਣਾ, ਸਾਰੀ ਸਿੱਖ ਕੌਮ ਦੀ ਸ਼ਕਤੀ ਤੁਹਾਡੇ ਨਾਲ ਆ। ਨਾਮ ਜਪੀ ਜਾਇਓ, ਹਥਿਆਰ ਵਾਹੀ ਤੇ ਚਲਾਈ ਜਾਇਓ ਤੇ ਦੁਸ਼ਟਾਂ ਵੈਰੀਆਂ ਦੇ ਆਹੂ ਲਾਹੀ ਜਾਇਓ। ਜੇ ਆਪਾਂ ਸਾਰੇ ਸ਼ਹੀਦੀਆਂ ਵੀ ਪਾ ਗਏ ਤਾਂ ਪੰਥ ਪਿੱਛੇ ਜੀਉਂਦਾ ਜਾਗਦਾ, ਆਪੇ ਵਾਗਡੋਰ ਸੰਭਾਲ ਲਏਗਾ ਤੇ ਖਾਲਸਾ ਰਾਜ ਦਾ ਝੰਡਾ ਚੁੱਕ ਲਏਗਾ। ਬਸ, ਅਸਾਂ ਆਪਣਾ ਧਰਮ ਪਾਲਣਾ ਤੇ ਆਖਰੀ ਦਮ ਤਕ ਡਟੇ ਰਹਿਣਾ। ਜੇ ਅਸਲਾ ਬਾਰੂਦ ਹੋਰ ਚਾਹੀਦਾ ਜਾਂ ਵੱਡੇ ਹਥਿਆਰਾਂ ਦੀ ਲੋੜ ਆ ਤਾਂ ਹੁਣ ਦੱਸ ਦਿਉ ਮੈਂ ਹੁਣੇ ਭਜਵਾ ਦੇਂਦਾ, ਜੇ ਆਪ ਆਕੇ ਖੜਨਾ ਤਾਂ ਸਿੰਘਾਂ ਨੂੰ ਇਥੇ ਮੇਰੇ ਪਾਸ ਭਜਵਾ ਦਿਉ, ਤਾਂ ਜੋ ਲੋੜ ਮੁਤਾਬਕ ਜੋ ਕੁਝ ਵੀ ਚਾਹੀਦਾ ਹੈ ਜਿੰਨੀ ਜਿੰਨੀ ਮਾਤਰਾ 'ਚ ਚਾਹੀਦਾ ਆਪਣੀ ਮਰਜ਼ੀ ਨਾਲ ਆ ਕੇ ਲੈ ਜਾਣ।'

ਜਿਸ ਸਮੇਂ ਸੰਤ ਵੱਖ ਵੱਖ ਮੋਰਚਿਆਂ ਵਿਚ ਡਟੇ ਬੈਠੇ ਸਿੰਘਾਂ ਨਾਲ ਗੱਲ ਬਾਤ ਕਰਨ ਤੋਂ ਬਾਅਦ ਆਪਣੇ ਪਾਸ ਖਲੋਤੇ ਹੋਏ ਸਿੰਘਾਂ ਤੇ ਜਵਾਨਾਂ ਨੂੰ ਫਤਹਿ ਬੁਲਾ ਕੇ ਭਾਈ ਅਮਰੀਕ ਸਿੰਘ ਤੇ ਪੰਜ ਹੋਰ ਸਿੰਘਾਂ ਨਾਲ ਭੋਰੇ ਵੱਲ ਨੂੰ ਥੱਲੇ ਉੱਤਰ ਰਹੇ ਸਨ ਤਾਂ ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਮੁੱਚੀ ਫਿਜ਼ਾ ਬੋਲੇ ਸੋ ਨਿਹਾਲ — ਸਤਿਸ੍ਰੀ ਅਕਾਲ, ਰਾਜ ਕਰੇਗਾ ਖਾਲਸਾ ਅਤੇ ਖਾਲਿਸਤਾਨ ਜ਼ਿੰਦਾ ਬਾਦ ਦੇ ਜੈਕਾਰਿਆਂ ਬੋਲਿਆਂ ਤੇ ਨਾਅਰਿਆਂ ਨਾਲ ਗੂੰਜ ਰਹੀ ਸੀ।

# 21.

ਦਰਬਾਰ ਸਾਹਿਬ ਪਰਕਰਮਾ ਦੀ ਦੱਖਣੀ ਚੜ੍ਹਦੀ ਵਿਚੀ ਤੋਂ ਬਾਹਰ ਕੁਝ ਫਾਸਲੇ ਉੱਪਰ ਸਥਿਤ ਕੋਈ ਤਿੰਨ ਉੱਚੀਆਂ ਉੱਚੀਆਂ ਇਮਾਰਤਾਂ ਉੱਪਰ ਜਥੇ ਦੇ ਸਿੰਘਾਂ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਵਾਨਾਂ ਦੇ ਬੜੇ ਹੀ ਪਾਏਦਾਰ ਮੋਰਚੇ ਸਨ।

ਇਕ ਇਮਾਰਤ ਉੱਪਰ ਅਮਰਜੀਤ ਸਿੰਘ ਖੇਮ ਕਰਨ ਗੁਰਨਾਮ ਸਿੰਘ ਬੁੰਡਾਲਾ ਦਰਸ਼ਨ ਸਿੰਘ ਪੱਖੀ ਜਿਲਾ ਫਰੀਦ ਕੋਟ ਤੇ ਉਹਨਾਂ ਦੇ ਕੁਝ ਹੋਰ ਸਾਥੀ ਸਿੰਘ ਡਟੇ ਹੋਏ ਸਨ। ਇਹ ਸਾਰੇ ਸਿੰਘ ਆਪਣੇ ਜੁਝਾਰੂ ਕਾਰਨਾਮਿਆਂ ਦੇ ਕਾਰਨ ਜਿਥੇ ਆਮ ਸਿੰਘਾਂ ਵਿਚ ਜਾਣੇ ਪਛਾਣੇ ਜਾਂਦੇ ਸਨ ਉਥੇ ਸੰਤਾਂ ਦੇ ਵਿਸ਼ਵਾਸ ਪਾਤਰ ਹੋਣ ਕਰਕੇ ਆਪਣਾ ਚੰਗਾ ਅਸਰ ਰਸੂਖ ਤੇ ਪ੍ਰਭਾਵ ਵੀ ਰਖਦੇ ਸਨ।

ਇਸ ਮੋਰਚੇ ਦੇ ਸਿੰਘ ਦੁਸ਼ਮਨ ਨਾਲ ਟੱਕਰ ਲੈਣ ਦੇ ਸਬੰਧ ਵਿਚ ਬੜੇ ਤਜਰਬਾਕਾਰ, ਹਰ ਪੱਖੋਂ ਸਿਖਲਤ ਦਲੇਰ ਤੇ ਜਾਂਬਾਜ਼ ਅਤੇ ਰਣ ਤੱਤੇ ਵਿਚ ਦੁਸ਼ਮਨ ਪਿਰ ਦੇ ਆਹੂ ਲਾਹੁੰਦਿਆਂ ਹੋਇਆਂ ਸਿਰ ਦੇਣ ਦੇ ਰਾਹ ਉੱਪਰ ਤੁਰਨ 'ਚ ਗੌਰਵ ਸਮਝਨ ਵਾਲੇ ਸਿੰਘ ਸਨ। ਇਹਨਾਂ ਸਿੰਘਾਂ ਦੀਆਂ ਸ਼ਖਸੀਅਤਾਂ ਤਾਂ ਆਪਣੇ ਆਪ 'ਚੋਂ ਜੁਝਾਰੂ ਤੇ ਸੂਰਬੀਰ ਪੁਰਖਿਆਂ ਦਾ ਝਲਕਾਰਾ ਮਾਰਦੀਆਂ ਹੋਈਆਂ ਸਾਫ ਦਿਸਦੀਆਂ ਸਨ। ਮਨ ਹਰ ਪੱਖੋਂ ਅਡੋਲ, ਪਰਪੱਕ ਤੇ ਦ੍ਰਿੜ ਸਨ। ਚੇਹਰਿਆਂ ਉੱਪਰ ਹੱਸਾਂ ਖੁਸ਼ੀ ਖੇੜੇ ਤੇ ਚੜ੍ਹਦੀ ਕਲਾ ਦਾ ਨੂਰ ਆਪਣੀ ਦੱਖ ਵਖਾਉਂਦਾ ਰਹਿੰਦਾ ਸੀ। ਡੌਲਿਆਂ ਵਿਚ ਜਾਨ ਵੀ ਸੀ ਅਤੇ ਮਨ ਪੱਖੋਂ ਬਲਵਾਨ ਤੇ ਮਤਬੂਤ ਪੱਖੋਂ ਨਾਮ ਬਾਣੀ ਦੀ ਰੌਸ਼ਨੀ ਤੇ ਅਲਾਹੀ ਅਰਥਾਤ ਆਗੰਮੀ ਗੁਣਾ ਖੂਬੀਆਂ ਦੇ ਰੰਗਾਂ ਵਿਚ ਰਤੇ ਤੇ ਗੱਸਕੇ ਰਹਿੰਦੇ ਸਨ। ਮਹਾਨ ਪੰਥਕ ਨਿਸ਼ਾਨੇ ਦੇ ਧਾਰਨੀ ਹੁੰਦਿਆਂ ਹੋਇਆਂ ਅਤੇ ਵੱਡੇ ਵੱਡੇ ਐਕਸ਼ਨ ਕਰਨ ਤੋਂ ਬਾਅਦ ਵੀ ਕਦੀ ਹਉਮੈ ਤੇ ਹੰਕਾਰ ਦੀ ਅਵਸਥਾ ਵਿਚ ਨਹੀਂ ਸਨ ਦੇਖੇ ਗਏ। ਅਮਰਜੀਤ ਸਿੰਘ ਖੇਮ ਕਰਨ ਦਾ ਤਾਂ ਇਥੋਂ ਤੱਕ ਖਿਆਲ ਸੀ ਕਿ ਜੋ ਸਿੰਘ ਦੋ ਚਾਰ ਵੱਡੇ ਐਕਸ਼ਨ ਕਰਨ ਤੋਂ ਬਾਅਦ ਆਪਣੇ ਆਪ ਨੂੰ ਜਥੇਦਾਰੀ ਦੇ ਖੰਭ ਲਵਾਉਂਦਾ ਫਿਰਦਾ ਹੈ ਅਤੇ ਥਾਂ ਥਾਂ ਉੱਪਰ ਪੋਜ਼ ਵਖਾਉਂਦਾ ਤੇ ਆਪਣੇ ਜੁਝਾਰੂ ਹੋਣ ਦਾ ਢੰਡੋਰਾ ਪਿੱਟਦਾ ਫਿਰਦਾ ਹੈ, ਉਹ ਵਿਅਕਤੀ ਭਵਿੱਖ ਵਿਚ ਪੰਥ ਨੂੰ ਨੁਕਸਾਨ ਤਾਂ ਪਹੁੰਚਾ ਸਕਦਾ ਹੈ, ਪਰ ਪੰਥ ਦੀ ਲੰਮੇ ਦਾਈਏ ਵਾਲੀ ਸੇਵਾ ਨਹੀਂ ਕਮਾ ਸਕਦਾ; ਕਿਉਂ ਕਿ ਐਸੇ ਮਨੁੱਖ ਦੇ ਮਨ ਉੱਪਰ ਪੰਥ ਦੀ ਨਿਰਭਰ ਰੂਪ ਵਿਚ ਸੇਵਾ ਕਰਨ ਦੀ ਭਾਵਨਾ ਦੀ ਥਾਂ ਜਥੇਦਾਰ ਵਜੋਂ ਸਥਾਪਤ ਹੋਣ ਦੀ ਭਾਵਨਾ ਦਾ ਭੂਤ ਸਵਾਰ ਹੋ ਜਾਂਦਾ ਹੈ ਜਿਸ ਕਰਕੇ ਐਸਾ ਵਿਅਕਤੀ ਸੁਭਾਵਕ ਰੂਪ ਵਿਚ ਹੀ ਸਵਾਰਥੀ ਬਣ ਜਾਂਦਾ ਹੈ ਅਤੇ ਉਸ ਅੰਦਰ ਚੌਧਰ ਤੇ ਜਥੇਦਾਰੀ ਦੀ ਭੁੱਖ ਪੈਦਾ ਹੋ ਜਾਣ ਕਰਕੇ ਪੰਥਕ ਹਿਤਾਂ ਦੀ ਰਾਖੀ ਨਾਲੋਂ ਆਪਣੀ ਜਥੇਦਾਰੀ ਦੀ ਸਥਾਪਨਾ ਦਾ ਬਹੁਤਾ ਖਿਆਲ ਰਹਿੰਦਾ ਹੈ, ਜਿਸਦੇ ਨਤੀਜੇ ਵਜੋਂ ਉਹ ਪੰਥ ਅੰਦਰਲੀਆਂ ਉਹਨਾਂ ਮੌਕਾ ਤਾੜੂ ਤੇ ਸੌਦੇ ਬਾਜ਼ ਸ਼ਖਸੀਅਤਾਂ ਤੇ ਜਥੇਬੰਦੀਆਂ ਤੋਂ ਆਸਰਾ ਨੁਮਨਾ ਭਾਲਣ ਲੱਗ ਜਾਂਦਾ ਹੈ ਜਿਨਾਂ ਨੇ ਪੰਥ ਪਾਸੋਂ ਤਾਂ ਦਿਸਦੀਆਂ (ਪੰਥ



ਦੀਆਂ) ਮਹਾਨ ਕੁਰਬਾਨੀਆਂ ਤੇ ਸ਼ਹੀਦੀਆਂ ਤੋਂ ਬੇਸ਼ੁਮਾਰ ਆਰਥਕ, ਸਮਾਜਕ, ਧਾਰਮਕ ਤੇ ਰਾਜਸੀ ਪੱਖੋਂ ਸ਼ਕਤੀ ਪ੍ਰਾਪਤ ਕੀਤੀ ਹੁੰਦੀ ਹੈ, ਪਰ ਆਪ ਪੰਥ ਨੂੰ ਕੱਖੋਂ ਪਿਲੇ ਘੱਲਾ, ਥੋਥੀਆਂ ਮੰਗਾਂ ਦੇ ਚਕਮਿਆਂ ਗਰਮ ਗਰਮ ਨਾਅਰਿਆਂ ਅਤੇ ਪੈਰ ਪੈਰ ਉੱਪਰ ਵਿਕਣ ਵਾਲੀ ਕਮਜ਼ੋਰ ਸਵਾਰਥੀ ਤੇ ਦਮਗਜੇ ਬਾਜ਼ ਲੀਡਰਸ਼ਿਪ ਤੋਂ ਬਿਨਾ ਹੋਰ ਕੁਝ ਵੀ ਨਹੀਂ ਦਿੱਤਾ ਹੁੰਦਾ।

ਐਸੇ ਮਨੁੱਖ ਪੰਥ ਅੰਦਰ ਦਾਅਵਾ ਤਾਂ ਇਸ ਗੱਲ ਦਾ ਕਰਦੇ ਹਨ ਕਿ ਉਹਨਾਂ ਦਾ ਨਿਸ਼ਾਨਾ ਖਾਲਸਾ ਪੰਥ ਦੀ ਚੜ੍ਹਦੀ ਕਲਾ ਤੇ ਆਜ਼ਾਦੀ ਦਾ ਹੈ ਪਰ ਅਮਲੀ ਰੂਪ ਵਿਚ ਅੰਦਰੋਂ ਬਾਹਰੋਂ ਜੁੜੇ ਉਹਨਾਂ ਵਿਅਕਤੀਆਂ ਤੇ ਜਥੇਬੰਦੀਆਂ ਨਾਲ ਹੁੰਦੇ ਹਨ, ਜੋ ਇਕ ਆਜ਼ਾਦ ਤੇ ਖੁਦ ਮੁਖਤਿਆਰ ਖਾਲਸਾ ਰਾਜ ਦੇ ਕੱਟੜ ਵਿਰੋਧੀ ਹੁੰਦੇ ਹਨ ਅਤੇ ਮੰਗਾਂ ਦਾ ਠੂਠਾ ਫੜ ਕੇ ਭਿਖ ਮੰਗਿਆਂ ਵਾਂਗ ਪੰਥ ਦੁਸ਼ਮਨ ਤਾਕਤਾਂ ਦੇ ਦਰਬਾਰ 'ਚ ਖ਼ੈਰਾਤ ਮੰਗਦੇ ਫਿਰਦੇ ਹਨ ਤੇ ਇਸਤਰਾਂ ਨਾਲ ਸਮੁੱਚੀ ਸਿੱਖ ਕੌਮ ਨੂੰ ਗੁਮਰਾਹ ਕਰਦੇ ਫਿਰਦੇ ਹਨ। ਜਿਸ ਕਰਕੇ ਦੋ ਦੋ ਚਾਰ ਚਾਰ ਐਕਸ਼ਨ ਕਰਨ ਤੋਂ ਬਾਅਦ ਹਉਮੈ ਗ੍ਰਸੇ ਵਿਅਕਤੀਆਂ ਦੀਆਂ ਜਥੇਦਾਰੀਆਂ ਤੇ ਐਵੇਂ ਛੋਟੀਆਂ ਮੋਟੀਆਂ ਜਥੇਬੰਦੀਆਂ ਦੀ ਸਥਾਪਤੀ ਦਾ ਜੋ ਆਖਰ ਵਿਚ ਲਾਭ ਪਹੁੰਚਦਾ ਹੈ ਉਹ ਪੰਥਕ ਆਜ਼ਾਦੀ ਦਾ ਘੋਲ ਲੜਨ ਵਾਲਿਆਂ ਧਿਰਾਂ ਤੇ ਤਾਕਤਾਂ ਨੂੰ ਨਹੀਂ ਪਹੁੰਚਦਾ ਸਗੋਂ ਇਨ੍ਹਾਂ ਦੀਆਂ ਵਿਰੋਧੀ ਤੇ ਦੁਸ਼ਮਨ ਤਾਕਤਾਂ ਨੂੰ ਪਹੁੰਚਦਾ ਹੈ।

ਇਨ੍ਹਾਂ ਯੋਧੇ ਸਿੰਘਾਂ ਦੇ ਮੋਰਚੇ ਤੋਂ ਕੁਝ ਫਾਸਲੇ ਉੱਪਰ ਨਾਲ ਲਗਦੀ ਇਕ ਹੋਰ ਉੱਚੀ ਇਮਾਰਤ ਉੱਪਰ ਬਿਦਰ ਸਿੰਘ ਡਰਾਈਵਰ ਸਕਨਾ ਮਨਾਵਾਂ ਜਿਲਾ ਫ਼ੀਰੋਜ਼ਪੁਰ ਅਤੇ ਅੱਠ ਦੱਸ ਦੇ ਲਗਪਗ ਹੋਰ ਸਿੰਘ ਮਨੋਂ ਚਿਤੋਂ ਦ੍ਰਿੜ ਹੋਕੇ ਡਟੇ ਹੋਏ ਸਨ। ਬਿਦਰ ਸਿੰਘ ਡਰਾਈਵਰ ਦੇ ਇਸ ਮੋਰਚੇ ਦੀ ਚੜ੍ਹਤ ਨੂੰ ਵੇਖਣ ਲਈ ਅਤੇ ਅਮਰਜੀਤ ਸਿੰਘ ਖੇਮ ਕਰਨ ਦੇ ਮੋਰਚੇ ਦੇ ਰੰਗ ਢੰਗ ਨੂੰ ਜਾਚਨ ਪਰਖਣ ਲਈ ਵੱਖ ਵੱਖ ਮੋਰਚਿਆਂ ਤੋਂ ਸਿੰਘ ਅਕਸਰ ਆਉਂਦੇ ਰਹਿੰਦੇ ਸਨ। ਜਿਨਾਂ 'ਚੋਂ ਗੁਰਨਾਮ ਸਿੰਘ ਰੋੜੇ (ਫੌਜੀ ਸਿੰਘ), ਜੋਗਿੰਦਰ ਸਿੰਘ ਰੋੜੇ, ਸ੍ਰ. ਰਾਮ ਸਿੰਘ (ਸੰਤਾਂ ਦਾ ਗੜਵਈ ਤੇ ਬਹੁਤ ਹੀ ਵਿਸ਼ਵਾਸ ਪਾਤਰ ਸਿੰਘ) ਭਾਈ ਦਲਜੀਤ ਸਿੰਘ, ਭਾਈ ਸਵਰਨ ਸਿੰਘ, ਜਥੇਦਾਰ ਸੁਰਿੰਦਰ ਸਿੰਘ, ਜਥੇਦਾਰ ਰਾਮ ਸਿੰਘ, ਬਾਬਾ ਠਾਰਾ ਸਿੰਘ, ਸ੍ਰ: ਗੋਪਾਲ ਸਿੰਘ ਸ਼ਹੀਦ, ਸ੍ਰ: ਸ਼ਾਮ ਸਿੰਘ ਜਥੇਦਾਰ, ਸ੍ਰ: ਗੁਰਜੀਤ ਸਿੰਘ, ਅੰਗਰੇਜ ਸਿੰਘ ਨਿਹਾਲਕੇ, ਭਾਈ ਆਸ਼ੀਕ ਸਿੰਘ, ਸ੍ਰ: ਰਛਪਾਲ ਸਿੰਘ, ਜਥੇਦਾਰ ਸੁਜਾਨ ਸਿੰਘ ਮਨਾਵਾਂ ਜਿਲਾ ਅੰਮ੍ਰਿਤਸਰ, ਬਾਬਾ ਜਗੀਰ ਸਿੰਘ ਸ੍ਰੀ ਹਜ਼ੂਰ ਸਾਹਿਬ ਤੋਂ ਉਚੇਚੇ ਤੌਰ ਤੇ ਆਏ ਹੋਏ ਸਿੰਘ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਅਹੁਦੇਦਾਰ ਤੇ ਜਵਾਨ ਜਥੇ ਦੇ ਨਾਮਵਰ ਸਿੰਘ ਅਤੇ ਹੋਰ ਬਹੁਤ ਸਾਰੇ ਸਿੰਘਾਂ ਤੇ ਜਵਾਨਾਂ ਤੋਂ ਇਲਾਵਾ ਜਨਰਲ ਸੁਬੇਗ ਸਿੰਘ ਆਦਿ ਦੇ ਨਾਂ ਵਰਨਣ ਯੋਗ ਹਨ।

ਇਨ੍ਹਾਂ ਮੋਰਚਿਆਂ ਵਿਚ ਕੁਝ ਇਸ ਗੱਲ ਕਰਕੇ ਵੀ ਖਿਚਪਾਈ ਜਾਂਦੀ ਸੀ ਕਿ ਇਹ ਹਰ ਪੱਖੋਂ ਮਜ਼ਬੂਤ ਹੋਣ ਤੇ ਮਹੱਤਵ ਪੂਰਨ ਪੋਜ਼ੀਸ਼ਨ ਰਖੱਣ ਦੇ ਨਾਲ ਨਾਲ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਪਰਕਰਮਾ ਤੋਂ ਕੁਝ ਫਾਸਲੇ ਉੱਪਰ ਸ਼ਹਿਰੀ ਅਬਾਦੀ ਵਿਚ ਪੈਂਦੇ ਸਨ ਅਤੇ ਇਹ ਮੋਰਚੇ ਭਾਰਤ ਸਰਕਾਰ ਤੇ ਉਸਦੀ ਫੌਜ ਲਈ ਸਿਧਾ ਚੈਲੰਜ ਸਨ।

ਇਨ੍ਹਾਂ ਮੋਰਚਿਆਂ ਤੋਂ ਇਲਾਵਾ ਉਥੋਂ ਕੁਝ ਫਾਸਲੇ ਉੱਪਰ ਇਕ ਹੋਰ ਜ਼ਬਰਦਸਤ ਮੋਰਚਾ ਕਾਇਮ ਸੀ, ਜੋ ਸਤਿੰਦਰ ਜੀਤ ਸਿੰਘ ਪੀ ਟੀ ਤੇ ਉਸਦੇ ਸਾਥੀ ਜਵਾਨਾਂ ਨੇ ਇਕ ਬਹੁਤ ਹੀ ਉੱਚੀ ਇਮਾਰਤ ਉੱਪਰ ਬਣਾਇਆ ਹੋਇਆ ਸੀ।

ਸਤਿੰਦਰਜੀਤ ਸਿੰਘ ਪੀ ਟੀ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਅੰਮ੍ਰਿਤਸਰ ਸ਼ਹਿਰੀ

ਯੂਨਿਟ ਦਾ ਪ੍ਰਧਾਨ ਸੀ। ਇਹ ਸਿਘ ਆਮ ਤੌਰ ਤੇ ਬੜਾ ਹੀ ਗਹਿਰ ਗੰਭੀਰ ਤੇ ਅਕਸਰ ਖਾਮੋਸ਼ ਰਹਿੰਦਾ ਸੀ। ਪਰ ਜਦੋਂ ਕਿਸੇ ਦੂਸਰੀ ਧਿਰ ਵੱਲ ਨਜ਼ਰ ਉਠਾ ਕੇ ਵੇਖਦਾ ਸੀ ਤਾਂ ਉਸ ਸਮੇਂ ਉਸਦੀ ਜ਼ਾਤ ਉੱਪਰ ਆਪਣੇ ਜੁਝਾਰੂ ਤੇ ਜਾਂਬਾਜ਼ ਹੋਣ ਦਾ ਪ੍ਰਭਾਵ ਸੁਤੇ ਸਿਧ ਰੂਪ 'ਚ ਵੀ ਪਾ ਜਾਂਦਾ ਸੀ। ਇਹ ਸਿਘ ਆਪਣੇ ਨਾਲ ਮੋਰਚੇ ਵਿਚ ਉਹਨਾਂ ਸਿਘਾਂ ਨੂੰ ਹੀ ਰਖਦਾ ਸੀ ਜੋ ਉਸਦੀ ਪਾਰਖੂ ਨਜ਼ਰ ਤੇ ਜੁਝਾਰੂ ਸੋਚ ਦੀ ਕਸਵੱਟੀ ਉੱਪਰ ਪੂਰਿਆਂ ਉਤਰਦੇ ਹੋਣ।

ਇਸੇ ਤਰ੍ਹਾਂ ਜਿਥੋਂ ਤੱਕ ਬਿੰਦਰ ਸਿਘ ਡਰਾਈਵਰ ਬਾਰੇ ਮੇਰੀ ਜਾਣਕਾਰੀ ਹੈ, ਇਹ ਸਿਘ ਹਰ ਸਮੇਂ ਇਕ ਜਾਂਬਾਜ਼ ਦੀ ਤਰ੍ਹਾਂ ਹੀ ਕਾਰਜ ਖੇਤਰ ਵਿਚ ਉਤਰਦਾ ਰਿਹਾ ਹੈ। ਇਸਨੇ ਚੜ੍ਹਦੀ ਜਵਾਨੀ ਦੀ ਛੋਟੀ ਜਿਹੀ ਉਮਰ ਵਿਚ ਬੜੇ ਜੋਧੇ ਤੇ ਬਲਕਾਰੀ ਸਿਘ ਵਾਲੇ ਕੰਮ ਕਰਕੇ ਵਖਾਏ ਸਨ। ਇਥੋਂ ਤੱਕ ਕਿ ਜੇ ਇਸਨੂੰ ਪੰਥ ਦੀ ਚੜ੍ਹਦੀ ਕਲਾ ਲਈ ਕੋਈ ਜੁਝਾਰੂ ਕੰਮ ਜ਼ਿੰਦਗੀ ਤੇ ਮੌਤ ਦੇ ਵਿਚਕਾਰੋਂ ਦੀ ਗੁਜ਼ਰ ਕੇ ਵੀ ਕਰਨਾ ਪੈਂਦਾ ਤਾਂ ਇਹ ਉਸਨੂੰ ਨੇਪਰੇ ਚਾੜ੍ਹਣ ਵਿਚ ਸਦਾ ਹੀ ਆਪਣੇ ਧੰਨਭਾਗ ਸਮਝਦਾ ਸੀ। ਵੱਡੇ ਵੱਡੇ ਖਤਰਿਆਂ ਨੂੰ ਮੁੱਲ ਲੈਣਾ ਤੇ ਔਖੇ ਹੋਈਆਂ ਪੰਥਕ ਸੇਵਾਵਾਂ ਨੂੰ ਜਾਨ ਤਲੀ 'ਤੇ ਧਰ ਕੇ ਨਿਭਾਉਣਾ ਆਪਣਾ ਧਰਮ ਸਮਝਦਾ ਸੀ। ਪੰਥਕ ਖੇਤਰ ਵਿਚ ਸੇਵਾ ਨਿਭਾ ਰਹੇ ਜੋਧੇ ਸਿਘਾਂ ਨੂੰ ਇਕ ਥਾਂ ਤੋਂ ਦੂਸਰੀ ਥਾਂ 'ਤੇ ਪਹੁੰਚਾਉਣਾ ਵਰ੍ਹਦੀਆਂ ਗੋਲੀਆਂ 'ਚੋਂ ਵੀ ਸਿਘਾਂ ਨੂੰ ਸੁਰਖਸ਼ਤ ਲਿਆਉਣਾ ਅਤੇ ਦੂਰ ਦੁਰਾਡੇ ਦੇ ਅੱਡੇ ਟਿਕਾਣਿਆਂ ਤੋਂ ਅਸਲੇ ਦੀ ਢੋਆ ਢੁਆਈ ਕਰਨਾ ਤਾਂ ਇਸ ਸਿਘ ਦਾ ਕਮਾਲ ਸੀ। ਫੁਰਤੀਲਾ ਤੇ ਤੁਰਤ ਫੁਰਤ ਏਨਾ ਸੀ ਕਿ ਸੰਤਾਂ ਦੇ ਹੁਕਮ ਦੀ ਪਾਲਣਾ ਦੇ ਕਰਮ ਤੋਂ ਲੈ ਕੇ ਇਸਨੂੰ ਖਾਸ ਖਾਸ ਮੌਕਿਆਂ ਉੱਪਰ ਕੰਪਲੈਕਸ ਦੇ ਅੰਦਰ ਕਿਸੇ ਵੀ ਥਾਂ 'ਤੇ ਸਿਘਾਂ ਦੀ ਹਾਜ਼ਰੀ ਭਰਦਿਆਂ ਤੇ ਉਹਨਾਂ ਨਾਲ ਜੁਝਾਰੂ ਸਕੀਮਾਂ ਬਨਾਉਂਦਿਆਂ ਤੇ ਯੋਜਨਾਵਾਂ ਘੜਦਿਆਂ ਵੇਖਿਆ ਜਾ ਸਕਦਾ ਸੀ।

ਮੈਂ ਇਕ ਦਿਨ ਬਿੰਦਰ ਸਿਘ ਨੂੰ ਐਂਵੇਂ ਸੁਤੇ ਸਿਧ ਰੂਪ 'ਚ ਹੀ ਪੁਛ ਬੈਠਾ, 'ਬਿੰਦਰ ਸਿਘ, ਜਦ ਤੂੰ ਪੰਥ ਦੀ ਸੇਵਾ ਦੇ ਸਬੰਧ ਵਿਚ ਕਿਸੇ ਮੁਹਿੰਮ ਉੱਪਰ ਜਾਂ ਕਾਰਜ ਪੂਰਤੀ ਲਈ ਪੁਲੀਸ ਤੇ ਸੀ. ਆਰ. ਪੀ. ਦੇ ਹਥਿਆਰ ਬੰਦ ਦਸਤਿਆਂ 'ਚੋਂ ਦੀ ਜੁਝਾਰੂ ਸਿਘਾਂ ਤੇ ਹਥਿਆਰਾਂ ਨੂੰ ਕਿਸੇ ਟਰੱਕ ਜਾਂ ਕਾਰ ਵਿਚ ਲੈਕੇ ਗੁਜ਼ਰ ਰਿਹਾ ਹੁੰਦਾ ਹੈਂ ਤਾਂ ਉਸ ਸਮੇਂ ਤੇਰੇ ਮਨ ਵਿਚ ਕਿਸਤਰਾਂ ਦੇ ਖਿਆਲ ਆ ਰਹੇ ਹੁੰਦੇ ਹਨ। ਕੀ ਤੈਨੂੰ ਐਸੀ ਹਾਲਤ ਵਿਚ ਕਿਸੇ ਪਰਕਾਰ ਦਾ ਭੈ ਸ਼ੰਕਾ ਜਾਂ ਵਿਸਵਾਸ਼ ਮਹਿਸੂਸ ਨਹੀਂ ਹੁੰਦਾ?'

ਮੇਰੀ ਗੱਲ ਸੁਣਕੇ ਬਿੰਦਰ ਸਿਘ ਨੇ ਜੋ ਅਗੋਂ ਉੱਤਰ ਦਿਤਾ ਉਹ ਉਸਦੇ ਇਕ ਸਿਰੜੀ ਤੇ ਦ੍ਰਿੜ ਵਿਸ਼ਵਾਸੀ ਸਿਘ ਹੋਣ ਦਾ ਹੀ ਪ੍ਰਤੀਕ ਸੀ। ਉਸ ਕਿਹਾ, 'ਮੈਂ ਜਦੋਂ ਵੀ ਪੰਥਕ ਸੇਵਾ-ਕਾਰਜ ਦੇ ਮਨੋਰਥ ਨਾਲ ਕਿਸੇ ਮੁਹਿੰਮ ਲਈ ਤੁਰਦਾ ਹਾਂ ਤਾਂ ਉਸ ਸਮੇਂ ਮੈਂ ਸਭ ਤੋਂ ਪਹਿਲਾਂ ਉਸ ਅਕਾਲ ਪੁਰਖ ਦੀ ਓਟ ਲੈਂਦਾ ਹਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੇ ਗੁਰੂ ਸਾਹਿਬਾਨ ਦੀ ਯਾਦ ਵਿਚ ਇਕ ਮਨ ਇਕ ਚਿਤ ਹੋਕੇ ਸਿਰ ਝੁਕਾਉਂਦਾ ਹਾਂ। ਸੰਤਾਂ ਦੀ ਅਸ਼ੀਰਵਾਦ ਤਾਂ ਉਹਨਾਂ ਦੇ ਨਾਲ ਸਲਾਹ ਮਸ਼ਵਰਾ ਕਰਨ ਸਮੇਂ ਹੀ ਪ੍ਰਾਪਤ ਹੋ ਜਾਂਦੀ ਹੈ। ਐਸੇ ਸਮੇਂ ਮੇਰੇ ਮਨ ਵਿਚ ਇਹ ਪੱਕਾ ਵਿਸ਼ਵਾਸ ਬੈਠਾ ਹੋਇਆ ਹੁੰਦਾ ਹੈ ਕਿ ਮੈਂ ਜਿਸ ਕਾਰਜ ਦੀ ਪੂਰਤੀ ਲਈ ਪੈਰ ਪੁੱਟ ਰਿਹਾ ਹਾਂ ਉਸ ਵਿਚ ਮੇਰਾ ਕੋਈ ਜ਼ਾਤੀ ਸਵਾਰਥ ਨਹੀਂ, ਸਗੋਂ ਇਹ ਕਾਰਜ ਤਾਂ ਗੁਰੂ ਘਰ ਤੇ ਗੁਰੂ ਪੰਥ ਦਾ ਹੈ ਇਸ ਕਰਕੇ ਇਸ ਕਾਰਜ ਨੂੰ ਵਾਹਿਗੁਰੂ ਆਪ ਪਰਵਾਨ ਚੜ੍ਹਾਏਗਾ ਤੇ ਫਤਹਿ ਬਖਸ਼ੇਗਾ। ਇਸ ਵਿਸ਼ਵਾਸ਼ ਦੇ ਨਾਲ ਨਾਲ ਉਸ ਸਮੇਂ ਜੋ ਮੇਰੇ ਮਨ ਦਾ ਇਰਾਦਾ ਬਣਿਆ ਹੋਇਆ ਹੁੰਦਾ ਹੈ ਤੇ ਜਿਸ ਗੱਲ ਵਾਸਤੇ ਮੈਂ ਮਨੋ ਕਰਕੇ ਤਿਆਰ ਵੀ ਹੁੰਦਾ ਹਾਂ ਉਹ ਇਹ ਹੁੰਦਾ ਹੈ ਕਿ ਜੇ ਦੁਸ਼ਟਾਂ ਵੈਰੀਆਂ ਨੂੰ ਰਸਤੇ ਵਿਚ ਕੋਈ



ਰੋਕ ਰੁਕਾਵਟ ਪੈਦਾ ਕਰਨ ਦੀ ਕੋਸ਼ਸ਼ ਕੀਤੀ ਤੇ ਉਹਨਾਂ ਦੀਆਂ ਨਜ਼ਰਾਂ ਵਿਚ ਰੱਤੀ ਜਿੰਨੀ ਵੀ ਮੈਲ ਨਜ਼ਰੀ ਆਈ ਤਾਂ ਉਸ ਮੌਕੇ ਉਤੇ ਫਿਰ ਉੱਕੀ ਢਿਲ ਨਹੀਂ ਗੁਜ਼ਾਰਣੀ ਤੇ ਵਖਾਉਣੀ; ਬਸ, 'ਵੈਰੀ ਉੱਪਰ ਪੈਰ ਤੇ ਹੀ ਸਿਘਾਂ ਵਾਲਾ ਵਾਰ ਕਰ ਦੇਣਾ ਤੇ ਹਮਲਾ ਬੋਲ ਦੇਣਾ।

ਤੁਰਨ ਸਮੇਂ ਰਾਹ ਪੈਂਡੇ ਸਬੰਧੀ ਵੀ ਪੂਰੀ ਪੂਰੀ ਜਾਣਕਾਰੀ ਤੇ ਸਾਵਧਾਨੀ ਰੱਖੀ ਦੀ ਆ। ਹਥਿਆਰ ਵੀ ਤਿਆਰ ਬਰ ਤਿਆਰ ਰੂਪ 'ਚ ਕੋਲ ਹੀ ਪਏ ਹੁੰਦੇ ਨੇ। ਕਿਸੇ ਵੀ ਟਾਕਰੇ ਲਈ ਮਨ ਪਹਿਲਾਂ ਤੋਂ ਹੀ ਚੇਤੰਨ ਤੇ ਤਿਆਰ ਬਰ ਤਿਆਰ ਹੁੰਦਾ। ਫਿਰ ਐਸੀ ਹਾਲਤ ਵਿਚ ਦੁਸ਼ਮਨ ਦੀ ਕੀ ਜਾਹ ਏ ਕਿ ਉਹ ਰਾਹ ਦੀ ਰੋਕ ਬਣ ਜਾਏ। ਅਸਲ ਵਿਚ ਬੰਦਾ ਉਦੋਂ ਮਾਰ ਖਾਂਦਾ ਜਦੋਂ ਉਹ ਅਨਗਹਿਲੀ ਤੇ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ। ਜਾਂ ਫਿਰ ਉਸਦਾ ਮਨ ਡੋਲ ਜਾਂਦਾ ਹੈ। ਜੇ ਕਿਧਰੇ ਉਸ ਸੱਚੇ ਪਾਤਸ਼ਾਹ ਨੇ ਮੌਕੇ ਦਿਤੇ ਤਾਂ ਤੁਹਾਨੂੰ ਫਿਰ ਦਸਾਂਗੇ ਕਿ ਇਨ੍ਹਾਂ ਟੋਪੀ ਵਾਲਿਆਂ ਦੀ ਫੌਜ ਕਿਸੇ ਜੰਗ ਯੁੱਧ ਵੇਲੇ ਔਤਰਕਾਂ ਪੰਜਾਬ ਵਿਚ ਪੈਰ ਕਿਵੇਂ ਪਾਉਂਦੀ ਆ ਤੇ ਹੱਦਾਂ ਵੱਲ ਕਿਵੇਂ ਵਧਦੀ ਆ? ਜੇ ਇਨ੍ਹਾਂ ਦੁਸ਼ਟਾਂ ਟੋਪੀ ਵਾਲਿਆਂ ਦੀ ਫੌਜ ਦੇ ਥਾਂ ਥਾਂ ਉੱਪਰ ਡਕਰੇ ਕਰ ਕਰ ਕੇ ਨਾ ਸੁੱਟੇ ਤੇ ਇਨ੍ਹਾਂ ਦੇ ਮੂਹਾਂ 'ਚ ਅੱਗ ਦੇ ਪੂਲੇ ਤੇ ਅੰਗਿਆਰ ਨਾ ਤੁੰਨੇ ਤਾਂ ਸਾਨੂੰ ਵੀ ਦਸਮ ਪਿਤਾ ਦੇ ਸਿਘ ਕਿੰਨੇ ਆਖਣਾ।

ਜਿਸ ਸਮੇਂ ਮੈਂ ਕੰਪਲੈਕਸ ਅੰਦਰ ਇਸਤਰਾਂ ਦੇ ਸਿਘਾਂ ਦੇ ਜੋਸ਼ ਜਜ਼ਬੇ ਤੇ ਜੀਵਨ ਦੇ ਜੁਝਾਰੂ ਅਮਲ ਕਰਮ ਵੱਲ ਵੇਖਦਾ ਤਾਂ ਉਸ ਸਮੇਂ ਮੈਂ ਕਈ ਵਾਰ ਇਹ ਸੋਚ ਕੇ ਹੈਰਾਨ ਹੁੰਦਾ ਸਾਂ ਕਿ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਨੇ ਪਿਛਲੇ ਕੁਝ ਸਾਲਾਂ ਦੇ ਵਿਚ ਹੀ ਉਹ ਕਿਹੜੀ ਐਸੀ ਗੱਲ ਕਰ ਵਖਾਈ ਤੇ ਚਿਣਗ ਬਾਲ ਦਿਤੀ ਸੀ, ਜਿਸਦੀ ਛੁਹ ਨੇ ਹਜ਼ਾਰਾਂ ਹੀ ਸਿਖ ਨੌਜਵਾਨਾਂ ਵਿਚ ਬਲਵਾਨ ਘੋਲਾਂ, ਸੰਘਰਸ਼ ਤੇ ਕ੍ਰਾਂਤੀ ਦਾ ਝਖੜ ਝੁਲਾ ਕੇ ਰੱਖ ਦਿਤਾ ਸੀ। ਐਸੇ ਸਮੇਂ ਮੈਂ ਇਸ ਸਿੱਟੇ ਤੇ ਹੀ ਪੁਜਦਾ ਸਾਂ ਕਿ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਨੇ ਆਪਣੇ ਜੀਵਨ ਨੂੰ ਸੱਚੇ ਮਨੋ ਗੁਰੂ ਘਰ ਦੀ ਮੰਜ਼ਲ ਦਾ ਪਾਂਧੀ ਬਣਾ ਕੇ ਇਹੋ ਜਿਹੇ ਹਜ਼ਾਰਾਂ ਹੀ ਨੌਜਵਾਨਾਂ ਤੇ ਸਿਘਾਂ ਵਿਚ ਉਸ ਜਜ਼ਬੇ ਦੀ ਅੱਗ ਤੇ ਸੱਚੇ ਉਦੇਸ਼ ਦੇ ਪ੍ਰਕਾਸ਼ ਨੂੰ ਮੁੜ ਪਰਜਵਲਤ ਕਰ ਦਿਤਾ ਸੀ ਜਿਸ ਨੂੰ ਰੂਪਮਾਨ ਕਰਨ ਲਈ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿਘ ਜੀ ਨੇ ਅਤੇ ਬਾਅਦ ਵਿਚ ਖਾਲਸਾ ਪੰਥ ਨੇ ਉਸ ਮਾਰਗ ਤੇ ਚਲਦਿਆਂ ਹੋਇਆਂ ਗੁਰੂ ਨਾਨਕ ਘਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਖਾਤਰ ਆਪਣਾ ਸਰਬਤਵ ਤੱਕ ਲੇਖੇ ਲਾ ਦਿੱਤਾ ਸੀ।

ਅਸਲ ਵਿਚ ਇਹੋ ਹੀ ਕਾਰਣ ਸੀ ਕਿ ਸੰਤ ਜਰਨੈਲ ਸਿਘ ਭਿੰਡਰਾਂ ਵਾਲਿਆਂ ਦੇ ਜਥੇ ਨਾਲ ਜੁੜੇ ਹੋਏ ਸਿਘਾਂ ਸੂਰਮਿਆਂ ਤੇ ਨੌਜਵਾਨਾਂ ਦਾ ਜੀਵਨ ਉਹਨਾਂ ਦੇ ਸਖਸ਼ੀ ਪ੍ਰਭਾਵ ਨੂੰ ਕਬੂਲਣ ਕਰਕੇ ਕੁਰਬਾਨੀ ਦਾ ਪੁਤਲਾ ਬਣ ਜਾਂਦਾ ਸੀ।

ਸੰਤਾਂ ਦੀ ਕਥਨੀ ਤੇ ਕਰਨੀ ਵਿਚ ਪਾਈ ਜਾਣ ਵਾਲੀ ਸਮਾਨਤਾ ਦਾ ਪ੍ਰਭਾਵ ਆਪਣੇ ਆਪ ਵਿਚ ਏਨਾ ਬਲਸ਼ਾਲੀ ਸੀ ਕਿ ਪੰਥ ਅੰਦਰ ਜਿਸ ਸਾਹਸ ਬਲ, ਜੂਝਨ ਦੇ ਚਾਓ ਅਤੇ ਖਾਲਸਾਈ ਸ਼ਕਤੀ ਦੇ ਪੁਰਨੂਰ ਜਲਵੇ ਦੇ ਤੂਫਾਨੀ ਰੂਪ ਤੇ ਪੰਥਕ ਜੋਸ਼ ਜਜ਼ਬੇ ਨੂੰ ਸਿਖ ਕੌਮ ਦੀ ਕਮਜ਼ੋਰ ਲਾਲਸਾ ਗ੍ਰਸੀ ਮੌਕਾ ਪ੍ਰਸਤ ਤੇ ਆਯੋਗ ਲੀਡਰਸ਼ਿਪ ਨੇ ਗਾਂਧੀਵਾਦੀ ਨੀਤੀਆਂ ਦੀ ਲੋਰੀ ਦੇ ਦੇ ਕੇ ਅਤੇ ਭੁਲੇਖਿਆਂ ਦੀਆਂ ਭੁਆਟਣੀਆਂ ਦੇ ਦੇ ਕੇ ਬੰਦਲ, ਚਕਰਾ ਤੇ ਸਵਾਂ ਛੱਡਿਆ ਸੀ, ਸੰਤਾਂ ਨੇ ਉਸਨੂੰ ਆਪਣੇ ਅਮਲ ਕਰਮ ਦੀਆਂ ਉੱਤਮ ਤੇ ਜੁਝਾਰੂ ਸਰਗਰਮੀਆਂ ਅਤੇ ਬਲਵਾਨ ਵਿਚਾਰਾਂ ਸਦਕਾ ਮੁੜ ਟੁੰਬ ਜਗਾ ਕੇ ਸੁਚੇਤ ਕਰ ਦਿਤਾ ਤੇ ਦਰਿਆ ਦੀ ਤੁਗਿਆਨੀ ਰਵਾਨੀ ਜਿਹਾ ਰੂਪ ਦੇ ਦਿਤਾ ਸੀ।

ਸੰਤ ਜੀ ਦੀ ਕਥਨੀ ਤੇ ਕਰਨੀ ਵਿਚਲੀ ਸਮਾਨਤਾ ਦੀ ਸਚਾਈ, ਜਿਸਨੇ ਲੱਖਾਂ ਹੀ ਵਿਅੱਕਤੀਆਂ ਨੂੰ ਆਪਣਾ ਬਣਾਇਆ ਸੀ, ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਜਦ ਮੈਂ ਜਨਵਰੀ 1984 ਦੇ ਪਹਿਲੇ ਹਫਤੇ ਸੰਤਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਉਚੇਚੇ ਤੌਰ ਤੇ ਮਿਲਕੇ ਇਹ ਗੱਲ ਕਹੀ ਸੀ ਕਿ ਸੰਤ ਜੀ ਮੈਨੂੰ ਇੰਗਲੈਂਡ ਤੋਂ ਡਾਕਟਰ ਜਗਜੀਤ ਸਿੰਘ ਚੌਹਾਨ ਵੱਲੋਂ ਲਿਖਤੀ ਰੂਪ ਵਿਚ ਇਹ ਸੁਨੇਹਾ ਆਇਆ ਹੈ ਕਿ ਹਿੰਦੁਸਤਾਨ ਦੀ ਸਰਕਾਰ ਤੇ ਭਾਰਤ ਦੇ ਸਭ ਹਿੰਦੂ ਇਸ ਸਮੇਂ ਆਪ ਦੇ ਅਤੇ ਆਪ ਦੇ ਪਰਵਾਰ ਦੇ ਲਹੂ ਦੇ ਤਿਹਾਏ ਬਣੇ ਬੈਠੇ ਨੇ। ਇਸ ਲਈ ਤੁਸੀਂ ਆਪਣਾ ਪਰਵਾਰ (ਸੁਪਤਨੀ ਤੇ ਦੋਹਵੇਂ ਬੱਚੇ, ਕਾਕਾ ਸਾਮ ਸਿੰਘ ਅਤੇ ਕਾਕਾ ਇੰਦਰਜੀਤ ਸਿੰਘ) ਛੇਤੀ ਤੋਂ ਛੇਤੀ ਇੰਗਲੈਂਡ ਭੇਜ ਦਿਓ। ਸੰਗਤਾਂ ਪਰਵਾਰ ਦੀ ਦੇਖ ਭਾਲ ਅਤੇ ਬੱਚਿਆਂ ਦੀ ਵਿਦਿਆ ਤੇ ਪਰਵਰਸ਼ ਦਾ ਹਰ ਤਰਾਂ ਨਾਲ ਪ੍ਰਬੰਧ ਕਰਨਗੀਆਂ ਤੇ ਅਖੀਰ ਤੱਕ ਹਰ ਤਰ੍ਹਾਂ ਦੀ ਜ਼ੁਮਾਵਾਰੀ ਨਿਭਾਉਣਗੀਆਂ।

ਸੰਤ ਮੇਰੇ ਵੱਲੋਂ ਦਿੱਤਾ ਸੁਨੇਹਾ ਸੁਣਕੇ ਅਤੇ ਚਿੱਠੀ ਪੜ੍ਹ ਕੇ ਪਹਿਲਾਂ ਤਾਂ ਮੁਸਕਰਾਏ ਤੇ ਫਿਰ ਨਿੰਮਾ ਜਿਹਾ ਹੱਸੇ ਅਤੇ ਫਿਰ ਝੱਟ ਹੀ ਗੰਭੀਰ ਹੋ ਕੇ ਕਹਿਣ ਲੱਗੇ, 'ਮੇਰੇ ਵਲੋਂ ਡਾਕਟਰ ਜਗਜੀਤ ਸਿੰਘ ਤੇ ਇੰਗਲੈਂਡ ਦੀਆਂ ਸੰਗਤਾਂ ਨੂੰ ਧੰਨਵਾਦ ਲਿਖ ਭੇਜਣਾ ਤੇ ਨਾਲ ਹੀ ਇਹ ਗੱਲ ਸਪਸ਼ਟ ਰੂਪ ਵਿਚ ਲਿਖ ਦੇਣੀ ਕਿ ਸਾਮ ਸਿੰਘ ਤੇ ਇੰਦਰਜੀਤ ਸਿੰਘ ਨੂੰ ਮੈਂ ਕਦੀ ਵੀ ਪੰਥ ਦੇ ਦੂਸਰੇ ਲੱਖਾਂ ਬੱਚਿਆਂ ਨਾਲੋਂ ਵਖਰਿਆਂ ਨਹੀਂ ਸਮਝਿਆ ਇਸ ਕਰਕੇ ਮੈਂ ਇਨ੍ਹਾਂ ਦੋਹਾਂ ਬੱਚਿਆਂ ਦੇ ਜੀਵਨ ਨੂੰ ਪੰਥ ਦੇ ਦੂਸਰੇ ਲੱਖਾਂ ਬੱਚਿਆਂ ਦੇ ਮੁਕਾਬਲੇ ਤੇ ਉਚੇਰੀ ਤਰਜੀਹ ਤੇ ਸੁਰੱਖਿਆ ਦੇਣ ਦੇ ਖਿਆਲ ਨਾਲ ਇੰਗਲੈਂਡ ਜਾਂ ਕਿਸੇ ਵੀ ਹੋਰ ਦੇਸ਼ ਭੇਜਣ ਦੀ ਗੱਲ ਤੋਂ ਮਜਬੂਰ ਹਾਂ। ਜੇ ਮੈਂ ਅਜੇ ਇਨ੍ਹਾਂ ਬੱਚਿਆਂ ਨੂੰ ਬਾਹਰ ਭੇਜਣ ਦੀ ਗੱਲ ਸੋਚਾਂਗਾ ਜਾਂ ਕਰਾਂਗਾ ਤਾਂ ਫਿਰ ਭਲਕ ਨੂੰ ਮੇਰੇ ਦੂਸਰੇ ਭੈਣ ਭਾਈਆਂ ਨੂੰ ਬਾਹਰ ਭੇਜਣ ਦੀ ਗੱਲ ਤੁਰੇਗੀ ਤੇ ਫਿਰ ਇਸ ਤੋਂ ਬਾਅਦ ਹੋਰ ਸਕੇ ਸਬੰਧੀਆਂ ਤੇ ਨਿਕਟ ਵਰਤੀਆਂ ਦੇ ਪਰਵਾਰਾਂ ਨੂੰ ਭੇਜਣ ਦੀ ਗੱਲ। ਜੇ ਅਸੀਂ ਸਾਰੇ ਇਸੇ ਹੀ ਲੀਹੇ ਪੈ ਜਾਏ ਤਾਂ ਫਿਰ ਇਸਦਾ ਮਤਲਬ ਇਹ ਹੀ ਨਿਕਲੇਗਾ ਕਿ ਮੇਰੇ ਪਰਵਾਰ ਤੇ ਸਕੇ ਸਬੰਧੀਆਂ ਦੇ ਪਰਵਾਰਾਂ ਦੀ ਜ਼ਿੰਦਗੀ ਹੋਰ ਲੱਖਾਂ ਪਰਵਾਰਾਂ ਦੇ ਮੁਕਾਬਲੇ ਜ਼ਿਆਦਾ ਕੀਮਤੀ ਹੈ। ਮੇਰੀ ਤਾਂ ਇਹ ਦਿਲੀ ਇੱਛਾ ਹੈ ਕਿ ਇਹ ਬੱਚੇ, ਪਰਵਾਰ ਤੇ ਕੁਨਬੇ ਤੱਕ ਦੇ ਹੋਰ ਸਭ ਛੋਟੇ ਵੱਡੇ ਜੀਅ ਧਰਮ ਦੀ ਰਾਖੀ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਤੇ ਆਜ਼ਾਦੀ ਲਈ ਇਵੇਂ ਹੀ ਜੂਝਣ ਤੇ ਸ਼ਹੀਦੀਆਂ ਪਾਉਣ। ਗੁਰੂਘਰ ਦੀ ਬਖਸ਼ਸ਼ ਤੇ ਖਾਲਸਾ ਪੰਥ ਦੀ ਕਿਰਪਾ ਸਦਕਾ ਦਾਸ ਨੂੰ ਜਥੇ ਦੇ ਸਿੰਘਾਂ ਤੇ ਟਕਸਾਲ ਵਲੋਂ ਜੋ ਸੇਵਾ ਤੇ ਜ਼ੁਮਾਵਾਰੀ ਸੌਂਪੀ ਗਈ ਹੈ ਉਹ ਮੇਰੇ ਇਨ੍ਹਾਂ ਬੱਚਿਆਂ ਤੇ ਪਰਵਾਰ ਦੀ ਖਾਤਰ ਨਹੀਂ ਸੌਂਪੀ ਗਈ, ਸਗੋਂ ਧਰਮ ਦੀ ਰਾਖੀ, ਸਿੱਖੀ ਪਰਵਾਰ ਪੰਥ ਦੀ ਚੜ੍ਹਦੀ ਕਲਾ ਅਤੇ ਦੁਸ਼ਟਾਂ ਵੈਰੀਆਂ ਨੂੰ ਸੋਧਨ ਤੇ ਪੰਥ ਦੀ ਆਜ਼ਾਦ ਹਸਤੀ ਨੂੰ ਕਾਇਮ ਰੱਖਣ ਅਤੇ ਧਰਮ ਤੇ ਰਾਜ ਦੇ ਖੇਤਰ ਵਿਚ ਖਾਲਸਾ ਜੀ ਦੇ ਬੋਲ-ਬਾਲੇ, ਅਮਲੀ ਰੂਪ ਵਿਚ ਉਜਾਗਰ ਤੇ ਕਾਇਮ ਕਰਨ ਦੀ ਖਾਤਰ ਸੇਵਾ, ਘਾਲਣਾ ਤੇ ਕੁਰਬਾਨੀ ਦੇ ਮਾਰਗ ਉੱਪਰ ਤੁਰਦਿਆਂ ਹੋਇਆਂ ਕਰਮ ਕਮਾਉਣ ਲਈ ਸੌਂਪੀ ਗਈ ਹੈ। ਬਾਕੀ ਜੋ ਤੁਸੀਂ ਇਸ ਸਮੇਂ ਕਈ ਪਖਾਂ ਤੋਂ ਪੰਥ ਦੀ ਮਹਾਨ ਸੇਵਾ ਕਮਾ ਰਹੇ ਹੋ ਮੈਂ ਉਸਦਾ ਮਨੋ ਧਨਵਾਦੀ ਹਾਂ।'

ਅਸਲ ਵਿਚ ਸੰਤਾਂ ਦੀ ਸ਼ਖਸੀਅਤ ਨਾਲ ਜੋ ਹਜ਼ਾਰਾਂ ਦੀ ਗਿਣਤੀ ਵਿਚ ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨ ਅਤੇ ਅਥਾਹ ਰੂਪ ਵਿਚ ਸੰਗਤਾਂ ਮਨੋ ਚਿੱਤੋਂ ਕਰਕੇ ਜੁੜੀਆਂ ਹੋਈਆਂ ਸਨ ਉਸਦਾ ਵਿਸ਼ੇਸ਼ ਕਾਰਨ ਹੀ ਸੰਤਾਂ ਦਾ ਮਨ ਬਚ ਤੇ ਕਰਮ ਪੱਖੋਂ ਅੰਦਰੋਂ ਤੇ ਬਾਹਰੋਂ ਸਚਿਆਰਾ ਹੋਣਾ ਹੀ ਸੀ।

ਸੰਤਾਂ ਦੇ ਅੰਤਸ਼ਕਰਨ ਤੇ ਜ਼ੁਬਾਨ ਦੇ ਦੋ ਰੂਪ ਨਹੀਂ ਸਨ, ਸਗੋਂ ਇਕੋ ਹੀ ਰੂਪ ਸੀ। ਉਹਨਾਂ ਦਾ ਭੈ-ਮੁਕਤ ਨਿੱਹ-ਸਵਾਰਥ ਹੱਕ ਸੱਚ ਤੇ ਜ਼ਮੀਰ ਦੀ ਆਵਾਜ਼ ਉੱਪਰ ਅਧਾਰਤ ਮਨ ਅਤੇ ਨਾਮ ਬਾਣੀ ਦੇ ਅਲਾਹੀ ਰੰਗ



ਵਿਚ ਰੰਗਿਆ ਹੋਇਆ ਅਨਭਵ ਸਭ ਨੂੰ ਹੀ ਪਿਆਰਾ ਪਿਆਰਾ ਲਗਦਾ ਸੀ। ਸਿੱਖ ਕੌਮ ਦੇ ਇਕ ਬਹੁਤ ਵੱਡੇ ਹਿੱਸੇ ਨੂੰ ਇਸ ਗੱਲ ਦਾ ਅਹਿਸਾਸ ਤੇ ਵਿਸ਼ਵਾਸ ਹੋ ਚੁੱਕਾ ਸੀ ਕਿ ਸੰਤ ਖਾਲਸਾ ਪੰਥ ਨੂੰ ਇਕ ਆਜ਼ਾਦ ਤੇ ਖੁਦਮੁਖਤਿਆਰ ਕੌਮ ਦੇ ਰੂਪ ਵਿਚ ਸਥਾਪਤ ਹੋਇਆ ਵੇਖਣ ਦੇ ਚਾਹਵਾਨ ਹਨ ਅਤੇ ਇਸ ਤੋਂ ਮਾਨਵ ਸਮਾਜ ਦੇ ਖੇਤਰ ਵਿਚ ਇਕ ਬਲਵਾਨ ਹਰਾਵਲ ਦਸਤੇ ਵਜੋਂ ਮਨੁਖਤਾ ਦੀ ਸੇਵਾ ਕਮਾਉਣ ਦੇ ਯੋਗ ਤੇ ਸਮਰਥ ਬਨਾਉਣ ਦੀ ਇੱਛਾ ਪੂਰਤੀ ਮਨੋ ਕਰਕੇ ਸੰਜੀਦਾ ਤੇ ਦ੍ਰਿੜ ਹਨ। ਸੰਤਾਂ ਦੀ ਸੋਚ ਅੰਤਰ ਆਤਮਾ ਦਿਖ ਅਤੇ ਉਹਨਾਂ ਦਾ ਸੁਭਾ ਗੱਲਬਾਤ ਦਾ ਖੁੱਲਾ ਖਲਾਸਾ ਢੰਗ ਤੇ ਮਿਲਵਰਤਨ ਦਾ ਤਰੀਕਾ ਤਾਂ ਹਰ ਪੰਥ ਹਿਤੂ ਵਿਅਕਤੀ ਨੂੰ ਸੁਤੇ-ਸਿਧ ਰੂਪ ਵਿਚ ਆਪਣੇ ਵੱਲ ਖਿਚ ਲੈਣ ਦਾ ਗੁਣ ਰਖਦਾ ਸੀ ਜਿਸ ਕਰਕੇ ਉਹਨਾਂ ਨੂੰ ਦੋ ਚਾਰ ਵਾਰ ਨੇੜੇ ਹੋ ਕੇ ਮਿਲਣ ਵਾਲਾ ਹਰ ਪਾਕ ਸਾਫ ਮਾਨਵ ਤੇ ਪਰਾਨੀ ਆਪਣੇ ਆਪ 'ਚ ਇਸਤਰਾਂ ਮਹਿਸੂਸ ਕਰਨ ਲੱਗ ਪੈਂਦਾ ਸੀ ਕਿ ਸੰਤ ਉਸਦੇ ਬਹੁਤ ਨਜ਼ਦੀਕ ਹਨ। ਇਸੇ ਲਈ ਹੀ ਸੰਤਾਂ ਦੇ ਇਕੋ ਹੀ ਬੋਲ ਤੇ ਆਦੇਸ਼ ਉੱਪਰ ਹਜ਼ਾਰਾਂ ਹੀ ਯੁਵਕ, ਨੌਜਵਾਨ ਤੇ ਸਿੰਘ ਵਡੇ ਤੋਂ ਵਡੇ ਜਾਨ ਜੋਖਮ ਭਰੇ ਕਾਰਜ ਨੂੰ ਪਰਵਾਨ ਚੜ੍ਹਾਉਣ ਦੇ ਨਸ਼ਾਨੇ ਨਾਲ ਮਚਦੇ ਹੋਏ ਅੱਗ ਭਾਂਬੜ ਵਿਚ ਛਾਲ ਮਾਰਨ ਵਾਸਤੇ ਸਦਾ ਤੱਤਪਰ ਰਹਿੰਦੇ ਸਨ।

# 22.

ਅੱਜ ਜਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਦਰਬਾਰ ਸਾਹਿਬ ਕੰਪਲੈਕਸ ਵਿਚ ਆਪ ਆਪਣੇ ਮੋਰਚਿਆਂ ਵਿਚ ਬੈਠੇ ਹੋਏ ਸਿੰਘਾਂ ਨੂੰ ਲੋੜ ਅਨੁਸਾਰ ਹਥਿਆਰ ਲੈ ਜਾਣ ਬਾਰੇ ਸੁਨੇਹਾ ਮਿਲਿਆ ਤਾਂ ਉਸ ਸਮੇਂ ਸਮੁੱਚਾ ਕੰਪਲੈਕਸ ਭਾਰਤੀ ਫੌਜ ਵਲੋਂ ਮੀਂਹ ਵਾਂਗ ਵਰ੍ਹਦੀਆਂ ਜਾ ਰਹੀਆਂ ਮਸ਼ੀਨ ਗੰਨਾਂ ਦੀਆਂ ਗੋਲੀਆਂ ਅਤੇ ਵਿਚ ਵਿਚਾਲੇ ਸੁੱਟੇ ਜਾ ਰਹੇ ਤੋਪਾਂ ਦੇ ਗੋਲਿਆਂ ਦੀ ਭਾਰੀ ਮਾਰ ਹੇਠ ਆਇਆ ਹੋਇਆ ਸੀ, ਪਰ ਸਿੰਘਾਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਸੀ। ਸਗੋਂ ਐਸੀ ਹਾਲਤ ਵਿਚ ਉਹਨਾਂ ਨੂੰ ਇਸ ਗੱਲ ਦੀ ਅਥਾਹ ਖੁਸ਼ੀ ਸੀ ਕਿ ਇਹ ਹੁਣ ਭਾਰਤ ਸਰਕਾਰ ਦੀ ਪਿਆਦਾ ਫੌਜ ਵਲੋਂ ਕੰਪਲੈਕਸ ਉੱਪਰ ਸਿੱਧਾ ਹਮਲਾ ਬੋਲੇ ਜਾਣ ਦੀ ਸੂਰਤ ਵਿਚ ਉਸਦੇ ਮੁਕਾਬਲੇ ਅਸਲੇ ਬਾਰੂਦ ਤੇ ਹਥਿਆਰਾਂ ਦੀ ਥੁੜ ਕਾਰਨ ਮਾਰ ਨਹੀਂ ਖਾਣਗੇ। ਉਹਨਾਂ ਦੇ ਜੋਸ਼ ਜਜ਼ਬੇ ਤੇ ਮਚਲਦੇ ਹੋਏ ਵਲਵਲਿਆਂ ਤੋਂ ਇਸ ਤਰਾਂ ਪ੍ਰਤੀਤ ਹੋ ਰਿਹਾ ਸੀ ਕਿ ਜੇ ਉਹਨਾਂ ਨੂੰ ਆਪੋ ਆਪਣੇ ਮੋਰਚਿਆਂ ਵਾਸਤੇ ਲੋੜੀਂਦੇ ਹਥਿਆਰ ਲਿਆਉਣ ਲਈ ਅੱਗ ਦੇ ਦਰਿਆ ਵਿਚੋਂ ਵੀ ਠਿਲਣਾ ਪਿਆ ਤਾਂ ਉਹ ਉਸ ਵਿਚ ਅੱਵਸ਼ ਠਿਲਣਗੇ ਕਿਉਂਕਿ ਉਹਨਾਂ ਦੇ ਅਨੁਭਵ ਵਿਚ ਇਹ ਗੱਲ ਘਰ ਕਰੀ ਬੈਠੀ ਸੀ ਕਿ ਹਥਿਆਰਾਂ ਦੇ ਹੱਥ ਵਿਚ ਹੋਣ ਕਰਕੇ ਜੇ ਉਹ ਸ਼ਹੀਦੀਆਂ ਵੀ ਪਾਉਣਗੇ ਤਾਂ ਆਪਣੇ ਮਨ ਦੀਆਂ ਰੀਝਾਂ ਲਾਹ ਕੇ ਹੀ ਪਾਉਣਗੇ।

ਸੰਤਾਂ ਵਲੋਂ ਕੰਪਲੈਕਸ ਅੰਦਰਲੇ ਮੋਰਚਿਆਂ ਵਿਚ ਇੰਟਰ-ਕਮਿਊਨੀਕੇਸ਼ਨ ਸਿਸਟਮ ਰਾਹੀਂ ਆਪ ਗੱਲ ਕਰਨ ਅਤੇ ਬਾਕੀ ਦੇ ਮੋਰਚਿਆਂ ਵਿਚ ਸਿੰਘਾਂ ਰਾਹੀਂ ਸੁਨੇਹਾ ਭੇਜਣ ਦੇ ਨਾਲ ਹੀ ਸਭ ਪਾਸੇ ਜ ਜਜ਼ਬੇ ਤੇ ਉਤਸ਼ਾਹ ਦਾ ਇਕ ਹੜ ਜਿਹਾ ਆ ਗਿਆ ਸੀ ਉਹਦੇ ਕਾਰਨ ਥਾਂ ਥਾਂ ਤੋਂ ਆਕਾਸ਼ ਚੀਰਵੇਂ ਜੈਕਾਰਿਆਂ ਬੋਲਿਆਂ ਤੇ ਨਾਅਰਿਆਂ ਦੀਆਂ ਗਰਜਾਂ ਤੇ ਗੂੰਜਾਂ ਸੁਣਾਈ ਦੇਣ ਲੱਗ ਪਈਆਂ ਸਨ। ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨ ਕੰਪਲੈਕਸ ਅੰਦਰ ਫੌਜਾਂ ਵਲੋਂ ਕੀਤੀ ਜਾ ਰਹੀ ਗੋਲਾਬਾਰੀ ਤੇ ਫਾਇਰਿੰਗ ਦੀ ਉੱਕੀ ਹੀ ਪਰਵਾਹ ਨਾ ਕਰਦੇ ਹੋਏ ਛੋਟੇ ਛੋਟੇ ਜੁੱਟਾਂ-ਗਰੁਪਾਂ ਦੇ ਰੂਪ ਵਿਚ ਸ੍ਰੀ ਅਕਾਲ ਤਖਤ ਸਾਹਿਬ ਵੱਲ ਚਾਲੇ ਪਾਉਣ ਲੱਗ ਪਏ ਸਨ। ਹਰ ਮੋਰਚੇ 'ਚੋਂ ਆਉਣ ਵਾਲੇ ਸਿੰਘਾਂ ਦੀ ਮੁਖ ਰੂਪ ਵਿਚ ਮੰਗ ਵੱਡੇ ਹਥਿਆਰਾਂ, ਵੱਧ ਤੋਂ ਵੱਧ ਰੌਂਦਾਂ ਤੇ ਹਵਾ ਗਰਨੇਡਾਂ ਦੀ ਹੀ ਸੀ ਜੋ ਸੰਤਾਂ ਦੀ ਆਗਿਆ ਨਾਲ ਵਿਤ ਅਨੁਸਾਰ ਪੂਰੀ ਕੀਤੀ ਜਾ ਰਹੀ ਸੀ। ਜਿਸ ਸਮੇਂ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਤੋਂ ਭਾਈ ਗੁਰਮੁਖ ਸਿੰਘ ਤੇ ਭਾਈ ਰਾਮ ਸਿੰਘ ਪਾਸੋਂ ਅਸਲਾ ਲੈ ਕੇ ਆਪੋ ਆਪਣੇ ਮੋਰਚਿਆਂ ਵੱਲ ਵਾਪਸ ਜਾ ਰਹੇ ਹੁੰਦੇ ਤਾਂ ਉਸ ਸਮੇਂ ਉਹਨਾਂ ਦੇ ਚੇਹਰਿਆਂ ਦੇ ਹਾਵ ਭਾਵ, ਕਦਮਾਂ ਦੀ ਉਠਾਲ ਤੇ ਚਾਲ, ਉੱਭਰ ਤਣੇ ਹੋਏ ਸੀਨਿਆਂ ਅਤੇ ਗੌਰਵਮਈ ਰੂਪ 'ਚ ਉੱਪਰ ਨੂੰ ਉੱਠੀਆਂ ਹੋਈਆਂ ਸਿੱਧੀਆਂ ਤਣੀਆਂ ਗਰਦਨਾਂ ਦੀ ਦਿਖ ਤੋਂ ਇਸ ਤਰ੍ਹਾਂ ਭਾਸ ਰਿਹਾ ਹੁੰਦਾ ਸੀ ਕਿ ਜਿਵੇਂ ਸਿੰਘ ਆਪਣੇ ਆਪ ਨੂੰ ਦੁਸ਼ਮਨ ਫੌਜਾਂ ਦੀ ਸ਼ਕਤੀ ਦੇ ਮੁਕਾਬਲੇ ਬਹੁਤ ਹੀ ਭਾਰੂ ਸਮਝ ਰਹੇ ਹੁੰਦੇ ਹਨ ਅਤੇ ਕੁਝ ਕਰ ਗੁਜ਼ਰਨ ਲਈ ਮਨਾਂ ਵਿਚ ਬਹੁਤ ਕੁਝ ਧਾਰੀ ਬੈਠੇ ਹਨ। ਸਿੰਘਾਂ ਨੂੰ ਉਸ ਹਾਲਤ ਵਿਚ ਜੋ ਖੁਸ਼ੀ ਮਹਿਸੂਸ ਹੋ ਰਹੀ ਸੀ ਉਹ ਇਸ ਗੱਲ ਦੀ ਸੀ ਕਿ ਉਹ ਹੁਣ ਆਪਣੇ ਹਥੀਂ ਵਧ ਤੋਂ



ਵਧ ਪੰਥ ਦੁਸ਼ਮਨਾਂ ਦੇ ਆਹੂ ਲਾਹੁਣਗੇ ਅਤੇ ਇਸਤਰਾਂ ਨਾਲ ਗੁਰੂ ਘਰ ਤੇ ਗੁਰੂ ਪੰਥ ਦੀਆਂ ਵਧ ਤੋਂ ਵਧ ਖੁਸ਼ੀਆਂ ਪ੍ਰਾਪਤ ਕਰਨਗੇ।'

ਜਿਸ ਸਮੇਂ ਵੱਖ ਵੱਖ ਮੋਰਚਿਆਂ ਤੋਂ ਆਉਣ ਵਾਲੇ ਸਿੰਘ ਆਪੋ ਆਪਣੀ ਲੋੜ ਅਨੁਸਾਰ ਅਸਲਾ ਲੈ ਜਾਣ ਤੋਂ ਬਾਅਦ ਆਪੋ ਆਪਣੇ ਅੱਡੇ ਟਿਕਾਣਿਆਂ ਵੱਲ ਵਾਪਸ ਚਲੇ ਗਏ ਤਾਂ ਕੋਈ ਸਾਢੇ ਚਾਰ ਦੇ ਲਗਪਗ ਅਮਰਜੀਤ ਸਿੰਘ ਖੇਮਕਰਨ ਆਪਣੇ ਮੋਰਚੇ 'ਚੋਂ ਸਿੰਘਾਂ ਦੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕੁਝ ਵੱਡੇ ਹਥਿਆਰ ਲੈਣ ਦੇ ਮੰਤਵ ਨਾਲ ਆਇਆ।

ਜਦ ਸੰਤਾਂ ਨੂੰ ਅਮਰਜੀਤ ਸਿੰਘ ਖੇਮ ਕਰਨ ਦੇ ਆਉਣ ਬਾਰੇ ਪਤਾ ਲੱਗਾ ਤਾਂ ਉਹਨਾਂ ਨੇ ਉਸ ਨੂੰ ਵੀ ਆਪਣੇ ਪਾਸ ਬੁਲਾਇਆ, ਹਾਲ ਚਾਲ ਪੁੱਛਿਆ ਤੇ ਉਹਨਾਂ ਵੱਲੋਂ ਕਾਇਮ ਕੀਤੇ ਹੋਏ ਮੋਰਚਿਆਂ ਦੇ ਸਬੰਧ ਵਿਚ ਜਾਣਕਾਰੀ ਪ੍ਰਾਪਤ ਕੀਤੀ

ਅਮਰਜੀਤ ਸਿੰਘ ਖੇਮ ਕਰਨ ਨੇ ਸੰਤਾਂ ਨੂੰ ਆਪਣੇ ਮੋਰਚਿਆਂ ਵਿਚਲੇ ਸਿੰਘਾਂ ਦੀ ਚੜ੍ਹਦੀ ਕਲਾ ਤੇ ਮੋਰਚਿਆਂ ਦੀ ਮਜ਼ਬੂਤੀ ਬਾਰੇ ਭਰੋਸਾ ਦਵਾਉਣ ਦੇ ਨਾਲ ਹੀ ਖੁੱਲੇ ਰੂਪ ਵਿਚ ਅਸਲੇ ਦੀ ਮੰਗ ਕੀਤੀ।

ਸੰਤਾਂ ਨੇ ਉੱਤਰ ਵਿਚ ਕਿਹਾ, 'ਮੇਰਾ ਦਿਲ ਤਾਂ ਕਰਦਾ ਕਿ ਜਿਸਤਰ੍ਹਾਂ ਦੇ ਤੁਸੀ ਸਭ ਯੋਧੇ ਸਿੰਘ ਜੇ ਤੁਹਾਡੇ ਲਈ ਹਰ ਤਰ੍ਹਾਂ ਦੇ ਅਸਲੇ ਬਾਰੂਦ ਤੇ ਜੰਗੀ ਸਾਧਨ ਵਸੀਲਿਆਂ ਦੇ ਭੰਡਾਰਾਂ ਦੇ ਮੂੰਹ ਖੋਹਲ ਦਿੱਤੇ ਜਾਣ ਪਰ ਅਜੇ ਤਾਂ ਸਾਨੂੰ ਇਸ ਤਿਲ-ਫੁਲ ਰੂਪ ਵਿਚ ਰੂਹੀ ਰੂਹੀ ਕਰਕੇ ਜੋੜ ਰੱਖੇ ਭੰਡਾਰ ਉੱਪਰ ਹੀ ਗੁਜ਼ਾਰਾ ਕਰਨਾ ਪੈਣਾ। ਮੇਰੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਸੱਚੇ ਪਾਤਸ਼ਾਹ ਉਹ ਸਮਾ ਛੇਤੀ ਲਿਆਵੇ ਜਦੋਂ ਸਿੰਘਾਂ ਕੋਲ ਧਰਮ ਤੇ ਆਜ਼ਾਦੀ ਦਾ ਇਹ ਯੁਧ ਲੜਨ ਵਾਸਤੇ ਆਪਣੇ ਤੋਪਖਾਨੇ, ਟੈਂਕ ਹਵਾਈ ਜਹਾਜ਼ ਤੇ ਹੋਰ ਸਭ ਪਰਕਾਰ ਦੇ ਜੰਗੀ ਸਾਜ਼ ਸਾਮਾਨ ਤੇ ਸਾਧਨ ਵਸੀਲੇ ਖੁੱਲੇ ਰੂਪ ਵਿਚ ਮੌਜੂਦ ਹੋਣ। ਸਿੰਘੋ, ਮੇਰਾ ਮਨ ਬਾਰ ਬਾਰ ਇਸ ਗੱਲ ਦੀ ਸਾਹਦੀ ਭਰਦਾ ਹੈ ਕਿ ਸਾਡੀਆਂ ਸ਼ਹੀਦੀਆਂ ਤੋਂ ਪਿਛੋਂ ਖਾਲਸਾ ਪੰਥ ਨੂੰ ਇਕ ਨਾ ਇਕ ਦਿਨ ਖੁੱਲੇ ਜੰਗੀ ਸਾਧਨ ਵਸੀਲੇ ਜ਼ਰੂਰ ਪ੍ਰਾਪਤ ਹੋਣਗੇ। ਵਾਹਿਗੁਰੂ ਕਰੇ ਕਿ ਫਿਰ ਉਦੋਂ ਸਿੱਖ ਕੌਮ ਦਾ ਬੱਚਾ ਬੱਚਾ ਇਨ੍ਹਾਂ ਟੋਪੀ ਵਾਲਿਆਂ ਦੀ ਬਾਂਦਰ ਸੈਨਾ ਨੂੰ ਸੋਧਨ ਤੇ ਹਿੰਦੂ ਸਾਮਰਾਜ ਦੀਆਂ ਜੜ੍ਹਾਂ ਨੂੰ ਕੱਟਣ ਵਢਣ ਲਈ ਆਪਣੀਆਂ ਰੀਝਾਂ ਅਨੁਸਾਰ ਛੰਭਾ ਲਾਹੁਣ ਦਾ ਕਰਮ ਕਮਾਉਣ ਵਿਚ ਸਫਲ ਹੋਵੇ।

ਹੁਣ ਤਾਂ ਖਾਲਸਾ ਪੰਥ ਦੇ ਹਰ ਅਨੁਆਈ ਦਾ ਜੀਵਨ ਸਿਰਫ ਉਸ ਹੀ ਹਾਲਤ ਵਿਚ ਸਫਲ ਹੋਵੇਗਾ ਕਿ ਉਹ ਪੰਥ ਦੇ ਇਸ ਧਰਮ ਤੇ ਆਜ਼ਾਦੀ ਦੇ ਯੁੱਧ ਵਿਚ ਮਨੋ ਤਨੋ ਵਧ ਚੜ੍ਹ ਕੇ ਹਿਸਾ ਪਾਵੇ ਅਤੇ ਗੁਰੂ ਨਾਨਕ ਜੋਤ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਵੱਧ ਤੋਂ ਵੱਧ ਖੁਸ਼ੀਆਂ ਪ੍ਰਾਪਤ ਕਰੇ। ਇਨ੍ਹਾਂ ਟੋਪੀ ਵਾਲੇ ਦੁਸ਼ਟਾਂ ਨੇ ਆਪਣੇ ਰਾਜ ਵਿਚ ਸਿੱਖ ਕੌਮ ਨਾਲ ਹੇਠ ਉੱਪਰ ਹੀ ਅਨੇਕ ਪਰਕਾਰ ਦੇ ਪਾਪ ਤੇ ਧਰੋਹ ਕਮਾਏ ਨੇ। ਸਿੱਖੀ ਸਰੂਪ ਤੇ ਧਰਮ ਉੱਪਰ ਹਮਲਾ, ਗੁਰਧਾਮਾਂ ਵਿਚ ਦਖਲ, ਸਿੱਖੀ ਦੇ ਚਿੰਨ੍ਹਾਂ ਉੱਪਰ ਪਾਬੰਦੀਆਂ, ਸਿੱਖ ਪ੍ਰੰਪਰਾਵਾਂ ਤੇ ਧਾਰਨਾਵਾਂ ਦੇ ਰਸਤੇ ਵਿਚ ਰੋਕਾਂ, ਥਾਂ ਥਾਂ ਉੱਪਰ ਸਿੰਘ ਤੇ ਸਿੱਖ ਬੀਬੀਆਂ ਦੀ ਦੁਰਗਤ, ਸਿੱਖ ਨੌਜਵਾਨਾਂ ਲਈ ਵਿਦਿਅਕ ਅਤੇ ਰੋਜ਼ਗਾਰ ਪੱਖੋਂ ਪੈਰ ਪੈਰ ਤੇ ਮੁਸ਼ਕਲਾਂ ਤੇ ਰੋਕਾਂ ਰੁਕਾਵਟਾਂ, ਸਿੱਖਾਂ ਦਾ ਸਿਵਲ ਤੇ ਫੌਜ ਦੇ ਮਹਿਕਮਿਆਂ ਚੋਂ ਨਿਰੰਤਰ ਸਫਾਇਆ, ਦਰਿਆਈ ਪਾਣੀਆਂ ਤੇ ਬਿਜਲੀ ਦੀ ਲੁੱਟ ਪੰਜਾਬ ਅੰਦਰ ਛੋਟੀ ਵੱਡੀ ਤੇ ਹੋਰ ਇੰਡਸਟਰੀ ਦੇ ਵਿਕਸਤ ਤੇ ਕਾਇਮ ਹੋਣ ਦੀਆਂ ਸੰਭਾਵਨਾਵਾਂ ਦਾ ਖਾਤਮਾ, ਪੰਜਾਬ ਭਰ ਅੰਦਰ ਸਿੰਘਾਂ ਦੀ ਕਿਰਤ ਕਮਾਈ ਉੱਪਰ ਖੁੱਲ੍ਹਾ ਡਾਕਾ, ਸਿੱਖ ਕਿਸਾਨਾਂ ਦੀਆਂ ਫਸਲਾਂ ਤੇ ਅਨਾਜ ਦੀ ਦੌਲਤ ਨੂੰ ਦੋਹੀਂ ਹਥੀਂ ਲੁੱਟਣ ਦੇ ਕਾਰੇ ਅਤੇ ਸਮਾਜ ਤੇ ਰਾਜ ਦੇ ਹਰ ਖੇਤਰ ਵਿਚ ਸਿੱਖ ਬੱਚਿਆਂ ਬੱਚੀਆਂ ਅਤੇ ਸਿੱਖ ਨੌਜਵਾਨਾਂ ਦੇ ਵਰਤਮਾਨ ਤੇ

ਭਵਿੱਖ ਨਾਲ ਇਕ ਗਿਣੀ ਮਿਥੀ ਹੋਈ ਸਾਜ਼ਸ਼ ਦੇ ਤਹਿਤ ਖਲਵਾੜਾ, ਇਥੋਂ ਤੱਕ ਕਿ ਹੁਣ ਤਾਂ ਇਨ੍ਹਾਂ ਦੁਸ਼ਟਾਂ ਪਾਪੀਆਂ ਨੇ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਤੋਪਾਂ ਦੇ ਗੋਲੇ ਵਰ੍ਹਾ ਦਿੱਤੇ ਨੇ ਅਤੇ ਸੱਚਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਉੱਪਰ ਮਸ਼ੀਨ ਗੰਨਾਂ ਦੇ ਮੂੰਹ ਖੋਹਲ ਦਿੱਤੇ ਨੇ।

ਇਨ੍ਹਾਂ ਟੋਪੀ ਵਾਲਿਆਂ ਨੇ ਤਾਂ ਆਪਣੇ ਰਾਜ ਭਾਗ ਦੀ ਸ਼ਕਤੀ ਦੇ ਬਲ ਬੂਤੇ ਉੱਤੇ ਸਿੱਖ ਕੌਮ ਦੀ ਦਸਤਾਰ ਨੂੰ ਭਰੇ ਬਾਜ਼ਾਰ ਵਿਚ ਹੱਥ ਪਾਉਣ ਵਾਲੀ ਗੱਲ ਕਰ ਵਖਾਈ ਆ ਇਸ ਲਈ ਹੁਣ ਤਾਂ ਸਾਡੇ ਸਾਹਮਣੇ ਜੂਝਨ ਤੇ ਆਜ਼ਾਦੀ ਦੀ ਮੰਜ਼ਲ ਵੱਲ ਵਧਦਿਆਂ ਹੋਇਆਂ ਸੰਘਰਸ਼ ਕਰਨ ਦਾ ਇਕ ਹੀ ਰਾਹ ਰਹਿ ਗਿਆ

ਸਿੰਘੋ, ਇਹ ਗੱਲਾਂ ਮੈਂ ਤੁਹਾਡੇ ਸਿੰਘਾਂ ਨਾਲ ਤੇ ਹੋਰ ਸਿੱਖ ਸੰਗਤਾਂ ਨਾਲ ਬਾਰ ਬਾਰ ਏਸ ਲਈ ਕਰਦਾ ਰਹਿੰਦਾ ਤਾਂ ਜੋ ਖਾਲਸਾ ਪੰਥ ਆਉਣ ਵਾਲੇ ਯੋਗ ਸਮੇਂ ਉੱਪਰ ਕਿਧਰੇ ਫਿਰ ਸਵਾਰਥੀ, ਭੇਖ ਧਾਰੀ ਕਮਜ਼ੋਰ ਤੇ ਮੌਕਾ ਤਾੜੂ ਸਿੱਖ ਆਗੂਆਂ ਦੀਆਂ ਸੁਲ੍ਹਾ ਸਫਾਈ ਵਾਲੀਆਂ ਘਾਤਕ ਅਪੀਲਾਂ ਦੇ ਪ੍ਰਭਾਵ ਹੇਠ ਆ ਕੇ ਇਨ੍ਹਾਂ ਦੀ ਉਂਗਲੇ ਲੱਗ ਕੇ ਖਾਲਸਾ ਰਾਜ ਦੀ ਜਦੋ-ਜਹਿਦ ਦਾ ਰਾਹ ਨਾ ਛੱਡ ਬੈਠੇ।

ਹੁਣ ਤੁਸਾਂ ਸਿੰਘਾਂ ਤੇ ਪੰਥ ਦੇ ਨੌਜਵਾਨਾਂ ਨੇ ਸਿੱਖ ਕੌਮ ਨੂੰ ਪੰਥ ਵਿਰੋਧੀ ਤੇ ਸਿੱਖ ਦੁਸ਼ਮਨ ਤਾਕਤਾਂ ਦੇ ਹੱਕ ਵਿਚ ਜਾਣ ਵਾਲੇ ਅਖਉਤੀ ਹੁਕਮਨਾਮਿਆਂ ਤੇ ਐਲਾਨਾਂ ਅਤੇ ਭਾਰਤ ਸਰਕਾਰ ਤੇ ਹਿੰਦੂ ਆਗੂਆਂ ਦੇ ਚਕਮਿਆਂ ਲਾਰਿਆਂ, ਮੁਆਫੀ ਨਾਮਿਆਂ, ਖੰਡ ਵਿਚ ਲਪੇਟੀਆਂ ਗੱਲਾਂ, ਵਕਤੀ ਸਲਾਹੁਤਾਂ, ਵਡਿਆਈਆਂ, ਧੋਖਾ ਦਊ ਤੇ ਵਕਤ ਟਪਾਊ ਠਲਾਹੁਣੀਆਂ, ਫਰੇਬੀ ਵਾਇਦਿਆਂ ਅਤੇ ਕਰੋੜਾਂ ਤੋਂ ਅਰਬਾਂ ਰੁਪਿਆਂ ਦੇ ਰੂਪ ਵਿਚ ਦਿੱਤੀਆਂ ਜਾਣ ਵਾਲੀਆਂ ਵਕਤੀ ਤੇ ਛਿਣ ਭੰਗਰ ਗਰਾਂਟਾਂ, ਰਿਆਇਤਾਂ ਦੇ ਨੀਤੀ ਜਾਲ ਵਿਚ ਨਹੀਂ ਫਸਣ ਦੇਣਾ। ਹੁਣ ਕਿਧਰੇ ਭੁਲ ਕੇ ਵੀ ਇਨ੍ਹਾਂ ਕਰੂਤੀਏ ਸੱਪਾਂ ਰਾਖਸ਼ਸ਼ਾਂ ਕਲਜੋਗੀਆਂ, ਅਕ੍ਰਿਤਘਣਾਂ ਵਿਸ਼ਵਾਸ਼ ਘਾਤਕਾਂ ਅਤੇ ਮਨੂੰ ਤੇ ਚਾਨਕੀਆਂ ਦੀ ਨਸਲ ਤੇ ਔਲਾਦ ਦੇ ਕੁਕਰਮਾਂ ਤੇ ਅਤਿਆਚਾਰਾਂ ਦੀ ਦਾਸਤਾਨ ਨੂੰ ਵਸਾਰ ਨਾ ਬੈਠਿਓ। ਜਦੋਂ ਮੁਨਾਸਬ ਤੇ ਖੁੱਲਾ ਮੌਕਾ ਹੱਥ ਲੱਗਣ ਦਾ ਸਮਾ ਤੁਹਾਡੇ ਸਾਹਮਣੇ ਆਇਆ ਤਾਂ ਉਸ ਵੇਲੇ ਉਸ ਤੋਂ ਤੁਸਾਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨਾ ਤੇ ਉਸ ਵੇਲੇ ਦੁਸ਼ਮਨ ਵੈਰੀਆਂ ਦੀ ਰੀੜ ਦੀ ਸੰਗਲੀ-ਹੱਡੀ ਨੂੰ ਵਿਚਕਾਰਿਓਂ ਨੱਪ ਕੇ ਤੋੜਨਾ ਤੇ ਸ਼ਾਹਰਗ ਨੂੰ ਵੱਢਣਾ। ਉਹ ਸਮਾ ਤੁਹਾਡੇ ਲਈ ਇਕ ਬਹੁਤ ਵੱਡੀ ਪ੍ਰੀਖਿਆ ਦਾ ਸਮਾਂ ਹੋਣਾ, ਵਾਹਿਗੁਰੂ ਕਰੇ ਜੇ ਕਿਧਰੇ ਉਸ ਪ੍ਰੀਖਿਆ ਦੇ ਦੌਰ ਵਿਚ ਸਿੱਖ ਕੌਮ ਆਪਣੇ ਨਾਲ ਵਾਪਰੇ ਘਿਨਾਉਣੇ ਸਾਕਿਆਂ ਤੇ ਕਾਲੇ ਕਾਰਨਾਮਿਆਂ ਦਾ ਬਦਲਾ ਲੈਣ ਲਈ ਤੇ ਆਪਣੇ ਵਾਸਤੇ ਵਿਸ਼ਾਲ ਖਾਲਸਾ ਰਾਜ ਪ੍ਰਾਪਤ ਕਰਨ ਦੇ ਨਸ਼ਾਨੇ ਨਾਲ ਰਣ-ਤੱਤੇ ਵਿਚ ਨਾ ਉੱਤਰੀ ਤਾਂ ਉਸ ਹਾਲਤ ਵਿਚ ਤਬਾਹੀ ਤੇ ਬਰਬਾਦੀ ਨੂੰ ਆਪ ਆਵਾਜ਼ ਦੇ ਕੇ ਬੁਲਾਉਣ ਵਾਲੀ ਗੱਲ ਹੋਵੇਗੀ। ਪਰ ਸਿੰਘੋ ਉਹ ਸਮਾ ਤਾਂ ਹੋਣਾ ਸਮੁੱਚੇ ਖਾਲਸਾ ਪੰਥ ਦੀ ਪ੍ਰੀਖਿਆ ਦਾ ਇਸ ਵੇਲੇ ਤਾਂ ਸਾਡੀ ਆਪਣੀ ਪ੍ਰੀਖਿਆ ਦਾ ਸਮਾਂ। ਮੇਰਾ ਇਸ ਗੱਲ ਉੱਪਰ ਅਟੱਲ ਵਿਸ਼ਵਾਸ ਹੈ ਕਿ ਜੇ ਆਪਾਂ ਸਾਰੇ ਇਸ ਪ੍ਰੀਖਿਆ ਵਿਚ ਪੂਰੇ ਉੱਤਰ ਗਏ ਤਾਂ ਫਿਰ ਭਵਿੱਖ ਵਿਚ ਯੋਗ ਤੇ ਮੁਨਾਸਬ ਸਮਾਂ ਹੱਥ ਲੱਗਣ ਉੱਪਰ ਖਾਲਸਾ ਪੰਥ ਵੀ ਅਵੱਸ਼ ਪ੍ਰੀਖਿਆ ਵਿਚ ਪੂਰਾ ਸੂਰਾ ਉੱਤਰੇਗਾ ਅਤੇ ਦੁਸ਼ਟਾਂ ਦਾ ਨਾਸ ਪੁਟਣ ਤੇ ਖਾਲਸਾ ਰਾਜ ਦੀ ਪ੍ਰਾਪਤੀ ਸਥਾਪਤੀ ਲਈ ਮਨੋ ਤਨੋ ਆਪਣਾ ਧਰਮ ਪਾਲੇਗਾ। ਹੋਰ ਮੈਨੂੰ ਇਸ ਗੱਲ ਦਾ ਪਤਾ ਕਿ ਗੁਰੂ ਮਹਾਰਾਜ ਦੀ ਤੁਹਾਡੇ ਸਭ ਸਿੰਘਾਂ ਉੱਪਰ ਬੜੀ ਮੇਹਰਬਾਨੀ ਹੈ ਤੇ ਤੁਸੀਂ ਇਸ ਪ੍ਰੀਖਿਆ ਦੇ ਸਮੇਂ ਹਰ ਪੱਖੋਂ ਪੂਰੇ ਉੱਤਰੋਗੇ।

ਅਮਰਜੀਤ ਸਿੰਘ ਖੇਮ ਕਰਨ ਆਪਣੇ ਸੁਭਾ ਮੁਤਾਬਕ ਬੜਾ ਹੀ ਧੀਰਜ - ਗੰਭੀਰ ਜਿਹਾ ਹੋਕੇ ਸੰਤਾਂ



ਦੀਆਂ ਗੱਲਾਂ ਬੜੇ ਪਿਆਰ ਸਤਿਕਾਰ ਤੇ ਧਿਆਨ ਨਾਲ ਸੁਣਦਾ ਰਿਹਾ ਅਤੇ ਉਹਨਾਂ ਦੇ ਇਕ ਇਕ ਲਫਜ਼ ਨੂੰ ਦਿਲ ਦਿਮਾਗ ਵਿਚ ਉਤਾਰਦਾ ਰਿਹਾ। ਸੰਤਾਂ ਦੇ ਵਿਚਾਰ ਸੁਣਨ ਤੋਂ ਬਾਅਦ ਵੀ ਉਹ ਕੁਝ ਛਿਣ ਖਾਮੋਸ਼ ਰਿਹਾ ਤੇ ਫਿਰ ਆਪਣੇ ਅੰਦਰ ਮਚਲ ਰਹੇ ਜੋਸ਼ ਜਜ਼ਬੇ ਦੇ ਪ੍ਰਭਾਵ ਹੇਠ ਕਹਿਣ ਲੱਗਾ, 'ਮਹਾਂਪੁਰਸ਼ੋ ਜੋ ਕੁਝ ਪੰਥ ਨਾਲ ਹੈ ਗੁਜ਼ਰਿਆ ਤੇ ਅੱਜ ਵਾਪਰ ਰਿਹਾ ਇਸਨੂੰ ਜੀਉਂਦੇ ਜ਼ਮੀਰ ਤੇ ਅਣਖ ਵਾਲਾ ਸਿੱਖ ਤਾਂ ਕਦੀ ਭੁਲਾ ਨਹੀਂ ਸਕਦਾ। ਉਸ ਅਕਾਲ ਪੁਰਖ ਦੀ ਮੇਹਰ ਸਦਕਾ ਇਕ ਵਾਰ ਮੁਨਾਸਬ ਸਮਾ ਆ ਲੈਣ ਦਿਓ ਜੇ ਫਿਰ ਉਦੋਂ ਅਸਾਂ ਟੋਪੀ ਵਾਲਿਆਂ ਦੀ ਫੌਜ ਦੇ ਥਾਂ ਥਾਂ ਉੱਪਰ ਡਕਰੇ ਟੋਟੇ ਕਰਕੇ ਸੜਕਾਂ ਹੇਠਾਂ, ਰਾਹਾਂ ਅਤੇ ਥਾਂ ਥਾਂ ਉੱਪਰ ਖੇਤਾਂ, ਨਹਿਰਾਂ, ਸੂਇਆਂ ਦੀਆਂ ਪਟੜੀਆਂ, ਰੋਹੀਆਂ ਤੇ ਨਦੀ ਨਾਲਿਆਂ ਦੇ ਕੰਢਿਆਂ ਤੇ ਵਹਿਣਾ ਅਤੇ ਪਿੰਡਾਂ ਕਸਬਿਆਂ ਦੀਆਂ ਜੂਹਾਂ 'ਚ ਨਾ ਵਛਾਏ ਤਾਂ ਸਾਨੂੰ ਵੀ ਫਿਰ ਦਸਮ ਪਿਤਾ ਦੇ ਪੁੱਤਰ ਤੇ ਸਿੰਘ ਕਿਨੇ ਆਖਣਾ।

ਐਤਕਾਂ ਇਨ੍ਹਾਂ ਨੂੰ ਪੰਜਾਬ ਦੀ ਧਰਤੀ ਉੱਪਰ ਥਾਂ ਥਾਂ ਤੇ ਅੜੇ ਹੱਦਾਂ ਉੱਤੇ ਲੰਗਰ ਦੇ ਪਰਸ਼ਾਦੇ ਲੱਸੀਆਂ ਦੀਆਂ ਗਾਗਰਾਂ, ਮਿੱਸੀਆਂ ਰੋਟੀਆਂ ਦੇ ਟੋਕਰੇ ਤੇ ਦਹੀਂ ਮਖਣ ਨਾਲ ਭਰੇ ਹੋਏ ਦੇਗਚੇ ਨਹੀਂ ਜਾਣ ਲੱਗੇ। ਸਗੋਂ ਪੈਰ ਪੈਰ ਉੱਪਰ ਇਨ੍ਹਾਂ ਦੁਸ਼ਟਾਂ ਦੇ ਲੰਗਾਰ ਲਾਹਵਾਂਗੇ 'ਤੇ ਸੱਥਰ ਵਛਾਵਾਂਗੇ। ਇਨ੍ਹਾਂ ਦੇ ਮੂੰਹਾਂ ਵਿਚ ਐਤਕਾਂ ਲੱਸੀ ਪਰਸ਼ਾਦੇ ਤੇ ਦਹੀਂ ਮੱਖਣ ਦੇਣ ਦੀ ਥਾਂ ਬਲਦੇ ਹੋਏ ਚੋਅ ਦੇਵਾਂਗੇ। ਇਨ੍ਹਾਂ ਦੀਆਂ ਕਲਮੂੰਹੀਆਂ ਸ਼ਕਲਾਂ ਸੂਰਤਾਂ ਦਾ ਸਵਾਗਤ ਥਾਂ ਥਾਂ ਉੱਪਰ ਬਾਰੂਦੀ ਸੁਰੰਗਾਂ, ਹੱਥ ਗੋਲਿਆਂ ਤੇ ਹਥਿਆਰਾਂ ਨਾਲ ਕਰਕੇ ਇਨ੍ਹਾਂ ਦੇ ਹੁਲੀਏ ਵਗਾੜਾਂਗੇ ਤੇ ਫਿਰ ਇਨ੍ਹਾਂ ਦੇ ਢਿੱਡਾਂ ਵਿਚ ਬਾਰੂਦੀ ਅੱਗ ਭਰਨ ਤੋਂ ਬਾਅਦ ਇਨ੍ਹਾਂ ਦੀਆਂ ਲਾਸ਼ਾਂ ਨੂੰ ਖੇਤਾਂ ਵਿਚ ਖਾਦ ਵਜੋਂ ਵਛਾਵਾਂਗੇ। ...ਮਹਾਂਪੁਰਸ਼ੋ ਐਤਕਾਂ ਸਮਾਂ ਆਉਣ ਉੱਤੇ ਖਾਲਸਾ ਪੰਥ ਉੱਪਰ ਸੱਚੇ ਪਾਤਸ਼ਾਹ ਦੀ ਬਖਸ਼ਸ਼ ਰਹਿਣੀ ਚਾਹੀਦੀ ਆ ਤੇ ਤੁਹਾਡੇ ਜਿਹੇ ਮਹਾਂਪੁਰਸ਼ਾਂ ਦੀ ਅਸ਼ੀਰਵਾਦ ਦੀ ਲੋੜ ਆ। ਫਿਰ ਦੁਨੀਆਂ ਵੇਖੇਗੀ ਕਿ ਸਿੰਘ ਐਤਕਾਂ ਮੌਕਾ ਮਿਲਣ 'ਤੇ ਇਨ੍ਹਾਂ ਤੋਂ ਇਨ੍ਹਾਂ ਦੀਆਂ ਕੀਤੀਆਂ ਦੇ ਗਿਣ ਗਿਣ ਬਦਲੇ ਕਿਵੇਂ ਲਾਹੁੰਦੇ ਨੇ। ਜਿਥੇ ਤੱਕ ਇਥੇ ਹੁਣ ਅੱਜ ਗੁਰੂ ਘਰ ਦੇ ਅਦਬ ਸਤਿਕਾਰ ਨੂੰ ਕਾਇਮ ਰੱਖਣ ਤੇ ਹਮਲੇ ਸਮੇਂ ਦੁਸ਼ਟਾਂ ਦੀ ਫੌਜ ਨਾਲ ਟੱਕਰ ਲੈਣ ਦਾ ਸਵਾਲ ਹੈ ਵਾਹਿਗੁਰੂ ਨੂੰ ਮਨਜ਼ੂਰ ਹੋਇਆ ਤਾਂ ਤੁਸੀਂ ਵੇਖਣਾ ਕਿ ਸਿੰਘ ਇਨ੍ਹਾਂ ਪਾਪੀਆਂ ਜਰਵਾਣਿਆਂ ਦੇ ਆਹੂ ਕਿਵੇਂ ਲਾਹੁੰਦੇ ਨੇ। ਅਸੀਂ ਤੁਹਾਨੂੰ ਵਚਨ ਦੇਂਦੇ ਹਾਂ ਕਿ ਫੌਜ ਸ੍ਰੀ ਦਰਬਾਰ ਸਾਹਿਬ 'ਚ ਦਾਖਲ ਹੋਈ ਤਾਂ ਫਿਰ ਉਸਨੂੰ ਇਕ ਵਾਰ ਤਾਂ ਪੈਂਤੀ ਪੱਕੀ ਪੜ੍ਹਾ ਦਿਆਂਗੇ। ਅਸੀਂ ਭਾਵੇਂ ਬਾਅਦ ਵਿਚ ਸ਼ਹੀਦੀਆਂ ਈ ਕਿਉਂ ਨਾ ਪਾ ਜਾਈਏ। ਵਾਹਿਗੁਰੂ ਹੰਕਾਰ ਨਾ ਕਰਵਾਏ ਮਹਾਂਪੁਰਸ਼, ਤੁਸਾਂ ਭਾਰਤੀ ਫੌਜ ਦੀਆਂ ਲਾਸ਼ਾਂ ਦੀਆਂ ਢੇਰੀਆਂ ਗਿਣ ਲੈਣੀਆਂ ਕਿ ਕਿਸ ਪਾਸੇ ਵੱਲ ਬਹੁਤੀਆ ਲੱਗੀਆਂ ਨੇ। ਬਸ, ਸਾਨੂੰ ਤਾਂ ਸਿਰਫ ਦਸਮ ਪਿਤਾ ਸੱਚੇ ਪਾਤਸ਼ਾਹ ਦੀ ਕਿਰਪਾ ਦ੍ਰਿਸ਼ਟੀ ਤੇ ਤੁਹਾਡੀ ਅਸ਼ੀਰਵਾਦ ਚਾਹੀਦੀ ਆ ਫਿਰ ਵਾਹਿਗੁਰੂ ਦੀ ਮੇਹਰ ਸਦਕਾ ਸਭ ਠੀਕ ਹੀ ਹੋਵੇਗਾ।'

ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ, ਅਮਰਜੀਤ ਸਿੰਘ ਦੀਆਂ ਗੱਲਾਂ ਸੁਣਕੇ ਬੜੇ ਹੀ ਖੁਸ਼ ਹੋਏ ਤੇ ਫਿਰ ਕਹਿਣ ਲੱਗੇ ਕਿ, 'ਮੈਨੂੰ ਜਾਪਦਾ ਕਿ ਜੋ ਗੱਲਾਂ ਮੈਂ ਸੰਗਤ ਨਾਲ ਅਕਸਰ ਕਰਦਾ ਰਹਿੰਦਾਂ ਤੁਸੀਂ ਸਿੰਘ ਉਨ੍ਹਾਂ ਗੱਲਾਂ ਨੂੰ ਭੁਲਾਉਂਦੇ ਨਹੀਂ, ਸਗੋਂ ਘੁੱਟ ਕੇ ਪੱਲੇ ਬੰਨ੍ਹ ਛਡਦੇ ਜੇ। ਸਿੰਘਾ, ਜੇ ਇਸ ਵਾਰ ਮੁਨਾਸਬ ਮੌਕੇ 'ਤੇ ਖਾਲਸਾ ਪੰਥ ਨੇ ਰਲ ਮਿਲ ਕੇ ਮੌਕਾ ਸਾਂਭ ਲਿਆ ਤਾਂ ਫਿਰ ਖਾਲਸਾ ਰਾਜ ਦੇ ਝੰਡੇ ਦਿੱਲੀ ਦੇ ਲਾਲ ਕਿਲ੍ਹੇ ਉੱਪਰ ਅਵੱਸ਼ ਝੁਲਣਗੇ ਤੇ ਇਹ ਰਾਜ ਹੋਵੇਗਾ ਵੀ ਜੁਗੋ ਜੁਗ ਅਟੱਲ। ਵਾਹਿਗੁਰੂ ਕਰੇ ਕਿ ਤੁਸੀਂ ਗੁਰੂ ਘਰ ਦੇ ਮਾਰਗ ਉੱਪਰ ਚਲਦਿਆਂ ਹੋਇਆਂ ਪੰਥ ਦੇ ਪੁਰਖਿਆਂ ਤੇ ਸ਼ਹੀਦਾਂ ਦੀ ਤਰ੍ਹਾਂ ਮੁੜ ਐਸੀਆਂ ਪੈੜਾਂ ਪਾ ਜਾਓ ਕਿ ਸਿੱਖ ਕੌਮ ਨੂੰ ਉਹਨਾਂ ਉੱਪਰ ਸਦਾ ਕਾਲ ਲਈ

ਗੌਰਵ ਰਹੇ।'

ਜਿਸ ਸਮੇਂ ਅਮਰਜੀਤ ਸਿੰਘ ਖੇਮ ਕਰਨ ਸੰਤਾਂ ਨੂੰ ਫਤਹਿ ਗਜਾਉਣ ਤੋਂ ਬਾਅਦ ਲੋੜ ਅਨੁਸਾਰ ਹਥਿਆਰ ਤੇ ਅਸਲਾ ਬਾਰੂਦ ਲੈਕੇ ਆਪਣੇ ਨਾਲ ਆਏ ਸਿੰਘਾਂ ਸਮੇਤ ਭਰੇ ਹੋਏ ਭੋਰੇ 'ਚੋਂ ਬਾਹਰ ਨਿਕਲ ਰਿਹਾ ਸੀ ਤਾਂ ਉਸ ਸਮੇਂ ਭੋਰੇ ਦੇ ਦਰਵਾਜ਼ੇ ਅੱਗੇ ਪਹਿਰਾ ਦੇ ਰਹੇ ਇਕ ਸਿੰਘ ਵੱਲੋਂ ਇਹ ਕਹੇ ਜਾਣ 'ਤੇ ਕਿ, ਕਿਉਂ ਸਿੰਘਾ, ਦੁਸ਼ਟਾਂ ਦਾ ਨਾਸ ਕਰਨ ਲਈ ਰਣ ਤੱਤੇ ਵਿਚ ਜੂਝਨ ਤੇ ਸ਼ਹੀਦੀਆਂ ਪਾਉਣ ਦੀ ਮਨੋ ਚਿੱਤੋ ਤਿਆਰੀ ਕੱਸ ਲਈ ਆ ਨਾ? ਆਹ ਵੇਖ ਦਾਸ ਨੇ ਤਾਂ ਹੁਣ ਤੋਂ ਹੀ ਕਮਰ ਕੱਸਾ ਕਰ ਰਖਿਆ।'

ਅੱਗੋਂ ਅਮਰਜੀਤ ਸਿੰਘ ਖੇਮ ਕਰਨ ਨੇ ਜਵਾਬ ਦੇਂਦਿਆਂ ਹੋਇਆ ਕਿਹਾ, 'ਸਿੰਘਾ, ਤੂੰ ਤਾਂ ਆਪ ਸਿਆਣਾ, ਜਦੋਂ ਰਣ ਤੱਤੇ ਵਿਚ ਉੱਤਰ ਕੇ ਦੁਸ਼ਮਨਾਂ ਵੈਰੀਆਂ ਦੇ ਸੱਥਰ ਲਾਹੁਣੇ ਸ਼ੁਰੂ ਕਰਨੇ ਨੇ ਤਾਂ ਫਿਰ ਇਧਰੋਂ ਵੀ ਸ਼ਹੀਦੀਆਂ ਤਾਂ ਅਕਸਰ ਹੋਣੀਆਂ ਈ ਹੋਣੀਆਂ। ਤੈਨੂੰ ਤਾਂ ਆਪ ਇਸ ਗੱਲ ਦਾ ਚੰਗਾ ਭਲਾ ਪਤਾ ਕਿ ਸ਼ਹੀਦੀ ਕੋਈ ਡਰਨ ਡਰਾਉਣ ਵਾਲੀ ਚੀਜ਼ ਥੋੜ੍ਹੀ ਹੁੰਦੀ ਆ ਸਗੋਂ ਸ਼ਹੀਦੀਆਂ ਦਾ ਨਾ ਸੁਣਕੇ ਤਾਂ ਸਿੰਘ ਨੂੰ ਚਾਅ ਚੜ੍ਹਦਾ ਤੇ ਚੇਹਰਿਆਂ ਤੇ ਲਾਲੀਆਂ ਭਖਣੀਆਂ ਸ਼ੁਰੂ ਹੋ ਜਾਂਦੀਆਂ।'



# 23.

ਤੋਪਾਂ ਦੀ ਗਰਜ ਗੜਕ ਤੇ ਮਸ਼ੀਨ ਗੰਨਾਂ ਦੀ ਫਾਇਰਿੰਗ ਦੀਆਂ ਕੰਨ ਪਾੜਵੀਆਂ ਆਵਾਜ਼ਾਂ ਤਾਬੜ ਤੋੜ ਰੂਪ ਵਿਚ ਸੂਰਜ ਦੇ ਢਾਲੇ ਪੈ ਜਾਣ ਅਰਥਾਤ ਲੌਢੇ ਪਹਿਰੇ ਤੱਕ ਨਿਰੰਤਰ ਆਉਂਦੀਆਂ ਰਹੀਆਂ ਸਨ। ਮੁਕਾਬਲੇ ਵਿਚ ਸਿੰਘ ਵੀ ਸੰਤਾਂ ਦੀ ਇਸ ਹਦਾਇਤ ਨੂੰ ਮੁਖ ਰਖਦੇ ਹੋਏ ਕਿ 'ਅਸਲਾ ਐਵੇਂ ਜ਼ਾਇਆ ਨਹੀਂ ਕਰਨਾ, ਹਰ ਗੋਲੀ ਵੈਲੋ ਨਾਲ ਟਿਕਾਣੇ ਸਿਰ ਲਗਣੀ ਚਾਹੀਦੀ ਹੈ। ਫੌਜ ਦੀ ਫਾਇਰਿੰਗ ਦਾ ਸਮੇਂ ਸਮੇਂ ਬੜੇ ਢੁਕਵੇਂ ਢੰਗ ਨਾਲ ਮੋੜਵਾਂ ਜਵਾਬ ਦੇਂਦੇ ਰਹੇ ਸਨ। ਜਿਸਦੇ ਨਤੀਜੇ ਵਜੋਂ ਕੰਪਲੈਕਸ ਤੋਂ ਉੱਤਰ ਪੱਛਮ ਅਤੇ ਉੱਤਰ ਤੇ ਉੱਤਰ ਪੂਰਬ ਵੱਲ ਪੈਂਦੇ ਫੌਜੀ ਮੋਰਚਿਆਂ ਚੋਂ ਕੁਝ ਮੋਰਚੇ ਤਾਂ ਚਾਰ ਵਜੇ ਤੋਂ ਪਹਿਲਾਂ ਪਹਿਲਾਂ ਹੀ ਚੁੱਪ ਕਰਵਾ ਦਿੱਤੇ ਗਏ ਸਨ।

ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨਾਂ ਨੇ ਤਾਂ ਆਪਣੇ ਉੱਚੀਆਂ ਇਮਾਰਤਾਂ ਵਾਲੇ ਮੋਰਚਿਆਂ 'ਚੋਂ ਭਾਰਤੀ ਸੈਣਾ ਨੂੰ ਕੁਝ ਬਿਲਡਿੰਗਾਂ ਦੇ ਉੱਤੇ ਤੇ ਬਾਹਰੋਂ ਬਾਹਰੋਂ ਫੌਜੀ ਜਵਾਨਾਂ ਦੀਆਂ ਲਾਸ਼ਾਂ ਤੇ ਜ਼ਖਮੀਆਂ ਨੂੰ ਚੁੱਕਦਿਆਂ ਉਲਾਰਦਿਆਂ ਹੋਇਆਂ ਅੱਖੀ ਵੇਖਿਆ ਸੀ ਪਰ ਇਸ ਤੋਂ ਪਿੱਛੋਂ ਤਾਂ ਸਿੰਘਾਂ ਨੇ ਕੋਈ ਇਕ ਦਰਜਨ ਤੋਂ ਉੱਪਰ ਫੌਜ ਅਤੇ ਸੈਮੀ ਮਿਲਟਰੀ ਫੋਰਸਿਜ਼ ਦੇ ਸੈਣਕਾਂ ਨੂੰ ਉਹਨਾਂ ਦੇ ਅੱਡੇ ਟਿਕਾਣਿਆਂ ਤੇ ਮੋਰਚਿਆਂ ਉੱਪਰ ਇਕ ਤਰ੍ਹਾਂ ਨਾਲ ਵੰਗਾਰ ਕੇ ਮਾਰਿਆ ਸੀ।

ਇਸੇ ਹੀ ਦਿਨ ਸ਼ਾਮ ਦੇ ਕੋਈ ਤਿੰਨ ਸਾਢੇ ਤਿੰਨ ਵਜੇ ਦੇ ਲਗਪਗ ਕੰਪਲੈਕਸ ਤੋਂ ਉੱਤਰ ਵਾਲੇ ਪਾਸੇ ਜਲ੍ਹਿਆਂਵਾਲੇ ਬਾਗ਼ ਦੇ ਆਸ ਪਾਸ ਸਰਕਾਰੀ ਜੀਪਾਂ ਗਡੀਆਂ ਉੱਪਰ ਕੰਪਲੈਕਸ ਅੰਦਰਲੇ ਸਿੰਘਾਂ ਸੂਰਮਿਆਂ ਅਤੇ ਆਮ ਸੰਗਤਾਂ ਨੂੰ ਖਾਲੀ ਹੱਥੀਂ ਕੰਪਲੈਕਸ ਚੋਂ ਬਾਹਰ ਨਿਕਲ ਕੇ ਫੌਜੀ ਅਫਸਰਾਂ ਸਾਹਮਣੇ ਪੇਸ਼ ਹੋ ਜਾਣ ਲਈ ਅਨਾਊਂਸਮੈਂਟ ਰਾਹੀਂ ਚਿਤਾਵਨੀ ਦਿੱਤੀ ਜਾ ਰਹੀ ਸੀ, ਜਿਸਦੇ ਅਸਰ ਨੂੰ ਜਥੇ ਦੇ ਸਿੰਘਾਂ, ਫੈਡਰੇਸ਼ਨ ਦੇ ਜਵਾਨਾਂ ਤੇ ਹੋਰ ਜੁਝਾਰੂਆਂ ਵਲੋਂ ਕਬੂਲਣਾ, ਇਕ ਗੈਰ ਕੁਦਰਤੀ ਗੱਲ ਹੋਣ ਕਰਕੇ, ਉੱਕਾ ਹੀ ਨਾ ਮੁਮਕਿਨ ਸੀ ਪਰ ਦੂਸਰੇ ਪਾਸੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਪਣੇ ਨਾਲ ਸੰਬੰਧਤ ਵਿਅਕਤੀਆਂ ਤੇ ਜਥੇਬੰਦੀਆਂ ਨੂੰ ਚੁੱਪ ਚਾਪ ਹੱਥ ਖੜੇ ਕਰਕੇ ਕੰਪਲੈਕਸ ਛੱਡਣ ਲਈ ਦਬਵੇਂ ਘੁਟਵੇਂ ਜਿਹੇ ਰੂਪ ਵਿਚ ਹਰੀ ਝੰਡੀ ਦੇ ਦਿੱਤੀ ਸੀ। ਜਿਸ ਸਮੇਂ ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਕੰਪਲੈਕਸ ਛੱਡ ਜਾਣ ਦਾ ਸੰਕੇਤ ਮਿਲਣ ਤੋਂ ਬਾਅਦ ਕੋਈ ਢਾਈ ਤਿੰਨ ਸੌ ਦੇ ਲਗਪਗ ਸੰਗਤਾਂ ਸੁੰਮੰਦਰੀ ਹਾਲ ਤੇ ਗੁਰੂ ਰਾਮਦਾਸ ਸਰਾਂ ਵਾਲੇ ਪਾਸਿਓਂ ਉੱਤਰ ਵੱਲ ਪੈਂਦੇ ਬਜ਼ਾਰ ਵੱਲ ਨੂੰ ਨਿਕਲਣੀਆਂ ਸ਼ੁਰੂ ਹੋਈਆਂ ਤਾਂ ਉਸ ਸਮੇਂ ਫੌਜ ਨੇ ਫਾਇਰਿੰਗ ਬੰਦ ਕਰ ਰਖੀ ਸੀ। ਪਰ ਜਦੋਂ ਹੀ ਸੰਗਤਾਂ ਨੇ ਜਿਨ੍ਹਾਂ ਵਿਚ ਜ਼ਿਆਦਾ ਕਰਕੇ ਬੀਬੀਆਂ, ਬੱਚੇ, ਬੁਜ਼ਰਗ ਤੇ ਜਾਂ ਫਿਰ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਨੌਜਵਾਨ ਵਿੰਗ ਯੂਥ ਅਕਾਲੀ ਦਲ ਦੇ ਵਰਕਰ ਸਨ, ਗਲੀ ਬਾਜ਼ਾਰਾਂ ਵਿਚ ਕਦਮ ਰਖਿਆ ਤਾਂ ਫੌਜ ਨੇ ਉਸੇ ਵੇਲੇ ਫਿਰ ਤਾੜਬ ਤੋੜ ਰੂਪ ਵਿਚ ਫਾਇਰਿੰਗ

ਖੋਹਲ ਦਿੱਤੀ। ਇਸ ਦਾ ਨਤੀਜਾ ਕੁਝ ਇਕ ਬਜ਼ੁਰਗਾਂ ਬੱਚਿਆਂ ਬੀਬੀਆਂ ਤੇ ਜਵਾਨਾਂ ਦੀ ਮੌਤ ਵਿਚ ਨਿਕਲਣਾ ਕੁਦਰਤੀ ਸੀ।

ਜਦ ਸੂਰਜ ਜੈਸਾ ਸਿੰਘ ਆਹਲੂਵਾਲੀਆ, ਗੁਰੂ ਰਾਮਦਾਸ ਲੰਗਰ ਅਤੇ ਉੱਤਰੀ ਦਰਸ਼ਨੀ ਡਿਉੜੀ ਵੱਲ ਦੇ ਸਿੰਘਾਂ ਨੇ ਫੌਜ ਵੱਲੋਂ ਕੀਤੀ ਗਈ ਇਸ ਵਹਿਸ਼ੀਆਨਾ ਕਰਵਾਈ ਨੂੰ ਵੇਖਿਆ ਤਾਂ ਸਿੰਘਾਂ ਨੇ ਆਪਣੇ ਮੋਰਚਿਆਂ ਤੋਂ ਲਾਈਟ ਮਸ਼ੀਨ ਗੰਨਾਂ ਤੇ ਹੱਥ ਗੋਲਿਆਂ ਅਤੇ ਹੋਰ ਆਟੋਮੈਟਕ ਹਥਿਆਰਾਂ ਰਾਹੀਂ ਆਪਣੀ ਮਾਰ ਹੇਠ ਆਉਂਦੇ ਫੌਜੀ ਦਸਤਿਆਂ ਤੇ ਮੋਰਚਿਆਂ ਉੱਪਰ ਇਕ ਵਾਰਗੀ ਹੀ ਬਾਰੂਦੀ ਅੱਗ ਦਾ ਝੱਖੜ ਝੁਲਾ ਦਿੱਤਾ ਜਿਸਦੇ ਸਿੱਟੇ ਵਜੋਂ ਬਜ਼ਾਰਾਂ ਵਿਚ ਇਧਰ ਉੱਧਰ ਗਸ਼ਤ ਕਰ ਰਹੇ ਤੇ ਮੋਰਚੇ ਸੰਭਾਲੀ ਬੈਠੇ ਫੌਜ ਅਤੇ ਸੈਮੀ ਮਿਲਟਰੀ ਫੋਰਸ ਦੇ ਕੋਈ ਪੰਦਰਾਂ ਵੀਹ ਸੈਨਿਕ ਥਾਂ ਤੇ ਹੀ ਢੇਰ ਹੋ ਗਏ ਤੇ ਦਰਜਨਾਂ ਦੀ ਗਿਣਤੀ ਵਿਚ ਜ਼ਖਮੀ ਹੋ ਗਏ।

ਸਿੰਘਾਂ ਨੇ ਆਪਣੀ ਇਸ ਕਾਰਵਾਈ ਨਾਲ ਜਿੱਥੇ ਭਾਰਤੀ ਸੈਨਾ ਪਾਸੋਂ ਪੈਰ ਉੱਪਰ ਹੀ ਬਦਲਾ ਲੈ ਲਿਆ ਉੱਥੇ ਉਹਨਾਂ ਨੂੰ ਆਪਣੇ ਇਸ ਐਕਸ਼ਨ ਰਾਹੀਂ ਇਹ ਵੀ ਸਮਝਾ ਦਿੱਤਾ ਕਿ ਅਗਲੇ ਪਾਸੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸਿੰਘ ਨੇ ਇਸ ਲਈ ਦਰਬਾਰ ਸਾਹਿਬ ਦੀ ਪਰਕਰਮਾ ਵੱਲ ਨੂੰ ਕਦਮ ਜ਼ਰਾ ਸੋਚ ਸਮਝ ਕੇ ਪੁੱਟਿਓ।'

ਸ਼ਾਮ ਦੇ ਕੋਈ 6-30 ਤੋਂ ਪਿਛੋਂ ਫੌਜ ਵਲੋਂ ਗੋਲਾ ਬਾਰੀ ਅਤੇ ਫਾਇਰਿੰਗ ਉੱਕੀ ਹੀ ਬੰਦ ਹੋ ਜਾਣ ਤੋਂ ਪਿਛੋਂ ਜਦ ਕੁਝ ਇਕ ਸਿੰਘਾਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਨਾਲ ਪਿਛਲੇ ਪਾਸੇ ਲਗਦੇ ਘਰਾਂ ਕੁਆਟਰਾਂ ਅਤੇ ਇਸੇ ਤਰ੍ਹਾਂ ਸਰਾਂਅ ਵਾਲੇ ਪਾਸੇ ਨਾਲ ਲਗਦੇ ਅਕਾਲ ਰੈਸਟ ਹਾਊਸ ਤੋਂ ਜਥੇ ਤੇ ਫੈਡਰੇਸ਼ਨ ਦੇ ਸਿੰਘਾਂ ਦੀਆਂ ਅਰਧੰਗਨੀਆਂ ਅਰਥਾਤ ਸਿੰਘਣੀਆਂ ਨੂੰ ਸੁਰਖਿਅਤ ਟਿਕਾਣਿਆਂ ਉੱਪਰ ਭਿਜਵਾਉਣ ਬਾਰੇ ਸੋਚਿਆ ਵਿਚਾਰਿਆ ਜਾਣ ਲਗਾ ਤਾਂ ਉਸ ਸਮੇਂ ਸਿੰਘਾਂ ਦੇ ਪਰਿਵਾਰਾਂ ਦੀ ਮਾਨਸਿਕ ਅਵਸਥਾ ਤੋਂ ਇਸ ਤਰਾਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਉਹ ਉੱਥੋਂ ਕਿਸੇ ਸੁਰਖਿਅਤ ਟਿਕਾਣਿਆਂ ਉੱਪਰ ਜਾਣ ਦੀ ਬਜਾਏ ਉਸ ਜੰਗੀ ਮਾਹੌਲ ਵਿਚ ਰਹਿਣ ਤੇ ਵਿਚਰਨ ਨੂੰ ਬੜੀ ਦ੍ਰਿੜਤਾ ਨਾਲ ਮਨੋ ਚਿਤੋਂ ਤਰਜੀਹ ਦੇ ਰਹੇ ਹੁੰਦੇ ਹਨ।

ਸ੍ਰ. ਦਾਰਾ ਸਿੰਘ ਡਰਾਈਵਰ ਦਾ ਭੁਜੰਗੀ ਤਾਂ ਉੱਥੋਂ ਕਿਸੇ ਹੋਰ ਥਾਂ ਜਾਣ ਤੋਂ ਉਕਾ ਹੀ ਇਨਕਾਰੀ ਹੋਇਆ ਬੈਠਾ ਸੀ। ਜਿਸ ਕਰਕੇ ਉਹ ਇਹ ਗੱਲ ਸੁਣਦਿਆਂ ਸਾਰ ਹੀ ਪਸਲਾ ਮਾਰ ਕੇ ਬੈਠ ਗਿਆ ਸੀ ਅਤੇ ਬਾਰ ਬਾਰ ਇਹ ਗੱਲ ਦੀ ਰਟ ਲਗਾ ਰਿਹਾ ਸੀ ਕਿ ਮੈਂ ਤਾ ਆਪਣੇ ਭਾਊ ਦੇ ਨਾਲ ਹੀ ਸ਼ਹੀਦੀ ਪਾਉਣੀ ਆਂ।

ਅਕਾਲ ਰੈਸਟ ਹਾਊਸ ਵਾਲੇ ਪਾਸੇ ਹਰਿਮਿੰਦਰ ਸਿੰਘ ਸੰਧੂ ਦੀ ਪਤਨੀ ਇਸ ਗੱਲ ਲਈ ਆਪਣਾ ਪੱਕਾ ਮਨ ਬਣਾਈ ਬੈਠੀ ਲਗਦੀ ਸੀ ਕਿ ਜੋ ਕੁਝ ਉਸਦੇ ਸਿਰ ਦੇ ਸਾਈਂ ਨਾਲ ਹੋਏ ਜਾਂ ਬੀਤੇਗੀ ਉਹ ਕੁਝ ਉਹ ਆਪਣੇ ਸਿਰ ਉੱਪਰ ਵੀ ਝੱਲੇਗੀ।

ਸਰਦਾਰ ਗੁਰਜੀਤ ਸਿੰਘ ਤੋਕ ਹਰੀ ਹਰ ਦੀ ਪਤਨੀ ਦੀ ਮਾਨਸਿਕ ਦ੍ਰਿੜਤਾ ਅਤੇ ਉਸਦੇ ਬਲਵਾਨ ਮਨੋਬਲ ਦਾ ਪਤਾ ਉਸ ਵਲੋਂ ਮੁਬਾਰਕ ਰੂਪ ਵਿਚ ਹੀ ਆਖੀ ਗਈ ਇਸ ਗੱਲ ਤੋਂ ਸਾਫ ਲੱਗ ਰਿਹਾ ਸੀ ਕਿ ਜਿਵੇਂ ਉਸ ਲਈ ਕੰਪਲੈਕਸ ਅੰਦਰ ਸ਼ਹੀਦੀ ਪਾਉਣੀ ਇਕ ਅਤੀ ਮਹਾਨ ਪਵਿੱਤਰ ਤੇ ਅਵੱਸ਼ਕ ਕਰਮ ਸੀ। ਉਸਦਾ ਕਥਨ ਸੀ ਕਿ ਮੈਂ ਵੀ ਤਾਂ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਪੁੱਤਰੀ ਹਾਂ ਫਿਰ ਮੈਂ ਸੰਤਾਂ ਦੇ ਆਪਣੇ ਪਰਿਵਾਰ ਵਿਚੋਂ ਲਹੂ ਨਾਤੇ



ਵਲੋਂ ਉਹਨਾਂ ਦੀ ਸੱਕੀ ਭਤੀਜੀ ਹਾਂ। ਇਸ ਸਮੇਂ ਜਦੋਂ ਮੇਰੇ ਹੋਰ ਹਜ਼ਾਰਾਂ ਦੀ ਗਿਣਤੀ ਵਿਚ ਭੈਣ ਭਰਾ ਤੇ ਬਜ਼ੁਰਗ ਬੜੇ ਚੜ੍ਹਦੀ ਕਲਾ ਵਿਚ ਇਥੇ ਡਟੇ ਖਲੋਤੇ ਹਨ ਤਾਂ ਐਸੀ ਹਾਲਤ ਵਿਚ ਮੈਂ ਆਪਣੀ ਜਾਨ ਨੂੰ ਕਿਵੇਂ ਪਿਆਰੀ ਕਰ ਸਕਦੀ ਹਾਂ। ਸਾਨੂੰ ਤਾਂ ਸਭ ਜੀਆਂ ਨੂੰ ਸੰਤਾਂ ਵਲੋਂ ਉਸ ਤਰ੍ਹਾਂ ਵੀ ਹੁਕਮ ਹੈ ਕਿ ਜਦੋਂ ਗੁਰੂ ਘਰ ਦੀ ਪਵਿੱਤਰਤਾ ਤੇ ਸਿੱਖ ਕੌਮ ਦੀ ਹਸਤੀ ਖਤਰੇ ਵਿਚ ਪਈ ਹੋਈ ਦਿਸੇ ਤਾਂ ਫਿਰ ਉਸ ਸਮੇਂ ਆਪਣਾ ਸੀਸ ਗੁਰੂ ਘਰ ਤੇ ਗੁਰੂ ਪੰਥ ਦੇ ਮਾਰਗ ਉੱਪਰ ਭੇਟ ਚੜ੍ਹਾ ਦੇਣਾ।

ਇਸੇ ਤਰ੍ਹਾਂ ਕੰਵਲ ਸਿੰਘ ਭੂਰੇ, ਰਛਪਾਲ ਸਿੰਘ ਪੀ. ਏ., ਸ੍ਰ: ਅਮਰਜੀਤ ਸਿੰਘ ਖੇਮ ਕਰਨ, ਭਾਈ ਸੰਤੋਖ ਸਿੰਘ ਜੋ ਸੰਤਾਂ ਤੇ ਸੰਗਤ ਦੀਆਂ ਵੀਡੀਓ ਫਿਲਮਾਂ ਉਤਾਰਿਆ ਕਰਦੇ ਸਨ, ਭਾਈ ਗੁਰਮੁ ਸਿੰਘ ਗਤਕਈ, ਹਰਜਿੰਦਰ ਸਿੰਘ ਮਹਿਤਾ ਅਤੇ ਗੁਰਚਰਨ ਸਿੰਘ ਐਮ. ਏ. ਘਰੋਡਾਂ ਅਤੇ ਬਹੁ ਸਾਰੇ ਹੋਰ ਸਿੰਘਾਂ ਦੇ ਪਰਿਵਾਰ ਵੀ ਕੰਪਲੈਕਸ ਦੇ ਅੰਦਰ ਹੀ ਸ਼ਹੀਦੀ ਪਾਉਣ ਲਈ ਮਨ ਬਣਾਈ ਬੈ ਲਗਦੇ ਸਨ। ਸਿੰਘਣੀਆਂ ਆਪਣੇ ਬਚਾ ਨਾਲੋਂ ਆਪਣੇ ਆਪਣੇ ਸਿੰਘਾਂ ਦੇ ਨਾਲ ਕੰਪਲੈਕਸ ਅੰਦਰ ਸ਼ਹੀਦੀ ਪਾਉਣ ਦੀ ਖੇਡ ਨੂੰ ਮਨੋ ਚਿਤੋਂ ਇਕ ਬੜਾ ਹੀ ਪਿਆਰਾ ਸਚਿਆਰਾ ਤੇ ਉੱਤ ਕਰਮ ਸਮਝ ਰਹੀਆਂ ਸਨ।

ਬੀਬੀ ਉਪਕਾਰ ਕੌਰ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਇਸਤਰੀ ਵਿੰਗ ਤ ਪਹਿਲੀ ਜੂਨ ਵਾਲੇ ਦਿਨ ਹੀ ਐਲਾਨੀਆਂ ਤੌਰ ਤੇ ਕਹਿ ਚੁਕੀ ਸੀ ਕਿ ਉਹ ਦਰਬਾਰ ਸਾਹਿ ਕੰਪਲੈਕਸ ਉੱਪਰ ਫੌਜ ਜਾਂ ਅਰਧ ਫੌਜੀ ਦਸਤਿਆਂ ਦੇ ਹਮਲੇ ਨੂੰ ਕਿਸੇ ਹਾਲਤ ਵਿਚ ਵੀ ਬਰਦਾਸ਼ਤ ਨਹੀਂ ਕਰੇਗੀ। ਸਗੋਂ ਭਾਰਤ ਸਰਕਾਰ ਦੀ ਬਹਾਦਰ ਸੈਨਾ ਦੇ ਟਾਕਰੇ ਸਿਧਿਆਂ ਮੈਦਾਨ ਵਿਚ ਉੱਤਰ ਕੇ ਦੁਸ਼ਟਾਂ ਦੁਸ਼ਮਨਾਂ ਦੀਆਂ ਪਿਠਾ ਛਾਤੀਆਂ ਵਿਚ ਹੱਥੀ ਗੋਲੀਆਂ ਉਤਾਰ ਕੇ ਆਪ ਸ਼ਹੀਦੀ ਪਾ ਜਾਵੇਗੀ।

ਸਰਦਾਰ ਰਛਪਾਲ ਸਿੰਘ ਪੀ. ਏ. ਦੀ ਪਤਨੀ ਵੀ ਪਰਕਰਮਾ ਦੀ ਪਛਮ ਵਾਲੇ ਪਾਸੇ ਦੀ ਬਾਰੀ ਉੱਪਰਲੀ ਇਮਾਰਤ ਵਿਚ ਕਾਇਮ ਕੀਤੇ ਹੋਏ ਮੋਰਚਿਆਂ ਨੂੰ ਛੱਡਣ ਨੂੰ ਤਿਆਰ ਨਹੀਂ ਸੀ। ਜਦੋਂ ਇਸ ਬੀਬੀ ਨੂੰ ਇਕ ਬਜ਼ੁਰਗ ਸਿੰਘ ਵਲੋਂ ਕੰਪਲੈਕਸ ਤੋਂ ਬਾਹਰ ਕਿਸੇ ਸੁਰਖਸ਼ਤ ਥਾਂ ਉੱਪਰ ਚਲੇ ਜਾਣ ਲਈ ਜ਼ੋਰ ਦੇਂਦਿਆਂ ਹੋਇਆਂ ਇਹ ਕਿਹਾ ਗਿਆ ਕਿ 'ਬੀਬੀ ਜੀ ਤੁਹਾਡੀ ਗੋਦ ਵਿਚ ਇਹ ਬਾਰ੍ਹਾਂ ਚੌਧਾਂ ਦਿਨਾਂ ਦਾ ਮਸੂਮ ਬੱਚਾ ਹੈ ਇਸ ਲਈ ਤਾਂ ਤੋਪ ਗੋਲਿਆਂ ਤੇ ਮਸ਼ੀਨ ਗੰਨਾਂ ਦੀਆਂ ਭਿਆਨਕ ਆਵਾਜ਼ਾਂ ਤੇ ਗਰਜਾਂ ਗੜ੍ਹੈਦਾਂ ਨੂੰ ਬਰਦਾਸ਼ਤ ਕਰਨਾ ਬਹੁਤ ਹੀ ਮੁਸ਼ਕਲ ਹੋ ਰਿਹਾ ਹੈ, ਇਸ ਕਰਕੇ ਬੜਾ ਹੀ ਚੰਗਾ ਹੋਵੇ ਜੇਕਰ ਤੁਸੀ ਇਸ ਬੱਚੇ ਦੀ ਖਾਤਿਰ ਹੀ ਇਥੋਂ ਕਿਸੇ ਸੁਰਖਸ਼ਤ ਥਾਂ ਉੱਪਰ ਚਲੇ ਜਾਓ।'

ਤਾਂ ਉਸ ਬਜ਼ੁਰਗ ਸਿੰਘ ਨੂੰ ਇਸ ਬੀਬੀ ਦਾ ਬੜਾ ਹੀ ਠਰੂਮੇ ਤੇ ਪੱਕੇ ਮਨ ਨਾਲ ਇਹ ਉੱਤਰ ਸੀ, 'ਬਾਬਾ ਜੀ ਜਿਸਤਰਾਂ ਸਾਡਾ ਜੀਵਨ ਗੁਰੂ ਘਰ ਦੀ ਅਮਾਨਤ ਹੈ ਇਸੇ ਤਰ੍ਹਾਂ ਇਸ ਬੱਚੇ ਦਾ ਸਰੀਰ ਵੀ ਗੁਰੂ ਘਰ ਤੇ ਗੁਰੂ ਪੰਥ ਦੀ ਹੀ ਵਸਤੂ ਹੈ। ਜੇ ਸਾਡਾ ਸਭਨਾਂ ਦਾ ਇਸ ਪਵਿੱਤਰ ਸਥਾਨ ਅੰਦਰ ਲਹੂ ਡੁਲ੍ਹਣ ਨਾਲ ਆਉਣ ਵਾਲੇ ਸਮੇਂ ਵਿਚ ਖਾਲਸਾ ਪੰਥ ਨੂੰ ਹੋਰ ਬਲ ਚੜ੍ਹਦੀ ਕਲਾ ਅਤੇ ਖਾਲਸਾ ਰਾਜ ਨਸੀਬ ਹੋ ਜਾਣਗੇ ਤਾਂ ਇਸ ਵਿਚ ਸਾਡੇ ਧਨਭਾਗ ਹੋਣਗੇ। ਆਹ ਮੋਰਚੇ ਜੋ ਅਸੀਂ ਇਥੇ ਕਾਇਮ ਰਖੇ ਨੇ ਗੁਰੂ ਘਰ ਉੱਪਰ ਹਮਲਾ ਹੋਣ ਸਮੇਂ ਦੁਸ਼ਟਾਂ ਦੁਸ਼ਮਨਾਂ ਨੂੰ ਸੋਧਨ ਤੇ ਆਪਣੇ ਆਖਰੀ ਸਾਹ ਤੱਕ ਗੁਰੂ ਘਰ ਦੇ ਅਦਬ ਸਤਿਕਾਰ ਨੂੰ ਕਾਇਮ ਰੱਖਣ ਦੇ ਮਨੋਰਥ ਨਾਲ ਬਣਾਏ ਉਸਾਰੇ ਹੋਏ

ਨੇ, ਸੋਚ ਜਾਣੋ ਕਿ ਇਹ ਮੋਰਚੇ ਅਸਾਂ ਕੋਈ ਮੌਤ ਤੋਂ ਡਰ ਕੇ ਛੱਡ ਜਾਣ ਦੇ ਖ਼ਿਆਲ ਨਾਲ ਤਾਂ ਨਹੀਂ ਸੀ ਬਣਾਏ। ਮੈਂ ਤਾਂ ਇਸ ਗੱਲ ਵਿਚ ਹੀ ਆਪਣੇ ਬੜੇ ਧਨ ਭਾਗ ਸਮਝਦੀ ਹਾਂ ਕਿ ਵਾਹਿਗੁਰੂ ਦੀ ਅਪਰ ਅਪਾਰ ਕਿਰਪਾ ਸਦਕਾ ਮੇਰਾ ਜਨਮ ਇਕ ਸਿਖ ਘਰਾਣੇ ਵਿਚ ਹੋਇਆ ਹੈ ਤੇ ਫਿਰ ਹੁਣ ਮੇਰਾ ਸਬੰਧ ਵੀ ਸਿਖ ਧਰਮ ਦਾ ਪਰਚਾਰ ਤੇ ਸਿੱਖ ਕੌਮ ਦੇ ਹੱਕਾਂ ਹਿਤਾਂ ਦੀ ਰਾਖੀ ਕਰਨ ਅਤੇ ਖਾਲਸਾ ਰਾਜ ਦੀ ਪ੍ਰਾਪਤੀ ਲਈ ਜੂਝ ਰਹੀ ਤੇ ਗੁਰਧਾਮਾਂ ਦੀ ਪਵਿੱਤਰਤਾ ਨੂੰ ਕਾਇਮ ਰਖਣ ਲਈ ਦ੍ਰਿੜ ਸੰਕਲਪ ਧਾਰੀ ਬੈਠੀ ਟਕਸਾਲ (ਭਿੰਡਰਾਂਵਾਲੇ ਜਥੇ) ਨਾਲ ਜੁੜਿਆ ਹੋਇਆ ਹੈ। ਮੇਰੀ ਤਾਂ ਸੱਚੀ ਗੱਲ ਇਹਨਾਂ ਮੋਰਚਿਆਂ ਨਾਲ ਜਿਹਨਾਂ ਨੂੰ ਰਲਮਿਲ ਕੇ ਆਪਾਂ ਹੱਥੀਂ ਬਣਾਇਆ, ਜਿਊਣ ਮਰਨ ਦੀ ਸਾਂਝ ਪੈ ਚੁੱਕੀ ਆ ਹਾਂ ਜਦੋਂ ਖਾਲਸਾ ਪੰਥ ਦੀ ਹਰ ਪੱਖੋਂ ਜਿੱਤ ਹੋ ਜਾਵੇਗੀ ਤਾਂ ਫਿਰ ਆਪਾਂ ਕਿਹੜਾ ਇਥੇ ਬੈਠ ਰਹਿਣਾ, ਉਦੋਂ ਤਾਂ ਫਿਰ ਆਪਾਂ ਸਭਨਾਂ ਨੇ ਆਪਣੇ ਆਪਣੇ ਪਰਵਾਰ ਸਮੇਤ ਆਪੋ ਆਪਣੇ ਆਲ੍ਹਣਿਆਂ ਵਿਚ ਚਲੇ ਹੀ ਜਾਣਾ। ਪਰ ਐਸ ਸਮੇਂ ਇਸ ਹਾਲਤ ਵਿਚ ਇਹਨਾਂ ਮੋਰਚਿਆਂ ਨੂੰ ਛੱਡ ਕੇ ਚਲੇ ਜਾਣ ਦਾ ਮਤਲਬ ਤਾਂ ਗੁਰੂ ਘਰ ਵਲੋਂ ਮੂੰਹ ਮੋੜਨਾ ਹੀ ਹੋਵੇਗਾ — ਬਾਬਾ ਜੀ ਇਕ ਨਾ ਇਕ ਦਿਨ ਤਾਂ ਆਖਰ ਕਾਰ ਦਰਗਾਹੋਂ ਸਦਾ ਆਉਣਾ ਹੀ ਆਉਣਾ, ਜੇ ਆਪਾਂ ਅੱਜ ਇਥੋਂ ਚਲੇ ਗਏ ਤਾਂ ਫਿਰ ਗੁਰੂ ਮਹਾਰਾਜ ਨੂੰ ਅੱਗੇ ਜਾ ਕੇ ਕੀ ਮੂੰਹ ਦਿਖਾਵਾਂਗੇ?

ਭਾਈ ਅਮਰਜੀਤ ਸਿਘ ਦਹੇੜੂ ਜਿਸ ਨੂੰ ਪੁਲੀਸ ਨੇ ਅਸਹਿ ਤੇ ਅਕਹਿ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿੱਤਾ ਸੀ ਦੇ ਦੋਵੇਂ ਹੀ ਭੁਝੰਗੀ ਭਾਰਤੀ ਫੌਜ ਦੇ ਮੁਕਾਬਲੇ ਮੈਦਾਨ ਵਿਚ ਉੱਤਰ ਕੇ ਸਿੱਧੀ ਟੱਕਰ ਲੈਣ ਦੇ ਮਨੋਰਥ ਤੇ ਨਿਸ਼ਾਨੇ ਨਾਲ ਹਥਿਆਰ ਬੰਦ ਰੂਪ ਵਿਚ ਮਨੋ ਚਿਤੋਂ ਤਿਆਰੀਆਂ ਕੱਸੀ ਬੈਠੇ ਸਨ। ਇਨ੍ਹਾਂ ਦੋਹਾਂ ਹੀ ਭੁਝੰਗੀਆਂ ਦੇ ਚੇਹਰਿਆਂ ਉੱਪਰ ਆਪਣੇ ਬਾਪ ਸਰਦਾਰ ਅਮਰਜੀਤ ਸਿਘ ਦੀ ਸ਼ਹੀਦੀ ਹੋ ਜਾਣ ਤੋਂ ਬਾਅਦ ਕਿਸੇ ਨੇ ਇਕ ਦਿਨ ਵੀ ਉਦਾਸੀ, ਘਬਰਾਹਟ, ਢਹਿਦੀ ਕਲਾ ਦਾ ਵਰਤਾਰਾ ਨਹੀਂ ਸੀ ਵੇਖਿਆ ਸਗੋਂ ਉਹਨਾਂ ਦੇ ਬਾਅਦ ਉਹਨਾਂ ਦੇ ਚੇਹਰਿਆਂ ਉੱਪਰ ਰਬ ਦਾ ਨੂਰ ਦਿਨੋਂ ਦਿਨ ਨਿਖਰਦਿਆਂ ਮੌਲਦਿਆਂ ਤੇ ਵਿਗਸਦਿਆਂ ਹੀ ਵੇਖਿਆ ਸੀ। ਛੋਟੀ ਜਿਹੀ ਉਮਰ ਵਿਚ ਹੀ ਮਨ ਬਲਵਾਨ ਸਨ, ਅੱਖਾਂ ਵਿਚ ਅਵਤਾਰੀ ਨੂਰ ਦੀ ਝਲਕ ਸੀ ਅਤੇ ਅੰਤਸ਼ਕਰਨ ਅੰਦਰ ਸਿਖ ਦੁਸ਼ਮਨ ਤਾਕਤਾਂ, ਭਾਰਤ ਸਰਕਾਰ ਦੇ ਹਿੰਦੂ ਸਾਮਰਾਜ ਪ੍ਰਤੀ ਅਥਾਹ ਗੁੱਸੇ ਤੇ ਜੋਸ਼ ਦਾ ਝੱਖੜ ਝੁਲਦਾ ਹੋਇਆ ਸਾਫ ਪ੍ਰਤੀਤ ਹੁੰਦਾ ਸੀ। ਦਿਲਾਂ ਦੇ ਉਸ ਝੱਖੜ ਦੀਆਂ ਤੂਫਾਨੀ ਲਹਿਰਾਂ ਵਿਚ ਇਕ ਐਸੀ ਬਿਜਲਈ ਰੌਸ਼ਨੀ ਚਮਕਾਂ ਲਿਸ਼ਕਾਂ ਮਾਰਦੀ ਹੋਈ ਦਿਸਦੀ ਸੀ, ਜਿਸ ਵਿਚ ਦੋ ਵੱਖ ਵੱਖ ਪ੍ਰਭਾਵ ਵਾਲੀਆਂ ਸ਼ਕਤੀਆਂ ਕੰਮ ਕਰਦੀਆਂ ਹੋਈਆਂ ਦਿਸਦੀਆਂ ਸਨ। ਇਕ ਸ਼ਕਤੀ ਸੀ ਜੋ ਆਪਣੇ ਅੰਦਰ ਅਕਿਰਤਘਣ ਤੇ ਵਿਸ਼ਵਾਸਘਾਤਕ ਹਿੰਦੂ ਸਾਮਰਾਜ ਦੀ ਤਬਾਹੀ ਤੇ ਬਰਬਾਦੀ ਦਾ ਸਨੇਹਾ ਅਤੇ ਸੰਕਲਪ ਸਾਂਭੀ ਬੈਠੀ ਸੀ ਅਤੇ ਦੂਸਰੀ ਸ਼ਕਤੀ ਦਾ ਪ੍ਰਭਾਵ ਸੀ ਇਕ ਐਸੀ ਮਿੱਠੀ ਪਿਆਰੀ ਫੁਹਾਰ ਤੇ ਵਰਖਾ ਦਾ ਜੋ ਖਾਲਸਾ ਪੰਥ ਦੇ ਭਵਿੱਖ ਲਈ ਖੁਸ਼ੀ ਤੇ ਖੇੜੇ ਦੀਆਂ ਰੌਸ਼ਨ ਆਸਾਂ ਉਮੀਦਾਂ ਤੇ ਸੰਭਾਵਨਾ ਨੂੰ ਆਪਣੀ ਇਕ ਕਣੀ ਅਰਥਾਤ ਬੂੰਦ ਵਿਚ ਸਾਂਭੀ ਬੈਠੀ ਸੀ।

ਸਿਘਾਂ ਦੀਆਂ ਅਰਧੰਗਨੀਆਂ ਤੇ ਉਹਨਾਂ ਦੇ ਪਰਵਾਰ ਦੇ ਹੋਰ ਜੀਅ ਭਾਵੇਂ ਕੰਪਲੈਕਸ ਦੇ ਅੰਦਰ ਹੀ ਡਟੇ ਰਹਿਣ ਤੇ ਸ਼ਹੀਦੀਆਂ ਪਾਉਣ ਲਈ ਮਨੋ ਚਿੱਤੋਂ ਤਿਆਰ ਹੋਏ ਬੈਠੇ ਸਨ, ਪਰ ਇਸਦੇ ਬਾਵਜੂਦ ਕੁਝ ਇਕ ਬੁਜ਼ਰਗਾਂ ਅਤੇ ਗਿਆਨੀ ਦਲੀਪ ਸਿਘ ਜੋ ਇਕ ਉੱਚ ਕੋਟੀ ਦੇ ਵਿਦਵਾਨ ਕਥਾਵਾਚਕ ਹਨ ਅਤੇ ਗਿਆਨੀ ਮੋਹਨ ਸਿਘ ਜੋ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਵਜੋਂ ਬੜੀ



ਉੱਤਮ ਸੇਵਾ ਨਿਭਾ ਰਹੇ ਹਨ, ਨੇ ਕੁਝ ਇਕ ਬੀਬੀਆਂ ਬੱਚਿਆਂ ਦਾ ਆਪਣੇ ਨਿਵਾਸ ਉੱਪਰ ਪ੍ਰਬੰਧ ਕਰ ਹੀ ਦਿੱਤਾ ਸੀ, ਪਰ ਇਸਦੇ ਬਾਵਜੂਦ ਬੀਬੀ ਉਪਕਾਰ ਕੌਰ ਪ੍ਰਧਾਨ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਇਸਤਰੀ ਵਿੰਗ ਹਰਮਿੰਦਰ ਸਿਘ ਸੰਧੂ ਦੀ ਪਤਨੀ ਨੂੰ ਅਕਾਲ ਗੈਸਟ ਹਾਊਸ ਵਾਲੇ ਪਾਸਿਓਂ ਬਾਬਾ ਅਟੱਲ ਸਾਹਿਬ ਵੱਲ ਦੇ ਕਵਾਟਰਾਂ ਵੱਲ ਭੇਜਿਆ ਜਾ ਰਿਹਾ ਸੀ ਤਾਂ ਉਸ ਸਮੇਂ ਬੀਬੀ ਉਪਕਾਰ ਕੌਰ ਦੇ ਇਹ ਬੋਲ ਸਨ, 'ਬਾਬਾ ਅਟੱਲ ਸਾਹਿਬ ਨਾਲ ਲਗਦੇ ਕਵਾਟਰ ਵੀ ਕੰਪਲੈਕਸ ਦੇ ਨਾਲ ਈ ਪੈਂਦੇ ਨੇ। ਫੇਰ ਕੀ ਹੋਇਆ ਜੇ ਸਾਨੂੰ ਇਸ ਪਾਸੇ ਵੱਲ ਚਲੇ ਜਾਣ ਲਈ ਜ਼ੋਰ ਦਿੱਤਾ ਤੇ ਮਜਬੂਰ ਕੀਤਾ ਜਾ ਰਿਹਾ ਹੈ, ਬੱਸ ਸਾਨੂੰ ਤਾਂ ਦਰਬਾਰ ਸਾਹਿਬ ਉੱਪਰ ਹਮਲਾ ਕਰਨ ਵਾਲੇ ਦੁਸ਼ਟ ਇਕ ਵਾਰ ਨਜ਼ਰੀ ਪੈਣੇ ਚਾਹੀਦੇ ਨੇ ਫਿਰ ਅਸੀਂ ਉਹਨਾਂ ਨੂੰ ਨੱਠਣ ਨਹੀਂ ਦੇਵਾਂਗੀਆਂ, ਜਿੰਨੇ ਸੋਧੇ ਗਏ ਜ਼ਰੂਰ ਸੋਧਾਂਗੀਆਂ - ਇਹ ਤਾਂ ਅਸਾਂ ਵੀ ਮਨੋ ਚਿਤੋਂ ਨਿਸਚਾ ਧਾਰ ਰੱਖਿਆ। ਦਰਬਾਰ ਸਾਹਿਬ ਉੱਪਰ ਫੌਜੀ ਹਮਲੇ ਦੀ ਸੂਰਤ ਵਿਚ ਮੈਦਾਨ ਵਿਚ ਤਾਂ ਅਸਾਂ ਉਤਰਨਾ ਹੀ ਉਤਰਨਾ ਇਸੇ ਲਈ ਹੀ ਤਾਂ ਆਪਣੇ ਹਥਿਆਰ ਆਪਣੇ ਨਾਲ ਲੈ ਚੱਲੀਆਂ। ਦੁਸ਼ਟ ਇਕ ਵਾਰ ਗੁਰੂ ਘਰ ਅੰਦਰ ਦਾਖਲ ਹੋ ਕੇ ਤਾਂ ਵੇਖਣ ਉਹਨਾਂ ਨੂੰ ਫੇਰ ਦਸਾਂਗੀਆਂ ਕੰਪਲੈਕਸ ਅੰਦਰ ਕਿਵੇਂ ਦਾਖਲ ਹੋਈਦਾ? ਸ਼ਹੀਦੀ ਤਾਂ ਅਸਾਂ ਪਾਉਣੀ ਹੀ ਪਾਉਣੀ ਹੈ ਪਰ ਦਰਬਾਰ ਸਾਹਿਬ ਉੱਪਰ ਹਮਲੇ ਦੀ ਸੂਰਤ ਵਿਚ ਅਸੀਂ ਵਾਹਿਗੁਰੂ ਦੇ ਦਰਬਾਰ 'ਚੋਂ ਖਾਲਸਾ ਪੰਥ ਅੰਦਰ ਉਦੋਂ ਤੱਕ ਬਾਰ ਬਾਰ ਜਨਮ ਮੰਗਦੀਆਂ ਰਹਾਂਗੀਆਂ ਜਦੋਂ ਤੱਕ ਹਿੰਦੂ ਸਾਮਰਾਜ ਦੀਆਂ ਜੜ੍ਹਾਂ ਮੁੱਢੋਂ ਪੁੱਟ ਕੇ ਨਹੀਂ ਸੁਟ ਦਿੱਤੀਆਂ ਜਾਣਗੀਆਂ, ਮੁਕਤੀ ਸ਼ਕਤੀ ਵੱਲ ਫੇਰ ਹੀ ਧਿਆਨ ਦਿਆਂਗੀਆਂ।

# 24.

ਫੌਜ ਵਲੋਂ ਪੰਜ ਜੂਨ ਵਾਲੇ ਦਿਨ ਕੰਪਲੈਕਸ ਉੱਪਰ ਦਿਨ ਭਰ ਕੀਤੀ ਜਾਂਦੀ ਰਹੀ ਫਾਇਰਿੰਗ ਅਤੇ ਗੋਲਾ ਬਾਰੀ ਸੂਰਜ ਅਸਤਨ ਤੋਂ ਕੁਝ ਸਮਾ ਪਹਿਲਾ ਬੰਦ ਹੋ ਚੁੱਕੀ ਸੀ।

ਫਾਇਰਿੰਗ ਤੇ ਗੋਲਾ ਬਾਰੀ, ਯਕਲਖਤ ਬੰਦ ਹੋ ਜਾਣ ਕਾਰਨ ਦਰਬਾਰ ਸਾਹਿਬ ਕੰਪਲੈਕਸ ਅੰਦਰ ਸੰਗਤਾਂ ਤੇ ਸਿਘਾਂ ਅੰਦਰ ਇਸ ਗੱਲ ਦੀਆਂ ਕਿਆਸ ਆਰਾਈਆਂ ਸ਼ੁਰੂ ਹੋ ਗਈਆਂ ਸਨ ਕਿ, 'ਹੋ ਸਕਦਾ ਹੈ, ਬਾਹਰ ਸਿਘਾਂ ਨੇ ਥਾਂ ਥਾਂ ਉੱਪਰ ਬਗਾਵਤ ਦਾ ਝੰਡਾ ਚੁੱਕ ਲਿਆ ਹੋਵੇ ਅਤੇ ਉਹਨਾਂ ਨੇ ਪਿੰਡ ਪਿੰਡ ਤੇ ਕਸਬੇ ਕਸਬੇ ਅੰਦਰ ਦੁਸ਼ਟਾਂ ਦੁਸ਼ਮਨਾਂ ਨੂੰ ਵੱਡੀ ਪੱਧਰ ਉੱਪਰ ਸੋਧਨਾ ਸ਼ੁਰੂ ਕਰ ਦਿੱਤਾ ਹੋਵੇ। ਦੂਸਰੇ ਪਾਸੇ ਸਿਖ ਫੌਜ ਨੇ ਵੀ ਆਪਣੇ ਜੰਗੀ ਸਾਜ਼ ਸਾਮਾਨ ਨਾਲ ਅੰਮ੍ਰਿਤਸਰ ਵੱਲ ਨੂੰ ਵਹੀਰਾਂ ਘੱਤ ਲਈਆਂ ਹੋਣ ਅਤੇ ਪੁਲੀਸ ਵਿਚ ਵੀ ਸਿਖਾਂ ਹਿੰਦੂਆਂ ਦਰਮਿਆਨ ਖੂਨੀ ਝੜਪਾਂ ਤੇਜ਼ ਹੋ ਗਈਆਂ ਹੋਣ। ਫੌਜ ਦੇ ਸਿਖ ਜਵਾਨਾਂ ਨੇ ਹਿੰਦੂ ਸੈਨਕਾਂ ਤੇ ਅਫਸਰਾਂ ਅਤੇ ਆਪਣੇ ਫੌਜੀ ਅੱਡੇ ਟਿਕਾਣਿਆਂ ਤੇ ਛਾਉਣੀਆਂ ਦੇ ਦੂਰ ਨੇੜੇ ਪੈਂਦੇ ਸ਼ਹਿਰਾਂ ਕਸਬਿਆਂ ਅੰਦਰ ਦੁਸ਼ਮਨ ਦੂਤੀਆਂ ਨੂੰ ਮੌਤ ਦੇ ਘਾਟ ਉਤਾਰਨਾ ਸ਼ੁਰੂ ਕਰ ਦਿੱਤਾ ਹੋਵੇ ਅਤੇ ਇਨ੍ਹਾਂ ਕਾਰਨਾਂ ਕਰਕੇ ਭਾਰਤ ਸਰਕਾਰ ਘਬਰਾ ਗਈ ਹੋਵੇ ਤੇ ਇਨ੍ਹਾਂ ਹਾਲਤਾਂ ਵਿਚ ਉਸਨੂੰ ਮਜਬੂਰਨ ਸ੍ਰੀ ਦਰਬਾਰ ਸਾਹਿਬ ਉੱਪਰ ਹੋ ਰਹੀ ਗੋਲਾਬਾਰੀ ਤੇ ਫਾਇਰਿੰਗ ਦੀ ਕਾਰਵਾਈ ਨੂੰ ਫੌਰਨ ਬੰਦ ਕਰਨ ਸਬੰਧੀ ਹੁਕਮ ਜਾਰੀ ਕਰਨੇ ਪੈ ਗਏ ਹੋਣ।'

ਅਸਲ ਵਿਚ ਇਸ ਪਰਕਾਰ ਦੀ ਚਰਚਾ ਦੇ ਸ਼ੁਰੂ ਹੋਣ ਦਾ ਕਾਰਨ ਇਸ ਕੰਪਲੈਕਸ ਅੰਦਰ ਸਿਘਾਂ ਪਾਸ ਦੋ ਟ੍ਰਾਂਜ਼ਿਸਟਰ ਟਾਈਪ ਵਾਕੀ ਟਾਕੀ ਅਰਥਾਤ ਵਾਇਰਲੈੱਸ ਸੈੱਟ ਸਨ, ਜਿਨ੍ਹਾਂ ਉੱਪਰ ਸਿਘਾਂ ਨੂੰ ਕਿਸੇ ਕਿਸੇ ਵੇਲੇ ਕੰਪਲੈਕਸ ਤੋਂ ਬਾਹਰ ਪੁਲੀਸ ਤੇ ਫੌਜ ਵੱਲੋਂ ਆਪਣੇ ਆਪਣੇ ਹੈੱਡ ਕੁਆਟਰਜ਼ ਤੇ ਅੱਡਿਆਂ ਥਾਣਿਆਂ ਵੱਲ ਭੇਜੇ ਜਾਣ ਵਾਲੇ ਸੰਦੇਸ਼-ਆਦੇਸ਼ ਐਵੇਂ ਸੰਕੇਤਕ ਜਿਹੇ ਰੂਪ ਵਿਚ ਸੁਣਾਈ ਦੇ ਜਾਂਦੇ ਸਨ।

ਉਹਨਾਂ ਛੋਟੇ ਛੋਟੇ ਵਾਇਰਲੈੱਸ ਸੈੱਟਾਂ ਰਾਹੀਂ ਸੰਕੇਤਕ ਰੂਪ ਵਿਚ ਮਿਲਣ ਵਾਲੇ ਸੰਕੇਤ ਆਦੇਸ਼ ਤੋਂ ਸਿਘਾਂ ਨੂੰ ਅੱਜ ਦੁਪਹਿਰ ਪਿਛੋਂ ਕੁਝ ਇਸਤਰਾਂ ਦੀਆਂ ਕਨਸੋਆਂ ਤੇ ਖਬਰਾਂ ਮਿਲੀਆਂ ਸਨ ਜਿਨ੍ਹਾਂ ਤੋਂ ਕੁਝ ਕੁਝ ਇਸਤਰਾਂ ਪਤਾ ਲਗਦਾ ਸੀ ਕਿ ਜਿਵੇਂ ਜ਼ਿਲਾ ਅੰਮ੍ਰਿਤਸਰ ਅੰਦਰ ਸਿਘਾਂ ਦੇ ਜੁਝਾਰੂ ਜਥੇ ਥਾਂ ਥਾਂ ਉੱਪਰ ਇਕੱਠੇ ਹੋ ਰਹੇ ਹਨ ਅਤੇ ਉਹ ਚਾਰ ਚੌਫੇਰੇ ਹੀ ਸਭ ਪਾਸੇ ਇਧਰ ਉਧਰ ਫੈਲਦੇ ਤੁਰੇ ਜਾ ਰਹੇ ਨੇ। ਬਟਾਲਾ ਸ਼ਹਿਰ ਵਿਚ ਵੀ ਪੁਲੀਸ ਦੇ ਸਿਖ ਜਵਾਨਾਂ ਨੇ ਹਿੰਦੂ ਪੁਲੀਸ ਤੇ ਸਰਕਾਰ ਵਿਰੁੱਧ ਹਥਿਆਰ ਚੁੱਕ ਲਏ ਨੇ ਅਤੇ ਗੁਰਦਾਸਪੁਰ ਜ਼ਿਲੇ ਵਿਚ ਕੁਝ ਹੋਰ ਥਾਵਾਂ ਉੱਪਰ ਵੀ ਭਾਰੀ ਗੜਬੜ ਫੈਲ ਜਾਣ ਦੀ ਸੰਭਾਵਨਾ ਹੈ।



ਇਸ ਤੋਂ ਇਲਾਵਾ ਉਹਨਾਂ ਵਾਕੀ ਟਾਕੀ ਟਾਈਪ ਵਾਇਰਲੈੱਸ ਸੈੱਟਾਂ ਤੋਂ ਕੁਝ ਇਸਤਰਾਂ ਦੇ ਸੰਕੇਤ ਵੀ ਪ੍ਰਾਪਤ ਹੋਏ ਸਨ ਕਿ ਜ਼ਿਲਾ ਅੰਮ੍ਰਿਤਸਰ ਦੇ ਰਾਜਾ ਸਾਂਸੀ, ਮਜੀਠਾ, ਫਤਹਿਗੜ੍ਹ ਚੂੜੀਆਂ (ਜ਼ਿਲਾ ਗੁਰਦਾਸਪੁਰ) ਸੰਗਰਾਣਾ ਸਾਹਿਬ, ਰੰਗਲਵੜ, ਲਾਲੂ ਘੁੰਮਨ ਨਾਗੀ ਕੇ, ਖਡੂਰ ਸਾਹਿਬ, ਹਰੀ ਕੇ ਪੱਤਨ, ਸਰਹਾਲੀ, ਤਰਨ ਤਾਰਨ, ਝਬਾਲ, ਬੀੜ ਬਾਬਾ ਬੁੱਢਾ ਸਾਹਿਬ ਅਤੇ ਬਰੋਟੂ ਆਦਿ ਇਲਾਕਿਆਂ ਵਿਚ ਫੌਜ ਨੂੰ ਹੋਰ ਭਾਰੀ ਗਿਣਤੀ ਵਿਚ ਭੇਜਣ ਲਈ ਕਿਹਾ ਜਾ ਰਿਹਾ ਹੈ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਇਲਾਵਾ ਅੱਜ ਸਵੇਰ ਤੋਂ ਹੀ ਅੰਮ੍ਰਿਤਸਰ ਸ਼ਹਿਰ ਦੇ ਆਲੇ ਦੁਆਲੇ ਤੇ ਬਾਹਰ ਦੂਰ ਦੂਰ ਤੱਕ ਦਿਨ ਭਰ ਉਡਾਨਾਂ ਭਰਦੇ ਰਹੇ ਹੈਲੀਕਾਪਟਰਾਂ ਦੀਆਂ ਸਰਗਰਮੀਆਂ ਨੇ ਵੀ ਕੰਪਲੈਕਸ ਅੰਦਰਲੀਆਂ ਸੰਗਤਾਂ ਤੇ ਆਮ ਸਿਘਾਂ ਵਿਚ ਇਨ੍ਹਾਂ ਸ਼ੰਕਿਆਂ ਨੂੰ ਕਿਸੇ ਹੱਦ ਤੱਕ ਹਵਾ ਦੇ ਰੱਖੀ ਸੀ ਕਿ ਬਾਹਰ ਪਿੰਡਾਂ ਕਸਬਿਆਂ ਅਤੇ ਪੰਜਾਬ ਦੇ ਵੱਖ ਵੱਖ ਭਾਗਾਂ ਅੰਦਰ ਗੜਬੜ ਅੱਵਸ਼ ਹੀ ਵਧ ਗਈ ਹੋਵੇਗੀ ਅਤੇ ਸਿਘਾਂ ਦੇ ਜਥੇ ਭਾਰੀ ਗਿਣਤੀ ਵਿਚ ਮੈਦਾਨ 'ਚ ਉੱਤਰ ਆਏ ਹੋਣਗੇ।

ਜਦ ਇਸਤਰਾਂ ਦੀਆਂ ਅਫਵਾਹਾਂ ਸਬੰਧੀ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਪਾਸ ਖਬਰ ਪੁਜੀ ਤਾਂ ਉਹਨਾਂ ਨੇ ਉਸੇ ਹੀ ਸਮੇਂ ਜਥੇ ਦੇ ਕੁਝ ਸਿਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਨੂੰ ਆਪਣੇ ਪਾਸ ਬੁਲਾਇਆ ਤੇ ਉਹਨਾਂ ਰਾਹੀਂ ਕੰਪਲੈਕਸ ਅੰਦਰ ਤੇ ਸਭ ਮੋਰਚਿਆਂ ਵਿਚ ਆਪਣਾ ਇਹ ਸੰਦੇਸ਼ ਭਿਜਵਾਇਆ।

'ਸਿਘੋ ਜੇ ਫੌਜ ਨੇ ਫਾਇਰਿੰਗ ਬੰਦ ਕਰ ਦਿਤੀ ਹੈ ਤਾਂ ਇਸਦਾ ਇਹ ਮਤਲਬ ਨਹੀਂ ਕਿ ਉਸਨੇ ਆਪਣਾ ਇਰਾਦਾ ਬਦਲ ਲਿਆ ਹੈ। ਹੋ ਸਕਦਾ ਹੈ ਕਿ ਦੁਸ਼ਮਨ ਦੀ ਇਹ ਕੋਈ ਨਵੀਂ ਰਣ-ਨੀਤੀ ਹੋਵੇ ਅਤੇ ਉਹ ਵੱਡੇ ਹਮਲੇ ਦੀ ਤਿਆਰੀ ਕਰ ਰਿਹਾ ਹੋਵੇ, ਇਸ ਲਈ ਕਿਸੇ ਵੀ ਸਿਘ ਨੇ ਇਕ ਛਿਣ ਪਲ ਵਾਸਤੇ ਵੀ ਅਵੇਸਲਿਆਂ ਨਹੀਂ ਹੋਣਾ ਤੇ ਲਾਪਰਵਾਹੀ ਤੋਂ ਕੰਮ ਨਹੀਂ ਲੈਣਾ। ਸਭ ਸਿਘ ਤੇ ਫੈਡਰੇਸ਼ਨ ਦੇ ਜਵਾਨਾਂ ਨੇ ਇਕ ਮਿੰਟ ਲਈ ਵੀ ਆਪਣੇ ਮੋਰਚੇ ਨਹੀਂ ਛੱਡਣੇ ਹੋਣਗੇ। ਹਰ ਪੱਖੋਂ ਹੁਸ਼ਿਆਰ ਤੇ ਤਿਆਰ ਬਰ ਤਿਆਰ ਰਹਿਣਾ ਹੋਵੇਗਾ। ਕਿਸੇ ਤਰਾਂ ਦੀ ਵੀ ਚਰਚਾ ਤੇ ਅਫਵਾਹ ਉੱਪਰ ਭਰੋਸਾ ਨਹੀਂ ਕਰਨਾ ਤੇ ਕਿਸੇ ਪੱਖੋਂ ਲਾਪਰਵਾਹੀ ਤੋਂ ਕੰਮ ਨਹੀਂ ਲੈਣਾ, ਆਪੋ ਆਪਣੇ ਮੋਰਚਿਆਂ ਦੇ ਆਸਲੇ ਦੁਆਲੇ ਤਿੱਖੀ ਨਜ਼ਰ ਰਖਣੀ ਹੈ ਤੇ ਗੈਰ ਬੰਦਿਆਂ ਉੱਪਰ ਵਸਾਹ ਨਹੀਂ ਖਾਣਾ।

ਜਿਹੜੇ ਸਿਘ ਗਸ਼ਤ ਜਾਂ ਵੱਖ ਵੱਖ ਥਾਵਾਂ ਨਾਕਿਆਂ ਉੱਪਰ ਪਹਿਰੇ ਤੇ ਨੇ ਉਹਨਾਂ ਨੂੰ ਕੰਪਲੈਕਸ ਅੰਦਰ ਪੈਂਦੇ ਗਲੀਆਂ ਬਾਜ਼ਾਰਾਂ ਵੱਲ ਦੂਰ ਦੂਰ ਤੱਕ ਵੇਖ ਤੇ ਤਾੜ ਰਖਣੀ ਚਾਹੀਦੀ ਹੈ। ਸਭ ਸਿਘਾਂ ਨੂੰ ਆਪੋ ਆਪਣੇ ਹਥਿਆਰ ਲੋਡ ਰਖਣੇ ਨੇ, ਪਰ ਗੋਲੀ ਐਵੇਂ ਕਿਧਰੇ ਸ਼ੱਕ ਵਿਚ ਹੀ ਚਲਾਉਣੀ ਸ਼ੁਰੂ ਨਹੀਂ ਕਰ ਦੇਣੀ। ਭਾਈ ਸੁਜਾਨ ਸਿਘ ਤੇ ਜਥੇ ਦੇ ਹੋਰ ਸਿਘ ਗਸ਼ਤ ਕਰਦੇ ਹੋਏ ਥਾਂ ਪਰਥਾਂ ਸਭ ਪਾਸ ਪੁਜਦੇ ਰਹਿਣਗੇ, ਜੇ ਕਿਸੇ ਨੂੰ ਕਿਸੇ ਵੀ ਗਲ ਦੀ ਕੋਈ ਮੁਸ਼ਕਲ ਪੇਸ਼ ਆਉਂਦੀ ਦਿੱਸੇ ਜਾਂ ਕਿਸੇ ਪੱਖੋਂ ਕੋਈ ਥੁੜ ਮਹਿਸੂਸ ਹੁੰਦੀ ਹੋਵੇ ਤਾਂ ਉਸ ਹਾਲਤ ਵਿਚ ਉਹਨਾਂ ਨੂੰ ਉਸੇ ਵੇਲੇ ਦਸਣਾ ਹੈ, ਕਿਸੇ ਗੱਲੋਂ ਝਿਜਕਣਾ ਨਹੀਂ ਤੇ ਸੰਕੋਚ ਨਹੀਂ ਕਰਨਾ। ਤੁਸੀਂ ਇਸ ਵੇਲੇ ਜੰਗ ਦੇ ਮੈਦਾਨ ਵਿਚ ਹੋ ਇਸ ਕਰਕੇ ਹਰ ਪੱਖੋਂ ਚੁਸਤ ਤੇ ਚੌਕੰਨੇ ਵੀ ਰਹਿਣਾ ਹੈ ਅਤੇ ਪੂਰੀ ਤਰਾਂ ਨਾਲ ਲੈਸ ਤੇ ਤਿਆਰ ਬਰਤਿਆਰ ਵੀ ਰਹਿਣਾ ਹੈ।'

ਸੰਤਾਂ ਨੇ ਆਪਣੇ ਇਸ ਸੰਦੇਸ਼ ਦੇ ਨਾਲ ਨਾਲ ਸਿਘਾਂ ਤੱਕ ਆਪਣੇ ਮਨ ਦੇ ਹਾਵਾਂ ਭਾਵਾਂ ਨਾਲ ਜੁੜੀ ਹੋਈ ਇਕ ਗੱਲ ਵੀ ਪਹੁੰਚਾ ਦਿੱਤੀ ਸੀ ਕਿ 'ਸਿਘੋ, ਜਿਸਤਰਾਂ ਤੁਸੀਂ ਅੱਜ ਸਵੇਰ ਤੋਂ ਹੀ ਹਰ ਪੱਖੋਂ ਸਾਵਧਾਨ ਰਹੇ ਜੇ ਅਤੇ ਦੁਸ਼ਟਾਂ ਵਲੋਂ ਕੀਤੀ ਜਾਂਦੀ ਰਹੀ ਗੋਲਾ ਬਾਰੀ ਤੇ ਫਾਇਰਿੰਗ ਦਾ ਵੀ

ਸਮੇਂ ਸਮੇਂ ਡਟ ਕੇ ਜਵਾਬ ਦੇਂਦੇ ਰਹੇ ਜੇ ਉਸੇ ਤਰ੍ਹਾਂ ਤੁਸਾਂ ਹੁਣ ਰਾਤ ਦੇ ਸਮੇਂ ਵੀ ਉਸੇ ਹੀ ਜੋਸ਼ ਜਜ਼ਬੇ ਤੇ ਉਤਸ਼ਾਹ ਨਾਲ ਹਰ ਪੱਖੋਂ ਚੇਤੰਨ ਰਹਿਣਾ ਹੈ। ਜੇ ਆਪਾਂ ਸਾਰੇ ਇਨ੍ਹਾਂ ਟੋਪੀ ਵਾਲਿਆਂ ਦੀ ਬਾਂਦਰ ਸੈਨਾ ਨੂੰ ਭਾਰੀ ਗਿਣਤੀ ਵਿਚ ਸੋਧ ਕੇ ਸ਼ਹੀਦੀਆਂ ਪਾਵਾਂਗੇ ਤਾਂ ਫਿਰ ਇਸ ਗੱਲ ਨਾਲ ਖਾਲਸਾ ਪੰਥ ਦਾ ਇਤਿਹਾਸ ਹੋਰ ਚਮਕੇਗਾ ਤੇ ਸੰਸਾਰ ਭਰ ਦੇ ਲੋਕਾਂ ਅੰਦਰ ਵਿਆਪਕ ਰੂਪ 'ਚ ਰੋਸ਼ਨ ਹੋਵੇਗਾ ਇਸ ਤੋਂ ਇਲਾਵਾ ਸਿੱਖ ਕੌਮ ਨੂੰ ਇਸ ਗੱਲ ਦਾ ਵੀ ਬਲ ਮਿਲੇਗਾ ਕਿ ਸਿੱਖ ਦੁਸਟਾਂ ਦੇ ਮੁਕਾਬਲੇ ਗਿਣਤੀ ਪੱਖੋਂ ਆਟੇ 'ਚ ਲੂਣ ਬਰਾਬਰ ਹੁੰਦੇ ਹੋਏ ਵੀ ਉਹਨਾਂ ਉੱਪਰ ਭਾਰੂ ਰਹੇ ਸਨ ਅਤੇ ਆਖਰੀ ਸਵਾਸਾਂ ਤੱਕ ਗੋਲੀ ਦਾ ਜਵਾਬ ਗੋਲੀ ਵਿਚ ਦੇਂਦੇ ਰਹੇ ਸਨ। ਤੁਹਾਡੇ ਵਲੋਂ ਸ੍ਰੀ ਦਰਬਾਰ ਸਾਹਿਬ ਦੀ ਇਸ ਪਵਿੱਤਰ ਭੂਮੀ ਉੱਪਰ ਭਾਰਤੀ ਸੈਨਾ ਦੇ ਮੁਕਾਬਲੇ ਲੜੇ ਜਾਣ ਵਾਲੇ ਇਸ ਯੁੱਧ ਦਾ ਪ੍ਰਭਾਵ ਸਿੱਖ ਕੌਮ ਦੇ ਸਮੁੱਚੇ ਜੀਵਨ ਕਾਲ ਅਰਥਾਤ ਵਰਤਮਾਨ ਤੇ ਭਵਿੱਖ 'ਤੇ ਬੜੇ ਹੀ ਡੂੰਘੇ ਰੂਪ ਵਿਚ ਪੈਣਾ, ਭਵਿੱਖ ਦੀਆਂ ਪੀਹੜੀਆਂ ਆਉਣ ਵਾਲੇ ਸਮਿਆਂ ਤੇ ਯੁਗਾਂ ਵਿਚ ਉਸ ਪ੍ਰਭਾਵ ਨੂੰ ਕਬੂਲਣ ਤੋਂ ਬਿਨਾ ਰਹਿ ਨਹੀ ਸਕਣਗੀਆਂ ਜੋ ਪ੍ਰਭਾਵ ਤੁਸੀਂ ਉਹਨਾਂ ਲਈ ਅੱਜ ਇੱਥੇ ਛੱਡੋਗੇ। ਜੇ ਤੁਸੀਂ ਇਨ੍ਹਾਂ ਦਿਨਾਂ ਵਿਚ ਦੁਸ਼ਮਨ ਫੌਜ ਦੇ ਮੁਕਾਬਲੇ ਆਪਣੇ ਪੁਰਖਿਆਂ ਦੀ ਨਿਆਈਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਕੋਈ ਬਲਵਾਨ ਚਮਤਕਾਰ ਵਿਖਾਉਣ ਵਿਚ ਕਾਮਯਾਬ ਹੋ ਗਏ ਤਾਂ ਫਿਰ ਉਸ ਦਸ਼ਾ ਵਿਚ ਸਿੱਖ ਕੌਮ ਨੂੰ ਰਹਿੰਦੀ ਦੁਨੀਆਂ ਤੱਕ ਤੁਹਾਡੇ ਇਸ ਕਾਰਨਾਮੇ ਉੱਪਰ ਗੌਰਵ ਰਹੇਗਾ ਅਤੇ ਤੁਹਾਡੀਆਂ ਕੁਰਬਾਨੀਆਂ ਖਾਲਸਾ ਪੰਥ ਦੀ ਆਜ਼ਾਦੀ ਖੁਸ਼ਹਾਲੀ ਤੇ ਚੜ੍ਹਦੀ ਕਲਾ ਲਈ ਇਕ ਨਵਾਂ ਮੀਲ ਪੱਥਰ ਸਾਬਤ ਹੋਣਗੀਆਂ। ਉਸ ਸਮੇਂ ਫਿਰ ਤੁਹਾਡੇ ਇਸ ਮਨੋ ਬਲ, ਸਾਹਸ ਜੁਰੱਤ, ਜੁਝਾਰੂ ਜਜ਼ਬੇ, ਸੈਨਿਕ ਖੂਬੀਆਂ ਵਡਿਆਈਆਂ ਨਾਲ ਭਰਪੂਰ ਕਾਰਨਾਮੇ ਅਤੇ ਸਿੱਖ ਧਰਮ ਦੀ ਰਾਖੀ ਤੇ ਸਿੱਖ ਕੌਮ ਦੀ ਆਜ਼ਾਦੀ ਖੁਦਮੁਖਤਿਆਰੀ ਦੀ ਪ੍ਰਾਪਤੀ ਹਿਤ ਲੜੇ ਜਾਣ, ਵਾਲੇ ਲਹੂ ਡੋਹਲਵੇਂ ਯੁੱਧ ਦੀ ਦਾਸਤਾਨ ਅਰਥਾਤ ਕਿੱਸੇ, ਜਿਥੇ ਖਾਲਸਾ ਪੰਥ ਲਈ ਸ਼ਕਤੀ ਤੇ ਉਤਸ਼ਾਹ ਦਾ ਸੋਮਾ ਬਣੇ ਰਹਿਣਗੇ ਉਥੇ ਸਾਡੀ ਸਭਨਾਂ ਦੀ ਆਤਮਕ ਪ੍ਰਸੰਨਤਾ ਦਾ ਕਾਰਨ ਵੀ ਬਣੇ ਰਹਿਣਗੇ।

ਸਿੰਘੋ, ਜੇਕਰ ਅਸੀਂ ਗੁਰੂ ਘਰ ਤੇ ਗੁਰੂ ਪੰਥ ਦੀ ਖਾਤਰ ਆਪਣੀ ਪੂਰੀ ਪੂਰੀ ਸ਼ਕਤੀ ਤੇ ਜ਼ੁੰਮੇਵਾਰੀ ਨਾਲ ਆਪਣਾ ਫਰਜ਼ ਤੇ ਧਰਮ ਪਾਲ ਗਏ ਤਾਂ ਫਿਰ ਇਹ ਗੱਲ ਯਕੀਨੀ ਸਮਝੋ ਕਿ ਸਿੱਖ ਦੁਸ਼ਮਨ ਤਾਕਤਾਂ ਦੇ ਵਿਨਾਸ਼ ਦੀ ਘੜੀ ਅਤੇ ਖਾਲਸਾ ਰਾਜ ਦੀ ਮੰਜ਼ਲ, ਇਹ ਦੋਹਵੇਂ ਹੀ ਗੱਲਾਂ ਬਹੁਤ ਨੇੜੇ ਆ ਜਾਣਗੀਆਂ। ਖਾਲਸਾ ਜੀ, ਇਸ ਸਮੇਂ ਅਸੀਂ ਜਿਥੇ ਬੈਠੇ ਖਲੋਤੇ ਹੋਏ ਹਾਂ ਅਤੇ ਗੁਰੂ ਘਰ ਦੇ ਇਸ ਪਵਿੱਤਰ ਅਸਥਾਨ ਤੋਂ ਜੋ ਸਾਨੂੰ ਇਕ ਅਮੀਰ ਵਿਰਸੇ ਦੀ ਦੌਲਤ ਨਸੀਬ ਹੋਈ ਹੈ, ਇਹ ਕਿਸੇ ਭਾਗਾਂ ਵਾਲੀ ਕੌਮ ਨੂੰ ਹੀ ਨਸੀਬ ਹੁੰਦੀ ਹੈ। ਇਸ ਕਰਕੇ ਸਾਨੂੰ ਹੁਣ ਇਸ ਦੌਲਤ ਦੀ ਅਮੀਰੀ ਤੇ ਸ਼ਾਨ ਨੂੰ ਕਾਇਮ ਰਖਣ ਵਾਸਤੇ ਅਵੱਸ਼ ਹੀ ਸਿਰ ਧੜ ਦੀ ਬਾਜ਼ੀ ਲਾਉਣੀ ਪੈਣੀ ਹੈ। ਸੋ ਇਸ ਵਾਸਤੇ ਸਿੰਘੋ, ਕਿਧਰੇ ਭੁੱਲ ਕੇ ਵੀ ਅਵੇਸਲੇ ਨਹੀਂ ਹੋਣਾ ਅਤੇ ਕਿਸੇ ਪਰਕਾਰ ਦੀ ਕੋਈ ਕਮਜ਼ੋਰੀ ਨਹੀਂ ਵਖਾਉਣੀ, ਕਿਉਂਕਿ ਵਰਤਮਾਨ ਪ੍ਰਸਥਿਤੀਆਂ ਵਿਚ ਤੁਹਾਡੀ ਇਕ ਇਕ ਗੱਲ, ਹਰਕਤ ਅਰਥਾਤ ਸੋਚ, ਨੀਤੀ, ਭਾਵਨਾ ਤੇ ਕਾਰਵਾਈ ਨੇ ਸਮੁੱਚੀ ਸਿੱਖ ਕੌਮ ਦੇ ਅਨੁਭਵ ਤੇ ਅਮਲ-ਕਰਮ ਦੀਆਂ ਨੀਤੀਆਂ ਸਰਗਰਮੀਆਂ ਉੱਪਰ ਡੂੰਘੇ ਤੇ ਸਥਾਈ ਰੂਪ ਵਿਚ ਅਸਰ ਪਾਉਣਾ ਹੈ।'

ਸਿੰਘ ਭਾਵੇਂ ਪਿਛਲੇ ਤਿੰਨਾਂ ਦਿਨਾਂ ਤੋਂ ਪੂਰੀ ਨੀਂਦ ਨਹੀਂ ਸਨ ਲੈ ਸਕੇ ਅਤੇ ਚਾਰ ਚੁਫੇਰੇ ਹੀ ਭਾਰੀ ਭੱਜ-ਨੱਠ ਤੇ ਜੰਗ ਯੁੱਧ ਦੀ ਹਾਲਤ ਵਿਚ ਰਹਿਣ ਕਾਰਨ ਉਹਨਾਂ ਨੂੰ ਖੇਚਲ ਖਚੱਲ ਵੀ ਬਹੁਤ ਰਹੀ ਸੀ, ਪਰ ਉਹ ਫਿਰ ਵੀ ਆਪਣੇ ਬਲਵਾਨ ਮਨੋਬਲ ਸਦਕਾ ਬਿਲਕੁਲ ਤਾਜ਼ਾ ਦਮ ਪ੍ਰਤੀਤ ਹੋ ਰਹੇ ਸਨ, ਕਿਉਂਕਿ ਸੰਤਾਂ ਦੀ ਸ਼ਖਸੀਅਤ ਦਾ ਉਹਨਾਂ ਉੱਪਰ ਐਸਾ ਦਿਲ ਟੁੰਬਵਾਂ ਪ੍ਰਭਾਵ ਸੀ ਕਿ



ਸੰਤ ਭਿੰਡਰਾਂਵਾਲਿਆਂ ਵਲੋਂ ਕੋਈ ਸੰਦੇਸ਼ ਆਦੇਸ਼ ਮਿਲਦਿਆਂ ਸਾਰ ਹੀ ਭਾਵੇਂ ਉਹ ਹੋਰ ਕਠਨਾਈ ਤੇ ਮੁਸ਼ਕਲ ਵਿਚ ਪਾਉਣ ਵਾਲਾ ਹੀ ਕਿਉਂ ਨਾ ਹੋਵੇ, ਸਿੰਘਾਂ ਦਾ ਮਨੋ ਬਲ ਚੜ੍ਹਦੀ ਕਲਾ 'ਚ ਹੋ ਜਾਂਦਾ ਸੀ ਅਤੇ ਭੁੱਖ ਪਿਆਸ ਥਕਾਵਟ ਤੇ ਅਵੇਸਲਾਪਣ ਕਿਧਰੇ ਖੰਭ ਲਾਕੇ ਉਡ ਪੁੱਡ ਜਾਂਦੇ ਸਨ।

ਸੰਤਾਂ ਦੀ ਸ਼ਖਸੀਅਤ ਉਹਨਾਂ ਦੇ ਹਰ ਬੋਲ ਦਾ ਉਹਨਾਂ ਦੇ ਸੰਪਰਕ ਵਿਚ ਆਉਣ ਵਾਲੇ ਸਿੰਘਾਂ ਤੇ ਨੌਜਵਾਨਾਂ ਉੱਪਰ ਏਨਾ ਗੂੜ੍ਹਾ ਡੂੰਘਾ ਤੇ ਚਿਰਜੀਵੀ ਅਸਰ ਹੁੰਦਾ ਸੀ ਕਿ ਹਰ ਸਿੰਘ ਉਸ ਪ੍ਰਭਾਵ ਨੂੰ ਆਪਣੇ ਜੀਵਨ ਦੀ ਅਮਲ ਕਰਮ ਤੇ ਅਨੁਭਵ ਵਿਚ ਸਮਾ ਕੇ ਆਪਣਾ ਸੀਸ ਸਿੱਖ ਧਰਮ ਤੇ ਖਾਲਸਾ ਪੰਥ ਤੋਂ ਨਸ਼ਾਵਰ ਕਰਨ ਲਈ ਤਤਪਰ ਹੋ ਜਾਂਦਾ ਸੀ। ਇਥੋਂ ਤਕ ਕਿ ਕੋਈ ਵੀ ਸਿੰਘ ਸੰਤਾਂ ਦੇ ਕਿਸੇ ਸੰਦੇਸ਼ ਆਦੇਸ਼ ਨੂੰ ਆਪਣੇ ਮਨ ਉੱਪਰ ਭਾਰ ਜਾਂ ਆਪਣੇ ਲਈ ਕੋਈ ਠੋਸਿਆ ਹੋਇਆ ਹੁਕਮ ਨਹੀਂ ਸੀ ਸਮਝਦਾ ਸਗੋਂ ਉਸਨੂੰ ਇਕ ਐਸੇ ਹੱਕ ਦੀ ਨਿਆਈਂ ਸਮਝਦਾ ਸੀ ਜਿਸ ਵਿਚ ਗੁਰੂ ਘਰ ਦੇ ਆਸ਼ੇ ਉਦੇਸ਼, ਸ਼ਹੀਦ ਸਿੰਘਾਂ ਦੇ ਸੁਪਣੇ ਅਤੇ ਖਾਲਸਾ ਪੰਥ ਦੀਆਂ ਖਾਲਸਾ ਰਾਜ ਪ੍ਰਤੀ ਰੀਝਾਂ ਤੇ ਸੰਕਲਪ ਖੇਡ ਰਹੇ ਹੋਣ।

# 25.

ਸਰਕਾਰ ਵਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰਲੇ ਟੈਲੀਫੂਨ ਆਦਿ ਸੰਚਾਰ ਸਾਧਨ ਦ ਭੋਗ, ਅੰਮ੍ਰਿਤਸਰ ਸ਼ਹਿਰ ਦੇ ਸੰਚਾਰ ਸਾਧਨ ਕੱਟਨ ਤੋਂ ਪਹਿਲਾਂ ਹੀ ਪਾਇਆ ਜਾ ਚੁੱਕਾ ਸੀ, ਜਿਸ ਕਰਕੇ ਸਮੁੱਚਾ ਕੰਪਲੈਕਸ ਬਾਕੀ ਦੇ ਸੰਸਾਰ ਨਾਲੋਂ ਬਿਲਕੁਲ ਹੀ ਕੱਟਿਆ ਹੋਇਆ ਸੀ।

ਬਿਜਲੀ ਦੀ ਸਪਲਾਈ ਬੰਦ ਹੋਣ ਕਰਕੇ ਸਮੁੱਚਾ ਕੰਪਲੈਕਸ ਤੇ ਇਸਦਾ ਆਲਾ ਦੁਆਲਾ ਘੁੱਪ ਅਨੇਰੇ ਵਿਚ ਗਵਾਚ ਗਿਆ ਲਗਦਾ ਸੀ। ਦਰਬਾਰ ਸਾਹਿਬ ਦੇ ਜੈਨਰੇਟਰ ਵੀ ਚਲਾਏ ਨਹੀਂ ਸਨ ਜਾ ਰਹੇ ਕਿਉਂਕਿ ਐਸੀ ਸਥਿਤੀ ਵਿਚ ਕੰਪਲੈਕਸ ਅੰਦਰ ਰੋਸ਼ਨੀ ਦਾ ਪ੍ਰਬੰਧ ਕਰਨ ਨਾਲ, ਕੰਪਲੈਕਸ ਤੋਂ ਬਾਹਰ ਦੂਰ ਤੱਕ ਉੱਚੀਆਂ ਇਮਾਰਤਾਂ ਉੱਪਰ ਮੋਰਚੇ ਸੰਭਾਲੀ ਬੈਠੇ ਫੌਜੀਆਂ ਨੂੰ ਦਰਬਾਰ ਸਾਹਿਬ ਅੰਦਰਲੀਆਂ ਸਰਗਰਮੀਆਂ ਸਾਫ ਦਿਖਾਈ ਪੈਂਦੀਆਂ ਸਨ ਜਿਸ ਕਰਕੇ ਸਭ ਪਾਸੇ ਹਨੇਰਾ ਹੀ ਹਨੇਰਾ ਫੈਲਿਆ ਹੋਇਆ ਸੀ।

ਜੇ ਕੰਪਲੈਕਸ ਦੇ ਅੰਦਰ ਕਿਸੇ ਪਾਸਿਓਂ ਚਾਨਣ ਦੀ ਮੱਧਮ ਜਿਹੀ ਲੋਅ ਐਵੇਂ ਘੇਸਲੂਮ ਰੂਪ ਵਿਚ ਮੋਟੇ ਰੰਗਦਾਰ ਕਪੜੇ ਦੇ ਪਰਦਿਆਂ ਵਿਚ ਦੀ ਨਜ਼ਰੀਂ ਪੈਂਦੀ ਵੀ ਸੀ ਤਾਂ ਉਹ ਸ੍ਰੀ ਹਰਿਮੰਦਰ ਸਾਹਿਬ ਦਾ ਭਵਨ ਹੀ ਸੀ, ਜੋ ਭਾਰਤੀ ਫੌਜ ਦੀਆਂ ਗੋਲੀਆਂ ਨਾਲ ਛਲਣੀ ਛਲਣੀ ਹੋਇਆ ਪਿਆ ਸੀ।

ਇਸੇ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਤਖਤ ਸਾਹਿਬ ਵਾਲੀ ਮੰਜ਼ਲ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਕਾਸ਼ ਹੋਣ ਕਰਕੇ ਉੱਥੋਂ ਵੀ ਜੋ ਮੱਧਮ ਜਿਹੀ ਲੋਅ ਨਜ਼ਰੀਂ ਆ ਰਹੀ ਸੀ ਉਹ ਵੀ ਐਵੇਂ ਨਾਮ ਮਾਤਰ ਰੂਪ 'ਚ ਹੀ ਆਪਣੀ ਦੇਖ ਵਿਖਾ ਰਹੀ ਸੀ।

ਸ੍ਰੀ ਹਰਿਮੰਦਰ ਸਾਹਿਬ, ਜਿਥੇ ਸਮੁੱਚੀ ਮਨੁੱਖਤਾ ਨੂੰ ਆਤਮਕ ਤ੍ਰਿਪਤੀ ਤੇ ਗਿਆਨ ਦੀ ਰੋਸ਼ਨੀ ਨਸੀਬ ਹੁੰਦੀ ਹੈ ਅੱਜ ਉਸਦੇ ਦੁਆਲੇ ਦੂਰ ਦੂਰ ਗੁਰ ਘਰ ਤੇ ਸਿੱਖ ਕੌਮ ਦੀਆਂ ਦੁਸ਼ਮਣ ਤਾਕਤਾਂ ਆਪਣੀ ਫੌਜੀ ਜੰਗੀ ਸ਼ਕਤੀ ਦੇ ਪੰਜੇ ਫੈਲਾਈ ਤੇ ਖੰਭ ਖਲਾਰੀ ਛਾਈਆਂ ਹੋਈਆਂ ਸਨ।

ਜਿਸ ਹਰਿਮੰਦਰ ਸਾਹਿਬ ਤੋਂ ਸਮੇਂ ਸਮੇਂ ਹਜ਼ਾਰਾਂ ਸਿੱਖਾਂ ਨੇ ਬਲ ਤੇ ਰੋਸ਼ਨੀ ਲੈਕੇ ਅਤੇ ਆਪਣੇ ਸੀਸ ਤਲੀ ਉੱਪਰ ਟਿਕਾ ਕੇ ਤੇ ਰਣ ਤੱਤਿਆਂ ਵਿਚ ਜੂਝ ਜੂਝ ਕੇ ਹਿਦੂਸਤਾਨ ਤੇ ਉਸਦੇ ਕਰੋੜਾਂ ਹਿਦੂਆਂ ਨੂੰ ਵਿਦੇਸ਼ੀਆਂ ਹੱਥੋਂ ਆਏ ਦਿਨ ਪੈਣ ਵਾਲੀਆਂ ਕੁੱਟਾਂ ਕੁਤਕੱਟਾਂ ਅਤੇ ਗੁਲਾਮੀ ਜ਼ਲਾਲਤ ਤੇ ਬਰਬਾਦੀ ਦੇ ਝਖੜਾਂ ਹਨੇਰਿਆਂ ਵਿਚ ਗਰਕ ਹੋਣ ਤੋਂ ਬਾਰ ਬਾਰ ਬਚਾਇਆ ਸੀ ਅੱਜ ਉਹਨਾਂ ਹੀ ਹਿਦੂਆਂ ਦੀ ਹਕੂਮਤ ਦੇ ਲਾਓ ਲਸ਼ਕਰ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਉਸਦੇ ਆਲੇ ਦੁਆਲੇ ਨੂੰ ਤੋਪਾਂ ਤੇ ਮਸ਼ੀਨ ਗੰਨਾਂ ਦੇ ਪਹਿਰੇ ਹੇਠ ਘੁੱਪ ਹਨੇਰੇ ਵਿਚ ਡੋਬ ਰੱਖਿਆ ਸੀ। ਪਰ ਸਭ ਪਾਸੇ ਫੈਲੇ ਹੋਏ ਇਸ ਘੁੱਪ ਅਨੇਰੇ ਅਤੇ ਫੌਜੀ ਹਮਲੇ ਦੀ ਸੰਭਾਵਨਾ ਦੇ ਬਾਵਜੂਦ ਦਰਬਾਰ ਸਾਹਿਬ ਦੀ ਪਰਕਰਮਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਭਵਨ ਅੰਦਰ ਸੰਗਤਾਂ ਦੀ ਆਵਾ ਜਾਈ ਜਾਰੀ ਸੀ। ਇਥੋਂ ਤੱਕ ਕਿ



ਸੰਗਤਾਂ ਕਿਧਰੇ ਵਿਰਲੇ ਟਾਵੇਂ ਰੂਪ ਵਿਚ ਸਰੋਵਰ ਦੇ ਕਨਾਰੇ ਅਤੇ ਭਵਨ ਦੇ ਅੰਦਰ ਤੇ ਬਾਹਰ ਬੈਠ ਕੇ ਮਿਠੀਆਂ ਪਿਆਰੀਆਂ ਤੇ ਵੈਰਾਗਮਈ ਮੱਧਕ ਮੱਧਮ ਧੁਨਾਂ ਸੁਰਾਂ ਦੇ ਰੂਪ ਵਿਚ ਸੁਣਾਈ ਦੇ ਰਹੇ ਕੀਰਤਨ ਦਾ ਪੂਰਾ ਪੂਰਾ ਆਨੰਦ ਮਾਨ ਰਹੀਆਂ ਸਨ।

ਇਸੇ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਵੱਖ ਵੱਖ ਇਮਾਰਤਾਂ ਉੱਪਰ ਅਤੇ ਜੁਝਾਰੂ ਸਿੰਘਾਂ ਤੇ ਨੌਜਵਾਨਾਂ ਦੇ ਮੋਰਚਿਆਂ ਗੁਰੂ ਰਾਮਦਾਸ ਸਰਾਂ, ਅਕਾਲ ਰੈਸਟ ਹਾਊਸ ਅਤੇ ਗੁਰੂ ਨਾਨਕ ਨਿਵਾਸ ਆਦਿ ਅਸਥਾਨਾਂ 'ਤੇ ਵੀ ਆਪਣੇ ਆਪਣੇ ਮਾਹੌਲ ਮੁਤਾਬਕ ਸਿੰਘ ਤੇ ਸੰਗਤਾਂ ਦੀਆਂ ਸਰਗਰਮੀਆਂ ਭਖਵੇਂ ਰੂਪ ਵਿਚ ਜਾਰੀ ਸਨ। ਜਿਸ ਕਰਕੇ ਇਨ੍ਹਾਂ ਅਸਥਾਨਾਂ ਦੇ ਵਾਤਾਵਰਨ ਵਿਚ ਸੁਣਾਈ ਦੇ ਰਹੇ ਬੋਲਾਂ ਵਿਚ ਵੀ ਜੋਸ਼ ਜਜ਼ਬੇ ਠਰੰਮੇ ਤੇ ਚੜ੍ਹਦੀ ਕਲਾ ਦਾ ਪ੍ਰਭਾਵ ਮਿਲਵੇਂ ਜੁਲਵੇਂ ਰੂਪ ਵਿਚ ਆਪਣਾ ਰੰਗ ਵਿਖਾ ਰਿਹਾ ਸੀ।

ਇਸ ਹਾਲਤ ਵਿਚ ਆਮ ਸੰਗਤਾਂ ਦੀ ਮਾਨਸਿਕ ਅਵਸਥਾ ਤੋਂ ਇਹ ਪਤਾ ਲਗਦਾ ਸੀ ਕਿ ਉਹਨਾਂ ਦੇ ਮਨ ਉੱਪਰ ਕੰਪਲੈਕਸ ਤੋਂ ਬਾਹਰ ਤੋਪਾਂ ਮਸ਼ੀਨ ਗੰਨਾਂ ਤੇ ਆਟੋਮੈਟਕ ਹਥਿਆਰ ਤਾਣੀ ਅਤੇ ਦਰਬਾਰ ਸਾਹਿਬ ਕੰਪਲੈਕਸ ਉੱਪਰ ਹਮਲਾ ਬੋਲਣ ਲਈ ਤਿਆਰ ਬਰ ਤਿਆਰ ਰੂਪ ਵਿਚ ਬੈਠੀ ਹੋਈ ਫੌਜ ਦਾ ਕੋਈ ਖਾਸ ਅਸਰ ਨਹੀਂ ਹੁੰਦਾ ਪਰ ਸੰਗਤਾਂ ਦੇ ਮੁਕਾਬਲੇ ਜਿਥੋਂ ਤੱਕ ਸਮੁੰਦਰੀ ਹਾਲ ਵਿਚ ਬੈਠੇ ਹੋਏ ਪੰਥਕ ਅਰਥਾਤ ਅਕਾਲੀ ਆਗੂਆਂ, ਉਹਨਾਂ ਦੇ ਬਾਡੀ ਗਾਰਡਾਂ ਯੂਥ ਅਕਾਲੀ ਦਲ ਦੇ ਵਰਕਰਾਂ, ਛੋਟੇ ਵਡੇ ਜਥੇਦਾਰਾਂ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦੀ ਸੋਚ, ਨੀਤੀ ਤੇ ਮਾਨਸਿਕ ਅਵਸਥਾ ਦਾ ਸਵਾਲ ਸੀ ਉਹ ਬੜੀ ਹੀ ਪਤਲੀ, ਡਾਵਾਂ ਡੋਲ ਅਤੇ ਕਈ ਪਰਕਾਰ ਦੇ ਵਿਸਵਾਸਿਆਂ ਤੇ ਅੰਦੇਸ਼ਿਆਂ ਵਿਚ ਘਿਰੀ ਹੋਈ ਸਾਫ ਪ੍ਰਤੀਤ ਹੋ ਰਹੀ ਸੀ ਜਿਸ ਕਰਕੇ ਸਮੁੰਦਰੀ ਹਾਲ ਦੇ ਬਰਾਂਡਿਆਂ ਹੇਠਲੀਆਂ ਉੱਪਰਲੀਆਂ ਮੰਜ਼ਲਾਂ ਦੇ ਕਮਰਿਆਂ, ਖੱਬੇ ਸੱਜੇ ਪੈਂਦੇ ਦਾਲਾਨਾਂ, ਕੰਪਲੈਕਸ ਅੰਦਰਲੀ ਸੜਕ ਦੇ ਨਾਲ ਨਾਲ ਲਗਦੇ ਖੁੱਲੇ ਕਸ਼ਾਦਾ ਤੇ ਹਰਿਆਲੇ ਲਾਣ ਅਤੇ ਇਸਦੀਆਂ ਸਭ ਤੋਂ ਉੱਪਰਲੀਆਂ ਛੱਤਾਂ ਵੱਲ ਵੇਖਿਆਂ ਇਸਤਰਾਂ ਜਾਪਦਾ ਸੀ ਕਿ ਜਿਵੇਂ ਯੁੱਗਾਂ ਤੋਂ ਅੱਜ ਦੇ ਦਿਨ ਦੀ ਉਡੀਕ ਵਿਚ ਬੈਠੀ ਹੋਈ ਕਿਸੇ ਭੁੱਖੀ ਡੈਣ ਨੇ ਸਮੁੰਦਰੀ ਹਾਲ ਦੇ ਅੰਦਰ ਆਪਣੇ ਆਪ ਨੂੰ ਤਾੜੀ ਬੈਠੇ ਪੰਥ ਦੇ ਮਲਾਹਾਂ ਤੇ ਉਹਨਾਂ ਦੇ ਬੇੜੇ ਵਿਚ ਬੈਠੇ ਹੋਏ ਸਾਰੇ ਦੇ ਸਾਰੇ ਪੂਰ ਦੇ ਕਲੇਜਿਆਂ ਤੇ ਰੂਹਾਂ ਜ਼ਮੀਰਾਂ ਨੂੰ ਕੱਢ ਕੇ ਖਾ ਲਿਆ ਹੋਵੇ।

ਇਨ੍ਹਾਂ ਹਾਲਾਤ ਵਿਚ ਮੈਂ ਗੁਰੂ ਨਾਨਕ ਨਿਵਾਸ ਦੀ ਤੀਸਰੀ ਮੰਜ਼ਲ ਉੱਪਰ ਦਰਬਾਰ ਸਾਹਿਬ ਕੰਪਲੈਕਸ ਦੇ ਕੁਝ ਇਕ ਭਾਗਾਂ ਵਿਚ ਜਾਣ ਤੋਂ ਬਾਅਦ, ਗੁਰੂ ਨਾਨਕ ਨਿਵਾਸ ਦੇ 32 ਨੰਬਰ ਕਮਰੇ ਦੇ ਬਰਾਮਦੇ ਵਿਚ ਖਲੋਤਾ ਕੋਈ ਚਹੁੰ ਪੰਜਾਂ ਸਿੰਘਾਂ ਨਾਲ ਵਿਚਾਰ ਸਾਂਝੇ ਕਰ ਰਿਹਾ ਸਾਂ। ਵਰਤਮਾਨ ਸਮੇਂ ਤੇ ਹਾਲਾਤ ਨੂੰ ਵੇਖਦਿਆਂ ਜਾਚਦਿਆਂ ਅਤੇ ਕੰਪਲੈਕਸ ਅੰਦਰਲੀ ਸਥਿਤੀ ਨੂੰ ਭਾਂਪਦਿਆਂ ਹੋਇਆਂ ਮੈਂ ਆਪਣੇ ਨਾਲ ਦੇ ਸਿੰਘਾਂ ਨੂੰ ਕਹਿ ਰਿਹਾ ਸਾਂ ਕਿ ਕੌਮ ਦੇ ਜਿਹੜੇ ਆਗੂ ਨੀਤੀ ਤੇ ਨਿਸ਼ਾਨੇ ਪੱਖੋਂ ਸਹੀ ਰਸਤਾ ਅਖਤਿਆਰ ਨਹੀਂ ਕਰਦੇ ਅਤੇ ਦੂਰ ਭਵਿੱਖ ਵੱਲ ਵੇਖਦਿਆਂ ਹੋਇਆਂ ਠੀਕ ਫੈਸਲੇ ਨਹੀਂ ਲੈਂਦੇ ਉਹ ਅਕਸਰ ਆਪਣੀ ਕੌਮ ਦੀ ਕਿਸਮਤ ਦੁੱਖਾਂ ਕਸ਼ਟਾਂ ਦੇ ਝੱਖੜ ਝੋਲਿਆਂ ਤੇ ਅੱਗ ਭਾਂਬੜਾਂ ਦੀਆਂ ਲਾਟਾਂ ਦੇ ਹਵਾਲੇ ਕਰ ਜਾਂਦੇ ਹਨ। ਅੱਜ ਆਹ ਖਾਲਸਾ ਪੰਥ ਨੂੰ ਜੋ ਕੁਝ ਵੀ ਵੇਖਣਾ ਤੇ ਝਲਣਾ ਪੈ ਰਿਹਾ ਹੈ ਵਾਸਤਵ ਵਿਚ ਇਹ 1947 ਤੋਂ ਪਹਿਲੇ ਦੋਹ ਦਹਾਕਿਆਂ ਵਿਚ ਪੰਥ ਦੀ ਅਗਵਾਈ ਕਰਦੇ ਰਹੇ ਪੰਥਕ ਆਗੂਆਂ ਦੀਆਂ ਕਮਜ਼ੋਰੀਆਂ, ਗਲਤੀਆਂ, ਗੱਦਾਰੀਆਂ ਅਤੇ ਅੰਨੀਆਂ ਸੋਚਾਂ ਤੇ ਨੀਤੀਆਂ ਦਾ ਹੀ ਨਤੀਜਾ ਹੈ। ਜੇ ਉਸ ਸਮੇਂ ਦੇ ਸਿਖ ਆਗੂਆਂ ਨੇ ਮੁਸਲਮਾਨ ਕੌਮ ਦੇ ਆਗੂ ਕਾਇਦ-ਏ-ਆਜ਼ਮ ਮੁਹੰਮਦ ਅਲੀ ਜਿਨ੍ਹਾ ਦੀ ਤਰਾਂ ਖਾਲਸਾ ਪੰਥ ਦੀ

ਆਜ਼ਾਦ ਹਸਤੀ ਤੇ ਖਾਲਸਾ ਜੀ ਦੇ ਬੋਲ ਬਾਲੇ ਤੇ ਰਾਜ ਕਰੇਗਾ ਖਾਲਸਾ ਆਦਿ ਬੋਲਿਆਂ ਦੇ ਮਹੱਤਵ ਨੂੰ ਸਮਝਿਆ ਪਛਾਣਿਆਂ ਹੁੰਦਾ ਅਤੇ ਕਿਸੇ ਅਕਲ ਫਿਕਰ ਤੇ ਦੂਰ ਦ੍ਰਿਸ਼ਟੀ ਤੋਂ ਕੰਮ ਲੈਕੇ ਕੋਈ ਠੀਕ ਫੈਸਲੇ ਤੇ ਸਟੈਂਡ ਲਿਆ ਹੁੰਦਾ ਤਾਂ ਅਜ ਪੰਥ ਨੂੰ ਆਹ ਦਿਨ ਵੇਖਣੇ ਨਸੀਬ ਨਹੀਂ ਸਨ ਹੋਣੇ। ਇਹ ਜੋ ਅੱਜ ਸਮੁੱਚੇ ਖਾਲਸਾ ਪੰਥ ਨੂੰ ਕਾਲੇ ਤੇ ਕਰੂਪ ਦਿਨ ਵੇਖਣੇ ਪੈ ਰਹੇ ਹਨ. ਉਹਨਾਂ ਆਗੂਆਂ ਦੀਆਂ ਕਰਤੂਤਾਂ ਕਰਕੇ ਹੀ ਵੇਖਣੇ ਪੈ ਰਹੇ ਹਨ।

ਮੇਰੇ ਇਸ ਕਥਨ ਦੇ ਉੱਤਰ ਵਿਚ ਅਵਤਾਰ ਸਿੰਘ ਸਰਹਾਲੀ ਦਾ ਕਹਿਣਾ ਸੀ. 'ਕਿ ਮੇਰੀ ਜਾਚੇ ਤਾਂ ਜੇ ਸੰਤਾਲੀ (ਈ 1947) ਦੇ ਪਿਛੇ ਦੇ ਪੰਥਕ ਆਗੂ ਵੀ ਸੰਤਾਲੀ ਤੋਂ ਪਿਛੋਂ ਦੇ ਸਿਖ ਆਗੂਆਂ ਦੇ ਸੰਚੇ ਵਿਚ ਨਾ ਢਲੇ ਹੋਏ ਹੁੰਦੇ ਤਾਂ ਫੇਰ ਵੀ ਪੰਥ ਨੂੰ ਆਹ ਦਿਨ ਵੇਖਣੇ ਨਸੀਬ ਨਹੀਂ ਸਨ ਹੋਣੇ।'

ਅਜੇ ਅਸੀਂ ਆਪਸ ਵਿਚ ਇਸ ਪਰਕਾਰ ਦੀਆਂ ਗੱਲਾਂ ਵਿਚਾਰਾਂ ਕਰ ਹੀ ਰਹੇ ਸਾਂ ਕਿ ਕੇਵਲ ਸਿੰਘ ਭੂਰੇ ਜੋ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਵਿਸ਼ਵਾਸ ਪਾਤਰ ਸਿੰਘਾਂ 'ਚੋਂ ਇਕ ਸੀ. ਮੇਰੇ ਪਾਸ ਸੰਤਾਂ ਦਾ ਇਕ ਖਾਸ ਸਨੇਹਾ ਲੈ ਕੇ ਆਇਆ ਅਤੇ ਮੈਨੂੰ ਦੂਸਰੇ ਸਿੰਘਾਂ ਤੋਂ ਵੱਖਰਿਆਂ ਕਰਕੇ ਕਹਿਣ ਲਗਾ ਕਿ ਸੰਤਾਂ ਨੇ ਰੇਡੀਓ ਟ੍ਰਾਂਸਮੀਟਰ ਤੇ ਰੇਡੀਓ ਟ੍ਰਾਂਸ ਰਸੀਵਰ ਸਬੰਧੀ ਉਹ ਸਾਰਾ ਸਾਮਾਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੁਣੇ ਹੀ ਭਿਜਵਾਉਣ ਲਈ ਕਿਹਾ ਹੈ ਜੋ ਤੁਹਾਡੇ ਪਾਸ 32 ਨੰਬਰ ਕਮਰੇ ਵਿਚ ਪਿਆ ਹੋਇਆ ਹੈ।'

ਇਸਦੇ ਨਾਲ ਹੀ ਕੇਵਲ ਸਿੰਘ ਭੂਰੇ ਨੇ ਮੈਨੂੰ ਹਰਮਿੰਦਰ ਸਿੰਘ ਸੰਧੂ ਜਨਰਲ ਸੈਕਟਰੀ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਵਲੋਂ ਫੈਡਰੇਸ਼ਨ ਦੇ ਲੈਟਰ ਪੈਡ ਉਪਰ ਲਿਖੀ ਹੋਈ ਚਿਠੀ ਦੇਂਦਿਆਂ ਹੋਇਆਂ ਕਿਹਾ ਕਿ 'ਹਰਮਿੰਦਰ ਸਿੰਘ ਨੇ ਸੰਤਾਂ ਦਾ ਇਹ ਸਨੇਹਾ ਲੈਕੇ ਮੇਰੇ ਨਾਲ ਤੁਹਾਡੇ ਪਾਸ ਆਪ ਆਉਣਾ ਸੀ ਪਰ ਉਹ ਕਿਸੇ ਖਾਸ ਕਾਰਨ ਕਰਕੇ ਤੁਹਾਡੇ ਪਾਸ ਆਪ ਨਹੀਂ ਆ ਸਕਿਆ ਕਿਉਂਕਿ ਇਸ ਸਮੇਂ ਫੈਡਰੇਸ਼ਨ ਦੇ ਬਹੁਤ ਸਾਰੇ ਜਵਾਨ ਟੈਂਕੀ ਵਾਲਾ ਮੋਰਚਾ ਟੁੱਟ ਜਾਣ ਕਰਕੇ ਕੁਝ ਖਾਸ ਖਾਸ ਥਾਵਾਂ ਉਪਰ ਨਵੇਂ ਮੋਰਚੇ ਕਾਇਮ ਕਰਨ ਬਾਰੇ ਸੋਚ ਵਿਚਾਰ ਤੇ ਪ੍ਰਬੰਧ ਕਰ ਰਹੇ ਹਨ।'

ਇਸ ਸਮੇਂ ਮੈਂ 32 ਨੰਬਰ ਕਮਰੇ ਵਿਚ ਦਾਖਲ ਹੋਕੇ, ਅਧੀਓਂ ਬਹੁਤੀ ਢੋਅ ਰੱਖੀ ਅਲਮਾਰੀ ਦੇ ਅੰਦਰ ਦੀ ਮੋਮਬਤੀ ਰੌਸ਼ਨ ਕਰਕੇ, (ਕਿਉਂਕਿ ਕਮਰੇ ਦੇ ਅੰਦਰ ਖੁਲੀ ਜਗ੍ਹਾ ਮੋਮਬਤੀ ਜਗਾਉਣ ਨਾਲ ਕਮਰੇ ਦੇ ਦੱਖਣ ਤੇ ਪਛੱਮ ਵੱਲ ਨੂੰ ਪੈਂਦੀਆਂ ਬਾਰੀਆਂ ਦੇ ਸ਼ੀਸ਼ਿਆਂ ਚੋਂ ਦੂਰ ਦੂਰ ਤੱਕ ਦੀਆਂ ਇਮਾਰਤਾਂ ਤੋਂ ਰੌਸ਼ਨੀ ਨਜ਼ਰੀ ਪੈਂਦੀ ਸੀ) ਲੰਮੇ ਚੌੜੇ ਰੂਪ ਵਿਚ ਲਿਖੀ ਹੋਈ ਚਿੱਠੀ ਪੜ੍ਹੀ ਤਾਂ ਮੈਨੂੰ ਆਪਣੇ ਆਪ ਵਿਚ ਇਸਤਰਾਂ ਅਨੁਭਵ ਹੋਇਆ ਕਿ ਸੰਤ ਰੇਡੀਓ ਟ੍ਰਾਂਸਮੀਟਰ ਰਾਹੀਂ ਕੌਮ ਦੇ ਨਾਂ ਛੇਤੀ ਤੋਂ ਛੇਤੀ ਖੁੱਲੀ ਬਗਾਵਤ ਕਰਨ ਅਤੇ ਖਾਲਿਸਤਾਨ ਦੇ ਸਬੰਧ ਵਿਚ ਐਲਾਨ ਕਰਨ ਲਈ ਉਤਸਕ ਹਨ।

ਉਸ ਚਿੱਠੀ ਦਾ ਸਾਰਅੰਸ਼ ਇਹ ਸੀ,

ਪਿਆਰੇ ਸੰਧੂ ਸਾਹਿਬ,

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਦੀ ਫਤਹਿ॥

ਸੰਤ ਜੀ ਦਾ ਆਦੇਸ਼ ਹੈ ਕਿ 'ਰੇਡੀਓ ਟ੍ਰਾਂਸ ਰਸੀਵਰ ਨਾਲ ਸਬੰਧਤ ਸਾਰਾ ਛੋਟਾ ਵੱਡਾ ਸਾਮਾਨ, ਟੈਕਨੀਕਲ ਲਿਟਰੇਚਰ ਤੇ ਸਬੰਧਤ ਖੁਫੀਆ ਕੋਡ ਜਿੰਨਾਂ ਬਾਰੇ ਰੁਪਿੰਦਰ ਸਿੰਘ ਬੰਨੀ ਨੇ ਜਥੇ ਦੇ ਇਕ



ਟੈਕਨੀਕਲ ਹੈਂਡ ਵਿਅਕਤੀ ਨੂੰ ਮੁਕੰਮਲ ਜਾਣਕਾਰੀ ਦੇ ਰੱਖੀ ਹੈ ਇਹ ਸਭ ਕੁਝ ਹੁਣੇ ਹੀ ਸ੍ਰੀ ਕੇਵਲ ਸਿੰਘ ਭੂਰੇ ਦੀ ਸੰਪਨਾ ਵਿਚ ਦੇ ਦਿੱਤਾ ਜਾਵੇ ਤਾਂ ਜੋ ਰੇਡੀਓ ਟ੍ਰਾਂਸਮੀਟਰ ਨੂੰ ਚਾਲੂ ਕਰਕੇ ਸੰਤਾਂ ਵੱਲੋਂ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਜਾ ਸਕੇ।' (ਖਾਲਿਸਤਾਨ ਦੇ ਹਕ ਵਿਚ ਅਤੇ ਭਾਰਤ ਸਰਕਾਰ ਵਿਰੁਧ ਬਗਾਵਤ ਦਾ ਖੁੱਲਾ ਐਲਾਨ)

ਸੰਤਾਂ ਦਾ ਇਹ ਵੀ ਹੁਕਮ ਆਇਆ ਹੈ ਕਿ ਬਲਬੀਰ ਸਿੰਘ ਸੰਧੂ ਦੀ ਹਰ ਤਰ੍ਹਾਂ ਨਾਲ ਹਿਫਾਜ਼ਤ ਕੀਤੀ ਜਾਵੇ ਅਤੇ ਉਸਦਾ ਪ੍ਰਬੰਧ ਉਸ ਥਾਂ ਕਰ ਦਿੱਤਾ ਜਾਵੇ ਜਿਥੇ ਹਥਿਆਰ ਬੰਦ ਸਿੰਘ ਭਾਰੀ ਗਿਣਤੀ ਵਿਚ ਹੋਣ।'

ਇਸ ਲਈ ਤੁਸੀਂ ਛੇਤੀ ਤੋਂ ਛੇਤੀ ਅਕਾਲ ਰੈਸਟ ਆਉਣ ਦੀ ਤਿਆਰੀ ਕਰੋ, ਤਾਂ ਜੋ ਕੇਵਲ ਸਿੰਘ ਦੇ ਇਥੇ ਵਾਪਸ ਆਉਣ ਤੋਂ ਬਾਅਦ ਤੁਹਾਡੇ ਪਾਸ ਦੋਂਹ ਚੌਂਹ ਹਥਿਆਰ ਬੰਦ ਸਿੰਘਾਂ ਨੂੰ ਭਿਜਵਾ ਕੇ ਤੁਹਾਨੂੰ ਸੁਰਖਸ਼ਤ ਰੂਪ ਵਿਚ ਇਥੇ ਲੈ ਆਉਣ ਦਾ ਪ੍ਰਬੰਧ ਕੀਤਾ ਜਾ ਸਕੇ। ਅੱਵਲ ਤਾਂ ਮੈਂ ਆਪ ਵੀ ਨਾਲ ਹੀ ਆਉਣ ਦੀ ਕੋਸ਼ਸ ਕਰਾਂਗਾ ਕਿਉਂਕਿ ਉਦੋਂ ਤੱਕ ਇਧਰ ਦੇ ਕੁਝ ਇਕ ਜ਼ਰੂਰੀ ਸਿਰ ਤੇ ਆਣ ਪਏ ਨਵੇਂ ਰੁਝੇਵਿਆਂ 'ਚੋਂ ਬੁਹਤੀ ਬਹੁਤ ਵੇਹਲ ਕੱਢ ਚੁੱਕਾ ਹੋਵਾਂਗਾ। ਫਿਰ ਮੈਂ ਤੇ ਮੇਰੇ ਕੁਝ ਇਕ ਸਾਥੀਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੰਤ ਮਹਾਪੁਰਸ਼ਾਂ ਪਾਸ ਹੀ ਜਾਣਾ ਹੈ। ਸਾਰਾ ਸਬੰਧਤ ਸਮਾਨ ਸ੍ਰੀ ਕੇਵਲ ਸਿੰਘ ਦੀ ਸੰਪਨਾ ਵਿਚ ਛੇਤੀ ਦੇਣ ਦੀ ਕਿਰਪਾ ਕਰਨੀ। ਬਾਕੀ ਤੁਸਾਂ ਇਥੇ ਸਾਡੇ ਪਾਸ ਆਉਣ ਦੀ ਤਿਆਰੀ ਵਿਚ ਰਹਿਣਾ ਜ਼ਰੂਰੀ ਹੈ।

ਆਪ ਦਾ ਛੋਟਾ ਵੀਰ
ਹਰਮਿੰਦਰ ਸਿੰਘ ਸੰਧੂ
4 ਜੂਨ 1984

ਹਰਮਿੰਦਰ ਸਿੰਘ ਸੰਧੂ ਦੀ ਚਿੱਠੀ ਦੇ ਜਵਾਬ ਵਿਚ ਮੇਰਾ ਲਿਖਤੀ ਰੂਪ ਵਿਚ ਕਾਗਜ਼ ਦੇ ਇਕ ਛੋਟੇ ਜਿਹੇ ਟੁਕੜੇ ਉੱਪਰ ਇਹ ਉੱਤਰ ਸੀ

ਵਾਹਿਗੁਰੂ ਜੀ ਦਾ ਖਾਲਸਾ
ਵਾਹਿਗੁਰੂ ਜੀ ਦੀ ਫਤਹਿ।

ਸੰਤਾਂ ਦਾ ਆਦੇਸ਼ ਮਿਲਿਆ, ਉਹਨਾਂ ਦੇ ਹੁਕਮ ਅਨੁਸਾਰ ਸਾਰਾ ਸਬੰਧਤ ਸਾਮਾਨ ਭੇਜ ਰਿਹਾ ਹਾਂ, ਰੇਡੀਓ ਟ੍ਰਾਂਸਮੀਟਰ ਅਤੇ ਰੇਡੀਓ ਰਸੀਵਰ, ਸਬੰਧਤ ਲਿਟਰੇਚਰ ਤੇ ਕੋਡਾਂ ਸਮੇਤ ਪਹਿਲਾਂ ਹੀ ਸ੍ਰ: ਰਛਪਾਲ ਸਿੰਘ ਦੀ ਸੌਂਪਨਾ ਵਿਚ ਦਿੱਤਾ ਜਾ ਚੁੱਕਾ ਹੈ। ਇਹ ਸਭ ਕੁਝ ਸੰਤਾਂ ਦੇ ਕਮਰੇ ਤੋਂ ਕੁਝ ਹਟਵਿਆਂ ਕਰਕੇ ਥੱਲੇ ਵੱਲ ਨੂੰ ਗੁਪਤ ਕਮਰੇ ਵੱਲ ਉੱਤਰਦੀਆਂ ਪੌੜੀਆਂ ਦੇ ਅਖੀਰ ਵਿਚ ਕਮਰੇ ਨਾਲ ਪੈਂਦੀ ਅਲਮਾਰੀ ਅੰਦਰ ਪਿਆ ਹੋਇਆ ਹੈ। ਸ੍ਰ: ਰਛਪਾਲ ਸਿੰਘ ਤੇ ਇਕ ਹੋਰ ਸਿੰਘ ਨੂੰ ਇਸ ਸਾਰੇ ਸਮਾਨ, ਸਬੰਧਤ ਲਿਟਰੇਚਰ ਤੇ ਕੋਡਜ਼ ਬਾਰੇ ਮੁਕੰਮਲ ਜਾਣਕਾਰੀ ਰੁਪਿੰਦਰ ਸਿੰਘ ਬੰਨੀ ਵੱਲੋਂ ਜੋ ਇਨ੍ਹਾਂ ਚੀਜ਼ਾਂ ਦੇ ਪ੍ਰਾਸਿਸ ਬਾਰੇ ਟੈਕਨੀਕਲ ਜਾਣਕਾਰੀ ਰੱਖਦਾ ਹੈ, ਦਿੱਤੀ ਜਾ ਚੁੱਕੀ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਇਲਾਵਾ ਮੇਰੇ ਪਾਸ ਜੋ ਇਸ ਸਮੇਂ ਇਕ ਵੱਡੇ ਬੰਦ ਥੈਲੇ ਵਿਚ ਰੇਡੀਓ ਟ੍ਰਾਂਸ ਰਸੀਵਰ ਨਾਲ ਸਬੰਧਤ ਹੋਰ ਸਾਮਾਨ ਜੋ ਉਸੇ ਤਰ੍ਹਾਂ ਦਾ ਉਸੇ ਤਰ੍ਹਾਂ ਹੀ ਬੰਦ ਪਿਆ ਹੋਇਆ ਹੈ, ਸ੍ਰ: ਕੇਵਲ ਸਿੰਘ ਦੇ ਹੱਥ ਭੇਜ ਰਿਹਾ ਹਾਂ। ਇਸ ਤੋਂ ਇਲਾਵਾ ਹੋਰ ਵੀ ਸਾਰਾ ਨਿੱਕਾ ਮੋਟਾ ਸਾਮਾਨ ਜੋ ਇਥੇ ਮੇਰੀ ਨਜ਼ਰ ਵਿਚ ਹੈ ਭੇਜ ਰਿਹਾ ਹਾਂ। ਹੋਰ ਜੋ ਤੁਸਾਂ ਮੈਨੂੰ ਆਪਣੇ ਪਾਸ ਅਕਾਲ ਰੈਸਟ ਹਾਊਸ ਵਿਖੇ ਲੈ

ਜਾਣ ਬਾਰੇ ਫੈਸਲਾ ਲਿਆ ਹੈ ਉਸ ਬਾਰੇ ਮੈਂ ਆਪ ਸਭ ਫੈਡਰੇਸ਼ਨ ਦੇ ਜਵਾਨਾਂ ਦਾ ਮਨੋਂ ਧੰਨਵਾਦੀ ਹਾਂ। ਸੰਤਾਂ ਦੇ ਪਿਆਰ ਦਾ ਤਾਂ ਬਹੁਤ ਬਹੁਤ ਧੰਨਵਾਦੀ ਹਾਂ ਪਰ ਮੈਂ ਵਰਤਮਾਨ ਹਾਲਾਤ ਵਿਚ ਗੁਰੂ ਨਾਨਕ ਨਿਵਾਸ ਵਿਚ ਆਪਣੇ ਬਹੁਤੇ ਬਹੁਤ ਸੰਗੀ ਸਾਥੀਆਂ ਨਾਲ ਰਹਿ ਕੇ ਹੀ ਆਉਣ ਵਾਲੇ ਸਮੇਂ ਤੇ ਹਾਲਾਤ ਦਾ ਯਥਾ-ਸ਼ਕਤ ਰੂਪ ਵਿਚ ਟਾਕਰਾ ਕਰਨ ਲਈ ਮਨ ਬਣਾਈ ਬੈਠਾ ਹਾਂ। ਆਪ ਸਭਨਾ ਦਾ ਬਹੁਤ ਬਹੁਤ ਧੰਨਵਾਦ।

ਆਪ ਦਾ ਵੱਡਾ ਵੀਰ
ਬਲਬੀਰ ਸਿੰਘ ਸੰਧੂ
ਮਿਤੀ 4 ਜੂਨ 1984

ਜਿਸ ਸਮੇਂ ਕੰਵਲ ਸਿੰਘ ਭੂਰੇ ਮੇਰੇ ਪਾਸੋਂ ਰੇਡੀਓ ਟ੍ਰਾਂਸਮੀਟਰ ਅਤੇ ਰੇਡੀਓ ਟ੍ਰਾਂਸ ਰਸੀਵਰ ਸਬੰਧੀ ਬਾਕੀ ਰਹਿੰਦਾ ਸਾਮਾਨ ਅਤੇ ਹਰਮਿੰਦਰ ਸਿੰਘ ਸੰਧੂ ਦੇ ਨਾਂ ਲਿਖੀ ਸੰਖੇਪ ਚਿੱਠੀ ਲੈ ਕੇ ਵਾਪਸ ਜਾਣ ਲੱਗਾ ਤਾਂ ਉਸ ਸਮੇਂ ਉਸਨੇ ਦਸਿਆ ਕਿ 'ਸੰਤਾਂ ਨੇ ਕੱਲ ਸ਼ਹੀਦੀ ਗੁਰਪੁਰਬ ਵਾਲੇ ਦਿਨ ਕੁਝ ਇਕ ਸਿੰਘਾਂ ਨੂੰ ਜਿਨਾਂ ਵਿਚ ਭਾਈ ਮੁਹਕਮ ਸਿੰਘ ਵੀ ਸੀ ਖਾਸ ਉਦੇਸ਼ ਤੇ ਪ੍ਰੋਗਰਾਮ ਅਨੁਸਾਰ ਕੰਪਲੈਕਸ ਤੋਂ ਬਾਹਰ ਭੇਜ ਦਿੱਤਾ ਹੈ। ਸੰਤਾਂ ਨੇ ਅੱਜ ਮੈਨੂੰ ਵੀ ਇਸ ਗੱਲ ਦਾ ਇਸ਼ਾਰਾ ਦਿੱਤਾ ਹੈ ਕਿ 'ਜੇ ਤੂੰ ਕੰਪਲੈਕਸ ਦੇ ਬਾਹਰ ਨਿਕਲ ਸਕਦਾ ਹੋਵੇਂ ਤਾਂ ਤੈਨੂੰ ਜ਼ਰੂਰ ਬਾਹਰ ਨਿਕਲ ਜਾਣਾ ਚਾਹੀਦਾ ਹੈ ਕਿਉਂਕਿ ਤੂੰ ਬਾਹਰ ਜਾ ਕੇ ਬਹੁਤ ਵੱਡੇ ਤੇ ਨਿਗਰ ਕੰਮ ਕਰ ਸਕਦਾ ਹੈਂ ਅਤੇ ਤੈਨੂੰ ਖਾਸ ਖਾਸ ਅੱਡੇ ਟਿਕਾਣਿਆਂ ਤੇ ਸਿੰਘਾਂ ਬਾਰੇ ਭੇਤ ਵੀ ਹੈ। ਇਥੇ ਦੁਸ਼ਟਾਂ ਨਾਲ ਸਿਝਣ ਲਈ ਸਿੰਘ ਕਾਫੀ ਹਨ। ਪਰ ਜਾਣ ਤੋਂ ਪਹਿਲਾਂ ਮੈਥੋਂ ਪ੍ਰੋਗਰਾਮ ਤੇ ਸਿੰਘਾਂ ਦੇ ਨਾਂ ਸੁਨੇਹਾ ਲੈ ਕੇ ਜਾਣਾ ਹੋਵੇਗਾ। ਇਹ ਗੱਲ ਚੇਤੇ ਰੱਖੀਂ ਬਹੁਤ ਜ਼ਰੂਰੀ ਹੈ। ਇਸ ਲਈ ਹੋ ਸਕਦਾ ਹੈ ਕਿ ਮੈਂ ਅੱਜ ਰਾਤ ਨੂੰ ਕਿਸੇ ਵੀ ਸਮੇਂ ਬਾਬਾ ਅਟੱਲ ਵਾਲੇ ਪਾਸਿਓਂ ਜਿਧਰ ਦੇ ਗਲੀ ਮੁਹੱਲਿਆਂ ਦਾ ਮੈਨੂੰ ਭੇਤ ਹੈ, ਨਿਕਲ ਕੇ ਇਕ ਟਿਕਾਣੇ ਉੱਪਰ ਜਾਣ ਦੀ ਕੋਸ਼ਸ਼ ਕਰਾਂਗਾ ਜਿਥੇ ਮੈਂ ਸ਼ਹਿਰ ਬਾਹਰ ਇਕ ਦੋ ਦਿਨਾਂ ਦੇ ਵਿਚ ਵਿਚ ਬਾਹਲਾ ਨਹੀਂ ਤਾਂ ਸੌ ਪੰਜਾਹ ਮੀਲਾਂ ਤੱਕ ਦੀ ਛਾਲ ਜ਼ਰੂਰ ਹੀ ਮਾਰ ਜਾਵਾਂਗਾ। ਪਰ ਮੇਰੀ ਇਹ ਇਛਾ ਹੈ ਕਿ ਕੰਪਲੈਕਸ ਦੇ ਬਾਹਰ ਨਿਕਲਣ ਤੋਂ ਪਹਿਲਾਂ ਮੈਂ ਅੱਜ ਸੰਤਾਂ ਵੱਲੋਂ ਸਿੰਘਾਂ ਸਾਹਮਣੇ ਰੱਖੇ ਜਾਣ ਵਾਲੇ ਵਿਚਾਰਾਂ ਤੇ ਲਏ ਜਾਣ ਵਾਲੇ ਫੈਸਲਿਆਂ ਬਾਰੇ ਆਪਣੇ ਕੰਨੀਂ ਗੱਲਾਂ ਬਾਤਾਂ ਸੁਣਾਂ, ਫਿਰ ਪਤਾ ਨਹੀਂ ਕਿ ਵਾਹਿਗੁਰੂ ਨੇ ਸੰਤਾਂ ਦੀਆਂ ਗੱਲਾਂ ਬਾਤਾਂ ਸੁਨਣ ਦਾ ਮੌਕਾ ਦੇਣਾ ਹੈ ਕਿ ਨਹੀਂ। ਅੱਜ ਸੰਤਾਂ ਨੇ ਹਰ ਮੋਰਚੇ ਵਿਚੋਂ ਇਕ ਇਕ ਦੋ ਦੋ ਸਿੰਘਾਂ ਨੂੰ ਆਪਣੇ ਪਾਸ ਬੁਲਾਇਆ ਹੈ, ਜੱਥੇ ਦੇ ਮੁੱਖੀ ਸਿੰਘਾਂ ਨੂੰ ਵੀ ਸੱਦਿਆ ਹੈ ਤੇ ਫੈਡਰੇਸ਼ਨ ਦੇ ਮੁੱਖੀ ਸਿੰਘਾਂ ਨੂੰ ਵੀ। ਇਸ ਲਈ ਤੁਸਾਂ ਵੀ ਤਿਆਰ ਬਰ ਤਿਆਰ ਰਹਿਣਾ। ਮੈਂ ਆਹ ਤੁਹਾਡੀ ਚਿੱਠੀ ਤੇ ਸਾਮਾਨ ਦੀ ਰੱਖ ਥਾਉਂ ਵਾਲੀ ਸੰਪਨ ਤੋਂ ਬਾਅਦ ਮੌਕਾ ਪਾਕੇ ਤੁਹਾਡੇ ਪਾਸ ਆਵਾਂਗਾ ਤੇ ਤੁਹਾਨੂੰ ਆਪਣੇ ਨਾਲ ਲੈ ਜਾਵਾਂਗਾ। ਫਿਰ ਗੁਰੂ ਨਾਨਕ ਨਿਵਾਸ ਤੱਕ ਛੱਡ ਵੀ ਜਾਵਾਂਗਾ। ਉਸ ਤੋਂ ਬਾਅਦ ਮੈਂ ਤਾਂ ਫਿਰ ਜਿਸ ਤਰ੍ਹਾਂ ਤੁਹਾਨੂੰ ਦੱਸਿਆ, ਸੰਤਾਂ ਦਾ ਹੁਕਮ ਲੈ ਕੇ ਲੰਮੀ ਉਡਾਰੀ ਮਾਰ ਜਾਣੀ ਆਂ ਹਥਿਆਰ ਇਕ ਦੋ ਤਕੜੇ ਮੈਂ ਆਪਣੇ ਨਾਲ ਲੈ ਜਾਣੇ ਨੇ, ਫਿਰ ਜੋ ਵਾਹਿਗੁਰੂ ਨੂੰ ਭਾਵੇ ਵੇਖੀ ਜਾਊਗੀ।'



# 26.

ਸ੍ਰੀ ਅਕਾਲ ਤਖਤ ਸਾਹਿਬ ਦੇ ਵੱਡੇ ਹਾਲ ਕਮਰੇ ਵਿਚ ਫੈਲੀ ਹੋਈ ਮੱਧਮ ਜਿਹੀ ਲੋਅ ਵਿਚ ਕੋਈ ਸੌ ਸਵਾ ਸੌ ਦੇ ਲਗਪਗ ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨ ਜੁੜੇ ਬੈਠੇ ਸਨ ਅਤੇ ਮਾਹੌਲ ਬੜੀ ਹੀ ਚੜ੍ਹਦੀ ਕਲਾ ਵਾਲਾ ਬਣਿਆਂ ਹੋਇਆ ਸੀ। ਸੰਤਾਂ ਤੇ ਸਿੰਘਾਂ ਦੇ ਚੇਹਰਿਆਂ ਦਾ ਜਲਾਲ, ਹਾਲ ਕਮਰੇ ਤੋਂ ਇਕ ਪਾਸੇ ਜਿਹੇ ਜਗ ਰਹੀਆਂ ਦੋ ਮੋਮਬਤੀਆਂ ਦੀ ਉਸ ਮਧਮ ਜਿਹੀ ਲੋਅ ਵਿਚ ਵੀ, ਦਗਧ ਰੂਪ ਵਿਚ ਆਪਣਾ ਜਲਵਾ ਵਿਖਾ ਰਿਹਾ ਸੀ।

ਸੰਤਾਂ ਨੇ ਪਹਿਲੀ ਤਾਰੀਖ ਤੋਂ ਪਿਛੋਂ ਇਕ ਘੜੀ ਪਲ ਲਈ ਵੀ ਕਿਧਰੇ ਟਿਕਵੇਂ ਰੂਪ ਵਿਚ ਨੀਂਦ ਲੈਕੇ ਨਹੀਂ ਸੀ ਵੇਖੀ ਤੇ ਨਾ ਆਰਾਮ ਕੀਤਾ ਸੀ ਪਰ ਇਸਦੇ ਬਾਵਜੂਦ ਉਹ ਹਰ ਪੱਖੋਂ ਤਾਜ਼ਾ ਦਮ ਪ੍ਰਤੀਤ ਹੋ ਰਹੇ ਸਨ।

ਅਸਲ ਵਿਚ ਕਿਸੇ ਵੀ ਆਗੂ ਦੀ ਪਛਾਣ ਕੌਮ ਉੱਪਰ ਭਿਆਨਕ ਸੰਕਟ ਮੁਸੀਬਤ ਦੇ ਆਉਣ ਤੇ ਜਾਂ ਕਿਸੇ ਬਹੁਤ ਵੱਡੇ ਇਮਤਿਹਾਨ ਦੀ ਘੜੀ ਉੱਪਰ ਹੁੰਦੀ ਹੈ।

ਸੰਤਾਂ ਨੇ ਇਕ ਵਾਰ ਕਿਹਾ ਸੀ, 'ਇਸ ਗੱਲ ਦਾ ਫੈਸਲਾ ਤੇ ਨਿਰਣਾ ਹਮੇਸ਼ਾ ਸਮਾ ਹੀ ਕਰਦਾ ਹੈ ਕਿ ਕੋਈ ਵਿਅਕਤੀ ਆਪਣੇ ਕੰਮ ਬਾਰੇ ਕਿੰਨਾ ਕੁ ਈਮਾਨਦਾਰ ਤੇ ਸੰਜੀਦਾ ਹੈ। ਦਾਸ ਉੱਪਰ ਉਸ ਅਕਾਲ ਪੁਰਖ ਦੀ ਮੇਹਰ ਚਾਹੀਦੀ ਹੈ, ਜੇ ਕਿਸੇ ਸਮੇਂ ਉੱਪਰ ਪੰਥ ਦੇ ਵੈਰੀ ਦੁਸ਼ਮਨ, ਮੈਥੋਂ ਕਿਸੇ ਤਰ੍ਹਾਂ ਦੀ ਕੋਈ ਈਨ ਮਨਵਾਉਣ ਲਈ ਐਰਾਂ ਅੰਗਿਆਰਾਂ ਵਿਚ ਜਮੂਰਦੇ ਤਾਅ ਕੇ ਮੇਰੀ ਬੋਟੀ ਬੋਟੀ ਨੋਚ ਦੇਣ ਦੀ ਤੇ ਜਾਂ ਮੇਰੇ ਜੀਉਂਦੇ ਦੀ ਖੱਲ ਉਤਾਰਨ ਦੀ ਵਿਧੀ ਵੀ ਅਖਤਿਆਰ ਕਰਨਗੇ ਤਾਂ ਦਾਸ ਗੁਰੂ ਪੰਥ ਤੇ ਗੁਰੂ ਘਰ ਦਾ ਕੂਕਰ ਹੋਣ ਦੇ ਨਾਤੇ ਉਹਨਾਂ ਦੇ ਇਸ ਜਬਰ ਅੱਗੇ ਰਾਈ ਮਾਤਰ ਰੂਪ 'ਚ ਵੀ ਨਾ ਲਿਫੇਗਾ ਤੇ ਨਾ ਝੁਕੇਗਾ ਸਗੋਂ ਆਖਰੀ ਸਵਾਸਾਂ ਤੱਕ ਪੰਥਕ ਹੱਕਾਂ ਹਿਤਾਂ ਦੀ ਰਾਖੀ ਲਈ ਪੂਰਨ ਦ੍ਰਿੜਤਾ ਨਾਲ ਡਟਿਆ ਰਹੇਗਾ, ਪਰ ਕਿਸੇ ਹਾਲਤ ਤੇ ਕਿਸੇ ਕੀਮਤ ਉੱਪਰ ਵੀ ਪੰਥ ਨਾਲ ਖਲਵਾੜ ਨਹੀਂ ਹੋਣ ਦੇਵੇਗਾ।'

ਅਸਲ ਵਿਚ ਜਦੋਂ ਅੱਜ ਸਮੁੱਚੀ ਸਿੱਖ ਕੌਮ ਭਿਆਨਕ ਸੰਕਟ ਵਿਚ ਘਿਰੀ ਹੋਈ ਸੀ ਅਤੇ ਪੰਥਕ ਆਗੂਆਂ ਦੇ ਇਮਤਿਹਾਨ ਦੀ ਘੜੀ ਸੀ ਤਾਂ ਇਸ ਹਾਲਤ ਵਿਚ ਖਾਲਸਾ ਪੰਥ ਦੇ ਸਾਹਮਣੇ ਕੇਵਲ ਤਿੰਨ ਹੀ ਐਸੀਆਂ ਨਾਮਵਰ ਸ਼ਖਸੀਅਤਾਂ ਸਨ ਜਿੰਨਾਂ ਦੀ ਜ਼ਾਤ ਉੱਪਰ ਇਸ ਨੇ ਬਹੁਤ ਵੱਡੀਆਂ ਆਸਾਂ ਉਮੀਦਾਂ ਲਗਾ ਰੱਖੀਆਂ ਸਨ। ਜਿਸ ਕਰਕੇ ਪੰਥਕ ਜਜ਼ਬਾ ਰੱਖਣ ਵਾਲਾ ਹਰ ਸਿੱਖ ਹੀ ਇਸਤਰ੍ਹਾਂ ਅਨੁਭਵ ਕਰਦਾ ਸੀ ਕਿ ਉਹ ਇਸ ਭਿਆਨਕ ਸੰਕਟ ਦੇ ਸਮੇਂ ਪੰਥ ਨੂੰ ਅਵਸ਼ ਹੀ ਕੋਈ ਮਹਾਨ ਤੇ ਸਪਸ਼ਟ ਸੇਧ ਦੇਣਗੀਆਂ। ਇਹ ਤਿੰਨ ਸਖਸ਼ੀਅਤਾਂ ਇਸ ਸਮੇਂ ਦਰਬਾਰ ਸਾਹਿਬ ਕੰਪਲੈਕਸ ਵਿਚ ਮੌਜੂਦ ਸਨ।

ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਸ ਸਮੇਂ ਸਮੁੰਦਰੀ ਹਾਲ ਵਿਚ ਮੌਜੂਦ ਸਨ ਜਦੋਂ ਕਿ ਖਾਲਸਾ ਪੰਥ ਦੀ ਤੀਸਰੀ ਮਹਾਨ ਸ਼ਖਸੀਅਤ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਬਰਾਜਮਾਨ ਸਨ। ਪਰ ਕੰਪਲੈਕਸ ਅੰਦਰ ਸਾਹਮਣੇ ਨਜ਼ਰੀ ਪੈ ਰਹੀਆਂ ਤੇ ਵਾਪਰ ਰਹੀਆਂ ਪ੍ਰਸਥਿਤੀਆਂ ਘਟਨਾਵਾਂ ਤੇ ਸਰਗਰਮੀਆਂ ਇਸ ਗੱਲ ਨੂੰ ਪਰਗਟ ਕਰਦੀਆਂ ਸਨ ਕਿ ਜੋ ਕੋਈ ਸ਼ਖਸੀਅਤ ਇਸ ਇਮਤਿਹਾਨ ਤੇ ਸੰਕਟ ਦੀ ਘੜੀ ਵਿਚ ਮਨ ਤੇ ਕਰਮ ਪੱਖੋਂ ਪੰਥ ਦੀਆਂ ਆਸ਼ਾਂ ਉਮੀਦਾਂ ਦੀ ਕਸਵੱਟੀ ਉੱਪਰ ਪੂਰਿਆਂ ਉਤਰੇਗੀ ਤਾਂ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸ਼ਖਸੀਅਤ ਹੀ ਹੋਵੇਗੀ ਕਿਉਂਕਿ ਕੰਪਲੈਕਸ ਅੰਦਰਲੀਆਂ ਸੰਗਤਾਂ ਤੋਂ ਇਹ ਗੱਲ ਲੁਕੀ ਛੁਪੀ ਹੋਈ ਨਹੀਂ ਸੀ ਕਿ ਜਿਸ ਸਮੇਂ ਸਮੁੰਦਰੀ ਹਾਲ ਸੰਹਿਮੀ ਸਿਮਟੀ ਤੇ ਦੜੀ ਦਬਕੀ ਹੋਈ ਹਾਲਤ ਵਿਚ ਕੁੰਗੜਿਆ ਤੇ ਦਬਕਿਆ ਬੈਠਾ ਸੀ ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਪੂਰਨ ਜੋਸ਼ ਤੇ ਚੇਤੰਨ, ਬਲਵਾਨ ਤੇ ਚੜ੍ਹਦੀ ਕਲਾ ਵਿਚ ਵਿਚਰ ਰਿਹਾ ਸੀ। ਜਿਸ ਸਮੇਂ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਸ੍ਰ: ਗੁਰਚਰਨ ਸਿੰਘ ਟੌਹੜਾ ਦੀਆਂ ਜ਼ਬਾਨਾਂ ਨੂੰ ਤਕਲਾਂ ਵਲ ਪਏ ਹੋਏ ਸਨ ਉਸ ਸਮੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੇ ਮੁਖ ਬੋਲ ਸਾਂਝੇ ਕਰ ਰਹੇ ਸਨ।

ਸਿੰਘੋ! ਸਮਾ ਹਰ ਕੌਮ ਨੂੰ ਨਾਲੋਂ ਨਾਲ ਹੀ ਭਵਿੱਖ ਵਿਚ ਪੇਸ਼ ਆਉਣ ਵਾਲੇ ਖਤਰਿਆਂ ਬਾਰੇ ਚੇਤੰਨ ਕਰਦਾ ਤੇ ਹੋਕਾਂ ਦੇਂਦਾ ਰਹਿੰਦਾ ਹੈ। ਜਿਹੜੀਆਂ ਕੌਮਾਂ ਸਮੇਂ ਦੀ ਨਬਜ਼ ਰਮਜ਼ ਨੂੰ ਪਛਾਣ ਕੇ ਤੇ ਉਸਦੇ ਹੋਕੇ ਨੂੰ ਸੁਣਕੇ ਹਰ ਪੱਖੋਂ ਹੁਸ਼ਿਆਰ ਤੇ ਖਬਰਦਾਰ ਹੋਈਆਂ ਰਹਿੰਦੀਆਂ ਹਨ ਅਤੇ ਆਪਣੇ ਆਪ ਨੂੰ ਆਉਣ ਵਾਲੇ ਖਤਰਿਆਂ ਦਾ ਸਾਹਮਣਾ ਤੇ ਟਾਕਰਾ ਕਰਨ ਲਈ ਤਿਆਰ ਬਰਤਿਆਰ ਰਖਦੀਆਂ ਨੇ ਉਹ ਸਮੇਂ ਦੀ ਚਾਲ ਦੇ ਨਾਲ ਆਪਣੇ ਸਾਹਮਣੇ ਪੇਸ਼ ਆਉਣ ਵਾਲੀਆਂ ਰੁਕਾਵਟਾਂ ਤੇ ਰਾਹ ਵਿਚ ਖਲੋਣ ਵਾਲੀਆਂ ਦੁਸ਼ਮਨ ਤਾਕਤਾਂ ਨੂੰ ਵੰਗਾਰਦੀਆਂ ਹੋਈਆਂ ਅਤੇ ਵਿਰੋਧੀ ਤਾਕਤਾਂ ਦੇ ਨੀਤੀ ਜਾਲ ਨੂੰ ਤੋੜਦੀਆਂ ਤੇ ਕੱਟਦੀਆਂ ਵੱਢਦੀਆਂ ਹੋਈਆਂ ਬਲਵਾਨ ਰੂਪ ਵਿਚ ਅੱਗੇ ਦੀ ਅੱਗੇ ਵਧਦੀਆਂ ਤੁਰੀਆਂ ਜਾਂਦੀਆਂ ਨੇ ਜਿਸਦੇ ਨਤੀਜੇ ਵਜੋਂ ਆਪਣੀ ਆਜ਼ਾਦ ਤੇ ਖੁਦਮੁਖਤਿਆਰ ਹਸਤੀ ਸਵੈ-ਹੋਂਦ ਤੇ ਸਵੈ ਪਹਿਚਾਨ ਨੂੰ ਵੀ ਆਂਚ ਤੱਕ ਨਹੀਂ ਆਉਣ ਦੇਂਦੀਆਂ ਅਤੇ ਇਸਦੇ ਨਾਲ ਨਾਲ ਉਹ ਆਪਣੇ ਦੁਸ਼ਮਨ ਵੈਰੀਆਂ ਦੀ ਹਿੱਕ ਉੱਪਰ ਆਪਣੇ ਪ੍ਰਭੂਤਵ ਦਾ ਝੰਡਾ ਵੀ ਗੱਡੀ ਰੱਖਦੀਆਂ ਨੇ ਪਰ ਜੋ ਕੌਮਾਂ ਸਮੇਂ ਦੀ ਨਬਜ਼ ਨੂੰ ਪਛਾਨਣ ਦੀ ਖੇਚਲ ਹੀ ਨਹੀਂ ਕਰਦੀਆਂ ਤੇ ਉਸਦੇ ਹੋਕੇ ਨੂੰ ਗੌਲਦੀਆਂ ਹੀ ਨਹੀਂ ਉਹ ਆਪਣੇ ਆਪ ਹੀ ਰਸਾਤਲ ਤੇ ਢਹਿੰਦੀ ਕਲਾ ਦੀ ਖੱਡ ਵਿਚ ਡਿਗਦੀਆਂ ਤੁਰੀਆਂ ਜਾਂਦੀਆਂ ਨੇ ਤੇ ਆਖਰਕਾਰ ਉਹ ਖੱਡ ਇਕ ਦਿਨ ਉਹਨਾਂ ਲਈ ਮੌਤ ਦਾ ਘਰ ਬਣ ਜਾਂਦੀ ਹੈ। ਇਸੇ ਲਈ ਮੈਂ ਤੁਹਾਨੂੰ ਅਕਸਰ ਇਹ ਗੱਲ ਕਹਿੰਦਾ ਰਹਿੰਦਾ ਹਾਂ ਕਿ ਨੌਜਵਾਨੋ ਆਪਣੇ ਅੰਦਰ ਸਮੇਂ ਦੀ ਰਮਜ਼ਾਂ ਭਰੀ ਆਵਾਜ਼ ਨੂੰ ਸੁਨਣ ਸਮਝਣ ਅਤੇ ਪੰਥਕ ਦੁਸ਼ਮਨਾਂ ਗੱਦਾਰਾਂ ਨੂੰ ਪਛਾਨਣ ਦਾ ਗੁਣ ਪੈਦਾ ਕਰੋ।

ਮੇਰੀ ਇਹ ਗੱਲ ਸਦਾ ਯਾਦ ਰੱਖਿਓ ਕਿ ਜਿੰਨਾ ਚਿਰ ਤੱਕ ਤੁਸੀਂ ਸਮੇਂ ਤੇ ਇਤਿਹਾਸ ਤੋਂ ਸਬਕ ਹਾਸਲ ਕਰਕੇ ਠੀਕ ਰਸਤੇ ਬਲਵਾਨ ਨੀਤੀਆਂ ਅਤੇ ਠੋਸ ਤੇ ਸੂਝ ਬੂਝ ਵਾਲੇ ਫੈਸਲਿਆਂ ਦੀ ਰੋਸ਼ਨੀ ਵਿਚ ਤੁਰਦੇ ਰਹੋਗੇ ਉਸ ਸਮੇਂ ਤੱਕ ਦੁਨੀਆਂ ਤੁਹਾਨੂੰ ਅੱਗੇ ਵਧਣ ਲਈ ਆਪਣੇ ਆਪ ਰਾਹ ਦੇਂਦੀ ਤੁਰੀ ਜਾਏਗੀ ਕਿਉਂਕਿ ਸਮੇਂ ਤੇ ਇਤਿਹਾਸ ਤੋਂ ਸਬਕ ਲੈਣ ਵਾਲੀਆਂ ਕੌਮਾਂ ਕਦੀ ਭੁੱਲ ਕੇ ਵੀ ਮਨ ਬਚ ਤੇ ਕਰਮ ਪੱਖੋਂ ਕੱਚੇ ਪਿੱਲੇ ਵਿਅਕਤੀਆਂ ਨੂੰ ਆਪਣਾ ਆਗੂ ਸਵੀਕਾਰ ਨਹੀਂ ਕਰਦੀਆਂ ਇਥੋਂ ਤੱਕ ਕਿ ਉਹਨਾਂ ਦਾ ਪਰਛਾਵਾਂ ਤੱਕ ਵੀ ਆਪਣੇ ਉੱਪਰ ਨਹੀਂ ਪੈਣ ਦੇਂਦੀਆਂ; ਕਿਉਂਕਿ ਉਹਨਾਂ ਨੂੰ ਤਜਰਬੇ ਤੇ ਅਨੁਭਵ ਪੱਖੋਂ ਇਸ ਗੱਲ ਦਾ ਪੂਰਨ ਗਿਆਨ ਹੁੰਦਾ ਹੈ ਕਿ ਕੱਚੇ ਪਿੱਲੇ ਆਗੂ ਹਮੇਸ਼ਾਂ ਝੂਠੇ ਲਾਲਚਾਂ ਵਿਚ ਲੱਗੇ ਤੇ ਫਸੇ ਰਹਿੰਦੇ ਹਨ ਅਤੇ ਉਹਨਾਂ ਨੂੰ ਮਰਨਾ ਭੁੱਲਿਆ ਹੁੰਦਾ ਹੈ। ਇਸਤਰਾਂ ਦੇ ਲੋਕਾਂ ਦੀ ਅਵਸਥਾ ਬਿਲਕੁਲ ਸਿੰਮਲ ਦੇ ਰੁੱਖ ਦੀ ਨਿਆਈਂ ਹੁੰਦੀ ਹੈ ਜਿਸ ਕਰਕੇ ਉਹ ਆਪਣਾ ਬਾਹਰ ਮੁਖੀ ਪ੍ਰਭਾਵ ਤਾਂ ਬਹੁਤ ਹੀ ਜ਼ਿਆਦਾ ਰਖਦੇ ਹਨ, ਪਰ ਉਹਨਾਂ ਉੱਪਰ ਆਸ ਰਖਣ ਵਾਲਿਆਂ ਨੂੰ ਅਖੀਰ ਵਿਚ ਨਿਰਾਸ਼ਾ ਦਾ ਹੀ ਮੂੰਹ ਵੇਖਣਾ ਪੈਂਦਾ ਹੈ। ਐਸੇ ਲੋਕਾਂ ਦੇ ਨਿਸ਼ਚੇ ਤੇ ਕਰਮ ਬਿਲਕੁਲ ਫੋਕੇ ਤੇ ਮੰਤਵ ਹੀਨ ਹੁੰਦੇ ਹਨ। ਇਸਤਰਾਂ ਦੇ ਵਿਅਕਤੀ ਦੇ ਪੱਲੇ ਜੋ ਰਾਸ ਹੁੰਦੀ ਹੈ ਉਹ ਵੀ ਕੂੜੀ ਹੁੰਦੀ ਹੈ ਤੇ ਇਨ੍ਹਾਂ ਦਾ ਵਪਾਰ ਵੀ ਕੂੜਾ ਹੁੰਦਾ ਹੈ ਇਥੋਂ ਤੱਕ ਕਿ ਇਨ੍ਹਾਂ ਨੂੰ ਸੱਚ ਧਰਮ ਦਾ ਪੱਲਾ ਫੜਨ ਬਾਰੇ ਗਿਆਨ ਹੀ ਨਹੀਂ ਹੁੰਦਾ ਜਿਸ ਕਰਕੇ ਇਹ ਮਨੋ ਚਿੱਤੋਂ ਝੂਠ ਕੂੜ ਤੇ ਅਪਰਾਧ ਦਾ ਹੀ ਆਸਰਾ ਮੱਲੀ ਰਖਦੇ ਹਨ ਅਤੇ ਇਹ ਆਪਣਾ ਤੇ ਆਪਣੇ ਪਰਵਾਰ ਦਾ ਆਹਾਰ ਕੂੜ ਬੋਲ ਕੇ ਤੇ ਕੂੜ ਕਮਾ ਕੇ ਹੀ ਕਰਦੇ ਹਨ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਕਥਨ ਅਨੁਸਾਰ ਅਰਥਾਤ ਵਿਚਾਰ ਅਨੁਸਾਰ ਇਹੋ ਜਿਹੇ ਝੂਠੇ ਆਗੂਆਂ ਤੋਂ ਸਚ ਧਰਮ ਦਾ ਡੇਰਾ ਬਹੁਤ ਦੂਰ ਹੁੰਦਾ ਹੈ ਅਤੇ ਇਨ੍ਹਾਂ ਦੇ ਅੰਦਰ ਬਾਹਰ ਸਭ ਥਾਂ ਕੂੜ ਹੀ ਕੂੜ ਭਰਪੂਰ ਹੁੰਦਾ ਹੈ। ਜੋ ਮਲਾਹ ਮਨ ਅਤੇ ਜਿਸਮ ਪੱਖੋਂ ਕਮਜ਼ੋਰ ਹੁੰਦਾ ਹੈ, ਆਪਣੇ ਆਪ ਨੂੰ ਲਹਿਰਾਂ ਦੇ ਥਪੇੜੇ ਖਾਣ ਦੇ ਅਸਮਰਥ ਸਮਝਦਾ ਰਹਿੰਦਾ ਹੈ, ਭੰਵਰ ਵਿਚ ਘਿਰੀ ਬੇੜੀ ਨੂੰ ਆਪਣੀ ਜਾਣ ਖਤਰੇ ਵਿਚ ਪਾ ਕੇ ਬਾਹਰ ਕਢਨ ਤੋਂ ਝਿਜਕਦਾ ਤੇ ਡਰਦਾ ਰਹਿੰਦਾ ਹੈ ਉਹ ਅਵਸ਼ ਹੀ ਇਕ ਨਾ ਇਕ ਦਿਨ ਪੂਰ ਦਾ ਪੂਰ ਆਪਣੇ ਨਾਲ ਹੀ ਲੈ ਡੁਬਦਾ ਹੈ ਕਿਉਂਕਿ ਉਸ ਕੋਲ ਨਾ ਹੌਸਲਾ ਹੁੰਦਾ ਹੈ, ਨਾ ਹਿੰਮਤ ਤੇ ਨਾ ਤਜਰਬਾ ਹੀ ਹੁੰਦਾ ਹੈ। ਕਿਸੇ ਜੋਤ ਵਿਹੂਣੇ ਵਿਅਕਤੀ ਤੋਂ ਇਹ ਆਸ ਰਖਣੀ ਕਿ ਉਹ ਤੁਹਾਨੂੰ ਘਣੇ ਤੇ ਖਤਰਿਆਂ ਭਰਪੂਰ ਜੰਗਲਾਂ ਅਤੇ ਪਹਾੜੀ ਚੋਟੀਆਂ ਨੂੰ ਸਰ ਕਰਕੇ ਖੁੱਲ੍ਹੀਆਂ ਡੁੱਲ੍ਹੀਆਂ ਤੇ ਸਰਸਬਜ਼ ਵਾਦੀਆਂ ਵਿਚ ਲੈ ਜਾਵੇਗਾ ਇਕ ਬਹੁਤ ਹੀ ਭਿਆਨਕ ਭੁੱਲ ਹੁੰਦੀ ਹੈ। ਆਗੂ ਦੀ ਸ਼ਖਸੀਅਤ ਤਾਂ ਕੌਮ ਦੇ ਸਾਹਮਣੇ ਇਕ ਬਲਵਾਨ ਤੇ ਰੌਸ਼ਨ ਲਖਸ਼ ਦੇ ਰੂਪ ਵਿਚ ਜਗਮਗਾਉਂਦੀ ਹੋਈ ਦਿੱਸਣੀ ਚਾਹੀਦੀ ਹੈ ਅਤੇ ਉਸਦਾ ਸਮੁੱਚਾ ਆਪਾ ਤੇ ਵਿਅਕਤੀਤਵ ਆਪਣੇ ਆਪ 'ਚ ਇਕ ਆਦਰਸ਼ ਪ੍ਰਤੀਤ ਹੋਣਾ ਚਾਹੀਦਾ ਹੈ।

ਖਾਲਸਾ ਪੰਥ ਨੇ ਆਪਣੀ ਸਿਰਜਣਾ ਤੋਂ ਬਾਅਦ ਜੋ ਥੋੜ੍ਹੀ ਗਿਣਤੀ ਵਿਚ ਹੁੰਦਿਆਂ ਹੋਇਆਂ ਵੀ ਗੁਰੂ ਘਰ ਦੇ ਆਸ਼ੇ ਉਦੇਸ਼ ਦੀ ਪੂਰਤੀ ਲਈ ਮਹਾਨ ਜਿੱਤਾਂ ਪ੍ਰਾਪਤ ਕੀਤੀਆਂ, ਅਜ਼ੀਮ ਕਾਰਨਾਮੇ ਕੀਤੇ ਅਤੇ ਸੰਘਰਸ਼ ਤੇ ਕੁਰਬਾਨੀ ਦੇ ਖੇਤਰ ਵਿਚ ਅਲੌਕਿਕ ਚਮਤਕਾਰ ਕਰ ਵਖਾਏ ਸਨ ਉਹਦਾ ਮੂਲ ਕਾਰਨ ਇਹ ਸੀ ਕਿ ਖਾਲਸਾ ਪੰਥ ਦਾ ਕੋਈ ਇਕ ਜਥਾ ਵੀ ਕਿਸੇ ਕਮਜ਼ੋਰ ਬੁਜ਼ਦਿਲ ਸਵਾਰਥੀ, ਭੰਗੀ, ਪੋਸਤੀ, ਅਫੀਮੀ ਸ਼ਰਾਬੀ, ਵਿਭਚਾਰੀ ਅਤੇ ਜੰਗ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੈਦਾਨ ਛੱਡ ਕੇ ਦੌੜ ਜਾਣ ਵਾਲੇ ਤੇ ਜਾਂ ਦੁਸ਼ਮਨ ਵੈਰੀ ਦੀਆਂ ਫੌਜਾਂ ਅਗੇ ਹੱਥ ਖੜੇ ਕਰਕੇ ਭੇਡਾਂ ਬਕਰੀਆਂ ਦੀ ਨਿਆਈਂ ਤੁਰ ਪੈਣ ਵਾਲੇ ਵਿਅਕਤੀ ਦੀ ਅਗਵਾਈ ਨੂੰ ਇਕ ਛਿਣ ਪਲ ਲਈ ਵੀ ਕਬੂਲ ਨਹੀਂ ਸਨ ਕਰਦੇ। ਉਸ ਦੌਰ ਵਿਚ ਸਿੰਘ ਸਮੂਹ ਜਿਥੇ ਹੋਰਨਾਂ ਪੱਖਾਂ ਤੋਂ ਹੁਸ਼ਿਆਰ ਤੇ ਖਬਰਦਾਰ ਰਹਿੰਦੇ ਸਨ ਉਥੇ ਉਹ ਆਪਣੇ ਜਥੇ ਦੇ ਜਥੇਦਾਰ ਦੀ ਚੋਣ ਕਰਨ ਸਮੇਂ ਵੀ ਬੜੀ ਸਾਵਧਾਨੀ ਤੋਂ ਕੰਮ ਲੈਂਦੇ ਸਨ। ਉਹ ਕਿਸੇ ਵੀ ਆਗੂ ਦੀ ਚੋਣ ਕਰਨ ਸਮੇਂ ਉਸ ਵਿਅਕਤੀ ਵੱਲੋਂ ਕੀਤੇ ਹੋਏ ਦੋਂਹ-ਚੌਂਹ ਐਕਸ਼ਨਾਂ ਤੇ ਕਾਰਨਾਮਿਆਂ ਨੂੰ ਹੀ ਆਪਣੀ ਪਰਖ ਦੀ ਕਸਵੱਟੀ ਨਹੀਂ ਸਨ ਬਨਾਉਂਦੇ ਸਗੋਂ ਉਸ ਵਲੋਂ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਕੀਤੇ ਗਏ ਨਿਰੰਤਰ ਸੰਘਰਸ਼ ਅਤੇ ਉਸਦੀ ਮਾਨਸਿਕ ਬੌਧਕ ਪੱਖੋਂ ਪੰਥ ਨੂੰ ਦਿੱਤੀ ਗਈ ਸੇਧ ਦੇ ਸੇਵਾ ਪਿਛੋਕੜ ਨੂੰ ਵੀ ਧਿਆਨ ਵਿਚ ਰਖਦੇ ਸਨ।

ਸਿਘੋ, ਜਿਸ ਯੁੱਗ ਚੋਂ ਦੀ ਅਜ ਆਪਾਂ ਗੁਜ਼ਰ ਰਹੇ ਹਾਂ ਇਸ ਵਿਚ ਤਾਂ ਸਾਨੂੰ ਹਰ ਪੱਖੋਂ ਹੀ ਹੱਦ ਦਰਜੇ ਤਕ ਚੇਤੰਨ ਹੋਣਾ ਪਵੇਗਾ ਤੇ ਸਮੇਂ ਦੀ ਦੌੜ ਵਿਚ ਪੂਰਿਆਂ ਉਤਰਨ ਲਈ ਸਾਨੂੰ ਪੰਥਕ ਪੱਧਰ ਉੱਪਰ ਆਪਣੇ ਅੰਦਰ ਉਹ ਸਾਰੇ ਗੁਣ ਖੂਬੀਆਂ ਪੈਦਾ ਕਰਨੇ ਪੈਣਗੇ ਜੋ ਸੰਸਾਰ ਦੇ ਆਜ਼ਾਦ ਖੁਸ਼ਹਾਲ ਤੇ ਸ਼ਕਤੀਸ਼ਾਲੀ ਦੇਸ਼ਾਂ ਵਿਚ ਤੇ ਕੌਮਾਂ ਵਿਚ ਪਾਏ ਜਾਂਦੇ ਹਨ।

ਤਜਰਬੇ ਤੇ ਸਮੇਂ ਦੇ ਪ੍ਰਭਾਵ ਹੇਠਾਂ ਪੈਦਾ ਹੋਏ ਅਨੁਭਵ ਨੇ ਮੇਰੇ ਇਸ ਵਿਸ਼ਵਾਸ਼ ਨੂੰ ਹੋਰ ਪੱਕਿਆਂ ਤੇ ਦ੍ਰਿੜ ਕਰ ਦਿਤਾ ਹੈ ਕਿ ਖਾਲਸਾ ਪੰਥ ਲਈ ਆਪਣੇ ਵਾਸਤੇ ਇਕ ਆਜ਼ਾਦ ਤੇ ਖੁਦਮੁਖਤਿਆਰ ਦੇਸ਼ ਕਾਇਮ ਕਰਨਾ ਅਤੀ ਜ਼ਰੂਰੀ ਹੋ ਗਿਆ ਹੈ ਕਿਉਂਕਿ ਇਸ ਤੋਂ ਬਗੈਰ ਅਸੀਂ ਨਾ ਹੀ ਦੁਨੀਆਂ ਦੇ ਆਜ਼ਾਦ ਦੇਸ਼ਾਂ ਦੀ ਦੌੜ ਵਿਚ ਸ਼ਾਮਲ ਹੋ ਸਕਦੇ ਹਾਂ ਤੇ ਨਾ ਹੀ ਉਹਨਾਂ ਦੀਆਂ ਨਜ਼ਰਾਂ ਵਿਚ ਇਕ ਬਲਵਾਨ ਕੌਮ ਵਜੋਂ ਮਾਨਤਾ ਹੀ ਪਰਾਪਤ ਕਰ ਸਕਦੇ ਹਾਂ। ਸਾਨੂੰ ਤਾਂ ਹੁਣ ਸੰਸਾਰ ਪੱਧਰ ਉੱਪਰ ਆਜ਼ਾਦ ਕੌਮਾਂ ਦੀ ਸਰਬ ਪੱਖੀ ਦੌੜ ਦੇ ਖੇਤਰ ਵਿਚ ਹਿਸਾ ਲੈਣ ਲਈ ਆਪਦਾ ਪੜੁੱਲ ਤੇ ਮੈਦਾਨ ਆਪ ਤਿਆਰ ਕਰਨਾ ਪਵੇਗਾ ਅਤੇ ਇਹ ਪੜੁੱਲ ਤੇ ਮੈਦਾਨ ਖਾਲਸਾ ਰਾਜ ਦੀ ਪ੍ਰਾਪਤੀ ਅਰਥਾਤ ਸਥਾਪਨਾ ਤੋਂ ਬਿਨਾ ਤਿਆਰ ਨਹੀਂ ਕੀਤਾ ਜਾ ਸਕਦਾ। ਇਸ ਲਈ ਸਾਡਾ ਸਭਨਾਂ ਦਾ ਜੋ ਇਸ ਸਮੇਂ ਮੁਖ ਨਿਸ਼ਾਨਾ ਹੈ ਉਹ ਖਾਲਿਸਤਾਨ ਦੀ ਪ੍ਰਾਪਤੀ ਹੋਣਾ ਚਾਹੀਦਾ ਹੈ। (ਜੈਕਾਰਾ - ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਤੇ ਰਾਜ ਕਰੇਗਾ ਖਾਲਸਾ ਦੇ ਬੋਲਿਆਂ ਦੀ ਗੂੰਜ)

ਮੈਂ ਤਾਂ ਇਸ ਸਿੱਟੇ 'ਤੇ ਪੁੱਜਾ ਹਾਂ ਕਿ ਸਾਨੂੰ ਸਮੁੱਚੀ ਸਿਖ ਕੌਮ ਨੂੰ ਪਿਛਲੇ ਸੈਂਤੀ ਸਾਲਾਂ ਦੇ ਤਜਰਬੇ ਤੋਂ ਹੁਣ ਹਰ ਹਾਲਤ ਵਿਚ ਸਬਕ ਸਿਖਣਾ ਚਾਹੀਦਾ ਹੈ ਤੇ ਇਸ ਸਮੁੱਚੇ ਦੌਰ ਨੂੰ ਇਕ ਸਿਖਿਆਦਾਇਕ ਦੌਰ ਵਜੋਂ ਸਾਹਮਣੇ ਰੱਖ ਕੇ ਰਾਜਸੀ ਨਜ਼ਰੀਏ ਪੱਖੋਂ ਟੀਚਿਆਂ ਤੇ ਨਿਸ਼ਾਨਿਆਂ ਪ੍ਰਤੀ ਠੋਸ ਤੇ ਸਪਸ਼ਟ ਨੀਤੀਆਂ ਘੜਨੀਆਂ ਪੈਣਗੀਆਂ। ਅੱਜ ਸੰਸਾਰ ਦੇ ਇਕ ਬਹੁਤ ਵੱਡੇ ਹਿੱਸੇ ਨੂੰ ਪਤਾ ਹੈ ਕਿ ਇਸ ਸਮੁੱਚੇ ਦੌਰ ਵਿਚ ਸਿਖ ਕੌਮ ਨੇ ਦੁੱਖਾਂ ਕਸ਼ਟਾਂ ਤੇ ਮੁਸੀਬਤਾਂ ਨੂੰ ਉਠਾਉਣ ਅਤੇ ਘੱਲਾਂ ਕੁਰਬਾਨੀਆਂ ਤੇ ਸ਼ਹੀਦੀਆਂ ਪੱਖੋਂ ਕੋਈ ਕਸਰ ਨਹੀਂ ਛੱਡੀ ਅਤੇ ਇਨ੍ਹਾਂ ਪੱਖਾਂ ਤੋਂ ਦੁਨੀਆ ਦੀਆਂ ਬਲਵਾਨ ਕੌਮਾਂ ਦੇ ਮੁਕਾਬਲੇ ਬਹੁਤ ਅੱਗੇ ਹਾਂ। ਪਰ ਇਹ ਗੱਲ ਬੜੇ ਦੁਖ ਨਾਲ ਕਹਿਣੀ ਪੈ ਰਹੀ ਹੈ ਕਿ ਪ੍ਰਾਪਤੀਆਂ ਤੇ ਸਫਲਤਾਵਾਂ ਦੇ ਪੱਖੋਂ ਬਹੁਤ ਪਿਛੇ ਹਾਂ। ਆਖਰ ਇਨ੍ਹਾਂ ਨਾਕਾਮੀਆਂ ਤੇ ਅਸਫਲਤਾਵਾਂ ਦਾ ਕੋਈ ਨਾ ਕੋਈ ਕਾਰਨ ਤਾਂ ਹੈ? ਇਸ ਲਈ ਉਸ ਕਾਰਨ ਨੂੰ ਲੱਭਣਾ ਪਵੇਗਾ ਤੇ ਦੂਰ ਕਰਨਾ ਪਵੇਗਾ। ਮੇਰੇ ਵਿਚਾਰ ਅਨੁਸਾਰ ਅੱਜ ਸਮੇਂ ਦੀ ਇਹ ਮੰਗ ਹੈ ਕਿ ਸਾਰੀ ਦੀ ਸਾਰੀ ਸਿਖ ਕੌਮ ਨੂੰ ਖਾਲਸਾ ਪੰਥ ਦੀ ਪ੍ਰਾਪਤੀ ਦੇ ਇਕ ਨਿਸ਼ਾਨੇ ਨਾਲ ਜੋੜ ਦਿੱਤਾ ਜਾਵੇ ਅਤੇ ਜੇ ਵੀ ਕੋਈ ਵਿਅਕਤੀ ਆਪਣੇ ਆਪ ਨੂੰ ਪੰਥਕ ਆਗੂ ਹੋਣ ਦਾ ਦਾਅਵੇਦਾਰ ਦਸਦਾ ਹੋਇਆ ਇਸ ਨਿਸ਼ਾਨੇ ਦਾ ਵਿਰੋਧ ਕਰੇ ਅਤੇ ਜਾਂ ਕੋਈ ਵੀ ਦਲ ਜਾਂ ਜਥੇਬੰਦੀ ਜੋ ਆਪਣੇ ਆਪ ਨੂੰ ਪੰਥਕ ਜਥੇਬੰਦੀ ਦਸਦਿਆਂ ਹੋਇਆਂ ਇਸ ਨਿਸ਼ਾਨੇ ਦੇ ਰਸਤੇ ਵਿਚ ਰੁਕਾਵਟ ਬਣੇ ਤਾਂ ਉਸਨੂੰ ਪੰਥ ਵਿਰੋਧੀ ਹੀ ਸਮਝਿਆ ਜਾਵੇ। ਅੱਜ ਹਰ ਸਿਖ ਹਿਰਦੇ ਵਿਚ ਇਹ ਭਾਵਨਾ ਪੈਦਾ ਕਰਨ ਤੇ ਅਹਿਸਾਸ ਜਗਾਉਣ ਦੀ ਲੋੜ ਹੈ ਕਿ ਜਦੋਂ ਪੰਥ ਘਾਤਕ ਤਾਕਤਾਂ ਇਕ ਹਨ ਤਾਂ ਪੰਥ ਇਕ ਕਿਉਂ ਨਹੀਂ?

ਖਾਲਸਾ ਪੰਥ ਨੂੰ ਜੋ ਗੁਰੂ ਘਰ ਵਲੋਂ ਵਿਰਸੇ ਵਿਚ ਮੀਰੀ ਪੀਰੀ ਦੀਆਂ ਕ੍ਰਿਪਾਨਾਂ ਤੇ ਕੇਸਰੀ ਨਸ਼ਾਨ ਸਾਹਿਬ ਦੀ ਬਖਸ਼ਸ਼ ਹੋਈ ਹੈ ਉਸਦੇ ਮੰਤਵ ਮਨੋਰਥ ਤੇ ਕਰਤਵ ਨੂੰ ਸਮਝਣਾ ਤਾਂ ਹਰ ਸਿਖ ਦਾ ਉਸ ਤਰ੍ਹਾਂ ਹੀ ਧਰਮ ਬਣਦਾ ਹੈ। ਇਹ ਬਖਸ਼ਸ਼ ਇਸ ਲਈ ਕੀਤੀ ਗਈ ਹੈ ਕਿ ਤਾਂ ਜੋ ਸਮੁੱਚੀ ਸਿਖ ਕੌਮ ਅਰਥਾਤ ਖਾਲਸਾ ਪੰਥ ਇਕ ਮੱਤ ਇਕ ਸਿਧਾਂਤ ਤੇ ਇਕ ਨਿਸ਼ਾਨ ਅਨੁਸਾਰ ਕੇਸਰੀ ਨਸ਼ਾਨ ਸਾਹਿਬ ਦੀ ਛਤਰ ਛਾਇਆ ਹੇਠ ਇਕੱਠਾ ਹੋਵੇ ਅਤੇ ਪੰਥਕ ਆਸ਼ਿਆਂ ਉਦੇਸ਼ਾਂ ਤੇ ਟੀਚਿਆਂ ਦੀ



ਪੂਰਤੀ ਲਈ ਜਥੇਬੰਦਕ ਰੂਪ ਵਿਚ ਇਕ ਮੁੱਠ ਤੇ ਇਕ ਜਾਨ ਹੋਕੇ ਪੰਥ ਦੁਸ਼ਮਨ ਤਾਕਤਾਂ ਦੇ ਮੁਕਾਬਲੇ ਰਣ ਤੱਤੇ ਵਿਚ ਉੱਤਰੇ ਅਤੇ ਜਿੱਤਾਂ ਤੇ ਪ੍ਰਾਪਤੀ ਦੇ ਨਾਲ ਨਾਲ ਇਸਦੀ ਹੋਂਦ ਤੇ ਹਸਤੀ ਦੇ ਨਾਲ ਜੁੜੇ ਹੋਏ ਸੰਕਲਪਾਂ ਸੁਪਨਿਆਂ ਅਤੇ ਇਸਦੀ ਚੜ੍ਹਤ ਤੇ ਆਨਸ਼ਾਨ ਨੂੰ ਸਭ ਥਾਂ ਉਜਾਗਰ ਕਰੇ। ਇਨ੍ਹਾਂ ਵਲੋਂ ਸਮੇਂ ਸਮੇਂ ਜਿੰਨ੍ਹਾਂ ਨਸ਼ਾਨਿਆਂ ਆਸ਼ਿਆਂ ਉਦੇਸ਼ਾਂ ਤੇ ਟੀਚਿਆਂ ਸੰਕਲਪਾਂ ਦੀ ਪੂਰਤੀ ਲਈ ਜਾਨ ਜੋਖੋਂ ਭਰੇ ਸੰਘਰਸ਼ ਤੇ ਘੋਲ ਕੀਤੇ ਗਏ, ਕੁਰਬਾਨੀਆਂ ਕੀਤੀਆਂ ਗਈਆਂ ਅਤੇ ਸ਼ਹਾਦਤਾਂ ਦਿੱਤੀਆਂ ਗਈਆਂ ਉਹਨਾਂ ਨੂੰ ਧਰਮ, ਸਮਾਜ ਤੇ ਰਾਜ ਦੇ ਖੇਤਰ ਵਿਚ ਅਮਲੀ ਰੂਪ 'ਚ ਲਾਗੂ ਕੀਤਾ ਜਾਵੇ। ਇਥੇ ਮੈਂ ਉਸ ਗੱਲ ਬਾਰੇ ਦੋਹਰ ਪਾਉਣੀ ਚਾਹੁੰਦਾ ਹਾਂ ਜਿਸ ਬਾਰੇ ਮੈਂ ਪਹਿਲਾਂ ਵੀ ਤੁਹਾਡੇ ਨਾਲ ਵਿਚਾਰ ਸਾਂਝੇ ਕਰ ਚੁੱਕਾ ਹਾਂ। ਉਹ ਇਹ ਹੈ ਕਿ ਪਿਛਲੇ ਸੈਂਤੀ ਸਾਲਾਂ ਵਿਚ ਅਸੀਂ ਪੰਥ ਦੁਸ਼ਮਨ ਹਿੰਦੂ ਰਾਜ ਹੱਥੋਂ ਭਿਆਨਕ ਸੱਟਾਂ ਤੇ ਕੁਟਾਂ ਮਾਰਾਂ ਖਾਂਦੇ ਰਹਿਣ ਦੇ ਬਾਵਜੂਦ ਆਪਣੇ ਪਵਿੱਤਰ ਗੁਰਧਾਮਾਂ ਦੇ ਪਲੇਟ ਫਾਰਮ ਤੋਂ ਭਾਰਤ ਸਾਡਾ ਦੇਸ਼ ਹੈ ਤੇ ਭਾਰਤ ਦੀ ਅਖੰਡਤਾ ਦਾ ਢੰਡੋਰਾ ਪਿੱਟਦੇ ਰਹੇ ਹਾਂ ਪਰ ਇਨ੍ਹਾਂ ਗੱਲਾਂ ਦੇ ਮੁਕਾਬਲੇ ਅਸੀਂ ਖਾਲਸਾ ਪੰਥ ਦੀ ਆਜ਼ਾਦ ਹਸਤੀ ਦੇ ਅਸਲ ਮਹੱਤਵ ਅਤੇ ਰਾਜ ਕਰੇਗਾ ਖਾਲਸਾ ਤੇ ਖਾਲਸਾ ਜੀ ਦੇ ਬੋਲ ਬਾਲੇ ਦੇ ਭਾਵ ਅਰਥਾਤ ਬੁਨਿਆਦੀ ਸੱਚ ਨੂੰ ਬਿਆਨ ਕਰਨ ਤੋਂ ਜਾਣ-ਬੁੱਝ ਕੇ ਅੱਖਾਂ ਮੀਟਦੇ ਰਹੇ ਹਾਂ ਇਸ ਤੋਂ ਇਲਾਵਾ ਅਜ ਤੱਕ ਹਰ ਪੰਥਕ ਆਗੂ ਖਾਲਸਾ ਪੰਥ ਦੇ ਅਸਲ ਦੁਸ਼ਮਨ ਨੂੰ ਪੰਥ ਸਾਹਮਣੇ ਨੰਗਿਆਂ ਕਰਨ ਤੋਂ ਸੰਕੋਚ ਕਰਦਾ ਰਿਹਾ ਹੈ।

ਸਿੰਘੋ, ਸਾਡਾ ਅਸਲ ਦੁਸ਼ਮਣ ਤਾਂ ਹੈ ਟੋਪੀ ਵਾਲਿਆ ਦਾ ਹਿੰਦੂ ਸਾਮਰਾਜ। ਇਸਦਾ ਰੂਪ ਰੰਗ ਤੇ ਪਹਿਰਾਵਾ ਭਾਵੇਂ ਕਾਂਗਰਸੀਆਂ ਵਾਲਾ ਹੋਵੇ, ਸੋਸ਼ਲਿਸਟਾਂ ਵਾਲਾ ਹੋਵੇ, ਜਨਸੰਘੀਆਂ ਦਾ ਹੋਵੇ, ਭਾਰਤੀ ਜੰਤਾ ਪਾਰਟੀ ਤੇ ਭਾਵੇਂ ਜੰਤਾ ਪਾਰਟੀ ਦਾ ਹੋਵੇ; ਹਿਦੂਸਤਾਨ ਵਿਚ ਰਾਜ ਕਰਨ ਵਾਲੀ ਪਾਰਟੀ ਦਾ ਨਾਂ ਭਾਵੇਂ ਕੋਈ ਵੀ ਕਿਉਂ ਨਾ ਹੋਵੇ ਉਸਦਾ ਮੁੱਢਾ, ਖਾਸਾ, ਸੋਚ, ਨੀਤੀ ਤੇ ਕਰਦਾਰ ਪੰਥ ਘਾਤਕ ਹੀ ਹੋਵੇਗਾ ਕਿਉਂਕਿ ਇਹਨਾਂ ਸਾਰਿਆਂ ਦੇ ਅੰਦਰ ਮਨੂੰ, ਚਾਨਕੀਆ ਤੇ ਗਾਂਧੀ ਦੀ ਰੂਹ ਕੰਮ ਕਰ ਰਹੀ ਹੈ। ਇਸਲਈ ਸਿਖ ਕੌਮ ਪ੍ਰਤੀ ਇਹਨਾ ਦਾ ਵਤੀਰਾ ਗੰਦਿਆ, ਚੰਦਿਆਂ ਹੀ ਨਿਆਈਂ ਹੀ ਹੋਵੇਗਾ। ਇਸ ਵਾਸਤੇ ਹੁਣ ਸਾਨੂੰ ਆਪਣਾ ਖਾਲਸਾ ਰਾਜ ਦਾ ਨਿਸ਼ਾਨਾ ਵੀ ਸਪਸ਼ਟ ਤੌਰ ਤੇ ਮਿਥਣਾ ਪਵੇਗਾ। ਜੇ ਕਿਤੇ ਪੰਥਕ ਆਗੂਆਂ ਨੇ ਪਹਿਲਾਂ ਤੋਂ ਹੀ ਪੰਥ ਦੀ ਆਜ਼ਾਦ ਹਸਤੀ, ਰਾਜ ਕਰੇਗਾ ਖਾਲਸਾ, ਖਾਲਸਾ ਜੀ ਦੇ ਬੋਲਬਾਲੇ ਅਤੇ ਪੰਜਾਬ ਦੀ ਧਰਤੀ ਨੂੰ ਖਾਲਸਾ ਪੰਥ ਦੀ ਜਨਮ ਭੂਮੀ ਤੇ ਰਾਜ ਭੂਮੀ ਐਲਾਨ ਕੇ ਖਾਲਸਾ ਰਾਜ ਦੇ ਨਾਂ ਉੱਪਰ ਲੜਾਈ ਆਰੰਭੀ ਹੁੰਦੀ ਤਾਂ ਅਜ ਹਾਲਾਤ ਹੀ ਕੁਝ ਹੋਰ ਹੁੰਦੇ।

ਅਜ ਇਹ ਗਲ ਕਿੰਨੀ ਅਫਸੋਸਨਾਕ ਤੇ ਪੰਥ ਲਈ ਖਤਰਨਾਕ ਹੈ ਕਿ ਅਜ ਦੇ ਪੰਥਕ ਆਗੂ ਸਭ ਕੁਝ ਜਾਣਦਿਆਂ ਬੁਝਦਿਆਂ ਹੋਇਆਂ ਅਤੇ ਪੰਥ ਦੁਸ਼ਮਨਾਂ ਦੀਆਂ ਨੀਤੀਆਂ ਤੇ ਉਹਨਾਂ ਦੇ ਫੈਸਲਿਆਂ ਨੂੰ ਸਮਝਦਿਆਂ ਹੋਇਆਂ ਹਿਦੂ ਸਮਾਜ ਨੂੰ ਪੰਥ ਦਾ ਦੁਸ਼ਮਣ ਮੰਨਣ ਤੋਂ ਇਨਕਾਰੀ ਹੋਏ ਬੈਠੇ ਹਨ। ਸਗੋਂ ਪਿਛਲੇ ਕੁਝ ਸਾਲਾਂ ਤੋਂ ਤਾਂ ਇਹ ਲੋਕ ਪੰਥ ਦੁਸ਼ਮਣ ਹਿੰਦੂ ਰਾਜ ਦੀ ਵਕਤੀ ਖੁਸ਼ੀ ਹਾਸਲ ਕਰਨ ਲਈ ਅਤੇ ਉਹਨਾਂ ਦੀਆਂ ਨਜ਼ਰਾਂ ਵਿਚ ਚੰਗਿਆਂ ਬਣਨ ਲਈ ਪੰਥਕ ਸਟੇਜਾਂ ਤੋਂ ਭਾਰਤ ਪ੍ਰਤੀ ਦੇਸ਼ ਭਗਤੀ ਦੇ ਗੁਣ ਗਾ ਗਾ ਕੇ ਖਾਲਸਾ ਪੰਥ ਦੀ ਸਵੈਹੋਂਦ, ਸਵੈਪਹਿਚਾਣ ਤੇ ਆਜ਼ਾਦ ਹਸਤੀ ਦੇ ਜੋਸ਼, ਜਜ਼ਬੇ ਤੇ ਸਪਿਰਟ ਨੂੰ ਪਿਛੇ ਪਾ ਰਹੇ ਹਨ। ਪੰਥਕ ਆਜ਼ਾਦੀ ਦੇ ਨਜ਼ਰੀਏ, ਨਿਸ਼ਾਨੇ ਦੇ ਮੁਕਾਬਲੇ ਭਾਰਤੀ ਦੇਸ਼ ਭਗਤੀ ਦੇ ਸੰਕਲਪ ਨੂੰ ਉੱਚਾ ਦਰਸਾਉਣ ਦੀ ਸ਼ਰਮਨਾਕ ਖੇਡ ਖੇਡ ਰਹੇ ਹਨ। ਪਤਾ ਨਹੀਂ ਕਿ ਇਹ ਲੋਕ ਖਾਲਸਾ ਪੰਥ ਸਾਹਮਣੇ ਇਹ ਸਚਾਈ ਐਲਾਨੀਆਂ ਤੌਰ ਤੇ ਪਰਗਟ

ਕਰਨ ਤੋਂ ਕਿਉਂ ਝਿਜਕਦੇ ਹਨ ਕਿ ਸਿਖ ਕੌਮ ਖਾਲਸਾ ਰਾਜ ਦੇ ਸੰਕਲਪ ਨਾਲ ਆਰੰਭ ਕਾਲ ਤੋਂ ਹੀ ਪਰਨਾਈ ਹੋਈ ਹੈ ਅਤੇ ਖਾਲਸਾ ਪੰਥ ਨੂੰ ਖਾਲਸਾ ਰਾਜ ਦੇ ਨਜ਼ਰੀਏ ਦੇ ਸੋਚ ਨਾਲੋਂ ਕਦੇ ਵੀ ਨਖੇੜਿਆ ਨਹੀਂ ਜਾ ਸਕਦਾ।

ਅਜ ਕਲ ਤਾਂ ਇਹਨਾਂ ਲੋਕਾਂ ਨੇ ਅਨੰਦ ਪੁਰ ਦੇ ਮਤੇ ਦੇ ਸਬੰਧ ਵਿਚ ਵੀ ਇਕ ਹੋਰ ਗੱਲ ਤੋਰ ਰੱਖੀ ਹੋਈ ਹੈ ਤੇ ਇਸ ਗੱਲ ਦਾ ਸਾਰੇ ਹਿੰਦੁਸਤਾਨ ਅੰਦਰ ਹੋਕਾ ਦੇ ਰੱਖਿਆ ਹੈ ਕਿ 'ਅਸੀਂ ਤਾਂ ਅਨੰਦਪੁਰ ਮਤੇ ਦੇ ਆਧਾਰ ਉੱਪਰ ਭਾਰਤਵਰਸ਼ ਦੇ ਸਭ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਲੜਾਈ ਲੜ ਰਹੇ ਹਾਂ। ਇਹ ਭੱਦਰ ਪੁਰਸ਼ ਪੰਜਾਬ ਅੰਦਰ ਸਿਖ ਕੌਮ ਲਈ ਵਿਸ਼ੇਸ਼ ਅਧਿਕਾਰਾਂ ਨੂੰ ਪਰਾਪਤ ਕਰਨ ਦੀ ਗੱਲ ਕਰਨੀ ਉੱਕੀ ਹੀ ਛੱਡ ਗਏ ਹਨ। ਇਥੋਂ ਤਕ ਕਿ ਇਸ ਪਾਸੇ ਵੱਲ ਆਉਂਦੇ ਹੀ ਨਹੀਂ। ਕੁਰਬਾਨੀਆਂ ਤੇ ਸ਼ਹੀਦੀਆਂ ਸਿਖ ਪੰਥ ਦੇ ਰਿਹਾ ਹੈ, ਦੁਖ ਤਸੀਹੇ ਸਿਖ ਝੱਲ ਰਹੇ ਨੇ ਪਰ ਇਹ ਪੰਥਕ ਆਗੂ ਖਾਲਸਾ ਪੰਥ ਦੀ ਇਸ ਲੜਾਈ ਨੂੰ ਪੰਥਕ ਰੰਗ ਦੇਣ ਦੀ ਬਜਾਏ ਬਿਲਾਵਜ੍ਹਾ ਰੂਪ 'ਚ ਕੁਝ ਹੋਰ ਹੀ ਰੰਗ ਦੇ ਕੇ ਖਾਲਸਾ ਰਾਜ ਦੇ ਸੰਕਲਪ ਨੂੰ ਆਪਣੇ ਹੱਥੀਂ ਮਾਰ ਰਹੇ ਨੇ।

ਇਹ ਗਲ ਕਿੰਨੀ ਅਫ਼ਸੋਸਨਾਕ ਤੇ ਹੈਰਾਨੀ ਭਰੀ ਹੈ ਕਿ ਸਾਡੇ ਇਹ ਆਗੂ ਅਨੰਦਪੁਰ ਸਾਹਿਬ ਦੇ ਮਤੇ ਅੰਦਰ ਪੰਜਾਬ ਵਿਚ ਸਿੱਖਾਂ ਦੇ ਵਿਸ਼ੇਸ਼ ਅਧਿਕਾਰਾਂ ਦੀ ਪਰਾਪਤੀ ਸਬੰਧੀ ਐਲਾਨੇ ਹੋਏ ਪ੍ਰੋਗਰਾਮ ਨੂੰ ਹੀ ਸੱਚ ਰੂਪ ਵਿਚ ਪਰਗਟ ਕਰਨ ਦੀ ਹਿੰਮਤ ਤੇ ਦਲੇਰੀ ਨਹੀਂ ਵਿਖਾ ਰਹੇ ਸਗੋਂ ਵੱਖ ਵੱਖ ਸਮੇਂ ਉੱਪਰ ਵੱਖ ਵੱਖ ਤਰਾਂ ਦੇ ਬਿਆਨ ਦੇ ਕੇ ਸਮੁੱਚੇ ਖਾਲਸਾ ਪੰਥ ਨੂੰ ਭੁਲੇਖਿਆਂ ਵਿਚ ਪਾ ਰਹੇ ਹਨ।

ਸਿੰਘੋ, ਇਹ ਗਲ ਮੈਨੂੰ ਇਥੇ ਇਸ ਕਰਕੇ ਕਹਿਣੀ ਪਈ ਹੈ ਕਿ ਜਿਸ ਕੌਮ ਦੇ ਆਗੂ ਆਪਣੀ ਹੀ ਕੌਮ ਦੇ ਸਾਹਮਣੇ ਸਚ ਨਹੀਂ ਬੋਲਦੇ ਤੇ ਉਸਨੂੰ ਨਿਆਂ ਨਹੀਂ ਦੇਂਦੇ ਉਹ ਭਲਕ ਨੂੰ ਆਪਣੀ ਕੌਮ ਦਾ ਭਵਿਖ ਸੰਵਾਰਨ ਅਤੇ ਉਸਨੂੰ ਬਲਵਾਨ ਬਣਾਉਣ ਦੀ ਜ਼ੁੰਮੇਵਾਰੀ ਕਿਵੇਂ ਨਿਭਾਉਣਗੇ ਅਤੇ ਇਹੋ ਜਿਹੇ ਵਿਅਕਤੀਆਂ ਉੱਪਰ ਕਿੰਨਾ ਕੁ ਇਤਬਾਰ ਕੀਤਾ ਜਾ ਸਕਦਾ ਹੈ? ਇਹਨਾਂ ਗੱਲਾਂ ਦੇ ਨਾਲ ਨਾਲ ਮੈਂ ਇਕ ਹੋਰ ਗੱਲ ਵੀ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ, ਉਹ ਇਹ ਕਿ ਕੁਝ ਗੱਲਾਂ ਵਿਚ ਕਿਸੇ ਹੱਦ ਤੱਕ ਕਸੂਰਵਾਰ ਹੋਣ ਦੀ ਜ਼ਿੰਮੇਵਾਰੀ ਸਾਡੇ ਉੱਪਰ ਵੀ ਆਉਂਦੀ ਹੈ; ਅਰਥਾਤ ਕੌਮ ਦੇ ਇਕ ਬਹੁਤ ਵੱਡੇ ਹਿੱਸੇ ਉੱਪਰ ਆਉਂਦੀ ਹੈ। ਕਿਉਂਕਿ ਅਸੀਂ ਪੰਥ ਨੂੰ ਪੈਰ ਪੈਰ ਉੱਪਰ ਧੋਖਾ ਦੇਣ ਤੇ ਦੁਸ਼ਮਣਾ ਹੱਥ ਵੇਚਣ ਵਾਲੇ ਗੱਦਾਰਾਂ, ਮੌਕਾ-ਪ੍ਰਸਤਾਂ, ਅਰਦਾਸਾਂ ਕਰਕੇ ਮਰਨ ਦਾ ਰਾਹ ਛੱਡਣ ਵਾਲੇ ਗੱਦੀਆਂ ਅਤੇ ਚੌਧਰਾਂ ਤੇ ਕੁਰਸੀਆਂ ਖਾਤਰ ਪੰਥ ਕੋਲੋਂ ਸ਼ਕਤੀ ਲੈ ਕੇ ਭਾਰਤ ਸਰਕਾਰ ਦੀ ਝੋਲੀ ਵਿਚ ਡਿੱਗਣ ਵਾਲੇ ਟਪੂਸੀਬਾਜ਼ਾਂ ਨੂੰ ਪੰਥਕ ਗੱਦਾਰ ਕਹਿ ਕੇ ਪੰਥ ਨਾਲੋਂ ਪੱਕੇ ਤੌਰ ਤੇ ਛੇਕਣ ਤੋਂ ਸੰਕੋਚ ਕਰਦੇ ਤੇ ਕੰਨੀ ਕਤਰਾਂਦੇ ਰਹੇ ਹਾਂ। ਇਥੋਂ ਤਕ ਕਿ ਉਹਨਾਂ ਦੀਆਂ ਕਾਲੀਆਂ ਕਰਤੂਤਾਂ ਤੋਂ ਜਾਣੂ ਹੁੰਦੇ ਹੋਏ ਵੀ ਉਹਨਾਂ ਨੂੰ ਪੰਥਕ ਦੀਵਾਨਾਂ ਤੇ ਇਕੱਠਾਂ ਵਿਚ ਚੁੱਪ ਚਾਪ ਸੁਣਦੇ ਰਹੇ ਹਾਂ। ਸਗੋਂ ਇਥੋਂ ਤਕ ਕਿ ਉਹਨਾਂ ਪੇਸ਼ਾਵਰ ਤੇ ਕੌਮ ਘਾਤਕ ਆਗੂਆਂ ਦੀਆਂ ਫੋਕ ਭਰੀਆਂ ਅਤੇ ਚਕਮਾ ਦਊ ਤਕਰੀਰਾਂ ਸੁਣ ਸੁਣ ਕੇ, ਜਿਵੇਂ ਕਿ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ, ਉਹਨਾਂ ਪਿੱਛੇ ਜੈਕਾਰੇ ਛੱਡਦੇ ਰਹੇ ਹਾਂ ਤੇ ਇਸ ਤਰ੍ਹਾਂ ਦੇ ਪੰਥਕ ਗੱਦਾਰਾਂ ਦੇ ਨਾਂ ਲੈ ਲੈ ਕੇ ਉਹਨਾਂ ਦੀ ਜ਼ਿੰਦਾਬਾਦ ਕਰਦੇ ਰਹੇ ਹਾਂ। ਐਸੇ ਲੋਕ ਪੰਥ ਨਾਲ ਬਾਰ ਬਾਰ ਗੱਦਾਰੀ ਕਰਨ ਤੋਂ ਬਾਅਦ ਜਦੋਂ ਫਿਰ ਪੰਥ ਵੱਲ ਮੋੜਾ ਪਾਉਂਦੇ ਰਹੇ ਤਾਂ ਅਸੀਂ ਉਹਨਾਂ ਨੂੰ ਉਸੇ ਵੇਲੇ ਮਾਨਤਾ ਦੇ ਕੇ ਫਿਰ ਉਹਨਾਂ ਹੀ ਰੁਤਬਿਆਂ ਉੱਪਰ ਸਥਾਪਤ ਕਰ ਦੇਂਦੇ ਰਹੇ ਜਿੰਨਾਂ ਦੀ ਆੜ ਵਿਚ ਉਹ ਪੰਥ ਨੂੰ ਵੇਚ ਕੇ ਆਪ ਪੰਥ ਦੁਸ਼ਮਣਾ ਦੀ ਝੋਲੀ 'ਚ ਪੈਂਦੇ ਰਹੇ ਸਨ।



ਇਸ ਸਬੰਧ ਵਿਚ ਮੈਂ ਇਹ ਗੱਲ ਕਹਿਣ ਤੋਂ ਸੰਕੋਚ ਨਹੀਂ ਕਰਾਂਗਾ ਕਿ ਜੇ ਕਿਤੇ ਸਿੱਖ ਕੌਮ ਨੇ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਵੱਲੋਂ ਇਸ ਸਬੰਧ ਵਿਚ ਕਾਇਮ ਕੀਤੀ ਹੋਈ ਆਦਰਸ਼ ਮਿਸਾਲ ਤੇ ਪ੍ਰੰਪਰਾ ਨੂੰ ਅਪਨਾਇਆ ਹੁੰਦਾ ਤਾਂ ਅੱਜ ਸਮੁੱਚੇ ਖਾਲਸਾ ਪੰਥ ਅੰਦਰ ਇਕ ਵੀ ਕਮਜ਼ੋਰ, ਮੌਕਾਪ੍ਰਸਤ, ਸਵਾਰਥੀ ਤੇ ਗੱਦਾਰ ਆਗੂ ਕਿਧਰੇ ਵੀ ਨਜ਼ਰ ਨਾ ਆਉਂਦਾ। ਜਿਸਤਰਾਂ ਗੁਰੂ ਸਾਹਿਬ ਨੇ ਆਪਣੇ ਟਿੱਕਾ ਪੁਤਰ ਬਾਬਾ ਰਾਮ ਰਾਏ ਨੂੰ ਸਿਰਫ ਇਕ ਵਾਰ ਗਲਤੀ ਕਰਨ ਅਤੇ ਗੁਰਬਾਣੀ ਦੇ ਇਕ ਸ਼ਬਦ ਨੂੰ ਬਦਲਣ ਦੇ ਨਤੀਜੇ ਵਜੋਂ ਹਮੇਸ਼ਾ ਹਮੇਸ਼ਾ ਲਈ ਪੰਥ 'ਚੋਂ ਛੇਕ ਦਿਤਾ ਤੇ ਗੁਰੂ ਦਰਬਾਰ ਵਿਚੋਂ ਕੱਢ ਦਿਤਾ ਸੀ। ਇਥੋਂ ਤਕ ਕਿ ਸਮੁੱਚੇ ਸਿਖ ਜਗਤ ਨੂੰ ਹੁਕਮ ਕਰ ਦਿਤਾ ਸੀ ਕਿ ਇਸ ਸ਼ਖਸ ਨੂੰ ਉੱਕਾ ਹੀ ਮੂੰਹ ਨਾ ਲਾਇਆ ਜਾਵੇ।

ਸਿੰਘੋ, ਜੇ ਕਿਧਰੇ ਹੋਏ ਬੀਤੇ ਦੌਰ ਵਿਚ ਪੰਥਕ ਵਿਚਾਰਧਾਰਾ ਤੇ ਪੰਥਕ ਹਿਤਾਂ ਨਾਲ ਖਿਲਵਾੜ ਕਰਨ ਵਾਲੇ ਆਗੂਆਂ ਪ੍ਰਤੀ ਇਸ ਪ੍ਰੰਪਰਾ ਨੂੰ ਅਪਨਾਇਆ ਹੁੰਦਾ ਤਾਂ ਫਿਰ ਉਸ ਹਾਲਤ ਵਿਚ ਪੰਥ ਦੀ ਸ਼ਾਨ ਅਜ ਕੁਝ ਨਿਰਾਲੀ ਹੀ ਦਿਸਦੀ। ਐਸੀ ਨਿਰਾਲੀ ਕਿ ਜਿਸਨੂੰ ਵੇਖ ਕੇ ਦੁਨੀਆਂ ਭਰ ਦੀਆਂ ਕੌਮਾਂ ਰਸ਼ਕ ਕਰਦੀਆਂ।

ਖਾਲਸਾ ਜੀ ਜੇ ਤੁਸਾਂ ਹੁਣ ਸਿਖ ਕੌਮ ਨੂੰ ਚੜ੍ਹਦੀ ਕਲਾ ਵਿਚ ਲੈ ਜਾਣ ਦਾ ਰਾਹ ਮੱਲਿਆ ਹੈ ਤਾਂ ਫਿਰ ਤੁਹਾਨੂੰ ਹੁਣ ਗੱਦਾਰਾਂ ਤੇ ਪੰਥ ਨੂੰ ਘਾਤਕ ਸੱਟਾਂ ਮਾਰਨ ਵਾਲੇ ਵਿਅਕਤੀਆਂ ਨੂੰ ਛੋਟੀਆਂ ਮੋਟੀਆਂ ਸਜ਼ਾਵਾਂ ਤਨਖਾਹਾਂ ਲਾ ਕੇ ਮੁਆਫ ਕਰ ਦੇਣ ਤੇ ਮੁੜ ਗਲ ਨਾਲ ਲਾਉਣ ਦੀ ਪਰਪਾਟੀ ਨੂੰ ਸਥਾਈ ਰੂਪ ਵਿਚ ਤਲਾਂਜਲੀ ਦੇਣੀ ਹੋਵੇਗੀ ਅਤੇ ਪੰਥਕ ਗੱਦਾਰਾਂ ਤੇ ਪੰਥ ਘਾਤਕ ਆਗੂਆਂ ਲਈ ਤੇਲ ਕਾੜ੍ਹਣ ਵਾਲੇ ਵੱਡੇ ਵੱਡੇ ਕੜਾਹੇ ਬਣਾਉਣੇ ਪੈਣਗੇ ਅਤੇ ਬੀਤੇ ਵਿਚ ਸਿਖ ਪੰਥ ਵੱਲੋਂ ਚੰਦੂ ਸਵਾਰੀਏ ਦੇ ਨੱਕ ਵਿਚ ਪਾਈ ਗਈ ਨਕੇਲ ਵਰਗੀਆਂ ਨਕੇਲਾਂ ਘੜਾਉਣੀਆਂ ਤੇ ਵੱਟਣੀਆਂ ਪੈਣਗੀਆਂ ਕਿਉਂਕਿ ਜਿਥੇ ਪੰਥਕ ਸਿਧਾਂਤ, ਆਦਰਸ਼, ਵਿਰਸੇ ਤੇ ਨਿਸ਼ਾਨੇ ਟੀਚਿਆਂ ਦੀ ਰਾਖੀ ਦਾ ਸਵਾਲ ਹੈ ਉਥੇ ਸਾਨੂੰ ਆਪਣਾ ਫਰਜ਼ ਤੇ ਧਰਮ, ਆਪਣੀਆਂ ਮਹਾਨ ਰਵਾਇਤਾਂ, ਪ੍ਰੰਪਰਾਵਾਂ ਦੇ ਅਨੁਸਾਰ ਪੂਰਨ ਈਮਾਨਦਾਰੀ ਸੰਜੀਦਗੀ ਤੇ ਦ੍ਰਿੜਤਾ ਨਾਲ ਪਾਲਣਾ ਤੇ ਨਿਭਾਉਣਾ ਪਏਗਾ। ਸਾਨੂੰ ਇਹ ਗੱਲ ਬਿਨਾ ਕਿਸੇ ਭਰਮ ਭੁਲੇਖੇ ਤੋਂ ਸਪਸ਼ਟ ਹੋਣੀ ਚਾਹੀਦੀ ਹੈ ਕਿ ਇਸ ਸਮੇਂ ਖਾਲਸਾ ਪੰਥ ਦੀ ਜੋ ਹਿੰਦੂ ਸਾਮਰਾਜ ਨਾਲ ਲੜਾਈ ਹੈ ਉਹ ਕੋਈ ਐਂਵੇਂ ਕਿਸੇ ਛੋਟੇ ਮੋਟੇ ਗੌਰਵ ਪੁਲੀਸ ਜਾਂ ਫੌਜ ਦੇ ਦਸਤੇ ਜਾਂ ਕਿਸੇ ਰਾਜਸੀ ਧੜੇ ਜਾਂ ਕਿਸੇ ਇਕ ਦੋ ਧਾਰਮਕ ਸੰਪਰਦਾਵਾਂ ਜਥੇਬੰਦੀਆਂ ਨਾਲ ਨਹੀਂ ਸਗੋਂ ਸਿਖ ਕੌਮ ਦੇ ਲਹੂ ਨਾਲ ਹੋਲੀ ਖੇਡਣ ਦੇ ਸੁਪਣੇ ਲੈ ਰਹੇ ਰਾਖਸ਼ਸ਼ ਰੂਪੀ ਹਿੰਦੂ ਸਾਮਰਾਜ ਨਾਲ ਹੈ। ਸਾਡੀ ਟੱਕਰ ਕਿਸੇ ਹਿੰਦੂ ਨਾਲ ਨਹੀਂ ਸਗੋਂ ਹਿੰਦੂਵਾਦ ਨਾਲ ਹੈ। ਅਸਲ ਵਿਚ ਇਨ੍ਹਾਂ ਟੋਪੀ ਵਾਲਿਆਂ ਦੀ ਭਾਰਤ ਸਰਕਾਰ ਨੂੰ ਖਾਲਸਾ ਪੰਥ ਦੀ ਵਿਲਖਣਤਾ, ਇਸਦੀ ਬਲਵਾਨ ਵਿਚਾਰਧਾਰਾ, ਗੁਰਧਾਮਾਂ ਦੀ ਧਾਰਮਕ ਇਤਿਹਾਸਕ ਤੇ ਰਾਜਨੀਤਕ ਮਹਾਨਤਾ ਅਤੇ ਇਸਦਾ ਸ਼ਾਨਦਾਰ ਤੇ ਕੁਰਬਾਨੀਆਂ ਭਰਿਆ ਇਤਿਹਾਸ, ਆਦਰਸ਼, ਸਭਿਆਚਾਰ ਤੇ ਇਸਦੀਆਂ ਕ੍ਰਾਂਤੀਕਾਰੀ ਸੋਚਾਂ ਅਤੇ ਜੁਝਾਰੂ ਸਰਗਰਮੀਆਂ ਸਭ ਕੁਝ ਹੀ ਅੱਖਰਦੇ ਹਨ। ਅੱਜ ਹਰ ਹਿੰਦੂ ਦੇ ਦਿਲ ਦਿਮਾਗ ਵਿਚ ਇਹ ਗੱਲ ਘਰ ਕਰ ਚੁੱਕੀ ਹੈ ਕਿ ਜੇ ਸਿੱਖਾਂ ਦੇ ਪੰਥਕ ਜਜ਼ਬੇ ਵਿਚਾਰਧਾਰਾ ਨਜ਼ਰੀਏ ਨਿਆਰੇਪਣ ਅਤੇ ਇਨ੍ਹਾਂ ਦੇ ਅੰਤਸ਼ਕਰਨ ਤੇ ਸੰਸਕਾਰਾਂ ਵਿਚ ਘੁਲੇ ਮਿਲੇ ਹੋਏ ਧਰਮ ਤੇ ਰਾਜਨੀਤੀ ਵਿਚਾਰ ਪਾਈ ਜਾਣ ਵਾਲੀ ਅਟੁੱਟ ਸਾਂਝ ਦੇ ਨਜ਼ਰੀਏ ਤੇ ਅਨੁਭਵ ਨੂੰ ਕੁਚਲ ਦਿੱਤਾ ਜਾਵੇ ਅਤੇ ਇਨ੍ਹਾਂ ਦੀ ਬੋਲੀ ਤੇ ਇਤਿਹਾਸ ਦੀਆਂ ਵਡਿਆਈਆਂ ਖੂਬੀਆਂ ਨੂੰ ਵਿਗਾੜਨ ਦੇ ਨਾਲ ਨਾਲ ਇਨ੍ਹਾਂ ਪਾਸੋਂ ਗੁਰਧਾਮਾਂ ਦੇ ਪਲੇਟਫਾਰਮ ਖੋਹ ਲਏ ਜਾਣ ਤਾਂ ਇਨ੍ਹਾਂ ਦੀ ਹਸਤੀ ਨੂੰ ਕੁਚਲਿਆ ਤੇ ਇਨ੍ਹਾਂ ਅੰਦਰ ਚਮਤਕਾਰੀ ਬਲ ਤੇ ਰੌਸ਼ਨੀ ਪੈਦਾ ਕਰਨ ਵਾਲੇ ਸਰੋਤਾਂ ਨੂੰ ਮਲੀਆਮੇਟ ਕੀਤਾ ਜਾ ਸਕਦਾ ਹੈ।

ਅੱਜ ਸਮੁੱਚੇ ਹਿੰਦੂ ਸਾਮਰਾਜ ਦਾ ਧਿਆਨ ਹਿੰਦੁਸਤਾਨ ਚੋਂ ਮੁਸਲਮਾਨ ਤੇ ਸਿੱਖਾਂ ਦੀ ਹਸਤੀ ਨੂੰ ਕਿਵੇਂ ਨਾ ਕਿਵੇਂ ਖਤਮ ਕਰ ਦੇਣ ਵੱਲ ਲਗਾ ਹੋਇਆ ਹੈ। ਇਨ੍ਹਾਂ ਦੋਹਾਂ ਕੌਮਾਂ ਦੀ ਹੋਂਦ ਹਸਤੀ ਨੂੰ ਵੇਖ ਕੇ ਹਿੰਦੂ ਸਮਾਜ ਦੇ ਕਲੇਜੇ ਵਿਚ ਸੂਲ ਉਠ ਰਿਹਾ ਹੈ। ਸਿੱਖਾਂ ਨੂੰ ਕੁਚਲਣ ਲਈ ਤਾਂ ਇਸ ਸਮੇਂ ਭਾਰਤ ਸਰਕਾਰ ਤੇ ਹਿੰਦੁਸਤਾਨ ਦਾ ਹਰ ਹਿੰਦੂ ਆਪਣੀ ਆਪਣੀ ਥਾਂ 'ਤੇ ਲੰਗਰ ਲੰਗੋਟੇ ਕੱਸੀ ਫਿਰਦਾ ਅਤੇ ਐਲਾਨੀਆਂ ਤੌਰ 'ਤੇ ਚੰਗਾੜਦਾ ਫਿਰਦਾ ਹੈ। ਜੋ ਕੁਝ ਅੱਜ ਦਰਬਾਰ ਸਾਹਿਬ ਕੰਪਲੈਕਸ ਤੇ ਇਸਦੇ ਆਲੇ ਦੁਆਲੇ ਵਾਪਰ ਰਿਹਾ ਹੈ ਉਸਦੀ ਸਪਸ਼ਟ ਤਸਵੀਰ ਤੁਹਾਡੇ ਸਾਹਮਣੇ ਹੈ ਅਤੇ ਇਸ ਸਮੇਂ ਲੱਖਾਂ ਦੀ ਗਿਣਤੀ ਵਿਚ ਫੌਜ ਸੁੱਟ ਕੇ ਜੋ ਸਮੁੱਚੇ ਪੰਜਾਬ ਅੰਦਰ ਹਾਲਾਤ ਪੈਦਾ ਕਰ ਦਿੱਤੇ ਗਏ ਨੇ ਉਸ ਸਭ ਕੁਝ ਬਾਰੇ ਵੀ ਤੁਹਾਨੂੰ ਸਭ ਨੂੰ ਜਾਣਕਾਰੀ ਹੈ। ਇਸ ਵਾਸਤੇ ਹੁਣ ਖਾਲਸਾ ਪੰਥ ਨੇ ਹਿੰਦੂ ਸਾਮਰਾਜ ਨਾਲ ਜੋ ਲੜਾਈ ਲੜਨੀ ਹੈ ਉਹ ਇਹ ਗੱਲ ਸਮਝ ਕੇ ਤੇ ਮਿਥ ਕੇ ਲੜਨੀ ਹੈ ਕਿ ਯੁਧ ਦੋਂਹ ਵੱਖ ਵੱਖ ਸੋਚਾਂ, ਨੀਤੀਆਂ ਵਿਸ਼ਵਾਸਾਂ ਤੇ ਵਿਚਾਰਧਾਰਵਾਂ ਦੇ ਆਧਾਰ ਉੱਪਰ ਦੋਂਹ ਕੌਮਾਂ ਦੇ ਵਿਚਕਾਰ ਹੋ ਰਿਹਾ ਹੈ। ਅੱਜ ਜੋ ਭਾਰਤ ਸਰਕਾਰ ਵਲੋਂ ਸਮੁੱਚੀ ਸਿੱਖ ਕੌਮ ਉੱਪਰ ਚੌਫੇਰਿਓਂ ਹੀ ਹਮਲਾ ਬੋਲ ਦਿੱਤਾ ਗਿਆ ਹੈ ਵਾਸਤਵ ਵਿਚ ਇਹ ਹਮਲਾ ਸ਼ਬਦ ਗੁਰੂ ਦੇ ਸਿਧਾਂਤ ਗੁਰਧਾਮਾਂ ਦੇ ਮਹੱਤਵ ਅਤੇ ਖਾਲਸਾ ਪੰਥ ਦੇ ਵਲਖਣੇ ਬਲਵਾਨ ਤੇ ਚਮਤਕਾਰੀ ਵਿਅਕਤੀਤਵ ਉੱਪਰ ਹਮਲਾ ਹੈ।

ਅਸਲ ਵਿਚ ਸਿੱਖ ਕੌਮ ਦੇ ਦੁਸ਼ਮਨ ਵੈਰੀਆਂ ਦੇ ਦਿਲ ਦਿਮਾਗ ਅੰਦਰ ਇਹ ਗੱਲ ਪੱਕੀ ਤਰ੍ਹਾਂ ਨਾਲ ਬੈਠੀ ਹੋਈ ਹੈ ਕਿ ਖਾਲਸਾ ਪੰਥ ਇਸ ਸਮੇਂ ਇਕ ਆਜ਼ਾਦ ਤੇ ਖੁਦ ਮੁਖਤਿਆਰ ਰਾਜ ਭਾਗ ਅਰਥਾਤ ਸਲਤਨਤ ਦਾ ਮਾਲਕ ਨਾ ਹੁੰਦਾ ਹੋਇਆ ਵੀ ਆਪਣੇ ਆਪ ਵਿਚ ਇਕ ਪੂਰਨ ਰਾਜ ਅਤੇ ਸਲਤਨਤ ਦਾ ਦਰਜਾ ਰਖਦਾ ਹੈ, ਕਿਉਂਕਿ ਸਮੁੱਚਾ ਸਿੱਖ ਜਗਤ ਹਰਿਮੰਦਿਰ ਸਾਹਿਬ ਦੇ ਕੰਪਲੈਕਸ ਨੂੰ ਆਪਣੀ ਰਾਜਧਾਨੀ ਸਮਝਦਾ ਹੈ ਅਤੇ ਅਕਾਲ ਤਖਤ ਸਾਹਿਬ ਨੂੰ ਧਾਰਮਕ ਤੇ ਰਾਜਸੀ ਪੱਖੋਂ ਸਰਵ ਉੱਚ ਸੱਤਾ ਦਾ ਐਸਾ ਅਸਥਾਨ ਸਮਝਦਾ ਹੈ, ਜਿਥੋਂ ਵੱਡੇ ਤੋਂ ਵੱਡੇ ਧਾਰਮਕ-ਰਾਜਸੀ ਫੈਸਲੇ ਲਏ ਜਾ ਸਕਦੇ ਨੇ, ਸਿੱਖਾਂ ਦੇ ਨਾ ਹੁਕਮ ਨਾਮੇ ਜਾਰੀ ਕੀਤੇ ਜਾ ਸਕਦੇ ਨੇ ਅਤੇ ਸਿੱਖ ਵਿਚਾਰਧਾਰਾ ਤੇ ਰਵਾਇਤਾਂ ਦੀ ਰੋਸ਼ਨੀ ਵਿਚ ਬਾਕਾਇਦਾ ਮਰਯਾਦਾ ਪੂਰਵਕ ਢੰਗ ਨਾਲ ਕਾਨੂੰਨ ਘੜੇ ਜਾ ਸਕਦੇ ਤੇ ਲਾਗੂ ਕੀਤੇ ਜਾ ਸਕਦੇ ਨੇ।

ਅਸਲ ਵਿਚ ਇਨ੍ਹਾਂ ਟੋਪੀ ਵਾਲਿਆਂ ਦੀ ਭਾਰਤ ਸਰਕਾਰ ਅਤੇ ਸਮੁੱਚਾ ਹਿੰਦੂ ਸਾਮਰਾਜ ਸਿੱਖਾਂ ਉੱਪਰ ਮਨੋ ਕਰਕੇ ਇਨ੍ਹਾਂ ਹੀ ਗੱਲਾਂ ਤੋਂ ਔਖਾ ਹੈ ਅਤੇ ਇਨ੍ਹਾਂ ਪ੍ਰਤੀ ਦੁਸ਼ਮਨੀ ਤੇ ਵੈਰ ਵਿਰੋਧ ਦੀ ਆਖਰੀ ਹੱਦ ਤੱਕ ਈਰਖਾ, ਕੀਨਾ, ਹਸਦ ਤੇ ਸਾੜਾ ਰਖਦਾ ਹੈ।

ਸਿੰਘੋ, ਖਾਲਸਾ ਪੰਥ ਉਸ ਵਾਹਿਗੁਰੂ ਦੀ ਅਪਾਰ ਕ੍ਰਿਪਾ ਸਦਕਾ ਆਪਣੇ ਜਨਮ ਕਾਲ ਤੋਂ ਹੀ ਆਜ਼ਾਦ ਤੇ ਖੁਦਮੁਖਤਿਆਰ ਹੈ, ਇਸੇ ਕਰਕੇ ਹੀ ਇਹ ਆਪਣੀ ਹਸਤੀ ਉੱਪਰ ਇਕ ਅਕਾਲ ਪੁਰਖ ਦੇ ਹੁਕਮ ਤੋਂ ਬਿਨਾਂ ਦੁਨੀਆਂ ਦੀ ਹੋਰ ਕਿਸੇ ਵੀ ਬਾਹਰੀ ਤਾਕਤ ਦਾ ਕੁੰਡਾ ਜਾਂ ਹੁਕਮ ਹਾਸਲ ਨਹੀਂ ਮੰਨਦਾ ਕਿਉਂਕਿ ਖਾਲਸਾ ਪੰਥ ਉਸ ਅਕਾਲ ਪੁਰਖ ਦੀ ਉਹ ਫੌਜ ਹੈ ਜਿਸ ਨੂੰ ਉਸਨੇ ਆਪਣੀ ਮੌਜ ਵਿਚ ਆਕੇ ਮਨੁਖਤਾ ਦੀ ਸੇਵਾ ਤੇ ਕਲਿਆਣ ਦੇ ਨਿਸ਼ਾਨੇ ਨਾਲ ਥਾਪ ਰੱਖਿਆ ਹੈ। ਉਸ ਅਕਾਲ ਪੁਰਖ ਦੇ ਹੁਕਮ ਵਿਚ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਇਹ ਸਾਜਿਆ ਨਿਵਾਜਿਆ ਹੋਇਆ ਖਾਲਸਾ ਜਿੱਥੇ ਆਪਣੀਆਂ ਅਲੌਕਿਕ ਸ਼ਕਤੀਆਂ ਸਦਕਾ ਤੇ ਗੁਣਾਂ ਲਖਣਾ ਦੇ ਕਾਰਨ ਇਸ ਸੰਸਾਰ ਅੰਦਰ ਇਕ ਸੰਪੂਰਨ ਕੌਮ ਦਾ ਦਰਜਾ ਰਖਦਾ ਹੈ ਉੱਥੇ ਆਪਣੇ ਆਪ ਵਿਚ ਇਕ ਪੂਰਨ ਸਲਤਨਤ ਹੋਣ ਦੇ ਨਾਲ ਨਾਲ ਇਕ ਮੁੰਕਮਲ ਪ੍ਰਬੰਧ ਵੀ ਹੈ। ਇਸ ਕਰਕੇ ਸਿੰਘਾਂ ਹੁਣ



ਖਾਲਸਾ ਪੰਥ ਦੇ ਹਰ ਇਕ ਅਨੁਆਈ ਨੂੰ ਮਨੋ ਚਿਤੋਂ ਇਕ ਸੁਰ ਤੇ ਦ੍ਰਿੜ ਹੋ ਕੇ ਖਾਲਿਸਤਾਨ ਅਤੇ ਖਾਲਸਾ ਤੰਤਰ ਦਾ ਝੰਡਾ ਬਰਦਾਰ ਬਨਣਾ ਪਵੇਗਾ।

ਖਾਲਸਾ ਜੀ, ਜਿਸਤਰ੍ਹਾਂ ਅੱਜ ਹਿੰਦੁਸਤਾਨ ਭਰ ਦਾ ਹਿੰਦੂ ਖਾਲਸਾ ਪੰਥ ਨੂੰ ਕੁਚਲਣ ਦੇ ਨਿਸ਼ਾਨੇ ਨਾਲ ਇਕ ਥਾਂ ਇਕੱਠਾ ਹੋ ਗਿਆ ਹੈ ਅਤੇ ਇਨ੍ਹਾਂ ਟੋਪੀ ਵਾਲਿਆਂ ਦੀ ਹਕੂਮਤ ਦੀਆਂ ਫੌਜਾਂ ਸਾਡੇ ਗੁਰਧਾਮਾਂ ਉੱਪਰ ਹਮਲਾਵਰ ਹੋ ਗਈਆਂ ਨੇ, ਇਨ੍ਹਾਂ ਗੱਲਾਂ ਤੋਂ ਹੁਣ ਇਕ ਗੱਲ ਸਾਫ ਜ਼ਾਹਰ ਹੈ ਤੇ ਸਾਹਮਣੇ ਦਿਸ ਰਹੀ ਹੈ ਕਿ ਹਿੰਦੂ ਸਾਮਰਾਜ ਹੁਣ ਸਿੱਖ ਕੌਮ ਦੇ ਵਿਰੁਧ ਆਪਣਾ ਹਰ ਹਥਿਆਰ ਤੇ ਆਪਣੇ ਭੱਥੇ (ਤਰਕਸ਼) ਦਾ ਹਰ ਤੀਰ ਆਜ਼ਮਾਏਗਾ। ਇਸ ਲਈ ਹੁਣ ਉਹ ਸਮਾ ਬਿਲਕੁਲ ਸਿਰ 'ਤੇ ਆ ਗਿਆ ਹੈ ਕਿ ਅੱਜ ਹਰ ਸਿੰਘ ਨੂੰ ਖਾਲਸਾ ਪੰਥ ਦੀ ਆਜ਼ਾਦ ਹਸਤੀ ਦੇ ਸਨਮੁਖ ਲੋਹ ਦੀ ਦੀਵਾਰ ਬਣਕੇ ਤੇ ਪਹਾੜ ਦੀ ਤਰ੍ਹਾਂ ਸੀਨਾ ਤਾਨ ਕੇ ਦੁਸ਼ਮਨ ਵੈਰੀਆਂ ਦੇ ਹਥਿਆਰਾਂ ਤੇ ਤੀਰਾਂ ਅੱਗੇ ਖਲੋਣਾ ਤੇ ਉਹਨਾ ਦਾ ਮੂੰਹ ਭੰਨਣਾ ਹੋਵੇਗਾ। ਸਿੱਖ ਧਰਮ ਤੇ ਸਿੱਖ ਕੌਮ ਦੀ ਹੋਂਦ ਹਸਤੀ ਉੱਪਰ ਹਥਿਆਰ ਤੇ ਤੀਰ ਚਲਾਉਣ ਵਾਲੇ ਹੱਥਾਂ ਨੂੰ ਵੱਢਣ ਟੁਕਣ ਲਈ ਦ੍ਰਿੜ ਰੂਪ 'ਚ ਸੰਕਲਪਬਧ ਹੋਣਾ ਪਏਗਾ। ਇਸੇ ਹੀ ਪ੍ਰਸੰਗ ਵਿਚ ਇਹ ਗੱਲ ਮੈਂ ਫਿਰ ਦੁਹਰਾ ਦੇਣੀ ਚਾਹੁੰਦਾ ਹਾਂ ਕਿ ਜੋ ਵੀ ਕੋਈ ਵਿਅਕਤੀ ਹੁਣ ਭਵਿੱਖ ਵਿਚ ਪੰਥ ਨਾਲ ਗ਼ਦਾਰੀ ਕਰੇ, ਪੰਥ ਨੂੰ ਚਕਮਾ ਜਾਂ ਧੋਖਾ ਦੇਵੇ, ਪੰਥ ਦੁਸ਼ਮਨ ਤਾਕਤਾਂ ਨਾਲ ਦੋਸਤੀ ਪਾਲੇ, ਪੰਥਕ ਹਿਤਾਂ ਹੱਕਾਂ ਤੇ ਖਾਲਸਾ ਰਾਜ ਦੀ ਜਦੋ ਜਹਿਦ ਨੂੰ ਸੱਟ ਮਾਰ ਕੇ ਵਿੰਗੇ ਟੇਢੇ ਢੰਗਾਂ ਤਰੀਕਿਆਂ ਨਾਲ ਚੌਧਰਾਂ, ਕੁਰਸੀਆਂ ਅਤੇ ਦੌਲਤ ਤੇ ਤਾਕਤ ਹਾਸਲ ਕਰਨ ਦੇ ਰਾਹ ਉੱਪਰ ਤੁਰਦਾ ਦਿੱਸੇ ਅਤੇ ਜਾਂ ਜੋ ਆਗੂ ਇਕ ਵਾਰ ਵੀ ਪੰਥ ਘਾਤਕ ਪੱਧਰ ਦੀ ਜਾਂ ਪੰਥ ਨੂੰ ਨੁਕਸਾਨ ਪਹੁੰਚਾਉਣ ਤੇ ਨੀਵਾਂ ਵਖਾਉਣ ਵਾਲੀ ਗੱਲ ਕਰੇ ਤੇ ਜਾਂ ਕਮਜ਼ੋਰੀ ਵਖਾਵੇ, ਉਸਨੂੰ ਮੁਆਫ ਕਰਨ ਤੇ ਗੱਲ ਨਾਲ ਲਾਉਣ ਦੀ ਪਰਪਾਟੀ ਸਦਾ ਲਈ ਛੱਡਣੀ ਤੇ ਤਿਆਗਣੀ ਪਏਗੀ। ਇਸਤਰ੍ਹਾਂ ਦੇ ਵਿਅਕਤੀਆਂ ਨੂੰ ਹੁਣ ਪੰਥਕ ਵੇਹੜੇ ਵਿਚ ਚੂਹੇ, ਬਿਛੂ ਤੇ ਸਪੋਲੀਏ ਹੀ ਸਮਝਣਾ ਪਵੇਗਾ ਤੇ ਇਨ੍ਹਾਂ ਨਾਲ ਚੂਹਿਆਂ, ਬਿਛੂਆਂ ਤੇ ਸਪੋਲੀਆਂ ਵਾਲਾ ਹੀ ਸਲੂਕ ਕਰਨਾ ਹੋਵੇਗਾ। ਇਨ੍ਹਾਂ ਦੇ ਐਸੇ ਸੰਗੀਆਂ ਸਾਥੀਆਂ ਹਵਾਰੀਆਂ ਹਤੈਸ਼ੀਆਂ ਤੇ ਪਰਵਾਰਾਂ ਤੱਕ ਨੂੰ ਵੀ ਸੋਧਨਾ ਹੋਵੇਗਾ ਜੋ ਪੰਥਕ ਗ਼ਦਾਰਾਂ ਦੀਆਂ ਸਰਗਰਮੀਆਂ ਤੇ ਕਾਰਵਾਈਆਂ ਉੱਪਰ ਖੁਸ਼ ਹੋ ਹੋ ਕੇ ਉਹਨਾਂ ਨੂੰ ਮਾਨਤਾ ਤੇ ਆਦਰ ਮਾਨ ਦੇਂਦੇ ਹਨ।

ਪੰਥਕ ਹਿਤਾਂ ਨੂੰ ਇਕ ਵਾਰ ਵੀ ਵੇਚਣ ਵਾਲੇ ਤੇ ਕੌਮ ਦੀ ਆਨ ਸ਼ਾਨ ਨਾਲ ਖਲਵਾੜ ਕਰਨ ਵਾਲਿਆਂ ਨੂੰ ਕਦੀ ਭੁੱਲ ਕੇ ਵੀ ਆਪਣੇ ਵਿਸ਼ਵਾਸ ਦੇ ਪਾਤਰ ਨਹੀਂ ਬਨਾਉਣਾ ਤੇ ਉਹਨਾਂ ਨੂੰ ਕਿਸੇ ਇਕ ਦੋਂਹ ਜਾਂ ਚੌਂਹ ਗੱਲਾਂ ਵਿਚ ਸਿਆਣੇ ਤੇ ਮਾਹਰ ਸਮਝ ਕੇ ਬਿਲਕੁਲ ਨੇੜੇ ਨਹੀਂ ਲਗਾਉਣਾ ਕਿਉਂਕਿ ਇਸ ਪਰਕਾਰ ਦੇ ਲੋਕਾਂ ਦੀ ਮਾਨਸਿਕ ਅਵਸਥਾ ਤੇ ਸੌੜੀ ਸੋਚ ਜਿਸ ਮਾਹੌਲ ਵਿਚ ਪਰਵਾਨ ਚੜ੍ਹੀ ਹੋਈ ਹੁੰਦੀ ਹੈ ਅਤੇ ਜਿਸਤਰ੍ਹਾਂ ਨਾਲ ਇਨ੍ਹਾਂ ਦਾ ਮਨ ਸ਼ੈਤਾਨੀ ਅਨਭਵ ਨਾਲ ਜੁੜਿਆ ਹੋਇਆ ਹੁੰਦਾ ਹੈ, ਉਸ ਵਿਚ ਲਚਕ ਪੈਦਾ ਕਰਨੀ ਤੇ ਉਸਦੀ ਖੁ ਅਰਥਾਤ ਫਿਤਰਤ ਨੂੰ ਬਦਲਣਾ ਅਸੰਭਵ ਹੁੰਦਾ ਹੈ। ਇਸ ਪਰਕਾਰ ਦੇ ਲੋਕਾਂ ਹਥੋਂ ਇਨ੍ਹਾਂ ਦੇ ਨੀਤੀ ਜਾਲ ਵਿਚ ਫਸ ਕੇ ਧੋਖਾ ਤੇ ਫਰੇਬ ਬਿਲਕੁਲ ਨਹੀਂ ਖਾਣਾ, ਕਿਉਂਕਿ ਇਸਤਰ੍ਹਾਂ ਦੇ ਲੋਕ ਪੰਥ ਦੀ ਕਿਸਮਤ ਨੂੰ ਵਗਾੜਨ ਤੇ ਅੰਧਕਾਰ ਵਿਚ ਧੱਕਾ ਦੇਣ ਪੱਖੋਂ ਤਾਂ ਮਾਹਰ ਹੋ ਸਕਦੇ ਹਨ ਪਰ ਇਸ ਪਰਕਾਰ ਦੇ ਲੋਕਾਂ ਤੋਂ ਸਿੱਖ ਕੌਮ ਦੀ ਕਿਸਮਤ ਨੂੰ ਸੁੰਦਰ ਸੋਹਣਾ ਸੁਨੱਖਾ ਤੇ ਪਿਆਰਾ ਰੂਪ ਦੇਣ ਦੀ ਆਸ ਰੱਖਣੀ ਆਪਣੇ ਆਪ ਨੂੰ ਧੋਖਾ ਦੇਣ ਵਾਲੀ ਤੇ ਪੰਥ ਨੂੰ ਮਾਰ ਪਵਾਉਣ ਤੇ ਇਸਦਾ ਰੁਖ ਹਨੇਰੀ ਸੁਰੰਗ ਵੱਲ ਨੂੰ ਮੋੜਨ ਵਾਲੀ ਗੱਲ ਬਣਦੀ ਹੈ। ਏਸ ਲਈ ਹੁਣ ਅੱਗੇ ਤੋਂ ਇਸਤਰ੍ਹਾਂ ਦੇ ਵਿਅਕਤੀਆਂ ਦੇ ਨਾਅਹਿਲਾਂ

ਦਮਗਜਿਆਂ ਲਾਹਿਆਂ ਦਾਅ ਪੇਚਾਂ ਅਤੇ ਕਿਸੇ ਮੌਕੇ ਤੇ ਸਮੇਂ ਦੀ ਆੜ ਵਿਚ ਇਨ੍ਹਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਛੋਟੀਆਂ ਮੋਟੀਆਂ ਕੁਰਬਾਨੀਆਂ, ਨਿੱਕੀਆਂ ਮੋਟੀਆਂ ਸੇਵਾਵਾਂ ਅਤੇ ਇਨ੍ਹਾਂ ਦੇ ਮੀਣੇ ਮਸੰਦਾਂ ਵਰਗੇ ਮੌਸਮੀ ਰੂਪਾਂ ਰੰਗਾਂ ਤੇ ਢੰਗ ਢਬਾਂ ਅਤੇ ਇਨ੍ਹਾਂ ਦੀਆਂ ਮਿਠੀਆਂ ਮਿਠੀਆਂ ਦਿਲ ਮੋਹ ਲੈਣ ਵਾਲੀਆਂ ਖਚਰੀਆਂ ਗੱਲਾਂ ਦੇ ਢਹੇ ਨਹੀਂ ਚੜ੍ਹਨਾ ਤੇ ਜਾਲ ਵਿਚ ਨਹੀਂ ਫਸਨਾ।

ਸਿੰਘੋ, ਇਸ ਸਮੇਂ ਸਿਖ ਕੌਮ ਜਿਸ ਭਿਆਨਕ ਦੌਰ 'ਚੋਂ ਗੁਜਰ ਰਹੀ ਹੈ ਇਸ ਵਿਚ ਖਾਸ ਤੌਰ 'ਤੇ ਸਿਖ ਨੌਜਵਾਨਾਂ, ਲੇਖਕਾਂ ਤੇ ਬੁੱਧੀਜੀਵੀਆਂ ਅਤੇ ਜੁਝਾਰੂ ਸਿਘਾਂ ਤੇ ਮਰਜੀਵੜਿਆਂ ਦੀਆਂ ਜ਼ੁਮਾਵਾਰੀਆਂ ਬਹੁਤ ਵਧ ਗਈਆਂ ਹਨ। ਇਸ ਲਈ ਸਿੰਘੋ ਹੁਣ ਘਰ ਘਰ ਪਿੰਡ ਪਿੰਡ ਕਸਬੇ ਅਰਥਾਤ ਵਿਅਕਤੀ ਤੋਂ ਵਿਅਕਤੀ ਤਕ ਆਪ ਪਹੁੰਚ ਕਰਨੀ ਹੋਵੇਗੀ ਅਤੇ ਆਪਣੀਆਂ ਭੈਣਾਂ, ਮਾਵਾਂ, ਪੁੱਤਰੀਆਂ, ਭਾਈਆਂ, ਰਿਸ਼ਤੇਦਾਰਾਂ, ਬਜ਼ੁਰਗਾਂ ਅਤੇ ਖੇਤਾਂ, ਕਾਰਖਾਨਿਆਂ ਅਤੇ ਵੱਖ ਵੱਖ ਅਦਾਰਿਆਂ ਤੇ ਵਿਭਾਗਾਂ ਵਿਚ ਕੰਮ ਕਰਨ ਵਾਲੇ ਹਰ ਸਿਖ ਵਿਅਕਤੀ ਨੂੰ ਆਪ ਮਿਲਕੇ ਸਮੂਹ ਸਿਖ ਜਗਤ ਦੇ ਵਿਸ਼ਵਾਸ ਨੂੰ ਜਿਤਨਾ ਪਏਗਾ ਤੇ ਉਹਨਾਂ ਨੂੰ ਖਾਲਿਸਤਾਨ ਦੇ ਇਸ ਘੋਲ ਵਿਚ ਕਿਸੇ ਨਾ ਕਿਸੇ ਰੂਪ ਵਿਚ ਸ਼ਾਮਲ ਕਰਨਾ ਪਏਗਾ। ਜਿਸ ਸਮੇਂ ਤੁਸੀਂ ਇਸ ਪਰਕਾਰ ਦੇ ਕਰਮ-ਕਾਰਜ ਤੇ ਕਾਰਜ-ਕਰਮ ਨੂੰ ਨਿਭਾਉਣ ਦਾ ਰਾਹ ਗੰਭੀਰਤਾ ਨਾਲ ਅਖਤਿਆਰ ਕਰ ਲਉਗੇ ਤਾਂ ਫਿਰ ਉਸ ਹਾਲਤ ਵਿਚ ਤੁਹਾਨੂੰ ਦੁਸ਼ਮਨ ਦੇ ਖਿਲਾਫ ਯੁੱਧ ਲੜਨ ਲਈ ਆਪਣੀਆਂ ਕਮੀਨਗਾਹਾਂ, ਛੁਪਣ ਥਾਵਾਂ ਤੇ ਪਨਾਹ ਗਾਹਾਂ ਕਾਇਮ ਕਰਨ ਲਈ ਜੰਗਲਾਂ ਪਹਾੜਾਂ ਤੇ ਬੇਲਾਂ ਰੁੱਖਾਂ ਵੱਲ ਨਹੀਂ ਵੇਖਣਾ ਪਏਗਾ ਸਗੋਂ ਸਮੁੱਚੀ ਸਿਖ ਕੌਮ ਦਾ ਸੰਸਾਰ ਤੁਹਾਡੇ ਲਈ ਥਾਂ ਥਾਂ ਉੱਪਰ ਢਾਲ ਬਣ ਜਾਵੇਗਾ ਅਤੇ ਤੁਹਾਨੂੰ ਗੁਪਤ ਟਿਕਾਣਿਆਂ ਛਾਪਾਮਾਰ ਅੱਡਿਆਂ ਛੁਪਨ ਗਾਹਾਂ ਮੋਰਚਿਆਂ ਕਮੀਨਗਾਹਾਂ ਤੇ ਪਨਾਹਗਾਹਾਂ ਅਤੇ ਲੜਾਈ ਦੇ ਸਾਧਨ ਵਸੀਲਿਆਂ ਦੀ ਕੋਈ ਘਾਟ ਨਹੀਂ ਰਹੇਗੀ। ਸਭ ਥਾਵਾਂ ਉੱਪਰ ਤੁਹਾਡੇ ਦੁਆਲੇ ਇਕ ਐਸੀ ਸ਼ਕਤੀ ਦਾ ਪਸਾਰਾ ਹੋਵੇਗਾ ਕਿ ਪੰਥ ਦੇ ਦੁਸ਼ਮਨਾਂ ਲਈ ਉਸਨੂੰ ਪਾਰ ਕਰਕੇ ਤੁਹਾਡੇ ਤੱਕ ਪੁਜਣਾ ਤੇ ਉਸਨੂੰ ਖੇਧਾਲਣਾ ਅਸੰਭਵ ਹੋਵੇਗਾ ਕਿਉਂਕਿ ਲੋਕ ਸ਼ਕਤੀ ਇਕ ਐਸੇ ਲੋਹ-ਗੜ ਦੀ ਨਿਆਈਂ ਹੁੰਦੀ ਹੈ ਕਿ ਉਸ ਉੱਪਰ ਫਤਹਿ ਹਾਸਲ ਕਰਨੀ ਦੁਸ਼ਮਨ ਤਾਕਤਾਂ ਦੇ ਵੱਸ ਦਾ ਰੋਗ ਨਹੀਂ ਹੁੰਦਾ ਕਿਉਂਕਿ ਉਸ ਵੱਲ ਵੱਧਣ ਤੋਂ ਪਹਿਲਾਂ ਦੁਸ਼ਮਨ ਫੌਜਾਂ ਤੇ ਤਾਕਤਾਂ ਨੂੰ ਪੈਰ ਪੈਰ ਉੱਪਰ ਭਿਆਨਕ ਖਤਰਿਆਂ ਦਾ, ਇਥੋਂ ਤੱਕ ਕਿ ਮੌਤ ਦਾ ਸਾਹਮਣਾ ਕਰਨਾ ਪੈਂਦਾ ਹੈ।

ਚੇਤੰਨ ਤੇ ਜਾਗ੍ਰਿਤ ਲੋਕਸ਼ਕਤੀ ਦੇ ਕਿਲ੍ਹੇ ਦੀਆਂ ਦੀਵਾਰਾਂ ਇਸ ਹੱਦ ਤਕ ਮਜ਼ਬੂਤ ਹੁੰਦੀਆਂ ਹਨ ਕਿ ਉਹਨਾਂ ਵਿਚ ਐਸੀਆਂ ਦਰਾੜਾਂ ਪੈਦਾ ਨਹੀਂ ਕੀਤੀਆਂ ਜਾ ਸਕਦੀਆਂ ਜਿੰਨਾਂ ਤੋਂ ਦੀ ਦੁਸ਼ਮਨ ਦੀਆਂ ਨਜਰਾਂ ਲੋਕ ਸ਼ਕਤੀ ਦੇ ਅੰਦਰਲੇ ਸੰਸਾਰ ਦੀਆਂ ਸਰਗਰਮੀਆਂ ਦੀ ਪੁਣਛਾਣ ਕਰਕੇ ਉਹਨਾਂ ਦੇ ਜੁਝਾਰੂ ਚੇਹਰਿਆਂ ਦੀ ਪਛਾਣ ਕਰਨ ਵਿਚ ਕਾਮਯਾਬ ਹੋ ਸਕਣ। ਇਸ ਵਾਸਤੇ ਸਮੇਂ ਦੇ ਨਾਲ ਨਾਲ ਖਾਲਸਾ ਰਾਜ ਦੇ ਸਭ ਸਮਰਥਕ ਹਮਦਰਦ ਤੇ ਸਰਗਰਮ ਵਰਕਰ ਥਾਂ ਥਾਂ ਉੱਪਰ ਫੈਲਦੇ ਤੇ ਵਿਚਰਦੇ ਤੁਰੇ ਜਾਇਓ ਅਤੇ ਖਾਲਸਾ ਪੰਥ ਦੇ ਹਰ ਛੋਟੇ ਵੱਡੇ ਅਨੁਆਈ ਨੂੰ ਸਿਖ ਕੌਮ ਆਜ਼ਾਦੀ ਦੀ ਜਦੋਜਹਿਦ ਦੇ ਹਮਦਰਦ ਆਪਣੇ ਸੰਗੀ ਸਾਥੀ, ਮਰਜੀਵੜੇ ਅਰਥਾਤ ਜਾਂਬਾਜ਼ ਬਨਾਉਂਦੇ ਤੁਰੇ ਜਾਇਓ।

ਸਿੱਖ ਕੌਮ ਦੇ ਹਰ ਛੋਟੇ ਵੱਡੇ ਦੀ ਝੋਲੀ ਐਸੀ ਸੋਚ ਨੀਤੀ, ਅਨੁਭਵ, ਕਰਮ ਤੇ ਵਿਚਾਰਾਂ ਦੀ ਸ਼ਕਤੀ ਤੇ ਰੌਸ਼ਨੀ ਨਾਲ ਭਰ ਦਿਓ ਕਿ ਹਰ ਇਕ ਵਿਅਕਤੀ ਅੰਦਰਲਾ ਖਾਲਸਾਈ ਜੋਸ਼, ਜਜ਼ਬਾ ਵਲਵਲਾ ਇਥੋਂ ਤੱਕ ਕਿ ਪੰਥਕ ਸੰਕਲਪ ਤੇ ਸੰਸਕਾਰ ਤੱਕ ਜਾਗ ਪੈਣ ਅਤੇ ਉਸਦੀਆਂ



ਸਰਗਰਮੀਆਂ ਪੰਥ ਦੇ ਦੁਸ਼ਮਨਾਂ ਲਈ ਮੌਤ ਦਾ ਪੈਗਾਮ ਬਣ ਜਾਣ। ਸਿਖ ਕੌਮ ਦੇ ਸੰਸਾਰ ਅੰਦਰ ਵਿਚਰਦਿਆਂ ਹੋਇਆਂ ਹਰ ਸਿਖ ਹਿਰਦੇ ਅੰਦਰ ਇਸ ਸਚਾਈ ਨੂੰ ਪਰਗਟ ਕਰ ਦਿਓ ਕਿ ਆਜ਼ਾਦੀ ਤੇ ਖੁਸ਼ਹਾਲੀ ਦੀਆਂ ਅਤੇ ਇਜ਼ਤ ਗੌਰਵ ਤੇ ਮਾਨ ਪ੍ਰਤਿਸ਼ਟਾ ਦੀਆਂ ਬਾਗ ਬਹਾਰਾਂ ਤੇ ਸੁਹਾਵਣੀਆਂ ਰੁੱਤਾਂ ਐਸੇ ਮਾਹੌਲ ਅਰਥਾਤ ਵਾਤਾਵਰਨ ਵਾਲੀ ਧਰਤੀ ਉੱਪਰ ਟਹਿਕਦੀਆਂ ਮਹਿਕਦੀਆਂ ਹਨ ਜਿਸ ਨੂੰ ਰਣ-ਤੱਤਿਆਂ ਦੇ ਵਣਜਾਰਿਆਂ ਅਰਥਾਤ ਸੂਰਬੀਰਾਂ ਸਿਰਲੱਥ ਯੋਧਿਆਂ ਤੇ ਸ਼ਹੀਦਾਂ ਨੇ ਆਪਣੇ ਲਹੂ ਨਾਲ ਸਿਜਿਆਂ ਹੁੰਦਾ ਹੈ। ਨਰੋਈ ਕਿਸਮਤ ਤੇ ਉੱਤਮ ਭਾਗਾਂ ਦੇ ਫੁੱਲ ਉਸ ਕੌਮ ਦੀ ਜਨਮ ਭੂਮੀ ਉੱਪਰ ਖਿੜਦੇ ਹਨ ਜਿਸਦੇ ਅਨੁਆਈਆਂ ਨੇ ਆਪਣੇ ਸੀਸ ਆਪਣੀ ਮਾਂ ਭੂਮੀ ਉੱਪਰ ਪਲ ਕੇ ਅਰਥਾਤ ਪਰਵਰਸ਼ ਪਾ ਕੇ ਤੇ ਅਨੰਤ ਪਰਕਾਰ ਦੇ ਸਖਤ ਘੋਲਾਂ ਸੰਘਰਸ਼ਾਂ ਤੇ ਖਤਰਿਆਂ ਚੋਂ ਦੀ ਲੰਘ ਕੇ ਪਰਵਾਨ ਚੜ੍ਹੀ ਕੌਮੀਅਤ ਦੇ ਸਖਤ ਘੋਲਾਂ ਸੰਘਰਸ਼ਾਂ ਤੇ ਲੇਖੇ ਲਾਉਣ ਦਾ ਮਨੋ ਚਿਤੋਂ ਪ੍ਰਣ ਕਰ ਰੱਖਿਆ ਹੁੰਦਾ ਹੈ ਅਤੇ ਆਪਣੀ ਕੌਮੀਅਤ ਦੀ ਆਨ-ਸ਼ਾਨ ਮਾਨ ਪ੍ਰਤਿਸ਼ਟਾ ਤੇ ਚੜ੍ਹਦੀ ਕਲਾ ਦੀ ਅਮਾਨਤ ਸਮਝ ਰਖਿਆ ਹੁੰਦਾ ਹੈ। ਭਾਵ ਇਹ ਕਿ ਜੋ ਆਪਣੀ ਲੋਕ ਆਜ਼ਾਦੀ, ਕੌਮੀ ਹਸਤੀ, ਸਵੈ ਹੋਂਦ ਤੇ ਸਵੈ ਪਹਿਚਾਣ ਦੇ ਪਹਿਰੇਦਾਰ ਤੇ ਝੰਡਾ ਬਰਦਾਰ ਹੁੰਦੇ ਹਨ, ਉਹਨਾਂ ਦੀ ਧਰਤੀ ਨੂੰ ਹੀ ਭਾਗ ਲਗਦੇ ਹਨ। ਇਸ ਵਿਚਾਰ ਦੀ ਰੌਸ਼ਨੀ ਵਿਚ ਜਦੋਂ ਅਸੀਂ ਖਾਲਸਾ ਪੰਥ ਦੇ ਇਤਿਹਾਸ ਵੱਲ ਵੇਖਦੇ ਹਾਂ ਤਾਂ ਸਾਨੂੰ ਇਸ ਗੱਲ ਉੱਪਰ ਬੜਾ ਹੀ ਗੌਰਵ ਹੁੰਦਾ ਹੈ ਕਿ ਸਿਖ ਪੰਥ ਦਾ ਅੱਜ ਤੱਕ ਦਾ ਸੇਵਾ, ਘਾਲਣਾ ਸੰਘਰਸ਼ ਕੁਰਬਾਨੀਆਂ ਤੇ ਸ਼ਹੀਦੀਆਂ ਪੱਖੋਂ ਜਿੰਨਾ ਵੀ ਇਤਿਹਾਸ ਹੈ ਉਹ ਆਪਣੇ ਆਪ ਵਿਚ ਜਿਥੇ ਮਹਾਨ, ਆਦਰਸ਼ ਤੇ ਜੁਝਾਰੂ ਹੈ ਉਥੇ ਇਸ ਇਤਿਹਾਸ ਨਾਲ ਜੁੜੀਆਂ ਹੋਈਆਂ ਮਹਾਨ ਆਤਮਾਵਾਂ ਤੇ ਪੰਥ ਦੇ ਸੁਨਹਿਰੀ ਕਾਰਨਾਮਿਆਂ ਨੇ ਸਮੁੱਚੇ ਖਾਲਸਾ ਪੰਥ ਨੂੰ ਤੇ ਖਾਲਸਾ ਜੀ ਦੀ ਜਨਮ ਭੂਮੀ ਨੂੰ ਭਾਗ ਵੀ ਬਹੁਤ ਲਾਏ ਸਨ। ਅਸਲ ਵਿਚ ਅਜ ਵੀ ਜੇ ਖਾਲਸਾ ਪੰਥ ਅੰਦਰ ਤੁਹਾਡੇ ਜਿਹੇ ਲੱਖਾਂ ਸਿਰਲੱਥ ਸੂਰਮੇਂ ਮੌਜੂਦ ਨੇ ਤਾਂ ਇਹ ਗੁਰੂਧਾਮਾਂ ਦੀ ਮੇਹਰ ਸਦਕਾ ਪੰਥਕ ਇਤਿਹਾਸ ਦੇ ਸਿਰ ਸਕਦਾ ਹੀ ਹਨ ਕਿਉਂਕਿ ਗੁਰੂਘਰ ਤੇ ਪੰਥ ਦੇ ਰਾਹ ਉੱਪਰ ਚਲਦਿਆਂ ਹੋਇਆਂ ਹਜ਼ਾਰਾਂ ਲੱਖਾਂ ਜੁਝਾਰੂਆਂ ਨੇ ਜਿੰਨੇ ਵੀ ਦੁਖ ਕਸ਼ਟ ਉਠਾਏ ਤੇ ਤਸੀਹੇ ਝੱਲੇ, ਬਲੀਦਾਨ ਦਿੱਤੇ ਅਤੇ ਨਿਰੰਤਰ ਰੂਪ 'ਚ ਲੰਮੇ ਸੰਘਰਸ਼ ਕੀਤੇ ਤੇ ਜੰਗ ਯੁਧ ਲੜੇ ਉਹਨਾਂ ਪਿਛੇ ਜੋ ਸਪਣੇ ਕੰਮ ਕਰਦੇ ਤੇ ਖੇਡਦੇ ਸਨ ਉਹਨਾਂ ਦੀ ਤੰਦ ਮੂਲ ਰੂਪ ਵਿਚ ਗੁਰੂਘਰ ਦੇ ਉਸ ਸੋਚ ਉਦੇਸ਼ ਨੇ ਨਾਲ ਅਟੁੱਟ ਰੂਪ ਵਿਚ ਜੁੜੀ ਹੋਈ ਹੁੰਦੀ ਸੀ ਜਿਸ ਅਨੁਸਾਰ ਖਾਲਸੇ ਜੀ ਦੀ ਸਮੁੱਚੀ ਹਸਤੀ ਨੂੰ ਉਸ ਅਕਾਲ ਪੁਰਖ ਦੀ ਹੀ ਦੇਣ, ਇਮਾਨਤ ਤੇ ਮਲਕੀਅਤ ਸਮਝਿਆ ਜਾਂਦਾ ਸੀ। ਇਹੋ ਕਾਰਨ ਹੈ ਕਿ ਖਾਲਸਾ ਪੰਥ ਦੇ ਵਿਚਾਰਧਾਰਕ ਨਜ਼ਰੀਏ ਅਨੁਸਾਰ ਖਾਲਸਾ ਪੰਥ ਦੀ ਹਸਤੀ ਵੀ ਉਸ ਵਾਹਿਗੁਰੂ ਜੀ ਦੀ ਮਾਲਕੀ ਹੈ ਅਤੇ ਖਾਲਸਾ ਪੰਥ ਵਲੋਂ ਪ੍ਰਾਪਤ ਕੀਤੀਆਂ ਜਾਣ ਵਾਲੀਆਂ ਸਭ ਜਿੱਤਾਂ ਤੇ ਪ੍ਰਾਪਤੀਆਂ ਵੀ ਉਸ ਵਾਹਿਗੁਰੂ ਦੀਆਂ ਹੀ ਹੁੰਦੀਆਂ ਹਨ। ਇਹੋ ਕਾਰਨ ਹੈ ਕਿ ਐਸੇ ਅਸੂਲਾਂ ਤੇ ਆਦਰਸ਼ ਦੇ ਅਧਾਰ ਉੱਪਰ ਲੜੇ ਜਾਣ ਵਾਲੇ ਘੋਲਾਂ ਸੰਘਰਸ਼ਾਂ ਤੇ ਜੰਗਾਂ ਯੁੱਧਾਂ ਵਿਚ ਕਿਸੇ ਵਿਅਕਤੀ ਤੇ ਜਥੇਬੰਦੀ ਜਾਂ ਦਲ ਦੀਆਂ ਆਪ ਹੁਦਰੀਆਂ ਜਾਂ ਸਵਾਰਥੀ ਨੀਤੀਆਂ ਸੋਚਾਂ 'ਤੇ ਫੈਸਲਿਆਂ ਨੂੰ ਪੰਥ ਵਲੋਂ ਪਰਵਾਨ ਨਹੀਂ ਕੀਤਾ ਜਾ ਸਕਦਾ

ਅਸਲ ਵਿਚ ਖਾਲਸਾ ਪੰਥ ਆਪਣੀਆਂ ਇਨ੍ਹਾਂ ਵਿਲਖਣੀ ਵਡਿਆਈਆਂ ਤੇ ਖੂਬੀਆਂ ਦੇ ਕਾਰਨ ਹੀ ਹਮੇਸ਼ਾਂ ਜਾਬਰ ਅਤੇ ਹਨੇਰੀਆਂ ਤੇ ਅਨਿਆਈ ਤਾਕਤਾਂ ਹਕੂਮਤਾਂ ਦੇ ਮੁਕਾਬਲੇ ਸਾਧਨ ਵਸੀਲਿਆਂ ਤੇ ਜੰਗੀ ਸਾਜ਼-ਸਮਾਨ ਪੱਖੋਂ ਅਧੂਰਿਆਂ ਤੇ ਊਣਿਆਂ ਹੁੰਦਿਆਂ ਹੋਇਆਂ ਵੀ ਉਹਨਾਂ ਦੀਆਂ ਟਿੱਡੀ ਦਲ ਫੌਜਾਂ ਦੇ ਮੁਕਾਬਲੇ ਅਜਿੱਤ ਅਤੇ ਜ਼ਬਰਦਸਤ ਰੂਪ ਵਿਚ ਸੰਘਰਸ਼-ਸ਼ੀਲ ਰਹਿੰਦਾ ਰਿਹਾ ਹੈ।

ਸਿੰਘੋ, ਇਸੇ ਹੀ ਸਚਾਈ ਤੇ ਵਿਸ਼ਵਾਸ ਦੇ ਆਧਾਰ ਉਪਰ ਮੇਰੀ ਅੱਜ ਤੱਕ ਅਖਬਾਰੀ ਨੁਮਾਂਇੰਦਿਆਂ ਵਲੋਂ ਕੀਤੇ ਜਾਣ ਵਾਲੇ ਪ੍ਰਸ਼ਨਾਂ ਦੇ ਉੱਤਰਾਂ ਵਿਚ ਇਹ ਦਲੀਲ ਹੁੰਦੀ ਸੀ 'ਪ੍ਰੈਸ ਤੇ ਅਖਬਾਰਾਂ ਵਾਲਿਓ, ਤੁਸੀਂ ਮੈਨੂੰ ਬਾਰ ਬਾਰ ਇਹ ਗੱਲ ਪੁਛਦੇ ਰਹਿੰਦੇ ਹੋ ਕਿ ਭਾਰਤ ਸਰਕਾਰ ਦੀ ਲੱਖਾਂ ਦੀ ਗਿਣਤੀ ਵਿਚ ਪੁਲੀਸ, ਫੌਜ, ਬੀ. ਐਸ. ਐਫ., ਸੀ. ਆਰ. ਪੀ. ਅਤੇ ਟੈਂਕਾਂ ਤੋਪਾਂ, ਹਵਾਈ ਜਹਾਜ਼, ਬੰਬ, ਗੋਲਿਆਂ, ਬਾਰੂਦੀ ਭੰਡਾਰਾਂ ਤੇ ਹੋਰ ਅਨੰਤ ਪਰਕਾਰ ਦੇ ਜੰਗੀ ਸਾਜ਼ ਸਾਮਾਨ ਤੇ ਵਸੀਲਿਆਂ ਦੇ ਮੁਕਾਬਲੇ ਤੁਹਾਡੇ ਜਥੇ ਦੇ ਇਹ ਥੋੜੀ ਜਿਹੀ ਗਿਣਤੀ ਦੇ ਸਿੰਘ ਕੀ ਕਰਨਗੇ?' ਮੇਰਾ ਜਵਾਬ ਐਂਵੇਂ ਇਹੋ ਹੀ ਹੁੰਦਾ ਰਿਹਾ ਹੈ, 'ਅਖਬਾਰਾਂ ਵਾਲੇ ਬੁੱਧੀ ਜੀਵੀਓ ਅਤੇ ਹਰ ਰੋਜ਼ ਸਿਆਸਤ ਤੇ ਨੀਤੀ ਦੀਆਂ ਬਾਤਾਂ ਸੁਨਣ ਤੇ ਸੁਨਾਉਣ ਵਾਲਿਓ, ਮੈਂ ਤੁਹਾਨੂੰ ਪਹਿਲਾਂ ਵੀ ਇਸ ਗੱਲ ਬਾਰੇ ਨਿਰਣਾ ਦੇ ਚੁੱਕਾ ਹਾਂ ਕਿ ਸਾਡੀਆਂ ਨਜ਼ਰਾਂ ਵਿਚ ਭਾਰਤੀ ਫੌਜ ਕੀੜਿਆਂ ਤੋਂ ਵਧ ਹੋਰ ਕੁਝ ਵੀ ਹੈਸੀਅਤ ਨਹੀਂ ਰਖਦੀ ਕਿਉਂਕਿ ਉਸਦੀ ਸੋਚ ਤੇ ਕਰਦਾਰ ਇਕ ਐਸੀ ਹਕੂਮਤ ਦੇ ਹੁਕਮ ਹੇਠ ਕੰਮ ਕਰਦੇ ਹਨ ਜਿਸਦਾ ਖਾਸਾ ਅਨ-ਮਨੁੱਖੀ ਹੈ ਅਤੇ ਹਿੰਦੂਵਾਦ ਨੂੰ ਪਾਲਣ ਤੇ ਵਿਕਸਤ ਕਰਨ ਲਈ ਦੂਸਰੀਆਂ ਕੌਮਾਂ ਦੇ ਲੋਕਾਂ ਤੇ ਧਰਮ ਮੱਤਾਂ ਦਾ ਵਿਨਾਸ਼ ਚਿਤਵਣਾ ਹੈ ਇਸ ਲਈ ਐਸੀ ਫੌਜ ਜਿਸਦੇ ਜ਼ੁੰਮੇ ਕੰਮ ਹੀ ਦੂਸਰੀਆਂ ਕੌਮਾਂ ਦੀ ਹੋਂਦ ਤੇ ਪਛਾਣ ਨੂੰ ਖਤਮ ਕਰਨਾ ਅਤੇ ਉਹਨਾਂ ਦੇ ਵਿਰਸੇ, ਇਤਹਾਸ, ਸਭਿਆਚਾਰ ਤੇ ਬਲਵਾਨ ਖਾਸੇ ਨੂੰ ਖਤਮ ਕਰਨ ਦੇ ਨਿਸ਼ਾਨੇ ਨਾਲ ਉਹਨਾਂ ਉੱਪਰ ਟਿੱਡੀ ਦਲ ਦੀ ਤਰ੍ਹਾਂ ਹਮਲਾਵਰ ਹੋਣਾ ਹੋਵੇ ਉਸਨੂੰ ਕੀੜਿਆਂ ਮਕੌੜਿਆਂ ਦੇ ਲਸ਼ਕਰ ਤੋਂ ਵਖਰਾ ਹੋਰ ਕਿਹੜਾ ਨਾਂ ਦਿੱਤਾ ਜਾ ਸਕਦਾ ਹੈ। ਇਹ ਠੀਕ ਹੈ ਕਿ ਇਸ ਹਿੰਦੂ ਰਾਜ ਤੇ ਇਸਦੇ ਸੈਨਕ ਟਿੱਡੀ ਦਲ ਦੇ ਮੁਕਾਬਲੇ, ਸਾਡੇ ਪਾਸ ਇਕ ਸ਼ਕਤੀ-ਸ਼ਾਲੀ ਰਾਜ ਫੌਜ ਦਾ ਜਮਘਟਾ ਅਤੇ ਜੰਗੀ ਸਾਜ਼ ਸਮਾਨ ਦੇ ਭੰਡਾਰ ਤੇ ਟੈਂਕਾਂ ਬੰਬਾਰਾਂ ਨੂੰ ਤਿਆਰ ਕਰਨ ਵਾਲੇ ਵੱਡੇ ਵੱਡੇ ਕਾਰਖਾਨੇ ਨਹੀਂ ਹਨ।

ਇਹ ਵੀ ਠੀਕ ਹੈ ਕਿ ਭਾਰਤੀ ਹਕੂਮਤ ਦੇ ਮੁਕਾਬਲੇ ਸਾਡੇ ਕਿਸੇ ਬਹੁਤ ਵੱਡੀ ਰਾਜਸੀ ਤਾਕਤ ਦੇ ਨਾਲ ਕੋਈ ਖੁਫੀਆ ਸਮਝੌਤੇ ਤੇ ਸੰਧੀਆਂ ਵੀ ਨਹੀਂ ਹਨ ਪਰ ਇਸਦੇ ਬਾਵਜੂਦ ਸਾਡੇ ਪਾਸ ਇਕ ਐਸੀ ਸ਼ਕਤੀ ਜ਼ਰੂਰ ਹੈ, ਜਿਸਦੇ ਮੁਕਾਬਲੇ ਇਕ ਨਾ ਇਕ ਦਿਨ ਭਾਰਤ ਸਰਕਾਰ ਤੇ ਉਸਦੇ ਹਿੰਦੂਵਾਦ ਅਤੇ ਹਿੰਦੂ ਸਾਮਰਾਜ ਨੂੰ ਅਵਸ਼ ਹੀ ਮੂੰਹ ਦੀ ਖਾਣੀ ਪਏਗੀ ਕਿਉਂਕਿ ਸਾਡੀ ਇਸ ਸ਼ਕਤੀ ਦਾ ਸੋਮਾ ਗੁਰੂ ਨਾਨਕ ਘਰ ਦੀ ਐਸੀ ਵਿਚਾਰਧਾਰਾ ਹੈ ਜੋ ਖਾਲਸਾ ਪੰਥ ਨੂੰ ਹੱਕ ਸੱਚ ਨਿਆਂ ਤੇ ਆਜ਼ਾਦੀ ਲਈ ਜੂਝਣ ਦਾ ਰਾਹ ਦ੍ਰਸਾਉਂਦਾ ਹੈ। ਅਸਲ ਵਿਚ ਸਾਡੀ ਜੀਵਨ ਸ਼ਕਤੀ ਦਾ ਸਰੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਆਪ ਹਨ। ਸਾਡੇ ਲਈ ਇਹ ਸ਼ਕਤੀ ਜਿਥੇ ਅਗੰਮੀ ਤੇ ਇਲਾਹੀ ਰੂਪ ਰਖਦੀ ਹੈ ਸਾਨੂੰ ਆਤਮਕ, ਅਧਿਆਤਮਕ, ਮਾਨਵੀ ਤੇ ਸਦਾਚਾਰਕ ਕਦਰਾਂ ਕੀਮਤਾਂ ਦਾ ਧਾਰਨੀ ਤੇ ਅਲੰਬਰਦਾਰ ਹੋਣ ਦੀ ਸੇਵਾ ਤੇ ਜ਼ਿਮਾਵਾਰੀ ਵੀ ਬਖਸ਼ੀ ਹੈ। ਇਸੇ ਲਈ ਹੀ ਖਾਲਸਾ ਪੰਥ ਦਾ ਸੁਭਾ ਖਾਸਾ ਤੇ ਕਰਦਾਰ ਜਿਥੇ ਜੁਝਾਰੂ ਨੇ ਉਥੇ ਇਸਦੇ ਟੀਚੇ, ਲਖਸ਼ ਤੇ ਨਿਸ਼ਾਨੇ ਵੀ ਆਦਰਸ਼ਕ ਨੇ ਅਤੇ ਜੋ ਉੱਤਮ ਤੇ ਸਚਿਆਰਾ ਆਦਰਸ਼ ਹੁੰਦਾ ਹੈ ਉਹ ਰੱਬੀ ਨੂਰ ਦਾ ਪ੍ਰਤੀਕ ਹੋਣ ਕਰਕੇ ਕਦੀ ਨਹੀਂ ਮਰਦਾ ਅਰਥਾਤ ਸਦੀਵੀ ਤੇ ਅਮਰ ਹੁੰਦਾ ਹੈ ਜਿਸ ਕਰਕੇ ਖਾਲਸਾ ਪੰਥ ਦੀ ਸ਼ਕਤੀ ਨੂੰ ਕੁਚਲਣਾ ਭਾਰਤ ਸਰਕਾਰ ਤੇ ਉਸਦੀ ਰਾਜਸੀ ਫੌਜੀ ਸ਼ਕਤੀ ਦੇ ਵੱਸ ਦੀ ਗੱਲ ਨਹੀਂ।'

'ਖਾਲਸਾ ਪੰਥ ਦੀਆਂ ਰਗਾਂ ਤੇ ਇਸਦੇ ਲਹੂ ਵਿਚ ਜੋਸ਼ ਤੇ ਸਿੱਧੇ ਰੂਪ ਵਿਚ ਜੁਝਾਰੂ ਜਜ਼ਬੇ ਵਲਵਲੇ ਸੰਘਰਸ਼ ਇਨਕਲਾਬ ਤੇ ਅਨਭਵੀ ਚਮਤਕਾਰ ਰਹਿੰਦੇ ਤੇ ਜਵਾਨ ਹੁੰਦੇ ਰਹਿੰਦੇ ਨੇ। ਉਹ ਵੱਡੇ ਜਾਬਰਾਂ ਜ਼ਾਲਮਾਂ ਦੇ ਧੌਲਰਾਂ ਨੂੰ ਜਿਨ੍ਹਾਂ ਅੰਦਰ ਜਬਰ ਜ਼ੁਲਮ ਤੇ ਅਨਿਆ ਦੀਆਂ ਸੋਚਾਂ, ਨੀਤੀਆਂ ਤੇ ਸਰਗਰਮੀਆਂ ਪਲਦੀਆਂ ਤੇ ਵਿਕਸਤ ਹੁੰਦੀਆਂ ਰਹਿੰਦੀਆਂ ਨੇ, ਢਹਿ ਢੇਰੀ ਕਰਨ ਤੇ ਫਿਰ ਉਹਨਾਂ ਧੌਲਰਾਂ ਦੇ ਖੰਡਰਾਂ ਉੱਪਰ ਗੁਰੂ ਨਾਨਕ ਘਰ ਦੇ ਨਖਸ਼ਾ ਸੰਕਲਪਾਂ ਤੇ ਟੀਚਿਆਂ ਦਾ ਸੰਸਾਰ ਵਸਾਉਣ ਦੇ ਮੁੱਢ ਕਦੀਮ ਤੋਂ ਆਦੀ ਨੇ। 'ਖਾਲਸਾ ਪੰਥ ਆਪਣੇ ਆਪ ਵਿਚ ਇਕ ਐਸੀ ਆਲਾਹੀ ਜੋਤ ਹੈ ਜਿਸਨੂੰ ਜਬਰ ਜ਼ੁਲਮ ਦੇ ਹਨੇਰ ਤੇ ਝੱਖੜ ਕਦਾਚਿੱਤ ਨਹੀਂ ਬੁਝਾ ਸਕਦੇ।'

ਜਿਸਤਰ੍ਹਾਂ ਉਸ ਅਕਾਲ ਪੁਰਖ ਦੀ ਹੋਂਦ ਦਾ ਸੱਚ ਅਤੇ ਉਸਦਾ ਜਲਵਾ ਤੇ ਨੂਰ ਵਿਆਪਕ ਹੋਣ ਦੇ ਨਾਤੇ ਕਣ ਕਣ ਵਿਚ ਸਮਾਇਆ ਹੋਇਆ ਹੈ ਅਤੇ ਉਸ ਸੱਚ ਤੇ ਜਲਵੇ ਨੂੰ ਕਿਸੇ ਵੀ ਕਣ ਨਾਲੋਂ ਜੁਦਾ ਨਹੀਂ ਕੀਤਾ ਜਾ ਸਕਦਾ ਅਰਥਾਤ ਵਖਰਾਇਆ ਨਹੀਂ ਜਾ ਸਕਦਾ ਇਸੇ ਤਰ੍ਹਾਂ ਖਾਲਸਾ ਪੰਥ ਦੀ ਆਜ਼ਾਦ ਹਸਤੀ, ਜੋ ਅਲਾਹੀ ਬਾਣੀ ਦੇ ਸਰਬ ਪੱਖੀ ਗਿਆਨ ਦੇ ਨੂਰ ਨਾਲ ਭਰਪੂਰ ਹੈ, ਨੂੰ ਹਿੰਦੂ ਰਾਜ ਦੀ ਫੌਜੀ ਸ਼ਕਤੀ ਖਾਲਸਾ ਜੀ ਦੇ ਬੋਲਬਾਲੇ ਤੇ ਰਾਜ ਕਰੇਗਾ ਖਾਲਸਾ ਦੇ ਸੰਕਲਪ ਨਾਲੋਂ ਵੱਖਰਿਆਂ ਨਹੀਂ ਕਰ ਸਕਦੀ।

ਭਾਰਤ ਸਰਕਾਰ ਦੀਆਂ ਫੌਜਾਂ ਖਾਲਸਾ ਪੰਥ ਦੀ ਸ਼ਕਤੀ ਦੇ ਮੁਕਾਬਲੇ ਇਸ ਕਰਕੇ ਵੀ ਕੀੜਿਆ ਮਕੌੜਿਆਂ ਦੀ ਨਿਆਈਂ ਹਨ ਕਿ ਉਹ ਬਿਲਕੁਲ ਕੀੜਿਆਂ ਮਕੌੜਿਆਂ ਦੀ ਤਰ੍ਹਾਂ ਇਕ ਪਰਕਾਰ ਦੇ ਸੀਮਤ ਜਿਹੇ ਮਾਹੌਲ ਤੇ ਕਾਰਜ ਖੇਤਰ ਵਿਚ ਹੀ ਵਿਚਰ ਰਹੀਆਂ ਹਨ ਜਿਸ ਕਰਕੇ ਇਨ੍ਹਾਂ ਫੌਜਾਂ ਦਾ ਕਰਮ ਖੇਤਰ ਐਵੇਂ ਸੌੜੇ ਜਿਹੇ ਹਿਤਾਂ ਨਾਲ ਬੱਝੇ ਹੋਏ ਜਜ਼ਬਾਤ ਦੀਆਂ ਵਲਖਣਾ ਤੱਕ ਹੀ ਘਿਰਿਆਹੋਇਆ ਹੈ।

'ਮੇਰੇ ਇਨ੍ਹਾਂ ਵਿਚਾਰਾਂ ਨੂੰ ਤੁਸਾਂ ਐਵੇਂ ਕਿਸੇ ਕਾਲਪਨਿਕ ਵੇਗ ਦੀ ਪ੍ਰਤੀਕ ਨਾ ਸਮਝ ਲੈਣਾ ਤੇ ਨਾ ਹੀ ਉਨ੍ਹਾਂ ਨੂੰ ਜਜ਼ਬਾਤ ਦੀ ਰੌ ਵਿਚ ਕਹੀਆਂ ਗਈਆਂ ਗੱਲਾਂ ਹੀ ਖਿਆਲ ਕਰ ਬੈਠਣਾ ਕਿਉਂਕਿ ਹਰ ਉਹ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਕੀੜਿਆਂ ਮਕੌੜਿਆਂ ਦੀ ਨਿਆਈਂ ਹੀ ਹੁੰਦਾ ਹੈ ਜੋ ਮਾਨਵਤਾ ਦੀਆਂ ਨਜ਼ਰਾਂ ਵਿੱਚ ਕੋਈ ਅਹਿਮੀਅਤ ਨਹੀਂ ਰਖਦੇ, ਹਿੰਦੂ ਰਾਜ, ਹਿੰਦੂ ਸਮਾਜ ਤੇ ਉਸਦੀਆਂ ਫੌਜਾਂ ਦੇ ਮੁਕਾਬਲੇ ਜੋ ਖਾਲਸਾ ਪੰਥ ਦਾ ਕਾਰਜ ਕਰਨ ਤੇ ਕਰਮ ਖੇਤਰ ਹੈ, ਉਸਦਾ ਘੇਰਾ ਤਾਂ ਅਸੀਮ ਅਰਥਾਤ ਵਿਸ਼ਵ ਵਿਆਪਕ ਹੈ ਇਸ ਲਈ ਭਾਰਤੀ ਫੌਜ ਹੱਥੋਂ ਸਾਡੀ ਸ਼ਹੀਦੀ ਜਾਂ ਮੌਤ ਹੋ ਜਾਣ ਦਾ ਇਹ ਮਤਲਬ ਨਹੀਂ ਹੋਵੇਗਾ ਕਿ ਇਸ ਨਾਲ ਭਾਰਤੀ ਫੌਜ ਦੀ ਖਾਲਸਾ ਪੰਥ ਉੱਪਰ ਜਿੱਤ ਹੋ ਗਈ ਹੈ, ਸਗੋਂ ਸਾਡੀ ਮੌਤ ਤੇ ਸ਼ਹੀਦੀ ਤਾਂ ਖਾਲਸਾ ਪੰਥ ਲਈ ਮੰਜ਼ਲ ਵੱਲ ਜਾਂਦੇ ਮਾਰਗ ਨੂੰ ਹੋਰ ਸੌਖਲਾ ਤੇ ਹਮਵਾਰ ਕਰ ਜਾਵੇਗੀ।'

ਖਾਲਸਾ ਜੀ, ਇਥੇ ਮੈਂ ਖਾਸ ਤੌਰ 'ਤੇ ਸਿੱਖ ਕੌਮ ਦੇ ਨੌਜਵਾਨ ਵਰਗ ਨਾਲ ਉਹ ਗੱਲ ਫਿਰ ਸਾਂਝੀ ਕਰਨੀ ਚਾਹੁੰਦਾ ਹਾਂ ਜੋ ਦਾਸ ਗੁਰਮਤ ਕੈਂਪਾਂ ਦੇ ਦੌਰਾਨ ਬਾਰ ਬਾਰ ਕਰਦਾ ਤੇ ਦੁਹਰਾਉਂਦਾ ਰਿਹਾ ਹੈ, ਉਹ ਇਹ ਹੈ ਕਿ ਤੁਸੀਂ ਖਾਲਸਾ ਪੰਥ ਦੀ ਚੜ੍ਹਤ ਅਤੇ ਆਨ ਸ਼ਾਨ ਤੇ ਇਸਦੀ ਹਰ ਪੱਖੋਂ ਸਫਲਤਾ ਦੇ ਪ੍ਰਤੀਕ ਵੀ ਤੇ ਝੰਡਾ ਬਰਦਾਰ ਵੀ ਹੋ। ਗੁਰੂ ਘਰ ਦੀ ਮੇਹਰ ਸਦਕਾ ਤੁਹਾਡੇ ਅੰਦਰ ਜੋ ਪੰਥਕ ਸੰਸਕਾਰ ਮੌਜੂਦ ਨੇ ਜੋ ਵਿਚਾਰਾਂ ਤੇ ਭਾਵਨਾਵਾਂ ਪੱਖੋਂ ਅਨਭਵ ਤੇ ਵਿਰਸੇ ਦੇ ਰੂਪ ਵਿਚ ਦੌਲਤ ਤੁਹਾਨੂੰ ਨਸੀਬ ਹੈ ਇਸ ਵਿਚ ਬੜੇ ਹੀ ਚਮਤਕਾਰੀ ਤੇ ਕਰਾਮਾਤੀ ਗੁਣਾ ਲਖਣਾ ਵਾਲੀਆਂ ਕਦਰਾਂ ਕੀਮਤਾਂ ਵਿਚਰ ਰਹੀਆਂ ਨੇ। ਅਸਲ ਵਿਚ ਇਨ੍ਹਾਂ ਚਮਤਕਾਰੀ ਤੇ ਕਰਾਮਾਤੀ ਗੁਣਾਂ ਲਖਣਾਂ ਵਿਚ ਵਿਚਰ ਰਹੀਆਂ ਕਦਰਾਂ ਕੀਮਤਾਂ ਦੀ ਪਰਚੰਡ ਸ਼ਕਤੀ ਤੇ ਅਥਾਹ ਸੋਮਾ ਬਾਰੇ ਤੁਹਾਡੇ ਦੁਸ਼ਮਨਾਂ ਨੂੰ ਗਿਆਨ ਵੀ ਹੈ। ਇਹੋ ਕਾਰਨ ਹੈ ਕਿ ਅੱਜ ਭਾਰਤ ਦੀ ਹਕੂਮਤ ਤੇ ਸਮੁੱਚਾ ਹਿੰਦੂ ਸਮਾਜ ਤੁਹਾਡੇ ਇਨ੍ਹਾਂ ਖਾਲਸਾਈ ਗੁਣਾ ਸ਼ਕਤੀਆਂ ਪ੍ਰਤੀ ਸ਼ੰਕਾ ਵਾਦੀ ਬਣਿਆਂ ਬੈਠਾ ਹੈ ਅਤੇ ਇਨ੍ਹਾਂ

ਦੇ ਮੂਲ ਸੋਮਿਆਂ ਨੂੰ ਬਾਂਝ ਬਨਾਉਣ ਲਈ ਤੁਲਿਆ ਬੈਠਾ ਹੈ ਇਸ ਲਈ ਤੁਸੀਂ ਵੀ ਇਨ੍ਹਾਂ ਅਗੰਮੀ ਖਾਲਸਾ ਕਦਰਾਂ ਕੀਮਤਾਂ ਤੇ ਸ਼ਕਤੀਆਂ ਬਾਰੇ, ਜੋ ਤੁਹਾਨੂੰ ਵਿਰਸੇ ਵਿਚ ਪ੍ਰਾਪਤ ਨੇ, ਹਮੇਸ਼ਾਂ ਚੇਤੰਨ ਤੇ ਜਾਗ੍ਰਿਤ ਰਿਹਾ ਕਰੋ। ਤੁਸੀਂ ਖਾਲਸਾ ਪੰਥ ਦੇ ਸਾਗਰ ਅੰਦਰ ਵਹਿੰਦੀਆਂ ਤੇ ਮਚਲਦੀਆਂ ਹੋਈਆਂ ਐਸੀਆਂ ਤੂਫਾਨੀ ਰੌਆਂ ਦਾ ਰੂਪ ਹੋ ਜਿਸਦੇ ਵਹਾ ਤੇ ਵਹਿਣ ਨੂੰ ਦੁਨੀਆਂ ਦੀ ਕੋਈ ਤਾਕਤ ਵੀ ਬੰਨ੍ਹ ਨਹੀਂ ਮਾਰ ਸਕਦੀ। ਤੁਸੀਂ ਖਾਲਸਾ ਪੰਥ ਦੇ ਸੰਸਾਰ ਅੰਦਰ ਨਿਰੰਤਰ ਵਹਿੰਦੇ ਹੋਏ ਜਰਖੇਜ਼ ਪਟਾਂ ਤਟਾਂ ਅਰਥਾਤ ਤਟਾਂ-ਕਿਨਾਰਿਆਂ ਅਤੇ ਤੇਜ਼ ਵਹਿਣ ਵਾਲੇ ਦਰਿਆ ਹੋ ਜਿਸਦੇ ਮਚਲਦੇ ਹੋਏ ਪਾਣੀਆਂ ਦੇ ਉਛਾਲੇ ਪੰਥਕ ਫੁਲਵਾੜੀ ਨੂੰ ਸਦਾ ਭਾਗ ਲਾਉਂਦੇ ਰਹਿੰਦੇ ਨੇ। ਇਹ ਠੀਕ ਹੈ ਕਿ ਤੁਸੀਂ ਆਪਣੇ ਜੀਵਨ ਖੇਤਰ ਵਿਚ ਕਦੀ ਤੇਜ਼ ਗਤੀ ਤੇ ਕਦੀ ਸੁਸਤ ਗਤੀ ਨਾਲ ਵਹਿੰਦੇ ਰਹੇ ਹੋ ਪਰ ਇਸ ਗੱਲ ਬਾਰੇ ਚਿੰਤਾਤੁਰ ਹੋਣ ਦੀ ਲੋੜ ਨਹੀਂ। ਸਮਝਣ ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਦਰਿਆ ਆਖਰ ਦਰਿਆ ਹੁੰਦਾ ਹੈ ਅਤੇ ਉਸਦੇ ਗੁਣ ਲਖਣ ਤੇ ਉਸਦੀਆਂ ਖੂਬੀਆਂ ਵਡਿਆਈਆਂ ਦੇ ਚਮਤਕਾਰ ਉਸਦੇ ਨਾਲ ਹੀ ਹੁੰਦੇ ਹਨ ਅਤੇ ਉਹ ਉਸਦੇ ਕਨਾਰਿਆਂ ਮੈਦਾਨਾਂ ਦੀ ਵਿਸ਼ਾਲਤਾ ਤੇ ਉਸਦੇ ਵਹਿਣ ਵਿਚਲੀ ਸ਼ਕਤੀ ਨਾਲ ਓਤ ਪੋਤ ਹੋਏ ਰਹਿੰਦੇ ਹਨ। ਫਿਰ ਤੁਹਾਡੇ ਜੀਵਨ ਦਾ ਸਰੋਤ ਸਭ ਤਰ੍ਹਾਂ ਦੀਆਂ ਪ੍ਰਾਕਿਰਤਕ ਈਸ਼ਵਰੀ ਤੇ ਬ੍ਰਹਿਮੰਡਕ ਸ਼ਕਤੀਆਂ ਦਾ ਜਨਮ ਦਾਤਾ ਹੈ ਤਾਂ ਉਸ ਹਾਲਤ ਵਿਚ ਤੁਹਾਨੂੰ ਇਸ ਗੱਲ ਦਾ ਪੂਰਨ ਰੂਪ ਵਿਚ ਅਨੁਭਵ, ਗਿਆਨ ਤੇ ਅਹਿਸਾਸ ਹੋਣਾ ਚਾਹੀਦਾ ਹੈ ਕਿ ਤੁਹਾਡੀ ਹਸਤੀ ਦਾ ਵਾਸਤਵਿਕ ਰੂਪ ਕੀ ਹੈ? ਤੁਸੀਂ ਆਪਣੇ ਆਪ ਵਿਚ ਇਸ ਹੱਦ ਤੱਕ ਸ਼ਕਤੀਸ਼ਾਲੀ ਤੇ ਬਲਵਾਨ ਹੋ ਕਿ ਇਹ ਹਿੰਦੂ ਸਾਮਰਾਜ ਤੁਹਾਨੂੰ ਬੰਨ੍ਹ ਤੇ ਰੋਕਾਂ ਨਹੀਂ ਲਾ ਸਕਦਾ ਅਤੇ ਨਾ ਹੀ ਤੁਹਾਡੇ ਵਹਿਣ ਦੀ ਗਤੀ ਤੇ ਸ਼ਕਤੀ ਨੂੰ ਆਪਣੀ ਇੱਛਾ ਅਨੁਸਾਰ ਬੰਦਸ਼ਾਂ ਦਾ ਗੁਲਾਮ ਹੀ ਬਣਾ ਸਕਦਾ ਹੈ ਕਿਉਂਕਿ ਤੁਹਾਡੇ ਵੇਗ ਤੇ ਵਹਾ ਦੀ ਤੇਜ਼ੀ ਅਤੇ ਤੁਹਾਡੇ ਆਪੇ ਦੀ ਅਮੀਰੀ ਵਿਚ ਏਨੀ ਸ਼ਕਤੀ ਹੈ ਕਿ ਤੁਸੀਂ ਆਪਣੇ ਰਸਤੇ ਵਿਚ ਖੜੇ ਕੀਤੇ ਜਾਣ ਵਾਲੇ ਡੂੰਘੇ ਤੋਂ ਡੂੰਘੇ ਅਤੇ ਉੱਚੇ ਤੋਂ ਉੱਚੇ ਪਾਤਾਲੀ ਆਕਾਸ਼ੀ ਬੰਨ੍ਹਾਂ ਦੀਆਂ ਬੁਨਿਆਦਾਂ ਨੂੰ ਮੁੱਢੋਂ ਉਖਾੜਕੇ ਉਹਨਾਂ ਨੂੰ ਆਪਣੇ ਵੇਗ ਤੇ ਲਹਿਰ ਦੇ ਤੂਫਾਨੀ ਅਲਸੇਟਿਆਂ ਪਸਲੇਟਿਆਂ ਦੇ ਥਪੇੜਿਆਂ ਨਾਲ ਰੇਤ ਚੋਰਿਆਂ ਤੇ ਧੂੜ ਕਣਾਂ ਵਿਚ ਬਦਲਣ ਦੇ ਸਮਰਥ ਹੋ।

ਸਿਘੋ ਤੁਹਾਨੂੰ ਇਹ ਗੱਲ ਸਦਾ ਯਾਦ ਰੱਖਣੀ ਚਾਹੀਦੀ ਹੈ ਕਿ ਤੁਹਾਡੇ ਜੀਵਨ ਸਰੋਤ ਤੇ ਵਹਿਣ ਦੇ ਅਮਲ ਕਰਮ ਵਿਚ ਲੱਖਾਂ ਸ਼ਹੀਦਾਂ ਦੇ ਲਹੂ ਦੀ ਗਰਮਾਇਸ਼, ਅਨੰਤ ਕੁਰਬਾਨੀਆਂ ਤੇ ਘਾਲਨਾਵਾਂ ਦੀ ਤਾਬ ਤੇ ਚਮਕ ਦਮਕ ਅਤੇ ਰੀਝਾਂ ਸੁਪਨਿਆਂ ਦੀ ਅਮਰ ਧੜਕਨ ਮੌਜੂਦ ਹੈ। ਇਹ ਗੱਲ ਵਿਸਾਰਿਆ ਨਾ ਕਰੋ ਕਿ ਤੁਹਾਡੇ ਵਿਸ਼ਾਲ ਤੇ ਅਰੁਕ ਵਹਿਣ ਦੀ ਹਰ ਬੂੰਦ ਦੀ ਨਿਰਾਲੀ ਚਮਕ ਹੈ ਤੇ ਹਰ ਲਹਿਰ ਦਾ ਆਪਣਾ ਰੋਸ਼ਨ ਇਤਿਹਾਸ ਹੈ। ਤੁਹਾਡੇ ਲਈ ਇਹ ਗੱਲ ਬੜੇ ਮਾਨ ਤੇ ਗੌਰਵ ਵਾਲੀ ਹੈ ਕਿ ਤੁਸੀਂ ਇਸ ਵਿਸ਼ਾਲ ਰੂਪ ਵਿਚ ਵਹਿ ਰਹੇ ਵਹਿਣ ਦੀ ਹਰ ਲਹਿਰ ਚੋਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਅਤੇ ਲੱਖਾਂ ਹੀ ਹੋਰ ਬਾਲ, ਯੁਵਕ ਤੇ ਨੌਜਵਾਨ ਸ਼ਹੀਦਾਂ ਦੇ ਆਤਮਕ ਨੂਰ ਦਾ ਝਲਕਾਰਾ ਤੇ ਜਲਵਾ ਵੇਖ ਸਕਦੇ ਹੋ।

ਨੌਜਵਾਨੋ, ਇਹ ਸ਼ਕਤੀਆਂ ਤੇ ਰੋਸ਼ਨੀਆਂ ਤਾਂ ਤੁਹਾਨੂੰ ਮਿਲੀਆਂ ਹਨ ਵਿਰਸੇ ਵਿਚ, ਪਰ ਕੁਝ ਖੂਬੀਆਂ ਤੇ ਵਡਿਆਈਆਂ ਤੁਹਾਨੂੰ ਆਪਣੇ ਆਪੇ ਵਿਚ ਆਪ ਪੈਦਾ ਕਰਨੀਆਂ ਪੈਣਗੀਆਂ ਕਿਉਂਕਿ ਜਦ ਤੱਕ ਤੁਸੀਂ ਇਹ ਗੁਣ ਵਡਿਆਈਆਂ ਆਪਣੇ ਅਨੁਭਵ ਤੇ ਕਰਮ-ਖੇਤਰ ਵਿਚ ਉਤਪੰਨ ਨਹੀਂ ਕਰੋਗੇ ਉਸ ਸਮੇਂ ਤੱਕ ਤੁਹਾਨੂੰ ਵਿਰਸੇ ਵਿਚ ਪ੍ਰਾਪਤ ਸ਼ਕਤੀਆਂ ਦਾ ਅਸਲ ਅਨੰਦ ਤੇ ਜਲਵਾ ਨਸੀਬ ਨਹੀਂ ਹੋਵੇਗਾ। ਮੇਰੀ ਇਕ ਹੋਰ ਗੱਲ ਵੀ ਜ਼ਰਾ ਧਿਆਨ ਨਾਲ ਸੁਣਿਓ, ਉਹ



ਇਹ ਹੈ ਕਿ ਇਕ ਮਰਜੀਵੜੇ ਜਾਂਬਾਜ਼ ਅਰਥਾਤ ਕੁਰਬਾਨੀ ਤੇ ਸ਼ਹਾਦਤ ਦੇ ਰਸਤੇ ਉੱਪਰ ਤੁਰਨ ਵਾਲੇ ਜੁਝਾਰੂ ਸਿੰਘ ਦੀ ਜ਼ਿੰਦਗੀ ਆਮ ਮਨੁੱਖਾਂ ਦੇ ਜੀਵਨ ਨਾਲੋਂ ਬੜੀ ਵਿਲਖਣਤਾ ਭਰਪੂਰ ਹੁੰਦੀ ਹੈ; ਕਿਉਂਕਿ ਸੱਚ ਧਰਮ ਤੇ ਕੁਰਬਾਨੀ ਦੇ ਮਾਰਗ ਉੱਪਰ ਚਲਣ ਵਾਲੇ ਵਿਅਕਤੀ ਬੜੇ ਮਹਾਨ ਹੁੰਦੇ ਹਨ। ਐਸੇ ਯੋਧੇ ਤੇ ਬਲਵਾਨ ਸਿੰਘਾਂ ਦੀ ਇਸ ਮਹਾਨਤਾ ਦਾ ਕਾਰਨ ਇਹ ਹੁੰਦਾ ਹੈ ਕਿ ਉਹਨਾਂ ਨੇ ਆਪਣੇ ਸੀਸ ਜੀਉਂਦਿਆਂ ਜੀਅ ਹੀ ਖਾਲਸਾ ਪੰਥ ਤੇ ਗੁਰੂ ਘਰ ਦੇ ਲੇਖੇ ਲਾਉਣ ਦਾ ਪ੍ਰਣ ਕਰ ਰੱਖਿਆ ਹੁੰਦਾ ਹੈ। ਐਸੇ ਸਿੰਘ ਆਪਣੇ ਜੀਵਨ ਖੇਤਰ ਵਿਚ ਕਿਰਤ ਕਮਾਈ ਕਰਦੇ ਹੋਏ ਵੀ ਸਦਾ ਇਸ ਉਡੀਕ ਵਿਚ ਰਹਿੰਦੇ ਹਨ ਕਿ ਉਹਨਾਂ ਨੂੰ ਪੰਥ ਵੱਲੋਂ ਕੋਈ ਬਲਵਾਨ ਸੇਵਾ ਤੇ ਜੁਝਾਰੂ ਕਰਮ ਨਿਭਾਉਣ ਅਰਥਾਤ ਕਰਮਾਉਣ ਸਬੰਧੀ ਸੱਦਾ ਕਦੋਂ ਆਉਂਦਾ ਹੈ। ਐਸੇ ਮਰਜੀਵੜਿਆਂ ਤੇ ਯੋਧਿਆਂ ਨੂੰ ਜਦੋਂ ਹੀ ਸੇਵਾ ਤੇ ਕੁਰਬਾਨੀ ਦੇ ਖੇਤਰ ਵਿਚ ਉਤਰਣ ਦਾ ਸੱਦਾ ਮਿਲਦਾ ਹੈ, ਇਨ੍ਹਾਂ ਨੂੰ ਉਸ ਸਮੇਂ ਫਿਰ ਹੋਰ ਸਭ ਗੱਲਾਂ ਵਿਸਰ ਜਾਂਦੀਆਂ ਹਨ ਅਤੇ ਉਹ ਉਸ ਵੇਲੇ ਦੀ ਆਪਣੇ ਜ਼ੁੰਮੇ ਲੱਗੀ ਸੇਵਾ ਨੂੰ ਨਿਭਾਉਣ ਲਈ ਕਮਰ-ਕੱਸਾ ਕਰਕੇ ਸੇਵਾ ਦੇ ਖੇਤਰ ਵੱਲ ਅਰਥਾਤ ਰਣ-ਤੱਤੇ ਵਲ ਮੂੰਹ ਕਰ ਲੈਂਦੇ ਹਨ। ਅਸਲ ਵਿਚ ਇਹ ਹੀ ਉਹ ਮਹਾਨ ਵਿਅਕਤੀ ਹੁੰਦੇ ਹਨ ਜੋ ਡੰਭ, ਵਖਾਵੇ, ਆਡੰਬਰ, ਝੂਠੀਆਂ ਪ੍ਰਾਪਤੀਆਂ ਦੇ ਦਾਅਵਿਆਂ, ਪਰਪੰਚਾਂ ਸਵਾਰਥਾਂ ਅਤੇ ਵਾਧੂ ਤੇ ਫਜ਼ੂਲ ਕਿਸਮ ਦੀ ਉਸਤਤ ਵਡਿਆਈ ਦੇ ਜਾਲ ਵਿਚ ਨਹੀਂ ਫਸੇ ਹੋਏ ਹੁੰਦੇ, ਇਨ੍ਹਾਂ ਦੇ ਪੱਲੇ ਤਾਂ ਸੱਚ ਹੀ ਸੱਚ ਹੁੰਦਾ ਹੈ, ਧਰਮ ਹੀ ਧਰਮ ਹੁੰਦਾ ਹੈ। ਇਹ ਉਹ ਆਤਮਾਵਾਂ ਹੁੰਦੀਆਂ ਹਨ ਜਿਨਾਂ ਦੀਆਂ ਨਜ਼ਰਾਂ ਵਿਚ ਆਪਣਾ ਕੁਝ ਵੀ ਨਹੀਂ ਹੁੰਦਾ ਸਗੋਂ ਸਰਬੰਸਵ ਤੱਕ ਖਾਲਸਾ ਜੀ ਦੀ ਹੀ ਅਮਾਨਤ ਹੁੰਦਾ ਹੈ।

ਨੌਜਵਾਨੋ, ਜੇ ਐਸੇ ਮਹਾਨ ਯੋਧਿਆਂ ਤੇ ਸਿਰਲੱਥ ਸੂਰਮਿਆਂ ਦਾ ਮਾਰਗ ਦਰਸ਼ਨ ਕਰਨਾ ਲੋਚਦੇ ਹੋ ਤਾਂ ਫਿਰ ਤੁਸਾਂ ਆਪਣੇ ਜੀਵਨ ਵਿਚ ਹਰ ਪੱਖੋਂ ਮਹਾਨ ਤੇ ਬਲਵਾਨ ਰੂਪ ਧਾਰਨ ਕਰੀ ਰੱਖਣਾ।

ਸਿਖ ਕੌਮ ਨੂੰ ਤੁਹਾਡੇ ਉੱਪਰ ਬੜੀਆਂ ਆਸਾਂ ਨੇ, ਇਸ ਲਈ ਤੁਸਾਂ ਇਸਦੀਆਂ ਆਸਾਂ ਉਮੀਦਾਂ ਨੂੰ ਬਹਾਰ ਤੇ ਖੇੜੇ ਦਾ ਰੰਗ ਰੂਪ ਦੇਣ ਵਾਲਾ ਰਸਤਾ ਅਖਤਿਆਰ ਕਰੀ ਰੱਖਣਾ ਅਤੇ ਆਪਣੇ ਪੁਰਖਿਆਂ ਦੀ ਤਰ੍ਹਾਂ ਆਪਣਾ ਲਹੂ ਡੋਲ੍ਹ ਕੇ ਖਾਲਸਾ ਪੰਥ ਦੀ ਇਸ ਜਨਮ ਭੂਮੀ ਨੂੰ ਸੁਗੰਧੀਆਂ ਵੰਡਨ ਵਾਲਾ ਵਾਤਾਵਰਨ ਪਰਦਾਨ ਕਰਨ ਲਈ ਦ੍ਰਿੜ ਨਿਸ਼ਚਾ ਧਾਰਨ ਕਰੀ ਰਖਣਾ ਤੇ ਵਚਨਬੱਧ ਹੋਏ ਰਹਿਣਾ। ਕਿਧਰੇ ਭੁੱਲ ਕੇ ਵੀ ਪੰਥ ਦੀਆਂ ਆਸਾਂ ਤੇ ਸੱਧਰਾਂ ਉੱਪਰ ਪਾਣੀ ਫੇਰਨ ਦਾ ਰਾਹ ਨਾ ਮੱਲ ਬੈਠਿਓ। ਮੈਂ ਇਸ ਕਰਕੇ ਹੀ ਤੁਹਾਨੂੰ ਬਾਰ ਬਾਰ ਇਹ ਗੱਲ ਕਹਿੰਦਾ ਹਾਂ ਕਿ ਮੁਰਦਾ ਦਿਲ ਤੇ ਬੇ-ਜ਼ਮੀਰ ਆਗੂਆਂ ਦਾ ਪਰਛਾਵਾਂ ਆਪਣੇ ਉੱਪਰ ਬਿਲਕੁਲ ਨਾ ਪੈਣ ਦੇਣਾ। ਕਿਸੇ ਵਿਦਵਾਨ ਨੇ ਠੀਕ ਹੀ ਕਿਹਾ ਹੈ ਕਿ 'ਬਰਫ ਦੇ ਤੋਦਿਆਂ 'ਚੋਂ ਅੱਗ ਦੀ ਚੰਗਿਆੜੀ ਭਾਲਦੇ ਫਿਰਨਾ ਮੂਰਖਤਾ ਤੋਂ ਬਿਨਾ ਹੋਰ ਕੁਝ ਵੀ ਨਹੀਂ ਹੁੰਦਾ। ਮੈਂ ਇਸ ਗੱਲ ਨੂੰ ਫਿਰ ਦੁਹਰਾਉਂਦਾ ਹਾਂ ਕਿ ਆਗੂ ਦੀ ਚੋਣ ਉਸਦੇ ਵੱਡੇ ਵੱਡੇ ਹਵੇਲ ਮਹਿਲ ਮਾੜੀਆਂ, ਉਸਦੀ ਦੌਲਤ ਦੀ ਚਮਕ ਦਮਕ, ਜ਼ਮੀਨ ਜਾਇਦਾਦ ਅਤੇ ਉਸਦੀ ਸ਼ਾਨਦਾਰ ਠਾਠ ਬਾਠ ਤੇ ਬਾਹਰੀ ਸ਼ਖਸੀਅਤ ਦੇ ਬਨਾਓ ਸ਼ਿੰਗਾਰ ਤੇ ਪ੍ਰਭਾਵ ਦਾ ਸ਼ਿਕਾਰ ਹੋਕੇ ਬਿਲਕੁਲ ਨਾ ਕਰਿਆ ਕਰੋ ਸਗੋਂ ਆਗੂ ਦੀ ਚੋਣ ਹਮੇਸ਼ਾਂ ਹੀ ਉਸਦੇ ਮਾਨਸਿਕ ਬੌਧਕ ਗੁਣਾਂ ਖੂਬੀਆਂ ਵਡੱਪਨ ਤੇ ਉਸਦੇ ਸੱਚੇ ਸੁੱਚੇ ਕਰਦਾਰ ਦੀ ਅਮੀਰੀ ਨੂੰ ਵੇਖਕੇ ਕਰਿਆ ਕਰੋ। ਸਦਾ ਐਸੇ ਆਗੂ ਦੀ ਚੋਣ ਕਰਿਆ ਕਰੋ ਜੋ ਸਿਆਸੀ, ਅਖਲਾਕੀ ਤੇ ਧਾਰਮਕ ਸਮਾਜਕ ਖੂਬੀਆਂ ਦਾ ਮਾਲਕ ਹੋਣ ਦੇ ਨਾਲ ਨਾਲ ਅਡੋਲ ਚਿੱਤ ਵਿਸ਼ਾਲ ਅਨੁਭਵ ਵਾਲਾ ਤੇ ਦੂਰ ਦਰਸ਼ਤਾ ਦਾ ਗਿਆਨ ਤੇ ਸੂਝ ਵੀ ਰਖਦਾ ਹੋਵੇ, ਜਿਸਦੀ ਜ਼ਮੀਰ ਆਪਣੀ ਹੋਵੇ ਅਤੇ ਆਪਣੇ ਸਵਾਸਾਂ ਤੇ ਸੀਸ ਨੂੰ ਖਾਲਸਾ ਪੰਥ ਦੀ ਅਮਾਨਤ ਸਮਝਦਾ ਹੋਵੇ। ਦ੍ਰਿੜਤਾ, ਈਮਾਨਦਾਰੀ, ਸੰਜੀਦਗੀ ਤੇ ਕੁਰਬਾਨੀ ਦੇ ਗੁਣ ਜਿਸਦੇ

ਆਪਣੇ ਜੀਵਨ ਵਿਚਲੇ ਅਮਲ ਕਰਮਾਂ ਤੇ ਕਰਦਾਰ ਦੇ ਗਹਿਣੇ ਹੋਣ ਅਤੇ ਜਿਸਦੇ ਹਿਰਦੇ ਵਿਚ ਖਾਲਸਾ ਪੰਥ ਦੀ ਚੜ੍ਹਦੀ ਕਲਾ, ਆਨ ਸ਼ਾਨ ਖੁਸ਼ੀ ਖੁਸ਼ਹਾਲੀ ਤੇ ਰਾਜਸੀ ਪੱਖੋਂ ਵੱਡੀਆਂ ਵੱਡੀਆਂ ਪ੍ਰਾਪਤੀਆਂ ਲਈ ਸੱਚੀ ਲਗਣ ਤੇ ਤੜਪ ਹੋਵੇ।

ਸਿੰਘੋ, ਤੁਸੀਂ ਤਾਂ ਬੜੇ ਭਾਗਾਂ ਵਾਲੇ ਹੋ ਕਿਉਂਕਿ ਖਾਲਸਾ ਪੰਥ ਅੰਦਰ ਜਨਮ ਲੈਣ ਕਰਕੇ ਜੋ ਗੁਣ ਵਾਹਿਗੁਰੂ ਵਲੋਂ ਆਪ ਨੂੰ ਵਿਰਸੇ ਵਿਚ ਪ੍ਰਾਪਤ ਹੋਏ ਹਨ, ਇਹ ਗੁਣ ਕਿਸੇ ਨੂੰ ਲੱਖਾਂ ਕਰੋੜਾਂ ਰੁਪਿਆਂ ਦੀ ਦੌਲਤ ਖਰਚ ਕਰਕੇ ਵੀ ਨਸੀਬ ਨਹੀ ਹੁੰਦੇ ਅਤੇ ਨਾ ਹੀ ਇਹ ਗੁਣ ਕਿਧਰੇ ਕਿਸੇ ਬਾਜ਼ਾਰ ਮਾਰਕੀਟ ਵਿਚ ਵਿਕਦੇ ਫਿਰਦੇ ਹਨ, ਜਿਥੋਂ ਖਰੀਦੇ ਜਾ ਸਕਦੇ ਹੋਣ। ਇਹ ਗੁਣ ਤਾਂ ਆਪਣੇ ਆਪ ਵਿਚ ਏਨੇ ਬਹੁ-ਮੁੱਲੇ ਹਨ ਕਿ ਇਨ੍ਹਾਂ ਦੀ ਕੀਮਤ ਅੰਕੜਿਆਂ ਦੁਆਰਾ ਮਿਥੀ ਹੀ ਨਹੀਂ ਜਾ ਸਕਦੀ।

ਹਾਂ, ਜੇ ਤੁਸੀਂ ਚਾਹੋ ਤਾਂ ਇਨ੍ਹਾਂ ਗੁਣਾਂ ਦੀ ਕੀਮਤ ਸਿਰਫ ਇਕ ਤਰੀਕੇ ਨਾਲ ਤਾਰ ਸਕਦੇ ਹੋ ਅਤੇ ਉਹ ਤਰੀਕਾ ਹੈ ਆਪਣੇ ਆਪ ਨੂੰ ਮਨੋਂ ਚਿੱਤੋਂ ਖਾਲਸਾ ਪੰਥ ਦੇ ਭਵਿੱਖ ਨੂੰ ਰੌਸ਼ਨ ਤੇ ਬਲਵਾਨ ਰੂਪ ਵਿਚ ਸਿਰਜਨ ਦੇ ਰਾਹ ਨੂੰ ਅਖਤਿਆਰ ਕਰਨ ਦਾ। ਤੁਸਾਂ ਹੁਣ ਜੋ ਟੋਪੀ ਵਾਲਿਆਂ ਦੇ ਰਾਜ ਵਿਰੁਧ ਸਿਖ ਕੌਮ ਦੀ ਆਜ਼ਾਦੀ ਦੀ ਲੜਾਈ ਲੜਨੀ ਹੈ ਉਹ ਹਰ ਤਰ੍ਹਾਂ ਦੇ ਦੁੱਖਾਂ ਕਸ਼ਟਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਲੜਨੀ ਹੈ ਕਿਉਂਕਿ ਜਿੰਨਾਂ ਪ੍ਰਸਥਿਤੀਆਂ 'ਚੋਂ ਅੱਜ ਅਸੀਂ ਗੁਜ਼ਰ ਰਹੇ ਹਾਂ ਇਨ੍ਹਾਂ ਦੇ ਭਿਆਨਕ ਨਤੀਜਿਆਂ ਤੋਂ ਪੰਥ ਨੂੰ ਸੁਰਖਸ਼ਤ ਰੱਖਣ ਲਈ ਸਾਨੂੰ ਹੁਣ ਇਹ ਧਾਰਨਾ ਦ੍ਰਿੜ ਰੂਪ ਵਿਚ ਅਪਨਾਉਣੀ ਪਏਗੀ ਕਿ 'ਅਸੀਂ ਹੁਣ ਝੌਂਪੜੀਆਂ, ਜੰਗਲਾਂ, ਬੀਆਬਾਨਾਂ ਤੇ ਜਾਂ ਰੜੇ ਮੈਦਾਨ ਅੰਦਰ ਨੰਗੇ ਅਕਾਸ਼ ਹੇਠ ਰਹਿਣਾ ਤਾਂ ਕਬੂਲ ਕਰ ਸਕਦੇ ਹਾਂ ਪਰ ਸਿਖ ਕੌਮ ਦੇ ਪੈਰੀਂ ਹਿੰਦੂ ਹਕੂਮਤ ਵੱਲੋਂ ਪਾਈਆਂ ਹੋਈਆਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਹਰ ਹਾਲਤ ਵਿਚ ਤੋੜ ਭੰਨ ਕੇ ਤੇ ਕੱਟ ਵੱਢ ਕੇ ਹੀ ਦਮ ਲਵਾਂਗੇ।

ਖਾਲਸਾ ਪੰਥ ਲਈ ਹੁਣ ਖਾਲਸਾ ਰਾਜ ਅਤੀ ਅਵਸ਼ਕ ਹੋਗਿਆ ਹੈ, ਕਿਉਂਕਿ ਸਿਖ ਕੌਮ ਲਈ ਹੁਣ ਇਕ ਆਜ਼ਾਦ ਤੇ ਖੁਦ ਮੁਖਤਿਆਰ ਖਾਲਸਾ ਰਾਜ ਤੋਂ ਬਿਨਾਂ ਦੁਨੀਆਂ ਦੀਆਂ ਆਜ਼ਾਦ ਤੇ ਸ਼ਕਤੀਸ਼ਾਲੀ ਕੌਮਾਂ ਦੇ ਮੁਕਾਬਲੇ ਇਕ ਕੌਮ ਵਜੋਂ ਬਰਾਬਰ ਦੇ ਹਾਣੀ ਬਣ ਕੇ ਖਲੋਣਾ ਤੇ ਵਿਚਰਨਾ ਅਸੰਭਵ ਹੋ ਗਿਆ ਹੈ।

ਜਿਸ ਸਮੇਂ ਸੰਤ ਜੀ ਇਹ ਵਿਚਾਰ ਪ੍ਰਗਟ ਕਰ ਰਹੇ ਸਨ ਤਾਂ ਉਸ ਸਮੇਂ ਮੇਰੇ ਮਨ ਵਿਚ ਇਹ ਗੱਲ ਬਾਰ ਬਾਰ ਕਰਵਟਾਂ ਲੈ ਰਹੀ ਸੀ ਕਿ ਅੱਜ ਦੇ ਸੰਸਾਰ ਅੰਦਰ ਜਿੰਨੇ ਵੀ ਧਰਮ ਮਜ਼ਹਬ ਹਨ ਉਹਨਾਂ ਚੋਂ ਮੁਖ ਧਰਮ ਇਸ ਸਮੇਂ ਮੁਸਲਮਾਨ ਮੱਤ, ਈਸਾਈ ਮੱਤ, ਸਿੱਖ ਮੱਤ, ਬੁਧ ਮਤ ਯਹੂਦੀ ਮਤ ਤੇ ਹਿੰਦੂ ਮੱਤ ਹੀ ਪ੍ਰਸਿਧ ਹਨ ਪਰ ਇਨ੍ਹਾਂ ਸਭ ਧਰਮਾਂ ਮੱਤਾਂ ਦੇ ਮੁਕਾਬਲੇ ਸਿਖ ਧਰਮ ਹੀ ਇਕ ਐਸਾ ਮੱਤ ਹੈ ਜਿਸਦੇ ਅਨੁਆਈਆਂ ਪਾਸ ਆਪਣਾ ਕਿਧਰੇ ਵੀ ਆਜ਼ਾਦ ਤੇ ਖੁਦਮੁਖਤਿਆਰ ਰਾਜ ਭਾਗ ਨਹੀਂ ਜਦੋਂ ਕਿ ਬਾਕੀ ਦੇ ਸਭ ਧਰਮਾਂ-ਮੱਤਾਂ ਦੇ ਲੋਕਾਂ ਪਾਸ ਆਪਣੇ ਆਪਣੇ ਦੇਸ਼ ਤੇ ਰਾਜ ਭਾਗ ਹਨ ਇਥੋਂ ਤੱਕ ਕਿ ਅਫਰੀਕਾ ਮਹਾਂਦੀਪ ਦੇ ਕਾਲੇ ਤੱਕ ਵੀ ਇਸ ਮਹਾਂਦੀਪ ਵਿਚਲੇ ਇਕ ਦੋ'ਹ ਦੇਸ਼ਾਂ ਨੂੰ ਛੱਡ ਕੇ ਬਾਕੀ ਦੇ ਸਮੁੱਚੇ ਮਹਾਂਦੀਪ ਉੱਪਰ ਛੋਟੇ ਵੱਡੇ ਦੇਸ਼ਾਂ ਤੇ ਸਲਤਨੱਤਾਂ ਹਕੂਮਤਾਂ ਦੇ ਆਪ ਮਾਲਕ ਹਨ, ਹਰ ਧਰਮ ਮੱਤ ਦੇ ਲੋਕਾਂ ਨੂੰ ਆਪਣੇ ਆਪਣੇ ਦੇਸ਼ਾਂ ਦੇ ਆਪਣੇ ਆਪਣੇ ਰਾਜ ਭਾਗ ਉੱਪਰ ਮਾਨ ਤੇ ਗੌਰਵ ਹੈ। ਸਿਖ ਕੌਮ ਨੂੰ ਵੀ ਕਿਸੇ ਸਮੇਂ ਆਪਣੇ ਖਾਲਸਾ ਰਾਜ ਉੱਪਰ ਬੜਾ ਗੌਰਵ ਸੀ ਤੇ ਪੰਜਾਬ ਦੀ ਇਸ ਧਰਤੀ ਉੱਪਰ ਥਾਂ ਥਾਂ ਤੇ ਰਾਜਸੀ ਖੇਤਰ ਅੰਦਰ ਕੇਸਰੀ ਨਸ਼ਾਨ ਸਾਹਿਬ ਆਪਣੇ ਸ਼ਾਹਾਨਾ ਜਲਵੇ ਦਾ ਪਰਗਟਾ ਕਰ ਰਹੇ ਸਨ।



ਸੰਤ ਕਹਿ ਰਹੇ ਸਨ, 'ਨੌਜਵਾਨੋ, ਤੁਸੀਂ ਇਕ ਦਿਨ ਧਰਤੀ, ਆਕਾਸ਼ ਤੇ ਸਮੁੰਦਰ ਤੱਕ ਨੂੰ ਗਾਹੁਣ ਦਾ ਰਾਹ ਮੱਲਣਾ ਹੈ। ਸੰਸਾਰ ਦੀ ਹਰ ਆਦਰਸ਼ ਉਸਾਰੂ ਤੇ ਬਲਵਾਨ ਦੌੜ ਵਿਚ ਸ਼ਾਮਲ ਹੋਣਾ ਹੈ। ਤੁਸੀਂ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੁੱਤਰ ਹੋ ਤੇ ਤੁਸਾਂ ਜੀਵਨ ਦੇ ਹਰ ਖੇਤਰ ਵਿਚ ਚੜ੍ਹਦੀ ਕਲਾ ਵਾਲੇ ਵਾਤਾਵਰਨ ਵਿਚ ਅਰਥਾਤ ਸ਼ਾਹੀ ਠਾਠ ਬਾਠ ਦੇ ਵਾਤਾਵਰਨ ਵਿਚ ਵਿਚਰਨਾ ਹੈ ਅਤੇ ਮਨੁੱਖਤਾ ਦੀ ਸੇਵਾ ਤੇ ਕਲਿਆਣ ਦਾ ਫਰਜ਼ ਤੇ ਧਰਮ ਪਾਲਣਾ ਹੈ। ਤੁਸਾਂ ਖਾਲਸਾ ਰਾਜ ਦੇ ਦੌਰ ਵਿਚ ਆਪਣੀ ਸਲਤਨਤ ਨੂੰ ਵੀ ਇਖਲਾਕੀ, ਸਮਾਜੀ ਤੇ ਰਾਜਸੀ ਪੱਖੋਂ ਇਕ ਆਦਰਸ਼ ਤੇ ਬਲਵਾਨ ਰਾਜ ਦੀ ਰੰਗਣਾ ਵਿਚ ਰੰਗਣਾ ਹੈ ਅਤੇ ਉਸਦੇ ਸਮੁੱਚੇ ਵਾਤਾਵਰਨ ਨੂੰ ਉਸਾਰੂ ਤੇ ਸਚਿਆਰੀਆਂ ਜੀਵਨ ਕਦਰਾਂ ਕੀਮਤਾਂ ਨਾਲ ਓਤ ਪੋਤ ਕਰਨਾ ਹੈ, ਜਿਸ ਜਜ਼ਬੇ ਤੇ ਭਾਵਨਾ ਨਾਲ ਤੁਸੀਂ ਹਰ ਰੋਜ਼ ਸਰਬਤ ਦਾ ਭਲਾ ਚਿਤਵਦੇ ਹੋ, ਉਸ ਜਜ਼ਬੇ ਨਾਲ ਸਰਬਤ ਦਾ ਭਲਾ ਕਮਾਉਣਾ ਵੀ ਹੈ। ਇਸ ਵਾਸਤੇ ਰਾਜਭਾਗ ਦੀ ਸ਼ਕਤੀ ਦਾ ਤੁਹਾਡੇ ਹਥ ਵਿਚ ਹੋਣਾ ਅਤੀ ਜ਼ਰੂਰੀ ਹੈ ਕਿਉਂਕਿ ਤੁਸੀ ਪੰਥਕ ਸੰਕਲਪਾਂ ਤੇ ਟੀਚਿਆਂ ਨਿਸ਼ਾਨਿਆਂ ਦੀ ਪੂਰਤੀ ਪ੍ਰਾਪਤੀ ਅਮਲੀ ਰੂਪ ਵਿਚ ਉਸ ਹਾਲਤ ਵਿਚ ਹੀ ਕਰ ਸਕੋਗੇ ਜਦੋਂ ਤੁਸੀਂ ਰਾਜ ਭਾਗ ਦੀ ਸੱਤਾ ਦੇ ਆਪ ਮਾਲਕ ਹੋਵੋਗੇ। ਇਸ ਲਈ ਮੇਰੀ ਇਹ ਸਮੁੱਚੀ ਸਿਖ ਕੌਮ ਦੇ ਨੌਜਵਾਨਾਂ ਨੂੰ ਖਾਸ ਬੇਨਤੀ ਹੈ ਕਿ ਜੀਵਨ ਨੂੰ ਸਦਾ ਹੀ ਉਤਮ, ਆਦਰਸ਼ਕ, ਸਚਿਆਰੇ ਤੇ ਬਲਵਾਨ ਰੂਪ ਵਿਚ ਜੀਉਣਾ। ਕਿਧਰੇ ਭੁਲ ਕੇ ਵੀ ਆਪਣੀ ਜ਼ਮੀਰ ਆਤਮਾ ਤੇ ਸਰੀਰਕ ਸ਼ਕਤੀ ਨੂੰ ਬਦੀਆਂ ਬੁਰਾਈਆਂ ਇਖਲਾਕੀ ਕਮਜ਼ੋਰੀਆਂ ਤੇ ਨਸ਼ਿਆਂ ਆਦਿ ਦੀਆਂ ਜ਼ਹਿਮਤਾਂ ਅਗੇ ਗਹਿਣੇ ਨਹੀਂ ਪਾਉਣਾ ਤੇ ਇਨ੍ਹਾਂ ਗੱਲਾਂ ਦੇ ਅਜੀਂ ਨਹੀਂ ਹੋਣਾ ਤੇ ਗੁਲਾਮ ਨਹੀਂ ਬਨਣਾ। ਉਸ ਤਰ੍ਹਾਂ ਜੀਵਨ ਵਿਚ ਕਿਸੇ ਵੀ ਐਸੇ ਭਰਮ ਭੁਲੇਖੇ, ਵਹਿਮਾਂ ਤੇ ਕੱਚੇ ਪਿਲੇ ਵਿਸ਼ਵਾਸ ਨੂੰ ਆਪਣੇ ਗੱਲ ਨਾਲ ਨਹੀਂ ਲਾਉਣਾ ਜੋ ਪੰਥ ਦੀ ਚੜ੍ਹਦੀ ਕਲਾ, ਵਿਕਾਸ ਦੇ ਤੌਰ ਤੇ ਮਾਨਸਿਕ ਖੰਧਕ ਉਡਾਨਾਂ ਲਈ ਬੰਦਸ਼ਾਂ ਤੇ ਬੇੜੀਆਂ ਬਣ ਜਾਣ ਤੇ ਰਾਹਾਂ ਵਿਚ ਰੁਕਾਵਟ ਬਣ ਕੇ ਖਲੋ ਜਾਣ। ਜੀਵਨ ਨੂੰ ਖਾਲਸਾਈ ਆਨ ਸ਼ਾਨ ਨਾਲ ਪੰਥਕ ਜੋਸ਼ ਤੇ ਜਜ਼ਬੇ ਨਾਲ ਜੀਉਣਾ ਹੈ। ਜਦੋਂ ਤੁਸੀਂ ਆਪਣੇ ਪਿਤਾ ਸਾਹਿਬ ਸ੍ਰੀ ਗੁਰੂ ਗੋਬਿਦ ਸਿੰਘ ਜੀ ਮਹਾਰਾਜ ਦੇ ਸੱਚੇ ਸਪੂਤ ਬਣਕੇ ਮੰਜ਼ਲ ਨੂੰ ਪਾਉਣ ਦੇ ਨਿਸ਼ਾਨੇ ਨਾਲ ਭਵ ਸਾਗਰ ਵਿਚ ਵੀ ਛਾਲ ਮਾਰੋਗੇ ਤਾਂ ਇਸ ਸਮੇਂ ਫਿਰ ਤੁਹਾਡੀ ਮਾਨਸਿਕ ਸ਼ਕਤੀ ਤੇ ਬਾਜ਼ੂਆਂ ਦੀ ਤਾਕਤ ਅਗੇ ਤੂਫਾਨੀ ਲਹਿਰ ਦੇ ਮਾਰੂ ਥਪੇੜੇ ਵੀ ਹਥਿਆਰ ਸੁੱਟ ਦੇਣਗੇ ਤੇ ਨੀਵੀਂ ਪਾ ਜਾਣਗੇ।

ਖਾਲਸਾ ਰਾਜ ਵਿਚ ਤਾਂ ਤੁਸੀਂ ਜੀਵਨ ਤੇ ਸਮਾਜ ਦੇ ਹਰ ਖੇਤਰ ਵਿਚ ਸੂਤੇ ਸਿਧ ਰੂਪ 'ਚ ਹੀ ਮਹਾਨ ਤੇ ਬਲਵਾਨ ਮਨੁੱਖਾਂ ਦੇ ਰੂਪ ਵਿਚ ਅਰਥਾਤ ਸਫਲ ਤੇ ਆਦਰਸ਼ ਕਿਰਤੀ ਯੋਧੇ ਧਰਮੀ ਕਰਮੀ, ਸੰਤ ਸਿਪਾਹੀ ਬਾਦਸ਼ਾਹ ਦਰਵੇਸ਼ ਤੇ ਗ੍ਰਿਹਥੀ ਹੋਣ ਦੇ ਨਾਤੇ ਸੰਸਾਰ ਭਰ ਦੇ ਲੋਕਾਂ ਲਈ ਮਾਰਗ ਦਰਸ਼ਨ ਹੋ ਨਿਬੜੋਗੇ ਅਤੇ ਸਦਾ ਸਦਾ ਲਈ ਚੜ੍ਹਦੀ ਕਲਾ ਦੇ ਪ੍ਰਤੀਕ ਬਣੇ ਰਹੋਗੇ। ਅੱਜ ਜੋ ਖਾਲਸਾ ਪੰਥ ਦੇ ਮਾਰਗ ਵਿਚ ਇਕ ਭਿਆਨਕ ਖਤਰੇ ਦੇ ਰੂਪ ਵਿਚ ਖਤਰਨਾਕ ਰੁਕਾਵਟ ਹੈ ਤਾਂ ਉਹ ਇਨ੍ਹਾਂ ਟੋਪੀ ਵਾਲਿਆਂ ਦਾ ਰਾਜ ਹੈ, ਇਸੇ ਲਈ ਦਾਸ ਪਿਛਲੇ ਛਿਆਂ ਸੱਤਾਂ ਸਾਲਾਂ ਤੋਂ ਗੁਰੂ ਪੰਥ ਦੇ ਚਰਨਾਂ ਵਿਚ ਇਸ ਗੱਲ ਦੀ ਵਾਰ ਵਾਰ ਤੇ ਲਗਾਤਾਰ ਰੂਪ ਵਿਚ ਬੇਨਤੀ ਕਰਦਾ ਆ ਰਿਹਾ ਹੈ ਕਿ ਸਿੰਘੋ, ਖਾਲਸਾ ਪੰਥ ਦੀ ਆਨ ਸ਼ਾਨ ਤੇ ਚੜ੍ਹਦੀ ਕਲਾ ਬਣਾਈ ਰੱਖਣ ਲਈ ਗੁਰੂ ਘਰ ਦਾ ਓਟ ਆਸਰਾ ਲੈਕੇ ਆਪਣੀ ਅਸਲ ਮੰਜ਼ਲ ਤੇ ਨਸ਼ਾਨੇ ਨੂੰ ਪਾਉਣ ਵਾਸਤੇ ਸ੍ਰੀ ਸਾਹਿਬ ਦਾ ਰਾਹ ਅਖਤਿਆਰ ਕਰ ਲਓ। ਨੌਜਵਾਨ ਸੂਰਬੀਰ ਤੇ ਯੋਧੇ ਸਿੰਘ, ਮੈਂ ਉਹਨਾਂ ਹੱਥਾਂ ਨੂੰ ਆਪਣੇ ਮਸਤਕ ਨਾਲ ਛੁਹਾਉਣ ਵਿਚ ਗੌਰਵ ਸਮਝਾਂਗਾ ਜੋ ਮੀਰੀ ਪੀਰੀ ਦੇ ਮਾਲਕ ਸੱਚੇ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਅਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ

ਬਖਸ਼ੀ ਹੋਈ ਸ੍ਰੀ ਸਾਹਿਬ ਨੂੰ ਆਪਣੇ ਹੱਥ ਵਿਚ ਲੈ ਕੇ ਦੁਸ਼ਟਾਂ ਦੁਸ਼ਮਨਾਂ ਪਾਸੋਂ ਆਪਣਾ ਹੱਕ ਤੇ ਆਜ਼ਾਦੀ ਪ੍ਰਾਪਤ ਕਰਨ ਲਈ ਰਣ-ਤੱਤੇ ਵੱਲ ਨੂੰ ਵਹੀਰਾਂ ਘੱਤਣਗੇ। ਆਪ ਸਭ ਨੂੰ ਪਤਾ ਹੈ ਕਿ ਸਿਖ ਕੌਮ ਦੇ ਦੁਸ਼ਮਨਾਂ ਵਲੋਂ ਸਾਡੇ ਪਵਿੱਤਰ ਗੁਰਧਾਮਾਂ, ਜੋ ਸਾਡੇ ਲਈ ਛਾਉਣੀਆਂ ਦਾ ਰੂਪ ਤੇ ਦਰਜਾ ਵੀ ਰਖਦੇ ਨੇ ਖੋਹਨ ਦੇ ਇਰਾਦੇ ਧਾਰੇ ਜਾ ਚੁੱਕੇ ਤੇ ਫੈਸਲੇ ਕੀਤੇ ਜਾ ਚੁੱਕੇ ਹਨ। ਅੱਜ ਸਾਡਾ ਵੈਰੀ ਇਨ੍ਹਾਂ ਮਹਾਨ ਤੇ ਪਵਿੱਤਰ ਅਸਥਾਨਾਂ 'ਚੋਂ ਸਿਖ ਕੌਮ ਦੀ ਉੱਠਣ ਵਾਲੀ ਆਵਾਜ਼ ਨੂੰ ਦਬਾਉਣ, ਮੀਰੀ ਪੀਰੀ ਦੀ ਵਿਚਾਰਧਾਰਾ ਨੂੰ ਸੱਟ ਮਾਰਨ ਅਤੇ ਸਿਖ ਧਰਮ ਦਾ ਸਫਾਇਆ ਕਰ ਦੇਣ ਦੀ ਪੱਕੀ ਠਾਣੀ ਬੈਠਾ ਹੈ।

ਸਿਘੋ, ਜੇ ਖਾਲਸਾ ਪੰਥ ਦੇ ਮਹਾਨ ਤੇ ਪਵਿੱਤਰ ਗੁਰਧਾਮਾਂ ਦੇ ਅੰਦਰ ਹੀ ਮੀਰੀ ਪੀਰੀ ਦੇ ਸਿਧਾਂਤਕ ਸੱਚ ਨੂੰ ਪਰਚਾਰਨ ਸੰਚਾਰਨ ਉੱਪਰ ਪਾਬੰਦੀ ਲਗਾ ਦਿੱਤੀ ਗਈ ਤਾਂ ਫਿਰ ਉਸ ਹਾਲਤ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਸਰਬਤ ਖਾਲਸੇ ਦੇ ਇਕੱਠ ਬੁਲਾਉਣ, ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਥ ਦੇ ਨਾ ਹੁਕਮ ਨਾਮੇ ਜਾਰੀ ਕਰਨ ਅਤੇ ਮੀਰੀ ਪੀਰੀ ਦੇ ਝੂਲਦੇ ਹੋਏ ਨਸ਼ਾਨ ਸਾਹਿਬ ਦੀ ਹਸਤੀ ਦੇ ਜਲਵੇ ਨੂੰ ਪਰਗਟਾਉਣ ਲਈ ਸਿਖ ਕੌਮ ਦੇ ਸਾਹਮਣੇ ਰਾਹ ਹੀ ਕੇਹੜਾ ਖੁੱਲਾ ਰਹਿ ਜਾਂਦਾ ਹੈ?...ਜੇਕਰ ਇਨ੍ਹਾਂ ਗੱਲਾਂ ਨੂੰ ਜ਼ਰਾ ਚਿੱਥ ਕੇ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਪੰਥਕ ਵੈਰੀਆਂ ਵੱਲੋਂ ਇਹ ਸਭ ਕੁਝ ਸਿੱਖੀ ਦੀਆਂ ਬੁਨਿਆਦਾਂ ਨੂੰ ਢਾਹ ਲਾਉਣ ਦੇ ਨਸ਼ਾਨੇ ਨਾਲ ਕੀਤਾ ਜਾ ਰਿਹਾ ਹੈ।

ਨੌਜਵਾਨੋ, ਇਹ ਗੁਰਧਾਮ, ਜਿਵੇਂ ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ, ਸਾਡੇ ਲਈ ਜੀਵਨ ਦਾਤਾ ਤੇ ਦੈਵੀ ਸ਼ਕਤੀ ਦੇ ਸੋਮੇ ਹਨ ਅਤੇ ਤੁਸੀਂ ਨੌਜਵਾਨ ਖਾਲਸਾ ਪੰਥ ਦਾ ਇਕ ਮਹਤੱਵ ਪੂਰਨ ਭਾਗ ਹੋਣ ਦੇ ਨਾਤੇ ਇਨ੍ਹਾਂ ਗੁਰਧਾਮਾਂ ਵਿਚਲੇ ਸੱਚ ਸਰੋਤ ਦੇ ਰਾਖੇ ਜੇ, ਇਸ ਵਾਸਤੇ ਤੁਸੀਂ ਹਰ ਉਸ ਹੱਥ ਨੂੰ ਕੱਟਨ ਲਈ ਤੱਤਪਰ ਹੋ ਜਾਓ, ਸ੍ਰੀ ਸਾਹਿਬ ਸੂਤ ਲਓ ਤੇ ਹਥਿਆਰ ਉਠਾ ਲਓ ਜੋ ਹੱਥ ਪੰਥਕ ਸੋਮਿਆਂ ਨੂੰ ਬਾਂਝ ਬਨਾਉਣ ਅਤੇ ਪੰਥ ਦੇ ਪਰਾਂ ਨੂੰ ਕਟਨ ਲਈ ਛੁਰੀਆਂ ਤਿਖੀਆਂ ਕਰੀ ਬੈਠੇ ਨੇ ਤੇ ਅੱਗੇ ਵਧ ਰਹੇ ਨੇ।

ਸਿਘੋ, ਇਕ ਮਰਜੀਵੜੇ ਸਿਘ ਵਿਚ ਏਨੀ ਸ਼ਕਤੀ ਹੁੰਦੀ ਹੈ ਕਿ ਉਹ ਅਨਹੋਣੀ ਨੂੰ ਹੋਣੀ ਵਿਚ ਬਦਲ ਦੇਣ ਦੇ ਸਮਰਥ ਹੁੰਦਾ ਹੈ, ਐਸੇ ਸੂਰਮਿਆਂ ਨੂੰ ਦਰਿਆ, ਪਹਾੜ ਤੇ ਜੰਗਲ ਆਪਣੇ ਆਪ ਹੀ ਰਾਹ ਦੇਂਦੇ ਤੁਰੇ ਜਾਂਦੇ ਨੇ, ਝੱਖੜਾਂ ਤੂਫਾਨਾਂ ਸੰਗ ਉਡਨਾ ਤੇ ਅਕਾਸ਼ੀ ਬਿਜਲੀਆਂ ਨਾਲ ਖੇਡਨਾ ਉਹਨਾਂ ਦਾ ਸ਼ੁਗਲ ਤੇ ਖਾਸਾ ਹੁੰਦਾ ਹੈ। ਬਾਬਾ ਬੰਦਾ ਸਿਘ ਬਹਾਦਰ ਨੂੰ ਕਿਸੇ ਨੇ ਪੁੱਛਿਆ ਸੀ ਕਿ 'ਇਕ ਸਿਘ ਸੂਰਮੇ ਵਿਚ ਕਿਸ ਹੱਦ ਤੱਕ ਅਰਥਾਤ ਕਿੰਨਾ ਕੁ ਬਲ ਹੁੰਦਾ ਹੈ।' ਬਾਬਾ ਜੀ ਦਾ ਅੱਗੋਂ ਉੱਤਰ ਸੀ ਕਿ 'ਜਿਸ ਸਿਘ ਨੇ ਆਪਣੇ ਆਪ ਨੂੰ ਮਨੋ ਚਿਤੋਂ ਇਕ ਸੁਰ ਹੋ ਕੇ ਗੁਰੂ ਘਰ ਦੇ ਮਾਰਗ ਉੱਪਰ ਤੋਰ ਰਖਿਆ ਹੁੰਦਾ ਹੈ ਅਤੇ ਆਪਣਾ ਸੀਸ ਗੁਰੂ ਪੰਥ ਦੀ ਅਮਾਨਤ ਸਮਝ ਰੱਖਿਆ ਹੁੰਦਾ ਹੈ, ਵਾਹਿਗੁਰੂ ਦੀ ਮੇਹਰ ਸਦਕਾ ਉਸ ਵਿਚ ਇਸ ਹੱਦ ਤੱਕ ਬਲ ਹੁੰਦਾ ਹੈ ਕਿ ਉਹ ਰਣ-ਤੱਤੇ ਅੰਦਰ ਆਪਣੇ ਸਾਹਮਣੇ ਆਉਣ ਵਾਲੇ ਦੁਸ਼ਮਨ ਦਾ ਲੰਗਾਰ ਉਸਦੇ ਘੋੜੇ ਸਮੇਤ ਲਾਹ ਕੇ ਰੱਖ ਦੇਣ ਦੇ ਸਮਰੱਥ ਹੁੰਦਾ ਹੈ।

ਅਸਲ ਵਿਚ ਸਿਘੋ, ਧਰਮ ਤੇ ਫਰਜ਼ ਪ੍ਰਤੀ ਸੱਚਾ ਸੁੱਚਾ ਅਹਿਸਾਸ ਮਨੁੱਖ ਨੂੰ ਨਿਡਰ ਤੇ ਮਹਾਨ ਯੋਧਾ ਬਲਕਾਰੀ ਬਣਾ ਦੇਂਦਾ ਹੈ। ਦੁਨੀਆਂ ਐਸੇ ਵਿਅਕਤੀਆਂ ਨੂੰ ਜਾਂਬਾਜ਼ ਅਰਥਾਤ ਮਰਜੀਵੜਾ ਕਹਿਕੇ ਨਵਾਜਦੀ ਹੈ ਅਤੇ ਉਹ ਆਪਣੇ ਉੱਚੇ ਤੇ ਸਚਿਆਰੇ ਮਨੋਰਥ ਤੇ ਕਰਦਾਰ ਸਦਕਾ ਆਪਣੀ



ਕੌਮ ਦੀਆਂ ਨਜ਼ਰਾਂ ਵਿਚ ਵਿਸ਼ੇਸ਼ ਥਾਂ ਤੇ ਦਰਜਾ ਪ੍ਰਾਪਤ ਕਰ ਲੈਂਦਾ ਹੈ। ਸਾਨੂੰ ਤਾਂ ਇਸ ਗੱਲ ਉੱਪਰ ਬੜਾ ਮਾਨ ਤੇ ਗੌਰਵ ਹੈ ਕਿ ਸਾਡਾ ਇਤਹਾਸ ਸਿਘ ਸੂਰਮਿਆਂ ਵਲੋਂ ਨਿਭਾਏ ਗਏ ਬਲਵਾਨ ਕਰਮ ਕਾਰਜਾਂ ਦੀਆਂ ਦਾਸਤਾਨਾਂ ਨਾਲ ਭਰਪੂਰ ਹੈ।

ਸਿਘੋ, ਮੇਰੇ ਉੱਪਰ ਐਸ ਸਿਘ ਨੇ ਇਹ ਸਵਾਲ ਕੀਤਾ ਹੈ ਕਿ 'ਸਾਡਾ ਵਿਰਸਾ ਤੇ ਇਤਹਾਸ ਏਨਾ ਅਮੀਰ ਤੇ ਬਲਵਾਨ ਹੁੰਦਿਆਂ ਹੋਇਆਂ ਵੀ ਅੱਜ ਅਸੀਂ ਥਾਂ ਥਾਂ ਉੱਪਰ ਮਾਰਾਂ ਤੇ ਸੱਟਾਂ ਕਿਉਂ ਖਾ ਰਹੇ ਹਾਂ?' ਇਸ ਸਿਘ ਦਾ ਸਵਾਲ ਬੜਾ ਹੀ ਮਹਤੱਵ ਪੂਰਨ ਹੈ ਤੇ ਡੂੰਘੀ ਵਿਚਾਰ ਮੰਗਦਾ ਹੈ। ਅਸਲ ਵਿਚ ਅਸਾਂ ਸੱਟਾਂ ਮਾਰਾਂ ਇਸ ਕਰਕੇ ਖਾਧੀਆਂ ਹਨ ਤੇ ਖਾ ਰਹੇ ਹਾਂ ਕਿ ਅਸੀਂ ਗੁਰੂ ਘਰ ਦੇ ਆਸ਼ੇ ਉਦੇਸ਼ ਤੇ ਆਦੇਸ਼ ਪ੍ਰਤੀ ਬੇਧਿਆਨੀ, ਲਾਹਪਰਵਾਹੀ ਤੇ ਗੈਰ ਜੁਮਾਵਾਰੀ ਤੋਂ ਕੰਮ ਲੈਂਦੇ ਰਹੇ ਹਾਂ। ਇਥੋਂ ਤੱਕ ਕਿ ਅਸੀਂ ਉਹਨਾ ਆਸ਼ਿਆਂ, ਉਦੇਸ਼ਾਂ, ਹੁਕਮਾਂ, ਹਦਾਇਤਾਂ, ਸਿਖਿਆਵਾਂ, ਸਚਾਈਆਂ, ਕਦਰਾਂ ਕੀਮਤਾਂ ਅਤੇ ਸੰਕਲਪਾਂ, ਟੀਚਿਆਂ ਤੇ ਰਾਹਾਂ ਮੰਜ਼ਲਾਂ ਨੂੰ ਅਪਨਾਉਣ ਤੇ ਕਈ ਵਾਰ ਅਖਾਉਤੀ ਪੰਥਕ ਆਗੂਆਂ ਦੇ ਪਿੱਛੇ ਲੱਗ ਕੇ ਜਾਣ ਬੁਝ ਕੇ ਵੀ ਮੂੰਹ ਮੋੜਦੇ ਰਹੇ ਹਾਂ, ਜੋ ਸਾਨੂੰ ਸਹੀ ਤੇ ਰੋਸ਼ਨ ਮੰਜ਼ਲ ਦਾ ਮਾਰਗ ਦਰਸ਼ਨ ਕਰਵਾਉਂਦੇ ਪਰ ਇਹ ਗੱਲ ਬੜੇ ਦੁਖ ਤੇ ਅਫਸੋਸ ਨਾਲ ਕਹਿਣੀ ਪੈ ਰਹੀ ਹੈ ਕਿ ਸਿਖ ਕੌਮ ਦੇ ਆਗੂਆਂ ਤੇ ਜੁਮਾਵਾਰ ਵਿਅਕਤੀਆਂ ਕੋਲ ਸਮੇਂ ਸਮੇਂ ਜਦੋਂ ਵੀ ਪੰਥਕ ਕੁਰਬਾਨੀਆਂ ਸਦਕਾ ਰਾਜਸੀ ਤਾਕਤ ਵਿਸ਼ਾਲ ਤੇ ਵਿਆਪਕ ਰੂਪ ਵਿਚ ਆਉਂਦੀ ਰਹੀ ਤਾਂ ਉਸ ਸਮੇਂ ਉਹਨਾਂ ਆਗੂਆਂ 'ਚੋਂ ਬਹੁਤੇ ਆਗੂ ਉਸ ਤਾਕਤ ਨੂੰ ਪੰਥਕ ਦੇਣ ਸਮਝਣ ਦੀ ਥਾਂ ਆਪਣੀ ਨਿਜੀ ਪ੍ਰਾਪਤੀ ਸਮਝਦੇ ਰਹੇ ਜਿਸ ਕਰਕੇ ਉਹ ਪੰਥਕ ਭਵਿੱਖ ਨੂੰ ਰੋਸ਼ਨ ਕਰਨ ਤੇ ਸਿਖ ਕੌਮ ਦੀਆਂ ਬੁਨਿਆਦਾਂ ਨੂੰ ਮਜ਼ਬੂਤ ਕਰਨ ਦੀ ਥਾਂ ਆਪਣੇ ਨਿਜਤੱਵ ਨੂੰ ਹੀ ਹਰ ਪੱਖੋਂ ਮਜ਼ਬੂਤ ਤੇ ਸਥਾਪਤ ਕਰਨ ਦੇ ਰਾਹ ਉੱਪਰ ਤੁਰੇ ਰਹੇ। ਜਿਸਦੇ ਸਿੱਟੇ ਵਜੋਂ ਉਹ ਆਪਣੇ ਦੁਆਲੇ ਪੰਥਕ ਵਿਕਾਸ ਤੇ ਪੰਥ ਦੀ ਚੜ੍ਹਦੀ ਕਲਾ ਦਾ ਮਾਹੌਲ ਪੈਦਾ ਕਰਨ ਦੀ ਬਜਾਏ ਆਪਣੇ ਦੁਮਛੱਲਿਆਂ ਹਵਾਰੀਆਂ ਖੁਸ਼ਾਮਦੀਆਂ, ਜੀ ਹਜ਼ੂਰੀਆਂ ਅਤੇ ਪੰਥਕ ਪਿਆਰ ਤੇ ਸਿਧਾਂਤਕ ਪੱਖੋਂ ਕੱਚੇ ਪਿੱਲੇ ਬਹੁਰੂਪੀਆਂ, ਸਵਾਰਥੀਆਂ ਮੌਕਾ ਪ੍ਰਸਤਾਂ, ਚੌਧਰਾਂ ਕੁਰਸੀਆਂ ਦੇ ਭੁਖਿਆਂ, ਇਥੋਂ ਤੱਕ ਕਿ ਪੰਥਕ ਗਦਾਰਾਂ ਤੱਕ ਦਾ ਮਾਹੌਲ ਪੈਦਾ ਕਰ ਜਾਂਦੇ ਰਹੇ। ਜਿਸਦੇ ਸਿੱਟੇ ਵਜੋਂ ਧਰਮ ਤੇ ਰਾਜ ਦੇ ਖੇਤਰ ਵਿਚ ਅਸਲ ਤਾਕਤ ਖਾਲਸਾ ਪੰਥ ਦੇ ਹੱਥਾਂ ਵਿਚ ਰਹਿਣ ਦੀ ਬਜਾਏ ਕੁਝ ਇਕ ਧੜਿਆਂ, ਗਰੁੱਪਾਂ, ਟੋਲਿਆਂ ਅਤੇ ਸਿਆਸੀ ਸ਼ਾਤਰਾਂ ਦੇ ਹੱਥਾਂ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੀ ਰਹੀ।

ਸਿਘੋ, ਪੰਥ ਕੁਰਬਾਨੀਆਂ ਕਰਦਾ ਰਿਹਾ ਤੇ ਉਸਦੀ ਖੱਟੀ ਕਮਾਈ ਖ਼ੁਦਗਰਜ਼ ਤੇ ਤਾਕਤ ਦੇ ਭੁੱਖੇ ਤੇ ਸ਼ੌਕੀਨ ਵਿਅਕਤੀ ਖਾਂਦੇ ਰਹੇ। ਇਸ ਸੰਬੰਧ ਵਿਚ ਅੱਜ ਵੀ ਪੰਥ ਦੇ ਅੰਦਰ ਬਾਹਰ ਜਿਸਤਰ੍ਹਾਂ ਦਾ ਮਾਹੌਲ ਛਾਇਆ ਹੋਇਆ ਹੈ ਉਸਦੀ ਅਸਲ ਤਸਵੀਰ ਸਾਡੇ ਸਾਹਮਣੇ ਹੀ ਹੈ। ਮੈਂ ਇਕ ਦੋ ਵਾਰ ਪਹਿਲਾਂ ਵੀ ਸੰਗਤਾਂ ਨੂੰ ਖੁੱਲੇ ਤੌਰ ਤੇ ਦੱਸ ਚੁੱਕਾ ਹਾਂ ਕਿ ਪਿਛੇ ਜਿਹੇ ਸੁਰਜੀਤ ਸਿਘ ਬਰਨਾਲਾ ਨੇ ਸਮੁੰਦਰੀ ਹਾਲ ਵਿਚ ਅਕਾਲੀ ਜਥੇਦਾਰਾਂ ਤੇ ਹੋਰ ਸਭ ਛੋਟੇ ਆਗੂਆਂ ਤੇ ਵਰਕਰਾਂ ਦੀ ਆਮ ਹਾਜ਼ਰੀ ਵਿਚ ਇਹ ਗੱਲ ਐਲਾਨੀਆਂ ਤੌਰ ਤੇ ਗੱਜ ਵਜ ਕੇ ਕਹੀ ਸੀ ਕਿ 'ਪੰਥ ਦਾ ਕੀ ਹੈ ਉਸਨੂੰ ਜਿਸਤਰ੍ਹਾਂ ਮਗਰ ਲਾਵਾਂਗੇ ਉਹ ਲਗੇਗਾ ਸਭ ਪਰਕਾਰ ਦੇ ਰਾਜਨੀਤਕ ਫੈਸਲੇ ਸਮਝੌਤੇ ਤਾਂ ਅਸਾਂ ਕਰਨੇ ਹਨ, ਜੋ ਫੈਸਲੇ ਅਸੀਂ ਕਰਾਂਗੇ ਉਹ ਪੰਥ ਨੂੰ ਕਬੂਲ ਕਰਨੇ ਹੀ ਪੈਣੇ ਨੇ। ਜੇ ਕੋਈ ਵਿਅਕਤੀ ਜਾਂ ਕੁਝ ਲੋਕ ਰੌਲਾ ਪਾਉਣਗੇ ਤਾਂ ਉਹਨਾਂ ਨੂੰ ਵੀ ਬਾਅਦ ਵਿਚ ਥਾਪੜਾ ਦੇ ਕੇ ਮਨਾ ਲਵਾਂਗੇ, ਪਰ ਜੇ ਕੋਈ ਫਿਰ ਵੀ ਚੁੱਪ ਨਹੀਂ ਕਰੇਗਾ ਤਾਂ ਸਾਨੂੰ ਉਸਦੀ ਕੋਈ ਪਰਵਾਹ ਨਹੀਂ ਹੈ।' ਸਮੁੰਦਰੀ ਹਾਲ, ਸ੍ਰੋਮਣੀ ਅਕਾਲੀ ਦਲ ਦੇ ਦਫਤਰ, ਗੁਰਧਾਮਾਂ ਦੇ ਪ੍ਰਬੰਧ ਤੇ ਰਾਜਸੀ ਖੇਤਰ ਵਿਚ ਸਾਡਾ ਹੀ ਬੋਲ

ਬਾਲਾ ਰਹਿਣਾ ਹੈ ਇਸ ਕਰਕੇ ਪੰਥ ਤੋਂ ਘਬਰਾਉਣ ਜਾਂ ਡਰਨ ਵਾਲੀ ਕੋਈ ਗੱਲ ਨਹੀਂ। ਜੋ ਕੁਝ ਅਸੀਂ ਕਹਾਂਗੇ ਤੇ ਚਾਹਾਂਗੇ ਉਹ ਕੁਝ ਹੀ ਹੋਵੇਗਾ।'

ਸਿਖੋ, ਹੁਣ ਇਸ ਸਬੰਧ ਵਿਚ ਵਿਚਾਰਨ ਵਾਲੀ ਗੱਲ ਇਹ ਹੈ ਕਿ ਅੱਜ ਸਿਖ ਕੌਮ ਦੇ ਇਨ੍ਹਾਂ ਛੋਟੇ ਵੱਡੇ ਆਗੂਆਂ ਨੂੰ ਇਸਤਰ੍ਹਾਂ ਦੀਆਂ ਗਲਾਂ ਕਹਿਣ ਤੇ ਕਰਨ ਦੀ ਦਲੇਰੀ ਤੇ ਜੁਰਅਤ ਕਿਉਂ ਪਈ ਤੇ ਇਸਦਾ ਬੁਨਿਆਦੀ ਕਾਰਨ ਕੀ ਹੈ? ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਾਂ ਹਮੇਸ਼ਾ ਹੀ ਆਪਣੇ ਮੁਕਾਬਲੇ ਪੰਥ ਨੂੰ ਵਡਿਆਉਂਦੇ ਰਹੇ ਹਨ ਅਤੇ ਖਾਲਸਾ ਪੰਥ ਨੂੰ ਆਪਣੀ ਸ਼ਕਤੀ ਤੇ ਵਡਿਆਈ ਦਾ ਸਰੋਤ ਕਰਕੇ ਮੰਨਦੇ ਰਹੇ ਹਨ ਅਤੇ ਇਹ ਵਿਚਾਰ ਖੁੱਲੇ ਆਮ ਰੂਪ 'ਚ ਪਰਗਟ ਕਰਨ ਵਿਚ ਮਾਨ ਤੇ ਗੌਰਵ ਸਮਝਦੇ ਰਹੇ ਹਨ ਕਿ 'ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੇ ਗਰੀਬ ਕਰੋਰ ਪਰੇ।' ਪਰ ਇਹ ਸੁਰਜੀਤ ਸਿੰਘ ਬਰਨਾਲਾ ਤੇ ਇਸ ਵਰਗੇ ਹੋਰ ਪੰਥਕ ਆਗੂ ਥਾਂ ਥਾਂ ਉੱਪਰ ਇਹ ਗੱਲ ਵੰਗਾਰ ਕੇ ਤੇ ਨਿਡਰ ਹੋ ਕੇ ਕਹਿ ਰਹੇ ਹਨ ਕਿ 'ਪੰਥ ਦਾ ਕੀ ਹੈ? ਜੋ ਕੁਝ ਹਾਂ ਅਸੀਂ ਹੀ ਹਾਂ।'

ਸਿਖੋ, ਮੈਨੂੰ ਇਨ੍ਹਾਂ ਛੋਟੇ ਵੱਡੇ ਅਖਾਉਤੀ ਪੰਥਕ ਆਗੂਆਂ ਦੇ ਲਛਣਾ ਤੇ ਤੌਰ ਤਰੀਕਿਆਂ ਤੋਂ ਇਸਤਰ੍ਹਾਂ ਲਗਦਾ ਕਿ ਇਹ ਨੇੜੇ ਭਵਿੱਖ ਵਿਚ ਭਾਰਤ ਸਰਕਾਰ ਨਾਲ ਮਿਲਕੇ ਕੋਈ ਘਿਨਾਉਣਾ ਕਾਰਾ ਕਰਨ ਨੂੰ ਫਿਰਦੇ ਨੇ, ਕਿਉਂਕਿ ਇਨ੍ਹਾਂ ਦੀਆਂ ਗੱਲਾਂ ਬਾਤਾਂ ਤੋਂ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਦੇ ਮਨ ਸਾਫ ਨਹੀਂ, ਸਗੋਂ ਪੰਥਕ ਹਿਤਾਂ ਦਾ ਸੌਦਾ ਕਰਨ ਲਈ ਨੀਚ ਤੋਂ ਨੀਚ ਕਰਮ ਕਮਾਉਣ ਲਈ ਵੀ ਤਿਆਰ ਬੈਠੇ ਨੇ। ਮੈਨੂੰ ਤਾਂ ਕਦੀ ਕਦੀ ਇਥੋਂ ਤੱਕ ਵੀ ਭਾਸਦਾ ਕਿ ਜੇ ਕਿਧਰੇ ਇਹੋ ਜਿਹੇ ਵਿਅਕਤੀਆਂ ਦੇ ਹੱਥੋਂ ਮੌਕਾ ਲੱਗਾ ਤਾਂ ਇਹ ਆਪਣੀਆਂ ਚੌਧਰਾਂ ਤੇ ਕੁਰਸੀਆਂ ਦੀ ਖਾਤਰ ਖਾਲਸਾ ਪੰਥ ਦੇ ਜੁਝਾਰੂ ਸਿਘਾਂ ਦੇ ਲਹੂ ਵਿਚ ਆਪਣੇ ਹੱਥ ਵੀ ਰੰਗਣਗੇ, ਸਿਖ ਕੌਮ ਦੇ ਲਹੂ ਦੇ ਘੁਟ ਡੀਕਾਂ ਲਾ ਲਾ ਕੇ ਭਰਨਗੇ ਅਤੇ ਭਾਰਤ ਦੀ ਅਖੰਡਤਾ ਦੇ ਗੀਤ ਗਾਉਣਗੇ।

ਨੌਜਵਾਨੋ, ਇਸਤਰ੍ਹਾਂ ਦੇ ਵਿਅਕਤੀਆਂ ਨੂੰ ਜੋ ਅੱਜ ਬੇਲਗਾਮ ਹੋਣ ਦਾ ਮੌਕਾ ਮਿਲਿਆ ਉਸਦਾ ਅਸਲ ਕਾਰਨ ਇਹ ਹੈ ਕਿ ਇਨ੍ਹਾਂ ਦੇ ਸੁਭਾ, ਖਾਸੇ ਤੇ ਕਰਦਾਰ ਨੂੰ ਸਮਝਦਿਆਂ ਹੋਇਆਂ ਵੀ ਇਨ੍ਹਾਂ ਨੂੰ ਪੰਥ ਅੰਦਰ ਵਿਚਰਨ ਦੀਆਂ ਖੁੱਲਾਂ ਡੁੱਲਾਂ ਰਹੀਆਂ ਨੇ ਅਤੇ ਇਨ੍ਹਾਂ ਦੀਆਂ ਘਟੀਆਂ ਚਾਲਾਂ ਤੇ ਨੀਤੀਆਂ ਨੂੰ ਕਿਸੇ ਨੇ ਵੀ ਨੱਥ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਜਿਸ ਕਰਕੇ ਇਹ ਵਿਅਕਤੀ ਇਕ ਤਕੜੇ ਧੜੇ ਦੇ ਰੂਪ ਵਿਚ ਪੰਥ ਅੰਦਰ ਛਾਏ ਰਹੇ ਨੇ ਅਤੇ ਇਨ੍ਹਾਂ ਦੇ ਧੜਿਆਂ ਟੋਲਿਆਂ ਨੇ ਸਮੇਂ ਸਮੇਂ ਸਿਖ ਕੌਮ ਨੂੰ ਬੜੀ ਚਾਲਾਕੀ ਤੇ ਮੌਕਾਰੀ ਨਾਲ ਗੁਮਰਾਹੀ ਤੇ ਭਰਮ ਭੁਲੇਖਿਆਂ ਦੇ ਗੇੜ ਵਿਚ ਪਾ ਛਡਿਆ ਹੈ ਅਤੇ ਇਸਦੇ ਨਾਲ ਨਾਲ ਪੰਥਕ ਸ਼ਕਤੀ ਨੂੰ ਆਪਣੇ ਜ਼ਾਤੀ ਹਿਤਾਂ ਤੇ ਸਵਾਰਥਾਂ ਲਈ ਜੀਅ ਭਰਕੇ ਵਰਤਿਆ ਹੈ ਪਰ ਦੂਸਰੇ ਪਾਸੇ ਸਮੁੱਚੇ ਖਾਲਸਾ ਪੰਥ ਨੂੰ ਪੰਥਕ ਸਿਧਾਂਤ ਦੇ ਸੋਚ ਨਾਲੋਂ ਸਦਾ ਹੀ ਤੋੜ ਕੇ ਰਖਿਆ ਹੈ। ਅੱਜ ਜੋ ਇਸਤਰ੍ਹਾਂ ਦੇ ਲੋਕ ਥਾਂ ਥਾਂ ਉੱਪਰ ਹਿੰਦੂ ਸਿਖਾਂ ਵਿਚਕਾਰ ਲਹੂ ਮਾਸ ਦੇ ਰਿਸ਼ਤੇ ਅਤੇ ਰੋਟੀ ਬੇਟੀ ਦੀ ਸਾਂਝ ਦੀ ਰਟ ਲਗਾ ਰਹੇ ਹਨ ਅਤੇ ਉਹ ਰਟ ਅਜੇ ਤੱਕ ਪੰਥ ਅੰਦਰ ਚੁੱਪ ਚਾਪ ਸੁਣੀ ਜਾ ਰਹੀ ਹੈ, ਉਸਦਾ ਅਸਰ ਜਿਥੇ ਸਿਖ ਕੌਮ ਲਈ ਘਾਤਕ ਸਿਧ ਹੋ ਰਿਹਾ ਹੈ ਉਥੇ ਟੋਪੀ ਵਾਲਿਆਂ ਦੇ ਰਾਜ ਨੂੰ ਸਿਖ ਧਰਮ ਤੇ ਸਿਖ ਵਿਚਾਰਧਾਰਾ ਉੱਪਰ ਆਪਣੇ ਹਮਲਿਆਂ ਨੂੰ ਹੋਰ ਤੇਜ਼ ਕਰਨ ਦੀ ਜੁਰਅਤ ਪੈ ਰਹੀ ਹੈ ਤੇ ਖੁਲ ਮਿਲ ਰਹੀ ਹੈ ਕਿਉਂਕਿ ਪੰਥ ਦੇ ਅਖਾਉਤੀ ਆਗੂ ਇਸਤਰ੍ਹਾਂ ਦੀਆਂ ਗੱਲਾਂ ਕਰ ਕਰਕੇ ਪੰਥ ਦੀ ਵਲੱਖਣ ਤੇ ਆਜ਼ਾਦ ਹਸਤੀ ਤੇ ਖਾਲਸਾ ਜੀ ਦੇ ਬੋਲ ਬਾਲੇ ਦੇ ਸੰਕਲਪ ਨੂੰ ਆਪਣੇ ਹੱਥੀਂ ਜ਼ਬਰਦਸਤ ਸੱਟ ਮਾਰ ਰਹੇ ਨੇ। ਅਸਲ ਵਿਚ ਇਸਤਰ੍ਹਾਂ ਦੀਆਂ ਗੱਲਾਂ ਕਰ ਕਰ ਕੇ ਪੰਥ ਨੂੰ ਜਿਥੇ ਸਿਖੀ ਦੇ ਸਿਧਾਂਤ ਨਾਲੋਂ ਤੋੜ ਵਿਛੋੜ ਕੇ



ਰੱਖਿਆ ਗਿਆ ਹੈ ਉਥੇ ਆਮ ਸਿੱਖਾਂ ਦੇ ਮਨਾ ਅੰਦਰ ਬਹੁਤ ਸਾਰੀਆਂ ਐਸੀਆਂ ਸੋਚਾਂ ਤੇ ਧਾਰਨਾਵਾਂ ਨੂੰ ਬਠਾ ਦਿੱਤਾ ਗਿਆ ਹੈ ਜੋ ਪੰਥਕ ਏਕਤਾ ਤੇ ਧਰਮਜਹਿਤੀ ਲਈ ਘਾਤਕ ਸਿਧ ਹੋ ਰਹੀਆਂ ਹਨ।

ਜੇਕਰ ਇਸਤਰ੍ਹਾਂ ਦੀਆਂ ਗੱਲਾਂ ਨੂੰ ਪੂਰੀ ਪੂਰੀ ਤਕੜਾਈ ਤੇ ਬੇਕਿਰਦੀ ਨਾਲ ਤੋੜ ਕੇ ਹਿੰਦੂਆਂ ਦੇ ਮੱਥੇ ਨਾ ਮਾਰਿਆ ਗਿਆ ਤਾਂ ਫਿਰ ਇਸਤਰ੍ਹਾਂ ਦੀਆਂ ਗੱਲਾਂ ਤੇ ਧਾਰਨਾਵਾਂ ਭਵਿੱਖ ਵਿਚ ਪੰਥ ਲਈ ਹੋਰ ਵੀ ਘਾਤਕ ਸਿਧ ਹੋਣਗੀਆਂ। ਜੇਕਰ ਵਿਚਾਰਧਾਰਕ ਨਜ਼ਰੀਏ ਪਖੋਂ ਵੇਖਿਆ ਜਾਚਿਆ ਜਾਵੇ ਤਾਂ ਖਾਲਸਾ ਪੰਥ ਦਾ ਹਿੰਦੂ ਮਤ ਨਾਲ ਧਾਰਮਕ, ਸਮਾਜਕ ਭਾਈਚਾਰਕ ਅਤੇ ਰਵਾਇਤਾਂ ਤੇ ਮਰਯਾਦਾ ਪੂਰਵਕ ਰਹੁ ਰੀਤੀਆਂ ਪੱਖੋਂ ਇਕ ਵੀ ਗੱਲ ਆਪਸ ਵਿਚ ਮੇਲ ਨਹੀਂ ਖਾਂਦੀ, ਬੁੱਤ ਪੂਜਾ ਤੇ ਵਰਨਾਤਮਕ ਸੋਚ ਤੇ ਨੀਤੀ ਦੀਆਂ ਬੁਨਿਆਦਾਂ ਉੱਪਰ ਕਾਇਮ ਕਰਮ ਕਾਂਡੀ ਹਿੰਦੂ ਧਰਮ ਨਾਲ ਖਾਲਸਾ ਪੰਥ ਦਾ ਮੇਲ ਹੀ ਕੀ ਹੈ? ਵਾਹਿਗੁਰੂ ਨਾ ਕਰੇ, ਜੇ ਕਿਧਰੇ ਹਿੰਦੂ ਮੱਤ ਦੀ ਕੋਈ ਇਕ ਵੀ ਕਰਮ ਕਾਂਡੀ ਸੋਚ ਤੇ ਨੀਤੀ ਅਰਥਾਤ ਰਹੁਰੀਤੀ ਸਿਖ ਧਰਮ ਵਿਚ ਸ਼ਾਮਲ ਹੋ ਜਾਵੇ ਤਾਂ ਇਹ ਦੁੱਧ ਵਿਚ ਕਾਂਜੀ ਦੀ ਛਿੱਟ ਪੈ ਜਾਣ ਵਾਲੀ ਗੱਲ ਬਣਦੀ ਹੈ, ਪਰ ਇਸਦੇ ਬਾਵਜੂਦ ਸਾਡੇ ਅੱਜ ਦੇ ਸਿਖ ਅਗੂ ਪੰਥਕ ਸਟੇਜਾਂ ਉਤੇ ਸਿਖ ਕੌਮ ਤੇ ਹਿੰਦੂ ਧਰਮ ਦਾ ਆਪਸ ਵਿਚ ਲਹੂ ਮਾਸ ਦਾ ਰਿਸ਼ਤਾ ਤੇ ਰੋਟੀ ਬੇਟੀ ਦੀ ਸਾਂਝ ਵਾਲਾ ਵਿਚਾਰ ਸ਼ਰੇਆਮ ਤੇ ਬੇਸ਼ਰਮੀ ਦੇ ਤਾਨ ਹੀ ਭੋਲੇ ਭਾਲੇ ਸਿਖਾਂ ਦੀ ਝੋਲੀ ਪਾਈ ਤੁਰੇ ਜਾ ਰਹੇ ਹਨ। ਇਸਤਰ੍ਹਾਂ ਦੇ ਵਿਅਕਤੀਆਂ ਨੂੰ ਇਸਤਰ੍ਹਾਂ ਦੀਆਂ ਗੱਲਾਂ ਕਰਨ ਸਮੇਂ ਗੁਰੂ ਨਾਨਕ ਘਰ ਤੇ ਉਸ ਅਕਾਲ ਪੁਰਖ ਦਾ ਮਾਸਾ ਜਿੰਨਾ ਵੀ ਡਰ ਭੋ ਨਹੀਂ ਆਉਂਦਾ ਕਿ ਪੰਥਕ ਸਿਧਾਂਤ ਤੇ ਪੰਥ ਨਾਲ ਏਡਾ ਵੱਡਾ ਧਰੋਹ ਕਰਕੇ ਤੇ ਝੂਠ ਬੋਲ ਕੇ, ਮਰਨ ਤੋਂ ਬਾਅਦ ਬਖਸ਼ੇ ਕਿਵੇਂ ਜਾਣਗੇ।

ਇਸਤਰ੍ਹਾਂ ਦੇ ਲੋਕ ਸਿਖ ਕੌਮ ਦੇ ਇਤਹਾਸ ਅੰਦਰ ਗੱਦਾਰਾਂ ਤੇ ਭਗੌੜੇ ਹੋਏ ਕਲੰਕਤ ਮਨੁੱਖਾਂ ਵਜੋਂ ਥਾਂ ਪਾ ਕੇ ਕੀ ਖੱਟਣਗੇ? ਇਨ੍ਹਾਂ ਲੋਕਾਂ ਦੇ ਮਰਨ ਤੋਂ ਬਾਅਦ ਟੋਪੀ ਵਾਲਿਆਂ ਨੇ, ਜਿਨ੍ਹਾਂ ਨੂੰ ਖੁਸ਼ ਕਰਨ ਲਈ ਇਹ ਅੱਜ ਖਾਲਸਾ ਪੰਥ ਨਾਲ ਘਾਤ ਕਰ ਰਹੇ ਤੇ ਗਦਾਰੀ ਕਰ ਰਹੇ ਨੇ ਅਗਲੇ ਦਿਨ ਇਨ੍ਹਾਂ ਦੀ ਮੜ੍ਹੀ ਵੱਲ ਵੀ ਨਹੀਂ ਵੇਖਣਾ। ਇਸਤਰ੍ਹਾਂ ਦੇ ਵਿਅਕਤੀਆਂ ਨੂੰ ਕੋਈ ਪੁੱਛੇ ਕਿ ਖਾਲਸਾ ਪੰਥ ਨੇ ਹਿੰਦੂ ਮੱਤ ਦੇ ਨਾਲ ਜੇ ਲਹੂ ਮਾਸ ਦਾ ਰਿਸ਼ਤਾ ਤੇ ਰੋਟੀ ਬੇਟੀ ਦੀ ਸਾਂਝ ਕਾਇਮ ਰਖਣੀ ਸੀ ਤਾਂ ਫਿਰ ਖਾਲਸਾ ਪੰਥ ਦੀ ਸਿਰਜਨਾ, ਇਸਦੇ ਸਿਧਾਂਤਕ ਪੱਖਾਂ ਰੂਪ ਸਰੂਪ ਅਤੇ ਕਰਮ ਕਾਰਜ ਦੇ ਮੰਤਵ ਮਨੋਰਥ ਦਾ ਮਹੱਤਵ ਹੀ ਕੀ ਰਹਿ ਜਾਂਦਾ ਹੈ? ਦਸਮ ਪਿਤਾ ਜੀ ਮਹਾਰਾਜ ਨੇ ਤਾਂ ਐਲਾਨੀਆਂ ਤੌਰ ਤੇ ਖਾਲਸਾ ਪੰਥ ਨੂੰ ਬਿਪਰਨ ਦੀ ਰੀਤ ਅਤੇ ਹਿੰਦੂਵਾਦ ਦੀ ਹਰ ਧਾਰਨਾ ਤੇ ਰੀਤ ਨੂੰ ਨਾ ਅਪਨਾਉਣ ਦਾ ਸਖਤ ਆਦੇਸ਼ ਦੇ ਰੱਖਿਆ ਹੈ।

ਖਾਲਸਾ ਜੀ, ਜੇਕਰ ਅਸੀਂ ਪੰਥ ਘਾਤਕ ਤੇ ਹਿੰਦੂ ਨਵਾਜ ਸਿਖ ਆਗੂਆਂ ਦੇ ਢਹੇ ਨਾ ਚੜ੍ਹੇ ਹੋਏ ਹੁੰਦੇ ਅਤੇ ਖਾਲਸਾ ਪੰਥ ਦੀ ਸਿਧਾਂਤਕ ਸਚਾਈ ਤੇ ਵਲੱਖਣਤਾ ਤੋਂ ਪੂਰੀ ਤਰ੍ਹਾਂ ਨਾਲ ਜਾਣਕਾਰ ਹੁੰਦੇ ਤਾਂ 1947 ਵਿਚ ਅਸੀਂ ਵੀ ਇਕ ਕੌਮ ਵਜੋਂ ਖਾਲਸਾ ਰਾਜ ਦੀ ਪ੍ਰਾਪਤੀ ਤੇ ਸਥਾਪਨਾ ਕੀਤੀ ਹੋਈ ਹੁੰਦੀ ਅਤੇ ਅੱਜ ਅਸੀਂ ਦੁਨੀਆਂ ਦੀਆਂ ਆਜ਼ਾਦ ਤੇ ਖੁਦਮੁਖਤਿਆਰ ਕੌਮਾਂ ਦੇ ਮੁਕਾਬਲੇ ਹਾਣੀ ਬਣਕੇ ਬੈਠੇ ਹੋਏ ਹੁੰਦੇ। ਇਹ ਸਚਾਈ ਤਾਂ ਆਪ ਸਭ ਦੇ ਸਾਹਮਣੇ ਸਪਸ਼ਟ ਹੀ ਹੈ ਕਿ ਰਾਜ ਭਾਗ ਦੀ ਸ਼ਕਤੀ ਤੋਂ ਬਿਨਾਂ ਤਾਂ ਧਰਮ ਵੀ ਵਿਕਸਤ ਨਹੀਂ ਹੁੰਦਾ। ਕਿਸੇ ਵਿਅਕਤੀ ਨੇ ਠੀਕ ਹੀ ਕਿਹਾ ਹੈ ਕਿ ਸ਼ਕਤੀ ਹੀਨ ਮਨੁਖ ਜਾਂ ਕੌਮ ਮਾਨਵਤਾ ਦਾ ਭਲਾ ਲੋਚ ਤਾਂ ਸਕਦੇ ਨੇ ਪਰ ਕਰ ਕੁਝ ਨਹੀਂ ਸਕਦੇ। ਗੁਲਾਮ ਕੌਮ ਤੇ ਮਨੁੱਖਾਂ ਦੀ ਮਾਨਸਿਕ ਅਵਸਥਾ ਖੰਭ ਕਤਰੇ ਹੋਏ ਜਾਂ ਖੰਭ ਬੰਨੇ ਹੋਏ ਬਾਜਾਂ

ਦੀ ਨਿਆਈਂ ਹੁੰਦੀ ਹੈ ਜੋ ਆਪਣੇ ਅੰਦਰ ਦੀ ਸ਼ਕਤੀ ਤੇ ਅਕਾਸ਼ ਦੀ ਵਿਸ਼ਾਲਤਾ ਬਾਰੇ ਸਭ ਕੁਝ ਜਾਣਦੇ ਹੋਏ ਵੀ ਉੱਚੀਆਂ ਉਡਾਨਾਂ ਭਰਨ ਤੋਂ ਲਾਚਾਰ, ਬੇਵੱਸ ਤੇ ਮਜਬੂਰ ਹੁੰਦੇ ਹਨ।

ਸਿਘੋ, ਗੁਰੂ ਮਹਾਰਜ ਦੇ ਇਸ ਵਿਚਾਰ ਨੂੰ ਵੀ ਹਮੇਸ਼ਾਂ ਯਾਦ ਰੱਖਿਆ ਕਰੋ ਕਿ ਅੱਜ ਤੱਕ ਸੰਸਾਰ ਅੰਦਰ ਕੋਈ ਵੀ ਧਿਰ ਦੂਸਰੀ ਧਿਰ ਨੂੰ ਆਪਣੀ ਮਰਜ਼ੀ ਨਾਲ ਖੁਸ਼ੀ ਖੁਸ਼ੀ ਰਾਜਸੀ ਸੱਤਾ ਦੀ ਸੌਂਪਣਾ ਨਹੀਂ ਕਰਦੀ ਸਗੋਂ ਜਿਸ ਕਿਸੇ ਨੇ ਵੀ ਰਾਜਸੀ ਸ਼ਕਤੀ ਪ੍ਰਾਪਤ ਕਰਨੀ ਹੁੰਦੀ ਹੈ ਉਸਨੂੰ ਆਪਣੇ ਬਾਹੂ ਬਲ ਸਦਕਾ ਹੀ ਪ੍ਰਾਪਤ ਕਰਨੀ ਪੈਂਦੀ ਹੈ। ਇਸ ਪ੍ਰਸੰਗ ਵਿਚ ਜੇਕਰ ਵੇਖਿਆ ਜਾਵੇ ਤਾਂ ਕੁਦਰਤ ਵੀ ਬਗੈਰ ਕਿਸੇ ਕਾਰਨ ਦੇ ਕਿਸੇ ਵੀ ਕੌਮ ਨੂੰ ਆਪਣੀਆਂ ਅਪਾਰ ਬਖਸ਼ਸ਼ਾਂ ਨਾਲ ਨਹੀਂ ਨਿਵਾਜਦੀ ਸਗੋਂ ਉਸ ਪਾਸੇ ਵੀ ਮਨੁੱਖਾਂ ਤੇ ਕੌਮਾਂ ਨੂੰ ਪ੍ਰਾਕ੍ਰਿਤਕ ਦਾਤਾਂ ਪ੍ਰਾਪਤ ਕਰਨ ਵਾਸਤੇ ਲਗਾਤਾਰ ਮਿਹਨਤ ਘਾਲਨਾ ਤੇ ਸੰਘਰਸ਼ ਤੋਂ ਕੰਮ ਲੈਣਾ ਪੈਂਦਾ ਹੈ। ਕੁਦਰਤ ਦੀ ਵਿਸ਼ਾਲਤਾ ਤੇ ਜੰਗਲਾਂ ਵਾਦੀਆਂ ਵਿਚ ਪਸਰੀ ਹੋਈ ਬਰਕਤ ਤੇ ਸੁੰਦਰਤਾ ਨੂੰ ਪਾਉਣ ਲਈ ਅਤੇ ਧਰਤੀ ਸਮੁੰਦਰ ਤੇ ਪਹਾੜਾਂ ਦੀਆਂ ਅਥਾਹ ਡੂੰਘਾਨਾਂ ਵਿਚ ਵਿਚਰ ਰਹੀਆਂ ਦੌਲਤਾਂ ਨੂੰ ਪਾਉਣ ਲਈ ਬੜੀ ਜਾਨ ਜੋਖੋਂ ਭਰੀ ਲਗਨ ਤੇ ਘਾਲਣਾ ਦੀ ਲੋੜ ਹੁੰਦੀ ਹੈ। ਜਿਸ ਸ੍ਰੀ ਸਾਹਿਬ ਦੀ ਬਖਸ਼ਿਸ਼ ਸਾਨੂੰ ਗੁਰੂ ਘਰ ਵੱਲੋਂ ਹੋਈ ਹੈ ਉਸਦੀ ਸ਼ਕਤੀ ਅਪਾਰ ਹੈ। ਪਰ ਸ੍ਰੀ ਸਾਹਿਬ ਵੀ ਖਾਲਸਾ ਜੀ ਦੀ ਝੋਲੀ 'ਚ ਜਿੱਤਾਂ ਉਦੋਂ ਹੀ ਪਾਉਂਦੀ ਹੈ ਜਦੋਂ ਖਾਲਸਾ ਆਪ ਰਣ ਤੱਤੇ ਵਿਚ ਉੱਤਰ ਕੇ ਦੁਸ਼ਮਨ ਦਲਾਂ ਦੇ ਆਹੂ ਲਾਹੁਣ ਦੇ ਨਸ਼ਾਨੇ ਨਾਲ ਉਸਨੂੰ ਆਪਣੇ ਹੱਥੀਂ ਆਪ ਵਾਹੁੰਦਾ ਹੈ।

ਨੌਜਵਾਨੋ, ਤੁਸੀਂ ਉਹਨਾਂ ਯੋਧਿਆਂ ਤੇ ਪੁਰਖਿਆਂ ਦੀ ਸੰਤਾਨ ਹੋ ਜੋ ਹਮੇਸ਼ਾਂ ਬਲਵਾਨ ਨਸ਼ਾਨੇ ਦੀ ਪੂਰਤੀ ਲਈ ਮੌਤ ਦੇ ਮੁਕਾਬਲੇ ਖੇਡਨ ਵਿਚ ਗੌਰਵ ਸਮਝਦੇ ਰਹੇ ਨੇ, ਆਪਣੇ ਆਪ ਵਿਚ ਉੱਦਮ, ਚ੍ਰਿਤਰਵਾਨ ਤੇ ਬਲਸ਼ਾਲੀ ਜੀਵਨ ਜੀਉਂਦੇ ਰਹੇ ਨੇ ਅਤੇ ਜੂਝਦੇ ਰਹੇ ਨੇ। ਸਾਡੇ ਤੁਹਾਡੇ ਪਾਸ ਅੱਜ ਵੀ ਉਸ ਸ੍ਰੀ ਸਾਹਿਬ, ਨਾਮ ਬਾਣੀ ਤੇ ਅੰਮ੍ਰਿਤ ਦੀ ਸ਼ਕਤੀ ਹੈ ਜੋ ਸਾਡੇ ਪੁਰਖਿਆਂ ਨੂੰ ਗੁਰੂ ਘਰ 'ਚੋਂ ਪ੍ਰਾਪਤ ਹੋਈ ਸੀ ਪਰ ਇਸ ਸ਼ਕਤੀ ਦੇ ਸੋਚ ਨੂੰ ਅਸਾਂ ਆਪਣੇ ਜੀਵਨ ਦੇ ਖੇਤਰ ਅੰਦਰ ਉਸ ਰੂਪ ਰੰਗ ਜੋਸ਼ ਜਜ਼ਬੇ ਤੇ ਜਲਵੇ ਨਾਲ ਅਪਨਾਉਣ ਤੋਂ ਸੰਕੋਚ ਕੀਤਾ ਹੈ ਜਿਸ ਜੋਸ਼ ਜਜ਼ਬੇ ਤੇ ਜਲਵੇ ਨਾਲ ਸਾਡੇ ਪੁਰਖਿਆਂ ਨੇ ਅਪਨਾਇਆ ਸੀ। ਇਸ ਲਈ ਸਾਨੂੰ ਇਨ੍ਹਾਂ ਬਰਕਤਾਂ ਦੇ ਭੰਡਾਰਾਂ ਤੇ ਸ਼ਕਤੀ ਦੇ ਸੋਮਿਆਂ ਤੋਂ ਸੱਤਾ ਪ੍ਰਾਪਤ ਕਰਨ ਲਈ ਅਤੇ ਹਰ ਪੱਖੋਂ ਸਫਲਤਾ ਪ੍ਰਾਪਤ ਕਰਨ ਲਈ ਆਪਣੇ ਨਸ਼ਾਨੇ ਪ੍ਰਤੀ ਪਹੁੰਚ ਦਾ ਮਾਰਗ ਉਹੋ ਹੀ ਅਪਨਾਉਣਾ ਪਏਗਾ ਜੋ ਗੁਰੂ ਨਾਨਕ ਜੋਤ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਥਾਪਤ ਕਰ ਛੱਡਿਆ ਹੈ। ਇਸ ਕਰਕੇ ਜੇਕਰ ਅਜ ਕਿਸੇ ਗੱਲ ਦੀ ਲੋੜ ਹੈ ਤਾਂ ਉਹ ਇਸ ਮਾਰਗ ਉੱਪਰ ਚਲਣ ਲਈ ਉਹਨਾਂ ਸਚਾਈਆਂ, ਖੂਬੀਆਂ ਤੇ ਸ਼ਕਤੀਆਂ ਨੂੰ ਜਗਾਉਣ ਤੇ ਪੰਥਕ ਸਰਗਰਮੀਆਂ ਦੇ ਅਮਲ ਕਰਮ ਵਿਚ ਅਤੇ ਅਨਭਵ ਵਿਚ ਢਾਲਣ ਦੀ ਲੋੜ ਹੈ ਜਿਨ੍ਹਾਂ ਨੂੰ ਗੁਰੂ ਮਹਾਰਾਜ ਨੇ ਆਪਣੀ ਮੋਹਰ ਤੇ ਬਖਸ਼ਸ਼ ਸਦਕਾ ਖਾਲਸਾ ਪੰਥ ਦੀ ਝੋਲੀ ਪਾ ਰੱਖਿਆ ਹੈ।

ਸਾਡੇ ਪਾਸ ਕੀ ਨਹੀਂ? ਸਭ ਕੁਝ ਹੀ ਤਾਂ ਹੈ। ਸਾਡਾ ਵਿਰਸਾ ਜੀਉਂਦਾ ਜਾਗਦਾ ਹੈ ਤੇ ਬਲਵਾਨ ਹੈ। ਸਾਡੀਆਂ ਰਵਾਇਤਾਂ ਦੀ ਚਮਕ ਅਜੇ ਵੀ ਉਸੇ ਤਰਾਂ ਅਰਥਾਤ ਪਹਿਲਾਂ ਵਾਂਗ ਹੀ ਗੂਹੜੀ ਤੇ ਰੋਸ਼ਨ ਹੈ। ਸਾਡੇ ਅੰਦਰ ਦੀ ਜੋਤ ਦਾ ਸੋਮਾ ਵੀ ਉਹ ਹੀ ਹੈ ਅਤੇ ਦਸਾਂ ਪਾਤਸ਼ਾਹੀਆਂ ਦੇ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਕਾਲੀ ਬਾਣੀ ਦਾ ਸੱਚ ਸਰੂਪ ਸਾਡੇ ਕੋਲ ਹੈ। ਇਸ ਕਰਕੇ ਅਸੀਂ ਅੱਜ ਵੀ ਜੋ ਕੁਝ ਚਾਹੀਏ ਤੇ ਚਿਤਵੀਏ ਹਾਸਲ ਕਰ ਸਕਦੇ ਹਾਂ ਸਿਰਫ ਜੇ ਕਿਸੇ ਗੱਲ ਦੀ ਲੋੜ ਹੈ ਤਾਂ ਉਹ ਹੈ ਆਪਣੇ ਮੂਲ ਨੂੰ ਪਛਾਨਣ ਦੀ। ਜਦੋਂ ਅਸੀਂ ਆਪਣੇ ਮੂਲ ਤੇ ਪੰਥਕ ਵਿਰਸੇ ਦੀ ਅਗੰਮੀ



ਸ਼ਕਤੀ ਨੂੰ ਪਛਾਣ ਲਵਾਂਗੇ ਤਾਂ ਫਿਰ ਉਸ ਹਾਲਤ ਵਿਚ ਅਸੀਂ ਆਪਣੇ ਆਪ ਹੀ ਆਪਣੀਆਂ ਅਲਾਹੀ ਗੁਣਾ ਨਾਲ ਭਰਪੂਰ ਸ਼ਕਤੀਆਂ ਦੇ ਸਹਾਰੇ ਆਪਣੀ ਮੰਜ਼ਲ ਵੱਲ ਵਧਦੇ ਤੁਰੇ ਜਾਵਾਂਗੇ।

ਸਿਘੋ, ਗੁਰੂ ਘਰ ਦਾ ਕੂਕਰ ਤੇ ਗੁਰੂ ਪੰਥ ਦਾ ਦਾਸ ਹੋਣ ਦੇ ਨਾਤੇ ਮੈਂ ਇਹ ਗੱਲ ਤੁਹਾਡੇ ਸਾਹਮਣੇ ਸਪਸ਼ਟ ਰੂਪ ਵਿਚ ਫਿਰ ਦੁਹਰਾ ਦੇਣੀ ਚਾਹੁੰਦਾ ਹਾਂ ਕਿ ਦਾਸ ਸ੍ਰੀ ਹਰਿਮੰਦਰ ਸਾਹਿਬ ਭਵਨ ਉੱਪਰ ਹੋਈ ਮਸ਼ੀਨ ਗੰਨਾਂ ਦੀ ਫਾਇਰਿੰਗ ਅਤੇ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਤੋਪਾਂ ਦੀ ਹੋਈ ਗੋਲਾ ਬਾਰੀ ਦੇ ਘਿਨਾਉਣੇ ਤੇ ਕਾਲੇ ਕਾਰਨਾਮਿਆਂ ਨੂੰ ਵੇਖਕੇ ਇਸ ਗੱਲ ਲਈ ਹੁਣ ਮਨੋਂ ਚਿਤੋਂ ਦ੍ਰਿੜ ਹੋਇਆ ਬੈਠਾ ਹੈ ਕਿ ਇਹ ਪੰਜ ਭੌਤਕ ਸਰੀਰ ਹੁਣ ਅਵਸ਼ ਹੀ ਧਰਮ ਦੀ ਰਾਖੀ ਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਦੇ ਲੇਖੇ ਲਗਾ ਦੇਣਾ ਹੈ ਅਤੇ ਖਾਲਿਸਤਾਨ ਦੀ ਮੰਜ਼ਲ ਵੱਲ ਨੂੰ ਜਾਂਦਾ ਮਾਰਗ ਹੋਰ ਮੋਕਲਾ ਕਰ ਦੇਣਾ ਹੈ। ਮੇਰੇ ਅੰਤਸ਼ ਕਰਨ ਅੰਦਰ ਖਾਲਸਾ ਰਾਜ ਦੇ ਸਬੰਧ ਵਿਚ ਕਾਫੀ ਚਿਰ ਤੋਂ ਵਿਚਾਰ ਪਲ ਰਿਹਾ ਸੀ। ਦਾਸ ਹਾਲਾਤ ਵੱਸ ਤੇ ਪੰਥ ਦੇ ਅੰਦਰਲੇ ਕਾਰਨਾਂ ਕਰਕੇ ਇਸ ਵਿਚਾਰ ਨੂੰ ਐਲਾਨੀਆਂ ਤੌਰ 'ਤੇ ਪਰਗਟ ਕਰਨ ਤੋਂ ਸੰਕੋਚ ਕਰਦਾ ਤੁਰਿਆ ਆ ਰਿਹਾ ਸੀ ਕਿਉਂਕਿ ਅਕਾਲੀ ਆਗੂ ਇਸ ਵਿਚਾਰ ਦੇ ਰਸਤੇ ਵਿਚ ਇਕ ਬਹੁਤ ਵੱਡੀ ਰੋਕ ਬਣੇ ਹੋਏ ਸਨ ਜਿਸ ਕਰਕੇ ਦਾਸ ਨਹੀਂ ਚਾਹੁੰਦਾ ਸੀ ਕਿ ਇਨ੍ਹਾਂ ਅਕਾਲੀ ਆਗੂਆਂ ਨੂੰ ਆਪਣੇ ਖਲਾਫ ਖਾਲਸਾ ਪੰਥ ਅੰਦਰ ਇਸ ਗੱਲ ਦਾ ਪਰਚਾਰ ਕਰਨ ਦਾ ਮੌਕਾ ਦੇਵੇ ਕਿ ਭਿੰਡਰਾਂਵਾਲਾ ਧਰਮ ਯੁੱਧ ਮੋਰਚੇ ਨੂੰ ਸੱਟ ਮਾਰ ਕੇ ਅਨੰਦਪੁਰ ਸਾਹਿਬ ਦੇ ਮਤੇ ਦੀ ਸਫਲਤਾ ਦੇ ਰਸਤੇ ਵਿਚ ਰੁਕਾਵਟ ਪੈਦਾ ਕਰ ਰਿਹਾ ਹੈ। ਪਰ ਜਿਥੋਂ ਤੱਕ ਖਾਲਿਸਤਾਨ ਸਬੰਧੀ ਮੇਰੇ ਅਨਭਵ ਤੇ ਵਿਚਾਰਾਂ ਦਾ ਸਵਾਲ ਹੈ ਉਸ ਬਾਰੇ ਜਥੇ ਦੇ ਸਿਘਾਂ ਅਤੇ ਫੈਡਰੇਸ਼ਨ ਦੇ ਹਜ਼ਾਰਾਂ ਨੌਜਵਾਨਾਂ, ਗੁਰੂ ਨਾਨਕ ਨਿਵਾਸ ਵਿਚ ਸਥਿਤ ਖਾਲਿਸਤਾਨ ਦੇ ਦਫਤਰ ਵਾਲਿਆਂ, ਇਥੋਂ ਤੱਕ ਕਿ ਅਖਬਾਰਾਂ ਵਾਲਿਆਂ ਤੇ ਭਾਰਤ ਸਰਕਾਰ ਤੱਕ ਨੂੰ ਵੀ ਪਤਾ ਹੈ ਕਿ ਭਿੰਡਰਾਂਵਾਲਾ ਮਨੋ ਕੀ ਚਾਹੁੰਦਾ ਹੈ। ਅੱਜ ਮੇਰਾ ਮਨ ਚਾਹੁੰਦਾ ਹੈ ਕਿ ਦਾਸ ਆਪ ਨਾਲ ਖੁੱਲ੍ਹ ਕੇ ਮਨ ਦੀਆਂ ਗੱਲਾਂ ਕਰੇ ਅਤੇ ਆਪਣੇ ਅਨਭਵ ਵਿਚ ਸਮਾਈਆਂ ਹੋਈਆਂ ਪੰਥ ਦੇ ਬੋਲ ਬਾਲੇ ਪ੍ਰਤੀ ਇਛਾਵਾਂ ਤੇ ਰੀਝਾਂ ਅਤੇ ਖਾਲਸਾ ਰਾਜ ਦੀ ਪ੍ਰਾਪਤੀ ਤੇ ਸਥਾਪਨਾ ਸਬੰਧੀ ਆਪਣੇ ਸੰਕਲਪ ਵਿਸ਼ਵਾਸਾਂ, ਧਾਰਨਾਵਾਂ ਤੇ ਦ੍ਰਿੜ ਭਾਵਨਾਵਾਂ ਸਬੰਧੀ ਖੁੱਲ੍ਹ ਕੇ ਗੱਲ ਕਰੇ।

ਦਾਸ ਨੇ ਇਸ ਪਹਿਲੀ ਤਾਰੀਖ ਨੂੰ ਲੌਂਗੋਵਾਲ ਸਾਹਿਬ ਤੇ ਟੌਹੜਾ ਸਾਹਿਬ ਵੱਲੋਂ ਆਏ ਇਕ ਸੁਨੇਹੇ ਦੇ ਜਵਾਬ ਵਿਚ ਉਹਨਾਂ ਨੂੰ ਇਸ ਗੱਲ ਦਾ ਸੁਝਾ ਦਿਤਾ ਸੀ ਕਿ ਭਾਰਤ ਸਰਕਾਰ ਦੇ ਹੁਕਮ ਨਾਲ ਸੀ. ਆਰ. ਪੀ. ਵਲੋਂ ਸ੍ਰੀ ਹਰਿਮੰਦਰ ਭਵਨ ਉੱਪਰ ਕੀਤੀ ਗਈ ਮਸ਼ੀਨ ਗੰਨਾਂ ਦੀ ਫਾਇਰਿੰਗ ਤੋਂ ਬਾਅਦ ਤੁਸੀਂ ਹੁਣ ਖਾਲਿਸਤਾਨ ਦੀ ਲੜਾਈ ਲੜਨ ਦਾ ਐਲਾਨ ਕਰ ਦਿਓ ਪਰ ਇਨ੍ਹਾਂ ਆਗੂਆਂ ਨੇ ਮੇਰੇ ਇਸ ਸੁਝਾ ਨੂੰ ਸਿਰਫ ਟਾਲਿਆ ਹੀ ਨਹੀਂ ਸੀ ਸਗੋਂ ਮੇਰੇ ਇਸ ਸੁਝਾ ਦੇ ਜਵਾਬ ਵਿਚ ਇਹ ਸੁਨੇਹਾ ਭਜਵਾਇਆ ਸੀ ਕਿ 'ਅਜੇ ਅਸੀਂ ਖਾਲਿਸਤਾਨ ਦਾ ਐਲਾਨ ਕਰਨ ਤੋਂ ਅਸਮਰਥ ਹਾਂ ਇਸ ਵਾਸਤੇ ਅਸੀਂ ਇਹ ਨਹੀਂ ਕਰ ਸਕਦੇ।'

ਸਿਘੋ, ਪੁਰਖਿਓ ਤੇ ਨੌਜਵਾਨੋ, ਭਵਿੱਖ ਵਿਚ ਹੁਣ ਤੁਸਾਂ ਇਹੋ ਜਿਹੇ ਆਗੂਆਂ ਉੱਪਰ ਆਸਾਂ ਉਮੀਦਾਂ ਨਹੀਂ ਰੱਖਣੀਆਂ ਜੋ ਕੌਮ ਦੀ ਪੱਗ ਚੌਰਾਹੇ ਵਿਚ ਰੁਲਦਿਆਂ ਵੇਖਕੇ ਵੀ ਪੱਗ ਨੂੰ ਹੱਥ ਪਾਉਣ ਵਾਲਿਆਂ ਨਾਲ ਸਾਂਝ ਭਿਆਲੀ ਪਾਈ ਰਖਣ ਦਾ ਮਨ ਬਣਾਈ ਬੈਠੇ ਹੋਣ। ਇਸ ਲਈ ਹੁਣ ਤੁਸਾਂ ਸਿਖ ਕੌਮ ਦੀ ਅਜ਼ਾਦੀ ਦੀ ਲੜਾਈ ਅਰਥਾਤ ਖਾਲਿਸਤਾਨ ਦੀ ਜੰਗ ਕੌਮੀ ਪਧਰ ਉੱਪਰ ਆਪ ਲੜਨੀ ਹੋਵੇਗੀ। ਆਜ਼ਾਦੀ ਦੀ ਇਹ ਲੜਾਈ ਲੜਦੇ ਸਮੇਂ ਆਪਣੇ ਆਪ ਨੂੰ ਸਦਾ ਪੰਥ ਦੇ ਸੇਵਕ, ਦਾਸ ਤੇ ਚਰਨਾਂ ਦੀ ਧੂੜ ਸਮਝਣਾ ਅਤੇ ਗੁਰੂ ਘਰ ਦੇ ਕੂਕਰ ਹੀ ਖਿਆਲ ਕਰਨਾ। ਕਦੀ ਵੀ ਦੋ ਚਾਰ ਮੌਲਾਂ

ਮਾਰ ਕੇ ਹੰਕਾਰ ਵਿਚ ਨਾ ਆਉਂਦਾ ਤੇ ਥਾਂ ਥਾਂ ਉੱਪਰ ਜਥੇਦਾਰੀਆਂ ਦੇ ਦੁਮਾਲੇ ਆਪਣੇ ਸਿਰਾਂ ਉੱਪਰ ਆਪੇ ਦੀ ਨਾ ਸਜਾਉਂਦੇ ਫਿਰਨਾ। ਸਾਡੀ ਸੇਵਾ ਘਾਲਣਾ ਤੇ ਸਾਡਾ ਕਰਮ ਵਾਹਿਗੁਰੂ ਦੀਆਂ ਨਜ਼ਰਾਂ ਵਿਚ ਪਰਵਾਨ ਹੋਣਾ ਚਾਹੀਦਾ ਹੈ। ਜੇ ਇਸ ਸੰਸਾਰ ਵਿਚ ਚਾਰ ਦਿਨਾਂ ਲਈ ਪ੍ਰਸਿਧੀ ਤੇ ਸ਼ੁਹਰਤ ਨਾ ਵੀ ਹੋਵੇਗੀ ਤਾਂ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਣਾ ਅਤੇ ਨਾ ਹੀ ਵਿਅਕਤੀ ਦੀ ਸੇਵਾ ਉਸਦੇ ਕਰਮ ਵਿਚਲੇ ਸੱਚ ਨੂੰ ਕੋਈ ਆਂਚ ਹੀ ਆਉਣੀ ਹੈ।

ਤੁਸਾਂ ਇਹ ਜਿਸ ਕਿਸੇ ਵਿਅਕਤੀ ਨੂੰ ਵੀ ਛੋਟੇ ਵਡੇ ਆਗੂ ਤੇ ਜਥੇਦਾਰ ਹੋਣ ਦਾ ਮਾਨ ਦੇਣਾ ਹੈ ਉਸਦੇ ਉੱਤਮ ਤੇ ਬਲਵਾਨ ਗੁਣਾ ਲਛਣਾ ਸਦਕਾ ਦੇਣਾ ਹੈ ਨਾ ਕਿ ਉਸਦੇ ਫੋਕੇ ਧੜੱਲੇ ਜ਼ੋਰ ਤੇ ਨਾਂ ਨੂੰ ਵੇਖਕੇ ਦੇਣਾ ਹੈ। ਐਸੇ ਕਿਸੇ ਵੀ ਵਿਅਕਤੀ ਨੂੰ ਜੋ ਭਾਵੇਂ ਕਿਸੇ ਨਾਮਵਰ ਵਿਅਕਤੀ ਜਾਂ ਕਿਸੇ ਸ਼ਹੀਦ ਸਿੰਘ ਦਾ ਧੀ ਪੁੱਤ ਪੋਤਰਾ ਜਾਂ ਭੈਣ ਭਾਈ ਕਿਉਂ ਨਾ ਹੋਵੇ, ਆਗੂ ਜਾਂ ਜਥੇਦਾਰ ਦੀ ਪਦਵੀ ਨਹੀਂ ਬਖਸ਼ਣੀ ਜੋ ਸਮੇਂ ਦੀ ਕਸਵਟੀ ਉੱਪਰ ਪੂਰਿਆਂ ਨਾ ਉਤਰਦਾ ਹੋਵੇ ਅਤੇ ਪੰਥ ਦੀ ਸਚੀ ਅਗਵਾਈ ਕਰਨ ਤੋਂ ਅਸਮਰਥ ਤੇ ਅਯੋਗ ਦਿਸਦਾ ਹੋਵੇ ਅਤੇ ਕੌਮ ਦੇ ਦੁਸ਼ਮਨਾਂ ਨਾਲ ਸਭ ਪੱਖਾਂ ਤੋਂ ਲੋਹਾ ਨਾ ਲੈ ਸਕਦਾ ਹੋਵੇ ਤੇ ਸਿਰ ਦੇਣ ਦੇ ਰਾਹ ਤੋਂ ਕੰਨੀ ਕਤਰਾਉਂਦਾ ਹੋਵੇ। ਇਸ ਆਜ਼ਾਦੀ ਦੇ ਯੁੱਧ ਨੂੰ ਲੜਨ ਲਈ ਸ਼ਹੀਦ ਬਾਬਾ ਦੀਪ ਸਿੰਘ ਜੀ ਵਰਗੀ ਮਹਾਨ ਆਤਮਾ ਦੇ ਪੈਰ ਚਿਨ੍ਹਾ ਉੱਪਰ ਚਲਣ ਵਾਲੇ ਵਿਅਕਤੀਆਂ ਦੀ ਅਗਵਾਈ ਵਿਚ ਅੱਗੇ ਵਧਦੇ ਤੁਰੇ ਜਾਇਓ। ਆਗੂਆਂ ਜਥੇਦਾਰਾਂ ਤੇ ਜਰਨੈਲਾਂ ਦੀ ਚੋਣ ਕਰਨ ਸਮੇਂ ਨਵਾਬ ਕਪੂਰ ਸਿੰਘ ਵਰਗੀਆਂ ਯੋਧਾ ਹਸਤੀਆ ਤੇ ਬਾਬਾ ਦਰਬਾਰਾ ਸਿੰਘ ਵਰਗੇ ਦੂਰ ਅੰਦੇਸ਼ ਤੇ ਸੂਰਬੀਰ ਆਗੂਆਂ ਜਥੇਦਾਰਾਂ ਦੇ ਜੀਵਨ ਲਖਸ਼ ਨੂੰ ਜ਼ਰੂਰ ਮੁਖ ਰੱਖ ਲਿਆ ਕਰੋ, ਕਿਉਂਕਿ ਪੰਥ ਦੇ ਆਗੂਆਂ ਜਥੇਦਾਰਾਂ ਨੇ ਜਿਥੇ ਕੌਮ ਦੀ ਘਾਲਣਾ ਤੇ ਉਸਦੇ ਡੁੱਲ੍ਹੇ ਹੋਏ ਲਹੂ ਦਾ ਮੁੱਲ ਪਾਉਣਾ ਹੁੰਦਾ ਹੈ ਉੱਥੇ ਉਹਨਾਂ ਨੇ ਕੌਮ ਦੇ ਵਰਤਮਾਨ ਤੇ ਭਵਿੱਖ ਨੂੰ ਸੁੰਦਰ ਤੇ ਬਲਵਾਨ ਰੂਪ ਦੇਣ ਦੀ ਜ਼ੁਮਾਵਾਰੀ ਵੀ ਨਿਭਾਉਣੀ ਹੁੰਦੀ ਹੈ।

ਕਿਸੇ ਵੀ ਆਗੂ ਦੀ ਚੋਣ ਕਰਨ ਸਮੇਂ ਬਾਬਾ ਅਕਾਲੀ ਫੂਲਾ ਸਿੰਘ, ਸ੍ਰ: ਹਰੀ ਸਿੰਘ ਨਲੂਆ ਅਤੇ ਸ੍ਰ: ਸ਼ਾਮ ਸਿੰਘ ਅਟਾਰੀ ਦੇ ਵਿਅਕਤੀਤਵ ਨੂੰ ਅਤੇ ਮਾਈ ਭਾਗੋ ਜੀ ਦੀ ਯਾਦ ਨੂੰ ਭੁਲਾ ਨਾ ਬੈਠਿਆ ਕਰੋ। ਜੰਗਾਂ ਯੁਧਾਂ ਦੇ ਦੌਰ ਤੇ ਮੈਦਾਨ ਵਿਚ ਕੌਮ ਨੂੰ ਯੋਗ ਤੇ ਜਾਂਬਾਜ਼ ਜਰਨੈਲਾਂ ਦੀ ਲੋੜ ਹੁੰਦੀ ਹੈ ਇਸ ਕਰਕੇ ਸ਼ਿੰਗਾਰੀਆਂ ਹੋਈਆਂ ਲਾਸ਼ਾਂ ਬਾਰੇ ਕਸੀਦੇ ਸੁਣ ਸੁਣ ਕੇ ਐਂਵੇਂ ਉਹਨਾਂ ਨੂੰ ਅੱਖਾਂ ਮੀਟ ਕੇ ਆਪਣਾ ਆਗੂ ਨਾ ਮੰਨ ਲਿਆ ਕਰੋ। ਇਕ ਮੁਰਦੇ ਦੀ ਕਿੰਨੀ ਵੀ ਵਡਿਆਈ ਕਿਉਂ ਨਾ ਕੀਤੀ ਜਾਵੇ ਤੇ ਜੰਗ ਦੇ ਮੈਦਾਨ ਵਿਚ ਉਸਦੀ ਦੇਹ ਨੂੰ ਉਸਦੀ ਬਹਾਦਰੀ ਦੇ ਕਿੰਨੇ ਵੀ ਕਿੱਸੇ ਕਿਉਂ ਨਾ ਸੁਣਾਏ ਜਾਣ ਆਖਰਕਾਰ ਤਾਂ ਉਹ ਇਕ ਲਾਸ਼ ਹੀ ਹੁੰਦੀ ਹੈ। ਅੱਜ ਜੋ ਪੰਥਕ ਆਗੂਆਂ ਦੇ ਰੂਪ ਵਿਚ ਲਾਸ਼ਾਂ ਸਾਡੇ ਸਾਹਮਣੇ ਹਨ, ਇਨ੍ਹਾਂ ਨੇ ਅਜ ਤੱਕ ਸਤਾਂਦ ਖਲਾਰਨ ਦੇ ਅਮਲ ਤੋਂ ਸਵਾਏ ਕੌਮ ਨੂੰ ਦਿਤਾ ਵੀ ਕੀ ਹੈ? ਇਹ ਗੱਲ ਅੱਜ ਖਾਲਸਾ ਪੰਥ ਲਈ ਕਿੰਨੀ ਖਤਰਨਾਕ ਸਿੱਧ ਹੋ ਰਹੀ ਹੈ ਕਿ ਇਸ ਸਮੇਂ ਪੰਥ ਦੀਆਂ ਅੱਖਾਂ 'ਚੋਂ ਤਾਂ ਲਹੂ ਦੇ ਅੱਥਰੂ ਚੋ ਰਹੇ ਨੇ ਪਰ ਇਹ ਆਗੂ ਅਜੇ ਤੱਕ ਵੀ ਸਿਖ ਦੁਸ਼ਮਨ ਹਿੰਦੂ ਰਾਜ ਦੇ ਮੋਹਰਿਆਂ ਨਾਲ ਗੁਪਤ ਮੀਟਿਗਾਂ ਕਰਕੇ ਚੌਧਰਾਂ ਤੇ ਕੁਰਸੀਆਂ ਦੀ ਭਾਲ ਵਿਚ ਲੱਗੇ ਹੋਏ ਨੇ। ਦੁਸ਼ਮਨਾਂ ਦੀਆਂ ਫੌਜਾਂ ਦਾ ਟਿੱਡੀ ਦਲ ਸਾਰੇ ਪੰਜਾਬ ਉੱਪਰ ਛਾਇਆ ਹੋਇਆ ਹੈ ਅਤੇ ਇਨ੍ਹਾਂ ਭਾਰਤੀ ਫੌਜਾਂ ਦਾ ਹੜ ਸਿਖ ਕੌਮ ਦੇ ਕੰਧਾਂ ਕੋਠਿਆਂ ਨਾਲ ਟਕੱਰਾ ਰਿਹਾ ਹੈ ਪਰ ਇਹ ਸਮੁੰਦਰੀ ਹਾਲ ਦੇ ਵਣਜਾਰੇ ਆਗੂ ਸਭ ਪਾਸਿਆਂ ਤੋਂ ਬੂਹੇ ਬਾਰੀਆਂ ਬੰਦ ਕਰਕੇ ਆਪਣੇ ਬਾਡੀਗਾਰਡਾਂ ਤੇ ਹੋਰ ਸੈਂਕੜੇ ਲਾਮ ਲਸ਼ਕਰ ਸਮੇਤ ਦੜ ਵੱਟੀ ਅੰਦਰੀਂ ਬੈਠੇ ਹੋਏ ਨੇ। ਕੋਈ ਮੋਰਚਾ ਨਹੀਂ, ਦੁਸ਼ਮਨ ਫੌਜਾਂ ਦੇ ਮੁਕਾਬਲੇ ਖਲੋਣ ਦੀ ਕੋਈ ਤਿਆਰੀ ਨਹੀਂ ਅਤੇ ਸਮੁੰਦਰੀ ਹਾਲ ਨੂੰ ਚਮਕੌਰ



ਦੀ ਗੜ੍ਹੀ ਬਨਾ ਕੇ ਰੱਖ ਦੇਣ ਦੀਆਂ ਸਰਗਰਮੀਆ ਬਾਰੇ ਕੋਈ ਛੋਟੀ ਮੋਟੀ ਹਰਕਤ ਵੀ ਨਜ਼ਰ ਨਹੀਂ ਆ ਰਹੀ।

ਪਤਾ ਨਹੀਂ ਕਿ ਇਹ ਆਗੂ ਕਿਹੋ ਜਿਹੇ ਪਾਪ ਮਨਾ 'ਚ ਲੈਕੇ ਚੁੱਪ ਸਾਧੀ ਬੈਠੇ ਨੇ? ਮੈਂ ਤਾਂ ਅਕਸਰ ਇਨ੍ਹਾਂ ਦੇ ਇਹ ਲਛਣ ਵੇਖ ਕੇ ਹੈਰਾਨ ਰਹਿ ਜਾਂਦਾ ਸਾਂ ਕਿ ਇਨ੍ਹਾਂ ਆਗੂਆਂ ਦੇ ਮਨ ਵਿਚ ਜਿਨ੍ਹਾਂ ਨੂੰ ਪੰਥ ਨੇ ਅੱਜ ਤੱਕ ਸਭ ਕੁਝ ਦਿੱਤਾ ਹੈ, ਐਸੇ ਲੋਕਾਂ ਲਈ ਵੀ ਕੋਈ ਦਰਦ ਤੇ ਗੁੱਸਾ ਨਹੀਂ ਜਿਨ੍ਹਾਂ ਦੇ ਹੱਥ ਪੰਥ ਦੀਆਂ ਬਹੂ ਬੇਟੀਆਂ ਦੀ ਇਜ਼ਤ ਪੱਤ ਉੱਪਰ ਉੱਠੇ ਨੇ। ਇਨ੍ਹਾਂ ਨੂੰ ਇਸ ਗੱਲ ਦਾ ਵੀ ਅਹਿਸਾਸ ਨਹੀਂ ਰਿਹਾ ਕਿ ਖਾਲਸਾ ਪੰਥ ਦੀਆਂ ਆਨ ਸ਼ਾਨ ਤੇ ਮਾਨ ਪ੍ਰਤਿਸ਼ਟਾ ਦੀ ਖਾਤਰ ਬੰਦ ਬੰਦ ਕਟਵਾਉਣ ਚਰਖੜੀਆਂ 'ਤੇ ਚੜ੍ਹਨ, ਪੁਠੀਆਂ ਖੱਲਾਂ ਲਹਾਉਣ, ਦੇਗਾਂ ਵਿਚ ਉਬਲਣ ਤੇ ਖੋਪਰੀਆਂ ਲਹਾਉਣ ਵਾਲੇ ਸਿੰਘ ਅਤੇ ਆਪਣੇ ਮਾਸੂਮ ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ ਧੇਲੀ ਧੇਲੀ ਰੋਟੀ ਉੱਪਰ ਸਬਰ ਤੇ ਗੁਜ਼ਾਰਾ ਕਰਨ ਵਾਲੀਆਂ ਮਾਈਆਂ ਬੀਬੀਆਂ ਦੀ ਆਤਮਾ ਅੱਜ ਇਨ੍ਹਾਂ ਦੇ ਲਛਣਾ ਵੱਲ ਵੇਖ ਵੇਖ ਕੇ ਕੀ ਕਹਿੰਦੀ ਹੋਵੇਗੀ। ਇਸੇ ਲਈ ਸਿੰਘੋ, ਮੈਂ ਬਾਰ ਬਾਰ ਇਸ ਗੱਲ ਤੇ ਜ਼ੋਰ ਦੇਂਦਾ ਹਾਂ ਕਿ ਹੁਣ ਭਵਿੱਖ ਵਿਚ ਆਪਣੇ ਛੋਟੇ ਵੱਡੇ ਆਗੂਆਂ ਜਥੇਦਾਰਾਂ ਨੂੰ ਚੁਨਣ ਲਗਿਆਂ ਨਾ ਹੀ ਲਾਪਰਵਾਹੀ ਵਰਤਿਓ ਤੇ ਨਾ ਹੀ ਟਪਲਾ ਖਾਇਓ। ਇਸ ਸਬੰਧ ਵਿਚ ਕਿਸੇ ਦੇ ਵੀ ਫੋਕੇ ਰੁਹਬ ਜਾਂ ਲਿਹਾਜ਼ਦਾਰੀ ਦੇ ਪ੍ਰਭਾਵ ਹੇਠ ਨਾ ਆਇਓ ਕਿਉਂ ਕਿ ਸਿਖ ਕੌਮ ਦਾ ਇਸ ਸਮੇਂ ਜਿਸ ਦੁਸ਼ਮਨ ਨਾਲ ਵਾਹ ਹੈ ਉਹ ਬੜਾ ਹੀ ਚਾਲਬਾਜ਼ ਤੇ ਖਤਰਨਾਕ ਕਿਸਮ ਦਾ ਸ਼ਾਤਰ ਹੈ। ਸਾਨੂੰ ਇਸ ਸਚਾਈ ਤੋਂ ਕਦੀ ਭੁਲ ਕੇ ਵੀ ਅੱਖਾਂ ਨਹੀਂ ਮੀਟਣੀਆਂ ਚਾਹੀਦੀਆਂ ਕਿ ਜਿਹੜੀਆਂ ਕੌਮਾਂ ਆਪਣੇ ਦੁਸ਼ਮਨ ਵੈਰੀਆਂ ਹਥ ਜ਼ਲੀਲ ਤੇ ਰੁਸਵਾ ਹੋਕੇ ਸੱਟਾਂ ਮਾਰਾਂ ਖਾਂਦਿਆਂ ਹੋਇਆਂ ਅਤੇ ਗੁਲਾਮੀ ਵਾਲਾ ਜੀਵਨ ਭੋਗਦਿਆਂ ਹੋਇਆਂ ਵੀ ਉਹਨਾਂ ਦੇ ਟਾਕਰੇ ਵਿਚ ਉਤਰਨ ਤੋਂ ਕੰਨੀ ਕਤਰਾਉਂਦੀਆਂ ਹਨ ਉਸਦਾ ਵਡਾ ਕਾਰਨ ਉਹਨਾਂ ਦੇ ਅਯੋਗ, ਕਮਜ਼ੋਰ ਤੇ ਸਵਾਰਥੀ ਆਗੂ ਹੁੰਦੇ ਹਨ ਕਿਉਂਕਿ ਕਿਸੇ ਕੌਮ ਅੰਦਰ ਜਿੰਨੀ ਵੱਡੀ ਪੱਧਰ ਤੇ ਗਲਤ ਅਯੋਗ ਤੇ ਕਮਜ਼ੋਰ ਲੀਡਰਸ਼ਿਪ ਹੋਈ ਹੋਵੇਗੀ ਉਸ ਕੌਮ ਅੰਦਰ ਉਨੀ ਹੀ ਵਡੀ ਪੱਧਰ 'ਤੇ ਪੜੇ ਬੰਦੀਆਂ ਦਾ ਥਾਂ ਥਾਂ ਉੱਪਰ ਤਾਣਾ ਪੇਟਾ ਬੁਣਿਆ ਹੋਇਆ ਹੁੰਦਾ ਹੈ। ਇਨ੍ਹਾਂ ਸਭ ਗੱਲਾਂ ਦਾ ਲਾਭ ਤਾਂ ਫਿਰ ਆਖਰਕਾਰ ਦੁਸ਼ਮਨ ਤਾਕਤ ਨੂੰ ਹੀ ਪਹੁੰਚਣਾ ਹੁੰਦਾ ਹੈ।

ਸਿੰਘੋ ਜਿਨ੍ਹਾਂ ਹਾਲਾਤਾਂ ਵਿਚ ਅੱਜ ਸ੍ਰੀ ਹਰਿਮੰਦਰ ਸਾਹਿਬ ਦੇ ਕੰਪਲੈਕਸ ਨੂੰ ਫੌਜ ਨੇ ਘੇਰ ਰਖਿਆ ਅਤੇ ਪੰਜਾਬ ਭਰ ਅੰਦਰ ਟੋਪੀ ਵਾਲਿਆ ਦੀ ਇਹ ਫੌਜ ਬਿਜ ਬਣਕੇ ਛਾਈ ਹੋਈ ਹੈ, ਇਨ੍ਹਾਂ ਗੱਲਾਂ ਤੋਂ ਸਾਫ਼ ਨਜ਼ਰੀ ਆ ਰਿਹਾ ਹੈ ਕਿ ਸਰਕਾਰ ਸਿੱਖਾਂ ਨਾਲ ਕੋਈ ਬਹੁਤ ਵੱਡਾ ਘਲੂਘਾਰਾ ਵਰਤਾਉਣਾ ਚਾਹੁੰਦੀ ਹੈ ਅਤੇ ਇਸਤਰ੍ਹਾਂ ਕਰਕੇ ਇਹ ਸਿੱਖਾਂ ਨੂੰ ਆਪਣੀ ਵੱਲੋਂ ਮਾਯੂਸੀਆਂ ਨਾ-ਉਮੀਦੀਆਂ, ਨਾਕਾਮੀਆਂ ਤੇ ਮੌਤ ਦੇ ਹਨੇਰੇ ਤੂਫਾਨੀ ਵਾਤਾਵਰਣ ਵਲ ਧੱਕ ਦੇਣਾ ਚਾਹੁੰਦੀ ਹੈ ਪਰ ਇਸਦੇ ਬਾਵਜੂਦ ਮੈਨੂੰ ਉਸ ਵਾਹਿਗੁਰੂ ਦੀ ਕਿਰਪਾ ਸਦਕਾ ਇਸ ਗੱਲ ਦਾ ਪੂਰਨ ਵਿਸ਼ਵਾਸ ਹੈ ਕਿ ਸਰਕਾਰ ਦੇ ਇਸ ਹਮਲੇ ਤੋਂ ਬਾਅਦ ਵੀ ਕੌਮ ਅੰਦਰ ਕਿਸੇ ਪਰਕਾਰ ਦੀ ਢਹਿੰਦੀ ਕਲਾ ਮਾਯੂਸੀ ਕਮਜ਼ੋਰੀ ਜਾਂ ਨਾਉਮੀਦੀ ਦੀਆਂ ਭਾਵਨਾਵਾਂ ਨੂੰ ਕੋਈ ਥਾਂ ਨਹੀਂ ਹੋਵੇਗੀ ਸਗੋਂ ਸਰਕਾਰ ਦੀ ਇਸ ਭਿਆਨਕ ਕਾਰਵਾਈ ਤੋਂ ਪਿਛੋਂ ਸਮੁੱਚੇ ਸਿਖ ਪੰਥ ਅੰਦਰ ਹਿੰਦੂ ਰਾਜ ਦੇ ਵਿਰੁਧ ਜ਼ਬਰਦਸਤ ਰੋਹ ਤੇ ਨਫਰਤ ਦਾ ਝਖੜ ਝੁਲੇਗਾ। ਇਹ ਝਖੜ ਏਨਾ ਜ਼ਬਰਦਸਤ ਹੋਵੇਗਾ ਕਿ ਟੋਪੀ ਵਾਲਿਆ ਦੀ ਸਰਕਾਰ ਫਿਰ ਇਸਨੂੰ ਮਾਤ ਪਾਉਣ ਲਈ ਤੇ ਅਨਿਆ ਕਰਨ ਲਈ ਸਿੱਖਾਂ ਅੰਦਰਲੀ ਕਮਜ਼ੋਰੀ ਸਵਾਰਥੀ ਤੇ ਗਦਾਰ ਲੀਡਰਸ਼ਿਪ ਦਾ ਸਹਾਰਾ ਲਵੇਗੀ।

ਸਿੰਘੋ, ਉਹ ਸਮਾਂ ਸਿਖ ਕੌਮ ਲਈ ਬੜਾ ਹੀ ਨਾਜ਼ਕ ਹੋਵੇਗਾ ਤੇ ਇਕ ਪਰਕਾਰ ਨਾਲ ਇਮਤਿਹਾਨ ਦੀ ਘੜੀ ਹੋਵੇਗੀ। ਉਸ ਸਮੇਂ ਫਿਰ ਸਿਖ ਕੌਮ ਅੰਦਰਲੀ ਕਮਜ਼ੋਰ ਤੇ ਮੌਕਾ ਤਾੜੂ ਲੀਡਰਸ਼ਿਪ ਖਾਲਸਾ ਪੰਥ ਦੇ ਦੁਸ਼ਮਨਾਂ ਨਾਲ ਆਪਣੀਆਂ ਚੌਧਰਾਂ ਤੇ ਕੁਰਸੀਆਂ ਦੀ ਖਾਤਰ ਕਈ ਤਰਾਂ ਦੇ ਦਾਅ ਪੇਚ ਖੇਡੇਗੀ ਤੇ ਖੜਯੰਤਰ ਰਚਾਏਗੀ ਅਤੇ ਸਰਕਾਰ ਨਾਲ ਕੋਈ ਕੱਚਾ ਪਿਲਾ ਸਮਝੌਤਾ ਕਰਨ ਪੱਖੋਂ ਸਿਖਾਂ ਨੂੰ ਕਈ ਪਰਕਾਰ ਦੇ ਚਕਮੇ ਦਏਗੀ ਤੇ ਸਬਜ਼ਬਾਗ ਵਖਾਏਗੀ। ਹਿੰਦੁਸਤਾਨ ਦੀ ਸਰਕਾਰ ਸਿਖਾਂ ਨੂੰ ਬਹੁਤ ਕੁਝ ਦੇਣ ਦੇ ਜ਼ਬਾਨੀ ਕਲਾਮੀ ਵਾਹਿਦੇ ਤੇ ਪ੍ਰਣ ਦੁਹਰਾਏਗੀ। ਇਹ ਵੀ ਹੋ ਸਕਦਾ ਹੈ ਕਿ ਸਾਡਾ ਦੁਸ਼ਮਨ ਸਮੇਂ ਦੀ ਨਬਜ਼ ਪਛਾਣ ਕੇ ਕੁਝ ਛੋਟੀਆਂ ਮੋਟੀਆਂ ਗੱਲਾਂ ਮੰਗਾਂ ਪਰਵਾਨ ਕਰ ਲਵੇ ਅਤੇ ਇਸਤਰਾਂ ਕਰਕੇ ਸਿਖ ਕੌਮ ਅੰਦਰ ਆਪਣੀ ਮਰਜ਼ੀ ਦੀ ਅਰਥਾਤ ਆਪਣੀ ਹਥਠੋਕਾ ਲੀਡਰਸ਼ਿਪ ਸਥਾਪਤ ਕਰਨ ਦੀ ਖੇਡ, ਖੇਡ ਜਾਵੇ।

ਸਿੰਘੋ, ਉਸ ਸਮੇਂ ਕਿਧਰੇ ਇਨ੍ਹਾਂ ਗੱਲਾਂ ਤੇ ਚਾਲਾਂ ਦਾ ਇਹ ਮਤਲਬ ਨਾ ਸਮਝ ਲੈਣਾ ਕਿ ਹਿੰਦੂ ਰਾਜ ਤੇ ਸਮਾਜ ਨੇ ਸਿਖ ਕੌਮ ਨੂੰ ਮਲੀਆਮੇਟ ਕਰਨ ਤੇ ਪੰਥ ਦੀਆਂ ਜੜ੍ਹਾਂ ਨੂੰ ਕੱਟਣ ਵੱਢਣ ਦਾ ਇਰਾਦਾ ਬਦਲ ਲਿਆ ਹੈ, ਨੀਤੀ ਛੱਡ ਦਿੱਤੀ ਹੈ। ਉਸ ਸਮੇਂ ਹਰ ਤਰਾਂ ਨਾਲ ਹੁਸ਼ਿਆਰ ਖਬਰਦਾਰ ਤੇ ਤਿਆਰ ਬਰਤਿਆਰ ਰਹਿਣਾ ਹੋਵੇਗਾ। ਵਾਹਿਗੁਰੂ ਨਾ ਕਰੇ ਜੇ ਕਿਧਰੇ ਉਸ ਸਮੇਂ ਸਿਖ ਕੌਮ ਕਮਜ਼ੋਰ ਤੇ ਸਵਾਰਥੀ ਸਿਖ ਆਗੂਆਂ ਦੇ ਝਾਂਸੇ ਵਿਚ ਆਕੇ ਇਕ ਵਾਰ ਗੁਮਰਾਹ ਹੋ ਗਈ ਤਾਂ ਫਿਰ ਉਸ ਹਾਲਤ ਵਿਚ ਕੁੱਟਾਂ ਮਾਰਾਂ ਤੇ ਦੁੱਖਾਂ ਮੁਸੀਬਤਾਂ ਦੇ ਦੌਰ ਦੀ ਉਮਰ ਲੰਮੀ ਹੋ ਜਾਵੇਗੀ। ਇਸ ਕਰਕੇ ਇਕ ਗੱਲ ਜੋ ਮੈਂ ਆਪ ਨੂੰ ਜ਼ੋਰ ਦੇਕੇ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਪਵਿੱਤਰ ਗੁਰਧਾਮਾਂ ਵਿਚ ਹਥਿਆਰ ਰੱਖਣ ਤੇ ਹਥਿਆਰਬੰਦ ਜੁਝਾਰੂ ਸਿੰਘਾਂ ਦੇ ਉਥੇ ਤਿਆਰ ਬਰ ਤਿਆਰ ਰੂਪ ਵਿਚ ਆਉਣ ਜਾਣ ਤੇ ਰਹਿਣ ਦੀ ਰੀਤ ਮਰਯਾਦਾ ਤੇ ਰਵਾਇਤ ਨੂੰ ਕਿਸੇ ਵੀ ਕੀਮਤ ਤੇ ਕਿਸੇ ਵੀ ਹਾਲਤ ਵਿਚ ਖਤਮ ਨਾ ਹੋਣ ਦਿਓ ਅਤੇ ਸਮੇਂ ਸਮੇਂ ਗੁਰਧਾਮਾਂ ਅੰਦਰ ਧਰਮ ਦੀ ਰਾਖੀ ਤੇ ਇਸਦੇ ਪਰਚਾਰ ਸੰਚਾਰ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਫੈਸਲੇ ਲੈਂਦੇ ਰਿਹੋ। ਕਿਸੇ ਵੀ ਗੁਰਧਾਮ ਉੱਪਰ ਪੰਥ ਦੁਸ਼ਮਨ ਤਾਕਤਾਂ ਦੇ ਦਾਮਛੱਲਿਆਂ ਤੇ ਚਾਪਲੂਸਾਂ ਨੂੰ ਅਧਿਕਾਰ ਨਾ ਜਮਾਉਣ ਦਿਓ ਕਿਉਂਕਿ ਅਸਲ ਵਿਚ ਸਾਡੇ ਗੁਰਧਾਮ ਹੀ ਸਾਡੇ ਜੀਵਨ ਦਾ ਸੋਮਾ ਨੇ, ਸਾਡੀਆਂ ਆਤਮਕ ਪਦਾਰਥਕ ਪ੍ਰਾਪਤੀਆਂ ਦੀ ਮੰਜ਼ਲ ਦਾ ਸਹਾਰਾ ਨੇ ਅਤੇ ਸਾਹਸ ਬਲ ਤੇ ਸੁਖ ਸ਼ਾਂਤੀ ਦਾ ਕੇਂਦਰ ਨੇ। ਅਸਲ ਵਿਚ ਇਹ ਸਾਡਾ ਐਸਾ ਸੰਸਾਰ ਨੇ ਜਿਥੋਂ ਅਸੀਂ ਸ਼ਕਤੀ ਤੇ ਰੋਸ਼ਨੀ ਲੈਕੇ ਜੀਵਨ ਦੇ ਹਰ ਖੇਤਰ ਵਿਚ ਅੱਗੇ ਵਧਦੇ ਹਾਂ। ਇਹੋ ਸਾਡੇ ਸਵਰਗ ਨੇ ਅਤੇ ਸਾਡੇ ਲੋਕ ਪਰਲੋਕ ਨੂੰ ਸੁਖੀ ਤੇ ਸਹੇਲਾ ਬਨਾਉਣ ਦੇ ਮੂਲ ਰੂਪ ਵਿਚ ਸਿਖਿਆ ਕੇਂਦਰ ਨੇ।

ਸਿੰਘੋ, ਜਿਸ ਦਿਨ ਸਾਥੋਂ ਇਹ ਖੁਸ ਗਏ ਤਾਂ ਫਿਰ ਇਹ ਸਮਝ ਲਓ ਕਿ ਸਾਡੀ ਹਾਲਤ ਖੰਭ ਖੁਸੇ ਹੋਏ ਪੰਛੀ ਤੋਂ ਵੱਧ ਹੋਰ ਕੁਝ ਵੀ ਨਹੀਂ ਹੋਵੇਗੀ। ਅਸਾਂ ਪੰਥ ਦੁਸ਼ਮਨਾਂ ਤੇ ਪੰਥ ਘਾਤਕਾਂ ਦੇ ਇਨ੍ਹਾਂ ਇਰਾਦਿਆਂ ਨੂੰ ਪਰਵਾਨ ਨਹੀਂ ਚੜ੍ਹਨ ਦੇਣਾ। ਸਗੋਂ ਇਨ੍ਹਾਂ ਪਵਿੱਤਰ ਅਸਥਾਨਾਂ ਦੇ ਓਟ ਆਸਰੇ ਆਪਣੇ ਵੈਰੀਆਂ ਦੇ ਉਹਨਾਂ ਗੜ੍ਹਾਂ ਉੱਪਰ ਤੀਰ ਚਲਾਉਣੇ ਨੇ ਜਿਥੇ ਸਿਖ ਕੌਮ ਵਿਰੋਧੀ ਸੋਚਾਂ, ਨੀਤੀਆਂ ਸਾਜ਼ਸ਼ਾਂ ਤੇ ਫੈਸਲੇ ਪਲਦੇ ਨੇ ਅਤੇ ਪਰਵਾਨ ਚੜ੍ਹਦੇ ਤੇ ਫਿਰ ਅਮਲ ਵਿਚ ਆਉਂਦੇ ਨੇ।

ਹੁਣ ਮੈਂ ਅੰਤ ਵਿਚ ਤੁਹਾਡੇ ਨਾਲ ਇਕ ਗੱਲ ਹੋਰ ਸਾਂਝੀ ਕਰਨੀ ਚਾਹੁੰਦਾ ਹਾਂ ਤੇ ਤੁਸਾਂ ਮੌਕਾ ਮਿਲਣ ਉੱਪਰ ਇਸ ਗੱਲ ਨੂੰ ਘਰ ਘਰ ਪਹੁੰਚਾਉਣਾ ਹੈ। ਉਹ ਇਹ ਗੱਲ ਹੈ ਕਿ ਅਸਾਂ ਪੰਥ ਦੁਸ਼ਮਨ ਤਾਕਤਾਂ ਨਾਲ ਤਾਂ ਲੋਹਾ ਲੈਣਾ ਹੀ ਲੈਣਾ ਹੈ ਅਤੇ ਇਨ੍ਹਾਂ ਅਕ੍ਰਿਤਘਣਾ ਤੇ ਵਿਸ਼ਵਾਸ਼ ਘਾਤਕਾਂ ਦਾ



ਸਿਰ ਸ੍ਰੀ ਸਾਹਿਬ ਦੀ ਮਾਰ ਹੇਠ ਲਿਆ ਲਿਆ ਕੇ ਕਲਮ ਕਰਨਾ ਹੀ ਕਰਨਾ ਹੈ ਪਰ ਇਸਦੇ ਨਾਲ ਨਾਲ ਜੋ ਪਿਛਲੇ ਇਕ ਲੰਮੇ ਸਮੇਂ ਤੋਂ ਪੰਥ ਦੇ ਅੰਦਰ ਪੰਥਕ ਗੱਦਾਰਾਂ ਦਾ ਗੰਦ ਜਮਾ ਹੋ ਗਿਆ ਹੈ ਇਸਨੂੰ ਧੋਣ ਤੇ ਸਾਫ ਕਰਨ ਵੱਲ ਉਚੇਚਾ ਧਿਆਨ ਦੇਣਾ ਪੈਣਾ ਹੈ। ਇਸ ਪਰਕਾਰ ਦੇ ਲੋਕਾਂ ਨੂੰ ਤੇ ਇਨ੍ਹਾਂ ਦੇ ਹਵਾਰੀਆਂ, ਹਮਾਇਤੀਆਂ ਅਰਥਾਤ ਪੰਥ ਘਾਤਕਾਂ ਨੂੰ ਹਰ ਹਾਲਤ ਵਿਚ ਪੰਥ ਦੇ ਰਸਤੇ 'ਚੋਂ ਹਟਾਉਣਾ ਹੈ ਅਤੇ ਇਸ ਗੱਲ ਬਾਰੇ ਅਣਗਹਿਲੀ ਤੇ ਕਿਸੇ ਪਰਕਾਰ ਦੀ ਕੋਈ ਲਿਹਾਜ਼ਦਾਰੀ ਨਹੀਂ ਵਰਤਨੀ, ਕਿਉਂਕਿ ਪੰਥ ਨਿਰੋਲ ਸੋਨੇ ਦਾ ਰੂਪ ਹੈ ਤੇ ਸੋਨੇ ਨੂੰ ਕੁੰਦਨ ਰੂਪ ਵਿਚ ਕਾਇਮ ਰਖਣ ਲਈ ਉਸ 'ਚੋਂ ਮੈਲ ਤੇ ਖੋਟ ਕੱਢਣੇ ਹੀ ਪੈਂਦੇ ਨੇ। ਅਸੀਂ ਆਪਣੀ ਇਸ ਮਹਾਨ ਤੇ ਪਵਿੱਤਰ ਜਨਮ ਭੂਮੀ ਨੂੰ ਗੁਰੂ ਘਰ ਦੀਆਂ ਰੀਝਾਂ ਤੇ ਇਛਾਵਾਂ ਦੀ ਧਰਤੀ ਬਨਾਉਣਾ ਹੈ, ਸ਼ਹੀਦਾਂ ਦੇ ਸੁਪਨਿਆਂ ਨੂੰ ਐਨ ਜੀਉਂਦੇ ਜਾਗਦੇ ਹੋਏ ਰੂਪ ਵਿਚ ਸਾਕਾਰ ਕਰਨਾ ਹੈ, ਖਾਲਸਾ ਰਾਜ ਤੇ ਸਿਖ ਧਰਮ ਨੂੰ ਅਤੇ ਖਾਲਸਾ ਪੰਥ ਦੀ ਸਮੁੱਚੀ ਹਸਤੀ ਨੂੰ ਸੰਸਾਰ ਸਾਹਮਣੇ ਇਕ ਆਦਰਸ਼ ਵਜੋਂ ਪੇਸ਼ ਕਰਨਾ ਹੈ ਤਾਂ ਜੋ ਸਮੁੱਚੇ ਮਨੁੱਖੀ ਸਮਾਜ ਨੂੰ ਮਾਨਵੀ ਕਦਰਾਂ ਕੀਮਤਾਂ ਦਾ ਮਾਰਗ ਤੇ ਮਨੁਖਤਾ ਦੀ ਮੰਜ਼ਲ ਮਿਲ ਸਕੇ। ਉਸ ਵਾਹਿਗੁਰੂ ਨੇ ਗੁਰੂ ਨਾਨਕ ਘਰ ਰਾਹੀਂ ਸਾਨੂੰ ਐਨੀਆਂ ਵੱਡੀਆਂ ਦੌਲਤਾਂ ਦੇ ਭੰਡਾਰ ਬਖਸ਼ ਰੱਖੇ ਨੇ ਕਿ ਖਾਲਿਸਤਾਨ ਦੀ ਸਥਾਪਤੀ ਤੋਂ ਬਾਅਦ ਜੇਕਰ ਤੁਸੀਂ ਉਹਨਾਂ ਭੰਡਾਰਾਂ ਨੂੰ ਯੁੱਗਾਂ ਯੁਗਾਂਤਰਾਂ ਤੱਕ ਵੀ ਸਰਬਤ ਦੇ ਭਲੇ ਦੇ ਵਿਚਾਰ ਨਾਲ ਮਾਨਵ ਸਮਾਜ ਅੰਦਰ ਵੰਡਦੇ ਰਹੋਗੇ ਤਾਂ ਉਹ ਫਿਰ ਵੀ ਮੁਕਣਗੇ ਨਹੀਂ ਸਗੋਂ ਉਹਨਾਂ ਦੀ ਅਮੀਰੀ ਵਿਚ ਨਾਲ ਨਾਲ ਹੀ ਦੂਨ ਸਵਾਇਆ ਵਾਧਾ ਹੁੰਦਾ ਰਹੇਗਾ।

ਉਹ ਦੌਲਤ ਹੈ ਸੇਵਾ, ਸਿਮਰਨ, ਸੰਗਤ ਪੰਗਤ, ਸਚਿਆਰੀ ਕਿਰਤ, ਘਾਲਣਾ, ਵੰਡ ਕੇ ਛਕਣਾ, ਉੱਦਮ, ਨੇਕੀ, ਸਚਿਆਈ, ਹੱਕ ਸੱਚ ਤੇ ਨਿਆਂ ਦੀ ਰਾਖੀ, ਸਵੈਮਾਨ, ਸਵੈਰਖਸ਼ਾ, ਪਰਸਪਰ ਪ੍ਰੇਮ ਭਾਵਨਾ, ਮਿਲ ਜੀਉਣ, ਮਿਲ ਬੈਠਣ, ਸ਼ੁਭ ਕਰਮ, ਉੱਤਮ ਵਿਚਾਰ, ਪਵਿੱਤਰ ਭਾਵਨਾਵਾਂ, ਜੀਵਨ ਜਾਚ ਤੇ ਸੁਚੱਜ, ਅਰਥਾਤ ਉੱਤਮ ਰਹਿਣ ਸਹਿਣ, ਮਿਹਨਤ, ਦਰਵੇਸ਼ੀ ਤੇ ਬਾਦਸ਼ਾਹਤ ਦਾ ਸੁਮੇਲ, ਆਤਮਕ ਪ੍ਰਸੰਨਤਾ, ਸਹਿਜ ਅਵਸਥਾ ਤੇ ਸਹਿਜ ਗਿਆਨ, ਆਤਮਕ ਬਲ, ਬੌਧਕ ਗਿਆਨ, ਬਾਹੂਬਲ, ਦਿੱਬ ਦ੍ਰਿਸ਼ਟੀ ਅਰਥਾਤ ਅਟੁੱਟ ਗਿਆਨ, ਅੰਧਕਾਰ ਦੀਆਂ ਤਾਕਤਾਂ ਵਿਰੁਧ ਜੂਝਣ ਦੀ ਚਾਹ, ਜੁਝਾਰੂ ਭਾਵਨਾਵਾਂ ਤੇ ਅਮਲ ਕਰਮ, ਸਰਬਤ ਦੇ ਭਲੇ ਦੀ ਭਾਵਨਾ, ਮੰਦ ਭਾਵਨਾਵਾਂ ਉੱਪਰ ਕਾਬੂ ਤੇ ਨੇਕ ਭਾਵਨਾਵਾਂ ਦਾ ਸੰਚਾਰ ਅਤੇ ਮਾਨਵ ਸਮਾਜ ਦੀ ਭਲਾਈ ਤੇ ਉਸਦੇ ਹਿਤਾਂ ਹਕਾਂ ਦੀ ਰਾਖੀ ਅਤੇ ਸਮੁੱਚੇ ਮਾਨਵ ਸਮਾਜ ਅੰਦਰ ਖੁਸ਼ੀ ਤੇ ਖੇੜੇ ਦੇ ਵਾਤਾਵਰਨ ਨੂੰ ਕਾਇਮ ਕਰਨ ਤੇ ਕਾਇਮ ਰਖਣ ਲਈ ਕੁਰਬਾਨੀ ਦਾ ਜਜ਼ਬਾ।

ਸਿੰਘੋ, ਇਹ ਸਭ ਗੱਲਾਂ ਮੈਂ ਤੁਹਾਡੇ ਨਾਲ ਇਸ ਕਰਕੇ ਸਾਂਝੀਆਂ ਕੀਤੀਆਂ ਨੇ ਕਿਉਂਕਿ ਜਦੋਂ ਖਾਲਸਾ ਪੰਥ ਖਾਲਸਾ ਰਾਜ ਦੀ ਪ੍ਰਾਪਤੀ ਦੇ ਮਾਰਗ ਉੱਪਰ ਚਲ ਪਿਆ ਤਾਂ ਫਿਰ ਉਸ ਸਮੇਂ ਹਿੰਦੂ ਰਾਜ ਤੇ ਸਮਾਜ ਦਾ ਸਿੰਘਾਸਨ ਡੋਲਣਾ ਹੈ। ਐਸੀ ਹਾਲਤ ਵਿਚ ਫਿਰ ਭਾਰਤ ਸਰਕਾਰ ਨੇ ਆਪਣੇ ਜ਼ਰਖਰੀਦ ਪੰਥਕ ਗੱਦਾਰਾਂ, ਬੁਧੀਜੀਵੀਆਂ ਤੇ ਪਰਚਾਰਕਾਂ ਨੂੰ ਅੱਗੇ ਲਾ ਕੇ ਗੁਰਬਾਣੀ ਵਿਚਲੇ ਗੁਣਾ ਲਖਣਾ ਨੂੰ ਆਪਣੇ ਵਿਚਾਰਾਂ ਦੇ ਰੰਗ ਵਿਚ ਪੇਸ਼ ਕਰਨ ਤੇ ਆਪਣੇ ਹਿਤ ਵਿਚ ਵਰਤਨ ਲਈ ਕਰੋੜਾਂ ਅਰਬਾਂ ਰੁਪਏ ਖਰਚ ਕਰਨ ਤੋਂ ਵੀ ਸੰਕੋਚ ਨਹੀਂ ਕਰਨਾ ਸਗੋਂ ਇਸ ਕਾਰਜ-ਕਰਮ ਦੇ ਸੰਬੰਧ ਵਿਚ ਦੌਲਤ ਮੀਂਹ ਵਾਂਗ ਵਰ੍ਹਾਉਣੀ ਹੈ। ਪਰ ਉਸ ਸਮੇਂ ਖਾਲਸਾ ਪੰਥ ਦੇ ਕਿਸੇ ਵੀ ਅਨੁਆਈ ਨੇ ਟੋਪੀ ਵਾਲਿਆਂ ਦੇ ਏਸ ਨੀਤੀ ਜਾਲ ਵਿਚ ਨਹੀਂ ਫਸਣਾ ਅਤੇ ਇਨ੍ਹਾਂ ਦੇ ਜ਼ਰਖਰੀਦ ਬੁਧੀਜੀਵੀਆਂ ਤੇ ਪਰਚਾਰਕਾਂ ਵਲੋਂ ਦਯਾ, ਧਰਮ ਖਿਮਾ, ਤਿਆਗ ਨਿਮਰਤਾ ਸਹਿਨ ਸ਼ੀਲਤਾ

ਸਰਬਤ ਦੇ ਭਲੇ, ਸਰਬ ਸਾਂਝ ਆਦਿ ਸ਼ਬਦਾਂ ਦੀ ਕਿਸੇ ਹੋਰ ਹੀ ਮਨੋਰਥ ਨਾਲ ਕੀਤੀ ਜਾਣ ਵਾਲੀ ਕੱਚੀ ਪਿੱਲੀ ਤੇ ਸੱਚ ਧਰਮ ਦੀ ਮੂਲ ਤੱਤ ਨਾਲੋਂ ਟੁੱਟੀ ਹੋਈ ਵਿਆਖਿਆ ਨਹੀਂ ਸੁਨਣੀ ਤੇ ਨਾ ਹੀ ਉਹਨਾਂ ਦੀਆਂ ਗਲਤ ਰੰਗ ਵਿਚ ਪੇਸ਼ ਕੀਤੀਆਂ ਜਾਣ ਵਾਲੀਆਂ ਦਲੀਲਾਂ ਦੇ ਭੁਚਲਾਵੇ ਵਿਚ ਹੀ ਆਉਣਾ ਹੈ। ਜਦੋਂ ਖਾਲਸਾ ਪੰਥ ਇਕ ਆਜ਼ਾਦ ਤੇ ਖੁਦ ਮੁਖਤਿਆਰ ਖਾਲਸਾ ਰਾਜ ਦਾ ਪ੍ਰਬੰਧ ਆਪਣੇ ਹਥਾਂ ਵਿਚ ਸੰਭਾਲ ਲਵੇਗਾ ਉਸ ਸਮੇਂ ਫਿਰ ਇਹਨਾਂ ਸਭ ਅਲਾਹੀ ਗੁਣ ਖੂਬੀਆਂ ਤੇ ਚਮਤਕਾਰਾਂ ਨਾਲ ਭਰਪੂਰ ਸ਼ਬਦ ਮੋਤੀਆਂ ਨੂੰ ਸਿਖ ਕੌਮ ਆਪ ਥਾਂ ਥਾਂ ਉਪਰ ਅਸਲ ਰੂਪ ਵਿਚ ਉਜਾਗਰ ਕਰੇਗੀ ਤੇ ਵੰਡੇਗੀ ਕਿਉਂਕਿ ਖਾਲਸਾ ਪੰਥ ਜਿਸ ਮਹਾਨ ਤੇ ਅਲਾਹੀ ਵਿਰਸੇ ਦਾ ਮਾਲਕ ਹੈ ਉਹ ਇਸ ਵਿਚਲੇ ਗੁਣਾ ਲਖਣਾ ਦੀ ਅਸਲ ਅਮੀਰੀ ਚਮਕ ਦਮਕ ਸਚਿਆਈ ਤੇ ਅੰਤਰੀਵ ਭਾਵਨਾਂ ਨੂੰ ਵੀ ਸਮਝਦਾ ਹੈ।

ਖਾਲਸਾ ਜੀ ਤੁਸਾਂ ਹੁਣ ਜੋ ਕਾਰਜ ਕਰਮ ਤੇ ਧਰਮ ਪਾਲਣਾ ਹੈ ਉਹ ਖਾਲਸਾ ਰਾਜ ਨੂੰ ਪ੍ਰਾਪਤ ਕਰਨ ਅਤੇ ਖਾਲਸਾ ਪੰਥ ਦੇ ਦੁਸ਼ਮਨ ਵੈਰੀਆਂ ਦੇ ਭਾਰੀ ਧੌਲਰਾਂ ਨੂੰ ਢਾਹੁਣ, ਉਹਨਾਂ ਦੇ ਸਾਮਰਾਜ ਦੀਆਂ ਜੜ੍ਹਾਂ ਕਟਨ ਵੱਢਣ ਅਤੇ ਇਸ ਸ਼ਹੀਦਾਂ ਦੀ ਧਰਤੀ ਨੂੰ ਪਾਪੀਆਂ ਦੁਸ਼ਟਾਂ ਅਕਿਰਤਘਣਾਂ, ਵਿਸ਼ਵਾਸ ਘਾਤਕਾਂ, ਮੀਣੇ ਮਸੰਦਾਂ, ਭੇਖਧਾਰੀ ਬਹੁਰੂਪੀਆਂ ਤੇ ਪੰਥਕ ਗੱਦਾਰਾਂ ਦੇ ਨਾਪਾਕ ਵਜੂਦ ਤੋਂ ਸਾਫ ਤੇ ਪਾਕ ਕਰਨਾ ਹੈ।

ਇਨ੍ਹਾਂ ਸਾਰੀਆਂ ਗੱਲਾਂ ਦੇ ਨਾਲ ਨਾਲ ਇਹ ਗੱਲ ਵੀ ਯਾਦ ਰਖਿਓ ਕਿ ਉਹਨਾਂ ਅੱਡਿਆਂ ਟਿਕਾਣਿਆਂ ਤੇ ਤਾਕਤ ਦੇ ਗੜ੍ਹਾਂ ਅਤੇ ਸਭ ਤਰ੍ਹਾਂ ਦੇ ਵਸੀਲਿਆਂ ਪ੍ਰਬੰਧਾਂ ਨੂੰ ਨਸ਼ਟ ਕਰ ਦੇਣ ਵਿਚ ਤੇ ਖਦੇੜਨ ਵਿਚ ਹੀ ਪੰਥ ਦਾ ਭਲਾ ਹੋਵੇਗਾ ਜੋ ਸਿਖ ਕੌਮ ਦੇ ਜੀਵਨ ਤੇ ਸ਼ਕਤੀ ਸੋਮਿਆਂ ਨੂੰ ਬਾਂਝ ਬਣਾਉਣ ਤੇ ਨਸ਼ਟ ਕਰਨ ਦੇ ਨੀਤੀ ਇਰਦਿਆਂ ਨਾਲ ਪੰਥ ਵਿਰੋਧੀ ਸੰਗਠਨ ਕਾਇਮ ਕਰਦੇ ਤੇ ਉਹਨਾਂ ਨੂੰ ਮਜ਼ਬੂਤ ਬਣਾਉਂਦੇ ਹਨ ਅਤੇ ਪੰਥ ਦੋਖੀਆਂ ਤੇ ਪੰਥਕ ਗੱਦਾਰਾਂ ਨੂੰ ਹਰ ਪਰਕਾਰ ਦੇ ਸਾਧਨ ਵਸੀਲੇ ਜੁਟਾਉਂਦੇ ਉਹਨਾਂ ਨੂੰ ਪੰਥ ਵਿਰੁਧ ਉਕਸਾਉਂਦੇ ਉਤਸ਼ਾਹਤ ਕਰਦੇ, ਸਹੂਲਤਾਂ ਤੇ ਛਹਿ ਦੇਂਦੇ ਅਤੇ ਉਹਨਾਂ ਦੀ ਰਾਖੀ ਕਰਦੇ ਹਨ। ਇਸ ਕਰਕੇ ਸਿੰਘੋ, ਹੁਣ ਉਹ ਸਭ ਦਰਵਾਜ਼ੇ ਦੀਵਾਰਾਂ ਤੇ ਰੋਕਾਂ ਰੁਕਾਵਟਾਂ ਭੰਨ ਤੋੜ ਸੁਟਣ ਵਿਚ ਹੀ ਪੰਥ ਦਾ ਬਚਾਓ ਭਲਾ ਹੈ ਜਿਹੜੇ ਤੁਹਾਨੂੰ ਸਿਖ ਕੌਮ ਦੇ ਦੁਸ਼ਮਨ ਵੈਰੀਆਂ ਤੇ ਪੰਥਕ ਗਦਾਰਾਂ ਦੀ ਸੰਘੀ ਤੱਕ ਜਾਣ ਦੇ ਰਸਤੇ ਵਿਚ ਰੋਕਾਂ ਰੁਕਾਵਟਾਂ ਬਣੇ ਨਜ਼ਰੀ ਆਉਂਦੇ ਨੇ।

ਪੰਥਕ ਸ਼ਕਤੀ, ਆਨ ਸ਼ਾਨ ਤੇ ਮਾਨ ਪ੍ਰਤਿਸ਼ਟਾ ਦੇ ਸੋਮਿਆਂ ਉਪਰ ਹਮਲਾ ਕਰਵਾਉਣ ਵਾਲਿਆਂ ਤੇ ਕਰਨ ਵਾਲਿਆਂ, ਪੰਥਕ ਤਬਾਹੀ ਨੂੰ ਚਿਤਵਨ ਵਾਲਿਆਂ ਅਤੇ ਉਹਨਾਂ ਦੇ ਹਮਜੋਲੀ ਸੰਗੀ ਸਾਥੀ, ਹਮਦਰਦ ਤੇ ਸਾਂਝੇਦਾਰ ਬਨਣ ਵਾਲੇ ਪੰਥਕ ਗੱਦਾਰਾਂ ਨੂੰ ਸੱਤਾਂ ਪੀੜ੍ਹੀਆਂ ਤੱਕ ਮੁਆਫ ਨਹੀਂ ਕਰਨਾ ਤੇ ਨਹੀਂ ਛਡਣਾ। ਅਰਥਾਤ ਚੁਣ ਚੁਣ ਕੇ ਤੇ ਲੱਭ ਲੱਭ ਕੇ ਸੋਧਣਾ ਹੈ ਕਿਉਂਕਿ ਪੰਥ ਨਾਲ ਦੁਸ਼ਮਨੀ ਕਮਾਉਣ ਤੇ ਗਦਾਰੀ ਕਰਨ ਵਾਲਿਆਂ ਦਾ ਇਹ ਗੋਤ ਇਸਤਰਾਂ ਹੀ ਖਤਮ ਕੀਤਾ ਜਾ ਸਕਦਾ ਹੈ, ਹੋਰ ਕਿਸੇ ਤਰੀਕੇ ਨਾਲ ਨਹੀਂ। ਅੰਤ ਵਿਚ ਮੈਂ ਇਹ ਗੱਲ ਫਿਰ ਯਾਦ ਕਰਾਉਣੀ ਚਾਹੁੰਦਾ ਹਾਂ ਕਿ ਸਾਡੇ ਦੁਸ਼ਮਨਾਂ ਨੇ ਸੱਚਖੰਡ ਸਰੂਪ ਸ੍ਰੀ ਹਰਿਮੰਦਰ ਸਾਹਿਬ ਉਪਰ ਬਾਰੂਦੀ ਅੱਗ ਵਰ੍ਹਾ ਕੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਪਰ ਤੋਪ ਗੋਲਿਆਂ ਦਾ ਝਖੜ ਝੁਲਾ ਕੇ ਖਾਲਸਾ ਪੰਥ ਦੀ ਦਸਤਾਰ ਨੂੰ ਸਿਧਾ ਹੱਥ ਪਾਇਆ ਹੈ ਅਤੇ ਸਾਡੀ ਜ਼ਮੀਰ ਨੂੰ ਐਲਾਨੀਆਂ ਤੌਰ 'ਤੇ ਲੱਚਿਆ ਵੀ ਹੈ ਤੇ ਵੰਗਾਰਿਆ ਵੀ ਹੈ। ਹੁਣ ਅਸਾਂ ਇਸ ਗੱਲ ਦਾ ਬਦਲਾ ਪੰਥ ਦੇ ਦੁਸ਼ਮਨਾਂ ਨੂੰ ਚਖਾਉਣਾ ਹੈ ਅਤੇ ਸਿਖ



ਕੌਮ ਦਾ ਆਪਣਾ ਘਰ ਬਨਾਉਣਾ ਹੈ ਅਰਥਾਤ ਖਾਲਸਾ ਰਾਜ ਕਾਇਮ ਕਰਨਾ ਹੈ ਤੇ ਦਿੱਲੀ ਦੇ ਲਾਲ ਕਿਲ੍ਹੇ ਉਪਰ ਕੇਸਰੀ ਨਸ਼ਾਨ ਸਾਹਿਬ ਝੁਲਾਉਣਾ ਹੈ। ਇਹ ਸਾਡਾ ਟੀਚਾ ਹੈ ਤੇ ਨਿਸ਼ਾਨਾ ਹੈ ਅਤੇ ਦ੍ਰਿੜ ਸੰਕਲਪ ਤੇ ਪ੍ਰਣ ਵੀ। ਇਸ ਟੀਚੇ ਤੇ ਨਿਸ਼ਾਨੇ ਦੀ ਪੂਰਤੀ ਲਈ ਸਾਨੂੰ ਭਾਵੇਂ ਅੱਗ ਦੇ ਭਾਂਬੜਾਂ 'ਚੋਂ ਦੀ ਹੀ ਕਿਉਂ ਨਾ ਲੰਘਣਾ ਪਵੇ ਅਸੀਂ ਲੰਘਾਂਗੇ।'

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ।।

# 27.

ਬੀਤੇ ਦਿਨ ਦੀ ਤਰ੍ਹਾਂ ਅੱਜ 5 ਜੂਨ 1984 ਵਾਲੇ ਦਿਨ ਵੀ ਭਾਰਤੀ ਫੌਜ ਵਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉੱਪਰ ਸਵੇਰੇ 5-40 ਦੇ ਲਗਪਗ ਪਹਿਲਾਂ ਤੋਪਾਂ ਦੀ ਗੋਲਾਬਾਰੀ ਅਤੇ ਫਿਰ ਇਸਦੇ ਨਾਲ ਹੀ ਮਸ਼ੀਨ ਗੰਨਾਂ ਦੀ ਫਾਇਰਿੰਗ ਸ਼ੁਰੂ ਹੋ ਗਈ ਸੀ।

ਫੌਜ ਵਲੋਂ ਬੀਤੇ ਦਿਨ ਵਾਂਗ ਗੋਲਾ ਬਾਰੀ ਦਾ ਆਰੰਭ ਸ੍ਰੀ ਅਕਾਲ ਤਖਤ ਸਾਹਿਬ ਦੇ ਸੁਨਹਿਰੀ ਗੁਬੰਦ ਤੇ ਉਸਦੇ ਭਵਨ ਨਾਲ ਲਗਦੀਆਂ ਛੱਤਾਂ ਉੱਪਰ ਗੋਲੇ ਸੁੱਟ ਕੇ ਕੀਤਾ ਗਿਆ ਸੀ।

ਐਸੀ ਹਾਲਤ ਵਿਚ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਸੰਗਤਾਂ ਦੀਆਂ ਸਰਗਰਮੀਆਂ ਦਾ ਬੰਦ ਹੋ ਜਾਣਾ ਅਤੇ ਸਿਘਾਂ ਦਾ ਆਪੋ ਆਪਣੇ ਅੱਡਿਆਂ ਟਿਕਾਣਿਆਂ ਤੇ ਮੋਰਚਿਆਂ ਉੱਪਰ ਡਟ ਜਾਣਾ ਇਕ ਸੁਭਾਵਕ ਗੱਲ ਹੀ ਸੀ।

ਸਮੁੰਦਰੀ ਹਾਲ ਤੇ ਗੁਰੂ ਨਾਨਕ ਨਿਵਾਸ ਦੇ ਸਾਹਮਣੇ ਪੈਂਦੇ ਖੁੱਲੇ ਮੈਦਾਨ ਅਤੇ ਮੰਜੀ ਸਾਹਿਬ ਦੀਵਾਨ ਹਾਲ ਦੇ ਅੰਦਰ ਤੇ ਆਸ ਪਾਸ ਜਿਥੇ ਅੰਮ੍ਰਿਤ ਵੇਲੇ ਤੋਂ ਲੈਕੇ ਕਾਫੀ ਰਾਤ ਗਏ ਤੱਕ, ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰ ਲਈ ਆਉਣ ਜਾਣ ਵਾਲੀਆਂ ਸੰਗਤਾਂ ਦੀ ਭਰਮਾਰ ਲੱਗੀ ਰਹਿੰਦੀ ਸੀ ਉਥੇ ਉੱਕੀ ਹੀ ਸੁੰਨਮਸਾਨ ਵਰਤੀ ਹੋਈ ਸੀ।

ਸ਼ੁਰੂ ਸ਼ੁਰੂ ਵਿਚ ਤੋਪਾਂ ਦੀ ਗੋਲਾ ਬਾਰੀ ਦਾ ਬਹੁਤਾ ਜ਼ੋਰ ਸ੍ਰੀ ਅਕਾਲ ਤਖਤ ਸਾਹਿਬ ਵੱਲ ਨੂੰ ਹੀ ਰਿਹਾ ਸੀ, ਪਰ ਕੁਝ ਪਲਾਂ ਬਾਅਦ ਤੋਪਾਂ ਦੇ ਗੋਲੇ ਅਤੇ ਮਸ਼ੀਨ ਗੰਨਾਂ ਦੀ ਫਾਇਰਿੰਗ ਦੇ ਕਾਰਨ ਅਤੇ ਉੱਤੇ-ਅਤਿਰਤੀ ਰਾਕਟ ਲਾਂਚਰਜ਼ ਦੇ ਗੋਲੇ ਫਟਨ ਨਾਲ ਬਾਰੂਦੀ ਅੱਗ-ਧੂੰਏ ਦੇ ਵਰੋਲੇ ਪਰਕਰਮਾ ਦੇ ਆਲੇ ਦੁਆਲੇ ਦੀਆਂ ਇਮਾਰਤਾਂ, ਉੱਤਰ ਦੱਖਣ ਵਾਲੇ ਪਾਸੇ ਦੀਆਂ ਦੋਹਾਂ ਹੀ ਦਰਸ਼ਨੀ ਡਿਉੜੀਆਂ ਤੇ ਇਨ੍ਹਾਂ ਦੇ ਆਲੇ ਦੁਆਲੇ ਆਪਣਾ ਭਿਆਨਕ ਅਸਰ ਤੇ ਕਹਿਰ ਵਖਾਉਣ ਲੱਗ ਪਏ ਸਨ।

ਇਸ ਤੋਂ ਇਲਾਵਾ ਗੁਰੂ ਰਾਮਦਾਸ ਲੰਗਰ, ਬੁਰਜ ਜੱਸਾ ਸਿੰਘ ਆਹਲੂਵਾਲੀਆ ਅਤੇ ਮੰਜੀ ਸਾਹਿਬ ਦੀਵਾਨ ਹਾਲ ਆਦਿ ਅਸਥਾਨ ਵੀ ਭਾਰਤੀ ਫੌਜ ਦੀਆਂ ਮਸ਼ੀਨ ਗੰਨਾਂ, ਐਸ. ਐਲ ਆਰਜ਼. ਤੇ ਕਾਰਬਾਈਨਜ਼ ਆਦਿ ਦਾ ਸਿਧਾ ਟਾਰਗੇਟ ਬਣੇ ਹੋਏ ਸਨ ਪਰ ਕੰਪਲੈਕਸ ਦੇ ਇਸ ਪੂਰਬੀ ਭਾਗ ਅੰਦਰ ਸਥਿਤ ਸਮੁੰਦਰੀ ਹਾਲ ਤੇ ਗੁਰੂ ਨਾਨਕ ਨਿਵਾਸ ਆਦਿ ਇਮਾਰਤਾਂ ਨੂੰ ਅਜੇ ਤੱਕ ਭਾਰਤੀ ਫੌਜ ਦੀਆਂ ਮਸ਼ੀਨਗੰਨਾਂ ਤੇ ਤੋਪਾਂ ਆਦਿ ਦਾ ਸਿਧਾ ਤੇ ਮਿਥਿਆ ਹੋਇਆ ਟਾਰਗੇਟ ਉੱਕਾ



ਹੀ ਨਹੀਂ ਸੀ ਬਣਾਇਆ ਹੋਇਆ ਜਿਸ ਕਰਕੇ ਇਨ੍ਹਾਂ ਸਭ ਇਮਾਰਤਾਂ ਦੇ ਮੂੰਹ ਮੱਥੇ ਦੀ ਨੁਹਾਰ ਅਜੇ ਤੱਕ ਬਿਲਕੁਲ ਨਵੀਂ ਨਰੋਈ ਸੀ। ਹਾਂ ਇਨ੍ਹਾਂ ਇਮਾਰਤਾਂ ਦੀਆਂ ਉੱਪਰਲੀਆਂ ਮੰਜ਼ਲਾਂ ਦੇ ਪੂਰਬ ਤੇ ਦੱਖਣ ਵੱਲ ਨੂੰ ਪੈਂਦੇ ਹੋਏ ਕਮਰਿਆਂ ਦੀਆਂ ਉੱਪਰਲੀਆਂ ਛੱਤਾਂ ਨਾਲ ਲਗਦੇ ਰੋਸ਼ਨਦਾਨਾਂ ਤੇ ਜਾਂ ਫਿਰ ਬਾਹਰ ਵੱਲ ਨੂੰ ਪੈਂਦੀਆਂ ਬਾਰੀਆਂ ਚੋਂ ਕਿਸੇ ਇਕ ਅੱਧ ਬੂਹੇ ਬਾਰੀ ਉੱਪਰ ਕਿਸੇ ਕਿਸੇ ਵੇਲੇ ਗੋਲੀਆਂ ਦੀ ਵਿਰਲੀ ਟਾਵੀਂ ਬੁਛਾੜ ਆਪਣਾ ਵਾਰ ਜ਼ਰੂਰ ਕਰ ਜਾਂਦੀ ਸੀ।

ਭਾਵੇਂ ਕੰਪਲੈਕਸ ਦੇ ਪੂਰਬੀ ਭਾਗ ਦੀ ਇਸ ਛੱਤ ਨੂੰ ਫੌਜ ਨੇ ਆਪਣਾ ਸਿਧਾ ਨਿਸ਼ਾਨਾ ਨਹੀਂ ਸੀ ਬਣਾਇਆ ਹੋਇਆ, ਪਰ ਇਸਦੇ ਬਾਵਜੂਦ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਸਬੰਧਤ ਬਾਡੀਗਾਰਡਾਂ, ਯੂਥ ਅਕਾਲੀ ਦਲ ਦੇ ਜਵਾਨਾਂ ਤੇ ਹੋਰ ਧੜਿਆਂ ਟੋਲਿਆਂ ਦੀਆਂ ਸਭ ਜੀਉਂਦੀਆਂ ਜਾਨਾਂ ਆਪਣੇ ਆਪ ਨੂੰ ਭਾਰੀ ਖਤਰੇ ਵਿਚ ਫਸੀਆਂ ਤੇ ਘਿਰੀਆਂ ਹੋਈਆਂ ਮਹਿਸੂਸ ਕਰ ਰਹੀਆਂ ਸਨ ਜਿਸ ਕਰਕੇ ਸੈਂਕੜੇ ਹੀ ਜਵਾਨ ਜਹਾਨ ਵਿਅਕਤੀ ਜਿਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਪੰਥ ਦੀ ਚੜ੍ਹਦੀ ਕਲਾ ਤੇ ਧਰਮ ਦੀ ਰਾਖੀ ਲਈ ਮਰਜੀਵੜਿਆਂ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤਾਂ ਦੇ ਸਨਮੁਖ ਸੌਂਹ ਖਾ ਰੱਖੀ ਸੀ ਅੱਜ ਉਹ ਸਮੁੰਦਰੀ ਹਾਲ ਦੇ ਚੌਹ ਪਾਸਿਆਂ ਤੋਂ ਹੀ ਬੂਹੇ ਬਾਰੀਆਂ ਬੰਦ ਕਰਕੇ ਸੰਤ ਹਰਚੰਦ ਲੌਂਗੋਵਾਲ ਦੀ ਹੀ ਹਾਜ਼ਰੀ ਤੇ ਅਗਵਾਈ ਵਿਚ ਅੰਦਰ ਤੜੇ ਬੈਠੇ ਸਨ।

ਅਸਲ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਸ਼੍ਰੋਮਣੀ ਅਕਾਲੀ ਦਲ, ਯੂਥ ਅਕਾਲੀ ਦਲ ਅਤੇ ਦਲ (ਸ਼੍ਰੋਮਣੀ ਅਕਾਲੀ ਦਲ) ਦੇ ਨਾਲ ਲਗਾਉ ਤੇ ਮੇਲ ਜੋਲ ਰੱਖਣ ਵਾਲੀਆਂ ਜਥੇਬੰਦੀਆਂ ਅਤੇ ਸਬੰਧਤ ਵਿਅਕਤੀਆਂ ਤੇ ਧੜਿਆਂ ਨੂੰ ਗੁਰੂ ਨਾਨਕ ਨਿਵਾਸ ਛੱਡ ਕੇ ਸਮੁੰਦਰੀ ਹਾਲ ਵਿਚ ਆ ਜਾਣ ਤੇ ਜਾਂ ਫਿਰ ਸਰਾਂ ਗੁਰੂ ਦਾਸ ਵਿਚ ਚਲੇ ਜਾਣ ਦੀਆਂ ਹਦਾਇਤਾਂ 3 ਜੂਨ ਵਾਲੇ ਦਿਨ ਹੀ ਦਿੱਤੀਆਂ ਜਾ ਚੁੱਕੀਆਂ ਸਨ ਜਿਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਸਭ ਛੋਟੇ ਵੱਡੇ ਜਥੇਦਾਰ ਤੇ ਵਰਕਰ, ਯੂਥ ਅਕਾਲੀ ਦਲ ਦੇ ਜਵਾਨ, ਲੌਂਗੋਵਾਲ ਸਾਹਿਬ ਦੇ ਆਪਣੇ ਬਾਡੀਗਾਰਡਾਂ ਦਾ ਜਥਾ ਅਤੇ ਬੀਬੀ ਨਿਰਲੇਪ ਕੌਰ ਦੇ ਧੜੇ ਤੇ ਕੁਝ ਹੋਰ ਨਿੱਕੇ ਮੋਟੇ ਗਰੁਪਾਂ ਨਾਲ ਸਬੰਧਤ ਮਾਂਗਵੀ ਧਾੜ ਗੁਰੂ ਨਾਨਕ ਨਿਵਾਸ ਦੇ ਕਮਰਿਆਂ ਵਿਚੋਂ ਹੌਲੀ ਹੌਲੀ ਕਰਕੇ ਝੁੰਡਲਿਆਂ 'ਚੋਂ ਕਿਰਨ-ਮਕਿਰਨੀ ਰੂਪ 'ਚ ਬੜੇ ਅੰਦਾਜ਼ ਨਾਲ ਕਿਰ ਰਹੇ ਦਾਣਿਆਂ ਵਾਂਗ 4 ਜੂਨ ਤੋਂ ਹੀ ਸਮੁੰਦਰੀ ਹਾਲ ਤੇ ਸਰਾਂ ਵੱਲ ਨੂੰ ਖਿਸਕਦੇ ਤੁਰੇ ਜਾ ਰਹੇ ਸਨ।

ਗੁਰੂ ਨਾਨਕ ਨਿਵਾਸ ਛੱਡਣ ਵਾਲੇ ਇਨ੍ਹਾਂ ਸਭ ਵਿਅਕਤੀਆਂ ਦੇ ਚੇਹਰਿਆਂ ਉੱਪਰ ਇਕ ਅਜੀਬ ਜਿਹੀ ਮੁਰਦੇ ਹਾਨ, ਪਲਿੱਤਣ ਤੇ ਸ਼ਰਮਿੰਦਗੀ ਦਾ ਪ੍ਰਭਾਵ ਛਾਇਆ ਹੋਇਆ ਸੀ, ਜਿਸ ਕਰਕੇ ਇਹ ਲੋਕ ਆਪੋ ਆਪਣੇ ਕਮਰੇ ਛੱਡਨ ਤੋਂ ਪਹਿਲਾਂ ਇਸ ਗੱਲ ਦੀ ਵੱਤ ਰਖਦੇ ਹੋਏ ਸਾਫ ਪ੍ਰਤੀਤ ਹੋ ਰਹੇ ਸਨ ਕਿ ਕਿਧਰੇ ਉਹਨਾਂ ਨੂੰ ਕੋਈ ਜੁਝਾਰੂ ਸਿੰਘ ਤਾਂ ਨਹੀਂ ਵੇਖ ਰਿਹਾ?

ਜਦ ਇਹ ਲੋਕ ਆਪੋ ਆਪਣੇ ਖੇਸ ਚਾਦਰੇ ਅਤੇ ਟਰੰਕੀਆਂ ਥੈਲੇ ਹੱਥਾਂ 'ਚ ਫੜੀ ਅਤੇ ਆਪੋ ਆਪਣੀਆਂ ਬੰਦੂਕਾਂ ਰਾਈਫਲਾਂ ਤੇ ਰਾਉਂਦਾ ਦੇ ਬੁਗਚੇ ਮੋਢਿਆਂ ਤੋਂ ਦੀ ਪਲਮਾਈ ਗੁਰੂ ਨਾਨਕ ਨਿਵਾਸ ਦੀ ਦੂਸਰੀ ਤੇ ਤੀਸਰੀ ਮੰਜ਼ਲ ਤੋਂ ਥੱਲੇ ਉਤਰਦੇ ਸਮੇਂ ਰਾਹ ਵਿਚ ਜੁਝਾਰੂ ਸਿਘਾਂ ਨੂੰ ਆਪਣੇ ਉੱਪਰ ਨਜ਼ਰ ਸੁਟਦਿਆਂ ਹੋਇਆਂ ਵੇਖਦੇ ਤਾਂ ਉਸ ਸਮੇਂ ਇਨ੍ਹਾਂ ਦੇ ਮੱਥੇ ਉੱਪਰ ਆਉਣ ਵਾਲੀ ਸ਼ਰਮਿੰਦਗੀ ਦੀ ਤਰੇਲੀ 'ਚੋਂ ਅੰਤ ਦਰਜੇ ਤੱਕ ਦੀ ਢੀਠਤਾਈ ਭਰੀ ਨਜ਼ਰ ਆਪਣੀ ਅੰਦਰਲੀ ਬੇਗੈਰਤੀ ਦਾ ਝਲਕਾਰਾ ਜਿਹਾ ਵਖਾ ਜਾਂਦੀ ਤੇ ਫਿਰ ਇਸਦੇ ਨਾਲ ਹੀ ਲੌਂਗੋਵਾਲ ਸਾਹਿਬ ਦੇ ਇਹ

ਵਫ਼ਾਦਾਰ ਸਿਪਾਹੀ ਇੱਲ ਦੇ ਪਰਛਾਵੇਂ ਵਾਂਗ ਉਡਦੇ ਹੋਏ ਗੁਰੂ ਨਾਨਕ ਨਿਵਾਸ ਦੇ ਇਹਾਤੇ 'ਚੋਂ ਸਮੁੰਦਰੀ ਹਾਲ ਦੇ ਇਹਾਤੇ ਵਿਚ ਜਾ ਦਾਖਲ ਹੁੰਦੇ।

ਪਰ ਇਨ੍ਹਾਂ ਲੋਕਾਂ ਦੇ ਮੁਕਾਬਲੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਬਹੁਤ ਸਾਰੇ ਸੇਵਾਦਾਰਾਂ ਤੇ ਕਰਮਚਾਰੀਆਂ ਦੀ ਮਾਨਸਿਕ ਦਸ਼ਾ ਅੱਜ ਪਹਿਲੀ ਜੂਨ ਦੀ ਸਥਿਤੀ ਨਾਲੋਂ ਬਿਲਕੁਲ ਹੀ ਭਿੰਨ ਦਿਸਦੀ ਸੀ। ਅੱਜ ਤਾਂ ਉਹਨਾਂ ਵੱਲ ਵੇਖਿਆਂ ਇਸਤਰਾਂ ਜਾਪਦਾ ਸੀ ਕਿ ਜਿਵੇਂ ਉਹਨਾਂ ਦੇ ਅੰਦਰੋਂ ਕੋਈ ਸੁੱਤੀ ਹੋਈ ਸ਼ਕਤੀ ਜਾਗ ਪਈ ਹੋਵੇ ਪਰ ਇਸਦੇ ਬਾਵਜੂਦ ਇਨ੍ਹਾਂ ਸੇਵਾਦਾਰਾਂ ਤੇ ਕਰਮਚਾਰੀਆਂ ਵਿਚਕਾਰ ਇਕ ਅਜੀਬ ਜਿਹੀ ਚੁੱਪ ਤੇ ਮਜਬੂਰੀ ਵਰਤੀ ਹੋਈ ਸੀ ਅਤੇ ਉਹ ਆਪਣੇ ਆਪ ਨੂੰ ਕਿਸੇ ਡਾਢੀ ਲਾਚਾਰੀ ਵਿਚ ਫਾਥੇ ਹੋਏ ਮਹਿਸੂਸ ਕਰ ਰਹੇ ਸਨ। ਕਿਉਂਕਿ ਇਨ੍ਹਾਂ 'ਚੋਂ ਕਿਸੇ ਇਕ ਪਾਸ ਵੀ ਕੋਈ ਬਾਰੂਦੀ ਹਥਿਆਰ ਨਹੀਂ ਸੀ ਜਿਸ ਕਰਕੇ ਇਨ੍ਹਾਂ 'ਚੋਂ ਬਹੁਤ ਸਿੱਖ ਭਾਰਤੀ ਫੌਜ ਨਾਲ ਸਿੱਧੀ ਟੱਕਰ ਲੈਣ ਦਾ ਜੋਸ਼ ਤੇ ਜਜ਼ਬਾ ਰਖਦੇ ਹੋਏ ਵੀ ਆਪਣੇ ਆਪ ਨੂੰ ਲਾਚਾਰ ਤੇ ਅਸਮਰਥ ਪਾ ਰਹੇ ਸਨ।

ਐਸੀ ਸਥਿਤੀ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਬਹੁਤ ਸਾਰੇ ਸੇਵਾਦਾਰ ਤੇ ਕਰਮਚਾਰੀ ਆਪੋ ਆਪਣੀ ਥਾਵਾਂ ਉੱਪਰ ਬੈਠੇ ਖਲੋਤੇ ਹੋਏ ਬਿਨਾ ਕਿਸੇ ਝਿਜਕ ਤੋਂ ਖੁਲ੍ਹੇ ਆਮ ਇਹ ਗੱਲਾਂ ਕਰਦੇ ਹੋਏ ਸੁਣਾਈ ਦੇ ਰਹੇ ਸਨ ਕਿ 'ਜੇ ਸੰਤ ਲੌਂਗੋਵਾਲ ਤੇ ਟੌਹੜਾ ਸਾਹਿਬ ਨੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਇਹ ਗੱਲ ਮੰਨੀ ਹੁੰਦੀ ਕਿ ਪੰਥ ਨੂੰ ਗਾਂਧੀਵਾਦੀ ਰਾਹ ਤੋਂ ਪਾਸੇ ਕਰਕੇ ਇਸਦੇ ਹੱਥ ਵਿਚ ਮੰਗਾਂ ਦਾ ਠੂਠਾ ਫੜਾ ਕੇ ਨਾ ਆਪ ਖੱਜਲ ਖੁਆਰ ਹੋਵੇ ਤੇ ਨਾ ਹੀ ਸਿਖ ਕੌਮ ਨੂੰ ਹਨੇਰੀ ਸੁਰੰਗ ਵੱਲ ਧੱਕੇ ਤਾਂ ਅੱਜ ਹਾਲਾਤ ਕੁਝ ਹੋਰ ਹੀ ਹੁੰਦੇ।' ਇਨ੍ਹਾਂ ਕਰਮਚਾਰੀਆਂ ਦੇ ਕਥਨ ਅਨੁਸਾਰ ਸੰਤ ਭਿੰਡਰਾਂਵਾਲਿਆਂ ਦਾ ਇਹ ਵਿਚਾਰ ਬਿਲਕੁਲ ਠੀਕ ਸੀ ਕਿ ਸਿੱਖ ਕੌਮ ਨੇ ਭਾਰਤ ਸਰਕਾਰ ਤੇ ਟੋਪੀ ਵਾਲਿਆਂ ਦੀਆਂ ਸਭ ਧਾਰਮਕ ਸਿਆਸੀ ਜਥੇਬੰਦੀਆਂ ਅਤੇ ਇਨ੍ਹਾਂ ਦੇ ਆਗੂਆਂ ਨੂੰ ਪਿਛਲੇ ਸੈਂਤੀਆਂ ਸਾਲਾਂ ਵਿਚ ਬਥੇਰਾ ਆਜ਼ਮਾ ਲਿਆ ਹੈ ਹੁਣ ਇਨ੍ਹਾਂ ਨੂੰ ਹੋਰ ਆਜ਼ਮਾਉਣ ਤੇ ਪਰਖਣ ਦੀ ਕੋਈ ਲੋੜ ਨਹੀਂ। ਇਸ ਵਾਸਤੇ ਹੁਣ ਤਾਂ ਕੋਈ ਦੋ ਟੁੱਕ ਫੈਸਲਾ ਕਰਕੇ ਤੇ ਠੋਸ ਨੀਤੀ ਧਾਰਨ ਕਰਕੇ ਕੌਮ ਸਾਹਮਣੇ ਸਿੱਧਾ ਰਾਹ ਤੇ ਸਪਸ਼ਟ ਨਿਸ਼ਾਨਾ ਮਿਥਣ ਦੀ ਲੋੜ ਹੈ ਅਤੇ ਇਸ ਗੱਲ ਦਾ ਐਲਾਨ ਜ਼ਰੂਰੀ ਹੈ ਕਿ ਹਿੰਦੂ ਰਾਜ ਤੇ ਹਿੰਦੂ ਸਾਮਰਾਜ ਸਿੱਖਾਂ ਦਾ ਅਸਲ ਦੁਸ਼ਮਨ ਹੈ, ਭਾਵੇਂ ਉਹ ਕਾਂਗਰਸ ਦੇ ਰੂਪ ਵਿਚ ਹੋਵੇ ਤੇ ਭਾਵੇਂ ਭਾਰਤੀਆ ਜੰਤਾ ਪਾਰਟੀ ਦੇ ਰੂਪ ਵਿਚ ਜਾਂ ਕਿਸੇ ਹੋਰ ਰੂਪ ਵਿਚ ਹੋਵੇ। ਇਹ ਕਰਮਚਾਰੀ ਇਸ ਵਿਚਾਰ ਨੂੰ ਵਜ ਗਜ ਕੇ ਪੇਸ਼ ਕਰ ਰਹੇ ਸਨ ਕਿ ਜੇ ਇਨ੍ਹਾਂ ਪੰਥਕ ਅਰਥਾਤ ਅਕਾਲੀ ਆਗੂਆਂ ਨੇ ਸਾਫ ਮਨ ਨਾਲ ਕੋਈ ਪੰਥਕ ਨੀਤੀ ਨਸ਼ਾਨਾ ਮਿਥਿਆ ਤੇ ਧਾਰਨ ਕੀਤਾ ਹੋਇਆ ਹੁੰਦਾ ਤੇ ਇਸਦੇ ਨਾਲ ਨਾਲ ਮਾਨਸਿਕ ਪੱਖੋਂ ਬਲਵਾਨ ਤੇ ਦ੍ਰਿੜ ਹੋਣ ਦਾ ਸਬੂਤ ਦਿੱਤਾ ਹੁੰਦਾ ਤਾਂ ਅੱਜ ਸਰਕਾਰ ਨੂੰ ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਤੋਪਾਂ ਤੇ ਮਸ਼ੀਨਗੰਨਾਂ ਦੇ ਮੂੰਹ ਕਰਨ ਤੇ ਖੋਹਲਣ ਦੀ ਜੁੱਰਅਤ ਨਹੀਂ ਸੀ ਪੈ ਸਕਦੀ। ਪਰ ਜੇ ਇਹ ਅਜੇ ਵੀ ਭਾਰਤ ਸਰਕਾਰ ਤੇ ਹਿੰਦੂਆਂ ਦੀ ਪੰਥ ਦੁਸ਼ਮਨੀ ਤੇ ਇਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਨੂੰ ਅੱਖੀਂ ਵੇਖਦੇ ਹੋਏ ਸਿੱਖਾਂ ਨੂੰ ਖਾਲਿਸਤਾਨ ਦਾ ਨਾਅਰਾ ਨਹੀਂ ਦੇਂਦੇ ਤਾਂ ਫਿਰ ਇਨ੍ਹਾਂ ਤੋਂ ਵੱਡਾ ਗੱਦਾਰ ਤੇ ਪੰਥ ਦਾ ਗ਼ਦਾਰ ਹੋਰ ਕੌਣ ਹੋ ਸਕਦਾ ਹੈ?

ਆਏ ਦਿਨ ਸਟੇਜਾਂ ਉੱਤੇ ਬੜ੍ਹਕਾਂ ਮਾਰਨ ਵਾਲੇ ਅਤੇ ਪੰਥ ਦੇ ਨਾ ਉੱਪਰ ਵੱਡੀ ਪੱਧਰ 'ਤੇ ਮਾਨ ਸਤਿਕਾਰ ਪਾਉਣ ਵਾਲੇ ਅਤੇ ਪੰਥ ਦੇ ਸਿਰ ਸਦਕਾ ਲੱਖਾਂ ਕਰੋੜਾਂ ਦੀ ਦੌਲਤ ਵਿਚ ਖੇਡਨ ਵਾਲੇ



ਇਨ੍ਹਾਂ ਲੋਕਾਂ ਦੀ ਜ਼ਮੀਰ ਤਾਂ ਮੁਸਰੀ ਵਾਂਗ ਬਿਲਕੁਲ ਸੌਂ ਗਈ ਲਗਦੀ ਆ। ਹੁਣ ਕਿੱਦਾਂ ਪ੍ਰਧਾਨਗੀ ਕਮਰੇ ਵਿਚ ਅੰਦਰ ਤੜੇ ਬੈਠੇ ਨੇ। ਇਨ੍ਹਾਂ ਨੂੰ ਏਨੀ ਵੀ ਸ਼ਰਮ ਨਹੀਂ ਕਿ ਗੁਰੂ ਘਰ ਉੱਪਰ ਵਰਤ ਰਹੇ ਕਹਿਰ ਨੂੰ ਵੇਖਕੇ ਘੱਟੋ ਘੱਟ ਸਾਨੂੰ ਈ ਕੋਈ ਪ੍ਰੋਗਰਾਮ ਤੇ ਥੋਹੜੇ ਬਹੁਤੇ ਸਾਧਨ ਵਸੀਲੇ ਦੇ ਦੇਣ। ਜੇ ਕਿਧਰੇ ਇਨ੍ਹਾਂ ਨੇ ਪਹਿਲੀ ਜੂਨ ਵਾਲੇ ਦਿਨ ਤੋਂ ਹੀ ਸ਼੍ਰੋਮਣੀ ਕਮੇਟੀ ਦੇ ਅਸਲੇਖਾਨੇ ਦੀਆਂ ਰਫਲਾਂ ਤੇ ਰੌਂਦ ਸਾਡੇ ਹੱਥਾਂ 'ਚ ਦਿੱਤੇ ਹੁੰਦੇ ਤਾਂ ਅੱਜ ਅਸੀਂ ਐਵੇਂ ਘਤੀਮਾਂ ਵਾਂਗੂ ਕੰਧੀਂ ਥਰ੍ਹੀਂ ਤੇ ਨਾ ਲਗਦੇ ਫਿਰਦੇ? ਸਗੋਂ ਅਸੀਂ ਵੀ ਅੱਜ ਭਿੰਡਰਾਂਵਾਲੇ ਜਥੇ ਦੇ ਸਿੰਘਾਂ ਦੀ ਤਰ੍ਹਾਂ ਦੁਸ਼ਟਾਂ ਦੇ ਟਾਕਰੇ ਵਿਚ ਮੋਰਚੇ ਬਣਾ ਕੇ ਡਟੇ ਹੋਏ ਹੁੰਦੇ। ਪਰ ਇਨ੍ਹਾਂ ਨੂੰ ਕੀ ਲੱਗੇ ਇਨ੍ਹਾਂ ਗੱਲਾਂ ਨਾਲ, ਇਨ੍ਹਾਂ ਦੇ ਸਾਹਮਣੇ ਤਾਂ ਸਿਰਫ ਦੋ ਗੱਲਾਂ ਨੇ ਕਿ 'ਕਾੜ੍ਹੀ ਬਚਾਓ ਤੇ ਚੱਮਚੀਆਂ ਹਲਾਓ।' ਜੇ ਇਹ ਆਗੂ ਜੇਹਲ 'ਚ ਵੀ ਜਾਂਦੇ ਰਹੇ ਨੇ ਤਾਂ ਅਸੀਂ ਇਨ੍ਹਾਂ ਨੂੰ ਉੱਥੇ ਵੀ ਅਨੰਦ ਮੰਗੇਲਾਚਾਰ ਕਰਦਿਆਂ ਤੇ ਗੁਲਸ਼ਰੇ ਉਡਾਂਦਿਆਂ ਹੀ ਵੇਖਦੇ ਰਹੇ ਹਾਂ ਜਦੋਂ ਇਹ ਜੇਹਲਾਂ ਤੋਂ ਬਾਹਰ ਆਉਂਦੇ ਰਹੇ ਨੇ ਤਾਂ ਫਿਰ ਆਉਂਦਿਆਂ ਹੀ ਦੌਲਤਾਂ 'ਚ ਖੇਡਦੇ ਰਹੇ ਨੇ ਤੇ ਚੌਧਰਾਂ ਕੁਰਸੀਆਂ ਭੋਗਦੇ ਰਹੇ ਨੇ। ਇਸ ਕਰਕੇ ਧਰਮ ਕਰਮ ਦੀ ਰਾਖੀ ਪੰਥ ਦੀ ਚੜ੍ਹਦੀ ਕਲਾ ਤੇ ਇਜ਼ਤ ਗੈਰਤ ਨਾਲ ਇਨ੍ਹਾਂ ਨੂੰ ਕੀ ਲੱਗੇ।

ਮੀਸਨੇ ਤੇ ਚਕਮੇਬਾਜ਼ ਏਨੇ ਨੇ ਕਿ ਇਨ੍ਹਾਂ ਪਿਉਦਿਆਂ ਪੁੱਤਾਂ ਨੇ ਅੱਜ ਤੱਕ ਕਿਸੇ ਨੂੰ ਇਹ ਨਹੀਂ ਪਤਾ ਲਗਣ ਦਿੱਤਾ ਕਿ ਅਸਲ ਵਿਚ ਇਹ ਸ਼ੈ ਕੀ ਨੇ? ਅੱਜ ਬਿਆਨ ਕੁਝ ਹੁੰਦਾ ਭਲਕੇ ਕੁਝ ਹੋਰ ਹੁੰਦਾ, ਪਰਸੋਂ ਕੁਝ ਹੋਰ ਹੁੰਦਾ। ਪਰ ਪੰਥ ਅੰਦਰ ਇਹ ਲੋਕ ਫਿਰ ਪਰਵਾਨ ਦੇ ਪਰਵਾਨ ਈ ਰਹਿੰਦੇ ਨੇ। ਆਪਣਾ ਅਸਲ ਰੂਪ ਤਾਂ ਪੰਥ ਅੰਦਰ ਜ਼ਾਹਰ ਹੋਣ ਈ ਨਹੀਂ ਦੇਂਦੇ। ਹੋਰ ਜੇ ਅੱਜ ਇਨ੍ਹਾਂ ਦਾ ਅਮਲਾ ਤੇ ਖਾਸਾ ਸਾਡੇ ਸਾਹਮਣੇ ਨੰਗਾ ਹੋਣ ਲਗਾ ਹੋਇਆ ਤਾਂ ਇਹ ਸਮੇਂ ਤੇ ਹਾਲਾਤ ਕਰਕੇ ਨੰਗਾ ਹੋਣ ਲਗਾ। ਕਿਸੇ ਦੇ ਨੰਗਿਆਂ ਕੀਤਿਆਂ ਤਾਂ ਇਨ੍ਹਾਂ ਦਾ ਅਸਲਾ ਜ਼ਾਹਰ ਨਹੀਂ ਸੀ ਹੋਣ ਲੱਗਾ। ਪਰ ਇਨ੍ਹਾਂ ਦਾ ਅਜੇ ਵੀ ਕੋਈ ਪਤਾ ਨਹੀਂ ਕਿ ਏਡਾ ਵੱਡਾ ਗੱਦੀਪੁਣਾ ਵਖਾਉਣ ਦੇ ਬਾਵਜੂਦ ਇਨ੍ਹਾਂ ਨੇ ਪੰਥ ਅੰਦਰ ਕੱਲ ਨੂੰ ਫੇਰ ਕਿਹੜਾ ਨਵਾਂ ਪੈਂਤੜਾ ਲੈ ਜਾਣਾ। ਕਿੱਦਾਂ ਸਟੇਜਾਂ 'ਤੇ ਬੜ੍ਹਕਾਂ ਮਾਰਦੇ ਹੁੰਦੇ ਸੀ ਇਟ ਨਾ ਇਟ ਖੜਕਾ ਦਿਆਂਗੇ, ਦਿੱਲੀ ਦੀ ਬਿੱਲੀ ਬਣਾ ਦਿਆਂਗੇ ਤੇ ਉਹਦੀ ਕਿੱਲੀ ਭੰਨ ਦਿਆਂਗੇ, ਲੋਹੇ ਦੇ ਚਣੇ ਚਬਾ ਦਿਆਂਗੇ, ਜੇਹੜਾ ਇਧਰ ਉਂਗਲ ਕਰੂ ਉਹਦਾ ਗੁੱਟ ਈ ਲਾਹ ਦਿਆਂਗੇ ਤੇ ਜੇਹੜਾ ਕੈਰੀ ਅਖ ਨਾਲ ਵੇਖੇ ਉਹਦੀ ਅੱਖ ਕੱਢ ਦਿਆਂਗੇ।' ਦਮਗਜੇ ਮਾਰਨ ਲੱਗਿਆਂ ਕਿੱਦਾਂ ਧਰਤੀ ਆਕਾਸ਼ ਸਿਰ 'ਤੇ ਚੁੱਕਿਆ ਹੁੰਦਾ ਸੀ। ਪਰ ਅੱਜ ਇਹ ਕਿਧਰੇ ਕੰਨ 'ਚ ਪਾਇਆਂ ਨਹੀਂ ਦੁਖਦੇ। ਕਿੱਦਾਂ ਭਿੱਜੀ ਬਿੱਲੀ ਬਣਕੇ ਅੱਜ ਆਪ ਪ੍ਰਧਾਨਗੀ ਕਮਰੇ 'ਚ ਸਹਿਮੇ ਬੈਠੇ ਨੇ, ਹੁਣ ਖਵਰੇ ਇਹ ਦੋਵੇਂ ਪ੍ਰਧਾਨ ਪ੍ਰਧਾਨਗੀ ਕਮਰੇ 'ਚ ਤੜ ਕੇ ਜੰਗ ਹਿੰਦ ਪੰਜਾਬ ਦੇ ਵਾਸਤੇ ਕੋਈ ਨਵੀਂ ਤਿਆਰੀ ਕਰਨ ਡਹੇ ਹੋਏ ਨੇ?

ਇਹਨਾਂ ਦੀਆਂ ਸ਼ਕਲਾਂ ਵਲ ਵੇਖਿਆਂ ਤਾਂ ਅੱਜ ਇਸਤਰਾਂ ਲਗਦਾ ਜਿਵੇਂ ਇਨ੍ਹਾਂ ਦੀਆਂ ਜ਼ਮੀਰਾਂ ਤੇ ਜ਼ਬਾਨਾਂ ਮੂਲ ਹੀ ਖੁਰਚੀਆਂ ਤੇ ਵੱਢੀਆਂ ਗਈਆਂ ਹੁੰਦੀਆਂ। ਭੜਵੇ, ਜੇ ਆਪ ਕੁਝ ਨਹੀਂ ਕਰ ਸਕਦੇ ਤਾਂ ਘੱਟੋ ਘੱਟ ਉਹ ਰਫਲਾਂ ਤੇ ਰੌਂਦ ਜਿਨ੍ਹਾਂ ਨੂੰ ਕਮਰਿਆਂ ਅੰਦਰ ਜੰਗਾਲ ਖਾਣ ਲਗਾ ਹੋਇਆ ਸਾਨੂੰ ਈ ਦੇ ਦੇਣ ਤੇ ਸਰਾਂ ਵਿਚ ਸੈਂਕੜੇ ਨੌਜਵਾਨ ਹਥਿਆਰਾਂ ਲਈ ਝਈਆਂ ਲੈਂਦੇ ਫਿਰਦੇ ਨੇ ਉਹਨਾਂ 'ਚ ਈ ਵੰਡ ਦੇਣ। ਭਲਕੇ ਨੂੰ ਕੋਈ ਇਹ ਤਾਂ ਨਾ ਕਹੇਗਾ ਕਿ ਦੁਸ਼ਟਾਂ ਹੱਥੋਂ ਐਵੇਂ ਨਿਹੱਥੇ ਮਾਰੇ ਗਏ ਸਾਂ ਤੇ ਜਾਂ ਉਹਨਾਂ ਅੱਗੇ ਭੇਡਾਂ ਬਕਰੀਆਂ ਵਾਂਗੂ ਮੈਂ ਮੈਂ ਕਰਦੇ ਹੋਏ ਅੱਗੇ ਲੱਗ ਕੇ ਤੁਰ ਪਏ ਸਾਂ। ਹੋਰ ਕੁਝ ਨਹੀਂ ਤਾਂ ਮਰਨ ਲੱਗਿਆਂ ਇਸ ਗਲੋਂ ਤਾਂ ਮਨ ਖੁਸ਼ ਰਹੂ ਨਾ ਕਿ ਧਰਮ ਕਰਮ ਦੀ ਰਾਖੀ ਤੇ ਗੁਰੂ ਘਰ ਦੀ ਪਵਿੱਤਰਾ ਨੂੰ ਕਾਇਮ ਰਖਣ ਦੀ ਖਾਤਰ ਦੁਸ਼ਟਾਂ ਪਾਪੀਆਂ ਦੀਆਂ ਫੌਜਾਂ ਦੇ

ਮੁਕਾਬਲੇ ਜੂਝਦੇ ਹੋਏ ਤੇ ਉਹਨਾਂ ਦੇ ਲੰਗਾਰ ਲਾਹੁੰਦੇ ਹੋਏ ਸ਼ਹੀਦੀਆਂ ਪਾ ਗਏ ਸਨ।

ਸ਼੍ਰੋਮਣੀ ਕਮੇਟੀ ਦੇ ਬਹੁਤ ਸਾਰੇ ਸੇਵਾਦਾਰਾਂ ਤੇ ਕਰਮਚਾਰੀਆਂ ਦੇ ਬੋਲਾਂ, ਜਜ਼ਬਾਤ ਤੇ ਉਹਨਾਂ ਦੀਆਂ ਭਾਵਨਾਵਾਂ ਤੋਂ ਇਸਤਰਾਂ ਜ਼ਾਹਰ ਹੁੰਦਾ ਸੀ ਕਿ ਜਿਵੇਂ ਉਹ ਮਨੋਂ ਤਨੋਂ ਭਾਰਤ ਸਰਕਾਰ ਦੀਆਂ ਫੌਜਾਂ ਨਾਲ ਟੱਕਰ ਲੈਣ ਲਈ ਤਿਆਰ ਬਰ ਤਿਆਰ ਹੁੰਦੇ ਹਨ ਅਤੇ ਉਹ ਇਸ ਗੱਲ ਨੂੰ ਮਹਿਸੂਸ ਕਰ ਰਹੇ ਹੁੰਦੇ ਹਨ ਕਿ ਦੁਸ਼ਮਨਾਂ ਅੱਗੇ ਭੇਡਾਂ ਬਕਰੀਆਂ ਦੀ ਤਰਾਂ ਅੱਗੇ ਲੱਗ ਕੇ ਤੁਰਨ ਨਾਲੋਂ ਰਣ-ਤੱਤੇ ਵਿਚ ਜੂਝਦਿਆਂ ਹੋਇਆਂ ਸ਼ਹੀਦੀਆਂ ਪਾਣੀਆਂ ਕਿਤੇ ਚੰਗੀ ਗੱਲ ਹੈ। ਉਹਨਾਂ ਦੀਆਂ ਗੱਲਾਂ ਬਾਤਾਂ ਤੇ ਉਹਨਾਂ ਦੇ ਵਿਚਾਰਾਂ ਤੋਂ ਇਹ ਵੀ ਸਪਸ਼ਟ ਹੋ ਰਿਹਾ ਸੀ ਕਿ ਜਿਵੇਂ ਉਹ ਇਸ ਗੱਲ ਨੂੰ ਸਮਝ ਰਹੇ ਹੁੰਦੇ ਹਨ ਕਿ ਸਿੱਖ ਕੌਮ ਦਾ ਹੁਣ ਖਾਲਿਸਤਾਨ ਤੋਂ ਬਿਨਾ ਬਿਲਕੁਲ ਹੀ ਗੁਜ਼ਾਰਾ ਨਹੀਂ ਹੋਣਾ।

ਸਰਾਂ ਗੁਰੂ ਰਾਮਦਾਸ ਦੇ ਅੰਦਰ ਵੀ ਸੰਗਤਾਂ ਵਿਚ ਜੋ ਆਮ ਵਿਚਾਰ ਚੱਲ ਰਹੇ ਸਨ ਉਹ ਵੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੋਚ ਤੇ ਨੀਤੀ ਅਤੇ ਖਾਲਿਸਤਾਨ ਦੇ ਨਜ਼ਰੀਏ ਦੇ ਹੱਕ ਵਿਚ ਹੀ ਚੱਲ ਰਹੇ ਸਨ।

ਗੁਰੂ ਰਾਮਦਾਸ ਸਰਾਂ ਵਿਚ ਸਭ ਮੰਜ਼ਲਾਂ ਦੇ ਅੰਦਰ ਬਾਹਰ ਅਰਥਾਤ ਕਮਰਿਆਂ ਤੇ ਬਰਾਮਦਿਆਂ ਵਿਚ ਹਜ਼ਾਰਾਂ ਦੀ ਗਿਣਤੀ 'ਚ ਬੈਠੀਆਂ ਖਲੋਤੀਆਂ ਹੋਈਆਂ ਸੰਗਤਾਂ ਨੂੰ ਜਿਨਾਂ ਵਿਚ ਧਰਮ ਯੁੱਧ ਮੋਰਚੇ ਹਿਤ ਗ੍ਰਿਫਤਾਰੀ ਦੇਣ ਲਈ ਆਏ ਹੋਏ ਜਥਿਆਂ ਦੇ ਭਾਰੀ ਗਿਣਤੀ 'ਚ ਸਿੰਘ ਸਿੰਘਣੀਆਂ ਸ਼ਾਮਲ ਸਨ, ਇਹ ਗੱਲ ਸਾਹਮਣੇ ਨਜ਼ਰੀਂ ਆ ਰਹੀ ਸੀ ਕਿ ਇਸ ਸਮੇਂ ਜੋ ਫੌਜ ਦੀ ਗੋਲਾ ਬਾਰੀ ਤੇ ਫਾਇਰਿੰਗ ਦਾ ਮੁਕਾਬਲਾ ਕਰ ਰਹੇ ਹਨ ਉਹ ਸਿਰਫ ਭਿੰਡਰਾਂਵਾਲੇ ਤੇ ਜਾਂ ਫਿਰ ਗੁਰੂ ਰਾਮਦਾਸ ਲੰਗਰ ਤੇ ਪਰਕਰਮਾ ਵੱਲ ਦੇ ਮੋਰਚਿਆਂ ਵਿਚ ਬੈਠੇ ਫੈਡਰੇਸ਼ਨ ਦੇ ਸਿੰਘ ਹੀ ਹਨ।

ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਅੱਖੀਂ ਵੇਖਿਆ ਸੀ ਕਿ ਬੁਰਜ ਜੱਸਾ ਸਿੰਘ ਆਹਲੂਵਾਲੀਆ, ਗੁਰੂ ਰਾਮਦਾਸ ਲੰਗਰ, ਪਰਕਰਮਾ ਦੀਆਂ ਉੱਤਰੀ ਤੇ ਦੱਖਣੀ ਦਰਸ਼ਨੀ ਡਿਓੜੀਆਂ ਨਾਲ ਲਗਦੀਆਂ ਉੱਚੀਆਂ ਇਮਾਰਤਾਂ ਤੇ ਸ੍ਰੀ ਅਕਾਲ ਤਖਤ ਸਾਹਿਬ ਵੱਲ ਦੇ ਮੋਰਚਿਆਂ ਨੇ ਤਾਂ ਸਵੇਰੇ 10 ਵਜੇ ਤੋਂ ਪਹਿਲਾਂ ਪਹਿਲਾਂ ਹੀ ਫੌਜ ਦੇ ਬਹੁਤ ਸਾਰੇ ਮੋਰਚੇ ਭੰਨ ਸੁੱਟ ਤੇ ਠੰਡੇ ਕਰ ਦਿੱਤੇ ਸਨ। ਜਿਸ ਕਰਕੇ ਇਨ੍ਹਾਂ ਮੋਰਚਿਆਂ ਦੇ ਆਸ ਪਾਸ ਨਵੀਆਂ ਪੁਜ਼ੀਸ਼ਨਾਂ ਮੱਲੀ ਬੈਠੇ ਫੌਜੀਆਂ ਦੇ ਨਿਸ਼ਾਨੇ ਹੁਣ ਮਿਥੇ ਹੋਏ ਟਾਰਗੇਟਾਂ ਨਿਸ਼ਾਨਿਆਂ ਉੱਪਰ ਮਾਰ ਕਰਨ ਤੋਂ ਅਸਮਰਥ ਸਨ।

ਸ਼ੁਰੂ ਸ਼ੁਰੂ ਵਿਚ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਅਤੇ ਸਿੰਘਾਂ ਦੇ ਕੁਝ ਹੋਰ ਖਾਸ ਖਾਸ ਮੋਰਚਿਆਂ ਉੱਤੇ ਜੋ ਬਹੁਤੀ ਗੋਲਾ ਬਾਰੀ ਕੀਤੀ ਜਾ ਰਹੀ ਤੇ ਅੱਗ ਵਰ੍ਹਾਈ ਜਾ ਰਹੀ ਸੀ ਉਹ ਜਲਿਆਂਵਾਲੇ ਬਾਗ ਅਤੇ ਉੱਤਰ ਤੇ ਉੱਤਰ ਪਛੱਮ ਵਾਲੇ ਪਾਸੇ ਦੀਆਂ ਇਮਾਰਤਾਂ ਉਪਰਲੇ ਮੋਰਚਿਆਂ ਤੋਂ ਵਰ੍ਹਾਈ ਜਾ ਰਹੀ ਸੀ।

ਉਸ ਸਮੇਂ ਫੌਜ ਦੀਆਂ ਤੋਪਾਂ ਦੇ ਮੁਕਾਬਲੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਿਰਫ ਅੱਠ ਹੀ ਰਾਕਟ ਲਾਂਚਰ ਸਨ, ਜਿਨਾਂ ਦੀ ਵਰਤੋਂ ਕਰਕੇ ਫੌਜ ਦੇ ਵੱਡੇ ਮੋਰਚਿਆਂ ਉਪਰ ਜਵਾਬੀ ਵਾਰ ਕੀਤਾ ਜਾ ਸਕਦਾ ਸੀ।

ਜਦ ਸਿੰਘਾਂ ਨੇ ਇਸ ਗੱਲ ਦੀ ਪੂਰੀ ਤਰ੍ਹਾਂ ਨਾਲ ਟੋਹ ਲਗਾ ਲਈ ਕਿ ਸ੍ਰੀ ਅਕਾਲ ਤਖਤ ਸਾਹਿਬ ਤੇ ਕੁਝ ਹੋਰ ਵੱਡੇ ਮੋਰਚਿਆਂ ਉੱਪਰ ਬਹੁਤੇ ਤੋਪ ਗੋਲੇ ਕਿਸ ਕਿਸ ਥਾਂ ਤੋਂ ਵਰ੍ਹਾਏ ਜਾ ਰਹੇ ਹਨ ਤਾਂ



ਸ੍ਰ: ਰਾਮ ਸਿੰਘ ਨੇ ਸ਼ੁਰੂ ਵਿਚ ਸਿਰਫ ਦੋਂਹ ਰਾਕਟ ਲਾਂਚਰਾਂ ਦੀ ਵਰਤੋਂ ਕਰਕੇ ਮਿਲਟਰੀ ਦੇ ਉਹ ਦੋਹਵੇਂ ਹੀ ਵੱਡੇ ਤੋਪੀ ਮੋਰਚੇ ਠੰਡੇ ਕਰ ਦਿੱਤੇ ਜਿਨਾਂ 'ਚੋਂ ਪੈ-ਦਰਪੈ ਰੂਪ ਵਿਚ ਸ਼ੈਲਿੰਗ ਆ ਰਹੀ ਸੀ ਜਿਸ ਕਰਕੇ ਫੌਜ ਦੇ ਇਹ ਦੋਹਵੇਂ ਵੱਡੇ ਮੋਰਚੇ ਤਬਾਹ ਹੋ ਜਾਣ ਪਿਛੋਂ ਸਾਰਾ ਦਿਨ ਹੀ ਖਾਮੋਸ਼ ਰਹੇ, ਪਰ ਇਨ੍ਹਾਂ ਮੋਰਚਿਆਂ ਦੇ ਆਸ ਪਾਸ ਤੋਂ ਮਸ਼ੀਨ ਗੰਨਾਂ ਦੀ ਫਾਇਰਿੰਗ ਆਉਂਦੀ ਹੀ ਰਹੀ।

ਇਸੇ ਤਰ੍ਹਾਂ ਸਿੰਘਾਂ ਨੇ ਆਪਣੇ ਦੂਸਰੇ ਮੋਰਚਿਆਂ ਤੋਂ ਵੀ ਫੌਜ ਨੂੰ ਭਾਰੀ ਨੁਕਸਾਨ ਪਹੁੰਚਾਇਆ ਜਿਸਦੇ ਸਿੱਟੇ ਵਜੋਂ ਕੋਈ ਵੀ ਮਿਲਟਰੀ ਵਾਲਾ ਹੁਣ ਆਪਣੇ ਮੋਰਚਿਆਂ 'ਚੋਂ ਪਹਿਲਾਂ ਵਾਂਗ ਆਪਣੀਆਂ ਮੁੰਡੀਆਂ ਅਰਥਾਤ ਸਿਰੀਆਂ ਬਾਹਰ ਕੱਢਣ ਦੀ ਦਲੇਰੀ ਕਰਦਾ ਹੋਇਆ ਦਿਖਾਈ ਨਹੀਂ ਸੀ ਦੇ ਰਿਹਾ। ਜਿਸ ਕਰਕੇ ਹੁਣ ਫੌਜ ਵਲੋਂ ਆਪਣੇ ਮੋਰਚਿਆਂ 'ਚੋਂ ਲੁਕ ਛਿਪ ਕੇ ਹੀ ਕੰਪਲੈਕਸ ਉੱਪਰ ਅੰਨੇ ਵਾਹ ਫਾਇਰਿੰਗ ਕੀਤੀ ਜਾ ਰਹੀ ਸੀ।

ਸਿੰਘਾਂ ਅਤੇ ਫੌਜ ਦੇ ਵਿਚਕਾਰ ਸਾਰਾ ਦਿਨ ਆਹਮੋ ਸਾਹਮਣੇ ਰੂਪ ਵਿਚ ਜੋ ਜ਼ਬਰਦਸਤ ਮੁਕਾਬਲਾ ਹੁੰਦਾ ਰਿਹਾ ਉਸ ਦੌਰਾਨ ਕੰਪਲੈਕਸ ਅੰਦਰ ਜੋ ਇਕ ਖਾਸ ਉਤਸ਼ਾਹ-ਜਨਕ ਗੱਲ ਵੇਖਣ ਵਿਚ ਆ ਰਹੀ ਸੀ ਉਹ ਇਹ ਸੀ ਕਿ ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨ ਕੰਪਲੈਕਸ ਅੰਦਰ ਚੁਫੇਰੇ ਹੀ ਵਰ੍ਹਦੀ ਹੋਈ ਬਾਰੂਦੀ ਅੱਗ ਵਿਚੋਂ ਹੀ ਬਾਰ ਬਾਰ ਗੁਜ਼ਰ ਕੇ ਆਪੋ ਆਪਣੇ ਮੋਰਚਿਆਂ ਦੀ ਕਾਰ ਕਰਦਗੀ ਬਾਰੇ ਸਮੇਂ ਸਮੇਂ ਨਾਲ ਸੰਤਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਾਲੋ ਨਾਲ ਜਾਣਕਾਰੀ ਦੇਂਦੇ ਰਹੇ ਸਨ।

ਅਮਰਜੀਤ ਸਿੰਘ ਖੇਮਕਰਨ, ਭਾਈ ਸ਼ਾਮ ਸਿੰਘ, ਜੋਗਿੰਦਰ ਸਿੰਘ ਰੋਡੇ, ਸਤਿੰਦਰਜੀਤ ਸਿੰਘ ਪੀ ਟੀ, ਭਾਈ ਦਲਬੀਰ ਸਿੰਘ, ਸ੍ਰ: ਗੁਰਨਾਮ ਸਿੰਘ ਰੋਡੇ (ਫੌਜੀ ਸਿੰਘ) ਅਤੇ ਗੁਰੂ ਰਾਮਦਾਸ ਲੰਗਰ ਵਾਲੇ ਪਾਸਿਓਂ ਬਾਬਾ ਠਾਹਰਾ ਸਿੰਘ ਤੇ ਜਥੇਦਾਰ ਰਾਮ ਸਿੰਘ ਆਦਿ, ਸਿੰਘਾਂ ਦੇ ਮੋਰਚਿਆਂ ਨੇ ਫੌਜ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ।

ਸ਼ਾਮ ਦੇ 4 ਵਜੇ ਤੋਂ ਪਿਛੋਂ ਤਾਂ ਫੌਜੀ ਮੋਰਚਿਆਂ ਵਲੋਂ ਗੋਲੀ ਰੁਕ ਰੁਕ ਕੇ ਹੀ ਆ ਰਹੀ ਸੀ ਤੇ ਲਗਪਗ 5 ਵਜੇ ਤੋਂ ਕੁਝ ਚਿਰ ਬਾਅਦ ਤਾਂ ਕੁਝ ਚਿਰ ਲਈ ਫਾਇਰਿੰਗ ਬਿਲਕੁਲ ਹੀ ਬੰਦ ਹੋ ਗਈ ਸੀ।

ਜਦ ਫਾਇਰਿੰਗ ਦੀ ਠਾਹ ਠਾਹ ਕੁਝ ਸਮੇਂ ਲਈ ਰੁਕੀ ਤਾਂ ਉਸ ਵਕਫੇ ਦੇ ਦੌਰਾਨ ਗੁਰੂ ਨਾਨਕ ਨਿਵਾਸ, ਸਮੁੰਦਰੀ ਹਾਲ ਤੇ ਸਰਾਂ ਗੁਰੂ ਰਾਮ ਦਾਸ ਦੇ ਪਿਛਲੇ ਪਾਸੇ ਪੂਰਬ ਵੱਲ ਨੂੰ ਪੈਂਦੀ ਗਲੀ ਬਾਗ ਵਾਲੀ ਵਾਲੇ ਪਾਸਿਓਂ ਦੋ ਸਿੱਖ ਨੌਜਵਾਨ ਬੜੀ ਕਾਹਲੀ ਨਾਲ ਗੁਰੂ ਨਾਨਕ ਨਿਵਾਸ 'ਚੋਂ ਦੀ ਹੁੰਦੇ ਹੋਏ ਸਮੁੰਦਰੀ ਹਾਲ ਵਿਚ ਜਾ ਦਾਖਲ ਹੋਏ।

ਇਨ੍ਹਾਂ ਦੋਹਾਂ ਨੌਜਵਾਨਾਂ ਨੇ ਸ੍ਰ: ਅਬਨਾਸ਼ੀ ਸਿੰਘ ਨੂੰ ਮਿਲ ਕੇ ਦੱਸਿਆ ਕਿ ਉਹਨਾਂ ਨੂੰ ਸ੍ਰ: ਅਪਾਰ ਸਿੰਘ ਬਾਜਵਾ ਡੀ. ਐਸ. ਪੀ. ਸਿਟੀ ਨੇ ਇਹ ਸੁਨੇਹਾ ਦੇਕੇ ਭੇਜਿਆ ਹੈ ਕਿ ਕੰਪਲੈਕਸ 'ਚੋਂ ਜਿਸ ਕਿਸੇ ਨੇ ਵੀ ਬਾਹਰ ਨਿਕਲਣਾ ਹੈ ਉਹ 5-30 ਤੱਕ ਬਾਹਰ ਨਿਕਲ ਸਕਦਾ ਹੈ। ਇਹ ਸੁਨੇਹਾ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਟੋਹੜਾ ਸਾਹਿਬ ਤੱਕ ਹੁਣੇ ਹੀ ਪਹੁੰਚਾਉਣਾ ਬਹੁਤ ਜ਼ਰੂਰੀ ਹੈ।

ਜਦ ਸ੍ਰੀ ਅਬਨਾਸ਼ੀ ਸਿੰਘ ਅਤੇ ਸ੍ਰ: ਭਾਨ ਸਿੰਘ ਸੈਕਟਰੀ ਡੀ. ਐਸ. ਪੀ. ਸਿਟੀ ਦਾ ਇਹ ਸੁਨੇਹਾ ਲੈਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਟੋਹੜਾ ਸਾਹਿਬ ਪਾਸ ਗਏ ਤਾਂ ਉਹਨਾਂ ਸਭਨਾ ਦਾ ਸਾਂਝੇ ਸਲਾਹ ਮਸ਼ਵਰੇ ਨਾਲ ਇਹ ਵਿਚਾਰ ਬਣਿਆ ਕਿ ਸ੍ਰ: ਅਪਾਰ ਸਿੰਘ ਬਾਜਵਾ ਡੀ ਐਸ ਪੀ ਸਿਟੀ ਨੂੰ

ਮਿਲਕੇ ਕੰਪਲੈਕਸ ਚੋਂ ਬਾਹਰ ਨਿਕਲਣ ਵਾਲਿਆਂ ਲਈ ਸਮੇਂ ਦੀ ਛੋਟ ਇਕ ਘੰਟੇ ਲਈ ਵਧਾ ਦਿੱਤੀ ਜਾਵੇ। ਇਨ੍ਹਾਂ ਆਗੂਆਂ ਦੇ ਇਸ ਸਲਾਹ ਮਸ਼ਵਰੇ ਤੇ ਫੈਸਲੇ ਤੋਂ ਇਹ ਗੱਲ ਸਪਸ਼ਟ ਹੁੰਦੀ ਸੀ ਕਿ ਇਨ੍ਹਾਂ ਨੇ ਵੱਡੇ ਪੈਮਾਨੇ ਉੱਪਰ ਸੰਗਤਾਂ ਤੋਂ ਆਪਣੇ ਸਭ ਲੱਗੀ ਬੰਧਿਆਂ ਦੇ ਨਾਲ ਆਪਣੇ ਆਪ ਨੂੰ ਪੁਲੀਸ ਤੇ ਫੌਜ ਦੇ ਹਵਾਲੇ ਕਰਨ ਅਰਥਾਤ ਪੁਲੀਸ ਤੇ ਫੌਜ ਸਾਹਮਣੇ ਸਰੰਡਰ ਕਰ ਦੇਣ (ਹੱਥ ਖੜੇ ਕਰਕੇ ਪੇਸ਼ ਹੋ ਜਾਣ) ਦਾ ਫੈਸਲਾ ਕਰ ਲਿਆ ਹੈ ਕਿਉਂ ਕਿ ਸਮੁੱਚੇ ਅੰਮ੍ਰਿਤਸਰ ਸ਼ਹਿਰ ਦੇ ਅੰਦਰ ਤੇ ਬਾਹਰ ਕਰਫੀਊ ਲੱਗਾ ਹੋਇਆ ਹੋਣ ਕਰਕੇ ਅਤੇ ਥਾਂ ਥਾਂ ਉੱਪਰ ਫੌਜ ਦਾ ਜਾਲ ਵਿਛਿਆ ਹੋਇਆ ਹੋਣ ਕਰਕੇ ਕਿਸੇ ਪਾਸਿਓਂ ਬਾਹਰ ਨਿਕਲਣ ਦੀ ਤਾਂ ਗੰਜਾਇਸ਼ ਹੀ ਕੋਈ ਨਹੀਂ ਸੀ ਇਨ੍ਹਾਂ ਨੇ ਐਸੀ ਹਾਲਤ ਵਿਚ ਕੰਪਲੈਕਸ ਚੋਂ ਨਿਕਲ ਕੇ ਜਾਣਾ ਸੀ ਤਾਂ ਕਿੱਥੇ ਜਾਣਾ ਸੀ।

ਸ੍ਰ: ਅਬਨਾਸ਼ੀ ਸਿੰਘ ਤੇ ਸ੍ਰ: ਭਾਨ ਸਿੰਘ, ਪੰਥਕ ਆਗੂਆਂ ਦਾ ਸਮੇਂ ਦੀ ਮੁਹਲਤ ਵਿਚ ਇਕ ਘੰਟੇ ਦਾ ਵਾਧਾ ਕਰਵਾਉਣ ਦੇ ਖਿਆਲ ਨਾਲ, ਡੀ. ਐਸ. ਪੀ. ਬਾਜਵੇ ਨੂੰ ਮਿਲਣ ਲਈ ਅਜੇ ਸਰਾਂਓ ਅਕਾਲ ਰੈਸਟ ਹਾਊਸ ਵਾਲੇ ਪਾਸਿਓਂ ਬਾਜ਼ਾਰ ਨਾਲ ਲਗਦੇ ਲੋਹੇ ਦੇ ਵੱਡੇ ਗੇਟ ਦੇ ਨਜ਼ਦੀਕ ਪਹੁੰਚੇ ਹੀ ਸਨ ਕਿ ਫੌਜ ਤੇ ਸਿੰਘਾਂ ਦੇ ਵਿਚਕਾਰ ਫਿਰ ਆਹਮੋ ਸਾਹਮਣੇ ਗੋਲੀ ਚੱਲਣੀ ਸ਼ੁਰੂ ਹੋ ਗਈ।

ਗੋਲੀ ਸ਼ੁਰੂ ਹੋਣ ਦੇ ਨਾਲ ਹੀ ਪਰਕਰਮਾ ਵਾਲੇ ਪਾਸਿਓਂ ਕੋਈ ਪੈਂਤੀ ਚਾਲੀ ਦੇ ਲਗਪਗ ਸਿੰਘਾਂ ਦਾ ਹਥਿਆਰ ਬੰਦ ਜਥਾ ਗੁਰੂ ਰਾਮ ਦਾਸ ਲੰਗਰ ਅਤੇ ਸਰਾਂ ਵੱਲ ਨੂੰ ਇਹ ਵੇਖਕੇ ਅੱਗੇ ਵਧਿਆ ਕਿ ਫੌਜੀ ਦਸਤਿਆਂ ਨੇ ਕੰਪਲੈਕਸ ਦੇ ਉੱਤਰ ਤੇ ਪੂਰਬ ਵਾਲੇ ਪਾਸੇ ਪੈਂਦੇ ਬਜ਼ਾਰਾਂ ਵਿਚ ਜ਼ਬਰਦਸਤ ਰੂਪ 'ਚ ਪੁਜ਼ੀਸ਼ਨਾਂ ਮੱਲੀਆਂ ਹੋਈਆਂ ਨੇ ਤੇ ਗੋਲੀਆਂ ਚਲਾਉਣ ਦੀ ਮੁਕੰਮਲ ਤਿਆਰੀ ਵਿਚ ਨੇ ਜਿਸ ਕਰਕੇ ਸਿੰਘਾਂ ਦੇ ਇਸ ਹਥਿਆਰ ਬੰਦ ਜਥੇ ਨੇ ਗੁਰੂ ਰਾਮਦਾਸ ਲੰਗਰ ਤੇ ਸਰਾਂ ਦੀਆਂ ਉੱਪਰਲੀਆਂ ਮੰਜ਼ਲਾਂ ਅਤੇ ਥੱਲੇ ਬਾਜ਼ਾਰ ਵੱਲ ਨੂੰ ਪੈਂਦੇ ਲਾਂਘਿਆਂ ਰਸਤਿਆਂ ਕੰਧਾਂ ਝਰੋਖਿਆਂ ਤੇ ਬੁਰਜੀਆਂ ਆਦਿ ਪਿੱਛੇ ਆੜ ਲੈਂਦਿਆਂ ਹੋਇਆਂ ਆਪਣੀਆਂ ਆਪਣੀਆਂ ਥਾਵਾਂ ਤੇ ਪੁਜ਼ੀਸ਼ਨਾਂ ਲੈ ਲਈਆਂ ਅਤੇ ਫੌਜੀ ਦਸਤਿਆਂ ਤੇ ਮੋਰਚਿਆਂ ਉੱਪਰ ਤਾਬੜ ਤੋੜ ਫਾਇਰਿੰਗ ਸ਼ੁਰੂ ਕਰ ਦਿਤੀ।

ਜਿਸ ਸਮੇਂ ਸਿੰਘ ਆਪਣੀਆਂ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ, ਸੀਸ ਤਲੀ ਤੇ ਧਰ ਕੇ ਫੌਜੀ ਦਸਤਿਆਂ ਨਾਲ ਆਹਮੋ ਸਾਹਮਣੇ ਜੂਝ ਰਹੇ ਸਨ ਤਾਂ ਉਸ ਸਮੇਂ ਸਿੰਘਾਂ ਦਾ ਜਲਵਾ ਅਤੇ ਉਹਨਾਂ ਵਲੋਂ ਰਣ-ਤੱਤੇ ਵਿਚ ਨਿਸਚੇ ਹੀ ਨਿਤਰ ਕੇ ਪੇਸ਼ ਕੀਤਾ ਜਾ ਰਿਹਾ ਜੰਗੀ ਨਜ਼ਾਰਾ ਵੇਖਣ ਹੀ ਵਾਲਾ ਸੀ, ਇਸ ਟਾਕਰੇ ਦੇ ਦੌਰਾਨ ਸਿੰਘਾਂ ਨੇ ਕੋਈ ਮੋਰਚੇ ਨਹੀਂ ਸਨ ਮੱਲੇ ਹੋਏ ਸਗੋਂ ਬਨੇਰਿਆਂ ਤੇ ਬਾਜ਼ਾਰ ਵੱਲ ਨੂੰ ਲਗਦੀਆਂ ਦੀਵਾਰਾਂ ਤੇ ਨਿੱਕੀਆਂ ਮੋਟੀਆਂ ਬੁਰਜੀਆਂ ਆਦਿ ਦੀ ਥੋੜ੍ਹੀ ਬਹੁਤ ਓਟ ਆੜ ਹੀ ਮੱਲੀ ਹੋਈ ਸੀ ਅਤੇ ਇਹ ਸਿੰਘ ਆਪਣੀਆਂ ਨਜ਼ਰਾਂ ਝਰਨੋਦਾਰ ਬਨੇਰਿਆਂ ਤੇ ਕੰਧਾਂ ਦੇ ਉੱਪਰ ਦੀ ਤਾਰਦੇ ਹੋਏ ਫੌਜੀ ਦਸਤਿਆਂ ਤੇ ਆਪਣੀ ਮਾਰ ਹੇਠ ਆਉਂਦੇ ਫੌਜੀ ਅੱਡੇ ਟਿਕਾਣਿਆਂ ਉੱਪਰ ਸਿੱਧਾ ਹਮਲਾ ਬੋਲ ਰਹੇ ਸਨ। ਇਥੇ ਇਹ ਗੱਲ ਵਰਨਣ ਯੋਗ ਹੈ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਆਪਣੇ ਨਾਲ ਸਬੰਧਤ ਸਭ ਹਥਿਆਰ ਬੰਦ ਧੜਿਆਂ ਟੋਲਿਆਂ ਤੇ ਵਿਅਕਤੀਆਂ ਨੂੰ ਇਸ ਗੱਲ ਦੀ ਸਖਤ ਹਦਾਇਤ ਕੀਤੀ ਹੋਈ ਸੀ ਕਿ ਫੌਜ ਭਾਵੇਂ ਕੰਪਲੈਕਸ ਦੇ ਅੰਦਰ ਹੀ ਕਿਉਂ ਨਾ ਦਾਖਲ ਹੋ ਜਾਵੇ ਕਿਸੇ ਨੇ ਕਿਸੇ ਹਾਲਤ ਵਿਚ ਵੀ ਜਵਾਬੀ ਗੋਲੀ ਨਹੀਂ ਚਲਾਉਣੀ।

ਇਸ ਲਈ ਜਿਸ ਸਮੇਂ ਜਥੇ ਦੇ ਸਿੰਘਾਂ ਦਾ ਫੌਜ ਨਾਲ ਆਹਮੋ-ਸਾਹਮਣੇ ਰੂਪ ਵਿਚ ਸਿੱਧੀ ਤੇ ਤਾਬੜ ਤੋੜ ਫਾਇਰਿੰਗ ਦਾ ਵਟਾਂਦਰਾ ਹੋ ਰਿਹਾ ਸੀ ਤਾਂ ਉਸ ਸਮੇਂ ਸਮੁੰਦਰੀ ਹਾਲ ਮੁਸਾਫ਼ਰੀ ਵਾਂਗ ਸੁੱਤਾ ਪਿਆ ਸੀ ਅਤੇ ਗੁਰੂ ਨਾਨਕ ਨਿਵਾਸ ਦੀ ਚੌਥੀ ਮੰਜ਼ਲ ਉੱਪਰ ਬਣੇ ਹੋਏ ਸਭ ਛੋਟੇ ਵੱਡੇ ਮੋਰਚੇ ਤੇ



ਬਾਬਾ ਅਟੱਲ ਸਾਹਿਬ ਦੀਆਂ ਉੱਪਰ ਦੀਆਂ ਮੰਜ਼ਲਾਂ ਉੱਪਰ ਕਾਇਮ ਕੀਤੇ ਹੋਏ ਮੋਰਚੇ ਬਿਲਕੁਲ ਹੀ ਖਾਮੋਸ਼ ਤੇ ਖਾਲੀ ਪਏ ਸਨ। ਕਿਉਂਕਿ ਬੱਬਰ ਖਾਲਸਾ ਦਾ ਜਥੇਦਾਰ ਭਾਈ ਸੁਖਦੇਵ ਸਿੰਘ ਤਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਮੁਲਾਕਾਤ ਕਰਨ ਪਿਛੋਂ ਕੰਪਲੈਕਸ 'ਚੋਂ ਅਲੋਪ ਹੋ ਚੁੱਕਾ ਸੀ ਅਤੇ ਉਹ ਸਮੁੰਦਰੀ ਹਾਲ ਦੇ ਨਾਲ ਪੈਂਦੀ ਬਾਗਵਾਲੀ ਗਲੀ ਦੇ ਨਜ਼ਦੀਕ ਇਕ ਹਿੰਦੂ ਪਰਵਾਰ ਦੇ ਘਰ ਉੱਪਰਲੇ ਚੁਬਾਰੇ ਵਿਚ ਸ਼ਰਨ ਲੈ ਚੁੱਕਾ ਸੀ। ਐਸੀ ਹਾਲਤ ਵਿਚ ਇਸ ਜਥੇਬੰਦੀ ਦੇ ਦੂਸਰੇ ਸਿੰਘ ਮੋਰਚਿਆਂ ਵਿਚ ਕਿਵੇਂ ਡਟੇ ਰਹਿ ਸਕਦੇ ਸਨ। ਜੇ ਉਹ ਦੁਸ਼ਮਨ ਨਾਲ ਲੜਦੇ ਤਾਂ ਕਿਸਦੀ ਕਮਾਂਡ ਹੇਠ ਲੜਦੇ? ਹਾਂ, ਜਥੇਦਾਰ ਦੀ ਗੈਰ ਹਾਜ਼ਰੀ ਵਿਚ ਸਰਦਾਰ ਅਨੋਖ ਸਿੰਘ ਬੱਬਰ ਕੁਝ ਸਿੰਘਾਂ ਨਾਲ ਗੁਰੂ ਨਾਨਕ ਨਿਵਾਸ ਤੇ ਸਮੁੰਦਰੀ ਹਾਲ ਦੇ ਨਜ਼ਦੀਕ ਸੰਗਤਾਂ ਤੇ ਸਿੰਘਾਂ ਵਿਚਕਾਰ ਇਧਰ ਉਧਰ ਬੜੀ ਚੜ੍ਹਦੀ ਕਲਾ ਦੇ ਰੂਪ ਵਿਚ ਵਿਚਰਦੇ ਹੋਇਆਂ ਦਖਾਈ ਪੈ ਰਿਹਾ ਸੀ ਅਤੇ ਉਸਦੀਆਂ ਸਰਗਰਮੀਆਂ ਤੋਂ ਇਸਤਰਾਂ ਜਾਪਦਾ ਸੀ ਕਿ ਜਿਵੇਂ ਉਹ ਦੁਸ਼ਟਾਂ ਦੁਸ਼ਮਨਾਂ ਨਾਲ ਦੋ ਹੱਥ ਕਰਨ ਲਈ ਕਮਰ ਕੱਸਾ ਕਰੀ ਬੈਠਾ ਹੁੰਦਾ ਹੈ।

ਭਿੰਡਰਾਂਵਾਲੇ ਜਥੇ ਦੇ ਸਿੰਘਾਂ ਤੇ ਫੌਜ ਵਿਚਕਾਰ ਇਹ ਖੂਨੀ ਝੜਪ ਕੋਈ ਦਸ ਪੰਦਰਾਂ ਮਿੰਟਾਂ ਤੱਕ ਹੀ ਜਾਰੀ ਰਹੀ ਸੀ ਪਰ ਇਸ ਭਿਆਨਕ ਤੇ ਜਾਨ ਹੂਲਵੀਂ ਝੜਪ ਤੋਂ ਬਾਅਦ ਸਿੰਘ ਇਹ ਵੇਖਕੇ ਜੈਕਾਰੇ ਛੱਡ ਰਹੇ ਤੇ ਖਾਲਿਸਤਾਨ ਜ਼ਿੰਦਾ ਬਾਦ ਦੇ ਨਾਅਰੇ ਲਗਾ ਰਹੇ ਸਨ ਕਿ ਭਾਰਤੀ ਸੈਨਾ ਦੇ ਜਵਾਨ ਕੁਝ ਇਕ ਫੌਜੀ ਮੋਰਚਿਆਂ ਅਤੇ ਚੌਕਾਂ ਬਾਜ਼ਾਰਾਂ 'ਚੋਂ ਆਪਣੇ ਜ਼ਖਮੀ ਤੇ ਮੁਰਦਾ ਫੌਜੀ ਸਾਥੀਆਂ ਨੂੰ ਚੁੱਕ ਕੇ ਤੇ ਧੂਹ ਧੂਹ ਕੇ ਉਹਲਿਆਂ ਵਾਲੀਆਂ ਥਾਵਾਂ ਵੱਲ ਕਰ ਰਹੇ ਸਨ।

ਇਸ ਸਥਿਤੀ ਵਿਚ ਫੌਜ ਵਲੋਂ ਕੰਪਲੈਕਸ ਉੱਪਰ ਹੁਣ ਗੋਲੀ ਚਲਾਈ ਜਾਣੀ ਬਿਲਕੁਲ ਹੀ ਬੰਦ ਹੋ ਚੁੱਕੀ ਸੀ। ਜਿਸ ਕਰਕੇ ਸੰਗਤਾਂ ਤੇ ਸਿੰਘਾਂ ਦੀਆਂ ਸਰਗਰਮੀਆਂ ਕਿਸੇ ਨਾ ਕਿਸੇ ਰੂਪ ਵਿਚ ਫਿਰ ਸ਼ੁਰੂ ਹੋ ਚੁੱਕੀਆਂ ਸਨ।

ਜਿਸ ਸਮੇਂ ਮੈਂ ਆਪਣੇ ਕੁਝ ਇਕ ਸਾਥੀ ਸਿੰਘਾਂ ਨਾਲ ਕੰਪਲੈਕਸ ਦੇ ਕੁਝ ਇਕ ਭਾਗਾਂ ਦਾ ਇਧਰ ਉਧਰ ਚੱਕਰ ਲਗਾਉਣ ਅਤੇ ਸਿੰਘਾਂ ਤੇ ਸੰਗਤਾਂ ਦੇ ਥੋਹੜੇ ਬਹੁਤ ਸਮੇਂ ਲਈ ਦਰਸ਼ਨ ਕਰਨ ਅਤੇ ਉਹਨਾਂ ਨਾਲ ਥੋਹੜੀਆਂ ਬਹੁਤ ਗੱਲਾਂ ਬਾਤਾਂ ਤੇ ਵਿਚਾਰਾਂ ਕਰਨ ਤੋਂ ਬਾਅਦ ਵਾਪਸ ਗੁਰੂ ਨਾਨਕ ਨਿਵਾਸ ਵਿਖੇ ਦੂਸਰੀ ਮੰਜ਼ਲ ਉੱਪਰ ਆਇਆ ਤਾਂ ਉਸ ਸਮੇਂ ਗਲੀ ਬਾਗ ਵਾਲੀ ਵਾਲੇ ਪਾਸਿਓਂ ਦੂਰ ਦੂਰ ਤਕ ਦੇ ਗਲੀ ਮੁਹੱਲਿਆਂ ਦੇ ਸਿੱਖ ਪਰਵਾਰਾਂ ਵਲੋਂ ਕੋਠਿਆਂ ਛੱਤਾਂ ਦੇ ਉੱਤੋਂ ਉੱਤੋਂ ਦੀ ਭੇਜਿਆ ਹੋਇਆ ਲੰਗਰ ਪਾਣੀ ਖੁੱਲ੍ਹੇ ਰੂਪ ਵਿਚ ਵਰਤ ਰਿਹਾ ਸੀ।

ਉਸ ਸਮੇਂ ਕੋਈ ਚਾਲੀ ਪੰਜਤਾਲੀ ਦੇ ਲਗਪਗ ਸਿੰਘ ਸਿੰਘਣੀਆਂ ਬੜੇ ਹੀ ਪ੍ਰੇਮ ਤੇ ਧੀਰਜ ਨਾਲ ਲੰਗਰ ਛਕ ਰਹੇ ਸਨ। ਸਿੰਘ ਸਿੰਘਣੀਆਂ ਵਲੋਂ ਲੰਗਰ ਛਕ-ਛਕਾਏ ਜਾਣ ਦੇ ਸਮੇਂ ਦੌਰਾਨ ਇਸੇ ਹੀ ਪਾਸੇ ਦੇ ਵੱਲ ਦੇ ਗਲੀ ਮੁਹੱਲਿਆਂ ਵਲੋਂ ਹੋਰ ਲੰਗਰ-ਪਕਵਾਨ ਦੀਆਂ ਟੋਕਰੀਆਂ ਅਤੇ ਦਾਲਾਂ ਸਬਜ਼ੀਆਂ ਦੀਆਂ ਬਾਲਟੀਆਂ ਤੇ ਆਚਾਰ ਦੇ ਲਫਾਫੇ ਆ ਰਹੇ ਸਨ ਅਤੇ ਇਹ ਸਭ ਪਦਾਰਥ ਹੁਣ ਸਮੁੰਦਰੀ ਹਾਲ ਵੱਲ ਨੂੰ ਲੈ ਜਾਏ ਜਾ ਰਹੇ ਸਨ।

4 ਜੂਨ ਦੀ ਸਵੇਰ ਤੋਂ ਸ਼ੁਰੂ ਹੋਈ ਤੋਪਾਂ ਦੀ ਗੋਲਾ ਬਾਰੀ ਅਤੇ ਮਸ਼ੀਨ ਗੰਨਾਂ ਦੀ ਫਾਇਰਿੰਗ ਕਰਕੇ ਲਗਪਗ ਪਿਛਲੇ ਬਾਰਾਂ ਪਹਿਰਾਂ ਅਰਥਾਤ 36 ਘੰਟਿਆਂ ਤੋਂ ਗੁਰੂ ਰਾਮਦਾਸ ਲੰਗਰ ਦਾ ਪ੍ਰਬੰਧ ਹਰ ਪੱਖੋਂ ਹੀ ਮਸਤਾਨਾ ਰਹਿਣ ਕਰਕੇ, ਸੰਗਤਾਂ ਲੰਗਰ ਪਰਸ਼ਾਦੇ ਪੱਖੋਂ ਬਿਲਕੁਲ ਮਸਤਾਨੀਆਂ ਹੀ ਰਹੀਆਂ ਸਨ ਹੁਣ ਤਾਂ ਨਾਲ ਲਗਦੀ ਦਸ ਹਜ਼ਾਰ ਗੈਲਨ ਪਾਣੀ ਦੀ ਸਮਰਥਾ ਵਾਲੀ ਵੱਡੀ ਟੈਂਕੀ

ਤੋਪਾਂ ਗੋਲਿਆਂ ਨਾਲ ਤਬਾਹ ਹੋ ਜਾਣ ਕਾਰਨ ਪਾਣੀ ਦਾ ਮਸਲਾ ਵੀ ਇਕ ਭਾਰੀ ਸਮੱਸਿਆ ਬਣਿਆ ਹੋਇਆ ਸੀ। ਇਨ੍ਹਾਂ ਸਾਰੀਆਂ ਗੱਲਾਂ ਦਾ ਨਾਲ ਲਗਦੇ ਮੁਹੱਲੇ ਵਾਲਿਆਂ ਗੁਰਸਿੱਖਾਂ ਨੂੰ ਪਤਾ ਸੀ ਜਿਸ ਕਰਕੇ ਉਹ ਬੜੇ ਹੀ ਪ੍ਰੇਮ ਸ਼ਰਧਾ ਭਾਵ ਤੇ ਸੇਵਾ ਜਜ਼ਬੇ ਨਾਲ ਪਸ਼ਾ ਸ਼ਕਤ ਰੂਪ 'ਚ ਲੰਗਰ ਪਾਣੀ ਦਾ ਪ੍ਰਬੰਧ ਕਰਕੇ ਆਪੋ ਆਪਣੀ ਗਲੀ ਮੁਹੱਲਿਆਂ ਦੇ ਸਿਖ ਨੌਜਵਾਨਾਂ ਦੇ ਹੱਥੀਂ ਭਜਵਾ ਰਹੇ ਸਨ।

ਸਿਘ ਸਿਘਣੀਆਂ ਅਜੇ ਲੰਗਰ ਪਾਣੀ ਛਕ ਛਕਾ ਹੀ ਰਹੇ ਸਨ ਕਿ ਦਰਬਾਰ ਸਾਹਿਬ ਪਰਕਰਮਾ ਵਲੋਂ ਸ: ਅਨੋਖ ਸਿਘ ਬੱਬਰ ਅਤੇ ਬੱਬਰ ਖਾਲਸਾ ਜਥੇਬੰਦੀ ਦੇ ਕੁਝ ਇਕ ਹੋਰ ਸਿਘ ਇਕ ਲਾਈਟ ਮਸ਼ੀਨ ਗੰਨ, ਕੁਝ ਇਕ ਹੋਰ ਵੱਡੇ ਹਥਿਆਰ ਅਤੇ ਅਸਲੇ ਦਾ ਲੋੜੀਂਦਾ ਭੰਡਾਰ ਉਠਾਈ ਬੜੇ ਜੋਸ਼ ਨਾਲ ਗੁਰੂ ਨਾਨਕ ਨਿਵਾਸ ਵੱਲ ਨੂੰ ਆਉਂਦੇ ਹੋਏ ਦਿੱਸੇ।

ਬੱਬਰ ਖਾਲਸਾ ਦੇ ਇਨ੍ਹਾਂ ਸਿੱਘਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੰਤ ਜਰਨੈਲ ਸਿਘ ਖਾਲਸਾ, ਭਿੰਡਰਾਂਵਾਲਿਆਂ ਤੋਂ ਲਿਆਂਦਾਂ ਇਹ ਸਾਰਾ ਅਸਲਾ ਬਾਰੂਦ ਆਪਣੇ ਜਥੇਦਾਰ ਸੁਖਦੇਵ ਸਿਘ ਦੀ ਗੈਰ ਹਾਜ਼ਰੀ ਵਿਚ ਗੁਰੂ ਨਾਨਕ ਨਿਵਾਸ ਦੀ ਛਤ ਤੇ ਹੇਠਲੀ ਅਰਥਾਤ ਫਰਸ਼ੀ ਮੰਜ਼ਲ ਉੱਪਰ ਬਾਹਰ ਦੇ ਛੋਟੇ ਜਿਹੇ ਫਾਟਕ ਨਾਲ ਲਗਦੀ ਬਾਰਾਂ ਦਰੀ ਦੇ ਅੰਦਰ ਤੇ ਬਾਹਰ ਮੋਰਚਾ ਬੰਦੀ ਜਿਹੀ ਕਾਇਮ ਕਰਕੇ ਵਰਤਣ ਅਰਥਾਤ ਕੰਮ ਵਿਚ ਲਿਆਉਣ ਦਾ ਖਿਆਲ ਜ਼ਾਹਰ ਕੀਤਾ।

ਜਦ ਮੈਂ ਵੇਖਿਆ ਕਿ ਬੱਬਰ ਖਾਲਸਾ ਦੇ ਇਹ ਸਿਘ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਸਲੇ ਬਾਰੂਦ ਪੱਖੋਂ ਭਰੇ ਹੋਏ ਹੱਥੀਂ ਗੁਰੂ ਨਾਨਕ ਨਿਵਾਸ ਵਿਚ ਆਏ ਹਨ ਤਾਂ ਉਸ ਸਮੇਂ ਜਿਸ ਗਲ ਦੀ ਮੈਨੂੰ ਮਨ ਕਰਕੇ ਬਹੁਤ ਖੁਸ਼ੀ ਹੋਈ ਉਹ ਇਹ ਸੀ ਕਿ ਬੱਬਰ ਖਾਲਸਾ ਦੇ ਇਨ੍ਹਾਂ ਸਿਘਾਂ ਨੂੰ ਸੰਤਾਂ ਪਾਸੋਂ ਲੋੜੀਂਦਾ ਅਸਲਾ ਬਾਰੂਦ ਬੇ ਝਿਜਕ ਹੋਕੇ ਮੰਗਣ ਬਾਰੇ ਅਰਥਾਤ ਆਪ ਜਾਕੇ ਲਿਆਉਣ ਬਾਰੇ ਜੋ ਕੁਝ ਮੈਂ ਕਿਹਾ ਸੀ ਉਹ ਠੀਕ ਹੀ ਕਿਹਾ ਸੀ, ਕਿਉਂਕਿ ਅੱਜ ਸਵੇਰੇ ਜਦੋਂ ਸ: ਅਨੋਖ ਸਿਘ ਬੱਬਰ ਤੇ ਸ: ਦੇਵਿੰਦਰ ਸਿਘ ਦੋ ਹੋਰ ਸਿਘਾਂ ਨਾਲ ਮੇਰੇ ਪਾਸ ਆਏ ਸਨ ਤਾਂ ਉਸ ਸਮੇਂ ਸ: ਅਨੋਖ ਸਿਘ ਨੇ ਫਤਹਿ ਗਜਾਉਣ ਤੋਂ ਬਾਅਦ ਆਪਣੇ ਸੁਭਾ ਮੁਤਾਬਿਕ ਬੜੀ ਹੀ ਚੜ੍ਹਦੀ ਕਲਾ ਵਾਲੇ ਅਤੇ ਹੱਸੂ ਹੱਸੂ ਕਰਦੇ ਹੋਏ ਖੁਸ਼ੀ ਭਰੇ ਲਹਿਜੇ ਵਿਚ ਮੈਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਸੀ, 'ਸੰਧੂ ਸਾਹਿਬ, ਤੁਹਾਡੇ ਵੱਲੋਂ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਦੇ ਨਾਂ ਚਿੱਠੀ ਲਿਖਵਾਉਣ ਦੀ ਲੋੜ ਪੈ ਗਈ ਹੈ।'

ਸ: ਅਨੋਖ ਸਿਘ ਵਲੋਂ ਸੰਤਾਂ ਦੇ ਨਾਂ ਚਿੱਠੀ ਲਿਖਵਾਏ ਜਾਣ ਦੀ ਗੱਲ ਸੁਣਕੇ ਮੇਰਾ ਕਿਸੇ ਹੱਦ ਤੱਕ ਹੈਰਾਨ ਹੋਣਾ ਤੇ ਇਨ੍ਹਾਂ ਸਭ ਸਿਘਾਂ ਵੱਲ ਅਸਚਰਜਤਾ ਨਾਲ ਵੇਖਣਾ ਕੁਦਰਤੀ ਸੀ।

ਸ: ਅਨੋਖ ਸਿਘ ਨੇ ਮੇਰੇ ਚੇਹਰੇ ਦੇ ਪ੍ਰਭਾਵ ਨੂੰ ਪੜ੍ਹਦਿਆਂ ਹੋਇਆਂ ਕਹਿਣਾ ਸ਼ੁਰੂ ਕੀਤਾ, 'ਸੰਤ ਜਰਨੈਲ ਸਿਘ ਭਿੰਡਰਾਂਵਾਲੇ ਆਪ ਦੀ ਬਹੁਤ ਮੰਨਦੇ ਹਨ ਅਤੇ ਸਾਨੂੰ ਇਹ ਪਤਾ ਹੈ ਕਿ ਹਥਿਆਰਾਂ ਦੇ ਸਮੁੱਚੇ ਭੰਡਾਰ ਬਾਰੇ ਤੁਹਾਡੇ ਭੇਤ ਸਾਂਝੇ ਹਨ ਇਸ ਲਈ ਤੁਸੀਂ ਸਾਨੂੰ ਸੰਤ ਜੀ ਦੇ ਨਾਂ ਇਹ ਦੋ ਅਖਰ ਲਿਖ ਦਿਉ ਕਿ ਬੱਬਰ ਖਾਲਸਾ ਦੇ ਇਨ੍ਹਾਂ ਸਿਘਾਂ ਨੂੰ ਦੋ ਲਾਈਟ ਮਸ਼ੀਨ ਗੰਨਾਂ, ਕੁਝ ਇਕ ਹੋਰ ਹਥਿਆਰ ਅਤੇ ਖੁੱਲੇ ਰਾਉਂਦ ਦੇ ਦਿੱਤੇ ਜਾਣ।

ਸ: ਅਨੋਖ ਸਿਘ ਦੀ ਇਸ ਗੱਲ ਦਾ ਮੇਰੀ ਵੱਲੋਂ ਅੱਗੋਂ ਇਹ ਉੱਤਰ ਸੀ ਕਿ ਇਸ ਸ਼ੁਭ ਕੰਮ ਬਾਰੇ ਚਿੱਠੀ ਤਾਂ ਕੀ ਮੈਂ ਤੁਹਾਡੇ ਨਾਲ ਆਪ ਵੀ ਸ੍ਰੀ ਅਕਾਲ ਤਖਤ ਸਾਹਿਬ ਜਾਣ ਨੂੰ ਤਿਆਰ ਹਾਂ ਪਰ



ਮੈਨੂੰ ਤੁਹਾਡੀ ਚਿੱਠੀ ਲਿਖਵਾਉਣ ਸਬੰਧੀ ਗੱਲ ਸੁਣਕੇ ਹੈਰਾਨੀ ਇਸ ਕਰਕੇ ਹੋਈ ਹੈ ਕਿ 'ਕੀ ਤੁਸੀਂ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਦੇ ਸੁਭਾ ਨੂੰ ਅਜੇ ਤੱਕ ਵੀ ਨਹੀਂ ਪੜ੍ਹ ਸਕੇ। ਤੁਸੀਂ ਤਾਂ ਇਕ ਲੰਮੇ ਸਮੇਂ ਤੱਕ ਉਹਨਾਂ ਦੇ ਨਾਲ ਵੀ ਰਹੇ ਹੋ। ਮੈਂ ਚਿੱਠੀ ਲਿਖ ਦੇਂਦਾ ਹਾਂ, ਪਰ ਜੇ ਤੁਸਾਂ ਮੇਰੀ ਚਿੱਠੀ ਉੱਪਰ ਸੰਤ ਜੀ ਪਾਸੋਂ ਮਸ਼ੀਨਗੰਨਾਂ ਆਂਦੀਆਂ ਤਾਂ ਇਹ ਗੱਲ ਮੈਂ ਤੁਹਾਡੀ ਜਥੇਬੰਦੀ ਦੀ ਸ਼ਾਨ ਦੇ ਖਿਲਾਫ ਸਮਝਦਾ ਹਾਂ ਕਿਉਂਕਿ ਕੱਲ ਨੂੰ ਕੋਈ ਵੀ ਵਿਅਕਤੀ ਇਹ ਕਹਿ ਸਕਦਾ ਹੈ ਕਿ 'ਤੁਸਾਂ ਤਾਂ ਸੰਧੂ ਦੀ ਚਿੱਠੀ ਉੱਪਰ ਸੰਤਾਂ ਪਾਸੋਂ ਅਸਲਾ ਆਂਦਾ ਸੀ। ਮੈਨੂੰ ਪੂਰਨ ਵਿਸ਼ਵਾਸ ਹੈ ਤੇ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੇ ਤੁਸੀਂ ਸੰਤਾਂ ਨੂੰ ਆਪਣੀ ਜ਼ਬਾਨ ਨਾਲ ਵੀ ਜਾਕੇ ਅਸਲੇ ਬਾਰੇ ਕਹੋਗੇ ਤਾਂ ਸੰਤ ਜੀ ਆਪ ਨੂੰ ਮੂੰਹ ਮੰਗੇ ਹਥਿਆਰ ਆਪ ਖੁਸ਼ ਹੋਕੇ ਦੇਣਗੇ ਇਸ ਲਈ ਜੇ ਮੇਰੀ ਮੰਨੋ ਤਾਂ ਤੁਹਾਨੂੰ ਸੰਤ ਜੀ ਪਾਸੋਂ ਮੇਰੀ ਚਿੱਠੀ ਉੱਪਰ ਅਸਲਾ ਲਿਆਉਣ ਦੀ ਬਜਾਏ ਸੰਤਾਂ ਨੂੰ ਸਿਧਿਆਂ ਆਪ ਮਿਲਣਾ ਚਾਹੀਦਾ ਹੈ। ਹਾਂ ਜੇ ਆਪ ਨੂੰ ਮੂੰਹ ਮੰਗਿਆ ਅਸਲਾ ਨਾ ਮਿਲੇ ਤਾਂ ਫਿਰ ਉਸ ਹਾਲਤ ਵਿਚ ਆਪ ਨੂੰ ਜੋ ਕੁਝ ਚਾਹੀਦਾ ਹੋਵੇਗਾ ਉਸਦੀ ਲਿਸਟ ਬਣਾ ਕੇ ਮੈਨੂੰ ਦੇ ਦੇਣੀ ਉਸ ਅਨੁਸਾਰ ਅਸਲਾ ਆਪ ਪਾਸ ਪਹੁੰਚ ਜਾਵੇਗਾ।

ਤੁਹਾਨੂੰ ਤਾਂ ਪਤਾ ਹੈ ਕਿ ਮੈਂ ਅੱਜ ਤੱਕ ਆਪਣਾ ਕੋਈ ਵੀ ਵਖਰਾ ਵੱਡਾ ਗਰੁਪ ਜਾਂ ਜਥਾ ਕਾਇਮ ਕਰਨ ਦੀ ਲੋੜ ਮਹਿਸੂਸ ਨਹੀਂ ਕੀਤੀ ਕਿਉਂਕਿ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਦੇ ਜਥੇ ਦੀ ਸਾਰੀ ਤਾਕਤ ਮੈਂ ਹਮੇਸ਼ਾਂ ਆਪਣੇ ਅਰਥਾਤ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਦੇ ਨਾਲ ਹੀ ਸਮਝਦਾ ਹਾਂ ਜਥੇ ਦੇ ਤੇ ਫੈਡਰੇਸ਼ਨ ਦੇ ਸੈਂਕੜੇ ਹੀ ਸਿਘ ਤੁਹਾਡੇ ਸਾਹਮਣੇ ਇਥੇ ਖਾਲਿਸਤਾਨ ਦੇ ਦਫਤਰ ਦੇ ਅੰਦਰ ਤੇ ਬਾਹਰ ਰੌਣਕ ਲਾ ਛਡਦੇ ਰਹੇ ਨੇ ਅਤੇ ਖਾਲਿਸਤਾਨ ਦੇ ਨਾਅਰੇ ਸੰਬੰਧੀ ਸਕਾਇਦਾ ਸਟਡੀ ਸਰਕਲ ਲੈਂਦੇ ਰਹੇ ਨੇ। ਅਸਲਾ ਬਾਰੂਦ ਤੇ ਹੋਰ ਸਭ ਵੱਡੇ ਛੋਟੇ ਹਥਿਆਰ ਵੀ ਇਥੇ ਮੇਰੇ ਪਾਸ ਭਾਰੀ ਗਿਣਤੀ ਵਿਚ ਜਮਾ ਰਹਿੰਦੇ ਰਹੇ ਨੇ ਪਰ ਮੈਂ ਤਾਂ ਹਥਿਆਰਾਂ ਦਾ ਬਹੁਤ ਵੱਡਾ ਭੰਡਾਰ ਅੱਜ ਤੋਂ ਕੁਝ ਸਮਾਂ ਪਹਿਲਾਂ ਸ: ਰਛਪਾਲ ਸਿਘ ਨੂੰ ਆਪ ਇਹ ਕਹਿ ਕੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਭਜਵਾ ਦਿੱਤਾ ਸੀ ਕਿ ਹਥਿਆਰਾਂ ਦਾ ਭੰਡਾਰ ਇਕ ਥਾਂ ਉੱਪਰ ਹੀ ਹੋਣਾ ਚਾਹੀਦਾ ਹੈ ਤੇ ਉਹ ਥਾਂ ਸ੍ਰੀ ਅਕਾਲ ਤਖਤ ਸਾਹਿਬ ਹੀ ਠੀਕ ਤੇ ਮੁਨਾਸਬ ਹੈ। ਮੇਰੀ ਚਿੱਠੀ ਉੱਪਰ ਤੁਹਾਨੂੰ ਹਥਿਆਰ ਤਾਂ ਉਸੇ ਵੇਲੇ ਮਿਲ ਜਾਣਗੇ, ਪਰ ਇਸਦੇ ਬਾਵਜੂਦ ਮੈਂ ਇਹ ਗੱਲ ਹੀ ਯੋਗ ਤੇ ਮੁਨਾਸਬ ਸਮਝਦਾ ਹਾਂ ਕਿ ਤੁਸੀਂ ਆਪ ਸਿਧੇ ਸੰਤਾਂ ਕੋਲ ਜਾਉ ਤੇ ਉਹ ਤੁਹਾਡੇ ਮਾਨ ਸਤਿਕਾਰ ਨੂੰ ਕਾਇਮ ਰਖਦੇ ਹੋਏ ਆਪ ਖੁਸ਼ੀ ਖੁਸ਼ੀ ਤੁਹਾਡੀ ਲੋੜ ਨੂੰ ਪੂਰਿਆਂ ਕਰਨ, ਇਸ ਵਿਚ ਤੁਹਾਡੀ ਸ਼ਾਨ ਹੋਵੇਗੀ।

ਜਦ ਬੱਬਰ ਖਾਲਸਾ ਦੇ ਇਹ ਸਿਘ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਪਾਸ ਸ੍ਰੀ ਅਕਾਲ ਤਖਤ ਸਾਹਿਬ ਪਹੁੰਚੇ ਤਾਂ ਸੰਤਾਂ ਨੇ ਸਿਘਾਂ ਵਲੋਂ ਗਜਾਈ ਫਤਹਿ ਦਾ ਜਵਾਬ ਫਤਹਿ ਵਿਚ ਦੇਣ ਦੇ ਨਾਲ ਹੀ ਆਪਣੇ ਪਾਸ ਖਲੋਤੇ ਹੋਏ ਭਾਈ ਗੁਰਮੁਖ ਸਿਘ ਨੂੰ ਉਹਨਾਂ ਵਲੋਂ ਕੋਈ ਗੱਲ ਕਹਿਣ ਤੋਂ ਪਹਿਲਾਂ ਹੀ ਸੰਬੋਧਨ ਕਰਦਿਆਂ ਹੋਇਆਂ ਕਿਹਾ, 'ਭਾਈ ਗੁਰਮੁਖ ਸਿਘ ਜੀ ਸਿਘ ਆਏ ਨੇ, ਬੱਬਰ ਖਾਲਸਾ ਦੇ, ਇਨ੍ਹਾਂ ਸਿਘਾਂ ਨੂੰ ਜੋ ਵੀ ਅਸਲਾ ਚਾਹੀਦਾ ਹੈ ਤੇ ਜਿੰਨਾ ਕੁਝ ਲੋੜ ਮੁਤਾਬਕ ਮੰਗਦੇ ਨੇ ਉਹ ਲੋੜ ਇਨ੍ਹਾਂ ਦੀ ਪੂਰੀ ਕਰੋ। ਸਿਘਾਂ ਦੇ ਮਨ ਵਿਚ ਇਹ ਹੁੱਬ ਨਹੀਂ ਰਹਿਣੀ ਚਾਹੀਦੀ ਕਿ ਅਸਲੇ ਖੁਣੋ ਗੱਲ ਰਹਿ ਗਈ ਸੀ। ਸਿਘੋ ਜੇ ਇਹ ਕੁਝ ਖੜਨ ਤੋਂ ਬਾਅਦ ਫਿਰ ਹੋਰ ਵੀ ਲੋੜ ਪਵੇ ਤਾਂ ਬੇ ਝਿਜਕ ਹੋਕੇ ਇਥੇ ਆ ਜਾਣਾ।

ਜਦ ਸ: ਅਨੋਖ ਸਿਘ ਇਸਪੈਕਟਰ ਭਾਈ ਦਵਿੰਦਰ ਸਿਘ ਤੇ ਉਹਨਾਂ ਦੇ ਨਾਲ ਆਏ ਸਿਘਾਂ

ਪਾਸੋਂ ਭਾਈ ਗੁਰਮੁਖ ਸਿੰਘ ਨੇ ਪੁਛਿਆ ਕਿ ਸਿੰਘੋ ਦਸੋ ਤੁਹਾਨੂੰ ਕੀ ਕੁਝ ਚਾਹੀਦਾ ਹੈ, ਤਾਂ ਪਤਾ ਨਹੀਂ ਕਿਉਂ ਸੂ: ਅਲੇਖ ਸਿੰਘ ਨੇ ਤੇ ਉਸਦੇ ਨਾਲ ਆਏ ਸਿੰਘ ਨੇ ਸਿਰਫ ਇਕ ਲਾਈਟ ਮਸ਼ੀਨ ਗੰਨ, ਕੁਝ ਇਕ ਹੋਰ ਹਥਿਆਰਾਂ ਤੇ ਪੀਪਾ ਮਸ਼ੀਨ ਗੰਨ ਦੇ ਰੌਂਦਾਂ ਦੀ ਹੀ ਮੰਗ ਕੀਤੀ ਜੋ ਭਾਈ ਗੁਰਮੁਖ ਸਿੰਘ ਨੇ ਉਸੇ ਵੇਲੇ ਪੂਰੀ ਕਰ ਦਿੱਤੀ।

# 28.

ਸੂਰਜ ਅਸਤ ਹੋ ਚੁੱਕਾ ਸੀ, ਪਰ ਪੱਛਮੀ ਆਕਾਸ਼ ਵੱਲ ਦੇ ਦਿਸ ਹੱਦੇ ਦਾ ਸਮੁੱਚਾ ਪ੍ਰਲਾਤ ਅਜੇ ਵੀ ਮਘਦਾ ਭਖਦਾ ਤੇ ਬਲਦਾ ਹੋਇਆ ਸਾਫ ਨਜ਼ਰੀ ਆ ਰਿਹਾ ਸੀ।

ਪਛਮ ਦੀ ਦਿਸ਼ਾ ਵਿਚ ਮਘਦੇ ਭਖਦੇ ਹੋਏ ਪ੍ਰਲਾਤ ਦਾ ਜਲਵਾ ਜਿਉਂ ਜਿਉਂ ਮੱਠਾ ਪੈਂਦਾ ਜਾ ਰਿਹਾ ਸੀ ਆਕਾਸ਼ ਦਾ ਵਾਤਾਵਰਨ ਤਿਉਂ ਤਿਉਂ ਹੀ ਫੈਲ ਰਹੀਆਂ ਤੇ ਛਾਉਂਦੀਆਂ ਤੁਰੀਆਂ ਜਾ ਰਹੀਆਂ ਗੂਹੜੀਆਂ ਘਸਮੈਲੀਆਂ ਸਾਗਰੀ ਲਹਿਰਾਂ ਵਿਚਕਾਰ ਗੋਤੇ ਖਾਂਦੇ ਹੋਏ ਵਿਅਕਤੀ ਵਾਂਗ ਡੁਬਦਾ ਤੇ ਅਲੋਪ ਹੁੰਦਾ ਜਾ ਰਿਹਾ ਸੀ।

ਤਰਕਾਲ ਸੰਧਿਆ ਦੀ ਕੁੱਖਾਂ 'ਚੋਂ ਉਤਰ ਰਹੀ ਕਾਲੀ ਬੋਲੀ ਰਾਤ ਦੇ ਇਸ ਵਾਤਾਵਰਨ ਵਿਚ ਬੜੇ ਹੀ ਮਧਮ ਤੇ ਸੂਖਮ ਜਿਹੇ ਚਾਨਣ ਦੀ ਭਾਹ ਹਰਿਮੰਦਰ ਸਾਹਿਬ ਭਵਨ ਦੇ ਚੌਹਾਂ ਹੀ ਦਰਵਾਜ਼ਿਆਂ ਦੇ ਵਿਚਕਾਰ ਲਟਕ ਰਹੇ ਪਰਦਿਆਂ 'ਚੋਂ ਦੀ ਭਵਨ ਦੁਆਲੇ ਬਣੀ ਹੋਈ ਛੋਟੀ ਪਰਕਰਮਾ ਤੇ ਉਸਦੇ ਆਸ ਪਾਸ ਦੇ ਸਰੋਵਰੀ ਜਲ ਨੂੰ ਬੜੇ ਹੀ ਪਤਲੇ ਜਿਹੇ ਰੂਪ ਵਿਚ ਆਪਣਾ ਨੂਰੀ ਪ੍ਰਭਾਵ ਵੰਡਦੀ ਹੋਈ ਆਪਣੇ ਚੌਫੇਰੇ ਛਾਉਣੋ ਪਾਉਂਦੀ ਤੁਰੇ ਜਾ ਰਹੇ ਗੂਹੜੇ ਕਾਲੇ ਹਨੇਰੇ ਨੂੰ ਇਸ ਪਰਕਾਰ ਦੀਆਂ ਸਮਝਾਉਣੀਆਂ ਦੇਂਦੀ ਹੋਈ ਪ੍ਰਤੀਤ ਹੋ ਰਹੀ ਸੀ।

'ਮੂਰਖਾ, ਚਾਨਣ ਦੇ ਸੰਸਾਰ ਸਾਹਮਣੇ, ਇਕ ਨਾ ਇਕ ਦਿਨ ਤਾਂ ਆਖਰ ਤੇਰੀ ਹੀ ਸ਼ਰਮਨਾਕ ਹਾਰ ਹੋਣੀ ਹੈ ਕਿਉਂਕਿ ਚਾਨਣ ਦੀ ਤਾਂ ਆਪਣੀ ਅਰੰਮੀ ਸੱਤਾ ਤੇ ਆਪਣੇ ਅੰਦਰ ਬਿਜਲਈ ਗਤੀ ਵਿਧੀਆਂ ਰਖੱਣ ਵਾਲੀ ਅਲੌਕਿਕ ਸ਼ਕਤੀ ਦਾ ਜੋ ਸਰੋਤ ਹੁੰਦਾ ਹੈ ਉਹ ਆਪਣਾ ਹੁੰਦਾ ਹੈ ਪਰ ਤੂੰ ਤਾਂ ਉਸਦੇ ਮੁਕਾਬਲੇ ਤੇ ਜਮਾਂਦਰੂ ਹੀ ਗਤੀ ਹੀਨ ਹੈਂ ਕਿਉਂਕਿ ਤੇਰੀ ਤਾਂ ਕੋਈ ਆਪਣੀ ਸੱਤਾ ਸਰੋਤ ਹੈ ਹੀ ਨਹੀਂ, ਚਾਨਣ ਤਾਂ ਇਕ ਜੀਉਂਦੀ ਜਾਗਦੀ ਤੇ ਕਰਮਸ਼ੀਲ ਸ਼ਕਤੀ ਦਾ ਬ੍ਰਹਿਮੰਡਕ ਪੱਧਰ ਉੱਪਰ ਵਹਿੰਦਾ ਹੋਇਆ ਅਮਰ ਨੂਰੀ ਚਸ਼ਮਾ ਹੈ ਜਦੋਂ ਕਿ ਤੇਰੀ ਹੋਂਦ ਉਸਦੇ ਟਾਕਰੇ ਵਿਚ ਬਿਲਕੁਲ ਹੀ ਬਾਂਝ ਤੇ ਮੁਰਦਾ ਹੈ। ਚਾਨਣ ਤਾਂ ਆਪਣੇ ਅੰਦਰ ਨੂਰੀ ਜਲਵੇ ਰਖੱਣ ਦੇ ਨਾਲ ਨਾਲ



ਅੱਗ ਭੱਖੜ ਝਲਾਉਣ ਦੇ ਵੀ ਸਮਰਥ ਹੁੰਦਾ ਹੈ ਜਦੋਂ ਕਿ ਤੂੰ ਸਿਰਫ ਇਕ ਸੁੰਨਸਾਨ ਵਾਤਾਵਰਣ ਦੇ ਪਸਾਰੇ ਦੇ ਰੂਪ ਤੋਂ ਵਧ ਹੋਰ ਕੁਝ ਵੀ ਨਹੀਂ। ਚਾਨਣ ਦੀ ਤਾਂ ਇਕ ਕਿਰਨ ਜਾਂ ਰਿਸ਼ਮ ਵਿਚ ਵੀ ਅਰਬਾਂ ਖਰਬਾਂ ਅਰਥਾਤ ਅਣਗਿਣਤ ਹੀ ਕਿਰਨਾਂ ਰਿਸ਼ਮਾਂ ਲਹਿਰਾਂ ਭਰੀਆਂ ਹੁੰਦੀਆਂ ਨੇ ਤੇ ਉਹ ਕੱਟਾਨ ਕੱਟ ਨਜ਼ਰਾਂ ਦੇ ਸਨਮੁਖ ਪਰਤੱਖ ਰੂਪ ਵਿਚ ਜਲਵਾ ਅਫਰੋਜ਼ ਹੁੰਦੀਆਂ ਨੇ, ਪਰ ਤੇਰੀ ਦੁਨੀਆਂ ਵਿਚ ਤਾਂ ਸਿਰਫ ਇਕ ਅਨ੍ਹਾਪਨ ਹੀ ਹੁੰਦਾ ਹੈ ਤੇ ਇਸ ਵਿਚ ਅੰਧਕਾਰ 'ਚ ਗਵਾਚੀ ਹੋਈ ਕਾਲੋਂ ਤੋਂ ਬਿਨਾ ਹੋਰ ਕੋਈ ਵੀ ਰੰਗ ਨਹੀਂ ਹੁੰਦਾ ਜਦੋਂ ਕਿ ਚਾਨਣ ਆਪਣੇ ਆਪ ਵਿਚ ਅਨੇਕ ਰੰਗਾਂ ਦਾ ਸਰਚਸ਼ਮਾ ਤੇ ਪਸਾਰਾ ਹੁੰਦਾ ਹੈ। ਇਥੋਂ ਤੱਕ ਕਿ ਚਾਨਣ ਤਾਂ ਆਪਣੇ ਆਪ ਵਿਚ ਭਿੰਨ ਭਿੰਨ ਰੋਸ਼ਨੀਆਂ ਰੰਗੀਨੀਆਂ ਦਾ ਜੀਉਂਦਾ ਜਾਗਦਾ ਮੁਸਕਾਉਂਦਾ ਚਮਕਾਂ ਦਮਕਾਂ ਨਾਲ ਭਰਪੂਰ ਤੇ ਹਸਦਾ ਖੇਡਦਾ ਹੋਇਆ ਇਕ ਵਸਦਾ ਰਸਦਾ ਸੰਸਾਰ ਹੈ।

'ਹਨ੍ਹੇਰਿਆ, ਤੇਰੀ ਤਾਂ ਆਪਣੀ ਹਸਤੀ ਵੀ ਆਜ਼ਾਦ ਤੇ ਸਵੈਚਾਲਕ ਨਹੀਂ ਇਸ ਲਈ ਜੇ ਤੇਰੇ ਅੰਨੇ ਕਾਲੇ ਬੋਲੇ ਤੇ ਅੰਧਕਾਰੀ ਪਰਛਾਵਿਆਂ ਦੀ ਕਾਲੋਂ ਚਾਨਣ ਦੇ ਵਾਤਾਵਰਨ ਉੱਪਰ ਛਾਈ ਵੀ ਹੋਵੇ ਤਾਂ ਉਸ ਹਾਲਤ ਵਿਚ ਵੀ ਤੂੰ ਚਾਨਣ ਦੇ ਪ੍ਰਭਾਵ ਨੂੰ ਸਮੂਲਚੇ ਰੂਪ ਵਿਚ ਖਾਣ ਤੋਂ ਉਕਾ ਹੀ ਅਸਮਰਥ ਹੁੰਦਾ ਹੈਂ। ਕੀ ਤੈਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਕਿ ਚਾਨਣ ਦੀ ਇਕ ਕਿਰਨ ਤੇ ਰਿਸ਼ਮ ਵਿਚ ਏਨੀ ਪ੍ਰਬਲ ਤੇ ਪਰਚੰਡ ਸ਼ਕਤੀ ਹੁੰਦੀ ਹੈ ਕਿ ਇਹ ਉਹ ਘੁਪ ਹਨੇਰਿਆਂ ਦੇ ਪ੍ਰਲਾਤੀ ਸੰਸਾਰ ਦੇ ਸੀਨੇ ਵਿਚ ਛੇਕ ਪਾਉਣ ਤੇ ਉਸਨੂੰ ਦਵਾਤ ਕਰਕੇ ਦਵਾਂਕ ਬਨਾਉਣ ਦੇ ਸਮਰੱਥ ਹੁੰਦੀ ਹੈ। ਇਸ ਵਾਸਤੇ ਉਹੀ ਹਸਤੀ ਮਨੁੱਖੀ ਨਜ਼ਰਾਂ ਵਿਚ ਬਨੇਰੇ ਉੱਪਰ ਬੈਠੇ ਹੋਏ ਕਾਗ ਅਰਥਾਤ ਕਾਂ ਤੋਂ ਵਧ ਕੁਝ ਵੀ ਨਹੀਂ, ਜਿਸ ਨੂੰ ਉਡਾਉਣ ਲਈ ਸਿਰਫ ਹੱਥ ਤੇ ਨਜ਼ਰ ਦੇ ਇਕ ਇਸ਼ਾਰੇ ਦੀ ਹੀ ਲੋੜ ਹੁੰਦੀ ਹੈ।

ਚਾਨਣ ਦੀ ਉਸ ਨੂਰੀ ਭਾਹ ਨੂੰ ਹਨੇਰੇ ਦਾ ਅੱਗੋਂ ਇਹ ਉੱਤਰ ਲਗਦਾ ਸੀ, 'ਭੋਲੀਏ ਨੂਰੀ ਕਿਰਨੇ, ਤੂੰ ਸੱਚ ਮੁਚ ਹੀ ਬੜੀ ਭੋਲੀ ਏਂ। ਤੈਨੂੰ ਪਤਾ ਹੋਣਾ ਚਾਹੀਦਾ ਕਿ ਜਿਸ ਸਮੇਂ ਮੈਂ ਕਿਸੇ ਕੌਮ ਜਾਂ ਮਨੁੱਖੀ ਸਮਾਜ ਦੇ ਕਿਸੇ ਭਾਗ ਨੂੰ ਆਪਣੇ ਪਸਾਰੇ ਅੰਦਰਲੀ ਅੰਧਕਾਰ ਦੇ ਝਖੜਾਂ ਨਾਲ ਭਰਪੂਰ ਸ਼ਕਤੀ ਦਾ ਵਰਾਟ ਰੂਪ ਵਖਾਉਣਾ ਹੁੰਦਾ ਹੈ ਤਾਂ ਉਸ ਸਮੇਂ ਮੈਂ ਅੱਗ ਭਖੜਾਂ ਦੇ ਸੰਸਾਰ ਨੂੰ ਆਪਣਾ ਮਿੱਤਰ ਬਣਾ ਲੈਂਦਾ ਹਾਂ।

ਮੈਨੂੰ ਤੇਰੀ ਇਸ ਗੱਲ ਨਾਲ ਕੋਈ ਵਾਸਤਾ ਨਹੀਂ ਕਿ ਮੇਰੀ ਕੋਈ ਆਪਣੀ ਸਰੋਤ ਸ਼ਕਤੀ ਪਸਾਰ ਸੱਤਾ ਜਾਂ ਗਤੀ ਸ਼ੀਲਤਾ ਹੈ ਕਿ ਨਹੀਂ ਹੈ ਪਰ ਮੈਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਨਾਲ ਇਲਮ ਹੈ ਕਿ ਜਿੰਨੇ ਚਿਰ ਤੱਕ ਮਨੁਖ ਸਮਾਜ ਜਾਂ ਕਿਸੇ ਕੌਮ ਅੰਦਰ ਢਾਹੁਣ ਵਾਲੀਆਂ ਹਸਤੀਆਂ ਸ਼ਕਤੀਆਂ ਕਾਇਮ ਰਹਿਣਗੀਆਂ ਉਸ ਸਮੇਂ ਤੱਕ ਮੈਂ ਉਹਨਾਂ ਦੇ ਖੰਭਾਂ ਸਦਕਾ ਤੇਰੇ ਨੂਰੀ ਜਲਵਿਆਂ ਉੱਪਰ ਛਾਇਆ ਹੀ ਰਹਾਂਗਾ ਅਤੇ ਤੇਰੇ ਨਾਲ ਮੇਲ ਸਮੇਲ ਤੇ ਪੱਕੀ ਪੀਡੀ ਸਾਂਝ ਭਿਆਲੀ ਰਖੱਣ ਵਾਲੇ ਚਾਨਣ ਦੇ ਵਣਜਾਰਿਆਂ ਨੂੰ ਜੀਅ ਭਰਕੇ ਨਿਰਾਲਦਾ ਹੀ ਰਹਾਂਗਾ। ਇਸ ਲਈ ਜਿੰਨੇ ਚਿਰ ਤੱਕ ਅੰਧਕਾਰ ਨਾਲ ਮੋਹ ਰਖੱਣ ਵਾਲੀਆਂ ਅਤੇ ਹੋਰ ਹਨੇਰੇ ਪੱਖਾਂ ਨੂੰ ਉਤਸ਼ਾਹਤ ਕਰਨ ਵਾਲੀਆਂ ਸੋਚਾਂ ਤੇ ਨੀਤੀਆਂ ਨੂੰ ਜਨਮ ਦੇਣ ਵਾਲੇ ਦਿਮਾਗ ਸਲਾਮਤ ਨੇ ਉਸ ਸਮੇਂ ਤੱਕ ਮੈਂ ਆਪਣੀ ਦੁਨੀਆਂ ਦਾ ਆਪ ਮਾਲਕ ਹਾਂ ਤੇ ਉਸ ਵਿਚ ਮੇਰੀ ਹੀ ਮਰਜ਼ੀ ਦਾ ਸਿੱਕਾ ਚਲੇਗਾ।

ਚੌਹ ਪਾਸੀਂ ਵਿਆਪਕ ਰੂਪ ਵਿਚ ਫੈਲਦੇ ਜਾ ਰਹੇ ਤੇ ਗੂਹੜੇ ਹੁੰਦੇ ਜਾ ਰਹੇ ਸੰਘਣੇ ਹਨੇਰੇ ਦੇ ਇਸ ਵਾਤਾਵਰਨ ਵਿਚ ਭਾਰਤੀ ਫੌਜ ਦੇ ਲਸ਼ਕਰ ਤੇ ਬਾਰੂਦ ਦੇ ਢੇਰਾਂ ਨਾਲ ਘਿਰੇ ਹੋਏ ਹਰਿਮੰਦਰ ਸਾਹਿਬ

ਅੰਦਰ ਵਿਗਸ ਰਹੀ ਲੋਅ ਵਿਚ ਅਲਾਹੀ ਬਾਣੀ ਦੇ ਕੀਰਤਨ ਦਾ ਪਰਵਾਹ ਫਿਰ ਵੀ ਨਿਰੰਤਰ ਰੂਪ 'ਚ ਚੱਲ ਰਿਹਾ ਸੀ ਅਤੇ ਸੰਗਤਾਂ ਦੇ ਨਾਲ ਨਾਲ ਰਾਗੀ ਸਿੰਘ ਗ੍ਰੰਥੀ ਸਿੰਘ ਤੇ ਸੇਵਾਦਾਰ ਆਪਣੀ ਆਪਣੀ ਥਾਂ ਤੇ ਮਰਯਾਦਾ ਪੂਰਵਕ ਢੰਗ ਨਾਲ ਬਰਾਜਮਾਨ ਸਨ।

ਭਾਰਤੀ ਫੌਜ ਵੱਲੋਂ ਸਾਰਾ ਦਿਨ ਕੰਪਲੈਕਸ ਉੱਪਰ ਤੋਪਾਂ ਦੀ ਗੋਲਾ ਬਾਰੀ ਤੇ ਮਸ਼ੀਨ ਗੰਨਾਂ ਦੀ ਤਾਬੜ ਤੋੜ ਰੂਪ 'ਚ ਫਾਇਰਿੰਗ ਹੁੰਦੀ ਰਹਿਣ ਦੇ ਬਾਵਜੂਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਆਪਣੇ ਆਸਨ ਸਿੰਘਾਸਣ ਉੱਪਰ ਸੁਭਾਇਮਾਨ ਸੀ ਅਤੇ ਰਾਗੀ ਸਿੰਘ ਗ੍ਰੰਥੀ ਸਿੰਘ ਤੇ ਟਹਿਲੀਏ ਸਿੰਘ ਮਹਾਰਾਜ ਦੀ ਹਜ਼ੂਰੀ ਵਿਚ ਆਪੋ ਆਪਣੀ ਸੇਵਾ ਬੜੀ ਹੀ ਸ਼ਲਗਨਤਾ ਨਾਲ ਨਿਭਾ ਰਹੇ ਸਨ। ਗਿਆਨੀ ਪੂਰਨ ਸਿੰਘ, ਜੋ ਸ੍ਰੀ ਹਰਿਮੰਦਰ ਸਾਹਿਬ ਦੇ ਮੁਖ ਗ੍ਰੰਥੀ ਸਿੰਘਾਂ 'ਚੋਂ ਸਨ, ਉਹ ਤਾਂ ਗੁਰਘਰ ਦੀ ਮਰਯਾਦਾ ਦਾ ਪਾਲਣ ਕਰਨ ਦੇ ਮਨੋਰਥ ਨਾਲ ਉਸ ਖਤਰਿਆਂ ਭਰਪੂਰ ਵਾਤਾਵਰਨ ਵਿਚ ਵੀ ਭਵਨ ਦੇ ਅੰਦਰ ਤੇ ਬਾਹਰ ਸਭ ਗੱਲਾਂ ਦਾ ਖਿਆਲ ਰੱਖਣ ਕਰਨ ਆਪਣੀ ਸੇਵਾ ਇਸਤਰਾਂ ਨਿਭਾ ਰਹੇ ਸਨ ਜਿਸਤਰਾਂ ਜੁਝਾਰੂ ਸਿੰਘ ਆਪੋ ਆਪਣੇ ਮੋਰਚਿਆਂ ਵਿਚ ਬੈਠੇ ਹੋਏ ਆਪਣੀ ਆਪਣੀ ਸੇਵਾ ਨਿਭਾ ਰਹੇ ਸਨ।

ਦੂਸਰੇ ਪਾਸੇ ਦਰਬਾਰ ਸਾਹਿਬ ਕੰਪਲੈਕਸ ਦੇ ਵੱਖ ਵੱਖ ਭਾਗਾਂ ਵਿਚ ਕੰਪਲੈਕਸ ਉੱਪਰ ਫੌਜੀ ਹਮਲੇ ਦੀ ਪੂਰੀ ਪੂਰੀ ਸੰਭਾਵਨਾ ਹੁੰਦਿਆਂ ਹੋਇਆਂ ਵੀ ਸੰਗਤਾਂ ਤੇ ਸਿੰਘਾਂ ਵਿਚਕਾਰ ਇਸਤਰਾਂ ਦੀਆਂ ਗੱਲਾਂ ਇਕ ਪਰਕਾਰ ਨਾਲ ਖੁੱਲੀ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਸਨ,

'ਹੋ ਸਕਦਾ ਹੈ ਕਿ ਅੱਜ ਵੀ ਫੌਜ ਕੱਲ ਰਾਤ ਦੀ ਤਰ੍ਹਾਂ ਦਰਬਾਰ ਸਾਹਿਬ ਅੰਦਰ ਦਾਖਲ ਹੋਣ ਦੀ ਦਲੇਰੀ ਨਾ ਕਰੇ ਕਿਉਂਕਿ ਸਿੰਘਾਂ ਨੇ ਅੱਜ ਆਪਣੇ ਮਨੋ ਬਲ ਤੇ ਬਾਹੂਬਲ ਸਦਕਾ ਫੌਜ ਨੂੰ ਜੋ ਲੋਹੇ ਦੇ ਚਣੇ ਚਬਾਏ ਨੇ ਉਸਨੇ ਫੌਜੀ ਅਫਸਰਾਂ ਉੱਪਰ ਇਹ ਗੱਲ ਸਪਸ਼ਟ ਕਰ ਦਿੱਤੀ ਹੈ ਕਿ ਅਗਲੇ ਪਾਸੇ ਵੀ ਦਸਮ ਪਿਤਾ ਦੇ ਸਿੰਘ ਨੇ। ਇਸ ਲਈ ਹੋ ਸਕਦਾ ਹੈ ਕਿ ਦਰਬਾਰ ਸਾਹਿਬ ਉੱਪਰ ਫੌਜ ਦਾ ਹਮਲਾ ਇਕ ਦੋ ਦਿਨ ਹੋਰ ਪਿਛੇ ਪੈ ਜਾਵੇ।

ਕੰਪਲੈਕਸ ਦੇ ਅੰਦਰ ਅਜੇ ਵੱਖ ਵੱਖ ਪੱਖਾਂ ਬਾਰੇ ਵੱਖ ਵੱਖ ਪਹਿਲੂਆਂ ਤੋਂ ਤਰ੍ਹਾਂ ਤਰ੍ਹਾਂ ਦੇ ਅੰਦਾਜ਼ੇ ਲਾਏ ਹੀ ਜਾ ਰਹੇ ਤੇ ਕਿਆਸ ਅਰਾਈਆਂ ਕੀਤੀਆਂ ਹੀ ਜਾ ਰਹੀਆਂ ਸਨ ਕਿ ਕੰਪਲੈਕਸ ਉੱਪਰ ਫਿਰ ਗੋਲਾ ਬਾਰੀ ਸ਼ੁਰੂ ਹੋ ਗਈ ਅਤੇ ਇਸਦੇ ਨਾਲ ਹੀ ਅੱਗ ਲਾਉਣ ਵਾਲੇ ਗੋਲਿਆਂ ਤੇ ਗੈਸੀ ਗੋਲਿਆਂ ਦੀ ਵਰਖਾ ਨੇ ਵਿਆਪਕ ਰੂਪ ਵਿਚ ਆਪਣਾ ਰੰਗ ਵਖਾਉਣਾ ਸ਼ੁਰੂ ਕਰ ਦਿੱਤਾ। ਉਸ ਸਮੇਂ ਮੈਂ ਤੇ ਮੇਰਾ ਸਾਥ ਦੇ ਰਹੇ ਕੁਝ ਇਕ ਹੋਰ ਸਿੰਘ ਗੁਰੂ ਨਾਨਕ ਨਿਵਾਸ ਦੀ ਦੂਸਰੀ ਮੰਜ਼ਲ ਉਪਰਲੇ ਹਿਫਾਜ਼ਤੀ ਮੋਰਚਿਆਂ ਦੇ ਨਜ਼ਦੀਕ ਤਿਆਰ ਬਰ ਤਿਆਰ ਰੂਪ ਵਿਚ ਬੈਠੇ ਖਲੋਤੇ ਹੋਏ ਨੌਜਵਾਨਾਂ ਨਾਲ ਆਉਣ ਵਾਲੇ ਸਮੇਂ ਦਾ ਯਥਾ ਸ਼ਕਤ ਰੂਪ ਵਿਚ ਟਾਕਰਾ ਕਰਨ ਸਬੰਧੀ ਗੱਲਾਂ ਬਾਤਾਂ ਤੇ ਸਲਾਹ ਮਸ਼ਵਰਾ ਕਰ ਰਹੇ ਸਾਂ।

ਤੋਪ ਗੋਲਿਆਂ ਨੇ ਸਭ ਤੋਂ ਪਹਿਲਾਂ ਬੁਰਜ ਜੱਸਾ ਸਿੰਘ ਆਹਲੂਵਾਲੀਆ ਤੇ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਤਾਬੜ ਤੋੜ ਰੂਪ 'ਚ ਵਰ੍ਹਨਾ ਸ਼ੁਰੂ ਕੀਤਾ ਅਤੇ ਫਿਰ ਬਾਅਦ ਵਿਚ ਗੁਰੂ ਰਾਮਦਾਸ ਲੰਗਰ ਨੂੰ ਨਿਸ਼ਾਨਾ ਬਣਾਇਆ ਗਿਆ। ਕੁਝ ਛਿਣਾਂ ਪਲਾਂ ਵਿਚ ਹੀ ਕੰਪਲੈਕਸ ਦਾ ਸਮੁੱਚਾ ਵਾਤਾਵਰਨ ਬਾਰੂਦੀ ਅੱਗ ਦੀ ਮਾਰ ਹੇਠ ਆ ਗਿਆ ਸੀ ਜਿਸ ਕਰਕੇ ਜਿਧਰ ਵੀ ਨਜ਼ਰ ਪੈਂਦੀ ਉਸ ਪਾਸੇ ਪਰਲੋ ਦੇ ਹੀ ਦ੍ਰਿਸ਼ ਦਿਖਾਈ ਦੇ ਰਹੇ ਸਨ। ਕੰਪਲੈਕਸ ਦੇ ਅੰਦਰ ਚੌਫੇਰੇ ਹੀ ਆਤਸ਼ਫਸ਼ਾਂ ਪਹਾੜ ਫਟਦੇ ਤੇ ਅੱਗ ਭਾਬੜਾਂ ਦੇ ਰੂਪ ਵਿਚ ਲਾਟਾਂ ਸੁੱਟਦੇ ਹੋਏ ਦਿਸ ਰਹੇ ਸਨ।



ਸਭ ਤੋਂ ਪਹਿਲਾਂ ਜਦੋਂ ਤੋਪਾਂ ਦੇ ਗੋਲੇ ਬੁਰਜ ਜੱਸਾ ਸਿੰਘ ਆਹਲੂਵਾਲੀਆ ਅਤੇ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਵਰ੍ਹਨੇ ਸ਼ੁਰੂ ਹੋਏ ਤਾਂ ਉਸ ਸਮੇਂ ਇਸਤਰਾਂ ਜਾਪਦਾ ਸੀ ਕਿ ਜਿਵੇਂ ਅੱਗ ਦੇ ਇਹ ਚੰਗਿਆੜਦੇ ਹੋਏ ਹਾਥੀ ਜਾਂ ਇਉਂ ਕਹਿ ਲਉ ਕਿ ਜਿੰਨ ਭੂਤ ਕੁਝ ਛਿਣਾਂ ਦੇ ਵਿਚ ਵਿਚ ਹੀ ਉਹਨਾਂ ਦੇ ਵਜੂਦ ਨੂੰ ਨੀਹਾਂ ਤਕ ਸਮੂਲਚਿਆਂ ਹੀ ਖਾ ਜਾਣਗੇ ਅਤੇ ਉਹਨਾਂ ਬੁਰਜਾਂ ਕਿਲਿਆਂ ਦੀ ਰਹਿੰਦ ਖੂੰਹਦ ਨੂੰ ਇੱਟਾਂ ਰੋੜਿਆਂ ਤੇ ਮਿੱਟੀ ਘੱਟੇ ਦੇ ਢੇਰਾਂ ਦੇ ਰੂਪ ਵਿਚ ਧਰਤੀ ਉੱਪਰ ਵਿਛਾ ਦੇਣਗੇ। ਪਰ ਜਦ ਭਾਰਤੀ ਫੌਜ ਦੇ ਤੋਪ ਖਾਨੇ ਵੱਲੋਂ ਸਿੰਘਾਂ ਦੇ ਮੋਰਚਿਆਂ ਨੂੰ ਢਹਿਢੇਰੀ ਕਰਨ ਦੇ ਨਿਸ਼ਾਨੇ ਨਾਲ ਬੁਰਜ ਜੱਸਾ ਸਿੰਘ ਆਹਲੂਵਾਲੀਆ ਉੱਪਰ ਗੋਲੇ ਦਾਗੇ ਜਾ ਰਹੇ ਸਨ ਤਾਂ ਉਸ ਸਮੇਂ ਗੋਲਾ ਲੱਗਣ ਵਾਲੀ ਥਾਂ ਦੇ ਅੰਦਰਲੇ ਪਾਸਿਓਂ ਅੱਗ ਵਿਚ ਵਲੇਟੇ ਹੋਏ ਸੁਰਖ ਤੇ ਲਾਲ-ਕਾਲੇ ਧੂੰਏਂ ਦਾ ਇਕ ਭਖਤ-ਵਰੋਲਾ ਆਕਾਸ਼ ਵੱਲ ਨੂੰ ਉਡਦਾ ਲਹਿਰਾਉਂਦਾ ਫੈਲਦਾ ਤੇ ਉਲਟ ਬਾਜ਼ੀਆਂ ਖੇਡਦਾ ਹੋਇਆ ਤਾਂ ਨਜ਼ਰੀ ਪੈਂਦਾ ਸੀ, ਪਰ ਗੋਲਾ ਲੱਗਣ ਵਾਲੀ ਥਾਂ ਦੇ ਆਸਿਓਂ ਪਾਸਿਓਂ ਚਿਲਾ ਦਿੜਾ ਡਿਗਣ ਜਾਂ ਕਿਸੇ ਤਰ੍ਹਾਂ ਦੀ ਢਲਵਾਨ ਦੇ ਕੋਈ ਆਸਾਰ ਨਜ਼ਰੀ ਨਹੀ ਸਨ ਪੈਂਦੇ ਜਿਸ ਕਰਕੇ ਇਹ ਬੁਰਜ ਬਹੁਤ ਹੱਦ ਤੱਕ ਨੌ ਬਰ ਨੌ ਰੂਪ ਵਿਚ ਆਪਣੀਆਂ ਬੁਨਿਆਦਾਂ ਉੱਪਰ ਸਾਬਤ ਕਦਮੀ ਨਾਲ ਖਲੋਤੇ ਹੋਏ ਭਾਰਤੀ ਤੋਪ ਖਾਨਿਆਂ ਦੀ ਸ਼ਕਤੀ ਦਾ ਮੂੰਹ ਚੜਾਉਂਦੇ ਹੋਏ ਉਸਨੂੰ ਵੰਗਾਰ ਰਹੇ ਸਨ। ਇਨ੍ਹਾਂ ਬੁਰਜਾਂ ਦਾ ਆਕਾਰ ਭਾਵੇਂ ਥਾਂ ਥਾਂ ਤੋਂ ਮਰਿਆਂ ਮਧੋਰਿਆਂ ਨਾਲ ਪੁਰਨਿਆਂ ਜਾ ਚੁੱਕਾ ਸੀ ਪਰ ਉਹਨਾਂ ਦਾ ਸੀਨਾ ਆਪਣੇ ਅੰਦਰਲੀ ਫੌਲਾਦੀ ਸ਼ਕਤੀ ਦੇ ਕਾਰਨ ਆਪਣੇ ਪਹਿਲੇ ਹੀ ਜਲਵੇ ਨਾਲ ਤਣਿਆ ਹੋਇਆ ਸੀ।

ਜਦ ਇਹਨਾਂ ਖਾਲਸਾ ਪੰਥ ਦੀ ਚੜ੍ਹਦੀ ਕਲਾ ਤੇ ਖਾਲਸਾ ਪੰਥ ਦੇ ਬੋਲਬਾਲੇ ਦੇ ਦੌਰ ਦੀ ਯਾਦ ਦਵਾ ਰਹੇ ਬੁਰਜਾਂ ਉੱਪਰ ਪੈ ਦਰ ਪੈ ਰੂਪ ਵਿਚ ਗੋਲੇ ਵਰ੍ਹ ਰਹੇ ਸਨ ਤਾਂ ਉਸ ਸਮੇਂ ਹਰ ਵੇਖਣ ਵਾਲੇ ਨੂੰ ਇਸਤਰਾਂ ਜਾਪ ਰਿਹਾ ਸੀ ਕਿ ਜਿਵੇਂ ਇਹ ਬੁਰਜ ਐਵੇਂ ਘੜੀ ਪਲ ਦੇ ਹੀ ਪ੍ਰਾਹੁਣੇ ਹੁੰਦੇ ਹਨ ਤੇ ਦੋ ਚਾਰ ਸੱਟਾਂ ਹੋਰ ਖਾਣ ਤੋਂ ਬਾਅਦ ਐਨ ਵਿਚਕਾਰਿਓਂ ਟੁੱਟ ਕੇ ਮਿੱਟੀ ਘੱਟੇ ਤੇ ਇੱਟਾਂ ਰੋੜਿਆਂ ਦਾ ਢੇਰ ਬਣ ਜਾਣਗੇ ਅਤੇ ਇਨ੍ਹਾਂ ਦੀਆਂ ਨੀਹਾਂ ਉੱਪਰ ਢਲਵਾਨ ਦੇ ਰੂਪ ਵਿਚ ਕਾਇਮ ਰਹਿ ਜਾਣ ਵਾਲੀ ਬੁਰਜੀ ਬਹੁਤ ਉਸਾਰੀ ਪੰਥ ਸਾਹਮਣੇ ਇਨ੍ਹਾਂ ਦੇ ਖੰਡਰ ਹੋਣ ਦੀ ਦਸਤਾਨ ਨੂੰ ਦਹਰਾਉਂਦੀ ਰਹੇਗੀ। ਪਰ ਇਹ ਦੋਹਵੇਂ ਬੁਰਜ ਆਪਣੇ ਆਪ ਵਿਚ ਏਨੇ ਮਜ਼ਬੂਤ ਪਾਏਦਾਰ ਤੇ ਸਿਰੜੀ ਸਾਬਤ ਹੋਏ ਕਿ ਇਨ੍ਹਾਂ ਉੱਪਰ ਸਿੰਘਾਂ ਵਲੋਂ ਬੜੀ ਮੇਹਨਤ ਹਿਕਮਤ ਅਮਲੀ ਤੇ ਲਗਨ ਨਾਲ ਕਾਇਮ ਕੀਤੇ ਹੋਏ ਮੋਰਚੇ ਤਾਂ ਮੁਕੰਮਲ ਤੌਰ 'ਤੇ ਤਬਾਹ ਬਰਬਾਦ ਹੋ ਗਏ ਸਨ ਪਰ ਇਨ੍ਹਾਂ ਦੇ ਕਦਮਾਂ ਵਿਚ ਕਿਸੇ ਤਰ੍ਹਾਂ ਦੀ ਕੋਈ ਲਰਜ਼ਸ਼ ਨਹੀਂ ਸੀ ਆਈ ਲਗਦੀ।

ਤੋਪਾਂ ਗੋਲਿਆਂ ਦੇ ਮੁਕਾਬਲੇ ਇਨ੍ਹਾਂ ਬੁਰਜਾਂ ਦੀ ਸਿਰੜ ਮਜ਼ਬੂਤ ਤੇ ਸਾਬਤ ਕਦਮੀ ਨੂੰ ਵੇਖਕੇ ਮੈਂ ਆਪਣੇ ਆਪ ਵਿਚ ਇਹ ਸੋਚ ਰਿਹਾ ਸਾਂ ਕਿ 'ਜੇ ਇਉਂ ਖਾਲਸਾ ਪੰਥ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਦੇ ਸਿਰ ਸਦਕਾ ਰਾਜ ਭਾਗ ਕਾਇਮ ਕਰਨ ਵਾਲੇ ਉਸ ਦੌਰ ਦੇ ਸਿੱਖ ਰਾਜਿਆਂ ਮਹਾਰਾਜਿਆਂ ਨੇ ਖਾਲਸਾ ਰਾਜ ਦੀਆਂ ਨੀਹਾਂ ਤੇ ਉਸਾਰੀ ਨੂੰ ਵੀ ਏਨੀ ਹੀ ਕਰੜਾਈ, ਪਕਿਆਈ ਤੇ ਮਜ਼ਬੂਤੀ ਨਾਲ ਕਾਇਮ ਕੀਤਾ ਤੇ ਉਸਾਰਿਆ ਹੁੰਦਾ ਤਾਂ ਅੱਜ ਖਾਲਸਾ ਪੰਥ ਦੀ ਆਪਣੀ ਅਤੇ ਇਤਿਹਾਸਕ ਗੁਰਧਾਮਾਂ ਸਿੱਖ ਸਭਿਆਚਾਰ ਸਿੱਖ ਇਤਿਹਾਸ ਅਤੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਤੇ ਖਾਲਸਾ ਪੰਥ ਦੀ ਜਨਮ ਭੂਮੀ ਦਾ ਰੰਗ ਰੂਪ ਤੇ ਜਲਵਾ ਹੀ ਕੁਝ ਹੋਰ ਹੁੰਦਾ। ਮੇਰੇ ਮਨ ਵਿਚ ਇਹ ਵਿਚਾਰ ਬਾਰ ਬਾਰ ਆ ਰਿਹਾ ਸੀ ਕਿ 'ਜੇ ਕੌਮੀ ਇਮਾਰਤਾਂ ਦੀ ਤਾਮੀਰ ਸਮੇਂ ਈਮਾਨਦਾਰੀ ਤੇ ਸੰਜੀਦਗੀ ਦੀ ਲੋੜ ਹੁੰਦੀ ਹੈ ਤਾਂ ਰਾਜ ਭਾਗ ਦੀ ਕਾਇਮੀ ਤੇ ਉਸਾਰੀ ਦੇ ਸਬੰਧ ਵਿਚ ਵੀ ਪੂਰਨ

ਈਮਾਨਦਾਰੀ, ਸੰਜੀਦਗੀ ਲਗਨ ਤੇ ਸੁਦ੍ਰਿੜਤਾ ਦੀ ਲੋੜ ਹੁੰਦੀ ਹੈ, ਕਿਉਂਕਿ ਰਾਜ ਭਾਗ ਨੂੰ ਕਾਇਮ ਕਰਨ ਵਿਚ ਲੱਖਾਂ ਸ਼ਹੀਦਾਂ ਕੌਮੀ ਪਰਵਾਨਿਆਂ ਅਤੇ ਆਪਣੇ ਆਪ ਵਿਚ ਅਨੰਤ ਤਸੀਹੇ ਝਲਣ ਤੇ ਜਵਰ ਜਾਲਣ ਵਾਲਿਆਂ ਦੇ ਲਹੂ ਮਾਸ ਤੇ ਹੱਡੀਆਂ ਦਾ ਹਿਸਾ ਹੁੰਦਾ ਹੈ ਜੇ ਸਿਖ ਰਿਆਸਤਾਂ ਅਤੇ ਖਾਲਸਾ ਰਾਜ ਦੇ ਦੌਰ ਦੌਰਾਨ ਸਿਖ ਕੌਮ ਅੰਦਰ ਗੁਰੂ ਸਾਹਿਬ ਦੇ ਸੰਕਲਪਾਂ, ਟੀਚਿਆਂ ਨਿਸ਼ਾਨਿਆਂ ਅਤੇ ਪੰਥਕ ਸਿਧਾਂਤ ਤੇ ਰਵਾਇਤਾਂ ਨੂੰ ਅਮਲੀ ਰੂਪ ਵਿਚ ਪਰਚਾਰਿਆ ਸੰਚਾਰਿਆ ਤੇ ਉਜਾਗਰ ਕੀਤਾ ਹੁੰਦਾ ਅਤੇ ਰਾਜ ਭਾਗ ਦੇ ਖੇਤਰ ਵਿਚ ਪ੍ਰਤਖ ਤੇ ਵਿਆਪਕ ਤੌਰ ਤੇ ਲਾਗੂ ਕੀਤਾ ਹੁੰਦਾ ਤਾਂ ਉਸ ਹਾਲਤ ਵਿਚ ਅੱਜ ਸਿਖ ਕੌਮ ਦੀ ਆਨ ਸ਼ਾਨ ਤੇ ਚੜ੍ਹਤ ਹੱਦ ਦਰਜੇ ਤੱਕ ਦੇ ਸੁੰਦਰ ਤੇ ਬਲਵਾਨ ਰੂਪ ਵਿਚ ਨਰਾਲੀ ਤੇ ਵਲਖਣ ਹੁੰਦੀ।

ਬੁਰਜ ਜੱਸਾ ਸਿੰਘ ਆਹਲੂਵਾਲੀਆ ਅਤੇ ਗੁਰੂ ਰਾਮ ਦਾਸ ਲੰਗਰ ਉੱਪਰ ਤੋਪਾਂ ਦੇ ਸਿੱਧੇ ਗੋਲੇ ਜਲ੍ਹਿਆਂਵਾਲਾ ਬਾਗ ਤੇ ਉਸਦੇ ਆਲੇ ਦੁਆਲੇ ਦੇ ਫੌਜੀ ਮੋਰਚਿਆਂ ਵਲੋਂ ਅੱਗ ਵਰ੍ਹਾ ਰਹੇ ਸਨ ਜਦੋਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਤੇ ਇਸਦੇ ਆਸ ਪਾਸ ਦੇ ਮੋਰਚਿਆਂ ਉੱਤੇ ਕਟੜਾ ਆਹਲੂ ਵਾਲੀਆ ਕੋਤਵਾਲੀ ਤੇ ਚੌਕ ਮਲਕਾ ਆਦਿ ਵਲੋਂ ਵੀ ਜੰਗੀ ਪੱਧਰ 'ਤੇ ਗੋਲੇ ਸੁੱਟੇ ਤੇ ਦਾਗੇ ਜਾ ਰਹੇ ਸਨ।

ਵੇਖਦਿਆਂ ਹੀ ਵੇਖਦਿਆਂ ਕੰਪਲੈਕਸ ਦੇ ਸਮੁੱਚੇ ਵਾਤਾਵਰਨ ਦੀ ਦਸ਼ਾ ਇਹ ਜੇਹੀ ਹੋ ਗਈ ਸੀ ਕਿ ਜਿਵੇਂ ਗੁਰੂ ਰਾਮਦਾਸ ਲੰਗਰ ਦਰਬਾਰ ਸਾਹਿਬ ਦੀ ਪਰਕਰਮਾ ਤੇ ਇਸਦੇ ਆਲੇ ਦੁਆਲੇ ਦੀ ਫਜ਼ਾ ਥਾਂ ਪੁਰ ਮੱਚ ਉੱਠੇ ਅੱਗ ਭਾਂਬੜਾਂ ਦੀ ਰੋਸ਼ਨੀ ਨਾਲ ਭਰੀ ਹੋਈ ਹੁੰਦੀ ਹੈ ਕਿਉਂਕਿ ਹੁਣ ਤਾਂ ਚੌਕ ਪਰਾਗ ਦਾਸ ਤੇ ਸੁਲਤਾਨ ਵਿੰਡ ਦਰਵਾਜ਼ੇ ਵਲੋਂ ਵੀ ਤੋਪੀ ਗੋਲੇ ਵਰ੍ਹਨੇ ਸ਼ੁਰੂ ਹੋ ਚੁਕੇ ਸਨ।

ਮੰਜੀ ਸਾਹਿਬ ਦੀਵਾਨ ਹਾਲ ਤੇ ਗੁਰੂ ਰਾਮਦਾਸ ਲੰਗਰ ਤੋਂ ਲੈਕੇ ਦਰਬਾਰ ਸਾਹਿਬ ਦੀ ਪਰਕਰਮਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਦੇ ਸਮੁੱਚੇ ਭਾਗ ਦੀ ਇਹ ਹਾਲਤ ਸੀ, ਜਿਵੇਂ ਇਹ ਸਮੁੱਚਾ ਭਾਗ ਅਕਾਸ਼ੀ ਬਿਜਲੀਆਂ ਦੀ ਤਾਬੜ ਤੋੜ ਮਾਰ ਹੇਠ ਆ ਗਿਆ ਹੁੰਦਾ ਹੈ।

ਗੈਸੀ ਗੋਲੇ ਅੱਗ ਵਰ੍ਹਾਉਣ ਵਾਲੇ ਗੋਲੇ, ਵੱਡੀਆਂ ਤੇ ਮੀਡੀਅਮ ਸਾਈਜ਼ ਦੀਆਂ ਤੋਪਾਂ ਦੇ ਗੋਲੇ, ਆਕਾਸ਼ੀ ਵਾਯੂ ਮੰਡਲ ਨੂੰ ਰੌਸ਼ਨੀ ਨਾਲ ਭਰਨ ਵਾਲੇ ਗੋਲੇ, ਵਡੀਆਂ ਛੋਟੀਆਂ ਮਸ਼ੀਨ ਗੰਨਾਂ, ਐੱਸ ਐੱਲ ਆਰਜ਼ ਰਾਕਟ ਲਾਂਚਰਜ਼ ਤੇ ਕਾਰਬਾਈਨਜ਼ ਆਦਿ ਅੱਗ ਤੇ ਤਬਾਹੀ ਦੀਆਂ ਸਭ ਸ਼ਕਤੀਆਂ ਤਾਬੜ ਤੋੜ ਰੂਪ ਵਿਚ ਮਾਰੋ ਮਾਰ ਕਰ ਰਹੀਆਂ ਸਨ।

ਲਗਪਗ ਪੂਰੇ ਡੇਢ ਘੰਟੇ ਤੱਕ ਤਾਂ ਬੁਰਜ ਜੱਸਾ ਸਿੰਘ ਤੇ ਗੁਰੂ ਰਾਮਦਾਸ ਲੰਗਰ ਨੂੰ ਹੀ ਤਬਾਹੀ ਦਾ ਨਿਸ਼ਾਨਾ ਬਣਾਇਆ ਗਿਆ ਸੀ ਜਿਸਦੇ ਸਿੱਟੇ ਵਜੋਂ ਬੁਰਜ ਤੇ ਲੰਗਰ ਦੇ ਸਭ ਮੋਰਚੇ ਬਿਲਕੁਲ ਹੀ ਤਬਾਹ ਤੇ ਨਾਕਾਰਾ ਹੋ ਗਏ ਸਨ ਅਰਥਾਤ ਇਨ੍ਹਾਂ ਵਾਲੇ ਪੂਰੀ ਤਰ੍ਹਾਂ ਨਾਲ ਪਰਖਚੇ ਉੱਡ ਗਏ ਸਨ।

ਲੰਗਰ ਦੀ ਉਪਰਲੀ ਛੱਤ ਉੱਪਰ ਜਿਥੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਜੁੜਦੀਆਂ ਸਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਉਹਨਾਂ ਨਾਲ ਵਿਚਾਰ ਸਾਂਝੇ ਕਰਿਆ ਕਰਦੇ ਸਨ ਅਤੇ ਜਿਸ ਅਸਥਾਨ 'ਤੇ ਹਜ਼ਾਰਾਂ ਸਿਖ ਨੌਜਵਾਨਾਂ ਨੇ ਸੰਤ ਭਿੰਡਰਾਂਵਾਲਿਆਂ ਦੀ ਸਰਪ੍ਰਸਤੀ ਵਿਚ ਆਪਣੇ ਆਪ ਨੂੰ ਖਾਲਸਾਈ ਸਿਧਾਂਤ ਤੇ ਸਿਖ ਰਵਾਇਤਾਂ ਨਾਲ ਪੂਰੀ ਤਰ੍ਹਾਂ ਲੈਸ ਕਰਕੇ ਸਿਖ ਦੁਸ਼ਮਨ ਤਾਕਤਾਂ ਦੇ ਮੁਕਾਬਲੇ ਜਥੇਬੰਦੀ ਕੀਤੀ ਸੀ। ਜਿਥੋਂ ਭਾਰੀ ਗਿਣਤੀ ਵਿਚ



ਭੁਝੰਗੀਆਂ ਭੁਝੰਗਣਾਂ ਨੇ ਆਪਣੇ ਹਿਰਦਿਆਂ ਅੰਦਰ ਸਿਖ ਧਰਮ ਦੀ ਰਾਖੀ ਤੇ ਖਾਲਸਾ ਰਾਜ ਦੀ ਪ੍ਰਾਪਤੀ ਲਈ ਜੂਝਨ ਦੀ ਚਿਣਗ ਪੈਦਾ ਕੀਤੀ ਸੀ ਅਤੇ ਜਿਥੋਂ ਸਿੰਘ ਸਿੰਘਣੀਆਂ ਨੇ ਪੰਥਕ ਦੁਸ਼ਮਨਾਂ ਤੇ ਪੰਥਕ ਗੱਦਾਰਾਂ ਨੂੰ ਪਛਾਣਨ ਦੀ ਨਜ਼ਰ ਪਾਈ ਅਤੇ ਉਹਨਾਂ ਨੂੰ ਸੋਧਨ ਦੇ ਰਾਹ ਨੂੰ ਮਾਨਤਾ ਦਿੱਤੀ ਸੀ ਅੱਜ ਉਹ ਅਸਥਾਨ ਅੱਗ ਦੀਆਂ ਲਪਟਾਂ ਦੀ ਲਪੇਟ ਵਿਚ ਸੀ। ਜਥੇ ਦੇ ਸਿੰਘਾਂ ਦਾ ਸਭ ਸਾਮਾਨ, ਲੰਗਰ ਦੀ ਰਸਦ, ਚਾਨਣੀਆਂ, ਕਨਾਤਾਂ, ਦਰੀਆਂ, ਬਿਸਤਰੇ ਤੇ ਲਕਤ ਤਿੰਬੜ ਸਭ ਕੁਝ ਹੀ ਅੱਗ ਦੀ ਲਪੇਟ ਵਿਚ ਸੀ। ਲੰਗਰ ਉਪਰਲੇ ਮੋਰਚੇ ਤਾਂ ਤੋਪਾਂ ਦੀ ਮਾਰ ਨਾਲ ਉੱਡ ਪੁੱਡ ਜਾਣ ਕਰਕੇ ਇਕ ਪਰਕਾਰ ਨਾਲ ਗਵਾਚ ਹੀ ਗਏ ਸਨ ਅਰਥਾਤ ਮੂਲੋਂ ਹੀ ਤਬਾਹ ਹੋ ਗਏ ਸਨ ਪਰ ਇਸਦੇ ਬਾਵਜੂਦ ਸਿੰਘਾਂ ਨੇ ਆਪਣੇ ਆਪਣੇ ਹਥਿਆਰਾਂ ਤੇ ਰੌਂਦਾਂ ਨੂੰ ਜਾਨ ਤੋਂ ਵੀ ਕਿਤੇ ਵੱਧ ਪਿਆਰਿਆਂ ਜਾਣ ਕੇ ਸੰਭਾਲਿਆ ਹੋਇਆ ਸੀ ਅਤੇ ਉਹਨਾਂ ਨੇ ਆਪਣੇ ਕੁਝ ਇਕ ਸਾਥੀ ਸਿੰਘਾਂ ਦੀਆਂ ਸ਼ਹੀਦੀਆਂ ਆਪਣੀਆਂ ਅੱਖਾਂ ਦੇ ਸਾਹਮਣੇ ਹੁੰਦੀਆਂ ਵੇਖਕੇ ਵੀ ਥੱਲੇ ਦੀਆਂ ਮੰਜ਼ਲਾਂ ਉੱਪਰ ਨਵੇਂ ਸਿਰਿਉਂ ਪੋਜ਼ੀਸ਼ਨਾਂ ਸੰਭਾਲ ਲਈਆਂ ਸਨ। ਜੇਕਰ ਭਾਰਤੀ ਫੌਜ ਦੀਆਂ ਤੋਪਾਂ ਤੇ ਅੱਗ ਲਾਉਣ ਵਾਲੇ ਗੋਲਿਆਂ ਨੇ ਆਪਣਾ ਰੰਗ ਵਖਾਉਣਾ ਸ਼ੁਰੂ ਕਰ ਦਿੱਤਾ ਸੀ ਤਾਂ ਉੱਧਰ ਮੁਕਾਬਲੇ ਵਿਚ ਸਿੰਘਾਂ ਨੇ ਵੀ ਆਪਣੀ ਸੂਰਗਮਤੀ ਦਾ ਜਲਵਾ ਵਖਾਉਣ ਲਈ ਨਵੇਂ ਸਿਰਿਉਂ ਪੈਂਤੜੇ ਮੱਲ ਲਏ ਸਨ।

ਹੁਣ ਫੌਜ ਵਲੋਂ ਗੁਰੂ ਰਾਮ ਦਾਸ ਲੰਗਰ ਤੇ ਬੁਰਜ ਜੱਸਾ ਸਿੰਘ ਆਹਲੂਵਾਲੀਆ ਦੇ ਮੋਰਚੇ ਤਬਾਹ ਕਰਨ ਤੋਂ ਬਾਅਦ ਤੋਪਾਂ ਗੋਲਿਆਂ ਦਾ ਰੁਖ ਪਰਕਰਮਾ ਦੀਆਂ ਉੱਤਰੀ ਤੇ ਦਖਣੀ ਦਰਸ਼ਨੀ ਡਿਉੜੀਆਂ ਦੇ ਆਸ ਪਾਸ ਉੱਚੀਆਂ ਉੱਚੀਆਂ ਇਮਾਰਤਾਂ ਉੱਪਰ ਬਣਾਏ ਹੋਏ ਮੋਰਚਿਆਂ ਵੱਲ ਮੋੜ ਦਿਤਾ ਸੀ ਜਿਸ ਕਰਕੇ ਅਮਰਜੀਤ ਸਿੰਘ ਖੇਮਕਰਨ, ਬਿਦਰ ਸਿੰਘ ਡਰਾਈਵਰ, ਸਤਿੰਦਰਜੀਤ ਸਿੰਘ ਪੀ ਟੀ, ਭਾਈ ਰਾਮ ਸਿੰਘ ਆਦਿ ਸਿੰਘਾਂ ਨੂੰ ਆਪੋ ਆਪਣੇ ਮੋਰਚਿਆਂ ਵਿਚ ਭਿਆਨਕ ਤਬਾਹੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਸਿੰਘਾਂ ਦੇ ਮੋਰਚਿਆਂ ਵਾਲੀਆਂ ਤੇ ਉਹਨਾਂ ਦੇ ਆਸ ਪਾਸ ਦੀਆਂ ਇਮਾਰਤਾਂ ਦੇ ਉਪਰਲੇ ਚੁਬਾਰਿਆਂ ਦੇ ਬੂਹੇ ਬਾਰੀਆਂ ਛੱਤਾਂ ਛਤਾਉਂਤਾਂ ਤੇ ਹੋਰ ਨਿਕੜ ਸੁਕੜ ਦੇ ਹਿੱਸੇ ਆਕਾਸ਼ ਵੱਲ ਨੂੰ ਉਡਦੇ ਹੋਏ ਸਾਫ ਦਿਸ ਰਹੇ ਸਨ ਅਤੇ ਇਮਾਰਤਾਂ ਦੇ ਡਿੱਗਣ ਤੇ ਘਰਾਂ ਦੁਕਾਨਾਂ ਦੇ ਸੜਨ ਬਲਣ ਦੇ ਦ੍ਰਿਸ਼ ਦੂਰ ਦੂਰ ਤੱਕ ਦਖਾਈ ਦੇ ਰਹੇ ਸਨ। ਦਰਬਾਰ ਸਾਹਿਬ ਕੰਪਲੈਕਸ ਦੇ ਦੱਖਣ ਪੱਛਮੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛੇ ਪਾਸੇ ਨਾਲ ਨਾਲ ਲਗਦੇ ਗਲੀ ਬਾਜ਼ਾਰਾਂ ਵਿਚ ਲੱਗੀ ਅੱਗ ਨੇ ਤਾਂ ਕਹਿਰ ਨਾਜ਼ਲ ਕਰ ਰਖਿਆ ਸੀ ਅਤੇ ਤੋਪਾਂ ਦੀ ਮਾਰ ਤੇ ਅੱਗ ਦੇ ਭਾਂਬੜਾਂ ਵਿਚ ਫਸੇ ਹੋਏ ਲੋਕਾਂ ਦਾ ਚੀਕ ਚਿਹਾੜਾ ਦੂਰ ਦੂਰ ਤੱਕ ਸੁਣਾਈ ਦੇ ਰਿਹਾ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ, ਸਭ ਤੋਂ ਉਪਰਲੀ ਛੱਤ ਵਾਲੇ ਮੋਰਚੇ ਵੀ ਪੂਰੀ ਤਰਾਂ ਨਾਲ ਤਬਾਹ ਹੋ ਚੁਕੇ ਸਨ ਅਤੇ ਇਸ ਸੁਨਹਿਰੀ ਗੁੰਬਦ ਵਾਲੇ ਭਵਨ ਵਿਚ ਸਾਂਭ ਸੰਭਾਲ ਕੇ ਤੇ ਪੂਰਨ ਮਰਯਾਦਾ ਸਹਿਤ ਅਦਬ ਸਤਿਕਾਰ ਨਾਲ ਰਖੀਆਂ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀਆਂ ਪੁਰਾਤਨ ਤੇ ਬਿਰਧ ਬੀੜਾਂ ਘੱਟੇ ਮਿੱਟੀ ਤੇ ਮਲਬੇ ਨਾਲ ਦਫਨਾਈਆਂ ਜਾ ਰਹੀਆਂ ਤੇ ਅੱਗ ਦੀ ਲਪੇਟ ਵਿਚ ਆਉਂਦੀਆਂ ਜਾ ਰਹੀਆਂ ਸਨ। ਸੁਨਹਿਰੀ ਗੁੰਬਦ ਖੂਬ ਸੂਰਤ ਛਾਟਾਂ ਬੁਰਜੀਆਂ ਤੇ ਸੋਨੇ ਦੇ ਪੱਤਰਿਆਂ ਨਾਲ ਮੜ੍ਹੀਆਂ ਹੋਈਆਂ ਦੀਵਾਰਾਂ ਦੀ ਦਸ਼ਾ ਤਾਂ ਬਿਲਕੁਲ ਖੰਡਰਾਂ ਖੋਲਿਆਂ ਦੀ ਨਿਆਈਂ ਹੀ ਹੋ ਗਈ ਸੀ। ਸਭ ਆਲਾ ਦੁਆਲਾ ਅੱਗ ਦੀਆਂ ਲਪਟਾਂ, ਘੱਟੇ ਮਿੱਟੀ ਤੇ ਇੱਟਾਂ ਰੋੜਿਆਂ ਦੇ ਮਲਬੇ ਗਰਦੋ ਗੁਬਾਰ, ਬਾਰੂਦੀ ਧੂੰਏਂ ਅਤੇ ਅਜੀਬ ਕਿਸਮ ਦੀ ਗੈਸੀ ਦੁਰਗੰਧ ਨਾਲ ਭਰਿਆ ਪਿਆ ਸੀ।

ਗੱਲ ਕੀ ਕਿ ਦਰਬਾਰ ਸਾਹਿਬ ਪਰਕਰਮਾ ਅਰਥਾਤ ਕੰਪਲੈਕਸ ਦੀ ਦਖਨ ਪਛਮ ਵੱਲ ਦੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਸ ਪਾਸ ਤੋਂ ਪਿਛਲੇ ਪਾਸੇ ਵੱਲ ਦੇ ਬਾਜ਼ਾਰਾਂ ਵਿਚ ਕੋਈ ਵੀ ਘਰ ਦੁਕਾਨ, ਤੇ ਗਲੀ ਬਾਜ਼ਾਰ ਸੁਰਖਸ਼ਤ ਨਹੀਂ ਸੀ।

ਰਾਤ ਦੇ ਲਗਪਗ 10 ਵਜੇ ਤੱਕ ਸਿੰਘਾਂ ਦੇ ਸਭ ਉਪਰਲੀਆਂ ਮੰਜ਼ਲਾਂ ਇਮਾਰਤਾਂ ਵਾਲੇ ਮੋਰਚੇ ਪੂਰੀ ਤਰ੍ਹਾਂ ਨਾਲ ਤਬਾਹ ਤੇ ਮਲੀਆ-ਮੇਟ ਹੋ ਚੁੱਕੇ ਸਨ। ਗੁਰੂ ਰਾਮ ਦਾਸ ਲੰਗਰ ਵਾਲੇ ਪਾਸੇ ਦੇ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ ਸਨ ਤੇ ਜ਼ਖਮੀ ਹੋ ਚੁੱਕੇ ਸਨ।

ਸਿੰਘਾਂ ਦੇ ਸਭ ਵੱਡੇ ਮੋਰਚੇ ਟੁੱਟ ਜਾਣ ਕਰਕੇ ਫੌਜ ਆਪਣੇ ਮਿਥੇ ਹੋਏ ਟੀਚੇ ਅਨੁਸਾਰ ਪਹਿਲੇ ਪੜਾ ਵਿਚ ਕਾਫ਼ੀ ਹਦ ਤਕ ਸਫਲ ਹੋ ਗਈ ਜਾਪਦੀ ਸੀ ਪਰ ਇਸਦੇ ਬਾਵਜੂਦ ਸਿੰਘਾਂ ਵਲੋਂ ਵੱਡੇ ਮੋਰਚਿਆਂ ਦੀ ਤਬਾਹੀ ਪਿਛੋਂ ਜੋ ਨਵੇਂ ਸਿਰਿਉਂ ਮੋਰਚਾਬੰਦੀ ਕੀਤੀ ਗਈ ਸੀ ਉਹ ਵੀ ਕੋਈ ਘਟ ਮਜ਼ਬੂਤ ਨਹੀਂ ਸੀ ਸਗੋਂ ਜੰਗੀ ਮਨਸੂਬਾ-ਬੰਦੀ, ਹਿਕਮਤ-ਅਮਲੀ ਅਨੁਸਾਰ ਹਰ ਪੱਖੋਂ ਲਾਹੇਵੰਦੀ ਸੁਰਖਸ਼ਤ ਤੇ ਦੁਸ਼ਮਨ ਧਿਰ ਲਈ ਬੜੀ ਮਾਰੂ ਸਿੱਧ ਹੋਣ ਵਾਲੀ ਸੀ।

ਸਿੰਘਾਂ ਨੇ ਜੋ ਇਸ ਸਮੇਂ ਆਪਣੀ ਸਿਆਣਪ ਦਲੇਰੀ ਮਾਨਸਿਕ ਸਥਿਰਤਾ ਅਤੇ ਫੌਜੀ ਹਿਕਮਤ ਅਮਲੀ ਦਾ ਸਬੂਤ ਦਿੱਤਾ ਸੀ ਉਹ ਇਹ ਸੀ ਕਿ ਉਹਨਾਂ ਨੇ ਆਪਣੇ ਤਬਾਹ ਹੋਣ ਵਾਲੇ ਮੋਰਚਿਆਂ ਵਾਲੀਆਂ ਨਿਸ਼ਚਤ ਥਾਵਾਂ ਤਾਂ ਛੱਡ ਦਿੱਤੀਆਂ ਸਨ ਪਰ ਉਹਨਾਂ ਨੇ ਮੋਰਚਿਆਂ ਵਾਲੀਆਂ ਇਮਾਰਤਾਂ ਨੂੰ ਇਸ ਮੌਤ ਵੰਡਦੇ ਵਾਤਾਵਰਨ ਵਿਚ ਵੀ ਨਹੀਂ ਸੀ ਛੱਡਿਆ ਕਿਉਂਕਿ ਮੋਰਚੇ ਕਾਇਮ ਕਰਨ ਤੋਂ ਪਹਿਲਾਂ ਇਨ੍ਹਾਂ ਇਮਾਰਤਾਂ ਦੀ ਚੋਣ ਕਰਨ ਸਮੇਂ ਸਿੰਘਾਂ ਵਲੋਂ ਇਸ ਗੱਲ ਨੂੰ ਖਾਸ ਤੌਰ ਤੇ ਮੁਖ ਰੱਖਿਆ ਗਿਆ ਸੀ ਕਿ ਫੌਜ ਦੇ ਦਰਬਾਰ ਸਾਹਿਬ ਪਰਕਰਮਾ ਵਿਚ ਦਾਖਲ ਹੋਣ ਸਮੇਂ ਉਹਨੂੰ ਪਰਵੇਸ਼ ਦਵਾਰਾਂ ਤੇ ਰਾਹਾਂ ਲਾਂਘਿਆਂ ਨੂੰ ਪਾਰ ਕਰਦਿਆਂ ਵੀ ਮੌਤ ਦੇ ਘਾਟ ਉਤਾਰਿਆ ਜਾ ਸਕੇ। ਇਸ ਕਰਕੇ ਸਿੰਘ ਆਪਣੇ ਮੋਰਚਿਆਂ ਵਾਲੀਆਂ ਇਮਾਰਤਾਂ ਨੂੰ ਛੱਡ ਕੇ ਨਾ ਤਾਂ ਆਪਣੇ ਆਪਣੇ ਟਾਰਗੇਟ, ਨਿਸ਼ਾਨੇ ਨੂੰ ਅੱਖੋਂ ਓਹਲੇ ਹੋਣ ਦੇਣਾ ਚਾਹੁੰਦੇ ਸਨ ਤੇ ਨਾ ਹੀ ਦੁਸ਼ਮਨ ਫੌਜਾਂ ਨੂੰ ਖੁੱਲੇ ਦਰਵਾਜ਼ੀਂ ਪਰਕਰਮਾ ਵਿਚ ਦਾਖਲ ਹੀ ਹੋਣ ਦੇਣਾ ਚਾਹੁੰਦੇ ਸਨ। ਜਿਸ ਕਰਕੇ ਸਿੰਘਾਂ ਨੇ ਉਹਨਾਂ ਹੀ ਇਮਾਰਤਾਂ ਵਿਚ ਥੱਲੇ ਦੀਆਂ ਮੰਜ਼ਲਾਂ ਉੱਪਰ ਆਪਣੇ ਅੱਡੇ ਟਿਕਾਣੇ ਕਾਇਮ ਕਰਕੇ ਥਾਂ ਪੁਥਾਂ ਅਸਲਾ ਬਾਰੂਦ ਰੱਖ ਲਿਆ ਸੀ ਅਤੇ ਵੇਖਦਿਆਂ ਹੀ ਵੇਖਦਿਆਂ ਆਪਣੇ ਮਿਥੇ ਹੋਏ ਟਾਰਗੇਟ ਨਿਸ਼ਾਨਿਆਂ ਵੱਲ ਕਾਰਬਾਈਨਾਂ ਐਮ. ਐਲ. ਆਰਜ਼. ਤੇ ਲਾਈਟ ਮਸ਼ੀਨਗੰਨਾਂ ਆਦਿ ਦੀਆਂ ਸਿਸਤਾਂ ਸੇਧ ਲਈਆਂ ਸਨ। ਕੁਝ ਸਿੰਘ ਤਾਂ ਥਮਲਿਆਂ ਬਨੇਰਿਆਂ ਦੀ ਆੜ ਵਿਚ ਹੀ ਬੈਠ ਗਏ ਸਨ ਤੇ ਉਹਨਾਂ ਨੇ ਆਪਣੇ ਰੌਂਦਾਂ ਵਾਲੇ ਥੈਲੇ ਤੇ ਹੱਥ ਗੋਲੇ ਆਦਿ ਨਿੱਪਰੇ ਹੀ ਰੱਖ ਲਏ ਸਨ ਅਤੇ ਉਹ ਗੁਰੂ ਘਰ ਤੇ ਸਿੱਖ ਕੌਮ ਦੇ ਵੈਰੀਆਂ ਦੀ ਉਡੀਕ ਵਿਚ ਪੂਰੀ ਪੂਰੀ ਤਕੜਾਈ ਨਾਲ ਚੇਤੰਨ ਤਿਆਰ ਬਰ ਤਿਆਰ ਹੋਕੇ ਡਟ ਗਏ ਸਨ।

ਕੰਪਲੈਕਸ ਦੇ ਅੰਦਰ ਬਾਹਰ ਦੂਰ ਦੂਰ ਤੱਕ ਮੱਚ ਰਹੀਆਂ ਅੱਗ ਲਾਟਾਂ ਦੇ ਚਾਨਣ ਝਲਕਾਰਿਆਂ ਵਿਚ ਨਜ਼ਰੀਂ ਪੈ ਰਹੀਆਂ ਤੇਜ਼ ਤੇ ਤੁਰਤ ਫੁਰਤ ਸਰਗਰਮੀਆਂ ਤੋਂ ਇਸਤਰ੍ਹਾਂ ਲਗਦਾ ਸੀ ਕਿ ਜਿਵੇਂ ਉਹਨਾਂ ਦੀਆਂ ਆਸਾਂ ਮੁਰਾਦਾਂ ਦੇ ਫੁੱਲ ਟਹਿਕ ਉਠੇ ਹੁੰਦੇ ਹਨ ਤੇ ਉਹ 'ਦੇਹ ਸ਼ਿਵਾ ਬਰ ਮੋਹਿ ਇਹੈ.....' ਦੇ ਸ਼ਬਦ ਦੀ ਰੌਸ਼ਨੀ ਵਿਚ ਆਪਣੇ ਜੀਵਨ ਦੇ ਆਖਰੀ ਸਵਾਸ ਤੱਕ ਨੂੰ ਗੁਰੂ ਘਰ ਦੀ ਰਾਖੀ ਤੇ ਗੁਰੂ ਪੰਥ ਦੀ ਚੜ੍ਹਦੀ ਕਲਾ ਦੀ ਖਾਤਰ ਲੇਖੇ ਲਾ ਦੇਣ ਵਾਸਤੇ ਮਨੋ ਚਿਤੋਂ ਤੱਤਪਰ ਹੋਏ ਬੈਠੇ ਹੋਣ।



ਗੱਲ ਕੀ ਕਿ ਮੌਤ ਸਿੰਘਾਂ ਦੇ ਦਰਵਾਜ਼ੇ ਨੂੰ ਲਗਾਤਾਰ ਖਟਖਟਾ ਰਹੀ ਸੀ ਪਰ ਇਹ ਯੋਧੇ ਤੇ ਸਿੰਘ ਸੂਰਬੀਰ ਆਪਣੇ ਵਚਨ 'ਤੇ ਕਾਇਮ ਸਨ ਅਤੇ ਪੂਰੀ ਤਕੜਾਈ ਤੇ ਆਨ ਸ਼ਾਨ ਅਖਣ ਨਾਲ ਮੈਦਾਨ ਮੱਲ ਕੇ ਬੈਠੇ ਹੋਏ ਸਨ '...ਗਗਨ ਦਮਾਮਾ ਬਾਜਿਓ' ਤੇ '..ਸੂਰਾ ਸੋ ਪਹਿਚਾਨੀਐ ... ਜਬ ਆਵ ਕੀ ਅਉਧ ਨਿਧਾਨ ਬਣੈ ..... ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ ... ਆਦਿ ਮਹਾਂਵਾਕਾਂ, ਸ਼ਬਦਾਂ ਤੇ ਬੋਲਿਆਂ ਵਿਚਲੇ ਅਰਥਾਂ ਦਾ ਸੱਚ ਸਿੰਘਾਂ ਦੇ ਹਿਰਦੇ ਤੇ ਉਹਨਾਂ ਦੇ ਕਰਦਾਰ ਵਿਚ ਪੂਰਨ ਤੌਰ ਤੇ ਸਮਾਇਆ ਤੇ ਰਮਿਆ ਹੋਇਆ ਸੀ। ਉਸ ਸਮੇਂ ਸਿੰਘਾਂ ਦੀ ਇਸ ਸਿਰੜ ਨੂੰ ਵੇਖਕੇ ਲਗਦਾ ਸੀ ਕਿ ਜਿਵੇਂ ਉਹਨਾਂ ਦੇ ਮਨ, ਉਹਨਾਂ ਦੀ ਸੋਚ, ਉਹਨਾਂ ਦੇ ਜਜ਼ਬੇ ਤੇ ਵਿਚਾਰਧਾਰਾ ਅਤੇ ਉਹਨਾਂ ਦਾ ਅਕੀਦਾ ਤੋਪਾਂ ਦੇ ਗੋਲਿਆਂ ਤੇ ਬਾਰੂਦੀ ਅੱਗ ਦੇ ਭਾਂਬੜਾਂ ਦੇ ਮੁਕਾਬਲੇ ਕਿਤੇ ਵੱਧ ਬਲਵਾਨ ਹੁੰਦੇ ਹਨ।

# 29.

ਦਰਬਾਰ ਸਾਹਿਬ ਕੰਪਲੈਕਸ ਅੰਦਰਲੇ ਅਤੇ ਉਥੋਂ ਨਜ਼ਦੀਕ ਨਜ਼ਦੀਕ ਦੇ ਗਲੀ ਮੁਹੱਲਿਆਂ ਵਿਚ ਉੱਚੀਆਂ ਉੱਚੀਆਂ ਇਮਾਰਤਾਂ ਉੱਪਰ ਕਾਇਮ ਕੀਤੇ ਹੋਏ ਸਿੱਖਾਂ ਦੇ ਵੱਡੇ ਮੋਰਚੇ ਤਬਾਹ ਕਰ ਦੇਣ ਤੋਂ ਬਾਅਦ ਫੌਜੀ ਅਫ਼ਸਰਾਂ ਤੇ ਜਰਨੈਲਾਂ ਵਲੋਂ ਇਹ ਸਮਝਣਾ ਸੁਭਾਵਕ ਹੀ ਸੀ ਕਿ ਉਹਨਾਂ ਨੇ ਆਪਣੀ ਪਹਿਲੀ ਮੁਹਿੰਮ ਵਿਚ ਫਤਹਿ ਪਾ ਲਈ ਹੈ।

ਅਸਲ ਵਿਚ ਕੰਪਲੈਕਸ ਦੇ ਅੰਦਰ ਅਤੇ ਦੱਖਣ-ਪੱਛਮ ਵੱਲ ਮੱਚ ਰਹੇ ਭਾਂਬੜਾਂ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉੱਪਰਲੀ ਮੰਜ਼ਲ ਦੀ ਤਬਾਹੀ, ਉੱਚੀਆਂ ਇਮਾਰਤਾਂ ਉੱਪਰਲੇ ਵੱਡੇ ਮੋਰਚਿਆਂ ਵਲੋਂ ਡੂੰਘੀ ਤੇ ਨਿਰੰਤਰ ਖਾਮੋਸ਼ੀ, ਆਕਾਸ਼ ਵਿਚ ਝੂਲ ਰਹੇ ਅੱਗ ਧੂੰਏ ਦੇ ਵਰੋਲਿਆਂ ਤੇ ਸਿੱਖਾਂ ਵਲੋਂ ਕੁਝ ਸਮੇਂ ਲਈ ਜਵਾਬੀ ਕਾਰਵਾਈ ਦੇ ਪੱਖੋਂ ਧਾਰਨ ਕਰ ਰੱਖੀ ਖਾਮੋਸ਼ੀ ਅਤੇ ਤਿੱਖੀਆਂ ਲੜਾਕੂ ਸਰਗਰਮੀਆਂ ਦੇ ਨਜ਼ਰ ਨਾ ਆਉਣ ਕਰਕੇ ਹਰ ਦੂਰੋਂ ਵੇਖਣ ਵਾਲੇ ਨੂੰ ਇਸਤਰ੍ਹਾਂ ਹੀ ਜਾਪ ਰਿਹਾ ਸੀ ਕਿ ਜਿਵੇਂ ਮੈਦਾਨ ਖਾਲੀ ਪਿਆ ਹੁੰਦਾ ਹੈ।

ਇਸ ਸਥਿਤੀ ਵਿਚ ਰਾਤ ਦੇ ਕੋਈ 10.30 ਜਾਂ 11 ਵਜੇ ਦੇ ਲਗਪਗ ਭਾਰਤੀ ਫ਼ੌਜ ਦਾ ਲਸ਼ਕਰ ਚੌਕ ਘੰਟਾ ਘਰ ਵਾਲੇ ਪਾਸਿਓਂ ਉੱਤਰੀ ਦਰਸ਼ਨੀ ਡਿਓਢੀ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਾਲੇ ਪਾਸਿਓਂ ਦੱਖਣੀ ਦਰਸ਼ਨੀ ਡਿਓਢੀ ਵਲੋਂ ਚੀਂਟਿਆਂ ਮੱਕੜੀਆਂ ਦੀ ਭੀੜ ਵਾਂਗ ਭਾਰੀ ਗਿਣਤੀ ਵਿਚ ਪਰਕਰਮਾ ਅੰਦਰ ਦਾਖ਼ਲ ਹੋਣਾ ਸ਼ੁਰੂ ਹੋਇਆ।

ਪਰਕਰਮਾ ਅੰਦਰ ਦਾਖ਼ਲ ਹੋਣ ਸਮੇਂ ਫ਼ੌਜ ਵੱਲੋਂ ਬੜੇ ਖ਼ਤਰਨਾਕ ਢੰਗ ਨਾਲ ਰੌਲਾ ਰੱਪਾ ਪਾਇਆ ਜਾ ਰਿਹਾ ਸੀ ਅਤੇ ਸਿੱਖਾਂ ਅੰਦਰ ਦਹਿਸ਼ਤ ਪੈਦਾ ਕਰਨ ਦੇ ਮਨੋਰਥ ਨਾਲ ਹੂ ਹਾ ਤੇ ਹੋਰ ਭਿਆਨਕ ਕਿਸਮ ਦੀਆਂ ਆਵਾਜ਼ਾਂ ਅਤੇ ਸ਼ੋਰ ਸ਼ਰਾਬੇ ਨਾਲ ਧਰਤੀ ਆਕਾਸ਼ ਨੂੰ ਸਿਰ ਤੇ ਚੁੱਕਿਆ ਹੋਇਆ ਸੀ।

ਫ਼ੌਜ ਵੱਲੋਂ 'ਜੈ ਬਜਰੰਗ ਬਲੀ ਦੇ ਤੇ ਹਰ ਹਰ ਮਹਾ ਦੇਵ' ਦੇ ਨਾਅਰੇ ਜੈਕਾਰੇ ਲਗਾ ਲਗਾ ਕੇ ਸਿੱਖਾਂ ਤੇ ਫੈਡਰੇਸ਼ਨ ਦੇ ਜਵਾਨਾਂ ਨੂੰ ਇਹ ਪ੍ਰਭਾਵ ਦਿੱਤਾ ਜਾ ਰਿਹਾ ਸੀ ਕਿ ਭਾਰਤੀ ਫ਼ੌਜ ਉਹਨਾਂ ਲਈ ਮੌਤ ਦੇ ਵਾਰੰਟ ਲੈ ਕੇ ਅਰਥਾਤ ਮੌਤ ਦੇ ਫਰਿਸ਼ਤਿਆਂ ਦੇ ਰੂਪ ਵਿਚ ਪਰਕਰਮਾ ਅੰਦਰ ਦਾਖ਼ਲ ਹੋ ਚੁਕੀ ਹੈ ਤੇ ਕੁਝ ਗਿਣਤੀ ਪਲਾਂ ਦੇ ਵਿਚ ਵਿਚ ਹੀ ਉਹਨਾਂ ਨੂੰ ਮੋਰਚਿਆਂ ਤੇ ਕਮਰਿਆਂ ਵਿਚ ਥਾਉਂ ਥਾਈਂ ਤੇ ਹੱਥੋ ਹੱਥੀਂ ਦਬੋਚ ਲਿਆ ਜਾਵੇਗਾ।

ਇਸ ਸ਼ੋਰ ਸ਼ਰਾਬੇ ਅਤੇ ਧਰਤੀ ਆਕਾਸ਼ ਨੂੰ ਸਿਰ 'ਤੇ ਚੁੱਕ ਲੈਣ ਵਾਲੇ ਜੰਗਲੀ ਵਹਿਸ਼ੀ ਮਾਹੌਲ ਨੂੰ ਪੈਦਾ ਕਰਨ ਦੇ ਨਾਲ ਨਾਲ ਫ਼ੌਜ ਨੇ ਆਕਾਸ਼ ਵੱਲ ਤੇ ਪਰਕਰਮਾ ਦੀਆਂ ਇਮਾਰਤਾਂ ਉੱਪਰ ਅੰਨ੍ਹੇ ਵਾਹ ਫਾਇਰਿੰਗ ਵੀ ਸ਼ੁਰੂ ਕਰ ਦਿੱਤੀ ਸੀ।



ਪਰਕਰਮਾ ਅੰਦਰ ਉੱਤਰ ਤੇ ਦੱਖਣ ਵਲੋਂ ਦਾਖ਼ਲ ਹੋਈ ਫ਼ੌਜ ਦੇ ਜਮਘਟੇ, ਰੌਲੇ ਗੌਲੇ ਤੇ ਨਾਅਰਿਆਂ ਜੈਕਾਰਿਆਂ ਤੋਂ ਇਸਤਰ੍ਹਾਂ ਜਾਪਦਾ ਸੀ ਕਿ ਜਿਵੇਂ ਦਰਬਾਰ ਸਾਹਿਬ ਉੱਪਰ ਧਾਵਾ ਬੋਲਣ ਵਾਲੇ ਲਸ਼ਕਰ ਦੀ ਗਿਣਤੀ ਕਿਸੇ ਹਾਲਤ ਵਿਚ ਵੀ ਪੰਜ ਛੇ ਹਜ਼ਾਰ ਤੋਂ ਘੱਟ ਨਹੀਂ ਹੋਵੇਗੀ।

ਫ਼ੌਜ ਦਾ ਇਹ ਲਸ਼ਕਰ ਜਦ ਪਰਕਰਮਾਂ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਨੂੰ ਕੁਝ ਅੱਗੇ ਵਧ ਨਿਕਲਿਆ ਤਾਂ ਉਸ ਸਮੇਂ ਉਸਨੂੰ ਸਮੁੱਚੇ ਵਾਤਾਵਰਨ ਦੀ ਪਜ਼ੀਸ਼ਨ ਦੱਸਣ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਨੂੰ ਅੱਗੇ ਵਧਣ ਲਈ ਉਤਸ਼ਾਹਤ ਕਰਨ ਦੇ ਮਨੋਰਥ ਨਾਲ ਫ਼ੌਜੀ ਅਫ਼ਸਰਾਂ ਅਧਿਕਾਰੀਆਂ ਵਲੋਂ ਪਰਕਰਮਾ ਦੇ ਚੌਫੇਰੇ ਹੀ ਫਲੈਸ਼ ਲਾਈਟ ਛੱਡੀ ਗਈ ਜਿਸਦੇ ਨਤੀਜੇ ਵਜੋਂ ਪਰਕਰਮਾ ਤੇ ਇਸਦੇ ਆਲੇ ਦੁਆਲੇ ਦੀਆਂ ਇਮਾਰਤਾਂ ਦੀ ਇਕ ਇਕ ਸਿਲ ਤੇ ਇੱਟ ਵੱਖਰੀ ਨਜ਼ਰੀ ਆਉਣ ਲੱਗੀ।

ਫਲੈਸ਼ ਲਾਈਟ ਦੀ ਇਸ ਵਿਸ਼ਾਲ ਤੇ ਚਮਕੀਲੀ ਰੌਸ਼ਨੀ ਵਿਚ ਫ਼ੌਜ ਟਿੱਡੀ ਦਲ ਦੀ ਤਰ੍ਹਾਂ ਦਰਬਾਰ ਸਾਹਿਬ ਦੀ ਪਰਕਰਮਾ ਤੇ ਇਸਦੇ ਆਲੇ ਦੁਆਲੇ ਦੇ ਬਰਾਮਦਿਆਂ ਵਿਚ ਅੱਗੇ ਵਧਦੀ ਹੋਈ ਸਾਫ ਨਜ਼ਰੀ ਆ ਰਹੀ ਸੀ। ਗੱਲ ਕੀ ਕਿ ਫ਼ੌਜੀ ਵਰਦੀਆਂ, ਬੂਟਾਂ, ਲੋਹੇ ਦੇ ਟੋਪਾਂ ਤੇ ਹਥਿਆਰਾਂ ਨਾਲ ਲੈਸ ਸੈਨਿਕਾਂ ਦੇ ਇਸ ਦਲ ਦੀ ਵਹੀਰ ਤੋਂ ਇਹ ਸਾਫ ਜ਼ਾਹਰ ਸੀ ਕਿ ਭਾਰਤੀ ਫ਼ੌਜ ਦਰਬਾਰ ਸਾਹਿਬ ਪਰਕਰਮਾ ਅੰਦਰ ਸੈਂਕੜਿਆਂ ਦੀ ਗਿਣਤੀ 'ਚ ਨਹੀਂ ਸਗੋਂ ਹਜ਼ਾਰਾਂ ਦੀ ਗਿਣਤੀ ਵਿਚ ਦਾਖ਼ਲ ਹੋਈ ਹੈ।

ਫਲੈਸ਼ ਲਾਈਟ ਦੇ ਚਾਨਣ ਵਿਚ ਜੋ ਇਕ ਖਾਸ ਗੱਲ ਵੇਖਣ ਵਿਚ ਆ ਰਹੀ ਸੀ ਉਹ ਇਹ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਨੂੰ ਦੋਹਾਂ ਪਾਸਿਆਂ ਤੋਂ ਹੀ ਅੱਗੇ ਵਧ ਰਹੀ ਫ਼ੌਜ ਦੇ ਅੱਗੇ ਅੱਗੇ ਜੋ ਸੈਨਿਕ, ਹਰਾਵਲ ਦਸਤੇ ਵਜੋਂ ਫਾਇਰ ਕਰਦੇ ਜਾ ਰਹੇ ਸਨ ਉਹ ਵਰਦੀਆਂ, ਡਾਂਗਰੀਆਂ ਤੇ ਹਥਿਆਰਾਂ ਪੱਖੋਂ ਕਮਾਂਡੋ ਦਸਤੇ ਜਾਪਦੇ ਸਨ।

ਦੂਸਰੇ ਪਾਸੇ ਆਪੋ ਆਪਣੇ ਅੱਡੇ ਟਿਕਾਣਿਆਂ ਤੇ ਮੋਰਚਿਆਂ ਨੂੰ ਮੱਲੀ ਬੈਠੇ ਸਿੱਖਾਂ ਨੇ ਫ਼ੌਜ ਨੂੰ ਕਾਫੀ ਅੱਗੇ ਤੱਕ ਵਧਣ ਦਿੱਤਾ ਅਤੇ ਜਦ ਉਹਨਾਂ ਨੇ ਵੇਖਿਆ ਕਿ ਇਹ ਹੁਣ ਚਾਰ ਚੁਫੇਰਿਉਂ ਹੀ ਉਹਨਾਂ ਦੀ ਮਾਰ ਹੇਠ ਹੈ ਤੇ ਪੂਰੀ ਤਰ੍ਹਾਂ ਨਾਲ ਸ਼ਿਕੰਜੇ ਵਿਚ ਹੈ ਤਾਂ ਉਸ ਸਮੇਂ ਸਿੱਖਾਂ ਨੇ ਉਸ ਉੱਪਰ ਸਭ ਪਾਸਿਓਂ ਤੋਂ ਤਾਬੜ ਤੋੜ ਰੂਪ ਵਿਚ ਫਾਇਰਿੰਗ ਖੋਹਲ ਦਿੱਤੀ।

ਜਿਸ ਸਮੇਂ ਸਿੱਖਾਂ ਨੇ ਸ਼ੋਰ ਸ਼ਰਾਬਾ ਮਚਾਉਂਦੀ ਹੂ ਹਾ ਦੀਆਂ ਜੰਗਲੀ ਆਵਾਜ਼ਾਂ ਕਢਦੀ ਹੋਈ ਅਤੇ ਪਰਕਰਮਾ ਅੰਦਰਲੀਆਂ ਇਮਾਰਤਾਂ ਉੱਪਰ ਅੰਨ੍ਹੇ ਵਾਹ ਫਾਇਰਿੰਗ ਕਰਦੀ ਤੇ ਪਰਕਰਮਾ ਨੂੰ ਫ਼ੌਜੀ ਬੂਟਾਂ ਨਾਲ ਮਿਧਦੀ ਲਤਾੜਦੀ ਹੋਈ ਭਾਰਤੀ ਫ਼ੌਜ ਉੱਪਰ ਆਪਣੀ ਵਲੋਂ ਫਾਇਰ ਖੋਹਲਿਆ ਤਾਂ ਉਸ ਸਮੇਂ ਫ਼ੌਜ ਦੇ ਸਿਪਾਹੀ ਕਿਸੇ ਭਠਿਆਰਣ ਦੀ ਤਪਦੀ ਹੋਈ ਭੱਠੀ-ਕੜਾਹੀ ਵਿਚ ਪਏ ਸੁੱਕੀ ਮਕਈ ਦੇ ਦਾਨਿਆਂ ਵਾਂਗ ਤਿੜਕ ਤਿੜਕ ਕੇ ਅਤੇ ਬੇਤਹਾਸ਼ਾ ਰੂਪ ਵਿਚ ਉੱਛਲ ਉੱਛਲ ਕੇ ਪਰਕਰਮਾ, ਸਰੋਵਰ ਦੀਆਂ ਪੌੜੀਆਂ ਤੇ ਬਰਾਮਦਿਆਂ ਵਿਚ ਇਧਰ ਉੱਪਰ ਕਿਰਨ ਤੇ ਡਿੱਗਣ ਲੱਗੇ।

ਭਾਰਤ ਦੀ ਉਹ ਫ਼ੌਜ ਜੋ ਸਿੱਖਾਂ ਦੇ ਵੱਡੇ ਮੋਰਚੇ ਤਬਾਹ ਤੇ ਬਰਬਾਦ ਕਰ ਦਿੱਤੇ ਜਾਣ ਤੋਂ ਬਾਅਦ ਦਹਿਸ਼ਤ ਦਾ ਨਾਚ ਨਚਦੀ ਤੇ ਉੱਧੜ ਧੁੰਮੀ ਮਚਾਉਂਦੀ ਹੋਈ ਆਪਣੇ ਕਮਾਂਡੋ ਦਸਤਿਆਂ ਦੀ ਆੜ ਤੇ ਅਗਵਾਈ ਵਿਚ ਇਸ ਖਿਆਲ ਤੇ ਇਰਾਦੇ ਨਾਲ ਪਰਕਰਮਾ ਵਿਚ ਦਾਖ਼ਲ ਹੋਈ ਸੀ ਕਿ ਉਹ ਜਾਂਦਿਆਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਧਾਵਾ ਬੋਲ ਕੇ ਸੰਤ ਜਰਨੈਲ ਸਿੰਘ

ਭਿੰਡਰਾਂਵਾਲਿਆਂ ਤੇ ਜਥੇ ਦੇ ਸਿੰਘਾਂ ਨੂੰ ਹੱਥੋ ਹੱਥੀ ਫੜ ਲਏਗੀ ਤੇ ਜਾਂ ਮੌਤ ਦੇ ਘਾਟ ਉਤਾਰ ਦੇਏਗੀ ਅਤੇ ਪਰਕਰਮਾ ਦੇ ਆਲੇ ਦੁਆਲੇ ਚੱਪਾ ਚੱਪਾ ਥਾਂ ਉੱਪਰ ਆਪਣਾ ਕਬਜ਼ਾ ਕਰਕੇ ਆਪਣੀ ਬਲਵਾਨਗੀ ਤੇ ਜੁਸਲਮਰਦਾਈ ਦੇ ਝੰਡੇ ਗੱਡ ਦਏਗੀ, ਉਹ ਹੁਣ ਇਧਰ ਉੱਧਰ ਕੀੜਿਆਂ ਮਕੌੜਿਆਂ ਦੀ ਤਰ੍ਹਾਂ ਢਹਿ-ਢੇਰੀ ਹੋਈ ਪਈ ਸੀ ਅਤੇ ਤੜਪ ਰਹੀ, ਹਾਲ ਪਾਹਰਿਆ ਕਰ ਰਹੀ ਤੇ ਅਫੜਾ ਤਫੜੀ ਦੇ ਆਲਮ ਵਿਚ ਪਨਾਹ ਭਾਲ ਰਹੀ ਸੀ।

ਹੁਣ ਇਨ੍ਹਾਂ ਫੌਜੀਆਂ ਦੇ ਮੂੰਹੋਂ ਧਰਤੀ ਆਕਾਸ਼ ਨੂੰ ਸਿਰ 'ਤੇ ਚੁੱਕਣ ਵਾਲੇ ਹੂ ਹਾ ਤੇ ਜੰਗਲੀ ਵਹਿਸ਼ੀ ਤਰਜ਼ ਦੀਆਂ ਚੀਕਾਂ ਚੰਗਾੜਾਂ ਨਹੀਂ ਸਨ ਨਿਕਲ ਰਹੀਆਂ ਤੇ ਨਾ ਹੀ ਜੈ ਬਜਰੰਗ ਬਲੀ ਤੇ ਹਰ ਹਰ ਮਹਾ ਦੇਵ ਦੇ ਬੋਲੇ ਜੈਕਾਰੇ ਹੀ ਨਿਕਲ ਰਹੇ ਸਨ, ਸਗੋਂ ਹੁਣ ਤਾਂ ਜੀਊਂਦੇ ਰਹਿ ਗਏ ਫੌਜੀ ਜੋ ਅਜੇ ਭਾਰੀ ਗਿਣਤੀ ਵਿਚ ਨਜ਼ਰੀ ਪੈ ਰਹੇ ਸਨ, ਆਪਣੇ ਹਮਜੋਲੀਆਂ ਤੇ ਭਾਈਬੰਦ ਫੌਜੀਆਂ ਦੀਆਂ ਲਾਸ਼ਾਂ ਅਤੇ ਬਰਾਮਦਿਆਂ ਦੇ ਥਮਲਿਆਂ, ਸਰੋਵਰ ਦੀਆਂ ਪੌੜੀਆਂ ਅਤੇ ਛੋਟੀਆਂ ਵੱਡੀਆਂ ਥਾਵਾਂ ਦੀਆਂ ਆੜਾਂ ਓਟਾਂ ਦੇ ਸਹਾਰੇ ਸਿਰ ਲੁਕਾ ਰਹੇ ਸਨ ਅਤੇ ਇਧਰ ਉੱਧਰ ਹੱਥ ਪੈਰ ਮਾਰਦੇ ਡਿਗਦੇ ਢਹਿੰਦੇ ਹੋਏ ਪਨਾਹ ਭਾਲ ਰਹੇ ਸਨ। ਜ਼ਖ਼ਮੀ ਫੌਜੀਆਂ ਤੇ ਮੌਤ ਦੇ ਭੈ ਨਾਲ ਡਹਿਲ ਚੁੱਕੇ ਫੌਜੀਆਂ ਦੀ ਚੀਖ ਪੁਕਾਰ, ਹਾਹਾਕਾਰ ਤੇ ਹਾਏ ਓ ਮਰ ਗਏ ਦੀਆਂ ਆਵਾਜ਼ਾਂ ਸਾਫ ਸੁਣਾਈ ਦੇ ਰਹੀਆਂ ਸਨ।

ਜੀਊਂਦੇ ਫੌਜੀਆਂ ਦੀ ਘਾਤ ਹੁਣ ਇਸ ਬੇਤਹਾਸ਼ਾ ਕਾਰਜ ਤੇ ਕੋਸ਼ਸ਼ ਵਿਚ ਸੀ ਕਿ ਉਹ ਕਿਵੇਂ ਨਾ ਕਿਵੇਂ ਪਰਕਰਮਾ 'ਚੋਂ ਬਾਹਰ ਨਿਕਲ ਜਾਵੇ ਪਰ ਪਰਕਰਮਾ ਅੰਦਰ ਦਾਖਲ ਹੋ ਚੁੱਕੀ ਫੌਜ ਦੀ ਦਸ਼ਾ ਤਾਂ ਇਸ ਸਮੇਂ ਜਾਲ ਦੇ ਘੇਰੇ ਵਿਚ ਫਸੇ ਹੋਏ ਉਹਨਾ ਬਟੇਰਿਆਂ ਵਰਗੀ ਸੀ ਜੋ ਜਾਲ ਦੀ ਝੋਲੀ, ਚੋਂ ਬਾਹਰ ਤਾਂ ਨਾ ਨਿਕਲ ਸਕਦੇ ਹੋਣ, ਪਰ ਅੰਤਾਂ ਦੀ ਘਬਰਾਹਟ ਕਾਰਨ ਆਪਣੇ ਖੰਭਾਂ ਦੇ ਆਸਰੇ ਉਸ ਘੇਰੇ ਵਾਲੀ ਥਾਂ ਦੇ ਅੰਦਰ ਅੰਦਰ ਐਵੇਂ, ਅਸਫਲ ਰੂਪ ਵਿਚ, ਚਾਮ ਚੜਿੱਕੀ ਉਡਾਰੀਆਂ ਲਾ ਰਹੇ ਹੋਣ।

ਅਸਲ ਵਿਚ ਫੌਜੀ ਅਧਿਕਾਰੀਆਂ ਤੇ ਜਰਨੈਲਾਂ ਵੱਲੋਂ ਪਰਕਰਮਾ ਵਿਚ ਫੌਜ ਸੁਟਣ ਦਾ ਹੁਕਮ ਦੇਣ ਸਮੇਂ ਇਹ ਖਿਆਲ ਕੀਤਾ ਗਿਆ ਲਗਦਾ ਸੀ ਕਿ ਕੰਪਲੈਕਸ ਦੇ ਅੰਦਰਲੇ ਤੇ ਬਾਹਰਲੇ ਸਭ ਵੱਡੇ ਤੇ ਮਹੱਤਵ ਪੂਰਨ ਮੋਰਚੇ ਤਬਾਹ ਕੀਤੇ ਜਾ ਚੁੱਕੇ ਹਨ। ਮੋਰਚਿਆਂ ਵਿਚਲਾ ਅਸਲਾ ਬਾਰੂਦ, ਤੋਪ ਗੋਲਿਆਂ ਦੀ ਮਾਰ ਨਾਲ ਅੱਗ ਭਾਂਬੜਾਂ ਦੀ ਨਜ਼ਰ ਹੋ ਚੁੱਕਾ ਹੈ, ਲੜਾਕੂ ਸਿੰਘਾਂ ਨੂੰ ਭਾਰੀ ਗਿਣਤੀ ਵਿਚ ਮੌਤ ਦੇ ਘਾਟ ਉਤਾਰਿਆ ਜਾ ਚੁੱਕਾ ਹੈ, ਅਕਾਲ ਤਖਤ (ਸਾਹਿਬ) ਦੀ ਕਿਲ੍ਹਾ ਬੰਦੀ ਤੇ ਮੋਰਚਾ ਬੰਦੀ ਨੂੰ ਨਕਾਰਾ ਤੇ ਬਾਂਝ ਬਣਾਇਆ ਜਾ ਚੁੱਕਾ ਹੈ ਅਤੇ ਬਚੇ ਖੁਚੇ ਹੋਏ ਸਿੰਘ ਜਾਂ ਤਾਂ ਮੈਦਾਨ ਛੱਡ ਗਏ ਹੋਣਗੇ ਤੇ ਜਾਂ ਫਿਰ ਇਧਰ ਉੱਧਰ ਹੋਕੇ ਸਿਰ ਲੁਕਾਵੇਂ ਵਾਲੀਆਂ ਥਾਵਾਂ ਉੱਪਰ ਦੜ ਸਹਿਮ ਕੇ ਬੈਠ ਗਏ ਹੋਣਗੇ।

ਫੌਜੀ ਅਧਿਕਾਰੀਆਂ ਤੇ ਜਰਨੈਲਾਂ ਦਾ ਇਹ ਵੀ ਖਿਆਲ ਲਗਦਾ ਸੀ ਕਿ ਪਰਕਰਮਾ ਅੰਦਰ ਉੱਤਰ ਦਾਖਣ ਵਾਲੇ ਪਾਸਿਓਂ ਇਕ ਵਾਰ ਯਕ ਲਖ਼ਤ ਰੂਪ ਵਿਚ ਭਾਰੀ ਗਿਣਤੀ 'ਚ ਫੌਜ ਸੁਟ ਕੇ ਅਕਾਲ ਤਖਤ (ਸਾਹਿਬ) ਦਾ ਰਾਬਤਾ ਕੁਝ ਮਿੰਟਾਂ ਦੇ ਵਿਚ ਵਿਚ ਹੀ ਬਾਕੀ ਦੇ ਕੰਪਲੈਕਸ ਨਾਲੋਂ ਤੋੜ ਦਿੱਤਾ ਜਾਵੇਗਾ ਅਤੇ ਫੌਜ ਦੇ ਅਕਾਲ ਤਖਤ (ਸਾਹਿਬ) ਦੇ ਅੰਦਰ ਬਾਹਰ ਛਾ ਜਾਣ ਤੋਂ ਬਅਦ ਬਾਕੀ ਦੇ ਕੰਪਲੈਕਸ ਉੱਪਰ ਕਾਬੂ ਪਾ ਲੈਣਾ ਕੋਈ ਖਾਸ ਕਠਨ ਨਹੀਂ ਹੋਵੇਗਾ ਪਰ ਇਨ੍ਹਾਂ ਫੌਜੀ ਅਧਿਕਾਰੀਆਂ ਤੇ ਜਰਨੈਲਾਂ ਦੇ ਸਭ ਕਿਆਫੇ ਅੰਦਾਜ਼ੇ ਉਸ ਸਮੇਂ ਗਲਤ ਸਾਬਤ ਹੋ ਗਏ ਅਤੇ



ਉਹਨਾਂ ਦੀਆਂ ਮਨਸੂਬਾ ਬੰਦੀਆਂ ਤੇ ਸਕੀਮਾਂ ਨਾਕਾਰਾ ਸਾਬਤ ਹੋ ਗਈਆਂ ਜਦੋਂ ਸਿੰਘਾਂ ਨੇ ਉਹਨਾਂ ਦੀਆਂ ਕਈ ਹਫਤਿਆਂ ਤੇ ਮਹੀਨਿਆਂ ਤੋਂ ਘੜੀਆਂ ਤੇ ਬਣਾਈਆਂ ਜਾ ਰਹੀਆਂ ਯੋਜਨਾਵਾਂ ਤੇ ਨੀਤੀਆਂ ਨੂੰ ਐਵੇਂ ਚੌਹ ਪੰਜਾਂ ਮਿੰਟਾਂ ਦੇ ਵਿਚ ਵਿਚ ਹੀ ਧੁਨਕੀ 'ਤੇ ਚੜ੍ਹੇ ਰੂੰ ਦੇ ਫੰਬਿਆਂ ਵਾਂਗ ਉਡਾ ਪੁਡਾ ਕੇ ਰੱਖ ਦਿੱਤਾ ਅਤੇ ਪਰਕਰਮਾ ਵਿਚ ਦਾਖਲ ਹੋਣ ਵਾਲੇ ਫੌਜੀਆਂ 'ਚੋਂ ਬਹੁਤ ਸਾਰਿਆਂ ਦੇ ਸੀਥਰ ਤੇ ਲੰਗਾਰ ਅੱਖ ਦੇ ਫੋਰ ਵਿਚ ਲਾਹ ਕੇ ਰੱਖ ਦਿੱਤੇ ਜਿਸਦੇ ਸਿੱਟੇ ਵਜੋਂ ਪਰਕਰਮਾ ਵਿਚ ਫੌਜੀਆਂ ਦੀਆਂ ਲਾਸ਼ਾਂ ਤੇ ਜ਼ਖਮੀਆਂ ਦੇ ਤੜਪਦੇ ਲੁਛਦੇ ਹੋਏ ਸਰੀਰ ਥਾਂ ਥਾਂ ਉੱਪਰ ਨਜ਼ਰੀ ਆ ਰਹੇ ਸਨ ਅਤੇ ਬਚੇ ਹੋਏ ਫੌਜੀ ਪਰਕਰਮਾ ਤੇ ਬਰਾਮਦਿਆਂ ਚੋਂ ਰੀਂਗਦੇ ਹੋਏ ਵੱਖ ਵੱਖ ਕਮਰਿਆਂ ਅੰਦਰ ਝੁਰਮਟਾਂ ਦੀ ਸ਼ਕਲ ਵਿਚ ਇਕੱਠੇ ਹੋ ਜੀਊਨ ਲਈ ਤਰਲੇ ਲੈ ਰਹੇ ਸਾਫ ਦਿਸ ਰਹੇ ਸਨ।

ਪਰਕਰਮਾ ਵਿਚ ਫੌਜੀਆਂ ਦੀਆਂ ਟਾਂਗਰੀਆਂ ਖੱਖੜੀਆਂ ਖੱਖੜੀਆਂ ਹੋ ਖਿਲਰੀਆਂ ਪਈਆਂ ਸਨ ਅਤੇ ਫੌਜੀ ਜਵਾਨਾਂ ਦੇ ਸਰੀਰ ਨਿੱਕੀਆਂ ਮੋਟੀਆਂ ਢੇਰੀਆਂ ਦੀ ਸ਼ਕਲ ਵਿਚ ਵਿੱਛੇ ਪਏ ਸਨ। ਇਸੇ ਤਰ੍ਹਾਂ ਫੌਜੀਆਂ ਦੇ ਝੰਡੇ, ਹੱਥਿਆਰ ਤੇ ਉਹਨਾਂ ਦੇ ਲੋਹ ਟੋਪ ਥਾਂ ਪੁਥਾਂ ਸੈਂਕੜਿਆਂ ਦੀ ਗਿਣਤੀ ਵਿਚ ਇਧਰ ਉੱਧਰ ਖਿਲਰੇ ਪਏ ਸਨ।

ਸੈਂਕੜਿਆਂ ਦੀ ਗਿਣਤੀ ਵਿਚ ਐੱਸ. ਐੱਲ. ਆਰਜ਼, ਕਾਰਬਾਈਨਜ਼ ਸਟੇਨ ਗੰਨਾਂ, ਹੱਥ ਗੋਲੇ ਤੇ ਹੋਰ ਛੋਟੇ ਮੋਟੇ ਹਥਿਆਰਾਂ ਦੇ ਅੱਗ ਉਗਲਣ ਅਤੇ ਮੌਤ ਵੰਡਣ ਵਾਲੇ ਰੂਪ ਆਕਾਰ ਜੋ ਐਵੇਂ ਕੁਝ ਛਿਣ ਪਲ ਪਹਿਲਾਂ ਫੌਜੀਆਂ ਦੇ ਹੱਥਾਂ ਮੋਢਿਆਂ 'ਤੇ ਚੜ੍ਹ ਕੇ ਦਾਖਲ ਹੋਏ ਸਨ ਹੁਣ ਉਹ ਆਪਣੇ ਮਾਲਕਾਂ ਅਧਿਕਾਰੀਆਂ ਦੇ ਆਸ ਪਾਸ ਬੇਹਰਕਤ ਤੇ ਬੇਬਸ ਹੋਏ ਪਏ ਸਨ।

ਜਿਸ ਸਮੇਂ ਸਿੰਘਾਂ ਨੇ ਫੌਜ ਨੂੰ ਕੀੜਿਆਂ ਮਕੌੜਿਆਂ ਵਾਂਗ ਮਰਦਿਆਂ ਡਿਗਦਿਆਂ ਤੜਪਦਿਆਂ ਲੜਦਿਆਂ, ਇਧਰ ਉੱਧਰ ਪਨਾਹ ਭਾਲਦਿਆਂ ਅਤੇ ਗਰਨੇਡਾਂ ਗੋਲਿਆਂ ਦੇ ਥੈਲਿਆਂ ਅਤੇ ਰਾਈਫਲਾਂ ਸਟੇਨ ਗੰਨਾਂ ਆਦਿ ਹਥਿਆਰਾਂ ਨੂੰ ਸੁੱਟਦਿਆਂ ਅਤੇ ਮੌਤ ਦੇ ਘੇਰੇ 'ਚੋਂ ਬਾਹਰ ਨਿਕਲਣ ਲਈ ਅੰਨਿਆਂ ਝੱਲਿਆਂ ਦੀ ਤਰ੍ਹਾਂ ਹੱਥ ਪੈਰ ਮਾਰਦਿਆਂ ਤੇ ਕਮਰਿਆਂ ਵਿਚ ਲੁਕਦਿਆਂ ਵੇਖਿਆ ਤਾਂ ਉਸ ਸਮੇਂ ਸਭ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਤੇ ਫਿਰ ਵੱਖ ਵੱਖ ਮੋਰਚਿਆਂ ਤੇ ਸਿੰਘਾਂ ਦੇ ਅੱਡੇ ਟਿਕਾਣਿਆਂ ਵਲੋਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ, ਖਾਲਿਸਤਾਨ ਜ਼ਿੰਦਾ ਬਾਦ ਦੇ ਨਾਅਰਿਆਂ ਅਤੇ ਰਾਜ ਕਰੇਗਾ ਖਾਲਸਾ ਦੇ ਬੋਲਿਆਂ ਨਾਲ ਪਰਕਰਮਾ ਦੀ ਫਜ਼ਾ ਗੂੰਜਦੀ ਹੋਈ ਸੁਣਾਈ ਦੇਣ ਲੱਗੀ।

ਉਸ ਸਮੇਂ ਸਿੰਘਾਂ ਦੇ ਜੈਕਾਰਿਆਂ ਦੀ ਗੂੰਜ ਅਤੇ ਨਾਅਰਿਆਂ ਬੋਲਿਆਂ ਦੀਆਂ ਆਵਾਜ਼ਾਂ ਤੋਂ ਇਸਤਰ੍ਹਾਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਉਹਨਾਂ ਨੂੰ ਇਸ ਗੱਲ ਦੀ ਅਥਾਹ ਖੁਸ਼ੀ ਹੋਈ ਹੋਵੇ ਕਿ ਉਹਨਾਂ ਨੇ ਇਕ ਵਾਰ ਤਾਂ ਆਪਣੇ ਬਚਨ ਤੇ ਬੋਲ ਪੁਗਾ ਕੇ ਵਿਖਾ ਦਿੱਤੇ ਹਨ ਕਿ 'ਜੇ ਫੌਜ ਦਰਬਾਰ ਸਾਹਿਬ ਪਰਕਰਮਾ ਵਿਚ ਦਾਖਲ ਹੋਈ ਤਾਂ ਉਸਦੇ ਡੱਕਰੇ ਕਰ ਕਰ ਕੇ ਸੁੱਟ ਦਿਆਂਗੇ ਤੇ ਉਸਦੀਆਂ ਲਾਸ਼ਾਂ ਦੀਆਂ ਥਾਂ ਥਾਂ ਉੱਪਰ ਢੇਰੀਆਂ ਲਾ ਦਿਆਂਗੇ, ਪਰ ਦੁਸ਼ਟਾਂ ਵੈਰੀਆਂ ਦੀ ਫੌਜ ਨੂੰ ਆਪਣੇ ਜੀਊਂਦਿਆਂ ਜੀਅ ਦਰਬਾਰ ਸਾਹਿਬ ਉੱਪਰ ਅਧਿਕਾਰ ਨਹੀਂ ਜਮਾਉਣ ਦੇਵਾਂਗੇ।'

ਅਸਲ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਅਤੇ ਜਰਨਲ ਸੁਬੇਗ ਸਿੰਘ ਦੀ ਦੂਰ ਦਰਸ਼ੀ ਨਜ਼ਰ ਨੇ ਇਸ ਗੱਲ ਨੂੰ ਪਹਿਲੀ ਜੂਨ ਵਾਲੇ ਦਿਨ ਹੀ ਅਨਭਵ ਕਰ ਲਿਆ ਸੀ ਕਿ ਜੇ ਉੱਚੀਆਂ ਇਮਾਰਤਾਂ ਅਤੇ ਦਰਸ਼ਨੀ ਡਿਓੜੀਆਂ ਵੱਲ ਦੇ ਸਿੰਘਾਂ ਦੇ ਮੋਰਚਿਆਂ ਨੂੰ ਫੌਜ ਨੇ ਤੋਪਾਂ ਰਾਕਟਾਂ ਮਾਰਟਰਾਂ ਤੇ ਮਸ਼ੀਨ ਗੰਨਾਂ ਆਦਿ ਨਾਲ ਤਬਾਹ ਕਰ ਦਿੱਤਾ ਤਾਂ ਉਸ ਹਾਲਤ

ਵਿਚ ਕੀ ਉਪਾ ਹੋਣਾ ਚਾਹੀਦਾ ਹੈ ਅਤੇ ਫੌਜ ਦੇ ਦਰਬਾਰ ਸਾਹਿਬ ਪਰਕਰਮਾ ਅੰਦਰ ਦਾਖਲੇ ਨੂੰ ਰੋਕਣ ਲਈ ਤੇ ਉਸਦਾ ਮੁਕਾਬਲਾ ਕਰਨ ਲਈ ਸੈਨਿਕ ਹਿਕਮਤ ਅਮਲੀ ਤੇ ਮਨਸੂਬਾ ਬੰਦੀ ਅਨੁਸਾਰ ਹੋਰ ਕੀ ਕੀ ਪ੍ਰਬੰਧ ਕਰਨੇ ਲੋੜੀਂਦੇ ਹਨ।

ਦੋ ਤੇ ਤਿੰਨ ਜੂਨ ਦੇ ਦਿਨ ਇਸ ਗੱਲ ਲਈ ਬੜੀ ਭਾਰੀ ਅਹਿਮੀਅਤ ਰੱਖਦੇ ਹਨ ਕਿ ਇਨ੍ਹਾਂ ਦੋ ਦਿਨ ਤੇ ਦੋ ਰਾਤਾਂ ਵਿਚ ਸਿੰਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਵਲੋਂ ਜਨਰਲ ਸ਼ੁਬੇਗ ਸਿੰਘ ਤੇ ਭਾਈ ਅਮਰੀਕ ਸਿੰਘ ਦੀ ਅਗਵਾਈ ਵਿਚ ਪਰਕਰਮਾ ਤੇ ਇਸਦੇ ਨਾਲ ਨਾਲ ਲਗਦੇ ਸੈਨਿਕ ਨਜ਼ਰੀਏ ਤੋਂ ਮਹੱਤਵਪੂਰਨ ਥਾਂ ਟਿਕਾਣਿਆਂ ਨੂੰ ਮੋਰਚਿਆਂ ਵਜੋਂ ਵਰਤੋਂ ਵਿਚ ਲਿਆਉਣ ਲਈ ਬਹੁਤ ਹੀ ਮਿਹਨਤ ਲਗਨ ਤੇ ਫੌਜੀ ਹਿਕਮਤ ਅਮਲੀ ਪੱਖੋਂ ਸੂਝ ਬੂਝ ਤੋਂ ਕੰਮ ਲਿਆ ਗਿਆ ਸੀ।

ਦਰਬਾਰ ਸਾਹਿਬ ਪਰਕਰਮਾ ਦੇ ਆਲੇ ਦੁਆਲੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਸ ਪਾਸ ਵੱਖ ਵੱਖ ਥਾਵਾਂ ਟਿਕਾਣਿਆਂ ਦੀ ਚੋਣ ਕਰਕੇ ਕਮਰਿਆਂ ਦੇ ਅੰਦਰ (ਬਰਾਮਦਿਆਂ ਉਪਰਲੇ ਕਮਰਿਆਂ ਦੇ ਅੰਦਰ ਬਾਹਰ) ਅਤੇ ਉਪਰਲੀਆਂ ਮੰਜ਼ਲਾਂ ਦੇ, ਬਨੇਰਿਆਂ ਕੋਲਿਆਂ ਤੇ ਦੀਵਾਰਾਂ ਅੰਦਰਲੇ ਸੁਰਾਖਾਂ ਤੱਕ ਨੂੰ ਫੌਜੀ ਢੰਗ ਨਾਲ ਮੋਰਚਾ ਬੰਦੀ ਦਾ ਰੂਪ ਦੇ ਦਿੱਤਾ ਗਿਆ ਸੀ।

ਇਹ ਮੋਰਚਾ ਬੰਦੀ ਤੇ ਕਿਲ੍ਹਾ ਬੰਦੀ ਇਸ ਢੰਗ ਨਾਲ ਕੀਤੀ ਗਈ ਸੀ ਕਿ ਭਾਰਤ ਦੀ ਪੈਦਲ ਫੌਜ ਜੇਕਰ ਹਫ਼ਤਿਆਂ ਬੱਧੀ ਵੀ ਲਹਿਰਾਂ ਦੀ ਸ਼ਕਲ ਵਿਚ ਬਾਰ ਬਾਰ ਪਰਕਰਮਾ ਅੰਦਰ ਦਾਖਲ ਹੁੰਦੀ ਰਹਿੰਦੀ ਅਤੇ ਦਰਬਾਰ ਸਾਹਿਬ ਦੇ ਵਾਤਾਵਰਨ ਉਪਰ ਹਮਲਾ ਕਰਦੀ ਰਹਿੰਦੀ ਤਾਂ ਉਹ ਜਥੇ ਦੇ ਸਿੰਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਉਪਰ ਕਾਬੂ ਨਹੀਂ ਸੀ ਪਾ ਸਕਦੀ ਕਿਉਂਕਿ ਇਸ ਢੰਗ ਦੀ ਜ਼ਬਰਦਸਤ ਮੋਰਚਾਬੰਦੀ ਦੇ ਨਾਲ ਨਾਲ ਜਿਥੇ ਸਿੰਘਾਂ ਨੇ ਫੌਜੀ ਹਮਲੇ ਦੌਰਾਨ ਗਰਨੇਡਾਂ ਗੋਲੀ ਗੋਲਿਆਂ ਤੇ ਫਾਇਰਿੰਗ ਦੀ ਮਾਰ ਤੋਂ ਬਚਣ ਲਈ ਥਾਂ ਥਾਂ ਉੱਪਰ ਰੇਤ ਮਿੱਟੀ ਦਿਆਂ ਥੈਲਿਆਂ ਬੋਰਿਆਂ ਦੀ ਭਾਰੀ ਵਰਤੋਂ ਕਰ ਰੱਖੀ ਸੀ ਅਤੇ ਲੋੜੀਂਦੀਆਂ ਥਾਵਾਂ ਤੋਂ ਬਰਾਮਦਿਆਂ ਦੀਆਂ ਲਾਟਾਂ ਤੱਕ ਨੂੰ ਬੰਦ ਕਰ ਰੱਖਿਆ ਸੀ ਉਥੇ ਉਹਨਾਂ ਨੇ ਆਪਣੇ ਪਾਸ ਕਈ ਦਿਨਾਂ ਤੱਕ ਦੀ ਖੁਰਾਕ ਵਜੋਂ ਭੁੱਜੇ ਹੋਏ ਛੋਲਿਆਂ ਤੇ ਗੁੜ ਆਦਿ ਪਦਾਰਥਾਂ ਨੂੰ ਵੀ ਜਮਾ ਕਰ ਰੱਖਿਆ ਸੀ।

ਐਸੀ ਹਾਲਤ ਵਿਚ ਭਾਰਤ ਦੀ ਪਿਆਦਾ ਫੌਜ ਕੇਵਲ ਉਸ ਸਮੇਂ ਹੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਰਕਰਮਾ ਉੱਪਰ ਆਪਣਾ ਕਬਜ਼ਾ ਕਰ ਸਕਦੀ ਸੀ ਜੇਕਰ ਕੰਪਲੈਕਸ ਦੀ ਧਰਤੀ ਨੂੰ ਚੱਪਾ ਚੱਪਾ ਟੈਂਕਾਂ ਨਾਲ ਦਰੜ ਦਿੱਤਾ ਜਾਂਦਾ ਅਤੇ ਤੋਪਾਂ ਰਾਕਟ ਲਾਂਚਰਾਂ ਤੇ ਹੋਰ ਤਬਾਹੀ ਮਚਾਉਣ ਵਾਲੇ ਭਿਆਨਕ ਹਥਿਆਰਾਂ ਨਾਲ ਸਭ ਪਾਸੇ ਬਾਰੂਦੀ ਅੱਗ ਦੇ ਸ਼ੋਅਲੇ ਭੁਲਾ ਦਿੱਤੇ ਜਾਂਦੇ।

ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਪੈਦਲ ਫੌਜ ਲਈ ਹੱਥ ਹੱਥੀ ਕਬਜ਼ਾ ਕਰਨਾ ਹਰ ਤਰ੍ਹਾਂ ਨਾਲ ਹਰ ਪੱਖੋਂ ਹੀ ਅਸੰਭਵ ਸੀ ਕਿਉਂਕਿ ਸ੍ਰੀ ਦਰਬਾਰ ਸਾਹਿਬ ਦੀ ਇਕ ਇਕ ਇੰਚ ਧਰਤੀ ਦੀ ਰਾਖੀ ਲਈ ਹਰ ਸਿੰਘ ਸਵੈ ਇੱਛਾ ਨਾਲ ਆਪਣਾ ਬਲੀਦਾਨ ਦੇਣ ਲਈ ਮਨੋ ਚਿੱਤੋਂ ਤਿਆਰ ਸੀ ਅਤੇ ਇਸ ਗੱਲ ਵਿਚ ਆਪਣੇ ਜੀਵਨ ਦੀ ਸਫਲਤਾ ਸਮਝਣ ਦੇ ਨਾਲ ਨਾਲ ਖਾਲਸਾ ਪੰਥ ਦੀ ਆਨ ਸ਼ਾਨ ਸਮਝਦਾ ਸੀ। ਇਸ ਤੋਂ ਇਲਾਵਾ ਫੌਜੀ ਨੁਕਤਾ ਨਿਗਾਹ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਭਵਨ ਦ੍ਰਿਸ਼ਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਐਨ ਵਿਚਕਾਰ ਪੈਂਦੇ ਵਿਸ਼ਾਲ ਤੇ ਖੁੱਲੇ ਮੈਦਾਨੀ ਅਸਥਾਨ ਦੀ ਸਥਿਤੀ ਆਪਣੇ ਆਪ ਵਿਚ ਇਕ ਮਜ਼ਬੂਤ ਕਿਲ੍ਹੇ ਦਾ ਹੀ ਰੂਪ ਰਖਦੀ ਸੀ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਪਰ ਵੱਲ ਨੂੰ ਦੋਹਾਂ ਪਾਸਿਆਂ ਤੋਂ ਪਰਕਰਮਾ ਵਾਲੇ ਪਾਸਿਓਂ ਚੜ੍ਹਦੀਆਂ ਪੌੜੀਆਂ ਤਖ਼ਤ ਸਾਹਿਬ ਵਾਲੀ ਮੰਜ਼ਲ ਦੀ ਕਿਲ੍ਹਾ ਨੁਮਾ ਬਣਤਰ ਬਨਾਵਟ ਤੇ ਉਸਾਰੀ ਅਤੇ ਇਸਦੀਆਂ ਵੱਖ ਵੱਖ ਮੰਜ਼ਲਾਂ ਦੇ ਵੱਡੇ ਛੋਟੇ ਕਮਰੇ ਗੁਪਤ ਕਮਰਿਆਂ ਵੱਲ ਨੂੰ ਉਤਰਦੀਆਂ ਪੌੜੀਆਂ ਪਰਕਰਮਾ ਵੱਲ ਨੂੰ ਕਰਕੇ ਬਣਾਏ ਹੋਏ ਵਾਧਿਆਂ ਦੇ ਨਾਲ ਨਾਲ ਉਸਾਰੇ ਹੋਏ ਮਜ਼ਬੂਤ ਬਨੇਰਿਆਂ ਅਤੇ ਵੱਡੀਆਂ ਛੋਟੀਆਂ ਛੱਤਾਂ ਦੇ ਨਾਲ ਨਾਲ ਉਸਾਰੇ ਹੋਏ ਸਤੂਨਾਂ ਤੇ ਕਮਰਿਆਂ ਦੇ ਅੰਦਰੋਂ ਅੰਦਰੀ ਪੁਰਾਣੇ ਇਤਿਹਾਸਕ ਖੂਹ ਵੱਲ ਨੂੰ ਤੇ ਕੁਝ ਇਕ ਗੁਪਤ ਟਿਕਾਣਿਆਂ ਵੱਲ ਨੂੰ ਉਤਰਦੇ ਰਸਤੇ ਸਭ ਆਪਣੇ ਆਪ ਵਿਚ ਮਜ਼ਬੂਤ ਮੋਰਚਿਆਂ ਦਾ ਹੀ ਰੂਪ ਰਖਦੇ ਸਨ। ਜੇ ਇਸ ਸਮੁੱਚੀ ਮੋਰਚਾ ਤੇ ਕਿਲ੍ਹਾ ਬੰਦੀ ਸਥਿਤੀ ਨੂੰ ਇਸ ਤਰ੍ਹਾਂ ਬਿਆਨ ਕਰ ਦਿੱਤਾ ਜਾਵੇ ਕਿ ਸਿੰਘਾਂ ਨੇ ਹਥਿਆਰ ਬੰਦ ਰੂਪ ਵਿਚ ਹਰ ਥਮਲੇ, ਬਨੇਰੇ, ਕਮਰੇ, ਰੋਸ਼ਨਦਾਰ ਤੇ ਫੌਜੀ ਨਜ਼ਰੀਏ ਪੱਖੋਂ ਸਭ ਯੋਗ ਤੇ ਮੁਨਾਸਬ ਥਾਵਾਂ ਨੂੰ ਮੋਰਚਾ ਬੰਦੀ ਦਾ ਰੰਗ ਦਿੱਤਾ ਹੋਇਆ ਸੀ ਤਾਂ ਇਸ ਵਿਚ ਕੋਈ ਅੱਤ ਕਥਨੀ ਨਹੀਂ ਹੋਵੇਗੀ।

ਇਥੇ ਇਹ ਗੱਲ ਵਰਨਣ ਯੋਗ ਹੈ ਕਿ ਸਿੰਘਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਰਕਰਮਾ ਦੇ ਨਾਲ ਨਾਲ ਲਗਦੀਆਂ ਇਮਾਰਤਾਂ ਦੀਆਂ ਉਪਰਲੀਆਂ ਮੰਜ਼ਲਾਂ ਉੱਪਰ ਜਿੰਨੀ ਵੀ ਨਵੀਂ ਮੋਰਚਾ ਬੰਦੀ ਕਾਇਮ ਕੀਤੀ ਸੀ ਉਹ ਸੀ. ਆਰ. ਪੀ. ਵਲੋਂ ਪਹਿਲੀ ਜੂਨ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਭਵਨ ਉਪਰ ਤਾਬੜ ਤੋੜ ਰੂਪ ਵਿਚ ਫਾਇਰਿੰਗ ਕੀਤੇ ਜਾਣ ਤੋਂ ਬਾਅਦ ਹੀ ਕੀਤੀ ਸੀ।

ਸਿੰਘਾਂ ਨੇ ਗਿਣਤੀ ਦੇ ਪੰਜਾਂ ਛਿਆਂ ਮਿੰਟਾਂ ਦੇ ਵਿਚ ਹੀ ਭਾਰਤੀ ਫੌਜ ਦੇ ਪਰਖਚੇ ਉਡਾ ਕੇ ਰੱਖ ਦਿੱਤੇ ਸਨ ਤੇ ਵੇਖਦਿਆਂ ਹੀ ਵੇਖਦਿਆਂ ਫੌਜੀਆਂ ਦੀਆਂ ਭਾਰੀ ਗਿਣਤੀ ਵਿਚ ਲੋਥਾਂ ਵਿਛਾ ਕੇ ਰੱਖ ਦਿੱਤੀਆਂ ਸਨ। ਅਸਲ ਵਿਚ ਇਹ ਸਭ ਕੁਝ ਉਸ ਅਕਾਲ ਪੁਰਖ ਦੀ ਕਿਰਪਾ ਸਦਕਾ ਸਿੰਘਾਂ ਦੀ ਬਲਵਾਨ ਤੇ ਉਹਨਾਂ ਦੀ ਕੁਰਬਾਨੀ ਦੇ ਜਜ਼ਬੇ ਨਾਲ ਭਰਪੂਰ ਮਾਨਸਿਕ ਅਵਸਥਾ ਅਤੇ ਉਹਨਾਂ ਦੇ ਨਿਰੰਤਰ ਜੁਝਾਰੂ ਘਾਲ ਤੇ ਸੈਨਿਕ ਅਭਿਆਸ ਦਾ ਹੀ ਸਿੱਟਾ ਸੀ।

ਸਿੰਘਾਂ ਦੇ ਬਲਵਾਨ ਪੱਖਾਂ ਤੇ ਉਹਨਾਂ ਵਿਚਲੇ ਸੈਨਿਕ ਗੁਣਾਂ ਲਖਣਾਂ ਨੂੰ ਵੇਖਕੇ ਇਹ ਗੱਲ ਪ੍ਰਤੱਖ ਰੂਪ ਵਿਚ ਪਰਗਟ ਹੁੰਦੀ ਸੀ ਕਿ ਜੇ ਖਾਲਸਾ ਪੰਥ ਕੋਲ ਭਾਰਤ ਸਰਕਾਰ ਤੇ ਹਿੰਦੂ ਸਾਮਰਾਜ ਦੇ ਮੁਕਾਬਲੇ ਦਸਵਾਂ ਹਿੱਸਾ ਵੀ ਸੈਨਿਕ ਸ਼ਕਤੀ ਤੇ ਸਾਧਨ ਵਸੀਲੇ ਹੁੰਦੇ ਤਾਂ ਇਨ੍ਹਾਂ ਲਈ ਸਮੁੱਚੇ ਹਿੰਦੁਸਤਾਨ ਨੂੰ ਕੁਝ ਦਿਨਾਂ ਦੇ ਵਿਚ ਵਿਚ ਫਤਹਿ ਕਰ ਲੈਣਾ ਕੋਈ ਅਜੀਬ, ਅਸਚਰਜ ਜਨਕ ਜਾਂ ਅਨਹੋਣੀ ਤੇ ਅਸੰਭਵ ਗੱਲ ਨਹੀਂ ਸੀ ਸਗੋਂ ਇਕ ਤਰ੍ਹਾਂ ਨਾਲ ਸੁਭਾਵਕ ਹੀ ਸੀ। ...ਪਰ.

ਸਿੰਘਾਂ ਨੂੰ ਆਮ ਛੋਟੇ ਵੱਡੇ ਹਥਿਆਰਾਂ ਬਾਰੇ ਤੇ ਜੰਗੀ ਦਾਅ ਪੇਚਾਂ ਬਾਰੇ ਫੌਜੀਆਂ ਦੇ ਮੁਕਾਬਲੇ ਵੱਡੀ ਪੱਧਰ 'ਤੇ ਸੈਨਿਕ ਸਿਖਲਾਈ ਤੇ ਅਭਿਆਸ ਨਾ ਹੋਣ ਦੇ ਬਾਵਜੂਦ ਆਪਣੇ ਆਪ ਵਿਚ ਕਿਸੇ ਪਰਕਾਰ ਦੀ ਕੋਈ ਕਮੀ ਜਾਂ ਕਮਜ਼ੋਰੀ ਮਹਿਸੂਸ ਨਹੀਂ ਸੀ ਹੋ ਰਹੀ, ਸਗੋਂ ਉਹ ਆਪਣੇ ਆਪ ਨੂੰ ਫੌਜੀਆਂ ਦੇ ਮੁਕਾਬਲੇ ਕਈ ਪੱਖਾਂ ਤੋਂ ਤਕੜਿਆਂ ਅਨੁਭਵ ਕਰਦੇ ਸਨ। ਐਸੀ ਹਾਲਤ ਵਿਚ ਜੇਕਰ ਉਹਨਾਂ ਨੂੰ ਆਪਣੇ ਆਪ ਵਿਚ ਕਿਸੇ ਗੱਲ ਦੀ ਘਾਟ ਮਹਿਸੂਸ ਹੁੰਦੀ ਸੀ ਤਾਂ ਉਹ ਸਿਰਫ ਇਸ ਗੱਲ ਦੀ ਹੁੰਦੀ ਸੀ ਕਿ ਉਹਨਾਂ ਨੂੰ ਖਾਲਸਾ ਪੰਥ ਦਾ ਵੇਹੜਾ ਖਾਲਸਾ ਰਾਜ ਦੇ ਚਾਨਣ ਤੇ ਸ਼ਕਤੀ ਭੰਡਾਰ ਅਰਥਾਤ ਸੱਤਾ-ਸੋਮਿਆਂ ਤੇ ਸਾਧਨ ਵਸੀਲਿਆਂ ਤੋਂ ਉੱਕਾ ਹੀ ਖਾਲੀ ਤੇ ਸੁੰਞਾ ਸੁੰਞਾ ਲਗਦਾ ਸੀ।

ਜੁਝਾਰੂ ਕਰਮ ਕਮਾਉਂਦਿਆਂ ਹੋਇਆਂ ਹੱਦ ਦਰਜੇ ਤੱਕ ਦੇ ਥਕੇਵੇਂ ਤੇ ਉਨੀਂਦੇ ਦੇ ਬਾਵਜੂਦ ਸੂਰਜ ਚੜ੍ਹੇ ਤੋਂ ਪਹਿਲਾਂ ਉੱਠਣਾ, ਇਸ਼ਨਾਨ ਕਰਨਾ ਗੁਰਬਾਣੀ ਪੜ੍ਹਨਾ ਅਤੇ ਫਿਰ ਸ੍ਰੀ ਹਰਿਮੰਦਰ

ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਵਿਚ ਹਾਜ਼ਰ ਹੋਕੇ ਹਾਜ਼ਰੀ ਭਰਨਾ ਤੇ ਸਮੇਂ ਮੁਤਾਬਕ ਅਲਾਹੀ ਬਾਣੀ ਦਾ ਕੀਰਤਨ ਸੁਣਨਾ ਤਾਂ ਉਹਨਾ ਦੇ ਜੀਵਨ ਦਾ ਇਕ ਸੁਭਾਵਕ ਅਮਲ ਕਰਮ ਸੀ। ਇਥੋਂ ਤੱਕ ਕਿ ਜੋ ਵੀ ਕੋਈ ਯੁਵਕ, ਬੁਜ਼ੁਰਗ ਜਾਂ ਨੌਜਵਾਨ ਭਿੰਡਰਾਂਵਾਲੇ ਜਥੇ ਦੇ ਜੁਝਾਰੂ ਸਿੰਘਾਂ ਦੀ ਸੰਗਤ ਵਿਚ ਰਹਿੰਦਾ ਸੀ ਉਹ ਆਪਣੇ ਅੰਦਰ ਆਤਮਕ ਬਲ ਤੇ ਰੌਸ਼ਨੀ ਦੀ ਚਿਣਗ ਪੈਦਾ ਕਰ ਲੈਣ ਦੇ ਨਾਲ ਨਾਲ ਸੈਣਕ ਪੱਖੋਂ ਵੀ ਬਹੁਤ ਹੱਦ ਤੱਕ ਪਰਬੀਨ ਹੋ ਜਾਂਦਾ ਸੀ। ਐਸੀ ਹਾਲਤ ਵਿਚ ਉਹ ਪਸਤੌਲ, ਰੀਵਾਲਵਰ, ਸਟੇਨਗੰਨ ਤੇ ਕੁਝ ਹੋਰ ਵੱਡੇ ਹਥਿਆਰਾਂ ਅਤੇ ਗਰਨੇਡਾਂ ਹੱਥ ਗੋਲਿਆਂ ਬਾਰੇ ਤਾਂ ਵਾਕਫੀਅਤ ਹਾਸਲ ਕਰਦਾ ਹੀ ਕਰਦਾ ਸੀ, ਪਰ ਉਹ ਇਨ੍ਹਾਂ ਗੱਲਾਂ ਦੇ ਨਾਲ ਨਾਲ ਅਭਿਆਸੀ ਸਿੰਘਾਂ ਦੇ ਪੈਰ ਚਿੰਨ੍ਹਾਂ ਉੱਪਰ ਚਲਦਾ ਹੋਇਆ ਦਿਨ ਰਾਤ ਇਕ ਕਰਕੇ ਮਨੋ ਤਨੋ ਅਤੇ ਜੋਸ਼ ਜਜ਼ਬੇ ਤੇ ਲਗਨ ਨਾਲ ਆਪਣੇ ਅੰਦਰ ਇਕ ਜੁਝਾਰੂ ਸਿੰਘ ਤੇ ਸਫਲ ਗੁਰੀਲੇ ਵਾਲੇ ਗੁਣ ਸਿਫਤਾਂ ਵੀ ਪੈਦਾ ਕਰ ਲੈਂਦਾ ਸੀ।

ਵੱਖ ਵੱਖ ਹਥਿਆਰਾਂ ਨੂੰ ਚਲਾਉਣ ਸਬੰਧੀ ਸਿਖਲਾਈ ਤੇ ਉਹਨਾਂ ਬਾਰੇ ਜਾਣਕਾਰੀ ਹਾਸਲ ਕਰ ਲੈਣ ਤੋਂ ਇਲਾਵਾ ਉਹਨਾ ਨੂੰ ਆਮ ਜਿਹੇ ਅਭਿਆਸ ਵਿਚ ਖੋਹਲਣਾ ਤੇ ਫਿਰ ਉਹਨਾਂ ਨੂੰ ਸਾਫ ਕਰਕੇ ਜੋੜਨਾ ਉਹਨਾ ਦੇ ਸ਼ੌਕ ਵਿਚ ਸ਼ਾਮਲ ਹੁੰਦਾ ਸੀ। ਕਈ ਯੁਵਕ ਤਾਂ ਕੰਪਲੈਕਸ ਦੇ ਅੰਦਰ ਮੰਜੀ ਸਾਹਿਬ ਦੀਵਾਨ ਹਾਲ ਦੇ ਪਿਛਲੇ ਪਾਸੇ ਪੈਂਦੀ ਗਲੀ ਵਿਚ ਜਾਂ ਵੇਲੇ ਕੁਵੇਲੇ ਕੰਪਲੈਕਸ 'ਚੋਂ ਬਾਹਰ ਨਿਕਲ ਕੇ ਮੋਟਰ ਸਾਈਕਲ ਤੇ ਸਕੂਟਰ ਆਦਿ ਦੀ ਜਾਂਚ ਤਾਂ ਏਨੀ ਛੇਤੀ ਸਿੱਖ ਜਾਂਦੇ ਸਨ ਕਿ ਆਮ ਵਿਅਕਤੀ ਇਹ ਸਭ ਕੁਝ ਵੇਖਕੇ ਹੈਰਾਨ ਰਹਿ ਜਾਂਦਾ ਸੀ। ਕਾਰ ਟੈਕਸੀ ਆਦਿ ਲਾਈਟ ਵਹੀਕਲਜ਼ ਉੱਪਰ ਹੱਥ ਆਜ਼ਮਾਉਣਾ ਵੀ ਉਹਨਾਂ ਦੇ ਸ਼ੌਕ ਜਜ਼ਬੇ ਵਿਚ ਸ਼ਾਮਲ ਸੀ।

ਮੌਕੇ ਦੇ ਮੁਤਾਬਕ ਆਪਣੇ ਆਪ ਨੂੰ ਢਾਲਣ ਦਾ ਗੁਣ, ਦੁਸ਼ਮਨ ਵੈਰੀ ਉੱਪਰ ਬਿਜਲੀ ਦੀ ਤੇਜ਼ੀ ਵਾਂਗ ਪੈਣ ਤੇ ਝਪਟਨ ਦਾ ਅਮਲ ਅਤੇ ਦੋ ਚਾਰ ਜਾਂ ਹੱਦ ਪੰਜਾਂ ਸੱਤਾਂ ਮਿੰਟਾਂ ਦੇ ਵਿਚ ਵਿਚ ਹੀ ਵੱਡੇ ਤੋਂ ਵੱਡਾ ਐਕਸ਼ਨ ਕਰਕੇ ਉਥੋਂ ਬਚ ਨਿਕਲਣ ਦੀ ਤਕਨੀਕ ਤੇ ਖੂਬੀ ਤਾਂ ਉਹ ਆਪਣੇ ਅੰਦਰ ਇਸਤਰਾਂ ਨਿਪੁੰਨ ਰੂਪ ਵਿਚ ਪੈਦਾ ਕਰ ਜਾਂਦੇ ਸਨ ਕਿ ਜਿਵੇਂ ਇਹ ਗੱਲਾਂ ਤੇ ਖੂਬੀਆਂ ਉਹਨਾਂ ਨੂੰ ਜਮਾਂਦਰੂ ਹੀ ਨਸੀਬ ਹੋਈਆਂ ਹੁੰਦੀਆਂ ਹਨ। ਭੇਸ ਬਦਲਣਾ ਵੱਡੀਆਂ ਛੋਟੀਆਂ ਸੜਕਾਂ ਤੋਂ ਇਲਾਵਾ ਆਮ ਕੱਚੇ ਪੱਕੇ ਰਾਹ ਪੈਂਡਿਆਂ ਬਾਰੇ, ਇਥੋਂ ਤੱਕ ਕਿ ਟੇਢੇ-ਮੇਢੇ ਰਾਹਾਂ ਤੇ ਪਗਡੰਡੀਆਂ ਤੱਕ ਦੇ ਸਬੰਧ ਵਿਚ, ਪੂਰੀ ਪੂਰੀ ਜਾਣਕਾਰੀ ਰਖਣੀ ਤੇ ਹਾਸਲ ਕਰਨੀ, ਦੁਸ਼ਮਨ ਦੇ ਅੱਡੇ ਟਿਕਾਣਿਆਂ ਤੇ ਉਹਨਾਂ ਦੇ ਆਲੇ ਦੁਆਲੇ ਦੀ ਸਥਿਤੀ ਨੂੰ ਹਰਪੱਖੋਂ ਸਮਝਣਾ ਜਾਚਣਾ ਅਤੇ ਆਪਣੇ ਆਪਣੇ ਇਲਾਕੇ ਦੇ ਭਾਈਚਾਰੇ ਵਿਚ ਤੇ ਸਿੱਖ ਸਮਾਜ ਅੰਦਰ ਨਵੇਂ ਤੋਂ ਨਵੇਂ ਸੁਰਖਸ਼ਤ ਅੱਡਿਆਂ ਟਿਕਾਣਿਆਂ 'ਤੇ ਨਜ਼ਰ ਰੱਖਣੀ ਤੇ ਵਿਸ਼ਵਾਸ ਪਾਤਰ ਮੇਲ ਪੈਦਾ ਕਰਨਾ ਅਤੇ ਮੌਕੇ ਤੇ ਸਥਿਤੀ ਦੇ ਮੁਤਾਬਕ ਦੁਸ਼ਮਨ ਦੇ ਸੰਭਲਣ ਤੋਂ ਪਹਿਲਾਂ ਹੀ ਉਸ ਉੱਪਰ ਮਾਰੂ ਵਾਰ ਕਰਕੇ ਉਥੋਂ ਬਚ ਕੇ ਨਿਕਲ ਜਾਣ ਦੇ ਗੁਰ-ਗੁਣ ਤਾਂ ਉਹਨਾਂ ਦੀ ਸੋਚ, ਨੀਤੀ ਤੇ ਉਹਨਾਂ ਦੀਆਂ ਸਰਗਰਮੀਆਂ ਦੇ ਅਮਲ ਵਿਚ ਸਮੇਂ ਦੇ ਨਾਲ ਨਾਲ ਸੁਤੇ ਸਿੱਧ ਰੂਪ 'ਚ ਹੀ ਢਲ ਜਾਂਦੇ ਸਨ।

ਜਿਥੋਂ ਤੱਕ ਜਥੇ ਦੇ ਸਿੰਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਦਾ ਸਵਾਲ ਸੀ ਉਹਨਾਂ ਨੂੰ ਤਾਂ ਸਮੇਂ ਸਮੇਂ ਸਾਬਕ ਸਿੱਖ ਮਿਲਟਰੀ ਆਫਸਰਾਂ ਤੇ ਜਰਨੈਲਾਂ ਨੇ ਵੀ ਸੈਣਕ ਨਜ਼ਰੀਏ ਪੱਖੋਂ ਕਾਫੀ ਗੱਲਾਂ ਬਾਰੇ ਲਾਹੇਵੰਦੀ ਜਾਣਕਾਰੀ ਤੇ ਟ੍ਰੇਨਿੰਗ ਦੇ ਰੱਖੀ ਸੀ। ਜਿਸ ਕਰਕੇ ਉਹਨਾਂ ਦੀਆਂ ਸਰਗਰਮੀਆਂ 'ਚੋਂ ਫੌਜੀ ਹਿਕਮਤ ਅਮਲੀ, ਫੌਜੀ ਤਰਬੀਅਤ ਤੇ ਤਜਰਬੇ ਦੀ ਝਲਕ ਸਾਫ ਨਜ਼ਰੀ ਆਉਂਦੀ ਸੀ। ਪਰ



ਇਨ੍ਹਾਂ ਸਭ ਗੱਲਾਂ ਦੇ ਨਾਲ ਨਾਲ ਸਿੰਘਾਂ ਅੰਦਰ ਜੋ ਵਲੱਖਣ ਤੇ ਬਲਵਾਨ ਗੁਣ ਕਰਮ ਤੇ ਅਨਭਵ ਪਾਇਆ ਜਾਂਦਾ ਸੀ ਉਹ ਇਹ ਸੀ ਕਿ ਉਹ ਇਕ ਦੂਸਰੇ ਤੋਂ ਅੱਗੇ ਹੋ ਹੋ ਕੇ ਸਿਰ ਦੇਣ ਦੇ ਰਾਹ ਉੱਪਰ ਚੱਲਣ ਵਿਚ ਗੌਰਵ ਸਮਝਦੇ ਸਨ। ਉਹਨਾਂ ਅੰਦਰ ਖਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਆਨ ਸ਼ਾਨ ਦੀ ਖਾਤਰ ਕੁਰਬਾਨ ਹੋਣ ਦਾ ਇਸ਼ਕ ਬੜਾ ਹੀ ਮੂੰਹ ਜ਼ੋਰ ਸੀ।

ਅਸਲ ਵਿਚ ਜਥੇ ਦਾ ਹਰ ਸਿੰਘ ਤੇ ਫੈਡਰੇਸ਼ਨ ਦਾ ਹਰ ਜੁਝਾਰੂ ਜਵਾਨ ਆਪਣੇ ਆਪ ਵਿਚ ਇਕ ਪੂਰਨ ਗੁਰ ਸਿੱਖ ਵੀ ਸੀ, ਜੁਝਾਰੂ ਮਾਰਗ ਦਾ ਪਾਂਧੀ ਵੀ ਸੀ, ਜਾਂਬਾਜ਼ ਗੁਰੀਲਾ ਵੀ ਸੀ, ਸਫਲ ਕਿਰਤੀ ਵੀ ਸੀ ਅਤੇ ਭਾਈਚਾਰਕ ਜੀਵ ਅਰਥਾਤ ਸਮਾਜਕ ਵਿਅਕਤੀ ਹੋਣ ਦੇ ਨਾਤੇ ਨੇਕ, ਉਦਮੀ ਤੇ ਸੰਜਮੀ ਗ੍ਰਿਸਥੀ ਵੀ ਸੀ। ਜਥੇ ਦੇ ਸਿੰਘ ਕੋਈ ਐਸੇ ਵਿਅਕਤੀ ਨਹੀਂ ਸਨ ਜੋ ਸਿੱਖ ਸਮਾਜ ਤੇ ਆਪਣੇ ਪਰਵਾਰਕ ਭਾਈਚਾਰਕ ਵਾਤਾਵਰਨ ਨਾਲੋਂ ਨਿਖੜੇ ਜਾਂ ਟੁੱਟੇ ਹੋਏ ਹੋਣ। ਸਗੋਂ ਇਹ ਜੁਝਾਰੂ ਸਿੰਘ ਖਾਲਸਾ ਪੰਥ ਦੇ ਸਮਾਜਕ ਜੀਵਨ ਨਾਲ ਪੂਰਨ ਰੂਪ ਵਿਚ ਓਤ-ਪੋਤ ਸਨ।

ਜੋ ਸਿੰਘ ਅੰਤ ਕੰਪਲੈਕਸ ਅੰਦਰ ਅਤੇ ਪਰਕਰਮਾ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਆਸ ਪਾਸ ਜਾਨਾ ਤਲੀ ਉੱਪਰ ਟਿਕਾ ਕੇ ਆਪ ਆਪਣੇ ਮੋਰਚਿਆਂ ਤੇ ਅੱਡਿਆਂ ਟਿਕਾਣਿਆਂ ਉੱਪਰ ਡਟੇ ਬੈਠੇ ਸਨ ਅਤੇ ਵੈਰੀਆਂ ਨਾਲ ਲੋਹਾ ਲੈ ਰਹੇ ਸਨ, ਉਹਨਾਂ ਨੂੰ ਗੁਰੂਘਰ ਦੇ ਓਟ ਆਸਰੇ ਮਨੋਬਲ ਤੇ ਬਾਹੂਬਲ ਧੰਥਕ ਜਜ਼ਬੇ ਆਪਣੇ ਹਥਿਆਰਾਂ, ਆਪਣੀ ਮੋਰਚਾ ਬੰਦੀ ਅਤੇ ਆਪਣੇ ਆਪ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਖਾਲਸਾ ਤੇ ਪੁੱਤਰ ਹੋਣ ਵਿਚ ਬੜਾ ਹੀ ਮਾਨ ਤੇ ਗੌਰਵ ਸੀ। ਅਸਲ ਵਿਚ ਇਹੋ ਹੀ ਕਾਰਨ ਸੀ ਕਿ ਜਿਸ ਸਮੇਂ ਤੋਪਾਂ ਦੇ ਗੋਲੇ ਤੇ ਅੱਗ ਦੇ ਭਾਂਬੜ ਸਭ ਪਾਸੇ ਮੌਤ ਦਾ ਨਾਚ ਨੱਚ ਰਹੇ ਸਨ ਤੇ ਮੌਤ ਵੰਡ ਰਹੇ ਸਨ ਤਾਂ ਉਸ ਸਮੇਂ ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨ ਆਪਣੇ ਆਲੇ ਦੁਆਲੇ ਹੋ ਰਹੀ ਤਬਾਹੀ ਤੇ ਬਰਬਾਦੀ ਨੂੰ ਅਤੇ ਮੱਚਦੀ ਹੋਈ ਅੱਗ ਨੂੰ ਵੇਖ ਵੇਖ ਹੋਰ ਜੋਸ਼ ਗੁੱਸੇ ਤੇ ਰੋਹ ਵਿਚ ਆਉਂਦੇ ਜਾ ਰਹੇ ਸਨ ਅਤੇ ਭਾਰਤੀ ਫੌਜ ਦੇ ਸੱਥਰ ਤੇ ਲੰਗਾਰ ਲਾਹੁੰਦੇ ਹੋਏ ਉਹਨਾਂ ਦੀਆਂ ਲਾਸ਼ਾਂ ਪਰਕਰਮਾ ਅੰਦਰ ਥਾਂ ਥਾਂ ਉੱਪਰ ਵਛਾਉਂਦੇ ਹੋਏ ਦਸਮ ਪਿਤਾ ਦੇ ਸੱਚੇ ਸੁੱਚੇ ਤੇ ਬਲਵਾਨ ਸਿੰਘ ਹੋਣ ਦਾ ਸਬੂਤ ਪਰਤੱਖ ਤੌਰ ਤੇ ਦੇ ਰਹੇ ਸਨ।

# 30.

'ਰੋਮ ਜਲ ਰਿਹਾ ਸੀ, ਪਰ ਸ਼ਹਿਜ਼ਾਦਾ ਨੀਰੋ ਉੱਚੇ ਟਿੱਲੇ ਉੱਪਰ ਚੜ੍ਹ ਕੇ ਬੰਸਰੀ ਵਜਾ ਰਿਹਾ ਸੀ।'

ਇਸ ਕਹਾਵਤ ਬਾਰੇ ਸੁਣਿਆ ਤਾਂ ਬਹੁਤ ਵਾਰੀ ਸੀ, ਪਰ ਕਦੀ ਕਦੀਂ ਮਨ ਇਸ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਸੀ ਕਿ ਇਹ ਕਿੱਦਾਂ ਹੋ ਸਕਦਾ ਹੈ ਕਿ ਰੋਮ ਸ਼ਹਿਰ ਜਲ ਰਿਹਾ ਹੋਵੇ। ਆਮ ਲੋਕਾਈ ਵਿਚ ਹਾਹਾਕਾਰ ਮੱਚੀ ਹੋਈ ਹੋਵੇ। ਇਨਸਾਨੀ ਜਿੰਦਾਂ ਸੜ ਭੁੱਜ ਰਹੀਆਂ ਹੋਣ। ਪੁਰਾਤਨ ਕਲਾ, ਸਾਹਿਤ ਤੇ ਸਭਿਆਚਾਰਕ ਵਿਰਸੇ ਦੇ ਜ਼ਖੀਰੇ ਭੰਡਾਰ ਸੜ ਕੇ ਸਵਾਹ ਹੋ ਰਹੇ ਹੋਣ ਪਰ ਸ਼ਹਿਜ਼ਾਦਾ ਨੀਰੋ ਇਹ ਸਭ ਕੁਝ ਅੱਖੀਂ ਵੇਖਦਾ ਹੋਇਆ ਵੀ ਉੱਚੇ ਟਿੱਲੇ ਚੜ੍ਹਕੇ ਬੰਸਰੀ ਵਜਾ ਰਿਹਾ ਹੋਵੇ?

ਫਿਰ ਖਿਆਲ ਆਉਂਦਾ ਕਿ ਹੋ ਸਕਦਾ ਹੈ ਕਿ ਉਹ ਰੋਮ ਵਾਸੀਆਂ ਤੋਂ ਇਸ ਗੱਲ ਦਾ ਬਦਲਾ ਲੈਣ ਦੀ ਖੁਸ਼ੀ ਵਿਚ ਇਹ ਸਭ ਕੁਝ ਕਰ ਰਿਹਾ ਹੋਵੇ ਕਿ ਉਹਨਾਂ ਨੇ ਸ਼ਹਿਜ਼ਾਦਾ ਨੀਰੋ ਦੇ ਪਿਆਰ ਨੂੰ ਪਰਵਾਨ ਨਹੀਂ ਸੀ ਚੜ੍ਹਨ ਦਿੱਤਾ ਅਤੇ ਉਸਦੇ ਪਿਆਰੇ ਨੂੰ ਮੌਤ ਦੇ ਘਾਟ ਉਤਾਰ ਦਿੱਤ ਸੀ।

ਇਸ ਪ੍ਰਸੰਗ ਦੀ ਰੋਸ਼ਨੀ ਵਿਚ ਜਦ ਮੈਂ ਅੱਜ ਸਮੁੰਦਰੀ ਹਾਲ ਵੱਲ ਵੇਖ ਰਿਹਾ ਸਾਂ ਤਾਂ ਉਸ ਸਮੇਂ ਮੇਰੇ ਮਨ ਵਿਚ ਇਹ ਵਿਚਾਰ ਬਾਰ ਬਾਰ ਉੱਭਰ ਰਹੇ ਸਨ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦਾ ਸਮੁੱਚਾ ਵਾਤਾਵਰਨ ਜਲਥਲ ਰਿਹਾ ਹੈ, ਸਿਖਾਂ ਦੀਆਂ ਸ਼ਹੀਦੀਆਂ ਹੋ ਰਹੀਆਂ ਹਨ। ਕੰਪਲੈਕਸ ਦੇ ਦੱਖਨ ਪੱਛਮ ਦੇ ਗਲੀਆਂ ਮੁਹੱਲਿਆਂ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਪਿਛਲੇ ਪਾਸੇ ਨਾਲਪੋਂ ਦੇ ਦਰਬਾਰ ਸਾਹਿਬ ਦੇ ਪਰਵਾਰਕ ਕਵਾਟਰਾਂ ਵਿਚ ਚੀਕ ਚਿਹਾੜਾ ਮਚਿਆ ਹੋਇਆ ਹੈ, ਪਰ ਅਕਾਲੀ ਆਗੂ ਸਮੁੰਦਰੀ ਹਾਲ ਵਿਚ ਚੁਪ ਚਾਪ ਕਿਉਂ ਬੈਠੇ ਹੋਏ ਹਨ ਅਤੇ ਇਨ੍ਹਾਂ ਦੀ ਜ਼ਮੀਰ ਸੌਂ ਕਿਉਂ ਰਹੀ ਹੈ?

ਇਨ੍ਹਾਂ ਆਗੂਆਂ ਦੇ ਇਸ ਕਰਦਾਰ ਵੱਲ ਵੇਖਕੇ ਮੈਨੂੰ ਖਿਆਲ ਆਉਂਦਾ ਕਿ ਸ਼ਹਿਜ਼ਾਦਾ ਨੀਰੋ ਨੂੰ ਤਾਂ ਭਲਾ ਰੋਮ ਸ਼ਹਿਰ ਦੇ ਵਾਸੀਆਂ ਉੱਪਰ ਇਸ ਗੱਲ ਦਾ ਗੁੱਸਾ ਸੀ ਕਿ ਉਹਨਾਂ ਨੇ ਉਸ ਤੋਂ ਉਸਦਾ ਪਿਆਰਾ ਸਦਾ ਸਦਾ ਲਈ ਖੋਹ ਲਿਆ ਸੀ ਪਰ ਅਕਾਲੀ ਆਗੂਆਂ ਦਾ ਤਾਂ ਸਿਖ ਕੌਮ ਨੇ ਅੱਜ ਤੱਕ ਕੁਝ ਨਹੀਂ ਸੀ ਵਿਗਾੜਿਆ। ਇਸ ਲਈ ਇਹ ਪੰਥਕ ਆਗੂ ਐਸੀ ਸਥਿਤੀ ਵਿਚ, ਜਦੋਂ ਕਿ ਗੁਰੂ ਘਰ ਔਕੜ ਭਾਂਬੜਾਂ ਵਿਚ ਘਿਰਿਆ ਹੋਇਆ ਹੈ ਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਭਾਰਤੀ ਫੌਜਾਂ ਐਲਾਨੀਆਂ ਤੌਰ 'ਤੇ ਹਮਲਾ ਬੋਲ ਰੱਖਿਆ ਹੈ, ਤਾਂ ਇਹ ਬੇਗੈਰਤੇ ਲੀਡਰ ਆਪਣੇ ਹਵਾਰੀਆਂ ਸਮੇਤ, ਤਾਂਡਵ ਨਾਚ ਨੱਚ ਰਹੀ ਫੌਜ ਦੇ ਮੁਕਾਬਲੇ ਰਣ ਤੱਤੇ ਵਿਚ ਉਤਰਨ ਦੀ ਬਜਾਏ ਸਮੁੰਦਰੀ ਹਾਲ ਵਿਚ ਬੈਠੇ ਸਹਿਮੇ ਸਿਮਟੇ ਹੋਏ ਸ਼ਾਂਤੀ ਦੇ ਗੀਤ ਕਿਉਂ ਗਾ ਰਹੇ ਹਨ? ਇਨ੍ਹਾਂ ਨੂੰ ਤਾਂ ਅੱਜ ਤੱਕ ਪ੍ਰਾਪਤ ਹੀ ਸਭ ਕੁਝ ਗੁਰੂ ਘਰ ਤੇ ਗੁਰੂ ਪੰਥ ਤੋਂ ਹੋਇਆ ਹੈ ਪੰਥ



ਨੇ ਤਾਂ ਇਨ੍ਹਾਂ ਨੂੰ ਹਰ ਪੱਖੋਂ ਆਨ ਸ਼ਾਨ ਤੇ ਮਾਨ ਸਤਿਕਾਰ ਵਾਲਾ ਜੀਵਨ ਬਖਸ਼ ਰੱਖਿਆ ਹੈ। ਇਥੋਂ ਤੱਕ ਕਿ ਬੇਅੰਤ ਰੂਪ ਵਿਚ ਧਨ ਪਦਾਰਥ ਸੌਂਪ ਰੱਖਿਆ ਹੈ ਅਤੇ ਆਪਣੀਆਂ ਸਾਰੀਆਂ ਸ਼ਕਤੀਆਂ ਬਖਸ਼ ਰੱਖੀਆਂ ਨੇ ਤੇ ਆਪਣੀ ਜ਼ਿੰਦਗੀ ਤੱਕ ਅਰਪਣ ਕਰ ਰੱਖੀ ਹੈ।

ਫਿਰ ਐਸੀ ਹਾਲਤ ਵਿਚ ਇਹ ਲੋਕ ਖਾਲਸਾ ਪੰਥ ਦੇ ਪੁਰਖਿਆਂ ਦੇ ਪੈਰ ਚਿੰਨਾਂ ਉੱਪਰ ਚੱਲ ਕੇ ਧਰਮ ਦੀ ਰਾਖੀ ਅਤੇ ਸਿਖ ਕੌਮ ਦੀ ਤਾਰੀਖੀ ਆਨ ਸ਼ਾਨ ਅਜ਼ਮਤ ਨੂੰ ਕਾਇਮ ਰੱਖਣ ਲਈ ਸ੍ਰੀ ਹਰਿਮੰਦਰ ਸਾਹਿਬ ਉੱਪਰ ਹਮਲਾਵਰ ਹੋਈਆਂ ਫੌਜਾਂ ਦੇ ਮੁਕਾਬਲੇ ਵਿਚ ਉੱਤਰਨ ਦੀ ਬਜਾਏ ਜ਼ਲਾਲਤ ਭਰੀ ਸ਼ਾਂਤੀ ਦੇ ਗੀਤ ਕਿਉਂ ਗਾ ਰਹੇ ਨੇ? ਇਨ੍ਹਾਂ ਲੋਕਾਂ ਨੂੰ ਕਿਸਦੀ ਉਡੀਕ ਹੈ ਜੋ ਪਲ ਪਲ ਪਿਛੋਂ ਆਪਣੀਆਂ ਹਿੰਦੀ ਚਮਕਾ ਰਹੀਆਂ ਗੁੱਟ ਘੜੀਆਂ ਤੋਂ ਵਕਤ ਵੇਖ ਰਹੇ ਨੇ ਅਤੇ ਦਰਵਾਜ਼ਿਆਂ ਵੱਲ ਕੰਨ ਲਾਈ ਸਮੁੰਦਰੀ ਹਾਲ ਤੋਂ ਬਾਹਰ ਵੱਲ ਦੇ ਪਾਸਿਓਂ ਦੀ ਵੱਤ ਕਿਉਂ ਲੈ ਰਹੇ ਨੇ? ਇਨ੍ਹਾਂ ਗੱਲਾਂ ਤੋਂ ਇਲਾਵਾ ਇਹ ਆਗੂ ਆਪਣੇ ਬਾਡੀਗਾਰਡਾਂ ਤੇ ਹੋਰ ਸਭ ਲੱਗੇ ਬੰਧਿਆਂ ਨੂੰ ਹਰ ਤਰ੍ਹਾਂ ਦੇ ਛੋਟੇ ਵੱਡੇ ਹਥਿਆਰ ਲੁਕਾ ਦੇਣ ਤੇ ਸੁੱਟ ਦੇਣ ਲਈ ਬਾਰ ਬਾਰ ਕਿਉਂ ਕਹਿ ਰਹੇ ਨੇ?

ਜਿਸ ਸਮੇਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਬਾਡੀਗਾਰਡਾਂ ਦੇ ਜਥੇਦਾਰ ਬੱਗਾ ਸਿੰਘ ਅਤੇ ਗੁਰਚਰਨ ਸਿੰਘ ਸਕੱਤਰ ਸ਼੍ਰੋਮਣੀ ਅਕਾਲੀ ਦਲ ਦੀ ਨਗਰਾਨੀ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਸਭ ਲੱਗਿਆ ਬੰਧਿਆਂ ਤੋਂ ਅਸਲਾ ਬਾਰੂਦ ਤੇ ਹਥਿਆਰ ਬਾਹਰ ਸੁਟਵਾਏ ਜਾ ਰਹੇ ਸਨ ਤਾਂ ਉਸ ਸਮੇਂ ਜੋ ਗੱਲ ਸਾਨੂੰ ਸਭ ਨੂੰ ਹੈਰਾਨ ਕਰ ਰਹੀ ਸੀ ਉਹ ਇਹ ਸੀ ਕਿ ਸ੍ਰ: ਅਨੋਖ ਸਿੰਘ ਇਸਪੈਕਟਰ ਤੇ ਕੁਝ ਇਕ ਹੋਰ ਸਿੰਘਾਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਲਿਆਂਦੀ ਗਈ ਲਾਈਟ ਮਸ਼ੀਨ ਗੰਨ ਫੌਜ ਦੇ ਦਰਬਾਰ ਸਾਹਿਬ ਪਰਕਰਮਾ ਵਿਚ ਦਾਖਲ ਹੋ ਜਾਣ ਦੇ ਬਾਵਜੂਦ ਅਜੇ ਤੱਕ ਹਰਕਤ ਵਿਚ ਕਿਉਂ ਨਹੀਂ ਸੀ ਆ ਰਹੀ?

ਸ਼੍ਰੋਮਣੀ ਅਕਾਲੀ ਦਲ ਦੇ ਜਥੇਦਾਰਾਂ ਦੀ ਨਗਰਾਨੀ ਵਿਚ ਜੋ ਹਥਿਆਰ ਇਧਰ ਉੱਧਰ ਲੁਕਾਏ ਤੇ ਸਮੁੰਦਰੀ ਹਾਲ 'ਚੋਂ ਬਾਹਰ ਸੁਟਵਾਏ ਜਾ ਰਹੇ ਸਨ ਉਹ ਸਮੁੰਦਰੀ ਹਾਲ ਦੀਆਂ ਉੱਪਰਲੀਆਂ ਮੰਜ਼ਲਾਂ ਤੋਂ ਗਲੀ ਬਾਗ ਵਾਲੀ ਤੇ ਸਮੁੰਦਰੀ ਹਾਲ ਦੇ ਵਿਚਕਾਰ ਪੈਂਦੀ ਦੀਵਾਰ ਦੇ ਆਰ ਪਾਰ ਅਤੇ ਗੁਰੂ ਨਾਨਕ ਨਿਵਾਸ ਵੱਲ ਨੂੰ ਪੈਂਦੇ ਦਾਲਾਨ ਵੱਲ ਨੂੰ ਸੁੱਟੇ ਸੁਟਵਾਏ ਜਾ ਰਹੇ ਸਨ।

ਜਿਹੜੇ ਪਸਤੌਲ, ਰੀਵਾਲਵਰ, ਮਾਊਜ਼ਰ, ਰਾਈਫਲਾਂ ਤੇ ਬੰਦੂਕਾਂ ਆਦਿ ਹਥਿਆਰ ਅਤੇ ਰੌਂਦਾਂ ਦੇ ਥੈਲੇ ਪੇਟੀਆਂ ਲੌਂਗੋਵਾਲ ਸਾਹਿਬ ਦੀਆਂ ਇਨ੍ਹਾਂ ਫੌਜਾਂ ਦੇ ਵਜੂਦ ਦਾ ਅਕਸਰ ਸ਼ਿੰਗਾਰ ਬਣੇ ਰਹਿੰਦੇ ਸਨ ਅਤੇ ਰੁਅਬ ਤੇ ਸ਼ਾਨ ਦਾ ਪ੍ਰਤੀਕ ਬਣੇ ਰਹਿੰਦੇ ਸਨ ਅਜ ਉਹ ਇਨ੍ਹਾਂ ਨੂੰ ਮਰੇ ਹੋਏ ਸੱਪ ਦੀ ਨਿਆਈਂ ਸਮਝ ਕੇ ਧਰਤੀ ਵਿਚ ਡੂੰਘਾ ਕਰਕੇ ਦਫਨਾ ਦੇਣ ਲਈ ਕਾਹਲੇ ਪੈ ਰਹੇ ਸਨ। ਇਥੋਂ ਤੱਕ ਕਿ ਉਹ ਇਨ੍ਹਾਂ ਹਥਿਆਰਾਂ ਨੂੰ ਆਪਣੇ ਹੱਥੀਂ ਗੰਦੀਆਂ ਗੰਦੀਆਂ ਤੇ ਘੱਟੇ ਮਿੱਟੀ ਵਾਲੀਆਂ ਥਾਵਾਂ ਉੱਪਰ ਇਕ ਦੂਸਰੇ ਤੋਂ ਅੱਗੇ ਹੋ ਹੋ ਕੇ ਵਗਾਹ ਵਗਾਹ ਰਹੇ ਸਨ।

ਫੌਜ ਵਲੋਂ ਦਰਬਾਰ ਸਾਹਿਬ ਉੱਪਰ ਕੀਤੇ ਗਏ ਹਮਲੇ ਦੌਰਾਨ ਅਸਲਾ ਸੁੱਟਣ ਤੇ ਸੁਟਵਾਉਣ ਵਾਲੇ ਇਹ ਉਹ ਹੀ ਲੋਕ ਸਨ ਜੋ ਆਏ ਦਿਨ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਧਰਮ ਯੁੱਧ ਦੇ ਸਬੰਧ ਵਿਚ ਲੱਗਣ ਤੇ ਸੱਜਣ ਵਾਲੇ ਭਾਰੀ ਦੀਵਾਨਾਂ ਇਜਲਾਸਾਂ ਸਮੇਂ, ਕੰਪਲੈਕਸ ਅੰਦਰ ਇਧਰ ਉਧਰ ਚੱਕਰ ਕੱਟਨ ਸਮੇਂ, ਦਰਬਾਰ ਸਾਹਿਬ ਦੀ ਪਰਕਰਮਾ ਕਰਨ ਸਮੇਂ, ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਾਲ ਨਾਲ ਪਰਛਾਵੇਂ ਵਾਂਗ ਰਹਿਣ ਸਮੇਂ, ਲੰਗਰ ਛਕਣ ਸਮੇਂ ਅਤੇ ਆਪਣੇ

ਰਿਸ਼ਤੇਦਾਰਾਂ ਭੈਣ ਭਾਈਆਂ ਤੇ ਸੰਗੀ ਸਾਥੀਆਂ ਵਿਚ ਬੈਠਨ ਉਠਨ ਸਮੇਂ, ਭਿੰਡਰਾਂਵਾਲੇ ਜਥੇ ਦੇ ਸਿਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਨੂੰ ਆਪਣੇ ਬਾਹੂ ਬਲ ਤੇ ਸ਼ਕਤੀ ਦਾ ਪ੍ਰਭਾਵ ਦੇਣ ਸਮੇਂ ਜਿੰਨਾ ਹਥਿਆਰਾਂ ਦਾ ਪੂਰੇ ਪੂਰੇ ਜੋਸ਼ ਤੇ ਜਲਵੇ ਨਾਲ ਪਰਗਟਾਵਾ ਕਰਿਆ ਕਰਦੇ ਸਨ ਅੱਜ ਪਤਾ ਨਹੀਂ ਉਹਨਾਂ ਤੋਂ ਕਿਉਂ ਜੋਸ਼ ਚੁਰਾ ਗਏ, ਨਫਰਤ ਖਾ ਗਏ ਜਾਂ ਭੈਭੀਤ ਹੋ ਗਏ ਸਨ?

ਅੱਜ ਇਹ ਅਸਲਾ ਸੁੱਟਨ ਤੇ ਲੁਕਾਉਣ ਵਾਲੇ ਉਹ ਹੀ ਲੋਕ ਸਨ ਜੋ ਨਵੇਂ ਤੋਂ ਨਵਾਂ ਹਥਿਆਰ ਹਾਸਲ ਕਰਨ ਲਈ ਤੇ ਵੱਧ ਤੋਂ ਵੱਧ ਰੌਂਦ ਜਮਾ ਕਰਨ ਲਈ ਸਭ ਪਾਸੇ ਘੋਖਚਾਂ ਪਾ ਛਡਦੇ ਸਨ ਅਤੇ ਇਸ ਕਾਰਜ ਦੀ ਪੂਰਤੀ ਲਈ ਸ਼੍ਰੋਮਣੀ ਅਕਾਲੀ ਦਲ ਦੇ ਗੁਪਤ ਤੇ ਲਿਖਤੀ ਫੰਡਾਂ ਨੂੰ ਅਕਸਰ ਸੰਨ੍ਹ ਲਾ ਛਡਦੇ ਸਨ। ਇਹ ਸਭ ਧਨ ਪਦਾਰਥ ਖੁੱਲ੍ਹੇ ਹੱਥੀ ਤੇ ਥੈਲੀਆਂ ਦੇ ਰੂਪ ਵਿਚ ਖਾਲਸਾ ਪੰਥ ਵੱਲੋਂ ਉਸ ਸ਼੍ਰੋਮਣੀ ਅਕਾਲੀ ਦਲ ਦੇ ਨਾਂ ਤੇ ਦਿੱਤਾ ਜਾਂਦਾ ਸੀ ਜੋ ਸਿਖ ਕੌਮ ਦੀ ਚੜ੍ਹਦੀ ਕਲਾ, ਸਿਖ ਧਰਮ ਦੀ ਰਾਖੀ ਅਤੇ ਇਸਦੇ ਰਾਜਸੀ ਹੱਕਾਂ ਹਿਤਾਂ ਦੀ ਪ੍ਰਾਪਤੀ ਦਾ ਜਾਮਨ ਸੀ। ਪਰ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਹੁਕਮ ਨਾਲ ਉਹਨਾਂ ਹਥਿਆਰਾਂ ਨੂੰ ਸੁੱਟਿਆ ਸੁਟਵਾਇਆ ਜਾ ਰਿਹਾ ਸੀ ਜੋ ਗੁਰੂ ਘਰ ਦੀ ਰਾਖੀ ਦੇ ਨਾਂ 'ਤੇ ਖਾਲਸਾ ਪੰਥ ਵੱਲੋਂ ਦਿਤੇ ਗਏ ਖੁੱਲ੍ਹੇ ਖਜ਼ਾਨੇ ਭੰਡਾਰਿਆਂ 'ਚੋਂ ਖਰੀਦੇ ਗਏ ਸਨ। ਇਨ੍ਹਾਂ ਸਾਰੀਆਂ ਗੱਲਾਂ ਦਾ ਸਭ ਤੋਂ ਵੱਧ ਅਫਸੋਸਨਾਕ ਪੱਖ ਇਹ ਸੀ ਕਿ ਇਨ੍ਹਾਂ ਹਥਿਆਰਾਂ ਨੂੰ ਉਸ ਸਮੇਂ ਸੁੱਟਿਆ ਸੁਟਵਾਇਆ ਜਾ ਰਿਹਾ ਸੀ ਜਦੋਂ ਇਨ੍ਹਾਂ ਨੂੰ ਅਮਲੀ ਰੂਪ ਵਿਚ ਵਰਤਨ ਦੀ ਲੋੜ ਸੀ ਅਤੇ ਦੁਸ਼ਮਨ ਫੌਜਾਂ ਸਿਖ ਕੌਮ ਦੀ ਅਣਖ ਇਜ਼ਤ ਆਨ ਸ਼ਾਨ ਤੇ ਇਸਦੇ ਸਵੈਮਾਨ ਇਥੋਂ ਤੱਕ ਕਿ ਇਸਦੇ ਧਰਮ, ਗਿਆਨ ਤੇ ਸ਼ਕਤੀ ਦੇ ਸੋਮਿਆਂ ਉੱਪਰ ਹਮਲਾ ਬੋਲ ਰਹੀਆਂ ਸਨ।

ਇਹ ਲੋਕ ਜੋ ਆਏ ਦਿਨ ਸਟੇਜਾਂ ਉੱਪਰ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਵਿਰੁਧ ਲੈਕਚਰ ਦੇਣ ਸਮੇਂ, ਜਥੇ ਦੇ ਸਿਘਾਂ ਨੂੰ ਧੌਂਸ ਵਿਖਾਉਣ ਸਮੇਂ, ਹਵਾਈ ਫਾਇਰ ਕਰਕੇ ਆਪਣੀ ਤਾਕਤ ਦਸਦੇ ਸਮੇਂ ਅਤੇ ਉਹਨਾਂ ਦੇ ਵਿਰੁਧ ਆਏ ਦਿਨ ਅਖਬਾਰਾਂ ਵਿਚ ਬਿਆਨ ਦੇਣ ਤੇ ਵੱਡੇ ਵੱਡੇ ਇਸ਼ਤਿਹਾਰ ਛਪਵਾਉਣ ਸਮੇਂ ਇਸ ਗੱਲ ਦਾ ਦਾਅਵਾ ਕਰਿਆ ਕਰਦੇ ਸਨ ਕਿ ਜਿਸ ਦਿਨ ਫੌਜ ਨੇ ਦਰਬਾਰ ਸਾਹਿਬ ਉੱਪਰ ਹਮਲਾ ਕੀਤਾ, ਉਸ ਦਿਨ ਭਿੰਡਰਾਂਵਾਲਾ ਇਥੋਂ ਕੰਪਲੈਕਸ 'ਚੋਂ ਦੌੜ ਚੁਕਾ ਹੋਵੇਗਾ ਅਤੇ ਸੰਤ ਹਰਚੰਦ ਸਿਘ ਲੌਂਗੋਵਾਲ ਸਾਹਿਬ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮਰਜੀਵੜੇ ਤੇ ਯੂਥ ਅਕਾਲੀ ਦਲ ਦੇ ਜਵਾਨ ਆਪਣੀਆਂ ਛਾਤੀਆਂ ਤਾਨ ਕੇ ਭਾਰਤੀ ਫੌਜ ਦਾ ਮੁਕਾਬਲਾ ਕਰ ਰਹੇ ਹੋਣਗੇ ਅਤੇ ਇਸਤਰ੍ਹਾਂ ਨਾਲ ਆਪਣਾ ਲਹੂ ਡੀਟਕੇ ਸਿਖ ਕੌਮ ਦਾ ਇਤਿਹਾਸ ਬੜੇ ਸੁਨਹਿਰੀ ਤੇ ਬਲਵਾਨ ਰੂਪ ਵਿਚ ਲਿਖ ਰਹੇ ਹੋਣਗੇ, ਪਰ ਅੱਜ ਇਨ੍ਹਾਂ ਨੂੰ ਆਪਣੇ ਹਥਿਆਰ ਲੁਕਾਉਣ ਲਈ ਵੀ ਕੋਈ ਥਾਂ ਨਹੀਂ ਸੀ ਲਭ ਰਹੀ। ਜਿਸ ਕਰਕੇ ਹਥਿਆਰਾਂ ਨੂੰ ਸਮੁੰਦਰੀ ਹਾਲ ਤੋਂ ਬਾਹਰ ਕਿਧਰੇ ਵੀ ਕੰਧਾਂ ਗਲੀਆਂ ਦੇ ਨਾਲ ਨਾਲ ਤੇ ਘੱਟੇ ਮਿੱਟੀ ਵਾਲੀਆਂ ਥਾਵਾਂ ਉੱਪਰ ਹੀ ਸੁੱਟਿਆ ਜਾ ਰਿਹਾ ਸੀ।

ਅਸਲ ਵਿਚ ਸੰਤ ਹਰਚੰਦ ਸਿਘ ਲੌਂਗੋਵਾਲ ਦੀ ਫੌਜ ਤਾਂ ਪਿਛਲੇ ਯੁੱਗਾਂ ਦੇ ਬਨਵਾਸ ਅਰਥਾਤ ਦੇਸ਼ ਨਿਕਾਲਾ ਪਾਉਣ ਵਾਲੇ ਬਨਵਾਸੀ ਸ਼ਹਿਜ਼ਾਦਿਆਂ ਅਰਥਾਤ ਰਾਜਕੁਮਾਰਾਂ ਨਾਲੋਂ ਵੀ ਗਈ ਗੁਜ਼ਰੀ ਹੋਈ ਲਗਦੀ ਸੀ ਕਿਉਂਕਿ ਬਨਬਾਸੀ ਰਾਜਕੁਮਾਰ ਆਪਣੀ ਰਿਆਸਤ ਦੀ ਜੂਹ 'ਚੋਂ ਬਾਹਰ ਨਿਕਲਣ ਸਮੇਂ ਭਾਵੇਂ ਸਭ ਕੁਝ ਹੀ ਛੋਡ ਛਡਾ ਕੇ ਖਾਲੀ ਹੱਥੀਂ ਨਿਕਲ ਰਹੇ ਹੁੰਦੇ ਸਨ ਪਰ ਇਸਦੇ ਬਾਵਜੂਦ ਉਹ ਵੀ ਆਪਣੇ ਨਾਲੋਂ ਤੀਰਾਂ ਦਾ ਭੱਥਾ ਤੇ ਤੀਰ ਕਮਾਨ ਜੁਦਾ ਨਹੀਂ ਸਨ ਕਰਦੇ। ਪਰ ਹਾਂ, ਅੱਜ ਇਹ ਲੋਕ ਸਨ ਜੋ ਫੌਜ ਦੇ ਰਸਤੇ ਵਿਚ ਉੱਕੀ ਹੀ ਰੁਕਾਵਟ ਨਹੀਂ ਸਨ ਬਣਨਾ ਚਾਹੁੰਦੇ



ਸਗੋਂ ਉਸਦੇ ਸਾਹਮਣੇ ਆਪਣੇ ਆਪ ਨੂੰ ਨਿਰੋਲ ਗਾਂਧੀਵਾਦੀ ਤੇ ਕੱਟੇ ਹੋਏ ਹੱਥਾਂ ਵਾਲੇ ਮਾਸੂਮ ਤੇ ਨਿਮਾਣੇ ਵਿਅਕਤੀ ਸਾਬਤ ਕਰਨਾ ਚਾਹੁੰਦੇ ਸਨ। ਦੂਸਰੇ ਪਾਸੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੰਤ ਜਰਨੈਲ ਸਿਘ ਭਿੰਡਰਾਂਵਾਲੇ ਸਨ ਜੋ ਖਾਲਸਾ ਪੰਥ ਦਾ ਇਕ ਅਜ਼ੀਮ ਆਗੂ ਹੋਣ ਅਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਅਸਲੀ ਰੂਪ ਵਿਚ ਜਥੇਦਾਰ ਹੋਣ ਦਾ ਸਚਿਆਰਾ ਤੇ ਬਲਵਾਨ ਕਰਮ ਨਿਭਾ ਰਹੇ ਸਨ। ਐਸੀ ਹਾਲਤ ਵਿਚ ਮੇਰੇ ਮਨ ਅੰਦਰ ਉਸ ਦਿਨ ਦੀ ਯਾਦ ਤਾਜ਼ਾ ਹੋ ਗਈ ਸੀ ਜਦੋਂ ਸੰਤ ਜਰਨੈਲ ਸਿਘ ਭਿੰਡਰਾਂਵਾਲੇ ਨੇ ਸੰਗਤਾਂ ਵੱਲੋਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਗੁਣਾਂ ਲਖਣਾਂ, ਫਰਜ਼ਾਂ ਤੇ ਉਸਦੀਆਂ ਜ਼ੁਮਾਵਾਰੀਆਂ ਦੇ ਸਬੰਧ ਵਿਚ ਪੁੱਛੇ ਗਏ ਸਵਾਲ ਬਾਰੇ ਉੱਤਰ ਦੇਂਦਿਆਂ ਹੋਇਆਂ ਕਿਹਾ ਸੀ।

'ਸਿਘੋ, ਦਾਸ ਤਾਂ ਗੁਰੂ ਘਰ ਦਾ ਕੂਕਰ ਤੇ ਗੁਰੂ ਪੰਥ ਦਾ ਸੇਵਕ ਹੋਣ ਵਜੋਂ ਇਸ ਸਬੰਧ ਵਿਚ ਇਹ ਜਾਣਦਾ ਹੈ ਕਿ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਜੋ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਨਾ ਉਸਾਰੀ ਕੀਤੀ ਗਈ ਸੀ ਉਹ ਬੜੇ ਹੀ ਮਹਾਨ ਟੀਚਿਆਂ ਆਦਰਸ਼ਾਂ ਨੂੰ ਮੁਖ ਰੱਖ ਕੇ ਕੀਤੀ ਗਈ ਸੀ। ਵਾਸਤਵ ਵਿਚ ਆਪ ਨੇ ਸ੍ਰੀ ਅਕਾਲ ਤਖਤ ਦੀ ਸਿਰਜਨਾ ਪ੍ਰਤੀ ਸੰਕਲਪ ਧਾਰਨ ਸਮੇਂ ਆਪਣੇ ਅੰਤਸ਼ ਕਰਨ ਅੰਦਰ ਇਸ ਵਿਚਾਰ ਤੇ ਮੰਤਵ ਮਨੋਰਥ ਨੂੰ ਦ੍ਰਿੜਾਇਆ ਸੀ ਕਿ ਸਿਖ ਪੰਥ ਦੇ ਸਾਹਮਣੇ ਗੁਰੂ ਨਾਨਕ ਘਰ ਦੀ ਵਿਚਾਰਧਾਰਾ ਨੂੰ ਧਰਮ, ਸਮਾਜ ਤੇ ਰਾਜ ਦੇ ਖੇਤਰ ਵਿਚ ਅਮਲੀ ਤੌਰ 'ਤੇ ਲਾਗੂ ਤੇ ਉਜਾਗਰ ਕਰਨ ਲਈ ਇਸ ਗੱਲ ਨੂੰ ਪਰਗਟਾਉਣ ਤੇ ਸਪਸ਼ਟ ਕਰਨ ਦੀ ਅਤੀਅੰਤ ਲੋੜ ਹੈ ਕਿ ਸਿਖੀ ਵਿਚਾਰਧਾਰਾ ਅੰਦਰ ਧਰਮ ਤੇ ਰਾਜਨੀਤੀ ਦਾ ਅਰਥਾਤ ਧਰਮ ਤੇ ਰਾਜ ਦਾ ਜੋ ਆਪਸ ਵਿਚ ਸਮੇਲ ਤੇ ਸੁਜੋੜ ਹੈ ਉਹ ਅਨਿੱਖੜਵਾਂ ਹੈ। ਜਿਸਤਰ੍ਹਾਂ ਕਿਰਨ ਜਾਂ ਰਿਸ਼ਮ ਵਿਚਲੀ ਰੋਸ਼ਨੀ ਅਰਥਾਤ ਨੂਰ ਨੂੰ ਇਕ ਦੂਸਰੇ ਨਾਲੋਂ ਵਖਰਿਆ ਕਰਕੇ ਨਹੀਂ ਵੇਖਿਆ ਜਾ ਸਕਦਾ ਇਸੇ ਤਰ੍ਹਾਂ ਹੀ ਸਿਖ ਵਿਚਾਰਧਾਰਾ ਵਿਚਲੇ ਸੋਚ ਨੂੰ ਧਰਮ ਤੇ ਰਾਜਨੀਤੀ ਦੇ ਨਜ਼ਰੀਏ ਨੂੰ ਵਖਰਾ ਕੇ ਨਹੀਂ ਜਾਣਿਆ ਪਛਾਣਿਆ ਜਾ ਸਕਦਾ, ਕਿਉਂਕਿ ਸਿਖਮਤ ਅਰਥਾਤ ਵਿਚਾਰਧਾਰਾ ਅੰਦਰ ਧਰਮ ਤੇ ਰਾਜਨੀਤੀ ਦੇ ਵਿਚਾਰ ਆਪਸ ਵਿਚ ਇਸਤਰ੍ਹਾਂ ਓਤ-ਪੋਤ ਅਤੇ ਇਕਰਸ ਤੇ ਇਕ ਰੰਗ ਹਨ ਕਿ ਇਨ੍ਹਾਂ ਨੂੰ ਜੁਦਾ ਜੁਦਾ ਵੇਖਣ ਦੀ ਸੋਚ ਤੇ ਨੀਤੀ ਰਖਣ ਵਾਲਾ ਮਨੁੱਖ ਗੁਰਮਤ ਦੀਆਂ ਸਚਾਈਆਂ ਤੇ ਇਸ ਵਿਚਲੀਆਂ ਅਲਾਹੀ ਤੇ ਸਮਾਜੀ ਕਦਰਾਂ ਕੀਮਤਾਂ ਨੂੰ ਨਾ ਸਮਝ ਸਕਦਾ ਹੈ ਤੇ ਨਾ ਹੀ ਪਾ ਸਕਦਾ ਹੈ। ਗੱਲ ਬੜੀ ਸਿੱਧੀ ਤੇ ਸਾਫ ਹੈ ਕਿ ਗੁਰਮਤ ਅਰਥਾਤ ਸਿਖ ਵਿਚਾਰਧਾਰਾ ਦੇ ਸੋਚ ਨੂੰ ਅਤੇ ਇਸ ਵਿਚਲੀਆਂ ਮਾਨਵੀ ਕਦਰਾਂ ਕੀਮਤਾਂ ਨੂੰ ਸਮਾਜ ਅੰਦਰ ਲਾਗੂ ਕਰਨ ਲਈ ਤਖਤ ਸਾਹਿਬ ਦੀ ਲੋੜ ਸੀ। ਜਿਸ ਕਰਕੇ ਸੱਚੇ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਤੇ ਭਾਈ ਗੁਰਦਾਸ ਜੀ ਵੱਲੋਂ ਇਟਾਂ ਚੂਨੇ ਤੇ ਹੋਰ ਮਸਾਲੇ ਆਦਿ ਦੀ ਸੇਵਾ ਲੈਂਦਿਆਂ ਹੋਇਆਂ ਜਿਸ ਤਖਤ ਸਾਹਿਬ ਦੀ ਉਸਾਰੀ ਆਪਣੇ ਕਰ ਕੰਵਲਾਂ ਨਾਲ ਆਰੰਭੀ ਉਸਦਾ ਨਾਮ ਆਪ ਨੇ ਅਕਾਲ ਤਖਤ (ਸਾਹਿਬ) ਰੱਖਿਆ।

ਸਿਘੋ, ਦੁਨੀਆਂ ਦੀਆਂ ਬਾਦਸ਼ਾਹੀਆਂ ਉਹਨਾਂ ਦੇ ਤਖਤ ਤਾਜ ਅਤੇ ਉਹਨਾਂ ਦੇ ਅਸੂਲ ਤੇ ਕਾਨੂੰਨ ਸਮੇਂ ਦੇ ਨਾਲ ਨਾਲ ਬਦਲਦੇ ਤੇ ਅਲੋਪ ਹੁੰਦੇ ਰਹਿੰਦੇ ਨੇ ਅਤੇ ਇਹ ਬਾਦਸ਼ਾਹੀਆਂ ਸਮਿਆਂ ਦੀ ਉਥਲ ਪੁਥਲ ਕਾਰਨ ਵੱਖ ਵੱਖ ਰੂਪਾਂ ਆਕਾਰਾਂ ਵਿਚ ਉਸਰਦੀਆਂ ਤੇ ਢਹਿੰਦੀਆਂ ਰਹਿੰਦੀਆਂ ਨੇ, ਪਰ ਜਿਸ ਅਕਾਲ ਤਖਤ ਸਾਹਿਬ ਦੀ ਸਿਰਜਨਾ ਉਸਾਰੀ ਗੁਰੂਮਹਾਰਾਜ ਨੇ ਆਪਣੇ ਕਰ-ਕੰਵਲਾਂ ਨਾਲ ਕੀਤੀ ਹੈ ਇਸਦੀ ਹਸਤੀ, ਇਸਦੀ ਮਰਿਆਦਾ ਤੇ ਇਸਦੇ ਨੇਮ,ਅਸੂਲ,ਸਮੇਂ ਦੀ ਮਾਰ

ਤੇ ਗਰਦਸ਼ ਦੀ ਪਕੜ ਤੋਂ ਉੱਪਰ ਹੋਣ ਕਰਕੇ ਬ੍ਰਹਿਮੰਡਕ ਅਰਥਾਤ ਈਸ਼ਵਰੀ ਸੱਚ ਦੀ ਨਿਆਈਂ ਵਿਆਪਕ ਤੇ ਅਮਰ ਅਟੱਲ ਨੇ, ਕਿਉਂਕਿ ਇਸਦੀ ਹਸਤੀ ਦਾ ਸਰੋਤ ਗੁਰੂ ਨਾਨਕ ਘਰ ਅਰਥਾਤ ਰੱਬੀ ਬਾਣੀ ਦੀ ਵਿਚਾਰਧਾਰਾ ਹੈ। ਇਸ ਗੱਲ ਬਾਰੇ ਕਿਸੇ ਨੂੰ ਵੀ ਕੋਈ ਸ਼ੰਕਾ ਜਾ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਇਸ ਅਲਾਹੀ ਬਾਣੀ ਦੇ ਸੱਚ ਉਦੇਸ਼ ਤੇ ਵਿਚਾਰਧਾਰਕ ਨਜ਼ਰੀਏ ਨਾਲ ਮੁਖ ਰੂਪ ਵਿਚ ਜਿਸ ਸੇਵਾ, ਧਰਮ ਤੇ ਕਰਮ ਦਾ ਮਨੋਰਥ ਜੁੜਿਆ ਹੋਇਆ ਹੈ ਉਹ ਮਨੁੱਖ ਜਾਤੀ ਲਈ ਇਸ ਲੋਕ (ਸੰਸਾਰ) ਨੂੰ ਸੁਖੀ ਬਨਾਉਣ ਤੇ ਇਸਦੇ ਪਰਲੋਕ ਨੂੰ ਸਹੇਲਾ ਬਨਾਉਣ ਦੇ ਮਨੋਰਥ ਨਾਲ ਜੁੜਿਆ ਹੋਇਆ ਹੈ।

ਇਸ ਪ੍ਰਸੰਗ ਵਿਚ ਵੇਖਿਆ ਜਾਵੇ ਤਾਂ ਇਹ ਗੱਲ ਸਪਸ਼ਟ ਹੀ ਹੈ ਕਿ ਇਹ ਦੋਹਵੇਂ ਕਾਰਜ ਕਰਮ ਆਪਣੇ ਆਪ ਵਿਚ ਇਕ ਮਹਾਨ ਤੇ ਕਲਿਆਣਕਾਰੀ ਮੰਤਵ ਦੀ ਸਿਖਰ ਹਨ ਅਤੇ ਇਨ੍ਹਾਂ ਦੋਹਾਂ ਕਾਰਜਾਂ ਕਰਮਾਂ ਨੂੰ ਪਰਵਾਨ ਚੜ੍ਹਾਉਣ ਦਾ ਮਾਹੌਲ ਪੈਦਾ ਕਰਨਾ ਕੋਈ ਸੌਖਾ ਜਿਹਾ ਕੰਮ ਨਹੀਂ। ਸਗੋਂ ਇਹ ਕਰਮ ਬਹੁਤ ਵੱਡੀ ਸੇਵਾ, ਘਾਲਨਾ ਤੇ ਕੁਰਬਾਨੀ ਮੰਗਦਾ ਹੈ ਕਿਉਂਕਿ ਮਨੁੱਖੀ ਸਮਾਜ ਅੰਦਰ ਇਕਸਾਰ ਰੂਪ ਵਿਚ ਆਤਮਕ ਅਧਿਆਤਕ, ਬੌਧਕ ਤੇ ਪਦਾਰਥ ਕਦਰਾਂ ਕੀਮਤਾਂ ਨੂੰ ਉੱਤਮ ਬਲਵਾਨ ਤੇ ਸਚਿਆਰੇ ਰੂਪ ਵਿਚ ਉਤਪਨ ਕਰਨਾ ਕੋਈ ਸੌਖੀ ਗੱਲ ਨਹੀਂ ਸਗੋਂ ਬੜਾ ਹੀ ਘਾਲਣਾ ਗਰਭਪੂਰ ਤੇ ਜਾਨ ਜੋਖੋਂ ਭਰਿਆ ਕਰਮ ਹੈ। ਇਸ ਮਹਾਨ ਤੇ ਕਲਿਆਣਕਾਰੀ ਕਰਮ ਕਾਰਜ ਨੂੰ ਨਿਭਾਉਣ ਅਰਥਾਤ ਪਰਵਾਨ ਚੜ੍ਹਾਉਣ ਲਈ ਜਿਥੇ ਪੈਰ ਪੈਰ ਉੱਪਰ ਹਨੇਰੀਆਂ, ਅੰਨੀਆਂ ਛੱਲੀਆਂ ਜਾਬਰ, ਅਨਿਆਈ ਸਵਾਰਥੀ, ਸ਼ੈਤਾਨੀ ਚਮਖੁਸ਼ੀਆਂ ਦੀਆਂ ਦਿਲਦਾਦਾ ਅਤੇ ਬੇਕਿਰਕ ਤੇ ਬੇਅਸੂਲੀਆਂ ਤਾਕਤਾਂ ਨਾਲ ਲੋਹਾ ਲੈਣਾ ਪੈਂਦਾ ਹੈ ਤੇ ਸਮਾਨਤਾ ਦੇ ਪ੍ਰਤੀਕ ਇਕ ਆਦਰਸ਼ ਤੇ ਕਲਿਆਣਕਾਰੀ ਮਾਹੌਲ ਨੂੰ ਪੈਦਾ ਕਰਨ ਲਈ ਸਮਾਜ ਨੂੰ ਸੇਵਾ, ਸਿਮਰਨ, ਸੁਕ੍ਰਿਤ ਘਾਲਣਾ ਗਿਆਨ ਵਿਗਿਆਨ ਦੀ ਪ੍ਰਾਪਤੀ ਏਕਤਾ, ਸੰਗਤ ਪੰਗਤ, ਵੰਡ ਕੇ ਛਕਣ, ਸਹਿਣ ਸ਼ੀਲਤਾ, ਸੰਜਮ ਤੇ ਕੁਰਬਾਨੀ ਦੇ ਜਜ਼ਬੇ ਜੋਸ਼ ਵਾਲਾ ਵਾਤਵਰਨ ਕਾਇਮ ਕਰਨ ਵਾਸਤੇ ਬੜੇ ਹੀ ਸ਼ਕਤੀ ਸ਼ਾਲੀ ਰੂਪ ਵਿਚ ਨਿਰੰਤਰ ਅਰਥਾਤ ਲਗਾਤਾਰ ਸੰਘਰਸ਼ ਕਰਨਾ ਪੈਂਦਾ ਹੈ। ਅਸਲ ਵਿਚ ਇਸੇ ਕਰਕੇ ਹੀ ਮੀਰੀ ਪੀਰੀ ਦੇ ਮਾਲਕ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਨਾ ਉਸਾਰੀ ਕਰਕੇ ਸਮੁੱਚੇ ਸਿੱਖ ਪੰਥ ਦੀ ਝੋਲੀ ਇਕ ਮਹਾਨ ਤੇ ਕ੍ਰਾਂਤੀਕਾਰੀ ਕਰਮ ਪਾ ਦਿੱਤਾ ਸੀ।

ਇਸ ਸਬੰਧ ਵਿਚ ਜੋ ਸੇਵਾਵਾਂ ਤੇ ਜ਼ੁਮਾਵਾਰੀਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੇ ਪੰਥ ਸੇਵਕਾਂ ਨੂੰ ਵਿਸ਼ੇਸ਼ ਤੌਰ 'ਤੇ ਨਿਭਾਉਣੀਆਂ ਪੈਂਦੀਆਂ ਹਨ ਉਹ ਨਿਰੰਤਰ ਰੂਪ ਵਿਚ ਮਾਨਵਤਾ ਦੀ ਕਲਿਆਣ ਤੇ ਦੁਸ਼ਟਾਂ ਦੈਂਤਾਂ ਦਾ ਨਾਸ਼ ਕਰਨ ਦੀਆਂ ਨਿਭਾਉਣੀਆਂ ਪੈਂਦੀਆਂ ਹਨ; ਜਿਸ ਕਰਕੇ ਇਨ੍ਹਾਂ ਵਿਅਕਤੀਆਂ ਨੂੰ ਖਾਸ ਤੌਰ 'ਤੇ ਸੱਚੇ ਧਰਮ ਤੇ ਨਿਆਂ ਦੀ ਖਾਤਰ ਜੂਝਨ ਦਾ ਲਗਾਤਾਰ ਕਰਮ ਕਮਾਉਣ ਦਾ ਰਾਹ ਮੱਲਣਾ ਹੁੰਦਾ ਹੈ। ਐਸੀ ਹਾਲਤ ਵਿਚ ਹੁਣ ਤੁਸੀਂ ਆਪ ਹੀ ਇਸ ਗੱਲ ਦਾ ਅੰਦਾਜ਼ਾ ਲਗਾ ਸਕਦੇ ਤੇ ਨਿਰਣਾ ਕਰ ਸਕਦੇ ਹੋ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਕਿਹੋ ਜਿਹੇ ਮਾਨਸਿਕ ਬੌਧਕ ਅਵਸਥਾ ਤੇ ਸ਼ਖਸੀਅਤ ਦਾ ਮਾਲਕ ਹੋਣਾ ਚਾਹੀਦਾ ਹੈ।

ਮੇਰੇ ਵਿਚਾਰ ਅਨੁਸਾਰ ਤਾਂ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਐਸਾ ਵਿਅਕਤੀ ਹੋਣਾ ਚਾਹੀਦਾ ਹੈ ਜੋ ਸਿਖ ਸਿਧਾਂਤ ਵਿਚਲੇ ਸੱਚ ਨੂੰ ਸਮਝਦਾ ਵੀ ਹੋਵੇ ਅਤੇ ਉਸਨੂੰ ਜੀਵਨ ਦੇ ਅਸਲ ਕਰਮ ਪੱਖੋਂ ਧਰਮ, ਸਮਾਜ ਤੇ ਰਾਜਸੀ ਖੇਤਰ ਵਿਚ ਕਮਾਉਂਦਾ ਵੀ ਹੋਵੇ। ਇਥੋਂ ਤੱਕ ਕਿ ਮਨ ਬਚ ਤੇ ਕਰਮ ਪੱਖੋਂ ਉਸਦਾ ਸਮੁੱਚਾ ਜੀਵਨ ਖਾਲਸਾ ਪੰਥ ਲਈ ਲਟ ਲਟ ਕਰਕੇ ਬਲਦੀ ਹੋਈ ਮਸ਼ਾਲ ਦੀ



ਨਿਆਈਂ ਹੋਵੇ। ਖਾਲਸਾ ਪੰਥ ਦੀ ਆਜ਼ਾਦ ਹਸਤੀ ਦਾ ਭੇੜਾ ਬਰਬਾਦ ਹੋਣ ਦੇ ਨਾਲ ਨਾਲ ਉਹ ਸਮੁੱਚੇ ਖਾਲਸਾ ਪੰਥ ਨੂੰ ਜਥੇਬੰਦਕ ਰੂਪ ਵਿਚ ਸਿਖੀ ਦੇ ਸਿਧਾਂਤਕ ਮਾਰਗ ਉੱਪਰ ਪੂਰੇ ਜਲਵੇ ਨਾਲ ਚੱਲਣ ਸਬੰਧੀ ਰੌਸ਼ਨ ਤੇ ਬਲਵਾਨ ਅਗਵਾਈ ਦੇਣ ਦੇ ਯੋਗ ਵੀ ਹੋਵੇ ਤੇ ਸਮਰਥ ਵੀ। ਐਸਾ ਵਿਅਕਤੀ ਬਿਲਕੁਲ ਨਾ ਹੋਵੇ ਜਿਸਤਰ੍ਹਾਂ ਦੇ ਵਿਅਕਤੀ ਸਾਨੂੰ ਅੱਜ ਨਜ਼ਰੀ ਆ ਰਹੇ ਅਰਥਾਤ ਸਿਖ ਦੁਸ਼ਮਨ ਤਾਕਤਾਂ ਹੱਥੋਂ ਖਾਲਸਾ ਪੰਥ ਉੱਪਰ ਤੇ ਗੁਰੂਘਰ ਉੱਪਰ ਹੋ ਰਹੇ ਹਮਲਿਆਂ ਨੂੰ ਵੇਖਕੇ ਵੀ ਰਣ-ਤੱਤੇ ਵਿਚ ਉੱਤਰਨ ਤੋਂ ਤੇ ਕੌਮ ਨੂੰ ਜੁਝਾਰੂ ਅਗਵਾਈ ਦੇਣ ਤੋਂ ਭੱਜਦੇ ਹੋਣ। ਗੱਲ ਕੀ ਕਿ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਇਸ ਗੱਲ ਦਾ ਪੂਰਨ ਗਿਆਨ ਤੇ ਅਹਿਸਾਸ ਹੋਣਾ ਚਾਹੀਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਨਾ ਉਸਾਰੀ ਕਰਨ ਸਮੇਂ ਗੁਰੂ ਮਹਾਰਾਜ ਜੀ ਦੇ ਸਾਹਮਣੇ ਮੁਖ ਰੂਪ ਵਿਚ ਕਿਹੜਾ ਆਸ਼ਾ ਉਦੇਸ਼ ਟੀਚਾ ਤੇ ਸੰਕਲਪ ਸੀ।

ਮੈਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਇਕ ਵਾਰ ਸੁਭਾਵਕ ਰੂਪ ਵਿਚ ਕਹੀ ਹੋਈ ਇਹ ਗੱਲ ਬਾਰ ਬਾਰ ਯਾਦ ਆ ਰਹੀ ਸੀ, 'ਵਾਹਿਗੁਰੂ ਸੱਚਾ ਪਾਤਸ਼ਾਹ ਮੈਥੋਂ ਕਦੀ ਭੁਲ ਕੇ ਵੀ ਹਉਮੈ ਤੇ ਹੰਕਾਰ ਨਾ ਕਰਾਵੇ, ਪਰ ਦਾਸ ਨੂੰ ਗੁਰੂ ਪੰਥ ਦਾ ਸੇਵਕ ਹੋਣ ਦੇ ਨਾਤੇ ਉਸ ਅਕਾਲ ਪੁਰਖ ਦੀ ਅਪਾਰ ਬਖਸ਼ਸ਼ ਸਦਕਾ ਆਪਣੇ ਆਪ ਉੱਪਰ ਭਰੋਸਾ ਜ਼ਰੂਰ ਹੈ ਕਿ ਜੇ ਕਦੀ ਧਰਮ ਦੀ ਰਾਖੀ ਤੇ ਗੁਰਧਾਮਾਂ ਦੀ ਮਹਾਨਤਾ ਨੂੰ ਕਾਇਮ ਰੱਖਣ ਲਈ ਦਾਸ ਨੂੰ ਰਣ-ਤੱਤੇ ਵਿਚ ਉਤਰਨ ਦਾ ਮੌਕਾ ਮਿਲਿਆ ਤਾਂ ਉਸ ਸਮੇਂ ਇਹ ਸੀਸ ਗੁਰੂ ਘਰ ਤੇ ਗੁਰੂ ਪੰਥ ਦੇ ਲੇਖੇ ਜ਼ਰੂਰ ਲਾ ਦੇਵਾਂਗਾ। ਇਸ ਪੰਜ ਭੌਤਕ ਸਰੀਰ ਨੂੰ ਜੋ ਵਾਸਤਵ ਵਿਚ ਗੁਰੂ ਘਰ ਤੇ ਗੁਰੂ ਪੰਥ ਦੀ ਅਮਾਨਤ ਹੈ, ਬਚਾਉਣ ਲਈ ਕੋਈ ਐਸਾ ਦਾਅ ਪੇਚ ਨਹੀਂ ਖੇਡਾਂਗਾ ਤੇ ਨਾ ਹੀ ਐਸੀ ਹੀਲ ਹੁੱਜਤ ਕਰਾਂਗਾ ਜਾਂ ਨੀਤੀ ਅਪਨਾਵਾਂਗਾ ਜਿਸ ਨਾਲ ਪੰਥ ਨੂੰ ਢਹਿੰਦੀ ਕਲਾ ਦਾ ਮੂੰਹ ਵੇਖਣਾ ਪਵੇ।'

ਐਸੀ ਦਸ਼ਾ ਵਿਚ ਜਦੋਂ ਕਿ ਸਮੁੱਚੇ ਖਾਲਸਾ ਪੰਥ ਉੱਪਰ ਅਤੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਬੜਾ ਹੀ ਭਿਆਨਕ ਸੰਕਟ ਛਾਇਆ ਹੋਇਆ ਸੀ, ਮੇਰੇ ਸਾਹਮਣੇ ਪੰਥਕ ਆਗੂਆਂ ਦੇ ਦੋ ਵੱਖ ਵੱਖ ਰੂਪ ਪ੍ਰਤੱਖ ਤੌਰ-ਤੇ ਪਰਗਟ ਤੇ ਸਾਕਾਰ ਸਨ।

ਇਕ ਸ਼੍ਰੇਣੀ ਰੂਪ ਵਿਚ ਤਾਂ ਪੰਥ ਦੇ ਉਹ ਆਗੂ ਸਨ ਜੋ ਪੰਥਕ ਰਾਜਨੀਤੀ ਤੇ ਗੁਰਧਾਮਾਂ ਦੇ ਪ੍ਰਬੰਧਕ ਖੇਤਰ ਵਿਚ ਸਰਵ ਸਰਵਾ ਸਨ ਅਤੇ ਪੰਥ ਅੰਦਰ ਆਪਣੀ ਸਾਖ ਨੂੰ ਸਥਾਈ ਰੂਪ ਵਿਚ ਕਾਇਮ ਰੱਖਣ ਦੇ ਮਨੋਰਥ ਨਾਲ ਆਏ ਦਿਨ ਕੋਈ ਨਾ ਕੋਈ ਨਵਾਂ ਨਾਅਰਾ ਕੌਮ ਨੂੰ ਦਈ ਰੱਖਦੇ ਸਨ ਤੇ ਇਸਦੇ ਨਾਲ ਨਾਲ ਆਪਣਾ ਭਰਮ ਭਾਵ, ਵਕਾਰ ਤੇ ਵਿਸ਼ਵਾਸ ਬਣਾਈ ਰਖਣ ਲਈ ਸਿਖ ਕੌਮ ਦੇ ਧਾਰਮਕ ਰਾਜਸੀ ਹਿਤਾਂ ਹੱਕਾਂ ਦੀ ਪ੍ਰਾਪਤੀ ਦੇ ਨਾ ਉੱਪਰ ਪੰਥਕ ਪਲੇਟ ਫਾਰਮ ਤੋਂ ਸਰਕਾਰ ਵਿਰੁਧ ਕੋਈ ਨਾ ਕੋਈ ਵੱਡਾ ਛੋਟਾ ਮੋਰਚਾ ਵੀ ਲਾਈ ਰਖਦੇ ਸਨ। ਵਰਤਮਾਨ ਦੌਰ ਵਿਚ ਇਸ ਸ਼੍ਰੇਣੀ ਰੂਪ ਨਾਲ ਸਬੰਧਤ ਛੋਟੇ ਵਡੇ ਆਗੂਆਂ ਦੇ ਦੋ ਮੁਖੀ ਆਗੂ ਸਨ ਜੋ ਪਿਛਲੇ ਕਾਫੀ ਸਮੇਂ ਤੋਂ ਸਿਖ ਰਾਜਨੀਤੀ ਦੇ ਖੇਤਰ ਤੇ ਧਾਰਮਕ ਅਸਥਾਨਾਂ ਦੀ ਪ੍ਰਬੰਧ ਪ੍ਰਣਾਲੀ ਦੇ ਖੇਤਰ ਵਿਚ ਬਾਜ਼ ਪੰਜਿਆਂ ਤੇ ਖੰਭਾਂ ਦੀ ਤਰਾਂ ਛਾਏ ਹੋਏ ਸਨ ਜਾਂ ਇਉਂ ਕਹਿ ਲਉ ਕਿ ਬਾਜ਼ ਨਜ਼ਰਾਂ ਦੀ ਤਰ੍ਹਾਂ ਛਾਏ ਹੋਏ ਸਨ। ਇਹ ਦੋਹਵੇਂ ਆਗੂ ਸਨ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਸ: ਗੁਰਚਰਨ ਸਿੰਘ ਟੌਹੜਾ। ਇਹ ਦੋਵੇਂ ਆਗੂ ਆਪੋ ਆਪਣੀ ਥਾਂ ਉੱਪਰ ਧਨ ਪਦਾਰਥ, ਸਿਆਸੀ ਤਾਕਤ, ਪੰਥਕ ਸ਼ਕਤੀ ਦੇ ਜਲਵੇ ਅਤੇ ਪੰਥ ਵਲੋਂ ਅਧਿਕਾਰ ਰੂਪ ਵਿਚ ਪ੍ਰਾਪਤ ਅਖਤਿਆਰ ਨਾਲ ਪੂਰੀ ਤਰ੍ਹਾਂ ਲੈਸ ਸਨ। ਅਰਥਾਤ ਧਾਰਮਕ, ਰਾਜਨੀਤਕ ਤੇ ਰਾਜਸੀ ਖੇਤਰ ਅੰਦਰ ਬਲਵਾਨ ਢੰਗ ਨਾਲ ਖੁਲੇ ਤੇ ਵਿਆਪਕ ਰੂਪ ਵਿਚ ਵਿਚਰਨ ਤੇ ਜੋੜਾਂ ਪਕੜਨ ਦੇ ਕੁਝ ਸਾਧਨ ਵਸੀਲੇ ਇਨ੍ਹਾਂ ਦੇ ਕੋਲ ਸਨ। ਇਨ੍ਹਾਂ ਆਗੂਆਂ

ਪਾਸ, ਸਿਖ ਕੌਮ ਦੇ ਅੰਦਰ ਜੋ ਧਰਮ ਤੇ ਰਾਜਨੀਤੀ ਦਾ ਖੇਤਰ ਸੀ ਉਸ ਤੋਂ ਇਹ ਸਿਆਸੀ ਰਾਜਸੀ ਤਾਕਤ ਹਾਸਲ ਕਰਕੇ ਆਪਣੇ ਸੰਗੀ ਸਾਥੀਆਂ ਪਾਰਟੀ ਦੇ ਛੋਟੇ ਵਡੇ ਜਥੇਦਾਰਾਂ, ਲੱਗੇ ਬੰਧਿਆ ਤੇ ਹਮਜੋਲੀਆਂ ਖੁਸ਼ਾਮਦੀਆਂ ਨੂੰ ਉਹਨਾਂ ਦੇ ਵਿਅਕਤੀਤਵ ਦੇ ਮੁਤਾਬਕ ਵਿਧਾਨ ਸਭਾ ਦੀਆਂ ਟਿਕਟਾਂ ਵਜ਼ੀਰੀਆਂ ਦੀਆਂ ਕੁਰਸੀਆਂ, ਵੱਖ ਵੱਖ ਸਰਕਾਰੀ ਅਦਾਰਿਆਂ ਦੀਆਂ ਪ੍ਰਧਾਨਗੀਆਂ, ਟਰੱਕਾਂ ਬੱਸਾਂ ਦੇ ਰੂਟ ਪਰਮਿਟਾਂ ਦੀਆਂ ਨਵਾਜ਼ਸ਼ਾਂ ਵੱਡੀਆਂ ਛੋਟੀਆਂ ਕੰਪਨੀਆਂ ਤੇ ਜਾਂ ਫੈਕਟਰੀਆਂ ਕਾਰਖਾਨਿਆਂ ਦੀਆਂ ਹਿੱਸੇਦਾਰੀਆਂ ਅਤੇ ਕਈ ਪਰਕਾਰ ਦੇ ਹੋਰ ਢੰਗਾਂ ਤਰੀਕਿਆਂ ਨਾਲ ਆਰਥਕ ਤੇ ਰਾਜਸੀ ਸ਼ਕਤੀ ਪੱਖੋਂ ਨਵਾਜੇ ਰਹਿੰਦੇ ਸਨ।

ਪਰ ਜੋ ਦੂਸਰਾ ਸ਼੍ਰੇਣੀ ਰੂਪ ਸੀ ਉਸ ਵਿਚ ਮੁਖ ਤੌਰ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੀ ਆਉਂਦੇ ਸਨ ਅਤੇ ਜਾਂ ਫਿਰ ਸਿਖ ਕੌਮ ਦੀ ਆਜ਼ਾਦੀ ਲਈ ਅਰਥਾਤ ਖਾਲਿਸਤਾਨ ਦੀ ਪ੍ਰਾਪਤੀ ਵਾਸਤੇ ਯਥਾ ਸ਼ਕਤ ਰੂਪ ਵਿਚ ਜੂਝ ਰਹੀਆਂ ਜਥੇਬੰਦੀਆਂ ਨਾਲ ਸੰਬੰਧਤ ਸਿੰਘ ਆਉਂਦੇ ਸਨ। ਸਿਖ ਧਰਮ ਦੇ ਖੇਤਰ ਵਿਚ ਸਿਰਮੌਰ ਪੰਥਕ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਨ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਐਲਾਨੀਆਂ ਤੌਰ 'ਤੇ ਇਕ ਠੋਸ ਨੀਤੀ ਪ੍ਰੋਗਰਾਮ ਅਤੇ ਸਿਧਾਂਤਕ ਆਧਾਰ ਉੱਪਰ ਜਦੋਜਹਿਦ ਕਰ ਰਹੀਆਂ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਤੇ ਦਲ ਖਾਲਸਾ ਜਥੇਬੰਦੀਆਂ ਸਨ। ਜਿਥੋਂ ਤੱਕ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦਾ ਸਵਾਲ ਸੀ, ਇਸਦੀ ਨੌਜਵਾਨ ਮੈਂਬਰਸ਼ਿਪ ਦਾ ਘੇਰਾ ਬਹੁਤ ਹੀ ਵਿਸ਼ਾਲ ਸੀ ਤੇ ਇਸਦੀਆਂ ਸਰਗਰਮੀਆਂ ਖਾਲਿਸਤਾਨ ਲਹਿਰ ਦੇ ਮਾਹੌਲ ਨੂੰ ਜ਼ਬਰਦਸਤ ਰੂਪ 'ਚ ਸ਼ਕਤੀ ਵੰਡਣ ਤੇ ਹਵਾ ਦੇਣ ਦਾ ਕਰਦਾਰ ਬਲਵਾਨ ਰੂਪ ਵਿਚ ਨਿਭਾ ਰਹੀਆਂ ਸਨ ਅਤੇ ਸਿਖ ਨੌਜਵਾਨਾਂ ਅੰਦਰ ਜੁਝਾਰੂ ਰੁਚੀਆਂ ਤੇ ਖਾਲਸਾ ਰਾਜ ਦੇ ਵਿਚਾਰਾਂ ਦਾ ਬੋਲ ਬਾਲਾ ਕਰਨ ਪੱਖੋਂ ਸਹਾਇਕ ਸਿੱਧ ਹੋ ਰਹੀਆਂ ਸਨ।

ਇਸੇ ਤਰ੍ਹਾਂ ਜਿਥੋਂ ਤੱਕ ਬੱਬਰ ਖਾਲਸਾ ਤੇ ਅਕਾਲ ਫੈਡਰੇਸ਼ਨ ਆਦਿ ਜਥੇਬੰਦੀਆਂ ਨਾਲ ਜੁੜਨ ਵਾਲੇ ਸਿੰਘਾਂ ਤੇ ਨੌਜਵਾਨਾਂ ਦਾ ਸਵਾਲ ਸੀ ਉਹ ਆਪਣੇ ਅੰਦਰ ਬੜੇ ਹੀ ਪ੍ਰਬਲ ਰੂਪ ਵਿਚ ਪੰਥਕ ਜੋਸ਼ ਤੇ ਕੁਰਬਾਨੀ ਦਾ ਜਜ਼ਬਾ ਰਖਦੇ ਸਨ। ਬੱਬਰ ਖਾਲਸਾ ਦੀ ਰਾਜਸੀ ਸੋਚ ਤੇ ਨੀਤੀ ਦਾ ਜੋ ਐਲਾਨੀਆਂ ਪਖ ਸੀ ਉਹ ਆਪਣੇ ਅੰਦਰ ਖਾਲਸਾ ਰਾਜ ਦੇ ਨਜ਼ਰੀਏ ਤੇ ਨਿਸ਼ਾਨ ਦੀ ਕਾਫੀ ਸਪਸ਼ਟ ਚਮਕ ਦਮਕ ਰਖਦਾ ਸੀ। ਪਰ ਇਸ ਜਥੇਬੰਦੀ ਦੇ ਸਾਬਕਾ ਜਥੇਦਾਰ ਸੁਰਿੰਦਰ ਸਿੰਘ ਤੇ ਵਰਤਮਾਨ ਜਥੇਦਾਰ ਸੁਖਦੇਵ ਸਿੰਘ ਵਿਚਕਾਰ ਵੱਡੀ ਪੱਧਰ 'ਤੇ ਤ੍ਰੇੜ ਪੈ ਜਾਣ ਦੇ ਕਾਰਨ ਇਸਦੀ ਜਥੇਬੰਦਕ ਹੋਂਦ ਨੂੰ ਕਿਸੇ ਹੱਦ ਤੱਕ ਸੱਟ ਵਜਨੀ ਇਕ ਸੁਭਾਵਕ ਗੱਲ ਸੀ; ਜਿਸਦੇ ਸਿੱਟੇ ਵਜੋਂ ਜਥੇਦਾਰ ਸੁਰਿੰਦਰ ਸਿੰਘ ਆਪਣੇ ਨਾਲ ਸੰਬੰਧਤ ਸਿੰਘਾਂ ਨੂੰ ਨਾਲ ਲੈ ਕੇ ਭਿੰਡਰਾਂਵਾਲੇ ਦੇ ਜਥੇ ਦੇ ਪੱਖ 'ਵਿਚ ਜਾ ਖਲੋਤਾ ਸੀ ਕਿਉਂਕਿ ਉਸਦੇ ਵਿਚਾਰ ਅਨੁਸਾਰ ਸੰਤ ਲੌਂਗੋਵਾਲ ਦੇ ਪੱਖ ਵਿਚ ਖਲੋਣਾ ਪੰਥ ਦੇ ਹਿਤ ਵਿਚ ਨਹੀਂ ਸੀ ਜਾਂਦਾ।

ਉਸਦਾ ਕਥਨ ਸੀ ਕਿ ਲੌਂਗੋਵਾਲ ਨਾਲ ਨੇੜਤਾ ਰਖਣ ਦੀ ਗੱਲ ਅਕਾਲੀ ਦਲ ਦੀਆਂ ਨੀਤੀਆਂ ਨੂੰ ਠੁਮਣਾ ਤੇ ਤਾਕਤ ਦੇਣਾ ਹੈ ਅਤੇ ਜੁਝਾਰੂ ਸਿੰਘਾਂ ਦੇ ਪ੍ਰੋਗਰਾਮ ਦੇ ਰਾਹ ਵਿਚ ਭਾਰੀ ਰੁਕਾਵਟ ਪੈਦਾ ਕਰਨ ਦਾ ਇਕ ਵੱਡਾ ਕਾਰਨ ਬਣ ਸਕਦੀਆਂ ਹਨ। ਇਸਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਆਏ ਦਿਨ ਜੁਝਾਰੂ ਸਿੰਘਾਂ ਨੂੰ ਅੱਤਵਾਦੀ ਤੇ ਵੱਖਵਾਦੀ ਕਹਿਕੇ ਸਟੇਜਾਂ ਉੱਪਰ ਸਿੱਧੇ ਤੇ ਐਲਾਨੀਆਂ ਤੌਰ ਤੇ ਭੰਡਦਾ ਰਹਿੰਦਾ ਸੀ ਅਤੇ ਖਾਲਿਸਤਾਨ ਦੇ ਨਜ਼ਰੀਏ ਦਾ ਖੁੱਲ ਕੇ ਵਿਰੋਧ ਕਰਦਾ ਸੀ। ਇਸ ਸਾਰੀ ਗੱਲ ਬਾਤ ਦੇ ਸੰਬੰਧ ਵਿਚ ਆਮ ਸਿੰਘਾਂ ਦਾ ਇਹ ਵਿਚਾਰ ਸੀ ਕਿ ਜੇ ਬੱਬਰ ਖਾਲਸਾ ਦੀ ਸੋਚ ਤੇ ਨੀਤੀ ਇਕ ਸੁਰ ਤੇ ਸਥਿਰ ਰਹਿੰਦੀ ਅਤੇ ਤਾਕਤ ਵੰਡੀ ਨਾ ਜਾਂਦੀ, ਸਗੋਂ



ਇਕ ਸੁਰ ਤੇ ਇਕ ਮੁੱਠ ਰਹਿੰਦੀ ਅਰਥਾਤ ਇਸਦਾ ਇਕ ਧੜਾ ਜਥੇਦਾਰ ਸੁਖਦੇਵ ਸਿੰਘ ਦੀ ਅਗਵਾਈ ਹੇਠ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਪੱਖ ਵਿਚ ਨਾ ਖਲੋਂਦਾ ਤਾਂ ਇਸ ਗੱਲ ਦੇ ਸਿੱਟੇ ਸਿਖ ਕੌਮ ਦੇ ਹਿਤ ਵਿਚ ਹੀ ਨਿਕਲਣੇ ਸਨ। ਇਥੋਂ ਤਕ ਕਿ ਸਵਾਰਥੀ ਸਮਝੌਤੇ ਬਾਜ਼ ਅਕਾਲੀ ਆਗੂਆਂ ਨੂੰ ਭਾਰਤ ਸਰਕਾਰ ਨਾਲ ਮਿਲਕੇ ਜੁਝਾਰੂ ਸਿੰਘਾਂ ਦੇ ਵਿਰੁੱਧ ਸਾਜ਼ਸ਼ਾਂ ਘੜਨ ਤੋਂ ਰੋਕਿਆ ਜਾ ਸਕਦਾ ਸੀ, ਉਹਨਾਂ ਨੂੰ ਨੱਥ ਪਾਈ ਜਾ ਸਕਦੀ ਸੀ, ਸਿੱਧੇ ਰਸਤੇ ਉੱਪਰ ਲਿਆਂਦਾ ਜਾ ਸਕਦਾ ਸੀ ਅਤੇ ਦੂਸਰੀ ਹਾਲਤ ਵਿਚ ਸੋਧਿਆ ਵੀ ਜਾ ਸਕਦਾ ਸੀ। ਪਰ ਕਿਸੇ ਵੀ ਜੁਝਾਰੂ ਜਥੇਬੰਦੀ ਦੇ ਸਿੰਘਾਂ ਦਾ ਥੁਹੜੀ ਜਾਂ ਬਹੁਤੀ ਗਿਣਤੀ ਵਿਚ ਅਕਾਲੀ ਆਗੂਆਂ ਦੀ ਠਾਹਰ ਬਨਣ ਦਾ ਮਤਲਬ ਖਾਲਿਸਤਾਨ ਦੇ ਨਜ਼ਰੀਏ ਦੀਆਂ ਮਨ ਚਿਤੋਂ ਵਿਰੋਧੀ ਤਾਕਤਾਂ ਦੇ ਹੱਕ ਵਿਚ ਖਲੋ ਕੇ ਉਹਨਾਂ ਨੂੰ ਅਚੇਤ ਜਾਂ ਸੁਚੇਤ ਰੂਪ ਵਿਚ ਤਕੜਿਆਂ ਕਰਨ ਤੋਂ ਹੀ ਨਿਕਲਦਾ ਸੀ।

ਜਥੇਦਾਰ ਸੁਖਦੇਵ ਸਿੰਘ ਦੀ ਅਗਵਾਈ ਹੇਠ ਬੱਬਰ ਖਾਲਸਾ ਜਥੇਬੰਦੀ ਦੇ ਇਸ ਧੜੇ ਨਾਲ ਜੁੜੇ ਹੋਏ ਸਿੰਘਾਂ ਦੀ ਗਿਣਤੀ ਭਾਵੇਂ ਤੀਹ ਪੈਂਤੀ ਸਿੰਘਾਂ ਤੱਕ ਹੀ ਸੀਮਤ ਸੀ ਪਰ ਇਸ ਗੱਲ ਤੋਂ ਉੱਕਾ ਹੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਸੇ ਜੁਝਾਰੂ ਜਥੇਬੰਦੀ ਨਾਲ ਇਕ ਖਾਸ ਪ੍ਰਭਾਵ ਹੇਠ ਜੁੜਨ ਵਾਲੇ ਸਿਖ ਨੌਜਵਾਨਾਂ ਦੇ ਮਨਾਂ ਵਿਚ ਖਾਲਸਾ ਪੰਥ ਤੋਂ ਕੁਰਬਾਨ ਹੋ ਜਾਣ ਦਾ ਜੋ ਜਜ਼ਬਾ ਸੀ ਉਹ ਬੜਾ ਹੀ ਸਚਿਆਰਾ, ਬਲਵਾਨ ਤੇ ਮਹਾਨ ਸੀ। ਜਿਸ ਕਰਕੇ ਉਹ ਸਿਖ ਕੌਮ ਦੀ ਆਜ਼ਾਦੀ ਆਨ ਸ਼ਾਨ ਤੇ ਚੜ੍ਹਦੀ ਕਲਾ ਦੀ ਖਾਤਰ ਸੀਸ ਤਲੀ ਉੱਪਰ ਟਿਕਾ ਕੇ ਰਣ-ਤੱਤੇ ਵਿਚ ਜੂਝਨ ਤੇ ਸ਼ਹੀਦੀਆਂ ਪਾਉਣ ਪੱਖੋਂ ਕਿਸੇ ਤਰ੍ਹਾਂ ਵੀ ਪਿਛੇ ਨਹੀਂ ਸਨ ਕਿਉਂਕਿ ਇਸ ਸ੍ਰੇਣੀ ਰੂਪ ਵਾਲੇ ਸਿੰਘਾਂ ਦੇ ਸਾਹਮਣੇ ਧਰਮ ਦੀ ਰਾਖੀ, ਪੰਥ ਦੀ ਚੜ੍ਹਦੀ ਕਲਾ ਤੇ ਖਾਲਸਾ ਰਾਜ ਦੀ ਪ੍ਰਾਪਤੀ ਵਾਸਤੇ ਘੱਲਾਂ ਸੰਘਰਸ਼ਾਂ ਦਾ ਜੋ ਵਿਸ਼ਾਲ ਮੈਦਾਨ ਦ੍ਰਿਸ਼ਟੀ ਗੋਚਰ ਸੀ ਵਾਸਤਵ ਵਿਚ ਇਹ ਉਸ ਮੈਦਾਨ ਦੇ ਮਰਜੀਵੜੇ ਅਰਥਾਤ ਸਿਰ ਲੱਥ ਸੂਰਮੇ ਸਨ। ਇਸੇ ਕਰਕੇ ਹੀ ਇਨ੍ਹਾਂ ਦੇ ਅੰਤਸ਼ ਕਰਨ ਅੰਦਰ ਪੰਥ ਅੰਦਰ ਛਾਏ ਹੋਏ ਮੌਕਾ ਪ੍ਰਸਤ ਤੇ ਗਦੀਆਂ ਦਾਅ ਉੱਪਰ ਰਹਿਣ ਵਾਲੇ ਆਗੂਆਂ ਜਥੇਦਾਰਾਂ ਦੀ ਤਰ੍ਹਾਂ ਜ਼ਾਤੀ ਸੁਖ ਸਾਧਨਾਂ ਤੇ ਚੌਧਰਾਂ ਕੁਰਸੀਆਂ ਦੀ ਪ੍ਰਾਪਤੀ ਵਾਸਤੇ ਵੀ ਸਵਾਰਥੀ ਤੇ ਚਮੜੀ ਬਚਾਉਣੀ ਭਾਵਨਾ ਨੂੰ ਕੋਈ ਥਾਂ ਨਹੀਂ ਸੀ। ਸਗੋਂ ਇਹ ਤਾਂ ਪੰਥਕ ਆਜ਼ਾਦੀ ਦੇ ਪਿੜ ਅਥਵਾ ਘੋਲ ਅਖਾੜੇ ਦੇ ਪਹਿਲਵਾਨੜੇ ਸਨ ਅਰਥਾਤ ਮੱਲ ਸਨ।

ਖਾਲਸਾ ਪੰਥ ਦੇ ਆਗੂਆਂ ਜਥੇਦਾਰਾਂ ਦੀਆਂ ਦੋ ਵੱਖ ਵੱਖ ਨਜ਼ਰੀਏ ਸੋਚਾਂ ਤੇ ਧਾਰਨਾਵਾਂ ਵਾਲੀਆਂ ਸ਼੍ਰੇਣੀਆਂ ਦੇ ਆਗੂ ਕੰਪਲੈਕਸ ਅੰਦਰ ਇਕ ਦੂਸਰੇ ਤੋਂ ਕਾਫੀ ਵਿੱਥ ਉੱਪਰ ਆਪ ਆਪਣੇ ਸਭ ਖਾਸੇ ਤੇ ਮੰਤਵ ਮਨੋਰਥ ਨੂੰ ਨਾਲ ਲਈ ਆਪਣੀ ਆਪਣੀ ਥਾਂ ਤੇ ਆਪਣੇ ਆਪਣੇ ਅੰਦਾਜ਼ ਵਿਚ ਬੈਠੇ ਖਲੋਤੇ ਹੋਏ ਸਨ। ਗੱਲ ਕੀ ਕਿ ਉਸ ਸਮੇਂ ਇਨ੍ਹਾਂ ਦੋਹਾਂ ਹੀ ਸ਼੍ਰੇਣੀਆਂ ਦੇ ਮੁਖੀ ਆਗੂਆਂ ਵਿਚ ਅਰਥਾਤ ਉਹਨਾਂ ਦੀ ਸੋਚ, ਨੀਤੀ ਮਾਨਸਿਕ ਅਵਸਥਾ, ਮੰਤਵ ਉਦੇਸ਼ ਨਿਸ਼ਾਨੇ, ਕਰਦਾਰ ਤੇ ਖਾਸੇ ਵਿਚ ਜੋ ਬੁਨਿਆਦੀ ਅੰਤਰ ਵੇਖਣ ਵਿਚ ਆ ਰਿਹਾ ਸੀ ਉਹ ਬੜਾ ਹੀ ਭਾਰੀ ਤੇ ਡਾਢਾ ਸੀ।

ਸਮੁੰਦਰੀ ਹਾਲ ਵਿਚ ਬੈਠੇ ਹੋਏ ਪੰਥਕ ਆਗੂ ਇਕ ਨਿਸ਼ਚਤ ਨੀਤੀ ਤੇ ਫੈਸਲੇ ਅਨੁਸਾਰ ਸਭ ਪਾਸਿਆਂ ਤੋਂ ਬੂਹੇ ਬਾਰੀਆਂ ਬੰਦ ਕਰਕੇ ਹੱਥਾਂ 'ਤੇ ਹੱਥ ਰੱਖੀ, ਪੱਕੇ ਗਾਂਧੀਵਾਦੀ ਬਣੇ ਬੈਠੇ ਹੋਏ ਸਨ ਅਤੇ ਅਹਿੰਸਾ ਪਰਮੋ ਧਰਮ ਦਾ ਜਾਪ ਕਰ ਰਹੇ ਸਨ। ਇਥੋਂ ਤੱਕ ਕਿ ਇਹ ਆਗੂ ਆਪਣੇ ਬਾਡੀਗਾਰਡਾਂ, ਆਪਣੀਆਂ ਹਮਦਰਦ ਜਥੇਬੰਦੀਆਂ ਤੇ ਆਪਣੇ ਹੋਰ ਲੱਗੇ ਬੱਧਿਆਂ ਨੂੰ ਫੌਜ ਉੱਪਰ ਇਕ ਵੀ ਗੋਲੀ ਨਾ ਚਲਾਉਣ ਅਤੇ ਆਪੋ ਆਪਣੇ ਹਥਿਆਰ ਲੁਕਾ ਦੇਣ ਤੇ ਸੁੱਟ ਦੇਣ ਅਤੇ ਇਕ ਰੌਂਦ ਤੱਕ ਵੀ ਆਪਣੇ ਪਾਸ ਨਾ ਰਖਣ ਦੀਆਂ ਵਾਰਬਾਰ ਹਦਾਇਤਾਂ ਕਰ ਰਹੇ ਸਨ। ਪਰ ਦੂਸਰੇ ਪਾਸੇ

ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਭਾਰਤੀ ਫੌਜ ਦੇ ਮੁਕਾਬਲੇ ਬਾਬਾ ਦੀਪ ਸਿੰਘ ਸ਼ਹੀਦ ਵੱਲੋਂ ਪਾਈਆਂ ਹੋਈਆਂ ਪੈੜਾਂ ਨੂੰ ਚਾਰ ਚੰਨ ਲਾਉਣ ਦੇ ਉਦੇਸ਼ ਨਾਲ ਜੂਝਦੇ ਤੇ ਵਿਚਰਦੇ ਹੋਏ ਦਿਖਾਈ ਦੇ ਰਹੇ ਸਨ ਅਤੇ ਦਰਬਾਰ ਸਾਹਿਬ ਪਰਕਰਮਾ ਵਿਚ ਟਿੱਡੀ ਦਲ ਦੀ ਤਰ੍ਹਾਂ ਉੱਤਰ ਆਈ ਫੌਜ ਦੇ ਆਹੂ ਲਾਹੁਣ ਦੇ ਨਿਸ਼ਾਨੇ ਨਾਲ ਆਪਣੇ ਹੱਥਾਂ ਵਿਚ ਕਾਰਬਈਨ ਫੜੀ ਬੈਠੇ ਸਨ।

ਜਥੇ ਦੇ ਸਿੰਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਨੂੰ ਦੁਸ਼ਟਾਂ ਦੁਸ਼ਮਨਾਂ ਦੇ ਵੱਧ ਤੋਂ ਵੱਧ ਸੱਥਰ ਲਾਹ ਕੇ ਗੁਰੂ ਘਰ ਦੀਆਂ ਰੱਜ ਰੱਜ ਕੇ ਖੁਸ਼ੀਆਂ ਪ੍ਰਾਪਤ ਕਰਨ ਲਈ ਕਹਿ ਰਹੇ ਸਨ ਜਿਸਦਾ ਅਸਰ ਇਹ ਹੋ ਰਿਹਾ ਸੀ ਕਿ ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨ ਇਹ ਜਾਣਦਿਆਂ ਹੋਇਆਂ ਵੀ ਕਿ ਉਹਨਾ ਦੀ ਸ਼ਹੀਦੀ ਅਵੱਸ਼ ਹੈ ਤੇ ਇਹ ਭਾਣਾ ਕਿਸੇ ਵੀ ਛਿਣ ਪਲ ਉੱਪਰ ਵਰਤ ਸਕਦਾ ਹੈ, ਉਹ ਇਕ ਇਕ ਹਥਿਆਰ ਤੇ ਇਕ ਇਕ ਗੋਲੀ ਦੀ ਵਰਤੋਂ ਪੂਰੀ ਪੂਰੀ ਮਾਨਸਿਕ ਦ੍ਰਿੜਤਾ ਤੇ ਸੂਰਮਗਤੀ ਨਾਲ ਕਰ ਰਹੇ ਸਨ। ਸਿੰਘਾਂ ਦੇ ਚੇਹਰਿਆਂ ਉੱਪਰ ਕੋਈ ਮਲਾਲ ਨਹੀਂ ਸੀ, ਕੋਈ ਉਦਾਸੀ ਨਹੀਂ ਸੀ, ਕਿਸੇ ਪਰਕਾਰ ਦੀ ਘਬਰਾਹਟ ਤੇ ਚਿੰਤਾ ਨਹੀਂ ਸੀ, ਕਿਸੇ ਪਰਕਾਰ ਦੇ ਡਰ ਤੋਂ ਤੇ ਫਿਕਰ ਅੰਦੇਸ਼ੇ ਦਾ ਕੋਈ ਇਕ ਚਿੰਨ ਅਕਸ ਮਾਤਰ ਰੂਪ ਵਿਚ ਵੀ ਦਿਖਾਈ ਨਹੀਂ ਸੀ ਦੇ ਰਿਹਾ। ਮੌਤ ਵਰਗੀ ਚੁੱਪ ਨੂੰ ਉਸ ਮਾਹੌਲ ਵਿਚ ਕੋਈ ਥਾਂ ਨਹੀਂ ਸੀ ਅਤੇ ਸਹਿਮੀ ਸਿਮਟੀ ਹੋਈ ਦਿਲ ਦੀ ਧੜਕਨ ਤੇ ਦਬੀ ਹੋਈ ਜ਼ਿੰਦਗੀ ਨੂੰ ਉੱਥੇ ਕਿਸੇ ਨੁੱਕਰ ਵਿਚ ਵੀ ਠੌਰ ਆਸਰਾ ਤੇ ਟਿਕਾਣਾ ਨਹੀਂ ਸੀ ਮਿਲ ਰਿਹਾ। ਸਗੋਂ ਸਭ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਸੀ, ਚੇਹਰਿਆਂ ਉੱਪਰ ਦਗ ਦਗ ਕਰਦਾ ਹੋਇਆ ਨੂਰ ਤੇ ਜਲਾਲ ਖੇਡ ਰਿਹਾ ਸੀ ਅਤੇ ਦਿਲਾਂ ਵਿਚ ਕੋਈ ਅਲਾਹੀ ਤੇ ਅਗੰਮੀ ਜੋਸ਼ ਜਜ਼ਬਾ ਭਰਿਆ ਹੋਇਆ ਸੀ।

ਜਥੇ ਦੇ ਸਿੰਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਅੰਦਰ ਜੋ ਜੋਸ਼ ਜਜ਼ਬਾ ਨਜ਼ਰੀਂ ਆ ਰਿਹਾ ਸੀ ਉਸਨੂੰ ਵੇਖਕੇ ਇਹ ਗੱਲ ਲੁਕੀ ਛਿਪੀ ਨਹੀਂ ਸੀ ਰਹਿੰਦੀ ਕਿ ਉਸ ਜਜ਼ਬੇ ਨੂੰ ਪੈਦਾ ਕਰਨ ਵਿਚ ਜਿਥੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਵਿਅਕਤੀਵ ਬਹੁਤ ਵੱਡੀ ਪੱਧਰ 'ਤੇ ਭਾਗੀ ਸੀ ਉੱਥੇ ਉਹਨਾ ਨਾਲ ਪਿਛਲੇ ਕੁਝ ਸਮੇਂ ਤੋਂ ਜੁੜ ਚੁੱਕੀਆਂ ਮਹਤਵਪੂਰਨ ਸ਼ਖੀਅਤਾਂ ਦਾ ਵੀ ਕਾਫੀ ਯੋਗ ਦਾਨ ਸੀ।

ਕੁਝ ਇਕ ਪੰਥ ਹਿਤੂ ਸਾਬਕਾ ਫੌਜੀ ਅਫਸਰਾਂ ਤੇ ਜਰਨੈਲਾਂ, ਰੀਟਾਇਰਡ ਸਿਵਲ ਅਫਸਰਾਂ, ਸਿਖ ਵਿਦਵਾਨਾਂ ਤੇ ਪ੍ਰੋਫੈਸਰਾਂ ਜਰਨਲਿਸਟਾਂ ਅਤੇ ਖਾਲਿਸਤਾਨ ਲਹਿਰ ਨਾਲ ਸੰਬੰਧਤ ਖਾਸ ਖਾਸ ਵਿਅਕਤੀਆਂ ਨੇ ਜੋ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਾਲ ਸੰਪਰਕ ਪੈਦਾ ਕਰਕੇ ਮਾਹੌਲ ਬਣਾ ਦਿੱਤਾ ਸੀ ਉਸ 'ਚੋਂ ਸਮੇਂ ਸਮੇਂ ਬਹੁਤ ਸਾਰੀਆਂ ਬਲਵਾਨ ਤੇ ਚਮਤਕਾਰੀ ਗੱਲਾਂ ਉਤਸ਼ਾਹ ਜਨਕ ਮਾਨਸਿਕ ਰੁਹਜਾਨ ਤੇ ਚੜ੍ਹਦੀ ਕਲਾ ਵਾਲੇ ਅਤੇ ਇਨਕਾਲਬੀ ਉਭਾਰ ਦੇ ਪੱਖਾਂ ਨੇ ਖਾਲਸਾ ਪੰਥ ਅੰਦਰ ਤੇ ਖਾਸ ਕਰਕੇ ਸਿੱਖ ਨੌਜਵਾਨਾਂ ਅੰਦਰ ਇਕ ਵਲੱਖਣ ਕਿਸਮ ਦੀ ਚੇਤੰਨਤਾ ਤੇ ਜਾਗ੍ਰਿਤ ਉਜਾਗਰ ਕਰ ਦਿੱਤੀ ਸੀ।

ਖਾਲਸਾ ਪੰਥ ਦੀ ਆਜ਼ਾਦ ਹਸਤੀ, ਰਾਜ ਕਰੇਗਾ ਖਾਲਸਾ ਅਤੇ ਖਾਲਿਸਤਾਨ ਦੇ ਨਜ਼ਰੀਏ ਪ੍ਰਤੀ ਸੁਹਿਰਦਤਾ ਰਖਣ ਵਾਲੇ ਵੱਖ ਵੱਖ ਵਰਗਾਂ ਦੇ ਵਿਅਕਤੀਆਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸਰਪ੍ਰਸਤੀ ਵਿਚ ਪੰਥ ਦੀ ਚੜ੍ਹਦੀ ਕਲਾ ਲਈ ਜਿਸ ਸੋਚ ਤੇ ਨੀਤੀ ਨੂੰ ਮੁਖ ਰੂਪ ਵਿਚ ਅਪਨਾਇਆ ਉਸ ਅਨੁਸਾਰ ਜਿੰਨ੍ਹਾਂ ਗੱਲਾਂ ਵੱਲ ਖਾਸ ਧਿਆਨ ਦਿੱਤਾ ਗਿਆ ਉਹ ਇਸ



ਪਰਕਾਰ ਹਨ।

ਖਾਲਸਾ ਪੰਥ ਨੂੰ ਹਿੰਦੂ ਰਾਜ ਤੇ ਸਮਾਜ ਦੇ ਪੰਥ ਘਾਤਕ ਰੁਹਜਾਨ ਤੇ ਹਮਲਿਆਂ ਤੋਂ ਸੁਰਖਸ਼ਤ ਰਖਣਾ। ਖਾਲਸਾ ਪੰਥ ਦੀ ਆਜ਼ਾਦ ਹਸਤੀ ਨੂੰ ਹਰ ਹਾਲਤ ਵਿਚ ਕਾਇਮ ਰਖਣਾ ਅਤੇ ਰਾਜ ਕਰੇਗਾ ਖਾਲਸਾ ਤੇ ਖਾਲਸਾ ਜੀ ਦੇ ਬੋਲ ਬਾਲੇ ਨੂੰ ਅਮਲੀ ਰੂਪ ਦੇਣ ਲਈ ਸਮੁੱਚੀ ਸਿੱਖ ਕੌਮ ਨੂੰ ਜਥੇਬੰਦਕ ਘੋਲ ਦੇ ਰਾਹ ਤੇ ਤੋਰਨਾ।

ਖਾਲਸਾ ਪੰਥ ਨੂੰ ਇਸ ਦੀਆਂ ਵਿਰੋਧੀ ਜਥੇਬੰਦੀਆਂ ਸੰਪਰਦਾਵਾਂ ਤੇ ਦੁਸ਼ਮਨ ਸ਼ਕਤੀਆਂ ਦੀਆਂ ਨੀਤੀਆਂ ਸਾਜ਼ਸ਼ਾਂ ਪ੍ਰਤੀ ਸੁਚੇਤ ਰਖਣਾ ਅਤੇ ਇਸਦੇ ਨਾਲ ਨਾਲ ਸਿੱਖਾਂ ਨੂੰ ਸਿਖ ਵਿਚਾਰਧਾਰਾ ਤੇ ਸਿਖ ਇਤਹਾਸ ਨਾਲ ਜੋੜਨ ਤੇ ਪੰਥਕ ਰਵਾਇਤਾਂ ਅਨੁਸਾਰ ਜੂਝਨ ਦਾ ਮਾਹੌਲ ਪੈਦਾ ਕਰਨਾ।

ਸਿਖ ਨੌਜਵਾਨ ਬੀਬੀਆਂ ਤੇ ਯੁਵਕਾਂ ਅਰਥਾਤ ਭੁਝੰਗਨਾਂ ਨੂੰ ਮਾਨਸਿਕ ਬੌਧਕ ਪਖੋਂ ਖਾਲਸਾਈ ਰੰਗ ਵਿਚ ਰੰਗਨ, ਵਰਤਮਾਨ ਯੁਗ ਅੰਦਰ ਆਮ ਵਰਤੋਂ 'ਚ ਲਿਆਂਦੇ ਜਾਣ ਵਾਲੇ ਹਥਿਆਰਾਂ ਬਾਰੇ ਲੋੜੀਂਦੀ ਜਾਣਕਾਰੀ ਤੇ ਸਪਲਾਈ ਦੇਣ ਅਤੇ ਉਹਨਾਂ ਅੰਦਰ ਜੁਝਾਰੂ ਸਿੰਘਾਂ ਵਾਲੇ ਗੁਣ ਲਖਣ ਉਜਾਗਰ ਕਰਨ ਲਈ ਥਾਂ ਥਾਂ ਉੱਪਰ ਯਥਾ ਸ਼ਕਤ ਰੂਪ 'ਚ ਪ੍ਰਬੰਧ ਕਰਨਾ ਅਤੇ ਮਹੱਤਵ ਪੂਰਨ ਅਸਥਾਨ ਉੱਪਰ ਗੁਰਮਤ ਕੈਂਪਾਂ ਨੂੰ ਆਰਗੇਨਾਈਜ਼ ਕਰਨਾ।

ਮਾਈਆਂ ਬੀਬੀਆਂ ਅੰਦਰ ਮਾਈ ਭਾਗੋ ਦੇ ਰਾਹ ਨੂੰ ਅਪਨਾਉਣ ਲਈ ਬੀਬੀਆਂ ਦੀ ਜਥੇਬੰਦੀ ਨੂੰ ਮਜ਼ਬੂਤ ਕਰਨਾ ਅਤੇ ਉਹਨਾਂ ਲਈ ਪੰਥਕ ਘੋਲ ਵਿਚ ਸ਼ਾਮਲ ਹੋਣ ਦੇ ਵਧ ਤੋਂ ਵਧ ਮੌਕੇ ਤੇ ਸਾਧਨ ਵਸੀਲੇ ਪੈਦਾ ਕਰਨੇ।

ਖਾਲਸਾ ਪੰਥ ਅੰਦਰ ਅੰਮ੍ਰਿਤ ਪਾਨ ਕਰਵਾਉਣ ਦੀ ਲਹਿਰ ਨੂੰ ਵੱਡੀ ਪੱਧਰ ਉੱਪਰ ਤੇਜ਼ ਕਰਨਾ ਅਤੇ ਇਸ ਕਾਰਜ ਕਰਮ ਨੂੰ ਨਿਰੰਤਰ ਰੂਪ ਵਿਚ ਜਾਰੀ ਰੱਖਣਾ।

ਇਨ੍ਹਾਂ ਨੀਤੀਆਂ ਤੇ ਸਰਗਰਮੀਆਂ ਦੇ ਆਧਾਰ ਉੱਪਰ ਜੋ ਗੱਲਾਂ ਅਮਲ ਵਿਚ ਆਈਆਂ ਉਹਨਾਂ ਦੇ ਆਧਾਰ 'ਤੇ ਜਿਥੇ ਹਜ਼ਾਰਾਂ ਸਿੰਘ, ਸਿਖ ਨੌਜਵਾਨ ਤੇ ਬੀਬੀਆਂ ਨੂੰ ਖਾਲਸਾ ਪੰਥ ਦੇ ਵਿਚਾਰਧਾਰਕ ਅਮਲ ਕਰਮ ਨਾਲ ਜੋੜਿਆ ਗਿਆ ਉੱਥੇ ਉਹਨਾਂ ਨੂੰ ਇਸ ਗੱਲ ਦਾ ਵੀ ਡੂੰਘਾ ਅਹਿਸਾਸ ਕਰਵਾ ਦਿੱਤਾ ਗਿਆ ਕਿ ਖਾਲਸਾ ਪੰਥ ਜਿਥੇ ਆਪਣੇ ਆਪ ਵਿਚ ਇਕ ਵਲੱਖਣ ਤੇ ਆਜ਼ਾਦ ਹਸਤੀ ਦਾ ਮਾਲਕ ਹੈ ਉੱਥੇ ਇਸਦੇ ਆਪਣੇ ਹਥਾਂ ਵਿਚ ਇਕ ਆਜ਼ਾਦ ਤੇ ਖੁਦਮੁਖਤਿਆਰ ਸਲਤਨਤ ਦੇ ਪ੍ਰਬੰਧ ਦਾ ਹੋਣਾ ਅਤੀ ਅਵਸ਼ਕ ਹੈ। ਇਨ੍ਹਾਂ ਵਿਚਾਰਾਂ ਤੇ ਨੀਤੀਆਂ ਫੈਸਲਿਆਂ ਨੇ ਹਜ਼ਾਰਾਂ ਹੀ ਸਿਖ ਨੌਜਵਾਨਾਂ ਤੇ ਬੀਬੀਆਂ ਨੂੰ ਮਾਨਸਿਕ ਤੇ ਬੌਧਕ ਤੌਰ ਉੱਪਰ ਸਿੱਖੀ ਦੇ ਸਿਧਾਂਤਕ ਤੇ ਪ੍ਰੰਪਰਾਗਤ ਪੱਖਾਂ ਨਾਲ ਜੋੜਨ, ਉਹਨਾਂ ਨੂੰ ਜਥੇਬੰਦਕ ਰੂਪ ਦੇਣ ਆਪਣੇ ਅਸਲ ਦੁਸ਼ਮਨ ਨੂੰ ਪਛਾਣਨ ਅਤੇ ਹਥਿਆਰ ਬੰਦ ਰੂਪ ਵਿਚ ਆਜ਼ਾਦੀ ਦੀ ਮੰਜ਼ਲ ਵੱਲ ਵਧਣ ਲਈ ਵਾਤਾਵਰਨ ਪੈਦਾ ਕਰ ਦਿੱਤਾ ਸੀ, ਰਾਹ ਉਲੀਕ ਦਿੱਤਾ ਸੀ ਅਤੇ ਮੰਜ਼ਲ ਮਿਥ ਦਿੱਤੀ ਸੀ। ਵਾਸਤਵ ਵਿਚ ਇਸ ਸਭ ਕੁਝ ਨੇ ਖਾਲਸਾ ਪੰਥ ਅੰਦਰ ਇਕ ਅਨਭਵੀ ਤੇ ਵਿਚਾਰਧਾਰਕ ਕ੍ਰਾਂਤੀ ਨੂੰ ਜਨਮ ਦੇ ਦਿੱਤਾ ਸੀ। ਇਹ ਇਕ ਪ੍ਰਤੱਖ ਹਕੀਕਤ ਹੈ ਕਿ ਇਸ ਸਭ ਕੁਝ ਨੇ ਸਿਖ ਕੌਮ ਅੰਦਰ ਜੋ ਕ੍ਰਾਂਤਕਾਰੀ ਜਜ਼ਬਾ ਤੇ ਉਭਾਰ ਪੈਦਾ ਕਰ ਦਿੱਤਾ ਸੀ ਉਸਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਦੌਰ ਵਿਚ ਖਾਲਸਾ ਪੰਥ ਅੰਦਰ ਪੈਦਾ ਹੋਏ ਮਾਨਸਿਕ ਰੁਹਜਾਨ ਅਤੇ ਜੋਸ਼ ਜਜ਼ਬੇ ਦੀ ਯਾਦ ਨੂੰ ਇਕ ਵਾਰ ਮੁੜ ਪੈਦਾ ਕਰ ਸੀ।

ਅਸਲ ਵਿਚ ਖਾਲਸਾ ਪੰਥ ਅੰਦਰ ਇਸ ਪਰਕਾਰ ਦਾ ਕ੍ਰਾਂਤਿਕ ਮਾਹੌਲ ਤੇ ਮਾਨਸਿਕ ਰੁਹਜਾਨ ਪੈਦਾ ਕਰਨ ਲਈ ਜਿਥੇ ਸਿਖ ਸਿਧਾਂਤ, ਸਿਖ ਰਵਾਇਤਾਂ ਤੇ ਸਿਖ ਇਤਹਾਸ ਨੂੰ ਆਧਾਰ ਬਣਾਇਆ ਗਿਆ ਸੀ ਉਥੇ ਸਿਖ ਕੌਮ ਦੀਆਂ ਵਰਤਮਾਨ ਸਿਆਸੀ, ਸਮਾਜੀ, ਧਾਰਮਕ, ਆਰਥਕ, ਸਭਿਆਚਾਰਕ ਤੇ ਪਦਾਰਥਕ ਮੁਸ਼ਕਲਾਂ ਔਕੜਾਂ ਅਤੇ ਮੁਸੀਬਤਾਂ ਦੇ ਬੁਨਿਆਦੀ ਕਾਰਨਾਂ ਨੂੰ ਸਪਸ਼ਟ ਕਰਨ ਦੇ ਨਾਲ ਨਾਲ ਪੰਥ ਦੇ ਅੰਦਰਲੇ ਤੇ ਬਾਹਰਲੇ ਘਾਤਕਾਂ ਦੁਸ਼ਮਨਾਂ ਦੇ ਚੇਹਰਿਆਂ ਤੋਂ ਮਖੌਟੇ ਉਤਾਰ ਕੇ ਉਹਨਾਂ ਦੀਆਂ ਅਸਲ ਸ਼ਕਲਾਂ ਨੂੰ ਸਿਖ ਕੌਮ ਸਾਹਮਣੇ ਕਾਫੀ ਹੱਦ ਤੱਕ ਨੰਗਿਆਂ ਕੀਤਾ ਜਾ ਚੁੱਕਾ ਸੀ।

ਇਨ੍ਹਾਂ ਸਾਰੀਆਂ ਗੱਲਾਂ ਦਾ ਸਿਖ ਹਰਦਿਆਂ ਉੱਪਰ ਅਸਰ ਹੋਣਾ ਸੁਭਾਵਕ ਤੇ ਕੁਦਰਤੀ ਸੀ। ਜਿਸ ਕਰਕੇ ਜੁਝਾਰੂ ਸਿਘ ਤੇ ਨੌਜਵਾਨ ਹੁਣ ਸਿਖ ਕੌਮ ਨੂੰ ਹਿਦੂ ਰਾਜ ਦੀਆਂ ਜੰਜੀਰਾਂ ਵਿਚ ਜਕੜਿਆ ਹੋਇਆ ਵੇਖਕੇ ਚੁੱਪ ਨਹੀਂ ਸਨ ਰਹਿ ਸਕਦੇ ਅਤੇ ਨਾ ਹੀ ਘਰਾਂ ਵਿਚ ਹੱਥ 'ਤੇ ਹੱਥ ਧਰਕੇ ਬੈਠੇ ਹੀ ਰਹਿ ਸਕਦੇ ਸਨ। ਸਗੋਂ ਸਿਖ ਨੌਜਵਾਨ ਤਾਂ ਹੁਣ ਦੁਨੀਆਂ ਦੀਆਂ ਖੁਸ਼ਹਾਲ ਆਜ਼ਾਦ ਤੇ ਸ਼ਕਤੀਸ਼ਾਲੀ ਕੌਮਾਂ ਦੇ ਬਰਾਬਰ ਹਾਣੀ ਬਣਕੇ ਉੱਡਣਾ ਲੋਚਦੇ ਸਨ ਤੇ ਤੇਜ਼ੀ ਨਾਲ ਅੱਗੇ ਵਧਣ ਲਈ ਪਰ ਤੋਲ ਰਹੇ ਤੇ ਪੈਂਤੜਾ ਮੱਲ ਰਹੇ ਸਨ; ਕਿਉਂਕਿ ਉਹਨਾਂ ਦੇ ਸਾਹਮਣੇ ਗੁਰੂ ਘਰ, ਗੁਰੂ ਪੰਥ ਤੇ ਸਿਖ ਵਿਚਾਰਧਾਰਾ ਨਾਲ ਜੁੜਿਆ ਹੋਇਆ ਸੱਚ ਉਦੇਸ਼ ਬਹੁਤ ਹੱਦ ਤੱਕ ਉਜਾਗਰ ਹੋ ਚੁੱਕਾ ਸੀ ਅਤੇ ਉਹ ਹੁਣ ਦਿਨੋ ਦਿਨ ਹੋਰ ਨਿਖਰਦਾ ਤੁਰਿਆ ਜਾ ਰਿਹਾ ਸੀ। ਜਿਸ ਕਰਕੇ ਉਹ ਹੁਣ ਗੁਰੂ ਨਾਨਕ ਘਰ ਦੇ ਸੰਕਲਪ ਤੇ ਸੁਨੇਹੇ ਅਤੇ ਸ੍ਰੀ ਗੁਰੂ ਗੋਬਿੰਦ ਸਿਘ ਜੀ ਵਲੋਂ ਪਾਏ ਹੋਏ ਪੂਰਨਿਆਂ ਅਨੁਸਾਰ ਚੱਲਣ ਕਰਕੇ ਖਾਲਸਾ ਪੰਥ ਨੂੰ ਸਿਰਜਨ ਦੇ ਅਸਲ ਉਦੇਸ਼ ਤੇ ਖਾਲਸਾ ਰਾਜ ਦੇ ਮਹੱਤਵ ਨੂੰ ਸਮਝਣ ਲੱਗ ਗਏ ਸਨ। ਪੰਥਕ ਬੋਲਿਆਂ ਜੈਕਾਰਿਆਂ ਵਿਚਲੇ ਭਾਵਆਤਮਕ ਸੰਦੇਸ਼ ਆਦੇਸ਼ ਤੇ ਜੁਝਾਰੂ ਜਜ਼ਬੇ ਉਹਨਾਂ ਦੇ ਅਨਭਵ ਤੇ ਅਮਲ ਕਰਮ ਵਿਚ ਢਲਣ ਲੱਗ ਪਏ ਸਨ। ਮੀਰੀ ਤੇ ਪੀਰੀ ਦੇ ਨਸ਼ਾਨ ਸਾਹਿਬਾਂ ਦੇ ਮਹੱਤਵ ਤੇ ਕੇਸਰੀ ਨਸ਼ਾਨ ਸਾਹਿਬ ਦੀ ਛਤਰ ਛਾਇਆ ਹੇਠ ਇਕੱਠੇ ਹੋਣ ਦਾ ਮਤਲਬ ਉਹਨਾਂ ਦੀ ਸਮਝ ਵਿਚ ਆਉਂਦਾ ਜਾ ਰਿਹਾ ਸੀ। ਉਹਨਾਂ ਸਾਹਮਣੇ ਇਹ ਗੱਲ ਵੀ ਸਪਸ਼ਟ ਹੁੰਦੀ ਜਾ ਰਹੀ ਸੀ ਕਿ ਖਾਲਸਾ ਪੰਥ ਦੇ ਸਭ ਇਤਿਹਾਸਕ ਪਵਿੱਤਰ ਗੁਰਧਾਮ ਉਹਨਾਂ ਲਈ ਜਿਥੇ ਧਾਰਮਕ ਕੇਂਦਰ ਹਨ ਉਥੇ ਛਾਉਣੀਆਂ ਦਾ ਦਰਜਾ ਵੀ ਰਖਦੇ ਹਨ।

ਇਨ੍ਹਾਂ ਗੁਰਮਤ ਕੈਂਪਾਂ ਵਿਚ ਜੋ ਇਕ ਹੋਰ ਵਿਸ਼ੇਸ਼ ਗੱਲ ਸਿਖ ਨੌਜਵਾਨਾਂ ਉੱਪਰ ਸਪਸ਼ਟ ਹੋ ਰਹੀ ਸੀ ਉਹ ਸੀ ਕਿ ਖਾਲਸਾ ਪੰਥ ਅਰਥਾਤ ਸਿਖ ਕੌਮ ਦਾ ਜਨਮ ਹਿਦੂਆਂ 'ਚੋਂ ਨਹੀਂ ਸਗੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਵਿਚਾਰਧਾਰਾ ਅਰਥਾਤ ਸਿਖੀ ਦੇ ਸਿਧਾਂਤ ਤੇ ਗੁਰਮਤ 'ਚੋਂ ਹੋਇਆ ਹੈ ਜਿਸ ਕਰਕੇ ਖਾਲਸਾ ਪੰਥ ਦਾ ਪੰਥਕ ਨਜ਼ਰੀਏ ਤੇ ਕੌਮੀਅਤ ਦੇ ਪੱਖੋਂ ਹਿਦੂਆਂ ਨਾਲ ਰਵਾਲ ਮਾਤਰ ਰੂਪ 'ਚ ਵੀ ਕੋਈ ਸੁਮੇਲ ਲਗਾਉ ਜਾਂ ਸਾਂਝ ਨਹੀਂ। ਸਗੋਂ ਹਿਦੂ ਮੱਤ ਤਾਂ ਸਿਖ ਮਤ ਤੇ ਧਰਮ ਅਰਥਾਤ ਖਾਲਸਾ ਪੰਥ ਦੀ ਵਿਚਾਰ ਧਾਰਾ ਦੇ ਬਿਲਕੁਲ ਵਿਪਰੀਤ ਧਰਮ ਹੈ ਅਤੇ ਪੰਥਕ ਸਿਧਾਂਤ ਦਾ ਕਟੜ ਦੁਸ਼ਮਨ ਹੈ।

ਸਿਖ ਕੌਮ ਦੇ ਹਜ਼ਾਰਾਂ ਨੌਜਵਾਨਾਂ ਅੰਦਰ ਆਈ ਮਾਨਸਿਕ ਬੌਧਕ ਕ੍ਰਾਂਤੀ ਦੇ ਕਾਰਨ ਉਹਨਾਂ ਦੇ ਚੇਹਰਿਆਂ ਉਪਰਲ ਪ੍ਰਭਾਵ ਤੇ ਉਹਨਾਂ ਦੀਆਂ ਸਰਗਰਮੀਆਂ ਤੋਂ ਇਸਤਰਾਂ ਜ਼ਾਹਰ ਹੁੰਦਾ ਸੀ ਕਿ ਜਿਵੇਂ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਦੀ ਸਖਸ਼ੀਅਤ ਤੇ ਸੋਚ ਨੇ ਉਹਨਾਂ ਨੂੰ ਪੰਥਕ ਵਿਚਾਰਧਾਰਾ ਤੇ ਟੀਚਿਆਂ ਨਿਸ਼ਾਨਿਆਂ ਦੇ ਲੜ ਲਾ ਕੇ ਪੰਥ ਦੁਸ਼ਮਨ ਤਾਕਤਾਂ ਦੇ ਮੁਕਾਬਲੇ ਰਣ-



ਤੱਤੇ ਵਿਚ ਲਿਆ ਖੜਿਆਂ ਕੀਤਾ ਸੀ। ਜਿਸ ਕਰਕੇ ਸਿਖ ਨੌਜਵਾਨ ਥਾਂ ਥਾਂ ਉੱਪਰ ਅਣਥਕ ਸੰਗਰਾਮ, ਕੁਰਬਾਨੀ ਤੇ ਆਜ਼ਾਦੀ ਦੇ ਰਾਹ ਉੱਪਰ ਵਹੀਰਾਂ ਘੱਤ ਕੇ ਤੁਰ ਪਏ ਸਨ। ਉਹ ਹੁਣ ਆਏ ਦਿਨ ਜੱਥ ਦਰ ਜੱਥ ਰੂਪ ਵਿਚ ਇਕ ਦੂਸਰੇ ਤੋਂ ਅੱਗੇ ਹੋ ਹੋ ਕੇ ਦਰਬਾਰ ਸਾਹਿਬ ਕੰਪਲੈਕਸ ਵੱਲ ਇਸਤਰਾਂ ਉਮਡਦੇ ਤੁਰੇ ਆ ਰਹੇ ਸਨ, ਜਿਵੇਂ ਸ਼ਹਿਦ ਦੀਆਂ ਵਣਜਾਰਨ ਪਰੀਆਂ ਫੁੱਲਾਂ ਦੀ ਦੁਨੀਆਂ ਵੱਲ ਉਡਾਨ ਭਰ ਰਹੀਆਂ ਹੁੰਦੀਆਂ ਹਨ। ਇਥੋਂ ਤੱਕ ਕਿ ਗੁਰਮਤ ਕੈਂਪਾਂ, ਕਨਵੈਂਸ਼ਨ ਜਲੂਸਾਂ ਤੇ ਵੱਖ ਵੱਖ ਸਮੇਂ ਵੱਖ ਵੱਖ ਥਾਵਾਂ ਉੱਪਰ ਬੁਲਾਏ ਜਾਣ ਵਾਲੇ ਸਮਾਗਮਾਂ ਵਿਚ ਨੌਜਵਾਨ ਚੇਹਰਿਆਂ ਦੀ ਭਰਮਾਰ ਹੀ ਭਰਮਾਰ ਹੁੰਦੀ ਸੀ।

ਐਸੀ ਹਾਲਤ ਵਿਚ ਹਰ ਨੌਜਵਾਨ ਦੀ ਇਹ ਚਾਹਣਾ ਹੁੰਦੀ ਸੀ ਕਿ ਉਹ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਆਪਣੇ ਆਪ ਨੂੰ ਹਕੀਕੀ ਅਰਥਾਂ ਵਿਚ ਖਾਲਸਾ ਪੰਥ ਦਾ ਮਰਜੀਵੜਾ ਅਰਥਾਤ ਜਾਂਬਾਜ਼ ਸਿਪਾਹੀ ਬਣਾਏ ਜਿਸ ਕਰਕੇ ਸੈਂਕੜੇ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤਸਰ ਵਿਖੇ ਆਉਣ ਵਾਲੇ ਸਿਖ ਨੌਜਵਾਨ ਅਕਸਰ ਇਸ ਉਡੀਕ ਵਿਚ ਹੁੰਦੇ ਸਨ ਕਿ ਸੰਤ ਉਹਨਾਂ ਦੇ ਜ਼ੁੰਮੇ ਕੀ ਸੇਵਾ ਲਾਉਂਦੇ ਹਨ ਅਤੇ ਉਹਨਾਂ ਨੂੰ ਪੰਥ ਦੀ ਚੜ੍ਹਦੀ ਕਲਾ ਦੇ ਸਬੰਧ ਵਿਚ ਕਿਸਤਰਾਂ ਦੇ ਕਾਰਜ ਕਰਮ ਨੂੰ ਨਿਭਾਉਣ ਦਾ ਹੁਕਮ ਦਿੰਦੇ ਹਨ। ਗੱਲ ਕੀ ਸਿਖ ਨੌਜਵਾਨਾਂ ਅੰਦਰ ਆਈ ਇਸ ਮਾਨਸਿਕ ਬੌਧਕ ਤਬਦੀਲੀ ਤੋਂ ਇਹ ਗੱਲ ਸਾਫ ਪਰਗਟ ਹੁੰਦੀ ਸੀ ਕਿ ਸਿਖ ਕੌਮ ਦੇ ਅਣਗਿਣਤ ਨੌਜਵਾਨ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਆਜ਼ਾਦੀ ਦੇ ਮਾਰਗ ਉੱਪਰ ਤੁਰ ਪਏ ਹਨ।

ਸਿਖ ਨੌਜਵਾਨ ਜਦ ਸੰਤਾਂ ਨਾਲ ਗੱਲ ਬਾਤ ਕਰ ਰਹੇ ਹੁੰਦੇ ਤਾਂ ਉਸ ਸਮੇਂ ਉਹ ਅਕਸਰ ਸੰਤਾਂ ਨੂੰ ਇਸਤਰ੍ਹਾਂ ਦੀਆਂ ਗੱਲਾਂ ਕਹਿੰਦੇ ਸੁਣੇ ਜਾਂਦੇ ਸਨ ਕਿ ਮਹਾਪੁਰਸ਼ੋ ਸਿਖ ਧਰਮ ਤੇ ਪੰਥ ਦੀ ਖਾਤਰ ਸਾਥੋਂ ਜਿਥੇ ਮਰਜ਼ੀ ਹੈ ਛਾਲ ਮਰਵਾ ਲਓ ਅੱਗ ਦੇ ਭਖੜਾਂ ਵਿਚ, ਖੌਲਦੇ ਹੋਏ ਲਾਵਿਆਂ ਵਿਚ, ਤੂਫਾਨੀ ਸਾਗਰਾਂ ਵਿਚ ਜੇ ਤੁਸੀਂ ਸਾਨੂੰ ਸੜਦੇ ਬਲਦੇ ਹੋਏ ਕੋਲਿਆਂ ਤੇ ਅੰਗਿਆਰਾਂ ਉੱਪਰ ਤੁਰਨ ਲਈ ਇਸ਼ਾਰਾ ਕਰੋਗੇ ਤਾਂ ਅਸੀਂ ਉਹਨਾਂ ਉੱਪਰ ਹੱਸ ਕੇ ਤੁਰਾਂਗੇ। ਅਸੀਂ ਤੁਹਾਨੂੰ ਭਰੋਸਾ ਦਵਾਉਂਦੇ ਹਾਂ ਕਿ ਜੇਹਲਾਂ ਦੀਆਂ ਕਾਲ ਕੋਠੜੀਆਂ, ਫਾਂਸੀਆਂ ਦੇ ਰੱਸੇ ਤਖਤੇ, ਗੋਲੀਆਂ ਦੀਆਂ ਬੁਛਾੜਾਂ, ਅਸਹਿ ਪਰਕਾਰ ਦੇ ਦੁਖ ਕਸ਼ਟ ਅਤੇ ਜਬਰ ਤੇ ਤਸੀਹੇ ਸਾਡੇ ਰਸਤੇ ਵਿਚ ਰੋਕ ਬਣਕੇ ਨਹੀਂ ਖਲੋ ਸਕਣਗੇ। ਭੁੱਖ, ਤ੍ਰੇਹ, ਸਰੀਰਕ ਅਜ਼ਾਬ ਅਤੇ ਮੌਤ ਆਦਿ ਦੀਆਂ ਗੱਲਾਂ ਤੇ ਭਿਆਨਕ ਪ੍ਰਸਥਿਤੀਆਂ ਸਾਨੂੰ ਕਿਸੇ ਵੀ ਹਾਲਤ ਤੇ ਕਿਸੇ ਵੀ ਕੀਮਤ ਉੱਪਰ ਨਾ ਥਰਕਾ ਸਕਦੀਆਂ ਹਨ ਤੇ ਨਾ ਹੀ ਭੈ ਭੀਤ ਕਰ ਸਕਦੀਆਂ ਹਨ। ਉਸ ਅਕਾਲ ਪੁਰਖ ਦੀ ਮੇਹਰ ਤੇ ਬਖਸ਼ਸ਼ ਸਦਕਾ ਤੁਸਾਂ ਮੌਤ ਨੂੰ ਸਾਡੇ ਲਈ ਇਕ ਖੇਡ ਬਣਾ ਦਿੱਤਾ ਹੈ ਤੇ ਹੁਣ ਸਾਡਾ ਮਨ ਹਰ ਛਿਣ ਹਰ ਪਲ ਮੌਤ ਨਾਲ ਖੇਡਨ ਤੇ ਦੋ ਹੱਥ ਕਰਨ ਨੂੰ ਲੋਚਦਾ ਰਹਿੰਦਾ ਹੈ, ਸਾਨੂੰ ਤਾਂ ਹੁਣ ਕਦੀ ਕਦੀ ਆਪਣੇ ਆਪ ਵਿਚ ਇਸਤਰਾਂ ਭਾਸਨ ਲੱਗ ਪੈਂਦਾ ਹੈ ਕਿ ਜੇ ਮੌਤ ਦੇ ਭੈ ਨੇ ਸਾਡੇ ਪੰਥਕ ਨਿਸ਼ਾਨਿਆਂ ਅਤੇ ਟੀਚਿਆਂ ਦੇ ਰਸਤੇ ਵਿਚ ਆ ਕੇ ਖਲੋਣ ਦੀ ਕੋਸ਼ਿਸ਼ ਕੀਤੀ ਤਾਂ ਅਸੀਂ ਉਸ ਹਾਲਤ ਵਿਚ ਮੌਤ ਦੇ ਭੈ ਨੂੰ ਉਲਟਾ ਮੌਤ ਦੀ ਝੋਲੀ ਵਿਚ ਪਾ ਦੇਵਾਂਗੇ, ਪਰ ਆਪਣੇ ਮੁਖ ਰੱਖੇ ਮਾਰਗ ਤੇ ਮੰਜ਼ਲ ਵੱਲ ਹੁਣ ਆਪਣਾ ਕਦਮ ਪਿਛਾਂਹ ਨਹੀਂ ਪਰਤਾਂਗੇ ਸਗੋਂ ਪੰਥਕ ਉਦੇਸ਼ਾਂ ਨਿਸ਼ਾਨਿਆਂ ਤੇ ਟੀਚਿਆਂ ਦੀ ਪੂਰਤੀ ਲਈ ਅੱਗੇ ਹੀ ਅੱਗੇ ਵਧਦੇ ਤੁਰੇ ਜਾਵਾਂਗੇ।

ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਦਾ ਸਿਖ ਨੌਜਵਾਨਾਂ ਨੂੰ ਅੱਗੋਂ ਇਹ ਉੱਤਰ ਹੁੰਦਾ ਸੀ, 'ਸਿੰਘੋ, ਆਖਰ ਤੁਸਾਂ ਹੀ ਸਿਖ ਕੌਮ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਹੈ ਇਸ ਲਈ ਪੰਥ ਦਾ ਮਾਨ

ਪ੍ਰਤਿਸ਼ਟਾ ਆਨ ਸ਼ਾਨ ਤੇ ਆਜ਼ਾਦੀ ਲਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਅਦਬ ਸਤਿਕਾਰ ਲਈ, ਸਿਖ ਧਰਮ ਤੇ ਸਿੱਖੀ ਸਰੂਪ ਦੀ ਰਾਖੀ ਲਈ, ਆਪਣੇ ਪੁਰਖਿਆਂ ਤੇ ਸ਼ਹੀਦ ਸਿੰਘ ਸਿੰਘਣੀਆਂ ਦੀਆਂ ਰੀਝਾਂ ਇਛਾਵਾਂ ਨੂੰ ਪੁਗਾਉਣ ਲਈ, ਸਿੱਖ ਕੌਮ ਦੇ ਭਵਿੱਖ ਨੂੰ ਰੌਸ਼ਨ ਖੁਸ਼ਹਾਲ ਤੇ ਬਲਵਾਨ ਕਰਨ ਲਈ, ਪੰਥ ਨੂੰ ਸੰਸਾਰ ਦੀਆਂ ਆਜ਼ਾਦ ਖੁਦ ਮੁਖਤਿਆਰ ਤੇ ਬਲਵਾਨ ਕੌਮਾਂ ਦੀ ਸਫ਼ ਵਿਚ ਖਲਿਆਰਨ ਲਈ, ਕੇਸਰੀ ਨਿਸ਼ਾਨ ਸਾਹਿਬ ਨੂੰ ਧਰਮ ਸਮਾਜ ਤੇ ਰਾਜ ਦੇ ਖੇਤਰ ਵਿਚ ਸਦਾ ਉੱਚਿਆਂ ਰੱਖਣ ਲਈ ਅਤੇ ਮਾਨਵਤਾ ਦੇ ਖੇਤਰ ਵਿਚ ਜੀਵਨ ਦੀਆਂ ਖੇਡੀਆਂ ਜਾਣ ਵਾਲੀਆਂ ਉੱਤਮ ਗੁਣਾ ਤੇ ਸਚਿਆਰੀਆਂ ਕਦਰਾਂ ਕੀਮਤਾਂ ਵਾਲੀਆਂ ਖੇਡਾਂ ਵਿਚ ਜਿੱਤਾਂ ਪ੍ਰਾਪਤ ਕਰਨ ਲਈ ਛਾਤੀਆਂ ਤਾਨ ਕੇ ਆਪਣੀ ਮੰਜ਼ਲ ਵੱਲ ਵਧਦੇ ਤੁਰੇ ਚਲੋ। ਤੁਸਾਂ ਹੁਣ ਹੱਕ ਸੱਚ ਨਿਆਂ ਤੇ ਆਜ਼ਾਦੀ ਦੇ ਮਾਰਗ ਉੱਪਰ ਚਲਦਿਆਂ ਹੋਇਆਂ ਦਿੱਲੀ ਦੇ ਲਾਲ ਕਿਲ੍ਹੇ ਉੱਪਰ ਨਜ਼ਰ ਟਿਕਾਈ ਰਖਣੀ ਹੈ; ਕਿਉਂਕਿ ਇਕ ਨਾ ਇਕ ਦਿਨ ਤੁਸਾਂ ਉਸ ਉੱਪਰ ਸਥਾਈ ਤੇ ਸਦੀਵਕਾਲੀ ਰੂਪ ਵਿਚ ਕੇਸਰੀ ਨਿਸ਼ਾਨ ਸਾਹਿਬ ਝੁਲਾਉਣਾ ਹੀ ਝੁਲਾਉਣਾ ਹੈ, ਤੁਸੀਂ ਹਰ ਹਾਲਤ ਵਿਚ ਆਪਣੇ ਇਸ ਮਹਾਨ ਮੰਤਵ ਉਦੇਸ਼ ਵਿਚ ਸਫਲ ਹੋਵੋਗੇ ਤੇ ਖਾਲਸਾ ਰਾਜ ਦੀ ਮੰਜ਼ਲ ਪਾਉਗੇ, ਇਹ ਮੇਰਾ ਅਟੱਲ ਵਿਸ਼ਵਾਸ ਹੈ। ਮੈਨੂੰ ਇਸ ਗੱਲ ਦਾ ਵੀ ਭਰੋਸਾ ਹੈ ਕਿ ਇਤਹਾਸ ਵਿਚ ਤੁਹਾਡੇ ਇਸ ਸਮੇਂ ਨੂੰ ਸੁਨਹਿਰੀ ਥਾਂ ਮਿਲੇਗੀ ਅਤੇ ਆਉਣ ਵਾਲੀਆਂ ਪੀਹੜੀਆਂ ਤੇ ਯੁੱਗਾਂ ਦੇ ਸੀਨੇ ਵਿਚ ਤੁਸੀਂ ਰਹਿੰਦੀ ਦੁਨੀਆ ਤੱਕ ਇਕ ਮਿਠੀ ਪਿਆਰੀ ਤੇ ਸੁਨਹਿਰੀ ਯਾਦ ਦੇ ਰੂਪ ਵਿਚ ਵਸਦੇ ਰਹੋਗੇ।

ਸਿੰਘੋ, ਪਰ ਇਸ ਗੱਲ ਨੂੰ ਸਦਾ ਯਾਦ ਰੱਖਣਾ ਕਿ ਤੁਹਾਡਾ ਜੀਵਨ ਸਿਖ ਕੌਮ ਦੀ ਅਮਾਨਤ ਹੈ। ਇਸ ਲਈ ਤੁਸਾਂ ਇਸਦੀ ਹਰ ਸਮੇਂ ਤੇ ਹਰ ਹਾਲਤ ਵਿਚ ਕਦਰ ਕਰਨੀ ਹੋਵੇਗੀ। ਸਮੇਂ ਦੇ ਨਾਲ ਨਾਲ ਇਸ ਅਮਾਨਤ ਨੂੰ ਪੰਥ ਦੀ ਆਨ ਸ਼ਾਨ ਤੇ ਚੜ੍ਹਦੀ ਕਲਾ ਦੀ ਖਾਤਰ ਹੀ ਖਰਚ ਕਰਿਉ ਤੇ ਲੇਖੇ ਲਾਇਓ। ਵਾਹਿਗੁਰੂ ਨੇ ਖਾਲਸਾ ਪੰਥ ਦੀਆਂ ਨੌਜਵਾਨ ਪੀਹੜੀਆਂ ਨੂੰ ਨੇੜੇ ਭਵਿੱਖ ਵਿਚ ਤੇ ਦੂਰ ਭਵਿੱਖ ਵਿਚ ਸਮੇਂ ਦੀਆਂ ਲੋੜਾਂ ਮੰਗਾਂ ਤੇ ਪ੍ਰਸਥਿਆਂ ਅਨੁਸਾਰ ਸਿੱਖ ਕੌਮ ਦੀ ਅਨੇਕ ਪੱਖਾਂ ਤੋਂ ਸੇਵਾ ਕਰਨ ਦੇ ਬੜੇ ਹੀ ਖੁਲ੍ਹੇ ਤੇ ਵਿਆਪਕ ਮੌਕੇ ਦੇਣੇ ਨੇ, ਕਿਉਂਕਿ ਤੁਸੀਂ ਹੁਣ ਅੱਜ ਫੇਰ ਉਸ ਰਾਹ ਉੱਪਰ ਤੁਰ ਪਏ ਹੋ ਜਿਸ ਉੱਪਰ ਚਲਦਿਆਂ ਹੋਇਆਂ ਤੁਹਾਨੂੰ ਤੇ ਆਉਣ ਵਾਲੇ ਸਮਿਆਂ ਦੇ ਵਾਰਸਾਂ ਨੂੰ ਸੇਵਾ ਘਾਲਨਾ ਤੇ ਕੁਰਬਾਨੀ ਦੇ ਕਰਮ ਕਾਰਜਾਂ ਦੀ ਕੋਈ ਘਾਟ ਨਹੀਂ ਰਹਿਣੀ। ਜੇ ਤੁਸੀਂ ਅੱਜ ਦੀਆਂ ਪੀਹੜੀਆਂ ਨੇ ਖਾਲਸਾ ਰਾਜ ਦੀ ਪ੍ਰਾਪਤੀ ਦੀ ਖਾਤਰ ਆਪਣਾ ਲਹੂ ਵੀਟਣਾ ਹੈ ਤਾਂ ਆਉਣ ਵਾਲੀਆਂ ਪੀਹੜੀਆਂ ਨੂੰ ਵੀ ਖਾਲਸਾ ਰਾਜ ਦੀਆਂ ਬੁਨਿਆਦਾਂ ਨੂੰ ਮਜ਼ਬੂਤ ਬਨਾਉਣ ਤੇ ਇਸਦੀ ਸਿਰਜਨਾ ਉਸਾਰੀ ਅਤੇ ਸਥਾਪਤੀ ਨੂੰ ਹਰ ਪੱਖੋਂ ਆਦਰਸ਼ ਤੇ ਬਲਵਾਨ ਬਨਾਉਣ ਪੱਖੋਂ ਬਹੁਤ ਕੁਝ ਕਰਨਾ ਪੈਣਾ ਹੈ। ਇਥੋਂ ਤੱਕ ਕਿ ਉਹਨਾ ਦੀਆਂ ਸੇਵਾਵਾਂ ਤੇ ਜ਼ੁਮਾਵਾਰੀਆਂ ਸਾਥੋਂ ਕਿਤੇ ਵਧ ਘਾਲਨਾ ਭਰਪੂਰ ਹੋਣਗੀਆਂ। ਬਸ, ਜਿਸ ਜਿਸ ਰੂਪ 'ਚ ਵੀ ਸੇਵਾ, ਘਾਲਨਾ ਤੇ ਕੁਰਬਾਨੀ ਦਾ ਮੌਕਾ ਹੱਥ ਲੱਗੇ ਉਸਨੂੰ ਹੱਥੋਂ ਨਾ ਜਾਣ ਦਿਉ।

ਸੰਭਲ ਸੰਭਲ ਕੇ, ਸਭ ਪਾਸਿਆਂ ਤੋਂ ਚੇਤੰਨ ਰਹਿੰਦੇ ਹੋਏ ਦੁਸ਼ਮਨਾਂ ਸੱਜਨਾਂ ਦੀ ਪਛਾਨ ਰਖਦੇ ਹੋਏ ਅਤੇ ਪੰਥ ਅੰਦਰ ਸੰਨ੍ਹ ਲਾਉਣ ਵਾਲੇ ਸਵਾਰਥੀਆਂ ਮੌਕਾਪ੍ਰਸਤਾਂ, ਖਤਰਨਾਕ ਕਿਸਮ ਦੇ ਘੁਸਪੈਠੀਆਂ, ਬਹੁਰੂਪੀਆਂ, ਬਹੁ-ਭੇਸਧਾਰੀਆਂ, ਦੰਭੀਆਂ, ਬਾਣੀ ਤੇ ਬਾਣੇ ਦੀ ਓਟ ਵਿਚ ਪੰਥ ਦਾ ਘਾਤ ਕਰਨ ਵਾਲਿਆਂ ਅਤੇ ਪੰਥਕ ਗਦਾਰਾਂ ਉੱਪਰ ਹਮੇਸ਼ਾ ਹੀ ਤਿੱਖੀ ਨਜ਼ਰ ਰਖਦੇ ਰਿਹੋ। ਇਸੇ ਤਰ੍ਹਾਂ ਪੰਥਕ ਆਗੂਆਂ ਤੇ ਜਥੇਦਾਰਾਂ ਦੀ ਚੋਣ ਕਰਦੇ ਸਮੇਂ ਪੂਰਨ ਈਮਾਨਦਾਰੀ, ਸੰਜੀਦਗੀ, ਦੂਰ ਦ੍ਰਿਸ਼ਟੀ ਅਤੇ ਬੇਖੌਫੀ ਤੇ ਦਲੇਰੀ ਤੋਂ ਕੰਮ ਲੈਂਦੇ ਰਿਹੋ। ਜੇ ਆਗੂ ਸਿਖ ਕੌਮ ਦੇ ਵਰਤਮਾਨ ਤੇ ਭਵਿੱਖ



ਲਈ ਖਤਰਾ ਬਣਦਾ ਦਿੱਸੇ ਜਾਂ ਉਸ ਵਿਚ ਕਿਸੇ ਪਰਕਾਰ ਦੀ ਕਮਜ਼ੋਰੀ ਨਜ਼ਰੀ ਆਵੇ ਤਾਂ ਉਸ ਹਾਲਤ ਵਿਚ ਉਸਨੂੰ ਪੰਥ ਦੇ ਰਸਤੇ 'ਚੋਂ ਹਟਾਉਣ ਪੱਖੋਂ ਉੱਕੀ ਹੀ ਦੇਰ ਨਾ ਲਾਇਓ ਪਰ ਜੇ ਵਿਅਕਤੀ ਪੰਥਕ ਨੀਤੀਆਂ ਤੇ ਫੈਸਲਿਆਂ ਦੀ ਰੌਸ਼ਨੀ ਵਿਚ ਸੇਵਾ ਕਮਾਉਂਦੇ ਤੇ ਕਰਮ ਕਮਾਉਂਦੇ ਹੋਏ ਦਿਸਣ ਤਾਂ ਉਹਨਾਂ ਦਾ ਤਨੋ ਮਨੋ ਸਾਥ ਦਿਓ। ਧਰਮ ਤੇ ਰਾਜ ਦੇ ਖੇਤਰ ਵਿਚ ਧੜੇਬੰਦੀਆਂ ਅਤੇ ਆਪ ਹੁਦਰੀਆਂ ਜਥੇਬੰਦੀਆਂ ਸੰਪਰਦਾਵਾਂ ਦਾ ਭੁੱਲ ਕੇ ਵੀ ਬੋਲਬਾਲਾ ਨਾ ਹੋਣ ਦਿਉ।

ਧਰਮ ਤੇ ਰਾਜ ਦੇ ਖੇਤਰ ਵਿਚ ਅਸੂਲ, ਸਿਧਾਂਤ, ਨਿਯਮਤ ਨੀਤੀਆਂ, ਫੈਸਲੇ ਤੇ ਕਰਮ ਪ੍ਰਧਾਨ ਹੋਣੇ ਚਾਹੀਦੇ ਹਨ। ਵਿਅਕਤੀ ਦਾ ਅਡੰਬਰ ਤੇ ਜਲ ਜਲੋ ਨਹੀਂ। ਪੰਥਕ ਸਿਧਾਂਤ ਸਭਿਆਚਾਰ ਤੇ ਰਵਾਇਤਾਂ ਦੀ ਰੋਸ਼ਨੀ ਵਿਚ ਅੱਗੇ ਵਧਦੇ ਤੁਰੇ ਜਾਇਓ। ਵਾਹਿਗੁਰੂ ਬਹੁਤ ਭਲੀਆਂ ਕਰੇਗਾ। ਹਾਂ, ਪੰਥਕ ਇਤਹਾਦ ਲਈ ਤੇ ਕਿਸੇ ਧਾਰਮਕ ਸਿਆਸੀ ਜਥੇਬੰਦੀ ਨੂੰ ਮਾਨਤਾ ਦੇਣ ਦਾ ਬੁਨਿਆਦੀ ਅਰਥਾਤ ਕੇਂਦਰੀ ਨੁਕਤਾ ਇਸ ਗੱਲ ਨੂੰ ਬਣਾਈ ਰਖਿਓ ਕਿ ਕਿਸੇ ਵੀ ਛੋਟੇ ਵੱਡੇ ਆਗੂ ਨੇ ਜਾਂ ਜਥੇਬੰਦੀ ਨੇ ਪੰਥ ਦੀ ਚੜ੍ਹਦੀ ਕਲਾ ਲਈ ਖੁਸ਼ਹਾਲੀ ਲਈ ਪ੍ਰਾਪਤੀਆਂ ਪੱਖੋਂ ਅਮਲੀ ਰੂਪ ਵਿਚ ਕੀ ਕਰਮ ਕਮਾਇਆ ਹੈ, ਵਰਤਮਾਨ ਸਮੇਂ ਵਿਚ ਉਹ ਕਿਸਤਰਾਂ ਦਾ ਕਰਦਾਰ ਨਿਭਾ ਰਹੇ ਨੇ ਤੇ ਭਵਿੱਖ ਬਾਰੇ ਉਹਨਾਂ ਦੇ ਕੀ ਟੀਚੇ ਤੇ ਪ੍ਰੋਗਰਾਮ ਨੇ। ਕਿਸੇ ਵੀ ਵਿਅਕਤੀ ਜਾਂ ਜਥੇਬੰਦੀ ਦੇ ਦਮਗਜਿਆਂ, ਫੋਕੇ ਨਾਅਰਿਆਂ ਮੰਤਵਹੀਨ ਘੋਲਾਂ ਸੰਘਰਸ਼ਾਂ ਤੇ ਐਵੇਂ ਪਾਣੀ ਰਿੜਕਨ ਵਾਲੀਆਂ ਸੇਵਾਵਾਂ ਤੇ ਫਜ਼ੂਲ ਦੀਆਂ ਕਾਰਕਰਦਗੀਆਂ ਉੱਪਰ ਭੁੱਲ ਕੇ ਵੀ ਨਾ ਪਸੀਜਿਓ।

ਜਦੋਂ ਤੁਸੀਂ ਅਸੂਲਾਂ ਤੇ ਸਿਧਾਂਤਕ ਸੋਚ ਦੀ ਰੋਸ਼ਨੀ ਵਿਚ ਹਰ ਪੱਖੋਂ ਸੁਚੇਤ ਹੋਕੇ ਤੁਰੋਗੇ ਤਾਂ ਉਸ ਹਾਲਤ ਵਿਚ ਉਹ ਅਕਾਲ ਪੁਰਖ ਤੁਹਾਡਾ ਆਪ, ਜ਼ਿੰਦਗੀ ਦੇ ਹਰ ਮੋੜ ਉੱਪਰ ਤੇ ਹਰ ਮੁਹਿੰਮ ਅੰਦਰ, ਸਹਾਈ ਹੋਵੇਗਾ। ਮਨਾ ਵਿਚ ਦੁਬਿਧਾ, ਵਹਿਮ ਭਰਮ ਸਵਾਰਥ ਤੇ ਮੰਦ ਭਾਵੀ ਅਰਥਾਤ ਚਰਗਲੇ ਤੇ ਭ੍ਰਿਸ਼ਟੇ ਹੋਏ ਵਿਚਾਰਾਂ ਨੂੰ ਥਾਂ ਨਾ ਮੱਲਣ ਦਿਓ। ਜੇ ਵਿਅਕਤੀ ਪੰਥਕ ਸੇਵਾ, ਕੁਰਬਾਨੀ ਤੇ ਜ਼ੁਮਾਵਾਰੀ ਦੇ ਖੇਤਰ ਵਿਚ ਇਕਵਾਰ ਵੀ ਕਮਜ਼ੋਰੀ ਵਖਾ ਜਾਵੇ ਅਤੇ ਉਹ ਪੰਥ ਨੂੰ ਢਹਿੰਦੀ ਕਲਾ ਵੱਲ ਲੈ ਜਾਣ ਦਾ ਕਾਰਨ ਬਣਦਾ ਦਿਸੇ ਤਾਂ ਭਵਿੱਖ ਵਿਚ ਉਸਦਾ ਪੰਥਕ ਸੇਵਾ ਤੇ ਜ਼ੁਮਾਵਾਰੀ ਦੇ ਖੇਤਰ ਵਿਚ ਪਰਛਾਵਾਂ ਵੀ ਨਾ ਪੈਣ ਦਿਓ ਕਿਉਂਕਿ ਜੋ ਵਿਅਕਤੀ ਇਕ ਵਾਰ ਜ਼ਲਾਲਤ ਭਰਿਆ ਤੇ ਘਾਤਕ ਤੇ ਕਮਜ਼ੋਰੀ ਵਾਲਾ ਕੰਮ ਕਰ ਸਕਦਾ ਹੈ ਉਸ ਪਾਸੋਂ ਭਵਿੱਖ ਵਿਚ ਉੱਤਮ ਕਾਰਕਰਦਗੀ ਦੀ ਆਸ ਨਹੀਂ ਰੱਖੀ ਜਾ ਸਕਦੀ।

ਸਿਖ ਸਿਧਾਂਤ ਦੇ ਵਿਰੋਧੀਆਂ ਤੇ ਦੁਸ਼ਮਨਾਂ ਨਾਲ ਸਦਾ ਹੀ ਦੁਸ਼ਮਨਾਂ ਵਾਲਾ ਵਰਤਾ ਕਰਨਾ ਤੇ ਉਹਨਾਂ ਉੱਪਰ ਕਿਧਰੇ ਭਰੋਸਾ ਤੇ ਵਿਸ਼ਵਾਸ ਨਾ ਕਰ ਬੈਠਣਾ। ਜੇ ਕੋਈ ਵਿਅਕਤੀ ਜਾਂ ਤਾਕਤ ਪੰਥਕ ਸ਼ਕਤੀ ਨੂੰ ਢਾਹ ਲਾਉਣ ਤੇ ਸੰਨ੍ਹ ਲਾਉਣ ਤੋਂ ਬਾਜ਼ ਨਾ ਆਵੇ ਤਾਂ ਉਸਦੇ ਹੱਥ ਪੈਰ ਕੱਟਨ ਤੋਂ ਸੰਕੋਚ ਨਹੀਂ ਕਰਨਾ। ਮੈਂ ਅਗੇ ਵੀ ਕਈ ਵਾਰ ਸੰਗਤਾਂ ਨੂੰ ਦੱਸ ਚੁੱਕਾ ਹਾਂ ਕਿ ਧਿਆਨ ਸਿੰਘ, ਪਹਾੜਾ ਸਿੰਘ, ਤੇਜਾ ਸਿੰਘ, ਤੇ ਲਾਲ ਸਿੰਘ ਵਰਗਿਆਂ ਨੇ ਜੋ ਕਾਰਗੁਜ਼ਾਰੀਆਂ ਪੰਥ ਅੰਦਰ ਸਿੱਖੀ ਦਾ ਭੇਸ ਧਾਰ ਕੇ ਕੀਤੀਆਂ ਨੇ ਉਹਨਾਂ ਦੀ ਮਾਰੀ ਹੋਈ ਮਾਰ ਦੇ ਕਾਰਨ ਖਾਲਸਾ ਪੰਥ ਰਾਜ ਭਾਗ ਦੀ ਸ਼ਕਤੀ ਤੋਂ ਅਜੇ ਤਕ ਵਾਂਝਾ ਤੇ ਹੌਂਬਲ ਹੋਇਆ ਬੈਠਾ ਹੈ। ਬਹੁਰੂਪੀਆਂ, ਗੱਦਾਰਾਂ ਸਵਾਰਥੀਆਂ ਤੇ ਕਮਜ਼ੋਰ ਆਗੂਆਂ ਨੂੰ ਪੰਥ ਅੰਦਰ ਥਾਂ ਤੇ ਸ਼ਕਤੀ ਦੇਣ ਦਾ ਮਤਲਬ ਕੇਸਰੀ ਨਿਸ਼ਾਨ ਸਾਹਿਬ ਨੂੰ ਨੀਵਾਂ ਵਖਾਉਣ ਅਤੇ ਪੰਥ ਨੂੰ ਦੁੱਖਾਂ ਮੁਸੀਬਤਾਂ ਦੇ ਲੰਮੇ ਚੱਕਰ ਵਿਚ ਪਾਉਣ ਤੋਂ ਬਿਨਾ ਹੋਰ ਕੁਝ ਵੀ ਨਹੀਂ ਹੁੰਦਾ। ਐਸੇ ਸਪੋਲੀਆਂ ਤੋਂ ਖਾਸ ਕਰਕੇ ਬਚ ਕੇ ਰਹਿਣ ਦੀ ਲੋੜ ਹੁੰਦੀ ਹੈ ਜੋ ਆਪਣਾ ਭੇਸ

ਸਿੱਖੀ ਦੇ ਰੰਗ ਰੂਪ ਅਨੁਸਾਰ ਵਟਾਉਣਾ ਅਰਥਾਤ ਬਦਲਣਾ ਜਾਣਦੇ ਹਨ। ਐਸੇ ਸਪੋਲੀਏ ਜਦੋਂ ਕਿਸੇ ਧਰਤੀ ਦੀ ਮਿੱਟੀ ਦਾ ਰੂਪ ਤੇ ਰੰਗ ਵਟਾ ਲੈਂਦੇ ਨੇ ਤਾਂ ਫਿਰ ਉਸ ਧਰਤੀ ਉੱਪਰ ਚਲਣ ਵਾਲੇ ਮਨੁੱਖਾਂ ਨੂੰ ਉਹਨਾਂ ਸਪੋਲੀਆਂ ਦੀ ਅਦਿੱਖ ਹੋਂਦ ਬਾਰੇ ਤਦੋਂ ਹੀ ਜਾਣਕਾਰੀ ਹੁੰਦੀ ਹੈ ਜਦੋਂ ਉਹ ਉਸ ਮਿੱਟੀ ਰੰਗੇ ਸਪੋਲੀਏ ਹੱਥੋਂ ਡੰਗ ਖਾਕੇ ਮੌਤ ਵਿਹਾਜ ਲੈਂਦੇ ਨੇ। ਪੰਥਕ ਹਿੱਤਾਂ ਹੱਕਾਂ ਨਾਲ ਖਲਵਾੜ ਕਰਨ ਵਾਲੇ ਵਿਅਕਤੀ ਜ਼ਬਾਨ ਦੇ ਕਿੰਨੇ ਵੀ ਮਿੱਠੇ ਤੇ ਸੁਭਾ ਦੇ ਕਿੰਨੇ ਵੀ ਨਰਮ ਕਿਉਂ ਨਾ ਹੋਣ ਉਹਨਾਂ ਨੂੰ ਪੰਥ ਦੁਸ਼ਮਨ ਹੀ ਸਮਝਣਾ।

ਸਿੰਘੋ, ਜਿਥੋਂ ਤੱਕ ਮਨੁੱਖਤਾ ਦੀ ਸੇਵਾ ਦਾ ਸਵਾਲ ਹੈ ਇਸ ਸਬੰਧ ਵਿਚ ਸਦਾ ਹੀ ਵਿਸ਼ਾਲ ਹਿਰਦਾ ਤੇ ਵਿਸ਼ਾਲ ਦ੍ਰਿਸ਼ਟੀ ਰੱਖਿਓ ਪਰ ਇਸਦੇ ਬਾਵਜੂਦ ਜਿਥੋਂ ਤੱਕ ਖਾਲਸਾ ਪੰਥ ਦੀ ਆਨ ਸ਼ਾਨ ਚੜ੍ਹਦੀ ਕਲਾ ਅਤੇ ਇਸਦੇ ਬਲਵਾਨ ਤੇ ਰੋਸ਼ਨ ਭਵਿੱਖ ਨੂੰ ਸੁਰਖਸ਼ਤ ਰਖਣ ਦਾ ਸਵਾਲ ਹੈ ਇਸ ਪੱਖ ਬਹੁਤ ਹੀ ਸਖਤ ਤੇ ਕਰੜੇ ਸੁਭਾ ਦੇ ਧਾਰਨੀ ਬਣਕੇ ਰਿਹੋ। ਕਿਸੇ ਵੀ ਕੌਮ ਦੇ ਨੌਜਵਾਨ ਤੇ ਜੁਝਾਰੂ ਵਿਅਕਤੀਆਂ ਉੱਪਰ ਅਤੇ ਉਸਦੇ ਆਗੂਆਂ ਉੱਪਰ ਬਹੁਤ ਵੱਡੀਆ ਜ਼ੁਮਾਵਾਰੀਆਂ ਹੁੰਦੀਆ ਹਨ। ਇਸ ਕਰਕੇ ਤੁਸੀਂ ਆਪਣੇ ਜੀਵਨ ਦੇ ਆਖਰੀ ਛਿਣਾਂ ਪਲਾਂ ਤੱਕ ਆਪਣੀਆ ਜ਼ੁਮਾਵਾਰੀਆ ਨੂੰ ਦ੍ਰਿੜਤਾ ਨਾਲ ਪਾਲਦੇ ਰਹਿਣਾ। ਤੁਸੀਂ ਜਾਂਬਾਜ਼ ਸਿਪਾਹੀ ਵੀ ਹੋ ਤੇ ਸਿਖ ਕੌਮ ਦਾ ਹਰਾਵਲ ਦਸਤਾ ਵੀ ਹੋ ਤੇ ਭਵਿੱਖ ਦੇ ਆਗੂ ਵੀ। ਇਸ ਲਈ ਸਦਾ ਮਨੋ ਚਿਤੋਂ ਗੁਰੂ ਘਰ ਤੇ ਪੰਥ ਦੇ ਹੋਏ ਰਹਿਣਾ। ਵਾਹਿਗੁਰੂ ਕਰੇ ਕਿ ਤੁਸੀਂ ਸ਼ਹੀਦਾਂ ਦੇ ਸੁਪਣੇ ਸਾਕਾਰ ਹੁੰਦੇ ਵੀ ਵੇਖੋ ਤੇ ਉਹਨਾਂ ਨੂੰ ਸਾਕਾਰ ਕਰਨ ਲਈ ਉੱਤਮ ਬਲਵਾਨ ਤੇ ਸਚਿਆਰਾ ਕਰਮ ਵੀ ਕਮਾਉਂਦੇ ਰਹੋ।'

ਅਸਲ ਵਿਚ ਅੱਜ ਜੋ ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨ ਦਰਬਾਰ ਸਾਹਿਬ ਕੰਪਲੈਕਸ ਅੰਦਰ ਥੋੜੀ ਬਹੁਤੀ ਜਿਹੀ ਗਿਣਤੀ ਵਿਚ ਹੁੰਦੇ ਹੋਏ ਵੀ ਭਾਰਤੀ ਫੌਜ ਦੇ ਆਹੂ ਲਾਹ ਰਹੇ ਸਨ ਅਤੇ ਕੁਰਬਾਨੀ ਤੇ ਸ਼ਹਾਦਤ ਦੇ ਜਾਮ ਨੂੰ ਖੁਸ਼ੀ ਖੁਸ਼ੀ ਸਵੀਕਾਰ ਕਰਨ ਲਈ ਮਨੋ ਚਿਤੋਂ ਤਿਆਰ ਹੋਏ ਬੈਠੇ ਸਨ ਉਸਦਾ ਬੁਨਿਆਦੀ ਕਾਰਨ ਇਹੋ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਹੋਰ ਪੰਥ ਦਰਦੀਆਂ ਤੇ ਹਿਤੂਆਂ ਨੇ ਜੋ ਖਾਲਸਾ ਪੰਥ ਅੰਦਰ ਜਾਗ੍ਰਿਤੀ ਤੇ ਕ੍ਰਾਂਤੀ ਦਾ ਮਾਹੌਲ ਪੈਦਾ ਕਰ ਦਿਤਾ ਸੀ ਉਸਨੂੰ ਅੱਜ ਜੁਝਾਰੂ ਸਿੰਘ ਪੰਥ ਦੁਸ਼ਮਨ ਤਾਕਤਾਂ ਦੇ ਮੁਕਾਬਲੇ ਆਪਣਾ ਲਹੂ ਡੋਹਲ ਡੋਹਲ ਕੇ ਰੰਗਲਾ ਰਹੇ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਸਹੀ ਅਰਥਾਂ ਵਿਚ ਆਪਣੀ ਕਥਨੀ ਤੇ ਕਰਨੀ ਵਿਚਲੀ ਸਮਾਨਤਾ ਸਦਕਾ ਸਿੱਖ ਕੌਮ ਦਾ ਵੱਡੀ ਪੱਧਰ ਉੱਪਰ ਵਿਸ਼ਵਾਸ ਜਿੱਤ ਲਿਆ ਸੀ। ਜਿਸ ਕਰਕੇ ਹਜ਼ਾਰਾਂ ਹੀ ਸਿਖ ਘਰਾਣੇ ਆਪਣੀ ਜ਼ਮੀਨ ਜਾਇਦਾਦ ਤੇ ਧਨ ਪਦਾਰਥ ਸਭ ਕੁਝ ਕੁਰਬਾਨ ਕਰਨ ਨੂੰ ਤਿਆਰ ਸਨ। ਬਹੁਤ ਸਾਰੇ ਘਰਾਣਿਆਂ ਨੇ ਤਾਂ ਆਪਣੇ ਜਵਾਨ ਪੁੱਤਰਾਂ ਨੂੰ ਸੰਤਾਂ ਦੀ ਸੰਪਣਾ ਵਿਚ ਇਹ ਕਹਿੰਦਿਆਂ ਹੋਇਆਂ ਦੇ ਰੱਖਿਆ ਸੀ, 'ਮਹਾਂਪੁਰਸ਼ੋ ਇਹ ਪੰਥ ਦੀ ਤੇ ਗੁਰੂ ਘਰ ਦੀ ਅਮਾਨਤ ਹੈ। ਜਿਥੇ ਦਿਲ ਕਰੇ, ਇਸ ਅਮਾਨਤ ਨੂੰ ਉਥੇ ਹੀ ਲੇਖੇ ਲਾ ਦਿਉ।' ਇਥੋਂ ਤੱਕ ਕਿ ਵਿਦੇਸ਼ਾਂ ਵਿਚ ਵਸਦੇ ਲੱਖਾਂ ਸਿਖ ਘਰਾਣੇ ਜਿੰਨਾ ਨੇ ਸੰਤ ਭਿੰਡਰਾਂਵਾਲਿਆਂ ਦੇ ਕਦੀ ਦਰਸ਼ਨ ਦੀਦਾਰੇ ਵੀ ਨਹੀਂ ਸਨ ਕੀਤੇ ਉਹ ਵੀ ਸੰਤਾਂ ਦੀ ਜ਼ਾਤ ਉੱਪਰ ਪੂਰਨ ਭਰੋਸਾ ਰਖਣ ਲੱਗ ਪਏ ਸਨ ਕਿਉਂਕਿ ਉਹਨਾਂ ਨੂੰ ਇਸ ਗੱਲ ਦਾ ਵਿਸ਼ਵਾਸ ਹੁੰਦਾ ਜਾ ਰਿਹਾ ਸੀ ਕਿ ਸਿਖ ਕੌਮ ਹੁਣ ਇਕ ਚੰਗੇ ਆਗੂ ਦੀ ਅਗਵਾਈ ਤੋਂ ਕੋਰੀ ਤੇ ਵਾਂਝੀ ਨਹੀਂ ਹੈ ਸਗੋਂ ਖਾਲਸਾ ਪੰਥ ਨੂੰ ਇਕ ਬਲਵਾਨ ਤੇ ਮਹਾਨ ਸ਼ਖੀਸੀਅਤ, ਮਨ ਬਚ ਤੇ ਕਰਮ ਦੇ ਸੂਰੇ ਅਤੇ ਹਕੀਕੀ ਅਰਥਾਂ ਵਿਚ ਮਰਦ-ਏ-ਮੁਜਾਹਦ ਦੀ ਸਰਪ੍ਰਸਤੀ ਹਾਸਲ ਹੋ ਗਈ ਹੈ।

ਵਾਸਤਵ ਵਿਚ ਇਹੋ ਹੀ ਕਾਰਨ ਸੀ ਕਿ ਅੱਜ ਜਦੋਂ ਸਮੁੰਦਰੀ ਹਾਲ ਦਹਿਲਿਆ ਤੇ ਸਹਿਮਿਆ



ਬੈਠਾ ਸੀ ਤਾਂ ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਸਿਖ ਧਰਮ ਦੀ ਰਾਖੀ ਪੰਥ ਦੀ ਚੜ੍ਹਦੀ ਕਲਾ ਤੇ ਆਜ਼ਾਦੀ ਦੇ ਪ੍ਰਸਤਾਰ ਅਤੇ ਖਾਲਸਾ ਪੰਥ ਦੇ ਰੋਸ਼ਨ ਬਲਵਾਨ ਤੇ ਖੁਸ਼ਹਾਲ ਭਵਿੱਖ ਦੇ ਜ਼ਾਮਨ ਏ ਬੰਦਾ ਬਰਦਾਰ ਆਪਣੇ ਸੀਸ ਤਲੀ ਉੱਪਰ ਟਿਕਾਈ ਜਾਂਗ ਰਹੇ ਸਨ।

# 31.

6 ਜੂਨ ਦੇ ਅੰਮ੍ਰਿਤ ਵੇਲੇ ਦਾ ਪਹਿਲਾ ਪੱਖ ਲੱਗਣ ਦੇ ਕਰੀਬ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਕਵਾੜ ਖੁੱਲਣ ਦਾ ਸਮਾ ਨੇੜੇ ਨੇੜੇ ਆਉਂਦਾ ਜਾ ਰਿਹਾ ਸੀ।

ਪਰ ਅੱਜ ਸ੍ਰੀ ਹਰਿਮੰਦਰ ਸਾਹਿਬ ਭਵਨ ਦੇ ਪਰਵੇਸ਼ ਦਵਾਰ ਸਾਹਮਣੇ ਕਵਾੜ ਖੁੱਲਣ ਦੀ ਉਡੀਕ ਵਿਚ ਖਲੋਤੀਆਂ ਸੰਗਤਾਂ ਵਾਹਿਗੁਰੂ ਦੀ ਉਸਤੱਤ ਤੇ ਪ੍ਰੀਤ ਵਿਚ ਮੁਗਧ ਹੋ ਸ਼ਬਦ ਗਾਇਨ ਕਰਦੀਆਂ ਹੋਈਆਂ ਦਿਖਾਈ ਨਹੀਂ ਸਨ ਦੇ ਰਹੀਆਂ ਸਗੋਂ ਅੱਜ ਤਾਂ ਉਸ ਵਾਤਾਵਰਨ ਵਿਚ ਸ਼ਬਦ ਕੀਰਤਨ ਤੇ ਵਾਹਿਗੁਰੂ ਦੇ ਜਾਪ ਦੀਆਂ ਮਿੱਠੀਆਂ ਤੇ ਅਲਾਹੀ ਧੁਨਾਂ ਦੀ ਬਜਾਏ ਟੈਂਕਾਂ ਦੀ ਗੜਗੜਾਹਟ, ਤੋਪਾਂ ਦੀ ਗਰਜ ਗੂੰਜ ਤੇ ਮਸ਼ੀਨਗੰਨਾਂ ਦੇ ਚੱਲਣ ਦੀਆਂ ਭਿਆਣਕ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ। ਦਰਬਾਰ ਸਾਹਿਬ ਪਰਕਰਮਾ ਦੇ ਅੰਦਰ ਅਤੇ ਸ੍ਰੀ ਹਰਿਮੰਦਰ ਸਾਹਿਬ ਭਵਨ ਦੇ ਸਨਮੁਖ ਤੇ ਆਲੇ ਦੁਆਲੇ ਸਿਖ ਸੰਗਤਾਂ ਦੇ ਜਲਵੇ ਦੀ ਥਾਂ ਸਭ ਪਾਸੇ ਫੌਜੀ ਟੈਂਕਾਂ ਲਾਸ਼ਾਂ ਦੇ ਢੇਰ ਲਹੂ ਮਿਝ ਦੇ ਨਾਲ ਲਾਲੋ ਲਾਲ ਹੋਈ ਸਰਜ਼ਮੀਨ ਇਮਾਰਤਾਂ ਦੀ ਢਠਵਾੜ, ਸ੍ਰੀ ਅਕਾਲ ਤਖਤ ਸਾਹਿਬ ਦੀ ਤਬਾਹੀ ਤੇ ਹੋਰ ਪਰਲੋ ਵਰਗੇ ਦ੍ਰਿਸ਼ ਦਿਖਾਈ ਦੇ ਰਹੇ ਸਨ।

ਜਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਇਹ ਗੱਲ ਸਪਸ਼ਟ ਹੋ ਗਈ ਕਿ ਟੈਂਕ ਪਰਕਰਮਾ ਅੰਦਰ ਦਾਖਲ ਹੋ ਗਏ ਨੇ ਤਾਂ ਉਹ ਉਸ ਸਮੇਂ ਆਪਣੀ ਗੰਨ ਉਠਾਈ ਸ੍ਰੀ ਅਕਾਲ ਤਖਤ ਸਾਹਿਬ ਦੀ ਪਹਿਲੀ ਮੰਜ਼ਲ ਉੱਪਰ ਸਿੰਘਾਂ ਪਾਸ ਆ ਖਲੋਤੇ ਤੇ ਉਹਨਾਂ ਨੂੰ ਸੰਬੋਧਨ ਕਰਦੇ ਹੋਏ ਕਹਿਣ ਲੱਗੇ, 'ਸਿੰਘੋ, ਸ਼ਹੀਦੀਆਂ ਪਾਉਣ ਲਈ ਤਿਆਰ ਹੋ ਜਾਉ।'

ਸਿੰਘਾਂ ਨੇ ਸੰਤਾਂ ਦੀ ਜ਼ੁਬਾਨੀ ਇਹ ਸ਼ਬਦ ਸੁਣਕੇ ਬੜੇ ਜੋਸ਼ ਤੇ ਉਤਸਾਹ ਨਾਲ ਜੈਕਾਰਾ ਛੱਡਿਆ ਤੇ ਫਿਰ ਇਸਦੇ ਨਾਲ ਹੀ ਖਾਲਿਸਤਾਨ-ਜ਼ਿੰਦਾਬਾਦ ਤੇ ਰਾਜ ਕਰੇਗਾ ਖਾਲਸਾ ਦੇ ਨਾਅਰਿਆਂ ਬੋਲਿਆਂ ਨਾਲ ਵਾਤਾਵਰਨ ਗੂੰਜ ਉਠਿਆ।

ਇਸ ਸਮੇਂ ਜੋ ਇਕ ਬਹੁਤ ਵਿਸ਼ੇਸ਼ ਰੂਪ ਵਿਚ ਫ਼ਖਰ ਵਾਲੀ ਗੱਲ ਵੇਖਣ ਵਿਚ ਆ ਰਹੀ ਸੀ ਉਹ ਇਹ ਸੀ ਕਿ ਇਕ ਪਾਸੇ ਟੈਂਕ ਤੋਪਾਂ ਤੋਂ ਜੰਬਾਰ ਫੌਜੀ ਲਸ਼ਕਰ ਸੀ ਜਦੋਂ ਕਿ ਇਸਦੇ ਮੁਕਾਬਲੇ ਦੂਸਰੇ ਪਾਸੇ ਕੇਵਲ 40-45 ਦੇ ਲਗਪਗ ਸਿਘ ਸ੍ਰੀ ਅਕਾਲ ਤਖਤ ਸਾਹਿਬ ਦੀ ਖੰਡਰ ਤੇ ਖੋਲੇ ਹੋਈ ਇਮਾਰਤ ਦੀ ਪਹਿਲੀ ਮੰਜ਼ਲ ਦੇ ਇਕ ਹਿੱਸੇ ਉੱਪਰ ਆਪਣੇ ਹਥਲੇ ਹਥਿਆਰਾਂ ਨਾਲ ਹੀ ਡਟੇ ਖਲੋਤੇ ਸਨ। ਉਸ ਸਮੇਂ ਦੁਸ਼ਮਨ ਫੌਜਾਂ ਦੀਆਂ ਵੱਡੀਆਂ ਟੈਂਕ ਗੋਲਾਂ ਤੇ ਤੋਪਾਂ ਆਪਣਾ ਪੂਰਾ ਟਿੱਲ ਲਗਾ ਰਹੀਆਂ ਤੇ ਜ਼ੋਰ ਵਿਖਾ ਰਹੀਆਂ ਸਨ ਜਿਸ ਕਰਕੇ ਸਭ ਪਾਸੇ ਦੀਵਾਰ ਵਿਚ ਵੱਡੇ ਵੱਡੇ ਮਘੋਰੇ ਹੋ ਰਹੇ ਸਨ ਅਤੇ ਅੰਦਰ ਤੇ ਬਾਹਰ ਚੌਫੇਰੇ ਹੀ ਧੂੜ ਮਿੱਟੀ ਤੇ ਅੱਗ-ਧੂੰਏਂ ਦਾ ਗੁਬਾਰ ਛਾਇਆ ਹੋਇਆ ਸੀ। ਸ੍ਰੀ ਅਕਾਲ ਤਖਤ ਸਾਹਿਬ ਦੇ ਉਪਰਲੇ ਮੋਰਚੇ ਤਬਾਹ ਹੋ ਚੁੱਕੇ ਸਨ ਜਿਸ ਕਰਕੇ ਕਿਸੇ ਵੀ ਸਿਘ ਲਈ ਹੁਣ ਉਥੇ ਬੈਠਕੇ ਫੌਜ ਉੱਪਰ ਜਵਾਬੀ ਰੂਪ 'ਚ ਫਾਇਰਿੰਗ ਕਰਨੀ ਅਸੰਭਵ ਸੀ। ਇਸ ਲਈ ਸ੍ਰੀ ਅਕਾਲ ਤਖਤ ਸਾਹਿਬ ਵਿਚਲੇ ਸਾਰੇ ਸਿਘ ਹੁਣ ਤਖਤ ਸਾਹਿਬ ਵਾਲੀ ਮੰਜ਼ਲ ਉੱਪਰ ਹੀ ਇਕੱਠੇ ਹੋਏ ਹੋਏ ਸਨ।

ਇਹ ਇਕ ਅਟੱਲ ਸਚਾਈ ਹੈ ਕਿ ਇਸ ਭਿਆਨਕ ਸਥਿਤੀ ਦੇ ਦੌਰਾਨ ਵੀ ਉਥੇ ਮਾਹੌਲ ਬੜਾ ਹੀ ਜੋਸ਼ ਭਰਪੂਰ ਤੇ ਚੜ੍ਹਦੀ ਕਲਾ ਵਾਲਾ ਸੀ ਅਤੇ ਸਭ ਸਿਘ ਤੇ ਫੈਡਰੇਸ਼ਨ ਦੇ ਜਵਾਨ ਸੰਤਾਂ ਦੀ ਸਰਪ੍ਰਸਤੀ ਵਿਚ ਸ਼ਹੀਦੀਆਂ ਪਾਉਣ ਅਤੇ ਦੁਸ਼ਮਨਾਂ ਨਾਲ ਆਖਰੀ ਦਮ ਤੱਕ ਮੁਕਾਬਲਾ ਕਰਨ ਲਈ ਮਨੋ ਚਿਤੋਂ ਤਿਆਰ ਬਰ ਤਿਆਰ ਹੋਏ ਖਲੋਤੇ ਸਨ। ਜਿਸ ਕਰਕੇ ਸੰਤਾਂ ਦੀ ਜ਼ਬਾਨੀ ਸ਼ਹੀਦੀਆਂ ਪਾਉਣ ਦੀ ਗੱਲ ਸੁਣਕੇ ਸਭਨਾਂ ਦੇ ਮਨ ਅੰਦਰ ਪੰਥਕ ਜਜ਼ਬਾ ਤੇ ਜੋਸ਼ ਠਾਠਾਂ ਮਾਰ ਰਿਹਾ ਸੀ ਅਤੇ ਰਣ-ਤੱਤੇ ਵਿਚ ਉਤਰ ਕੇ ਸ਼ਹੀਦੀ ਪਾਉਣ ਦਾ ਚਾਅ ਉਹਨਾਂ ਦੇ ਚੇਹਰਿਆਂ ਉੱਪਰ ਝਲਕਾਂ ਮਾਰਨ ਲੱਗ ਪਿਆ ਸੀ।

ਇਹ ਵੀ ਇਕ ਰੱਬ ਵਰਗੀ ਹਕੀਕਤ ਹੈ ਕਿ ਉਸ ਸਮੇਂ ਭਾਈ ਅਮਰੀਕ ਸਿਘ ਤੇ ਹੋਰ ਸਭ ਸਿਘ ਉਸ ਖੰਡ ਦੇ ਵਾਸੀ ਪ੍ਰਤੀਤ ਹੋ ਰਹੇ ਸਨ ਜਿਸ ਆਤਮਕ ਅਧਿਆਤਮਕ ਖੰਡ ਵਿਚ ਜੋਧੇ ਬਲਕਾਰੀ ਮਹਾਂਬਲੀ ਤੇ ਸੂਰਮੇ ਵਿਚਰ ਰਹੇ ਹੁੰਦੇ ਹਨ। ਚੇਹਰਿਆਂ ਉੱਪਰ ਪਹਿਲਾਂ ਨਾਲੋਂ ਅਨੰਤ ਗੁਣਾ ਵੱਧ ਨੂਰੀ ਭਾਹ ਸੀ ਤੇ ਅਲਾਹੀ ਜਲਵਾ ਚਮਤਕਾਰੀ ਰੂਪ ਵਿਚ ਦ੍ਰਿਸ਼ਟੀਗੋਚਰ ਸੀ।

ਜਿਸ ਸਮੇਂ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਨੇ ਆਪਣੀ ਸ਼ਹਾਦਤ ਰਣ-ਤੱਤੇ ਵਿਚ ਉੱਤਰ ਕੇ ਦੇਣ ਸਬੰਧੀ ਗੱਲ ਕੀਤੀ ਤਾਂ ਉਸ ਸਮੇਂ ਉੱਤਰ ਵਿਚ ਭਾਈ ਅਮਰੀਕ ਸਿਘ ਨੇ ਸੰਤਾਂ ਨੂੰ ਕਿਹਾ, 'ਸੰਤ ਮਹਾਂਪੁਰਸ਼, ਸ਼ਹਾਦਤ ਦੇਣ ਨੂੰ ਅਸੀਂ ਜੋ ਬੈਠੇ ਹਾਂ, ਸਾਨੂੰ ਇਹ ਵਾਰੀ ਪਹਿਲਾਂ ਲੈਣ ਦਿਓ। ਸਾਡੀ ਇਹ ਮਨੋ ਕਾਮਨਾ ਹੈ ਕਿ ਅਸੀਂ ਗੁਰੂ ਘਰ ਵਿਚ ਆਪ ਦੀਆਂ ਨਜ਼ਰਾਂ ਦੇ ਸਨਮੁਖ ਸ਼ਹੀਦੀ ਪਾਈਏ। ਪੰਥ ਦੇ ਮੌਜੂਦਾ ਹਾਲਾਤ ਵਿਚ ਜੇਕਰ ਤੁਹਾਡੀ ਸ਼ਹੀਦੀ ਹੋ ਗਈ ਤਾਂ ਫਿਰ ਬਾਅਦ ਵਿਚ ਸਿਖ ਕੌਮ ਦਾ ਕੀ ਬਣੇਗਾ ਤੇ ਇਸ ਦੀ ਬਲਵਾਨ ਰੂਪ ਵਿਚ ਅਗਵਾਈ ਕੌਣ ਕਰੇਗਾ? ਇਸ ਲਈ ਸਾਡੀ ਇਹ ਆਪ ਨੂੰ ਬੇਨਤੀ ਹੈ ਕਿ ਆਪ ਨੂੰ ਇਸ ਸਮੇਂ ਸ਼ਹੀਦੀ ਦੇਣ ਦੀ ਬਜਾਏ ਇਥੋਂ ਕਿਸੇ ਨਾ ਕਿਸੇ ਢੰਗ ਤਰੀਕੇ ਨਾਲ ਬਾਹਰ ਨਿਕਲ ਜਾਣਾ ਚਾਹੀਦਾ ਹੈ। ਇਸ ਸਮੇਂ ਫੌਜ ਦੇ ਘੇਰੇ 'ਚੋਂ ਨਿਕਲਣਾ ਸੌਖਾ ਵੀ ਹੈ ਕਿਉਂਕਿ ਸਿਘਾਂ ਨੇ ਫੌਜ ਦੀ ਜੋ ਦੁਰਦਸ਼ਾ ਤੇ ਤਬਾਹੀ ਕਰ ਦਿੱਤੀ ਹੈ ਉਸਦੇ ਕਾਰਨ ਅਜੇ ਫੌਜ ਦੇ ਇਕ ਬਹੁਤ ਵੱਡੇ ਹਿੱਸੇ ਨੂੰ ਆਪਣੀ ਹੀ ਹੋਸ਼ ਨਹੀਂ ਹੋਣੀ ਜਿਸ ਕਰਕੇ ਫੌਜ ਅਜੇ ਛੇਤੀ ਕੋਤਿਆਂ ਸ੍ਰੀ ਅਕਾਲ ਤਖਤ ਸਾਹਿਬ ਵਿਚ ਦਾਖਲ ਹੋਣ ਦੀ ਜੁਰਅਤ ਨਹੀਂ ਕਰ ਸਕਦੀ। ਨਥੇ ਦੇ ਕੁਝ ਸਿਘ ਤੇ ਫੈਡਰੇਸ਼ਨ ਦੇ ਜਵਾਨ ਇਥੋਂ ਖਬੇ ਸੱਜੇ ਤੇ ਪਿਛਲੇ ਪਾਸੇ ਪੈਂਦੇ ਗਲੀ ਮੁਹੱਲਿਆਂ ਤੇ ਕੋਠਿਆਂ ਮਕਾਨਾਂ ਦੇ ਭੇਤੀ ਹਨ। ਇਸ ਲਈ ਇਥੋਂ ਕੁਝ ਫਾਸਲੇ ਉੱਪਰ ਵਸਦੇ ਵਿਸ਼ਵਾਸ ਪਾਤਰ



ਸਿਘਾਂ ਦੇ ਸੁਰਖਿਅਤ ਘਰਾਂ ਟਿਕਾਣਿਆਂ ਤੱਕ ਜਾਇਆ ਜਾ ਸਕਦਾ ਹੈ। ਤੁਹਾਡੀ ਇਸ ਸਮੇਂ ਸਿਖ ਕੌਮ ਨੂੰ ਬੜੀ ਲੋੜ ਹੈ। ਤੁਸੀਂ ਬਾਹਰ ਹੋਵੋਗੇ ਤਾਂ ਕੌਮ ਨੂੰ ਅਗਵਾਈ ਤੇ ਸ਼ਕਤੀ ਮਿਲਦੀ ਰਹੇਗੀ।'

ਸੰਤ, ਭਾਈ ਅਮਰੀਕ ਸਿਘ ਦੀ ਜ਼ਬਾਨੀ ਇਹ ਗੱਲ ਸੁਣਕੇ ਨਿਘਾ ਜਿਹਾ ਮੁਸਕ੍ਰਾਏ ਤੇ ਫਿਰ ਭਾਈ ਅਮਰੀਕ ਸਿਘ ਦੇ ਚੇਹਰੇ ਉੱਪਰ ਨਜ਼ਰ ਤਾਰਦਿਆਂ ਹੋਇਆਂ ਬੜੇ ਠਰੰਮੇ ਜਿਹੇ ਨਾਲ ਕਹਿਣ ਲੱਗੇ,

'ਪ੍ਰਧਾਨ ਜੀ, ਵਾਹਿਗੁਰੂ ਭਲੀਆਂ ਕਰੇਗਾ, ਖਾਲਸਾ ਪੰਥ ਦੀ ਜੁਗੋ ਜੁਗ ਅਟੱਲ ਰੂਪ 'ਚ ਅਗਵਾਈ ਦਾ ਸੋਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਆਪ ਨੇ। ਅੱਜ ਦਾਸ ਜੋ ਕੁਝ ਵੀ ਹੈ ਇਸ ਅਲਾਹੀ ਤੇ ਜੁਗੋ ਜੁਗ ਅਟੱਲ ਗੁਰਬਾਣੀ ਦੀ ਅਗਵਾਈ ਦੇ ਸਿਰ ਸਦਕਾ ਹੀ ਹੈ। ਇਸ ਅਲਾਹੀ ਸੋਮੇ ਦੀ ਰੋਸ਼ਨੀ ਤੇ ਸ਼ਕਤੀ ਦੇ ਭੰਡਾਰ ਅਸੀਮ, ਅਤੁਲ, ਤੇ ਅਮੁਲ ਹਨ। ਖਾਲਸਾ ਪੰਥ ਨੇ ਅੱਜ ਤਕ ਜੋ ਵੀ ਰਾਹਨੁਮਾਈ ਰੌਸ਼ਨੀ ਤੇ ਸ਼ਕਤੀ ਹਾਸਲ ਕੀਤੀ ਹੈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਅਲਾਹੀ ਜੋਤ ਸਰੂਪ ਗੁਰੂ ਸਾਹਿਬਾਨ ਦੇ ਜੀਵਨ ਅਤੇ ਪਵਿੱਤਰ ਗੁਰਧਾਮਾਂ ਨਾਲ ਜੁੜੇ ਹੋਏ ਸੱਚ ਉਦੇਸ਼ ਤੇ ਵਿਰਸੇ ਤੋਂ ਹੀ ਕੀਤੀ ਹੈ। ਅੱਜ ਤੱਕ ਜੋ ਮੈਂ ਤਿਲਫੁੱਲ ਰੂਪ ਵਿਚ ਸਿਖ ਕੌਮ ਦੀ ਸੇਵਾ ਨਿਭਾਉਂਦਾ ਚਲਿਆ ਆ ਰਿਹਾਂ, ਇਹ ਗੁਰੂ ਘਰ 'ਚੋਂ ਪ੍ਰਾਪਤ ਹੋਈ ਰੋਸ਼ਨੀ ਅਗਵਾਈ ਤੇ ਸ਼ਕਤੀ ਸਦਕਾ ਨਿਭਾਉਂਦਾ ਚਲਿਆ ਆ ਰਿਹਾ ਹਾਂ ਇਸ ਕਰਕੇ ਮੇਰੀ ਸ਼ਹਾਦਤ ਤੋਂ ਬਾਅਦ ਵੀ ਵਾਹਿਗੁਰੂ ਭਲੀ ਕਰੇਗਾ ਅਤੇ ਮੇਰੇ ਪਿਛੋਂ ਵਾਹਿਗੁਰੂ ਸੱਚੇ ਪਾਤਸ਼ਾਹ ਪੰਥ ਦੀ ਚੜ੍ਹਦੀ ਕਲਾ ਲਈ ਟਕਸਾਲ ਦੇ ਸਿਘਾਂ ਵਿਚ ਆਪ ਵੱਸ ਕੇ ਕਿਸੇ ਸਿਘ ਨੂੰ ਸੇਵਾ ਬਖਸ਼ ਦੇਵੇਗਾ। ਇਸ ਸਮੇਂ ਮੇਰਾ ਅੰਤਰ ਆਤਮਾ ਇਹ ਹੀ ਸੁਝਾਉਣੀ ਦੇ ਰਿਹਾ ਹੈ ਕਿ ਮੈਨੂੰ ਰਣ-ਤੱਤੇ ਵਿਚ ਉੱਤਰ ਕੇ ਇਹ ਸੀਸ ਗੁਰੂਘਰ ਤੇ ਗੁਰੂ ਪੰਥ ਦੇ ਲੇਖੇ ਲਾ ਦੇਣਾ ਚਾਹੀਦਾ ਹੈ। ਜੇ ਸੱਚ ਪੁੱਛੋ ਤਾਂ ਦਾਸ ਨੇ ਅੱਜ ਤਕ ਗੁਰੂ ਘਰ 'ਚੋਂ ਜਦੋਂ ਵੀ ਆਪਣੇ ਲਈ ਕੁਝ ਮੰਗਿਆ ਹੈ ਉਹ ਧਰਮ ਦੀ ਰਾਖੀ ਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਸ਼ਹੀਦੀ ਦੀ ਦਾਤ ਹੀ ਮੰਗੀ ਹੈ। ਖਾਲਸਾ ਪੰਥ ਨੇ ਨੇੜੇ ਭਵਿੱਖ ਵਿਚ ਆਪਣਾ ਰਾਹ ਗੁਰੂ ਘਰ ਦੀ ਰੋਸ਼ਨੀ 'ਚੋਂ ਆਪੇ ਲੱਭ ਲੈਣਾ ਹੈ। ਵਾਹਿਗੁਰੂ ਕਰੇ ਕਿ ਹੁਣ ਖਾਲਸਾ ਪੰਥ ਬਾਣੀ ਤੇ ਬਾਣੇ ਦੀ ਓਟ ਵਿਚ ਦੋਸ਼ ਲਗਾਉਣ ਵਾਲੇ ਦਿਖਾਵੇ ਦੇ ਆਗੂਆਂ, ਜਥੇਦਾਰਾਂ ਤੇ ਗਦਾਰਾਂ ਪ੍ਰਤੀ ਸਦਾ ਹੀ ਚੇਤੰਨ ਤੇ ਸਾਵਧਾਨ ਰਹੇ ਅਤੇ ਉਹਨਾਂ ਦੇ ਅਡੰਬਰੀ ਜਲ-ਜਲੌ ਤੇ ਰੋਅਬ ਆਦਾਬ 'ਚੋਂ ਉਤਪੰਨ ਹੋਣ ਵਾਲੇ ਘਾਤਕ ਪਰਛਾਵਿਆਂ ਦੇ ਮਾਰੂ ਪ੍ਰਭਾਵ ਨੂੰ ਸਮਝਣ ਦੇ ਸਮਰਥ ਬਣਿਆ ਰਹੇ।

ਸੰਤ, ਸਿਘਾਂ ਨਾਲ ਕੁਝ ਸਮੇਂ ਤਕ ਵਿਚਾਰ ਸਾਂਝੇ ਕਰਨ ਤੋਂ ਬਾਅਦ ਭਾਈ ਅਮਰੀਕ ਸਿਘ ਅਤੇ ਕੁਝ ਇਕ ਹੋਰ ਸਿਘਾਂ ਨੂੰ ਨਾਲ ਲੈਕੇ ਕੋਈ ਜ਼ਰੂਰੀ ਸਲਾਹ ਮਸ਼ਵਰਾ ਕਰਨ ਦੇ ਸਬੰਧ ਵਿਚ ਫਿਰ ਵੱਡੇ ਭੋਰੇ 'ਚ ਜਾ ਦਾਖਲ ਹੋਏ।

ਸੰਤਾਂ ਨੂੰ ਅਤੇ ਭਾਈ ਅਮਰੀਕ ਸਿਘ ਨੂੰ ਭੋਰੇ ਵਿਚ ਗਿਆਂ ਅਜੇ ਪੰਜ ਮਿੰਟ ਵੀ ਨਹੀਂ ਹੋਏ ਕਿ ਜਨਰਲ ਸੁਬੇਗ ਸਿਘ ਜ਼ਖਮੀ ਹਾਲਤ ਵਿਚ ਲਹੂ ਲੁਹਾਨ ਹੋਇਆ, ਉੱਤਰੀ ਦਰਸ਼ਨੀ ਡਿਓੜੀ ਵਲੋਂ ਪਰਕਰਮਾ ਵਿਚ ਦੀ ਬਰਾਮਦਿਓ ਬਰਾਮਦੀ ਹੁੰਦਾ ਹੋਇਆ, ਮੀਰੀ ਪੀਰੀ ਦੇ ਨਸ਼ਾਨ ਸਾਹਿਬਾਂ ਦੇ ਕੋਲੋਂ ਦੀ ਹੁੰਦਿਆਂ ਤਖਤ ਸਾਹਿਬ ਦੀ ਮੰਜ਼ਲ ਵੱਲ ਨੂੰ ਸੱਜੇ ਪਾਸੇ ਵੱਲ ਦੇ ਪੌੜੀਆਂ ਦੇ ਵਿਚਕਾਰੋ ਜਿਹੜੇ ਭੋਰੇ ਵੱਲ ਨੂੰ ਪੈਂਦੇ ਦਰਵਾਜ਼ੇ 'ਚੋਂ ਦੀ ਉਤਰਦੀਆਂ ਪੌੜੀਆਂ ਰਾਹੀਂ ਡਿਗਦੀ ਢਹਿੰਦੀ ਹੋਈ ਹਾਲਤ ਵਿਚ ਵੀ ਸੰਤਾਂ ਪਾਸ ਪੁੱਜ ਗਿਆ।

ਜਨਰਲ ਸੁਬੇਗ ਸਿਘ ਨੇ ਜਾਂਦਿਆਂ ਹੀ ਪਹਿਲਾਂ ਫਤਹਿ ਗਜਾਈ ਤੇ ਫਿਰ ਇਸਦੇ ਨਾਲ ਦੀ ਬੜੀ ਚੜ੍ਹਦੀ ਕਲਾ ਤੇ ਪ੍ਰਸੰਨ ਚਿੱਤ ਅਵਸਥਾ ਵਿਚ ਕਿਹਾ, 'ਸੰਤ ਮਹਾਂਪੁਰਸ਼, ਵਾਹਿਗੁਰੂ ਨੇ ਦਾਸ ਤੋਂ

ਜਿੰਨੀ ਸੇਵਾ ਲੈਣੀ ਸੀ ਉਹ ਲੈ ਲਈ ਲਗਦੀ ਆ ਪਰ ਦਾਸ ਨੂੰ ਆਤਮਕ ਤੌਰ 'ਤੇ ਬਹੁਤ ਪ੍ਰਸੰਨਤਾ ਹੈ। ਮਨ ਆਪਦੇ ਦਰਸ਼ਨ ਨੂੰ ਲੋਚਦਾ ਸੀ ਸੋ ਆ ਗਿਆ ਹਾਂ।

ਜਦ ਸੰਤਾਂ ਨੇ ਤੇ ਭਾਈ ਅਮਰੀਕ ਸਿੰਘ ਨੇ ਜਨਰਲ ਸੁਬੇਗ ਸਿੰਘ ਨੂੰ ਲਹੂ ਲੁਹਾਨ ਹਾਲਤ ਵਿਚ ਵੇਖਿਆ ਤਾਂ ਉਹਨਾਂ ਨੇ ਉਸੇ ਸਮੇਂ ਜਨਰਲ ਸਾਹਿਬ ਨੂੰ ਸਹਾਰਾ ਦੇਂਦਿਆਂ ਹੋਇਆਂ ਆਪਣੇ ਪਾਸ ਬਠਾ ਲਿਆ।

ਜਨਰਲ ਸਾਹਿਬ ਦੀ ਛਾਤੀ ਦੇ ਸੱਜੇ ਹਿੱਸੇ ਅਰਥਾਤ ਪਾਸੇ ਚੋਂ ਲਹੂ ਦੀਆ ਧਾਰਾਂ ਵਰਾਲਾਂ ਵਹਿ ਰਹੀਆਂ ਸਨ ਅਤੇ ਮੋਢਾ ਤੇ ਬਾਂਹ ਛਲਨੀ ਛਲਨੀ ਹੋਏ ਹੋਏ ਸਨ।

ਜਦ ਭਾਈ ਅਮਰੀਕ ਸਿੰਘ ਨੇ ਉਥੇ ਕਰੇ ਵਿਚ ਕੋਲ ਖਲੋਤੇ ਸਿੰਘਾਂ ਨੂੰ ਜਨਰਲ ਸਾਹਿਬ ਦੇ ਜ਼ਖਮਾਂ ਉੱਪਰ ਪੱਟੀਆਂ ਬੰਨ੍ਹਣ ਲਈ ਕਿਹਾ ਤਾਂ ਅਗੋਂ ਜਨਰਲ ਸਾਹਿਬ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ, 'ਪਰਧਾਨ ਜੀ, ਹੁਣ ਪੱਟੀਆਂ ਦੀ ਕੋਈ ਲੋੜ ਨਹੀਂ, ਦਾਸ ਦੇ ਜ਼ੁਮੇ ਗੁਰੂ ਪੰਥ ਦੀ ਜਿੰਨੀ ਸੇਵਾ ਲਿਖੀ ਹੋਈ ਸੀ ਉਹ ਹੁਣ ਪੂਰੀ ਹੋ ਗਈ ਲਗਦੀ ਆ।

ਫਿਰ ਇਸਦੇ ਨਾਲ ਹੀ ਜਨਰਲ ਸੁਬੇਗ ਸਿੰਘ ਨੇ ਆਪਣਾ ਧਿਆਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲ ਮੋੜਦਿਆਂ ਹੋਇਆਂ ਕਿਹਾ, 'ਮਹਾਪੁਰਸ਼ੋ ਹੁਣ ਦਾਸ ਦੇ ਹੱਕ 'ਚ ਵਾਹਿਗੁਰੂ ਦੇ ਦਰਬਾਰ ਵਿਚ ਅਰਦਾਸ ਕਰਨ ਦੀ ਕਿਰਪਾ ਕਰੋ ਕਿ ਦਾਸ ਵਲੋਂ ਤਿਲਫੁਲ ਰੂਪ 'ਚ ਨਿਭਾਈ ਗਈ ਸੇਵਾ ਖਾਲਸਾ ਪੰਥ ਦੀ ਕਾਮਨਾ ਕਲਾ ਤੇ ਆਜ਼ਾਦੀ ਦੇ ਲੇਖੇ ਲੱਗੇ। ਹੁਣ ਤਾਂ ਮਨ ਦੀ ਇਹੋ ਕਾਮਨਾ ਹੈ ਕਿ ਸਿਖ ਕੌਮ ਰਾਜ ਭਾਗ ਦੀ ਮਾਲਕ ਬਣੇ ਅਤੇ ਖਾਲਸਾ ਪੰਥ ਇਕ ਆਜ਼ਾਦ ਤੇ ਖੁਦਮੁਖਤਿਆਰ ਦੇਸ ਦਾ ਮਾਲਕ ਹੋਵੇ। ਦੁਨੀਆਂ ਭਰਦੇ ਦੇਸ਼ਾਂ ਅੰਦਰ ਆਜ਼ਾਦ ਤੇ ਖੁਦਮੁਖਤਿਆਰ ਦੇਸ਼ਾਂ ਦੇ ਕੌਮੀ ਝੰਡਿਆਂ ਦੇ ਬਰਾਬਰ ਕੇਸਰੀ ਨਸ਼ਾਨ ਸਾਹਿਬ ਵੀ ਮਾਨ ਪਾਉਂਦਾ ਦਿੱਸੇ। ਹੁਣ ਤਾਂ ਬਸ ਆਤਮਾ ਦੀ ਇਹੋ ਹੀ ਆਵਾਜ਼ ਹੈ। ਇਸ ਸਮੇਂ ਮੇਰਾ ਅੰਤਰ ਆਤਮਾ ਬੜਾ ਹੀ ਪ੍ਰਸੰਨ ਤੇ ਸ਼ਾਂਤ ਹੈ। ਹਾਂ ਜੇ ਕੋਈ ਗੱਲ ਮਨ ਨੂੰ ਚੁੱਭ ਰਹੀ ਹੈ ਤਾਂ ਉਹ ਇਹ ਹੈ ਕਿ ਦਾਸ ਨੇ ਆਪਣੀ ਉਮਰ ਵਿਚ ਜਿੰਨੀ ਖਿਦਮਤ ਟੋਪੀ ਵਾਲੇ ਦੁਸ਼ਟਾਂ ਦੀ ਫੌਜ ਵਿਚ ਰਹਿ ਕੇ ਹਿੰਦੂਰਾਜ ਦੀ ਕਮਾਈ ਹੈ ਜੇ ਉਹ ਸਮਾ ਖਾਲਸਾ ਪੰਥ ਦੀ ਆਜ਼ਾਦੀ ਦੇ ਰਾਹ ਉੱਪਰ ਖਰਚ ਕੀਤਾ ਹੁੰਦਾ ਤਾਂ ਕਿੰਨਾ ਚੰਗਾ ਸੀ। ਦੁਸ਼ਟਾਂ ਨੇ ਜੋ ਅੱਜ ਸਿਖ ਕੌਮ ਦੀਆਂ ਸੇਵਾਵਾਂ ਤੇ ਕੁਰਬਾਨੀਆਂ ਦਾ ਮੁੱਲ ਪਾਇਆ ਹੈ ਉਹ ਤਾਂ ਸਭ ਨੂੰ ਪਰਤੱਖ ਹੀ ਦਿਸ ਰਿਹਾ ਹੈ।

ਸੰਤ ਮਹਾਪੁਰਸ਼ੋ ਮੈਂ ਆਪ ਦਾ ਮਨੋ ਤਨੋ ਰਿਣੀ ਹਾਂ ਕਿ ਤੁਸਾਂ ਮੈਨੂੰ ਸਿੱਧਾ ਰਸਤਾ ਵਖਾਇਆ ਹੈ ਅਤੇ ਇਸਦੇ ਨਤੀਜੇ ਵਜੋਂ ਦਾਸ ਦਾ ਜੀਵਨ ਅੱਜ ਗੁਰੂ ਘਰ ਤੇ ਗੁਰੂ ਪੰਥ ਦੀਆਂ ਨਜ਼ਰਾਂ ਵਿਚ ਸਫਲਾ ਹੋ ਰਿਹਾ ਹੈ। ਵਾਹਿਗੁਰੂ ਦੇ ਚਰਨਾਂ ਵਿਚ ਹਾਜ਼ਰ ਹੋਣ ਤੋਂ ਪਹਿਲਾਂ ਮਨ ਦੀ ਇੱਛਾ ਸੀ ਕਿ ਆਪ ਦੇ ਦਰਸ਼ਨ ਜ਼ਰੂਰ ਪਾਵਾਂ ਇਸ ਲਈ ਇਥੇ ਹਾਜ਼ਰ ਹੋ ਗਿਆ ਹਾਂ ਹੁਣ ਮੈਨੂੰ ਹੋਰ ਕਿਸੇ ਗੱਲ ਦੀ ਤ੍ਰਿਸ਼ਨਾ....

ਸੰਤਾਂ ਨੇ ਜਨਰਲ ਸੁਬੇਗ ਸਿੰਘ ਦੀਆਂ ਗੱਲਾਂ ਉਸ ਮਾਹੌਲ ਵਿਚ ਵੀ ਬੜੇ ਪ੍ਰੇਮ ਭਾਵ ਨਾਲ ਸੁਣੀਆਂ ਤੇ ਫਿਰ ਬਾਅਦ ਵਿਚ ਕੁਝ ਛਿਣਾ ਲਈ ਅੰਤਰ ਧਿਆਨ ਹੋ ਬੜੀ ਮੱਧਮ ਜਿਹੀ ਸੁਰ ਵਿਚ ਗੁਰਬਾਣੀ ਦਾ ਕੋਈ ਸ਼ਬਦ ਪੜ੍ਹਿਆ ਤੇ ਫਿਰ ਆਪਣੇ ਪਾਸ ਖਲੋਤੇ ਸਿੰਘਾਂ ਨੂੰ ਜਰਨਲ ਸਾਹਿਬ ਨੂੰ ਇਕ ਪਾਸੇ ਜਿਹੇ ਕਰਕੇ ਆਰਾਮ ਨਾਲ ਲਿਟਾ ਦੇਣ ਲਈ ਕਿਹਾ।

ਭਾਈ ਅਮਰੀਕ ਸਿੰਘ ਹੁਣ ਜਨਰਲ ਸਾਹਿਬ ਤੋਂ ਕੁਝ ਪੁੱਛ ਰਹੇ ਸਨ ਅਤੇ ਜਨਰਲ ਸਾਹਿਬ



ਆਪਣੇ ਸੁਭਾ ਤੋਂ ਉਲਟ ਅੱਜ ਇਸ ਜ਼ਖਮੀ ਹਾਲਤ ਵਿਚ ਆਮ ਨਾਲੋਂ ਕੁਝ ਉੱਚੀ ਆਵਾਜ਼ ਤੇ ਭਾਰੇ ਬੋਲੇ ਵਿਚ ਉੱਤਰ ਦੇ ਰਹੇ ਸਨ। 'ਬਸ, ਪਰਧਾਨ ਜੀ, ਮਨ ਖੁਸ਼ ਹੋ ਗਿਆ, ਸਿੰਘਾਂ ਨੇ ਦੁਸ਼ਟਾਂ ਨੂੰ ਭੁੰਨ ਭੁੰਨ ਕੇ ਸੁੱਟ ਦਿੱਤਾ। ਦਰਸ਼ਨੀ ਡਿਓੜੀ ਤੋਂ ਬਾਹਰ ਵੀ ਟੋਪੀ ਵਾਲਿਆਂ ਦੀਆਂ ਲਾਸ਼ਾਂ ਰੁਲ ਰਹੀਆਂ ਹਨ। ਬੜੀ ਚੜ੍ਹਦੀ ਕਲਾ ਹੋਈ ਆ। ਹਜ਼ੂਰ ਸਾਹਿਬ ਦੇ ਜਥੇ ਦੇ ਸਿੰਘਾਂ ਤੇ ਪਰਕਰਮਾ ਦੇ ਆਲੇ ਦੁਆਲੇ ਮੋਰਚੇ ਟਿਕਾਣੇ ਮੱਲੀ ਬੈਠੇ ਸਿੰਘਾਂ ਨੇ ਕਮਾਲ ਕਰ ਵਖਾਈ ਆ। ਮੈਨੂੰ ਤਾਂ ਇਹ ਗੋਲੀਆਂ ਓਦੋਂ ਲਗੀਆਂ ਜਦੋਂ ਮੈਂ ਉੱਤਰੀ ਦਰਸ਼ਨੀ ਡਿਓੜੀ ਵਾਲੇ ਸਿੰਘਾਂ ਦੇ ਮੋਰਚਿਆਂ ਤੋਂ ਥੱਲੇ ਉਤਰ ਕੇ ਕੁਝ ਸਿੰਘਾਂ ਨਾਲ ਟੈਂਕਾਂ ਦੇ ਅੰਦਰ ਗਰਨੇਡ ਸੁੱਟਣ ਬਾਰੇ ਮਸ਼ਵਰਾ ਕਰ ਰਿਹਾ ਸਾਂ ਮੇਰੇ ਹਿਸਾਬ ਨਾਲ ਟੈਂਕ ਪਰਕਰਮਾ ਵਿਚ ਦੋ ਵਜੇ ਦੇ ਲਗਪਗ ਦਾਖਲ ਹੋਣ ਸ਼ੁਰੂ ਹੋਏ ਨੇ। ਫੌਜੀ ਜਰਨੈਲ ਵਲੋਂ ਇਹ ਟੈਂਕ (APCS) ਉਦੋਂ ਦਾਖਲ ਕਰਨ ਦਾ ਹੁਕਮ ਦਿੱਤਾ ਗਿਆ ਲਗਦਾ ਜਦੋਂ ਉਹਨਾਂ ਸਿੰਘਾਂ ਹਥੋਂ ਫੌਜ ਦੀ ਹੋਈ ਤਬਾਹੀ ਤੋਂ ਪਿਛੋਂ ਇਹ ਸਮਝ ਲਿਆ ਕਿ ਸਿੰਘਾਂ ਉੱਪਰ ਪੈਦਲ ਫੌਜ ਨਾਲ ਫਤਹਿ ਨਹੀਂ ਪਾਈ ਜਾ ਸਕਦੀ ਤੇ ਨਾ ਹੀ ਤੋਪਾਂ ਮਸ਼ੀਨਗੰਨਾਂ ਦੀ ਮਾਰ ਨਾਲ ਹੀ ਪਾਈ ਜਾ ਸਕਦੀ ਹੈ। ਵਾਹਿਗੁਰੂ ਨੇ ਬੜੀ ਚੜ੍ਹਦੀ ਕਲਾ ਕੀਤੀ ਆ। ਸੱਚੇ ਪਾਤਸ਼ਾਹ, ਹੁਣ ਖਾਲਸਾ ਪੰਥ ਨੂੰ ਆਜ਼ਾਦੀ ਦੀ ਦਾਤ ਨਾਲ ਨਵਾਜਣ ਤੇ ਖਾਲਸਾ ਰਾਜ ਦੀ ਬਖਸ਼ਸ਼ ਕਰਨ।

ਜੇ ਹੁਣ ਫੌਜ ਟੈਂਕਾਂ ਤੇ ਤੋਪਾਂ ਦੇ ਬਲ ਬੋਤੇ ਦਰਬਾਰ ਸਾਹਿਬ ਉਪਰ ਆਪਣਾ ਕਬਜ਼ਾ ਜਮਾ ਵੀ ਲਏਗੀ ਤਾਂ ਉਸ ਹਾਲਤ ਵਿਚ ਵੀ ਇਤਹਾਸ ਅੰਦਰ ਭਾਰਤੀ ਫੌਜ ਦੇ ਇਸ ਗਲਬੇ ਤੇ ਕਬਜ਼ੇ ਨੂੰ ਸਿੰਘਾਂ ਉੱਪਰ ਪਾਈ ਫਤਹਿ ਨਹੀਂ ਸਮਝਿਆ ਤੇ ਲਿਖਿਆ ਜਾਵੇਗਾ। ਇਤਹਾਸ ਅੰਦਰ ਤਾਂ ਫਤਹਿ ਦਾ ਸੇਹਰਾ ਸਿੰਘਾਂ ਨੂੰ ਹੀ ਪ੍ਰਾਪਤ ਹੋਵੇਗਾ ਅਤੇ ਸਿੰਘਾਂ ਦੀ ਇਸ ਫਤਹਿ ਉੱਪਰ ਸਿਖ ਕੌਮ ਨੂੰ ਸਦਾ ਹੀ ਗੌਰਵ ਰਹੇਗਾ। ਦਰਬਾਰ ਸਾਹਿਬ ਉੱਪਰ ਹੋਏ ਇਸ ਫੌਜੀ ਹਮਲੇ ਦੇ ਸਬੰਧ ਵਿਚ ਮੇਰੀ ਇਹ ਪੇਸ਼ੀਨਗੋਈ ਹੈ ਕਿ ਹਿੰਦੁਸਤਾਨ ਹੁਣ ਬਹੁਤ ਲੰਮੇ ਸਮੇਂ ਤੱਕ ਇਕੱਠਾ ਨਹੀਂ ਰਹੇਗਾ ਕਿਉਂਕਿ ਗੁਰੂ ਘਰ ਉੱਪਰ ਹਮਲਾ ਕਰਕੇ ਇਸਨੇ ਖਾਲਸਾ ਪੰਥ ਨਾਲ ਆਪਣਾ ਹਮੇਸ਼ਾਂ ਹਮੇਸ਼ਾਂ ਲਈ ਪੱਕਾ ਵੈਰ ਸਹੇੜ ਲਿਆ ਹੈ ਤੇ ਇਸਤਰਾਂ ਨਾਲ ਆਪਣੀਆਂ ਜੜ੍ਹਾਂ ਤੇ ਬੁਨਿਆਦਾਂ ਨੂੰ ਆਪਣੇ ਹਥੀਂ ਖੋਖਲਿਆਂ ਤੇ ਖੱਖੜੀਆਂ ਖੱਖੜੀਆਂ ਕਰਨ ਦਾ ਰਾਹ ਅਖਤਿਆਰ ਕਰ ਲਿਆ ਹੈ। ਵਾਹਿਗੁਰੂ ਕਰੇ ਕਿ ਹੁਣ ਸੱਚੇ ਪਾਤਸ਼ਾਹ ਦੀ ਕਿਰਪਾ ਸਦਕਾ ਸਿਖ ਕੌਮ ਅੰਦਰ ਆਪਸ ਵਿਚ ਪਿਆਰ ਇਤਫਾਕ ਤੇ ਇਕੱਠ ਬਣਿਆ ਰਹੇ ਅਤੇ ਸਿਖ ਕੌਮ ਨੂੰ ਆਪਣੇ ਦੋਸਤਾਂ ਤੇ ਦੁਸ਼ਮਨਾਂ ਦੀ ਪਛਾਣ ਰਵੇ, ਵਾਹਿਗੁਰੂ ਖਾਲਸਾ ਪੰਥ ਅੰਦਰ, ਪੰਥਕ ਗਦਾਰਾਂ ਨੂੰ ਸਮਝਨ ਪਛਾਨਣ ਤੇ ਉਹਨਾਂ ਨੂੰ ਸੋਧਨ ਦੀ ਰੁਚੀ ਤੇ ਸੋਝੀ ਵੀ ਬਖਸ਼ੀ ਰੱਖੇ। ਫਿਰ ਸਭ ਕੁਝ ਠੀਕ ਹੀ ਠੀਕ ਹੈ। ਵਾਹਿਗੁਰੂ ਸੱਚੇ ਪਾਤਸ਼ਾਹ ਆਪਣੇ ਪੰਥ ਉੱਪਰ ਸਦਾ ਮੇਹਰ ਭਰਿਆ ਹੱਥ.....

# 32.

ਦਰਬਾਰ ਸਾਹਿਬ ਕੰਪਲੈਕਸ ਅੰਦਰ ਪਹਿਲਾ ਟੈਂਕ ਗੁਰੂ ਰਾਮਦਾਸ ਸਰਾਂ ਵਾਲੇ ਪਾਸਿਓਂ ਉੱਤਰ ਵਲ ਨੂੰ ਪੈਂਦੇ ਬਾਜ਼ਾਰ 'ਚੋਂ ਰਾਤ ਦੇ ਠੀਕ ਇਕ ਵੱਜ ਕੇ ਵੀਹ ਮਿੰਟ ਉੱਪਰ ਦਾਖਲ ਹੋਇਆ ਸੀ ਅਤੇ ਫਿਰ ਸਰਾਂ ਦੇ ਬਿਲਕੁਲ ਸਾਹਮਣੇ ਪੈਂਦੀ ਪਰਕਰਮਾ ਦੀ ਪੂਰਬੀ ਦਰਸ਼ਨੀ ਡਿਓੜੀ ਵਲ ਨੂੰ ਮੋੜ ਕੱਟ ਕੇ ਗੁਰੂ ਰਾਮਦਾਸ ਲੰਗਰ ਦੇ ਐਨ ਬਰਾਬਰ ਦਰਸ਼ਨੀ ਡਿਓੜੀ ਤੋਂ ਕੋਈ ਪੰਦਰਾਂ ਵੀਹ ਕਰਮ ਉਰੇ ਹੀ ਖਲੋ ਗਿਆ ਸੀ।

ਉਸ ਸਮੇਂ ਅਸੀਂ ਇਸ ਟੈਂਕ ਨੂੰ ਕੰਪਲੈਕਸ ਅੰਦਰ ਦਾਖਲ ਹੁੰਦਿਆਂ ਵੇਖਕੇ ਇਸ ਸਿੱਟੇ 'ਤੇ ਪੁੱਜੇ ਸਾਂ ਕਿ ਹੁਣ ਇਥੇ ਬਹੁਤ ਜਲਦੀ ਤਬਾਹੀ ਤੇ ਬਰਬਾਦੀ ਦਾ ਦੂਸਰਾ ਦੌਰ ਸ਼ੁਰੂ ਹੋਵੇਗਾ।

ਇਸ ਟੈਂਕ 'ਚੋਂ ਫੌਜੀ ਥੱਲੇ ਉੱਤਰੇ ਅਤੇ ਉਹਨਾਂ ਵਲੋਂ ਸਿਰਫ ਡੇਢ ਦੋ ਮਿੰਟਾਂ ਦੇ ਵਿਚ ਵਿਚ ਹੀ ਦਿੱਤੀਆਂ ਗਈਆਂ ਹਦਾਇਤਾਂ ਦੇ ਮੁਤਾਬਕ ਟੈਂਕ ਨੇ ਆਪਣੀ ਸੇਧ ਬਦਲਦਿਆਂ ਹੋਇਆਂ ਆਪਣਾ ਰੁਖ ਜ਼ਰਾ ਕੁ ਤ੍ਰੇਸਵੇਂ ਢਾਲਵੇਂ ਰੂਪ ਵਿਚ ਦੱਖਣੀ ਦਰਸ਼ਨੀ ਡਿਓੜੀ ਵੱਲ ਨੂੰ ਕਰਦਿਆਂ ਹੋਇਆਂ ਪਰਕਰਮਾ ਦੀ ਦੱਖਣ-ਪਛਮ ਵੱਲ ਦੀ ਬਾਹੀ ਨੂੰ ਆਪਣਾ ਟਾਰਗੇਟ ਬਣਾ ਲਿਆ।

ਜਦ ਟੈਂਕ 'ਚੋਂ ਥੱਲੇ ਉਤਰੇ ਫੌਜੀ ਮੁੜ ਟੈਂਕ ਵਿਚ ਦਾਖਲ ਹੋ ਗਏ ਤਾਂ ਇਸਦੇ ਨਾਲ ਹੀ ਉਸ ਟੈਂਕ ਨੇ ਆਪਣੇ ਟਾਰਗੇਟ ਵਿਚ ਲਈਆਂ ਇਮਾਰਤਾਂ ਉੱਪਰ ਵੱਡੀ ਮਸ਼ੀਨ ਗੰਨ ਦਾ ਮੂੰਹ ਖੋਹਲ ਦਿੱਤਾ। ਉਸ ਸਮੇਂ ਟੈਂਕੀ ਮਸ਼ੀਨ ਗੰਨ ਦੀ ਇਸ ਤਾਬੜ ਤੋੜ ਫਾਇਰਿੰਗ ਤੋਂ ਇਸਤਰਾਂ ਲਗਦਾ ਸੀ ਕਿ ਜਿਵੇਂ ਅੱਗ ਦਾ ਦਰਿਆ ਸਰੋਵਰ ਉਤੋਂ ਦੀ ਦਰਬਾਰ ਸਾਹਿਬ ਵੱਲ ਨੂੰ ਵਹਿ ਤੁਰਿਆ ਹੋਵੇ।

ਇਸ ਟੈਂਕ ਵਲੋਂ ਕੀਤੀ ਜਾ ਰਹੀ ਇਸ ਭਿਆਨਕ ਤੇ ਤਬਾਹ ਕੁੰਨ ਕਾਰਵਾਈ ਦੇ ਸ਼ੁਰੂ ਹੋਣ ਤੋਂ ਕੋਈ ਪੰਜ ਮਿੰਟ ਪਿਛੋਂ ਹੀ ਦੋ ਹੋਰ ਟੈਂਕ ਅਗੜ ਪਿਛੜ ਰੂਪ ਵਿਚ ਕੰਪਲੈਕਸ ਅੰਦਰ ਆ ਦਾਖਲ ਹੋਏ ਜਿੰਨਾਂ 'ਚੋਂ ਇਕ ਟੈਂਕ ਤਾਂ ਗੁਰੂ ਨਾਨਕ ਨਿਵਾਸ ਤੇ ਸਮੁੰਦਰੀ ਹਾਲ ਵੱਲ ਮੋੜ ਕਟਦਾ ਹੋਇਆ ਮੰਜੀ ਸਾਹਿਬ ਦੀਵਾਨ ਹਾਲ ਦੇ ਸਾਹਮਣੇ ਜੋੜੇ ਘਰ ਅੱਗੇ ਪਰਕਰਮਾ ਵੱਲ ਨੂੰ ਮੂੰਹ ਕਰਕੇ ਖਲੋ ਗਿਆ ਅਤੇ ਇਸਨੇ ਵੀ ਸ੍ਰੀ ਅਕਾਲ ਤਖਤ ਸਾਹਿਬ ਦੇ ਦੁਆਲੇ ਨੂੰ ਅਰਥਾਤ ਪਰਕਰਮਾ ਦੀ ਪਛਮੀ ਬਾਹੀ ਨੂੰ ਆਪਣਾ ਟਾਰਗੇਟ ਮਿਥਦਿਆਂ ਹੋਇਆਂ ਤੋਪੀ ਗੋਲਿਆਂ ਦੀ ਵਰਖਾ ਤੇ ਫਾਇਰਿੰਗ ਖੋਹਲ ਦਿੱਤੀ। ਪਰ ਇਸਦੇ ਪਿਛੇ ਪਿਛੇ ਆਉਣ ਵਾਲੇ ਟੈਂਕ ਨੇ ਗੁਰੂ ਰਾਮਦਾਸ ਸਰਾਂ ਦੇ ਵੱਡੇ ਦਰਵਾਜ਼ੇ ਪਾਸ ਆਉਂਦਿਆਂ ਹੀ ਆਪਣੀ ਪਿਠ ਦਰਬਾਰ ਸਾਹਿਬ ਵੱਲ ਨੂੰ ਕਰਕੇ ਆਪਣਾ ਮੂੰਹ ਸਰਾਂ ਵੱਲ ਨੂੰ ਕਰ ਲਿਆ ਸੀ।



ਇਸੇ ਤਰ੍ਹਾਂ ਲਗਪਗ ਇਕ ਘੰਟੇ ਵਿਚ ਵਿਚ ਕੋਈ ਬਾਰਾਂ ਚੌਦਾਂ ਹੋਰ ਟੈਂਕ ਸਰਾਂ ਵਾਲੇ ਪਾਸਿਓਂ ਹੀ ਕੰਪਲੈਕਸ ਦੇ ਅੰਦਰ ਦਾਖਲ ਹੋਏ ਅਤੇ ਉਹ ਪੂਰਬੀ ਦਰਸ਼ਨੀ ਡਿਓੜੀ 'ਚੋਂ ਦੀ ਪਰਕਰਮਾ ਦੇ ਅੰਦਰ ਦਾਖਲ ਹੁੰਦੇ ਤੁਰੇ ਗਏ। ਜਿਸ ਕਰਕੇ ਕੁਝ ਸਮੇਂ ਦੇ ਵਿਚ ਵਿਚ ਹੀ ਪਰਕਰਮਾ ਦੇ ਅੰਦਰ ਟੈਂਕਾਂ ਦੀ ਭਰਮਾਰ ਹੋ ਗਈ ਸੀ ਅਤੇ ਉਹਨਾਂ ਨੇ ਦਰਬਾਰ ਸਾਹਿਬ ਪਰਕਰਮਾ ਦੀਆਂ ਤਿੰਨਾਂ ਬਾਹੀਆਂ ਅਰਥਾਤ ਉੱਤਰੀ ਪੂਰਬੀ ਤੇ ਦੱਖਣੀ ਬਾਹੀਆਂ ਨੂੰ ਪੂਰੀ ਤਰ੍ਹਾਂ ਨਾਲ ਮੱਲ ਲਿਆ ਸੀ ਤੇ ਇਨ੍ਹਾਂ ਨੇ ਆਪਣੇ ਆਪਣੇ ਟਾਰਗੇਟ ਨਿਸ਼ਾਨੇ ਸੇਧ ਲਏ ਸਨ।

ਜਦ ਸ਼ੁਰੂ ਵਿਚ ਅਜੇ ਦੋ ਤਿੰਨ ਟੈਂਕ ਹੀ ਪਰਕਰਮਾ ਵਿਚ ਦਾਖਲ ਹੋਏ ਸਨ ਤਾਂ ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਿੰਘਾਂ ਨੇ ਇਨ੍ਹਾਂ ਦੀ ਰੋਸ਼ਨੀ ਤੋਂ ਇਨ੍ਹਾਂ ਨੂੰ ਬਖਤਰਬੰਦ ਗੱਡੀਆਂ ਹੀ ਸਮਝਿਆ ਸੀ। ਪਰ ਸੰਤਾਂ ਨੇ ਸਿੰਘਾਂ ਨੂੰ ਮੁਸਕਾਉਂਦਿਆਂ ਹੋਇਆਂ ਕਿਹਾ ਸੀ 'ਸਿੰਘੋ ਜ਼ਰਾ ਧਿਆਨ ਨਾਲ ਵੇਖ ਇਹ ਬਕਤਰਬੰਦ ਗੱਡੀਆਂ ਨਹੀਂ, ਟੈਂਕ ਹੋਣੇ ਜੇ।

ਪਰਕਰਮਾ ਦੀ ਦੱਖਣ ਵੱਲ ਦੀ ਬਾਹੀ ਨਾਲ ਲਗਦੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਅਸਥਾਨ ਦੇ ਲਗਪਗ ਐਨ ਸਾਹਮਣੇ ਇਕ ਦੂਸਰੇ ਤੋਂ ਕੁਝ ਫਾਸਲਾ ਪਾਕੇ ਖਲੋਤੇ ਹੋਏ ਦੋਹ ਟੈਂਕਾਂ ਨੇ ਤਾਂ ਸਿੱਧੇ ਤੌਰ 'ਤੇ ਸ੍ਰੀ ਅਕਾਲ ਤਖਤ ਸਾਹਿਬ ਤੇ ਇਸਦੇ ਆਲੇ ਦੁਆਲੇ ਨੂੰ ਹੀ ਨਿਸ਼ਾਨਾ ਬਣਾਇਆ ਹੋਇਆ ਸੀ। ਇਸੇ ਤਰ੍ਹਾਂ ਦੂਸਰੇ ਪਾਸਿਆਂ ਤੋਂ ਵੀ ਪਰਕਰਮਾ ਦੇ ਅੰਦਰ ਭਿਆਨਕ ਰੂਪ ਵਿਚ ਤਬਾਹੀ ਮਚਾਈ ਜਾ ਰਹੀ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਬੀੜਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੇ ਦਰਬਾਰ ਸਾਹਿਬ ਦੇ ਤੋਸ਼ਾ ਖਾਨੇ ਵਿਚ ਸਾਂਭ ਸਾਂਭ ਕੇ ਰਖੀਆਂ ਹੋਈਆਂ ਪਵਿੱਤਰ ਬਹੁ ਗੁਣੀਆਂ ਤੇ ਨਾਯਾਬ ਇਤਹਾਸਕ ਯਾਦਾਂ ਗੋਲਾ ਬਾਰੀ ਦੇ ਝੱਖੜ ਵਿਚ ਉੱਡ ਪੁੱਡ ਰਹੀਆਂ ਸਨ ਅਤੇ ਅੱਗ ਦੀ ਲਪੇਟ ਵਿਚ ਆਕੇ ਆਪਣਾ ਰੂਪ ਰੰਗ ਤੇ ਹੋਂਦ ਤੱਕ ਗਵਾ ਰਹੀਆਂ ਸਨ। ਸਭ ਪਾਸੇ ਅੱਗ ਤੇ ਮਿਟੀ ਘੱਟੇ ਇੱਟਾਂ ਰੋੜਿਆਂ ਦਾ ਝੱਖੜ ਦੀ ਝੱਖੜ ਸੀ। ਜਿਸ ਕਰਕੇ ਪਰਕਰਮਾ ਦੇ ਵੱਖ ਵੱਖ ਭਾਗਾਂ ਵਿਚ ਅੱਗ ਦੇ ਝਲਕਾਰੇ ਲਿਸ਼ਕਾਰੇ ਤੇ ਤਬਾਹੀ ਦੇ ਦ੍ਰਿਸ਼ ਸਾਫ਼ ਦਿੱਸ ਰਹੇ ਸਨ ਅਤੇ ਥਾਂ ਥਾਂ ਉੱਪਰ ਤੋਪਾਂ ਗੋਲਿਆਂ ਨਾਲ ਇਮਾਰਤਾਂ ਵਿਚ ਮਘੋਰੇ ਪੈ ਰਹੇ ਸਨ।

ਤੋਸ਼ਾਖਾਨਾ ਦਲਵਾੜ ਤੇ ਅੱਗ ਦੀ ਲਪੇਟ ਵਿਚ ਆ ਚੁੱਕਾ ਸੀ ਅਤੇ ਉਸ ਅੰਦਰ ਪੁਸ਼ਤਾਂ ਤੋਂ ਸੰਭਾਲ ਸੰਭਾਲ ਕੇ ਰਖੀਆਂ ਵਸੂਤਆਂ ਅਰਥਾਤ ਸੋਨੇ ਦੇ ਪਤਰਿਆਂ ਤੇ ਛਤਰਾਂ ਵਾਲੀਆਂ ਪਾਲਕੀਆਂ, ਸੋਨੇ ਦੇ ਪਤਰਿਆਂ ਨਾਲ ਜੜੇ ਹੋਏ ਖੂਬਸੂਰਤ ਕਵਾੜ (ਸ੍ਰੀ ਹਰਿਮੰਦਰ ਭਵਨ ਦੇ ਦਰਵਾਜ਼ੇ) ਨੀਲਮ ਤੋਂ ਬਣੇ ਕਰੋੜਾਂ ਰੁਪਏ ਦੀ ਮਾਲੀਅਤ ਦਾ ਮੋਰ, ਸੋਨੇ ਦੀਆਂ ਤਾਰਾਂ ਤੇ ਹੋਰ ਜਵਾਹਰਾਤ ਨਾਲ ਮੜ੍ਹੀ ਹੋਈ ਬੇਸ਼ਹਾ ਕੀਮਤ ਦੀ ਚਾਂਦਨੀ, ਸੋਨੇ ਦੀਆਂ ਕਹੀਆਂ ਤੇ ਬਾਲਟੇ, ਨੌ ਲੱਖਾ ਹਾਰ ਜੋ ਅੱਜ ਕਈ ਕਰੋੜ ਦੀ ਮਾਲੀਅਤ ਦਾ ਸੀ, ਸੁਨਹਿਰੀ ਤਿਲੇ ਦੇ ਸੁੰਦਰ ਕੀਮਤੀ ਰੁਮਾਲੇ ਦੁਸਾਲੇ ਤੇ ਚੰਦੋਏ ਅਤੇ ਚੰਦਨ ਦੀਆਂ ਗੇਲੀਆਂ 'ਚੋਂ ਕੱਢੀਆਂ ਹੋਈਆਂ ਹਜ਼ਾਰਾਂ ਬਾਰੀਕ ਤਾਰਾਂ ਨਾਲ ਅੰਤਾਂ ਦੀ ਸ਼ਰਧਾ ਵਜੋਂ ਕਈ ਸਾਲਾਂ ਦੀ ਮਿਹਨਤ ਤੇ ਲਗਨ ਨਾਲ ਤਿਆਰ ਕਰਨ ਤੋਂ ਬਾਅਦ ਇਕ ਮੁਸਲਮਾਨ ਸ਼ਰਧਾਲੂ ਵਲੋਂ ਭੇਂਟ ਕੀਤਾ ਹੋਇਆ ਚਵਰ (ਚੌਰ) ਆਦਿ ਸਭ ਕੁਝ ਹੀ ਅੱਗ ਦੇ ਤੇ ਤਬਾਹੀ ਦੇ ਘੇਰੇ ਵਿਚ ਸੀ। ਇਸੇ ਤਰ੍ਹਾਂ ਤੋਸ਼ਾਖਾਨੇ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਭਵਨ ਵੱਲ ਨੂੰ ਜਾਂਦੇ ਸਰੋਵਰ ਪੁਲ ਦੇ ਸ਼ੁਰੂ ਵਿਚ ਕਲਾਤਮਕ ਛੋਹਾਂ ਦੀ ਪ੍ਰਤੀਕ ਖੂਬ ਸੂਰਤ ਦਰਸ਼ਨੀ ਡਿਓੜੀ ਦਾ ਉਪਰਲਾ ਭਾਗ ਤੋਪਾਂ ਦੇ ਗੋਲਿਆਂ ਤੇ ਮਸ਼ੀਨ ਗੰਨਾਂ ਦੀ ਲਪੇਟ ਵਿਚ ਆਇਆ

ਹੋਇਆ ਸੀ।

ਅੱਜ ਭਾਰਤ ਸਰਕਾਰ ਦੇ ਫੌਜੀ ਟੈਂਕ ਤੇ ਫੌਜੀ ਲਸ਼ਕਰ ਉਸ ਹਰਿਮੰਦਰ ਸਾਹਿਬ ਉੱਪਰ ਹਮਲਾਵਰ ਹੋਏ ਸਨ ਜਿਸਦੀ ਸਿਰਜਨਾ, ਸਥਾਪਨਾ ਤੇ ਹੋਂਦ ਹਸਤੀ ਆਪਣੇ ਆਪ ਵਿਚ ਇਕ ਆਦਰਸ਼ ਕਲਿਆਣਕਾਰੀ ਤੇ ਸਿਰਜਨਾਤਮਕ ਯੁੱਗ ਦੀ ਪ੍ਰਤੀਕ ਹੋਣ ਦੇ ਨਾਤੇ ਸਮੂਹ ਮਾਨਵ ਸਮਾਜ ਲਈ ਮਾਨਸਿਕ ਸੋਧਕ ਤੇ ਪ੍ਰਕਿਰਤਕ ਗਿਆਨ, ਈਸ਼ਵਰਵ ਸੱਚ ਅਤੇ ਸਮਾਜਕ ਤੇ ਪਦਾਰਥ ਪੱਖੋਂ ਉੱਤਮ ਤੇ ਸਚਿਆਰੀਆਂ ਕਦਰਾਂ ਕੀਮਤਾਂ ਦਾ ਪ੍ਰਤੀਨਾ ਸੋਮਾ ਸੀ।

ਇਸ ਸਾਰੇ ਪ੍ਰਸੰਗ ਵਿਚ ਜੋ ਗੱਲ ਖਾਸ ਤੌਰ 'ਤੇ ਧਿਆਨ ਮੰਗਦੀ ਹੈ ਤੇ ਸਮਝਣ ਯੋਗ ਹੈ ਉਹ ਇਹ ਹੈ ਕਿ ਜਿਸ ਸਮੇਂ ਪਰਕਰਮਾ ਵਿਚ ਟੈਂਕ ਦਾਖਲ ਹੋਏ ਤਾਂ ਸਿਘ ਉਸ ਸਮੇਂ ਵੀ ਪੂਰੀ ਤਰ੍ਹਾਂ ਨਾਲ ਚੜ੍ਹਦੀ ਕਲਾ ਵਿਚ ਸਨ ਅਤੇ ਟੈਂਕਾਂ ਨਾਲ ਆਹਮੋ ਸਾਹਮਣੇ ਰੂਪ ਵਿਚ ਟਕਰਾਉਣ ਲਈ ਮਨੋ ਚਿਤੋਂ ਤਿਆਰ ਬਰ ਤਿਆਰ ਹੋਏ ਬੈਠੇ ਸਨ। ਇਨ੍ਹਾਂ ਸਿਘਾਂ ਤੇ ਫੈਡਰੇਸ਼ਨ ਦੇ ਜਵਾਨਾਂ 'ਚੋਂ ਅੱਜ ਤਕ ਕਿਸੇ ਇਕ ਨੇ ਵੀ ਆਪਣੇ ਆਪ ਵਿਚ ਪੰਥ ਰਤਨ, ਸਰਦਾਰ-ਏ-ਆਜ਼ਮ ਜਾਂ ਲੋਹ ਪੁਰਸ਼ ਹੋਣ ਦਾ ਦਾਅਵਾ ਨਹੀਂ ਸੀ ਕੀਤਾ 'ਤੇ ਨਾ ਹੀ ਇਨ੍ਹਾਂ 'ਚੋਂ ਕਿਸੇ ਨੇ ਕਦੀ ਦਰਬਾਰ ਸਾਹਿਬ ਉੱਪਰ ਫੌਜੀ ਹਮਲਾ ਹੋਣ ਸਮੇਂ ਕੰਪਲੈਕਸ ਦੀ ਚੱਪਾ ਚੱਪਾ ਧਰਤੀ ਨੂੰ ਚਮਕੌਰ ਦੀ ਗੜ੍ਹੀ ਬਣਾ ਦੇਣ ਦਾ ਦਮਗਜਾ ਹੀ ਮਾਰਿਆ ਸੀ ਅਤੇ ਨਾ ਹੀ ਕਿਸੇ ਨੇ ਸਿਖ ਕੌਮ ਦੇ ਸਾਹਮਣੇ ਛਾਤੀ ਤਾਨ ਕੇ ਤੇ ਆਪਣੀ ਸੱਜੀ ਬਾਂਹ ਆਕਾਸ਼ ਵੱਲ ਉਲਾਰਦਿਆਂ ਹੋਇਆਂ ਅੱਜ ਤੱਕ ਇਹ ਹੀ ਕਿਹਾ ਸੀ ਕਿ ਜੇ ਫੌਜ ਨੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਉਹ ਸਾਡੀਆਂ ਲਾਸ਼ਾਂ ਦੇ ਉੱਤੋਂ ਦੀ ਲੰਘ ਕੇ ਹੀ ਅਗਾਂਹ ਵਧ ਸਕੇਗੀ।

ਪਰ ਇਸਦੇ ਬਾਵਜੂਦ ਇਹ ਸੂਰਮੇ ਮਰਜੀਵੜੇ ਤੇ ਬਲਵਾਨ ਯੋਧੇ ਅੱਜ ਅਮਲੀ ਰੂਪ ਵਿਚ ਤੇ ਪ੍ਰਤੱਖ ਤੌਰ ਉੱਪਰ ਪੰਥ ਰਤਨ ਵੀ ਸਾਬਤ ਹੋ ਰਹੇ ਸਨ, ਲੋਹ ਪੁਰਸ਼ ਵੀ ਬਣਕੇ ਵਖਾ ਰਹੇ ਸਨ, ਕੌਮ ਦੇ ਸਰਦਾਰ-ਏ-ਆਜ਼ਮ ਹੋਣ ਦਾ ਨਾਮਣਾ ਵੀ ਖੱਟ ਰਹੇ ਸਨ, ਕੰਪਲੈਕਸ ਦੀ ਚਪਾ ਚਪਾ ਧਰਤੀ ਨੂੰ ਚਮਕੌਰ ਦੀ ਗੜ੍ਹੀ ਵੀ ਬਣਾ ਰਹੇ ਸਨ ਅਤੇ ਟੈਂਕਾਂ ਦੇ ਸਾਹਮਣੇ ਛਾਤੀਆਂ ਤਾਨ ਕੇ ਖਲੋਤੇ ਹੋਏ ਹੋਣ ਵਜੋਂ ਸਿਖ ਧਰਮ ਦੀ ਰਾਖੀ ਤੇ ਗੁਰੂ ਘਰ ਦੇ ਅਦਬ ਆਦਾਬ ਨੂੰ ਕਾਇਮ ਰੱਖਣ ਦੇ ਨਿਸ਼ਾਨੇ ਨਾਲ ਆਪਣੀਆਂ ਲਾਸ਼ਾਂ ਵਿਛਾਉਣ ਲਈ ਰਣ-ਤੱਤੇ ਦੇ ਅੰਦਰ ਹਥਿਆਰ ਬੰਦ ਰੂਪ ਵਿਚ ਤੱਤਪਰ ਵੀ ਹੋਏ ਬੈਠੇ ਸਨ। ਇਥੋਂ ਤੱਕ ਕਿ ਸਿਘਾਂ ਨੇ ਸੰਤਾਂ ਪਾਸ ਇਸ ਗੱਲ ਦੀ ਇਛਾ ਵੀ ਪਰਗਟ ਕੀਤੀ ਕਿ ਕਿਉਂ ਨਾ ਫੌਜ ਨਾਲ ਗਲੀਆਂ ਬਾਜ਼ਾਰਾਂ ਵਿਚ ਨਿਕਲ ਕੇ ਆਹਮੋ ਸਾਹਮਣੇ ਰੂਪ ਵਿਚ ਦੋ ਦੋ ਹੱਥ ਕਰ ਲਏ ਜਾਣ। ਇਸ ਕਾਰਜ ਨੂੰ ਨਿਭਾਉਣ ਲਈ ਪੰਜਾਂ ਪੰਜਾਂ ਸਿਘਾਂ ਦੀਆਂ ਟੋਲੀਆਂ ਬਣਾ ਲੈਂਦੇ ਹਾਂ ਤੇ ਦੁਸ਼ਟਾਂ ਦੇ ਨਾਸ਼ ਲਈ ਸਿੱਧੇ ਤਰ੍ਹਾਂ ਗਲੀਆਂ ਬਾਜ਼ਾਰਾਂ ਵਿਚ ਠਿੱਲ ਪੈਂਦੇ ਹਾਂ।

ਸੰਤ, ਜਥੇ ਦੇ ਸਿਘਾਂ ਤੇ ਫੈਡਰੇਸ਼ਨ ਦੇ ਜਵਾਨਾਂ ਅੰਦਰ ਪੰਥਕ ਜੋਸ਼ ਤੇ ਜਜ਼ਬਾ ਵੇਖਕੇ ਬਹੁਤ ਹੀ ਖੁਸ਼ ਹੋਏ ਤੇ ਅਗੋਂ ਬੜੇ ਹੀ ਠਰੰਮੇ ਨਾਲ ਉੱਤਰ ਦੇਂਦਿਆਂ ਹੋਇਆਂ ਕਹਿਣ ਲਗੇ, 'ਸਿਘੋ ਆਪਾਂ ਹੁਣ ਟੋਪੀ ਵਾਲਿਆਂ ਦੀ ਫੌਜ ਤੇ ਭਾਰਤ ਸਰਕਾਰ ਦੇ ਟੈਂਕਾਂ ਨਾਲ ਗੁਰੂ ਘਰ ਵਿਚ ਹੀ ਜੂਝਣਾ ਹੈ ਅਤੇ ਆਪਣੀਆਂ ਸ਼ਹੀਦੀਆਂ ਗੁਰੂ ਚਰਨਾਂ ਵਿਚ ਹੀ ਦੇਣੀਆਂ ਨੇ। ਤੁਸੀਂ ਐਹੋ ਜਿਹੇ ਹਾਲਾਤ ਤੇ ਰਾਤ ਦੇ ਹਨੇਰੇ ਵਿਚ ਫੌਜੀਆਂ ਨੂੰ ਕਿੱਥੇ ਕਿੱਥੇ ਲਭਦੇ ਫਿਰੋਗੇ ਇਥੇ ਤਾਂ ਦੁਸ਼ਟ ਸਾਡੇ ਸਾਹਮਣੇ ਨੇ। ਇਸ ਕਰਕੇ ਗੁਰੂਘਰ ਤੇ ਸਿਖ ਧਰਮ ਦੀ ਰਾਖੀ, ਮੀਰੀ ਪੀਰੀ ਦੇ ਨਿਸ਼ਾਨ ਸਾਹਿਬਾਂ ਦੀ ਆਨ ਸ਼ਾਨ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਤੇ ਆਜ਼ਾਦੀ ਲਈ ਇਸ ਸਮੇਂ ਆਪਣੇ ਸੀਸ ਲੇਖੇ ਲਾਉਣ ਦਾ ਜੋ



ਅਨੰਦ ਇਥੇ ਗੁਰੂ ਚਰਨਾਂ ਵਿਚ ਹੈ ਉਹ ਹੋਰ ਕਿਤੇ ਨਹੀਂ ਹੈ।

ਸਿਘਾਂ ਨੇ ਸੰਤਾਂ ਦੀ ਇਹ ਗੱਲ ਸੁਣਕੇ ਫਿਰ ਜੈਕਾਰਾ ਛੱਡਿਆ ਤੇ ਖਾਲਿਸਤਾਨ ਜ਼ਿੰਦਾ ਬਾਦ ਦੇ ਨਾਅਰਿਆਂ ਅਤੇ 'ਰਾਜ ਕਰੇਗਾ ਖਾਲਸਾ' ਦੇ ਬੋਲਿਆਂ ਨਾਲ ਆਕਾਸ਼ ਇਕ ਵਾਰ ਫਿਰ ਗੂੰਜ ਉਠਿਆ ਅਤੇ ਇਸ ਆਕਾਸ਼ ਗੁੰਜਾਊ ਗੂੰਜ ਤਾਂ ਇਸਤਰਾਂ ਭਾਸਨ ਲੱਗਾ ਕਿ ਜਿਵੇਂ ਇਹ ਗੂੰਜ ਤੋਪਾਂ ਦੇ ਗੋਲਿਆਂ ਦੀ ਗਰਜ-ਗੜਕ ਦੇ ਮੁਕਾਬਲੇ ਕਿਤੇ ਵੱਧ ਭਾਰੂ ਹੁੰਦੀ ਹੈ।

# 33.

ਹਰਿਮੰਦਰ ਸਾਹਿਬ ਭਵਨ ਅੰਦਰਲੇ ਜਿਸ ਸਥਾਨ ਨੂੰ ਸ਼ਰਧਾਲੂ ਸੰਗਤਾਂ ਵੱਲੋਂ ਹਰ ਰੋਜ਼ ਅੰਮ੍ਰਿਤ ਵੇਲੇ ਸਰੋਵਰ ਦੇ ਜਲ ਤੇ ਦੁੱਧ ਦੇ ਸੁਮੇਲ ਨਾਲ ਸਾਫ਼ ਤੇ ਸਵੱਛ ਕੀਤਾ ਜਾਂਦਾ ਸੀ ਅੱਜ ਉਹ ਸਥਾਨ ਦੁੱਧ ਮਿਲੇ ਜਲ ਨਾਲ ਨਹੀਂ ਸੀ ਧੋਤਾ ਜਾ ਰਿਹਾ ਸਗੋਂ ਉਹ ਸਿੰਘਾਂ ਦੇ ਲਹੂ ਨਾਲ ਸਿੰਜਿਆ ਤੇ ਰੰਗਿਆ ਹੋਇਆ ਸੀ। ਇਸਦੇ ਬਾਵਜੂਦ ਭਵਨ ਦੇ ਅੰਦਰ ਹਾਜ਼ਰ ਸਿੰਘ ਜੋ ਰਾਤ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਵਾਰੀ ਨੂੰ ਤੋਪਾਂ ਦੀ ਗੋਲਾਬਾਰੀ ਸ਼ੁਰੂ ਹੋ ਜਾਣ ਦੇ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੋਠਾ ਸਾਹਿਬ ਵਿਚ ਬਰਾਜਮਾਨ ਨਹੀਂ ਸਨ ਕਰਾ ਸਕੇ ਉਹ ਮਹਾਰਾਜ ਦੀ ਸਵਾਰੀ ਨੂੰ ਭਵਨ ਉੱਪਰਲੀ ਮੰਜ਼ਲ ਤੇ ਲੈ ਗਏ ਸਨ ਅਤੇ ਉਹ ਇਸ ਭਿਆਨਕ ਸਥਿਤੀ ਵਿਚ ਵੀ ਯਥਾ ਸ਼ਕਤ ਰੂਪ 'ਚ ਮਰਯਾਦਾ ਦਾ ਪਾਲਣ ਕਰ ਰਹੇ ਤੇ ਸੇਵਾ ਨਿਭਾ ਰਹੇ ਸਨ।

ਦੂਸਰੇ ਪਾਸੇ ਸਿੰਘਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਮਹੱਤਵ ਤੇ ਉਸਦੀ ਰਾਖੀ ਨੂੰ ਅਤੇ ਮਾਨ ਪ੍ਰਤਿਸ਼ਟਾ ਨੂੰ ਆਪਣੇ ਆਖਰੀ ਸਵਾਸਾਂ ਤੱਕ ਕਾਇਮ ਰੱਖਣ ਦੇ ਮਨੋਰਥ ਤੇ ਤਹੱਈਏ ਨਾਲ ਕਮਰਿਆਂ ਦੇ ਰੋਸ਼ਨਦਾਨ ਤੇ ਸੁਰਾਖਾਂ ਅਤੇ ਪਰਕਰਮਾ ਵਿਚਲੇ ਗਟਰਾਂ ਤੱਕ ਨੂੰ ਮੋਰਚਿਆਂ ਦਾ ਰੂਪ ਦੇ ਰੱਖਿਆ ਸੀ।

ਜਿਸ ਸਮੇਂ ਟੈਂਕਾਂ ਦੀ ਆੜ ਵਿਚ ਪੈਦਲ ਫੌਜ ਨੇ ਦੂਸਰੀ ਵਾਰ ਪਰਕਰਮਾ ਅੰਦਰ ਦਾਖਲ ਹੋਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਵਧਣ ਦੀ ਫਿਰ ਕੋਸ਼ਸ਼ ਕੀਤੀ ਅਤੇ ਪਰਕਰਮਾ ਦੀਆਂ ਇਮਾਰਤਾਂ ਉੱਪਰ ਕਬਜ਼ਾ ਕਰਨ ਦਾ ਉਪਰਾਲਾ ਕੀਤਾ ਤਾਂ ਉਸਨੂੰ ਸਿੰਘਾਂ ਦੇ ਜਵਾਬੀ ਹਮਲੇ ਕਾਰਨ ਫਿਰ ਮੂੰਹ ਦੀ ਖਾਣੀ ਪਈ।

ਜਦ ਸਿੰਘਾਂ ਵੱਲੋਂ ਜ਼ਬਰਦਸਤ ਰੂਪ ਵਿਚ ਫਾਇਰਿੰਗ ਕਰਕੇ ਜਵਾਬੀ ਕਾਰਵਾਈ ਕੀਤੀ ਗਈ ਤਾਂ ਉਸ ਸਮੇਂ ਫੌਜੀ ਦਸਤੇ ਡਿਗਦੇ ਢਹਿੰਦੇ ਅਤੇ ਆਪਣੇ ਜ਼ਖਮੀ ਤੇ ਮੁਰਦਾ ਸਾਥੀਆਂ ਨੂੰ ਪਿੱਛੇ ਛਡਦੇ ਪਿਛਾਂਹ ਵੱਲ ਨੂੰ ਦੌੜਦੇ ਸਾਫ਼ ਦਿਖਾਈ ਦੇ ਰਹੇ ਸਨ।

ਇਸ ਵਾਰ ਜੋ ਲਗਾਤਾਰ ਦਸਾਂ ਮਿੰਟਾਂ ਤੱਕ ਦੋਹਾਂ ਪਾਸਿਆਂ ਤੋਂ ਹੀ ਆਹਮੋ ਸਾਹਮਣੇ ਰੂਪ ਵਿਚ ਫਾਇਰਿੰਗ ਹੋਈ ਸੀ ਉਸਦੀ ਭਿਆਨਕਤਾ ਤੋਂ ਇਸਤਰ੍ਹਾਂ ਲੱਗ ਰਿਹਾ ਸੀ ਜਿਵੇਂ ਅਕਾਸ਼ 'ਚੋਂ ਲੱਖਾਂ ਹੀ ਬਿਜਲੀਆਂ ਦਰਬਾਰ ਸਾਹਿਬ ਪਰਕਰਮਾ ਉੱਪਰ ਤੇ ਇਸਦੇ ਆਲੇ ਦੁਆਲੇ ਇਕ ਵਾਰਗੀ ਹੀ ਉੱਤੇ ਅਚਿੰਤੀ ਵਰ੍ਹ ਪਈਆਂ ਹੋਣ। ਸਮੁੱਚੇ ਸਰੋਵਰ ਦਾ ਜਲ, ਬਲਦੀਆਂ ਭਖਦੀਆਂ ਹੋਈਆਂ ਤ੍ਰਿਸ਼ੂਲੀ



ਲਹਿਰਾਂ ਤੇ ਅਗਨ ਤ੍ਰੌਟਿਆਂ ਦੀਆਂ ਪੈ-ਦਰ-ਪੈ ਪੈਂਛੜਾਂ ਨਾਲ ਭਰਪੂਰ ਰੂਪ ਵਿਚ ਮਚਲਦਾ ਹੋਇਆ ਦਿਖਾਈ ਦੇ ਰਿਹਾ ਸੀ। ਸਰੋਵਰ ਦੇ ਤਲ ਵਲ ਵੇਖਿਆਂ ਇਸਤਰਾਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਲੱਖਾਂ ਤਾਰੇ ਜ਼ਿਦੋ-ਜ਼ਿਦੀ ਟੁੱਟ ਕੇ ਉਸ ਅੰਦਰ ਅਲੋਪ ਹੁੰਦੇ ਜਾ ਰਹੇ ਹਨ। ਤੋਪ ਗੋਲਿਆਂ, ਰੋਸ਼ਨੀ ਗੋਲਿਆਂ, ਅੱਗ ਲਾਉਣ ਵਾਲੇ ਗੋਲਿਆਂ, ਮਸ਼ੀਨ ਗੰਨਾਂ ਦੀਆਂ ਲੱਖਾਂ ਹੀ ਗੋਲੀਆਂ ਦੇ ਝੱਖੜ ਨੇ ਸਭ ਪਾਸੇ ਫਟ ਰਹੇ ਜਵਾਲਾ ਮੁਖੀ ਪਰਬਤ ਅਤੇ ਲਾਟਾਂ ਉਗਲਦੇ ਹੋਏ ਭੁਚਾਲ ਵਰਗੀ ਸਥਿਤੀ ਪੈਦਾ ਕਰ ਰੱਖੀ ਸੀ। ਪਰ ਇਸ ਸਮੇਂ ਜੋ ਗੱਲ ਸਾਡੇ ਹਿੱਤ ਵਿਚ ਵੀ ਜਾ ਰਹੀ ਸੀ ਪਰ ਇਸਦੇ ਬਾਵਜੂਦ ਹੈਰਾਨੀ ਜਨਕ ਵੀ ਸੀ, ਉਹ ਇਹ ਸੀ ਕਿ ਸਮੁੰਦਰੀ ਹਾਲ ਤੇ ਗੁਰੂ ਨਾਨਕ ਨਿਵਾਸ ਅਜੇ ਤੱਕ ਮੁਕੰਮਲ ਤੌਰ 'ਤੇ ਬਚੇ ਹੋਏ ਸਨ। ਦਰਬਾਰ ਸਾਹਿਬ ਪਰਕਰਮਾ ਵਿਚ ਦਾਖਲ ਹੋਣ ਵਾਲੇ ਸਭ ਟੈਂਕ ਗੁਰੂ ਨਾਨਕ ਨਿਵਾਸ ਤੇ ਸਮੁੰਦਰੀ ਹਾਲ ਦੇ ਕੋਲੋਂ ਹੀ ਤੇ ਐਵੇਂ ਕੁਝ ਫਾਸਲੇ ਤੋਂ ਸਾਹਮਣਿਓਂ ਦੀ ਹੋ ਕੇ ਗੁਜ਼ਰੇ ਸਨ ਪਰ ਇਨ੍ਹਾਂ ਟੈਂਕਾਂ 'ਚੋਂ ਕਿਸੇ ਇਕ ਟੈਂਕ ਨੇ ਵੀ ਆਪਣੀਆਂ ਮਸ਼ੀਨ ਗੰਨਾਂ ਤੇ ਤੋਪਾਂ ਦਾ ਮੂੰਹ ਇਕ ਛਿਣ ਮਾਤਰ ਰੂਪ 'ਚ ਵੀ ਇਧਰ ਵੱਲ ਨੂੰ ਨਹੀਂ ਸੀ ਕੀਤਾ, ਜਦੋਂ ਕਿ ਸਰਾਂ ਗੁਰੂ ਰਾਮ ਦਾਸ ਨੂੰ ਇਕ ਵਿਓ ਹੈਕਲ ਟੈਂਕ ਨੇ ਆਪਣਾ ਪੱਕਾ ਟਾਰਗੇਟ ਤੇ ਨਿਸ਼ਾਨਾ ਬਣਾ ਰੱਖਿਆ ਸੀ।

ਸਮੁੰਦਰੀ ਹਾਲ ਦੀ ਖਾਮੋਸ਼ੀ ਤੇ ਉਸਦੀ ਸਲਾਮਤੀ ਤੋਂ ਗੁਰੂ ਨਾਨਕ ਨਿਵਾਸ ਵਿਚ ਬੈਠੇ ਹੋਇਆਂ ਸਾਨੂੰ ਸਭ ਨੂੰ ਇਸਤਰਾਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਉਸਨੇ ਦਿੱਲੀ ਦਰਬਾਰ ਨਾਲ ਕੋਈ ਗੁਪਤ ਸਮਝੌਤਾ ਕਰ ਰੱਖਿਆ ਹੁੰਦਾ ਹੈ ਤੇ ਉਸਨੂੰ ਕਿਸੇ ਪਰਕਾਰ ਦਾ ਕੋਈ ਡਰ ਭੈ ਨਹੀਂ ਹੁੰਦਾ। ਐਸੀ ਸਥਿਤੀ ਵਿਚ ਸਾਡੇ ਸਾਹਮਣੇ ਇਹ ਗੱਲ ਵੀ ਸਪਸ਼ਟ ਹੋ ਰਹੀ ਸੀ ਕਿ ਜੇ ਗੁਰੂ ਨਾਨਕ ਨਿਵਾਸ ਦਾ ਅਜੇ ਤੱਕ ਬਚਾ ਹੋ ਰਿਹਾ ਹੈ ਤਾਂ ਉਸਦਾ ਮੁਖ ਕਾਰਨ ਸਮੁੰਦਰੀ ਹਾਲ ਦਾ ਗਵਾਂਢ ਹੋਣਾ ਸੀ ਅਤੇ ਫੌਜ ਨੂੰ ਸਰਕਾਰ ਵਲੋਂ ਇਸ ਗੱਲ ਦੀਆਂ ਸਖਤ ਹਦਾਇਤਾਂ ਲਗਦੀਆਂ ਸਨ ਕਿ ਕੰਪਲੈਕਸ ਦੇ ਪੂਰਬੀ ਭਾਗ ਵਿਚ ਸਮੁੰਦਰੀ ਹਾਲ ਤੇ ਉਸਦੇ ਨਾਲ ਨਾਲ ਲਗਦੀਆਂ ਇਮਾਰਤਾਂ ਉੱਪਰ ਕੋਈ ਦੂਸਰਾ ਹੁਕਮ ਜਾਰੀ ਹੋਣ ਤੋਂ ਪਹਿਲਾਂ ਗੋਲਾ ਬਾਰੀ ਤੇ ਮਾਰੂ ਬੰਬਾਂ ਦੀ ਵਰਖਾ ਨਹੀਂ ਕਰਨੀ।

ਦੂਸਰੇ ਪਾਸੇ ਜੋ ਫੌਜ ਨੇ ਪਰਕਰਮਾ ਉੱਪਰ ਮੁਕੰਮਲ ਕਬਜ਼ਾ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਜੇਰ ਕਰਨ ਦਾ ਇਰਾਦਾ ਧਾਰ ਰੱਖਿਆ ਸੀ ਉਹ ਅਜੇ ਤਕ ਆਪਣੇ ਇਸ ਮਨੋਰਥ ਵਿਚ ਸਫਲ ਨਹੀਂ ਸੀ ਹੋ ਸਕਦੀ, ਕਿਉਂਕਿ ਪਰਕਰਮਾ ਵਿਚ ਫੌਜ ਵਲੋਂ ਬੋਲਿਆ ਗਿਆ ਦੂਸਰਾ ਧਾਵਾ ਵੀ ਨਾਕਾਮ ਹੋ ਚੁੱਕਾ ਸੀ ਅਤੇ ਟੈਂਕਾਂ ਦੇ ਅੰਦਰ (ਆਰਮਡ ਪਰਸਨਲ ਕੈਰੀਅਰ, ਜੋ ਆਪਣੇ ਆਪ ਵਿਚ ਇਕ ਤਰ੍ਹਾਂ ਨਾਲ ਲੋਹੇ ਦਾ ਚਲਦਾ ਫਿਰਦਾ ਕਿਲ੍ਹਾ ਹੀ ਹੁੰਦਾ ਹੈ, ਦੇ ਅੰਦਰ) ਪੂਰੀ ਤਰ੍ਹਾਂ ਨਾਲ ਲੈਸ ਹੋਏ ਬੈਠੇ ਫੌਜੀ ਦਸਤਿਆਂ ਨੂੰ ਵੀ ਆਪਣੇ ਇਨ੍ਹਾਂ ਲੋਹੇ ਦੇ ਕਿਲ੍ਹਿਆਂ 'ਚੋਂ ਬਾਹਰ ਨਿਕਲਣ ਦੀ ਦਲੇਰੀ ਨਹੀਂ ਸੀ ਪੈ ਰਹੀ ਜਿਸ ਕਰਕੇ ਪਰਕਰਮਾ ਵਿਚ ਟੈਂਕਾਂ ਦੇ ਹੁੰਦਿਆਂ ਹੋਇਆਂ ਵੀ ਪਰਕਰਮਾ ਦੇ ਅੰਦਰ ਤੇ ਆਲੇ ਦੁਆਲੇ ਪੈਦਲ ਫੌਜ ਦੀਆਂ ਸੈਨਿਕ ਸਰਗਰਮੀਆਂ ਉੱਕੀਆਂ ਹੀ ਬਾਂਝ ਹੋਕੇ ਰਹਿ ਗਈਆਂ ਸਨ ਪਰ ਤੋਪਾਂ ਤੇ ਮਸ਼ੀਨ ਗੰਨਾਂ ਆਪਣਾ ਕਰਦਾਰ ਅਜੇ ਵੀ ਪੂਰੀ ਤਾਕਤ ਨਾਲ ਨਿਭਾ ਰਹੀਆਂ ਸਨ।

ਜਿਸ ਸਮੇਂ ਪਰਕਰਮਾ ਅੰਦਰਲੀ ਆਰਮਡ ਪਰਸਨੇਲ ਕੈਰੀਅਰਜ਼ ਅਰਥਾਤ ਟੈਂਕਾਂ ਵਿਚ ਲੈਸ ਹੋਈ ਬੈਠੀ ਫੌਜ ਅਤੇ ਪਰਕਰਮਾ ਦੇ ਕਮਰਿਆਂ ਅੰਦਰ ਗੁੱਠੀਂ ਖੂੰਜੀਂ ਲੱਗ ਕੇ ਦੜੀ ਬੈਠੀ ਫੌਜ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਇਮਾਰਤਾਂ ਉੱਪਰ ਕਬਜ਼ਾ ਕਰਨ ਤੋਂ ਬੇਬੱਸ ਹੋਈ ਪਈ ਸੀ ਤਾਂ ਉਸ ਸਮੇਂ ਗੁਰੂ ਰਾਮ ਦਾਸ ਸਰਾਂ ਵੱਲ ਨੂੰ ਮੂੰਹ ਕਰਕੇ ਖਲੋਤਾ ਹੋਇਆ ਟੈਂਕ ਆਪਣੀਆਂ ਮਸ਼ੀਨ ਗੰਨਾਂ ਦਾ

ਮੂੰਹ ਖੋਹਲੀ ਬੜੇ ਹੀ ਤੂਫਾਨੀ ਰੂਪ 'ਚ ਅੱਗ ਉਗਲੱਛ ਰਿਹਾ ਸੀ। ਅਸਲ ਵਿਚ ਇਸ ਟੈਂਕ ਵੱਲੋਂ ਜੋ ਸਰਾਂ ਅੰਦਰ ਫਾਇਰਿੰਗ ਕੀਤੀ ਗਈ ਸੀ ਉਸਦਾ ਮਤਲਬ ਫੌਜੀ ਦਸਤਿਆਂ ਲਈ ਸਰਾਂ ਵਿਚ ਦਾਖਲ ਹੋਣ ਦਾ ਰਾਹ ਸੌਖਲਾ ਕਰਨਾ ਅਤੇ ਅੰਦਰਲੀਆਂ ਸੰਗਤਾਂ ਨੂੰ ਕਿਸੇ ਪਰਕਾਰ ਦੀ ਹਿਲਜੁਲ ਤੇ ਕਾਰਵਾਈ ਨਾ ਕਰਨ ਸਬੰਧੀ ਜ਼ਬਰਦਸਤ ਤਾੜਨਾ ਸੀ।

ਇਹ ਟੈਂਕ ਸਰਾਂ ਅੰਦਰ ਗੋਲੀਆਂ ਦਾ ਖੁੱਲਾ ਛਾਣਾ ਦੇਣ ਤੋਂ ਬਾਅਦ ਅਜੇ ਕੁਝ ਕਦਮ ਪਿਛੇ ਹਟਿਆ ਹੀ ਸੀ ਕਿ ਫੌਜ ਦੇ ਕੋਈ ਡੇਢ ਦੋ ਸੌ ਦੇ ਲਗਪਗ ਸੈਨਕ ਵੱਖ ਵੱਖ ਗੁਰਪਾਂ ਦੇ ਰੂਪ ਵਿਚ ਗੁਰੂ ਰਾਮਦਾਸ ਲੰਗਰ ਦੇ ਪਿਛਲੇ ਪਾਸੇ ਪੈਂਦੀ ਗਲੀ ਅਤੇ ਗੁਰੂ ਰਾਮਦਾਸ ਸਰਾਂ ਦੇ ਉੱਤਰ ਵੱਲ ਪੈਂਦੇ ਬਾਜ਼ਾਰਾਂ ਵੱਲੋਂ ਕੰਪਲੈਕਸ ਵਿਚ ਦਾਖਲ ਹੋ ਗਏ।

ਇਹ ਫੌਜੀ ਦਸਤੇ ਵੇਖਦਿਆਂ ਹੀ ਵੇਖਦਿਆਂ ਬੜੀ ਤੇਜ਼ੀ ਨਾਲ ਸਰਾਂ ਵੱਲ ਨੂੰ ਅੱਗੇ ਵੱਧਦੇ ਹੋਏ ਦਿੱਸੇ। ਪਰ ਇਹ ਸੈਨਕ ਦਸਤੇ ਅਜੇ ਸਰਾਂ ਦੇ ਮੁਖ ਦਰਵਾਜ਼ੇ ਸਾਹਮਣੇ ਆਪਸ ਵਿਚ ਮਿਲ ਵੀ ਨਹੀਂ ਸਨ ਸਕੇ ਕਿ ਗੁਰੂ ਰਾਮਦਾਸ ਲੰਗਰ ਦੀਆਂ ਸਰਾਂ ਦੇ ਸਾਹਮਣੇ ਜਿਹੇ ਕਰਕੇ ਦੀਵਾਰ ਦੇ ਨਾਲ ਨਾਲ ਲਗਦੀਆਂ ਟੂਟੀਆਂ ਦੇ ਪਿਛਲੇ ਪਾਸਿਉਂ ਸਿੰਘਾਂ ਨੇ ਆਪਣੀਆਂ ਸਟੇਨ ਗੰਨਾਂ, ਰਾਈਫਲਾਂ ਤੇ ਕਾਰਬਾਈਨਾਂ ਦੇ ਮੂੰਹ ਉਹਨਾਂ ਉੱਪਰ ਖੋਹਲ ਦਿੱਤੇ।

ਜਿਹੜੇ ਫੌਜੀ ਆਪਣੇ ਫੌਜੀ ਬੂਟਾਂ ਨਾਲ ਧਰਤ ਕੰਬਾਉਂਦੇ, ਧਮਾਲਾਂ ਪਾਉਂਦੇ ਅਤੇ ਆਪਣੇ ਬਾਰੂਦੀ ਹਥਿਆਰਾਂ ਤੇ ਜਿਸਮ ਉੱਪਰ ਪਹਿਣੀਆਂ ਹੋਈਆਂ ਬੁਲਿਟ ਪਰੂਫ ਜੈਕਟਾਂ ਦੇ ਮਾਨ ਤੇ ਭਰੋਸੇ ਉੱਪਰ ਛਾਤੀਆਂ ਤਾਨ ਸਰਾਂ ਅਤੇ ਸਮੁੰਦਰੀ ਹਾਲ ਵੱਲ ਅੱਗੇ ਵੱਧ ਰਹੇ ਸਨ ਵੇਖਦਿਆਂ ਵੇਖਦਿਆਂ ਉਹਨਾਂ 'ਚ ਕੁਝ ਸੈਨਕ ਧਰਤੀ ਉੱਪਰ ਡਿੱਗਣ ਤੇ ਕਿਰਨ ਲੱਗੇ। ਜਿਸ ਕਰਕੇ ਉਹਨਾਂ ਵਿਚ ਘਬਰਾਹਟ, ਭੱਜ ਨੱਠੀ ਅਫਰਾਤਫਰੀ ਦਾ ਆਲਮ ਪੈਦਾ ਹੋ ਗਿਆ।

ਗੁਰੂ ਰਾਮ ਦਾਸ ਲੰਗਰ ਦੀਆਂ ਵਿਚਕਾਰਲੀਆਂ ਮੰਜ਼ਲਾਂ ਉੱਪਰ ਡਟੇ ਬੈਠੇ ਸਿੰਘਾਂ ਨੇ ਇਨ੍ਹਾਂ ਫੌਜੀ ਦਸਤਿਆਂ ਦੇ ਸੈਨਕਾਂ ਨੂੰ ਜਦ ਇਸ ਅਫਰਾਤਫਰੀ ਤੇ ਘਬਰਾਹਟ ਦੇ ਆਲਮ ਵਿਚ ਇਧਰ ਉਧਰ ਭੱਜਦਿਆਂ ਨੱਠਦਿਆਂ, ਡਿਗਦਿਆਂ ਢਹਿੰਦਿਆਂ ਅਤੇ ਜ਼ਖਮੀ ਤੇ ਮੁਰਦਾ ਹਾਲਤ ਵਿਚ ਧਰਤੀ ਉੱਪਰ ਕਿਰਦਿਆਂ ਹੋਇਆਂ ਵੇਖਿਆ ਤਾਂ ਉਸ ਸਮੇਂ ਲੰਗਰ ਦੀ ਦੂਸਰੀ ਮੰਜ਼ਲ ਤੋਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਅਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਗੂੰਜਦੇ ਹੋਏ ਸੁਣਾਈ ਦੇਣ ਲੱਗੇ। ਉਸ ਸਮੇਂ ਉਹਨਾਂ ਫੌਜੀਆਂ ਦੀ ਹਾਲਤ ਤਾਂ ਹੋਰ ਵੀ ਤਰਸ ਯੋਗ ਸੀ ਜੋ ਸਰਾਂ ਦੇ ਸਾਹਮਣੇ ਤੋਪਾਂ ਤੇ ਮਸ਼ੀਨਗੰਨਾਂ ਤਾਣੀ ਖਲੋਤੇ ਹੋਏ ਟੈਂਕ ਦੇ ਉਹਲੇ ਤੇ ਸਰਾਂ ਦੇ ਬਾਹਰਲੇ ਬਰਾਮਦਿਆਂ ਦੀਆਂ ਬੁਰਜੀਆਂ ਪਿਛੇ ਚੌਫਾਲ ਲੰਮੇ ਪੈ ਜਾਣ ਤੋਂ ਬਾਅਦ ਧਰਤੀ ਵਿਚ ਸਮਾ ਜਾਣ ਦੀ ਕੋਸ਼ਸ਼ ਕਰਦੇ ਹੋਏ ਦਿਖਾਈ ਦੇ ਰਹੇ ਸਨ।

ਇਸ ਘਟਨਾ ਦੇ ਕੋਈ ਪੰਜ ਮਿੰਟ ਪਿਛੋਂ ਸਰਾਂ ਸਾਹਮਣੇ ਖਲੋਤਾ ਹੋਇਆ ਦਿਓ ਹੈਕਲ ਟੈਂਕ ਇਕ ਵਾਰ ਫਿਰ ਆਪਣੀ ਥਾਂ ਤੋਂ ਕੁਝ ਕਦਮ ਹੋਰ ਪਿਛਾਂਹ ਹੋ ਗਿਆ ਅਤੇ ਇਸਦੇ ਨਾਲ ਹੀ ਉਸਨੇ ਗੋਲਿਆਂ ਦੀ ਭਖਦੀਲੀ ਬੰਬ ਤੇ ਵਾਛੜ ਵਾਂਗ ਗੋਲੀਆਂ ਦੀ ਅੱਗ ਵਰਖਾ ਸ਼ੁਰੂ ਕਰ ਦਿੱਤੀ।

ਜਿਸ ਸਮੇਂ ਸਰਾਂ ਦੇ ਵਡੇ ਲੋਹੇ ਦੇ ਦਰਵਾਜ਼ੇ ਬਾਹਰਲੇ ਸਾਮਾਨ ਘਰ ਵਿਚਲੀਆਂ ਸਟੀਲ ਦੀਆ ਅਲਮਾਰੀਆਂ, ਖਜ਼ਾਨਚੀਆਂ ਦੇ ਕਮਰਿਆਂ ਅੰਦਰਲੇ ਗੋਲਿਆਂ ਪੇਟੀਆਂ ਅਤੇ ਯਾਤਰੂਆਂ ਦਾ ਸਮਾਨ ਰਖਣ ਲਈ ਬਣਾਏ ਹੋਏ ਲਕੜ ਤੇ ਲੋਹੇ ਦੇ ਹਜ਼ਾਰਾਂ ਤਖਤਿਆਂ ਆਦਿ ਦੇ ਜਗਾਣ ਚੋਂ



ਹਜ਼ਾਰਾਂ ਹੀ ਗੋਲੀਆਂ ਤਾਬੜ ਤੋੜ ਵਿਚ ਆਰ ਪਾਰ ਹੋ ਰਹੀਆਂ ਸਨ ਤਾਂ ਉਸ ਸਮੇਂ ਇਸਤਰਾਂ ਜਾਪ ਰਿਹਾ ਤੇ ਸੁਣਾਈ ਦੇ ਰਿਹਾ ਸੀ ਕਿ ਜਿਵੇਂ ਕਿਸੇ ਵਿਸ਼ਾਲ ਲੁਹਾਰਾ ਮਾਰਕੀਟ ਅੰਦਰ ਕੰਮ ਕਰ ਰਹੇ ਹਜ਼ਾਰਾਂ ਹੀ ਲੁਹਾਰ ਮਜ਼ਦੂਰ ਲੋਹੇ ਤੇ ਟੀਨ ਦੀਆਂ ਚਾਦਰਾਂ ਨੂੰ ਹਥੌੜਿਆਂ ਛੈਣੀਆਂ ਤੇ ਸੁੰਬਿਆਂ ਦੀਆਂ ਪੈ ਦਰ ਪੈ ਮਾਰਾਂ ਨਾਲ ਜ਼ਿਦੋ-ਜ਼ਿਦੀ ਛਾਨਣੋਂ-ਛਾਨਣੀ ਕਰ ਰਹੇ ਹੋਣ ਅਤੇ ਉਹਨਾਂ ਦੇ ਆਕਾਰ 'ਚ ਲੱਖਾਂ ਚਿੱਪਰ ਬੇਟੀਆਂ ਰੋਢ ਰਹੇ ਹੋਣ।

ਗੁਰੂ ਰਾਮ ਦਾਸ ਸਰਾਂ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੇ ਹੁੰਦਿਆਂ ਹੋਇਆਂ ਵੀ ਸਭ ਪਾਸੇ ਸੁੰਨਤਾ ਤੇ ਖਾਮੋਸ਼ੀ ਛਾਈ ਹੋਈ ਸੀ, ਹੁਣ ਉੱਥੇ ਕੁਰਲਾਹਟ ਤੇ ਹਾਹਾਕਾਰ ਮੱਚੀ ਹੋਈ ਸੀ। ਸਰਾਂ ਦੇ ਬਾਹਰਲੇ ਸਭ ਕਮਰੇ ਤੇ ਗੁਦਾਮ ਨੁਮਾ ਸਾਮਾਨ ਘਰ ਅਤੇ ਲੋਹੇ ਦੇ ਵਡੇ ਗੇਂਬਰੀ ਦਰਵਾਜ਼ੇ ਦੇ ਨਾਲ ਅੰਦਰ ਕਰਕੇ ਪੈਂਦੇ ਬਿਸਤਰਿਆਂ ਅਰਥਾਤ ਦਰੀਆਂ, ਚਾਦਰਾਂ, ਰਜ਼ਾਈਆਂ, ਤਲਾਈਆਂ, ਕੰਬਲਾਂ ਤੇ ਸਰ੍ਹਾਣਿਆਂ ਨਾਲ ਭਰੇ ਹੋਏ ਮਾਲ ਗੁਦਾਮ ਅੱਗ ਦੀ ਲਪੇਟ ਵਿਚ ਸਨ। ਇਸ ਤੋਂ ਇਲਾਵਾ ਧੂਏਂ ਅੱਗ ਨਾਲ ਭਰੇ ਵਰੋਲਿਆਂ ਵਿਚ ਘਿਰੀਆਂ ਹੋਈਆਂ ਆਮ ਯਾਤਰੂ ਸੰਗਤਾਂ ਅਤੇ ਬੀਬੀਆਂ ਬੱਚਿਆਂ ਦੀਆਂ ਚੀਕਾਂ ਕੂਕਾਂ, ਕੁਰਲਾਹਟ ਤੇ ਹਾਹਾਕਾਰ ਦੀਆਂ ਦਰਦ ਭਰੀਆਂ ਆਵਾਜ਼ਾਂ ਨੇ ਧਰਤੀ ਅਕਾਸ਼ ਨੂੰ ਕੰਬਾ ਕੇ ਰੱਖ ਦਿੱਤਾ ਸੀ।

ਦਰਬਾਰ ਸਾਹਿਬ ਨੂੰ ਪਿਠ ਕਰਕੇ ਅਤੇ ਸਰਾਂ ਵੱਲ ਨੂੰ ਰੁਖ ਕਰਕੇ ਖਲੋਤੇ ਹੋਏ ਟੈਂਕ ਅੰਦਰ ਬੀੜ ਰਖੀਆਂ ਮਸ਼ੀਨ ਗੰਨਾਂ ਦੇ ਕਾਰਨ ਪੈਦਾ ਹੋਈ ਇਸ ਪਰਲੋ ਵਰਗੀ ਹਾਲਤ ਤੋਂ ਇਸਤਰਾਂ ਭਾਸਦਾ ਸੀ ਕਿ ਜਿਵੇਂ ਮੌਤ ਤੇ ਤਬਾਹੀ ਦੇ ਫਰਿਸ਼ਤੇ ਕੁਝ ਛਿਣਾ ਪਲਾਂ ਦੇ ਵਿਚ ਵਿਚ ਹੀ ਸਰਾਂ ਨੂੰ ਨਿਗਲ ਜਾਣਗੇ ਪਰ ਜਿਉਂ ਹੀ ਮੌਤ ਵੰਡਦੇ ਤੇ ਅੱਗ ਉਗਲਛਦੇ ਹੋਏ ਟੈਂਕ ਨੇ ਅੱਗ ਦਾ ਭਖੜ ਭਲਾਉਂਦਾ ਬੰਦ ਕੀਤਾ ਤਾਂ ਇਕ ਵਾਰ ਫਿਰ ਸਮੁੱਚੀ ਸਰਾਂ ਦੇ ਵਾਤਾਵਰਨ ਵਿਚ ਮੌਤ ਵਰਗੀ ਚੁੱਪ ਜਿਹਾ ਸਨਟਾ ਛਾ ਗਿਆ।

ਇਸ ਘਿਨਾਉਣੇ ਤੇ ਖੂਨੀ ਵਾਕਿਆ ਦੇ ਵਾਪਰਨ ਤਾਂ ਝੱਟ ਦੀ ਪਿਛੋਂ ਫੌਜ ਦੀ ਇਕ ਹੋਰ ਟੁਕੜੀ ਸਰਾਂ ਦੇ ਪਿਛਲੇ ਪਾਸਿਓਂ ਗਲੀ ਬਾਗ ਵਾਲੀ ਨਾਲ ਲਗਦੇ ਗੇਟ 'ਚੋਂ ਸਰਾਂ ਅੰਦਰ ਦਾਖਲੇ ਹੋਈ ਅਤੇ ਇਸਦੇ ਨਾਲ ਹੀ ਸਿੰਘਾਂ ਹੱਥੋਂ ਮਾਰ ਖਾਣ ਵਾਲੇ ਫੌਜੀਆਂ 'ਚ ਬਚੇ ਹੋਏ ਸੈਨਕ ਵੀ ਆਪਣੇ ਲੁਕਣ ਉਹਲਿਆਂ ਤੇ ਆੜਾਂ ਓਟਾਂ ਨੂੰ ਛੱਡ ਕੇ ਸਰਾਂ ਅੰਦਰ ਦਾਖਲ ਹੋਣੇ ਸ਼ੁਰੂ ਹੋ ਗਏ।

ਜਿਸ ਸਮੇਂ ਇਹ ਫੌਜੀ ਸਰਾਂ ਵਿਚ ਦਾਖਲ ਹੋਏ ਸਨ ਤਾਂ ਉਸ ਸਮੇਂ ਸਭ ਪਾਸੇ ਸੁਨਸਾਨ ਵਰਤੀ ਹੋਈ ਸੀ ਤੇ ਕੋਈ ਵੀ ਵਿਅਕਤੀ ਉੱਚੀ ਸਾਹ ਲੈਂਦਾ ਪ੍ਰਤੀਤ ਨਹੀਂ ਸੀ ਹੋ ਰਿਹਾ। ਐਸੀ ਹਾਲਤ ਵਿਚ ਜੇਕਰ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ ਤਾਂ ਉਹ ਸਿਰਫ ਫੌਜੀ ਬੂਟਾਂ ਦੀ ਚੀਕ ਵਾਟ ਤੇ ਠੱਪ ਠੱਪ ਅਤੇ ਦਗੜ ਦਗੜ ਦੀਆਂ ਆਵਾਜ਼ਾ ਹੀ ਸਨ।

ਜਦ ਸਰਾਂ ਵਿਚ ਇਹ ਭਿਆਣਕ ਸਥਿਤੀ ਵਾਪਰ ਰਹੀ ਸੀ ਤਾਂ ਉਸ ਸਮੇਂ ਸਮੁੰਦਰੀ ਹਾਲ ਦੇ ਹਾਲ ਦਾ ਹਾਰ ਸ਼ਿੰਗਾਰ ਬਣੀ ਬੈਠੇ ਪੰਥਕ ਆਗੂ ਪ੍ਰਧਾਨਗੀ ਕਮਰੇ ਵਿਚ ਆਪਣੇ ਲੱਗੇ ਬੱਧਿਆਂ ਨਾਲ ਦਰਵਾਜ਼ਿਆਂ ਖਿੜਕੀਆਂ ਨੂੰ ਬੰਦ ਕਰਕੇ ਤੇ ਅੰਦਰੋਂ ਕੁੰਡੇ ਕੁੰਡੀਆਂ ਮਾਰ ਕੇ ਚੁੱਪ ਚਾਪ ਦੜ ਵੱਟੀ ਬੈਠੇ ਸਨ ਪਰ ਜਿਉਂ ਹੀ ਫੌਜੀ ਦਸਤਾ ਆਪਣੇ ਅਫਸਰ ਦੀ ਕਮਾਂਡ ਵਿਚ ਸਰਾਂ 'ਚੋਂ ਦੀ ਹੁੰਦਾ

ਹੋਇਆ ਸਮੁੰਦਰੀ ਹਾਲ ਵਿਚ ਦਾਖਲ ਹੋਇਆ ਤਾਂ ਉਸਨੇ ਆਉਂਦਿਆਂ ਹੀ ਸਮੁੰਦਰੀ ਹਾਲ ਦੇ ਕੁਝ ਹਿੱਸੇ ਨੂੰ ਆਪਣੇ ਘੇਰੇ ਵਿਚ ਲੈ ਲਿਆ।

ਇਥੇ ਇਹ ਗੱਲ ਵਰਨਣ ਯੋਗ ਹੈ ਕਿ ਜਿੰਨਾ ਫੌਜੀ ਬੂਟਾਂ ਦੀ ਚੀਕ-ਵਾਣ, ਠੱਪ-ਠੱਪ ਤੇ ਦਗੜ-ਦਗੜ ਦੀਆਂ ਆਵਾਜ਼ਾਂ ਨੇ ਗੁਰੂ ਰਾਮ ਦਾਸ ਸਰਾਂ ਅੰਦਰ ਮੌਤ ਵਰਗੀ ਚੁੱਪ ਤੇ ਸੁੰਨਤਾ ਵਰਤਾ ਦਿੱਤੀ ਸੀ ਜਦ ਇਹ ਆਵਾਜ਼ਾਂ ਸਮੁੰਦਰੀ ਹਾਲ ਦੇ ਕੰਨੀ ਪਈਆਂ ਤਾਂ ਉਥੇ ਪਿਛਲੇ ਕਿੰਨਿਆਂ ਹੀ ਪਹਿਰਾਂ ਤੋਂ ਸਹਿਮੀ ਸਿਮਟੀ ਹੋਈ ਤੇ ਮੁਰਝਾਈ ਹੋਈ ਜ਼ਿੰਦਗੀ ਵਿਚ ਇਕ ਚਮਕ ਜਿਹੀ ਪੈਦਾ ਹੋਈ ਤੇ ਉਸ ਉੱਪਰ ਪਤਲੇ ਜਿਹੇ ਖੇੜੇ ਦੀ ਪਰਤ ਤਰਦੀ ਵਿਗਸਦੀ ਹੋਈ ਪ੍ਰਤੀਤ ਹੋਣ ਲਗੀ।

ਪੰਥਕ ਆਗੂਆਂ ਤੇ ਜਥੇਦਾਰਾਂ ਦੀਆਂ ਗਮ ਫਿਕਰ ਤੇ ਚਿੰਤਾ ਨਾਲ ਅੰਦਰ ਵੱਲ ਨੂੰ ਡੂੰਘੀਆਂ ਧਸੀਆਂ ਹੋਈਆਂ ਅੱਖਾਂ ਮੁੜ ਆਪਣੀ ਥਾਂ 'ਤੇ ਆਉਂਦੀਆਂ ਦਿੱਸਣ ਲੱਗੀਆਂ। ਫੌਜੀ ਬੂਟਾਂ ਦੀਆਂ ਆਵਾਜ਼ਾਂ ਸੁਨਣ ਤੋਂ ਬਾਅਦ ਪੰਥਕ ਆਗੂਆਂ ਦੇ ਚੇਹਰੇ ਉੱਪਰ ਕਿਸੇ ਅਗੰਮੀ ਆਸ ਉਮੀਦ ਦੀ ਕਿਰਨ ਦੇ ਖੇੜਨ ਕਾਰਨ ਉਹਨਾਂ ਦੇ ਦਿਲਾਂ ਵਿਚ ਘਰ ਕਰੀ ਬੈਠੀ ਘਬਰਾਹਟ ਦੀ ਥਾਂ ਚੈਣ ਤੇ ਧਰਵਾਸ ਨੇ ਮੱਲ ਲਈ ਜਿਸ ਕਰਕੇ ਉਹਨਾਂ ਦੇ ਦਿਲਾਂ ਵਿਚ ਅਤੇ ਉਹਨਾਂ ਦੇ ਆਲੇ ਦੁਆਲੇ ਛਾਇਆ ਹੋਇਆ ਜਥੇ ਦੇ ਜੁਝਾਰੂ ਸਿੰਘਾਂ ਦਾ ਡਰ ਅਤੇ ਫੈਡਰੇਸ਼ਨ ਦੇ ਜਵਾਨਾਂ ਪ੍ਰਤੀ ਸ਼ੰਕਿਆਂ-ਵਿਸਵਸਿਆਂ ਵਾਲਾ ਮਾਹੌਲ ਹੁਣ ਉਹਨਾਂ ਨੂੰ ਸ਼ਾਂਤ, ਸੁਖਾਵਾਂ ਤੇ ਸੁਰਖਸ਼ਤ ਪ੍ਰਤੀਤ ਹੋਣ ਲੱਗਾ।

ਅਸਲ ਵਿਚ ਇਹੋ ਕਾਰਨ ਸੀ ਕਿ ਜਦੋਂ ਹੀ ਇਨ੍ਹਾਂ ਪੰਥਕ ਆਗੂਆਂ ਨੇ ਫੌਜੀ ਬੂਟਾਂ ਦੀਆਂ ਆਵਾਜ਼ਾਂ ਸੁਣੀਆਂ ਤਾਂ ਉਸ ਸਮੇਂ ਇਨ੍ਹਾਂ ਦੀਆਂ ਆਪਸ ਵਿਚ ਅਤੇ ਆਪਣੇ ਕੁਝ ਇਕ ਚਹੇਤਿਆਂ ਨਾਲ ਤੇ ਖਾਸ ਤੌਰ 'ਤੇ ਬਲਵੰਤ ਸਿੰਘ ਰਾਮੂਵਾਲੀਏ ਨਾਲ, ਆਲੇ ਦੁਆਲੇ ਵਿਚ ਪਸਰੇ ਹੋਏ ਹਨੇਰੇ 'ਚ ਵੀ ਅੱਖਾਂ ਦੋ ਚਾਰ ਹੋ ਗਈਆਂ। ਬਲਵੰਤ ਸਿੰਘ ਰਾਮੂਵਾਲੀਏ ਦੀਆਂ ਅੱਖਾਂ ਤਾਂ ਸੰਤ ਹਰਚੰਦ ਸਿੰਘ ਲੌਂਗੋਵਾਲ, ਸ੍ਰ: ਗੁਰਚਰਨ ਸਿੰਘ ਟੌਹੜਾ, ਜਥੇਦਾਰ ਬੱਗਾ ਸਿੰਘ ਤੇ ਗੁਰਚਰਨ ਸਿੰਘ ਸਕੱਤਰ ਦੀਆਂ ਨਜ਼ਰਾਂ ਨੂੰ ਨਜ਼ਰਾਂ ਹੀ ਨਜ਼ਰਾਂ ਵਿਚ ਕੋਈ ਡੂੰਘੀ ਰਮਜ਼ ਵਾਲੀ ਗੱਲ ਸਮਝਾ ਗਈਆਂ ਜਿਸ ਕਰਕੇ ਬਿਨਾ ਕਿਸੇ ਹੀਲ ਹੁੱਜਤ ਤੇ ਵਿਸਵਸੇ ਦੇ ਸਮੁੰਦਰੀ ਹਾਲ ਦੇ ਕਮਰਿਆਂ ਅੰਦਰਲੇ ਕੁੰਡੇ ਕੁੰਡੀਆਂ ਖੁਲ੍ਹਣੇ ਸ਼ੁਰੂ ਹੋ ਗਏ ਅਤੇ ਇਸਦੇ ਨਾਲ ਹੀ ਬਲਵੰਤ ਸਿੰਘ ਰਾਮੂਵਾਲੀਆ, ਗੁਰਚਰਨ ਸਿੰਘ ਸਕੱਤਰ ਤੇ ਜਥੇਦਾਰ ਬੱਗਾ ਸਿੰਘ ਆਦਿ ਫੌਜੀ ਦਸਤੇ ਦੇ ਸਵਾਗਤ ਲਈ ਬਾਹਰ ਬਰਾਮਦੇ ਵਿਚ ਜਾ ਖਲੋਤੇ।

ਜਿਸ ਸਮੇਂ ਸਮੁੰਦਰੀ ਹਾਲ ਦੇ ਇਹ ਜੋਧੇ ਬਾਹਰ ਬਰਾਮਦੇ ਵਿਚ ਆਏ ਤਾਂ ਉਸ ਸਮੇਂ ਸਮੁੰਦਰੀ ਹਾਲ ਦੇ ਉੱਤਰ ਪਛਮ ਵੱਲ ਦੇ ਭਾਗ ਦੁਆਲੇ ਅਰਧ ਘੇਰੇ ਦੀ ਸ਼ਕਲ ਵਿਚ ਘੇਰਾ ਪਾਈ ਖਲੋਤੇ ਸੈਨਕਾਂ 'ਚੋਂ ਕੁਝ ਸੈਨਕ ਬਿਜਲੀ ਦੀ ਤੇਜ਼ੀ ਵਾਂਗ ਰਾਈਫਲਾਂ ਤਾਣੀ ਤੇ ਸਟੇਨ ਗੰਨਾ ਕੱਸੀ ਉਹਨਾਂ ਵੱਲ ਅੱਗੇ ਵਧੇ। ਉਹਨਾਂ ਉੱਪਰ ਹਮਲਾ ਕਰਨ ਜਾਂ ਉਹਨਾਂ ਨੂੰ ਨੇੜਿਓਂ ਹੋਕੇ ਮੌਤ ਦੇ ਘਾਟ ਉਤਾਰਨ ਲਈ ਨਹੀਂ ਸਗੋਂ ਉਹਨਾਂ ਤੋਂ ਇਹ ਪੁਛਣ ਲਈ ਕਿ ਲੌਂਗੋਵਾਲ ਸਾਹਿਬ ਤੇ ਟੌਹੜਾ ਸਾਹਿਬ ਕਿਸ ਕਮਰੇ ਵਿਚ ਨੇ।

ਉਸ ਸਮੇਂ ਫੌਜੀ ਸੈਨਕਾਂ ਦੇ ਵਤੀਰੇ ਤੋਂ ਸਾਫ ਪਤਾ ਲੱਗ ਰਿਹਾ ਸੀ ਕਿ ਉਹ ਲੌਂਗੋਵਾਲ ਸਾਹਿਬ ਤੇ ਟੌਹੜਾ ਸਾਹਿਬ ਨੂੰ ਛੇਤੀ ਛੇਤੀ ਆਪਣੀ ਹਿਫਾਜ਼ਤ ਵਿਚ ਲੈਣਾ ਚਾਹੁੰਦੇ ਹਨ ਅਤੇ ਉਹ ਆਪਣੇ ਅਫਸਰਾਂ ਦੀਆਂ ਹਦਾਇਤਾਂ ਤੇ ਉਹਨਾਂ ਦੇ ਆਦੇਸ਼ ਅਨੁਸਾਰ ਫੌਰੀ ਤੌਰ ਉੱਪਰ ਅਮਲ ਕਰਨਾ ਚਾਹੁੰਦੇ ਹਨ।



ਜਦ ਉਹਨਾਂ ਫੌਜੀਆਂ ਨੂੰ ਰਾਮੂਵਾਲੀਏ ਨੇ ਆਪਣਾ ਤੁਆਰਫ ਦੇਣ ਦੇ ਨਾਲ ਹੀ ਟੌਹੜਾ ਸਾਹਿਬ ਤੇ ਲੌਂਗੋਵਾਲ ਸਾਹਿਬ ਦੇ ਟਿਕਾਣੇ ਬਾਰੇ ਦੱਸਿਆ ਤਾਂ ਉਹਨਾਂ ਚੋਂ ਇਕ ਸੈਨਕ ਜੋ ਹੌਲਦਾਰ ਰੈਂਕ ਦਾ ਲਗਦਾ ਸੀ, ਬੜੀ ਤੇਜ਼ੀ ਨਾਲ ਮਾਰਚ ਕਰਦਾ ਹੋਇਆ ਸਮੁੰਦਰੀ ਹਾਲ ਦੀ ਇਮਾਰਤ ਤੋਂ ਕੁਝ ਕਦਮ ਦੇ ਫਾਸਲੇ ਉੱਪਰ ਟੌਹੜਾ ਸਹਿਬ ਦੇ ਸਰਾਂ ਨਾਲ ਲਗਦੇ ਰਹਾਇਸ਼ੀ ਕੁਆਟਰ ਦੇ ਦਰਵਾਜ਼ੇ ਪਾਸ ਕੁਝ ਸਿਪਾਹੀਆਂ ਨਾਲ ਖਲੋਤੇ ਹੋਏ ਫੌਜੀ ਅਫਸਰ ਦੇ ਸਨਮੁਖ ਫੌਜੀ ਅੰਦਾਜ਼ ਵਿਚ ਖਲੋਣ ਤੋਂ ਬਾਅਦ ਫੌਜੀ ਲਹਿਜੇ ਵਿਚ ਇਹ ਕਹਿੰਦਾ ਹੋਇਆ ਸਾਫ ਸੁਣਾਈ ਦੇ ਰਿਹਾ ਸੀ। 'ਸਾਹਿਬ, ਆਪ ਇਧਰ ਤਲਾਸ਼ ਕਰ ਰਹੇ ਹੈਂ, ਟੌਹੜਾ ਸਾਹਿਬ ਔਰ ਲੌਂਗੋਵਾਲ ਸਾਹਿਬ ਤੋ ਉਸ ਬੜੀ ਇਮਾਰਤ ਮੇਂ ਹੈਂ।'

ਕੁਝ ਪਲਾਂ ਬਾਅਦ ਜਦ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ੍ਰ: ਗੁਰਚਰਨ ਸਿੰਘ ਟੌਹੜਾ ਨੂੰ ਸਮੁੰਦਰੀ ਹਾਲ 'ਚੋਂ ਗੁਰੂ ਰਾਮ ਦਾਸ ਸਰਾਂ ਵੱਲ ਨੂੰ ਲੈ ਜਾਇਆ ਜਾ ਰਿਹਾ ਸੀ ਤਾਂ ਉਸ ਸਮੇਂ ਇਸਤਰਾਂ ਵਿਖਾਈ ਦੇ ਰਿਹਾ ਸੀ ਕਿ ਜਿਵੇਂ ਕਰੋੜਾਂ ਰੁਪਏ ਦੇ ਕਿਸੇ ਸਰਕਾਰੀ ਖਜ਼ਾਨੇ ਨੂੰ ਫੌਜ ਦੇ ਜ਼ਬਰਦਸਤ ਪਹਿਰੇ ਤੇ ਪ੍ਰਬੰਧ ਵਿਚ ਇਕ ਥਾਂ ਤੋਂ ਦੂਸਰੀ ਥਾਂ ਉੱਪਰ ਲੈ ਜਾਇਆ ਜਾ ਰਿਹਾ ਹੁੰਦਾ ਹੈ।

# 34.

ਦੋਹਵੇਂ ਪੰਥਕ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ੍ਰ: ਗੁਰਚਰਨ ਸਿੰਘ ਟੌਹੜਾ ਤੇ ਕੁਝ ਹੋਰ ਵਿਅਕਤੀ ਜਿੰਨਾ ਵਿਚ ਬੀਬੀ ਅਮਰਜੀਤ ਕੌਰ (ਧਰਮਪਤਨੀ ਸ਼ਹੀਦ ਭਾਈ ਫੌਜਾ ਸਿੰਘ) ਵੀ ਸ਼ਾਮਲ ਸੀ, ਹੁਣ ਗੁਰੂ ਰਾਮਦਾਸ ਸਰਾਂ ਦੇ ਇਕ ਕਮਰੇ ਵਿਚ ਫੌਜ ਦੀ ਸਖਤ ਨਗਰਾਨੀ ਹੇਠ ਬੈਠੇ ਹੋਏ ਸਨ।

ਜਿਸ ਕਮਰੇ ਵਿਚ ਇਹ ਦੋਹਵੇਂ ਪੰਥਕ ਨੇਤਾ ਬੈਠੇ ਹੋਏ ਸਨ ਉਸਦੇ ਆਲੇ ਦੁਆਲੇ ਬੜਾ ਜ਼ਬਰਦਸਤ ਪਹਿਰਾ ਲਗਾ ਦਿਤਾ ਗਿਆ ਸੀ ਅਤੇ ਉਸਦੇ ਅੰਦਰ ਤਾਂ ਕੀ ਉਸਦੇ ਪਾਸ ਵੀ ਕੋਈ ਆਮ ਵਿਅਕਤੀ ਸਿੱਧੀ ਪਹੁੰਚ ਕਰਨ ਦੀ ਦਲੇਰੀ ਨਹੀਂ ਸੀ ਕਰ ਸਕਦਾ।

ਸਮੁੰਦਰੀ ਹਾਲ 'ਚੋਂ ਭਾਰੀ ਗਿਣਤੀ ਵਿਚ ਜਿੰਨਾ ਹੋਰਨਾਂ ਸਿੰਘਾਂ ਨੂੰ ਸਰਾਂ ਵਿਚ ਲਿਆਂਦਾ ਗਿਆ ਸੀ ਉਹਨਾਂ ਨੂੰ ਸਰਾਂ ਦੇ ਬਰਾਮਦਿਆਂ ਵਿਚ ਬਠਾਇਆ ਜਾ ਰਿਹਾ ਸੀ ਅਤੇ ਸਰਾਂ ਦੇ ਵੱਖ ਵੱਖ ਕਮਰਿਆਂ ਦੇ ਅੰਦਰ ਹਜ਼ਾਰਾਂ ਦੀ ਗਿਣਤੀ 'ਚ ਬੈਠੀਆਂ ਖਲੋਤੀਆਂ ਹੋਈਆਂ ਸੰਗਤਾਂ ਨੂੰ ਵੀ ਬੜੇ ਅਨ-ਮਨੁੱਖੀ ਤੇ ਘਿਨਾਉਣੇ ਢੰਗ ਨਾਲ ਬਾਹਰ ਬਰਾਮਦਿਆਂ ਤੇ ਸੇਹਨ ਵਿਚ ਬੈਠਣ ਦੇ ਗੰਦੇ ਤੋਂ ਗੰਦੇ ਬੋਲਾਂ ਵਿਚ ਆਦੇਸ਼ ਦਿੱਤੇ ਜਾ ਰਹੇ ਸਨ। ਇਥੋਂ ਤੱਕ ਕਿ ਫੌਜੀਆਂ ਵਲੋਂ ਸਿੰਘਾਂ ਦੀਆਂ ਧੌਣਾ, ਮਗਰਾਣਾਂ, ਪਿੰਨਾਂ ਪਸਲੀਆਂ ਤੇ ਵਖੀਆਂ ਵਿਚ ਬੱਟ ਮਾਰ ਮਾਰ ਕੇ ਅਤੇ ਉਹਨਾਂ ਦੇ ਖੁੱਚਾਂ, ਸਕਤੇਜਾਂ ਤੇ ਗੋਡਿਆਂ ਉੱਪਰ ਫੌਜੀ ਬੂਟਾਂ ਦੇ ਠੁੱਡੇ ਮਾਰ ਮਾਰ ਕੇ ਉਹਨਾਂ ਨੂੰ ਇਕ ਥਾਂ ਤੋਂ ਦੂਸਰੀ ਥਾਂ ਅਤੇ ਦੂਸਰੀ ਤੋਂ ਫਿਰ ਤੀਸਰੀ ਥਾਂ ਉੱਪਰ ਬੈਠਣ ਉੱਠਣ ਦੀ ਪੂਰੀ ਪੂਰੀ ਬੇਕਿਰਦੀ ਨਾਲ ਪੀ ਟੀ ਪਰੇਡ ਕਰਵਾਈ ਜਾ ਰਹੀ ਸੀ।

ਪੰਥ ਦੇ ਦੋਹਵਾਂ ਨੇਤਾਵਾਂ ਨੂੰ ਆਪਣੀ ਨਗਰਾਨੀ ਹੇਠ ਗੁਰੂ ਰਾਮ ਦਾਸ ਸਰਾਂ ਦੇ ਕਮਰੇ ਵਿਚ ਲਿਆਉਣ ਵਾਲੇ ਫੌਜੀ ਅਫਸਰ ਦੇ ਵਤੀਰੇ ਤੋਂ ਇਸਤਰਾਂ ਪਰਗਟ ਹੋ ਰਿਹਾ ਸੀ ਕਿ ਉਸਦਾ ਕੰਮ ਸਿਰਫ ਟੌਹੜਾ ਸਾਹਿਬ ਤੇ ਲੌਂਗੋਵਾਲ ਸਾਹਿਬ ਦੀ ਨਿਗਰਾਨੀ ਤੇ ਸੁਰਖਸ਼ਾ ਤੱਕ ਹੀ ਸੀਮਤ ਹੁੰਦਾ ਹੈ ਬਾਕੀ ਦੀਆਂ ਸੰਗਤਾਂ ਤਾਂ ਉਸਦੀਆਂ ਨਜ਼ਰਾਂ ਵਿਚ ਕੀੜਿਆਂ ਮਕੌੜਿਆਂ ਅਤੇ ਪਸ਼ੂਆਂ ਜਾਨਵਰਾਂ ਦਾ ਦਰਜਾ ਹੀ ਰਖਦੀਆਂ ਜਾਪਦੀਆਂ ਸਨ। ਜਿਸ ਕਰਕੇ ਉਹ ਆਪਣੇ ਫੌਜੀ ਜਵਾਨਾਂ ਨੂੰ ਹੇਠ ਉੱਪਰ ਇਹ ਗੱਲ ਕਈ ਵਾਰ ਅਰਥਾਤ ਬਾਰ ਬਾਰ ਦੁਹਰਾ ਚੁੱਕਾ ਸੀ ਕਿ 'ਅਗਰ ਉਨ ਬਰਾਮਦੇ ਵਾਲੇ ਲੋਗੋਂ ਮੇਂ ਸੇ ਕੋਈ ਭੀ ਆਦਮੀ ਇਧਰ ਆਨੇ ਕੀ ਕੋਸ਼ਸ਼ ਕਰਤਾ ਦਿਖਾਈ ਦੇ ਤੋ ਉਸ ਕੋ ਵਹੀਂ ਪਰ ਹੀ ਗੋਲੀ ਸੇ ਉੜਾ ਦੋ। ਯੇਹ ਸਭ ਲੋਗ ਭਾਰਤ ਕੇ ਦੁਸ਼ਮਨ ਹੈਂ, ਗੱਦਾਰ ਹੈਂ, ਕਿਸੀ ਸਾਲੇ ਕੇ ਸਾਥ ਨਰਮੀ ਕਾ ਬਰਤਾਉ ਨਹੀਂ ਕਰਨਾ। ਇਨਕੀ ਸਿਰੀਆਂ ਸਾਂਪ ਕੀ ਤਰ੍ਹਾਂ ਕੁਚਲਣੀ ਹੈਂ। ਯੇਹ ਸਭ ਮੌਤ ਕੇ ਘਾਟ ਉਤਾਰਨੇ ਲਾਇਕ ਹੈਂ। ਜਿਸ ਕਿਸੀ ਕੀ ਭੀ ਛਾਤੀ ਔਰ ਗਰਦਨ ਸੀਧੀ ਨਜ਼ਰ ਆਏ ਉਸੇ ਉਸੀ ਵਕਤ ਉਸੀ ਜਗ੍ਹਾ ਪਰ ਢੇਰ ਕਰ ਦੋ, ਮੁਸਰੀ ਕੀ ਤਰ੍ਹਾਂ ਮੁਲਾ ਦੋ ਇਨ੍ਹ......।'



ਕੁਝ ਪਲ ਪਿੱਛੋਂ ਫੌਜੀ ਸੈਣਕਾਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਬਹੁਤ ਹੀ ਨਿਕਟ ਵਰਤੀ ਜਥੇਦਾਰਾਂ ਤੇ ਹੋਰ ਛੋਟੇ ਮੋਟੇ ਵਿਸ਼ਵਾਸ ਪਾਤਰ ਵਰਕਰਾਂ ਆਗੂਆਂ ਨੂੰ ਵੀ ਬਰਾਮਦਿਆਂ ਵਿਚ ਪਿਨਾਂ ਭਾਰ ਹੋਕੇ ਚੁੱਪ ਚਾਪ ਬੈਠੇ ਰਹਿਣ ਦੇ ਆਦੇਸ਼ ਦੇ ਦਿੱਤੇ ਸਨ ਜਿਸ ਕਰਕੇ ਜਥੇਦਾਰ ਬੱਗਾ ਸਿੰਘ ਗੁਰਚਰਨ ਸਿੰਘ ਸਕਤਰ ਤੇ ਲੌਂਗੋਵਾਲ ਸਾਹਿਬ ਦੇ ਬਾਡੀ ਗਾਰਡ ਆਦਿ ਸਭ ਵਿਅਕਤੀ ਔਂਜ ਘੱਟੇ ਮਿੱਟੀ ਵਾਲੀ ਥਾਂ 'ਤੇ ਨਿਧਰੇ ਹੀ ਬੈਠੇ ਹੋਏ ਸਨ। ਹਾਂ, ਇਸ ਸਮੇਂ ਜੇ ਫੌਜੀ ਅਫਸਰਾਂ ਨਾਲ ਕਿਸੇ ਵਿਅਕਤੀ ਦੀਆਂ ਰਮਜ਼ਾਂ ਮਿਲ ਰਹੀਆਂ ਸਨ ਤਾਂ ਉਹ ਸਿਰਫ ਇਕੋ ਇਕ ਵਿਅਕਤੀ ਬਲਵੰਤ ਸਿੰਘ ਰਾਮੂਵਾਲੀਆ ਹੀ ਸੀ, ਜੋ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਬੁਲਾਰਾ ਤੇ ਸਾਬਕਾ ਐਮ. ਪੀ. ਹੋਣ ਵਜੋਂ ਪਿਛਲੇ ਕੁਝ ਸਾਲਾਂ ਤੋਂ ਭਾਰਤ ਦੀ ਸੈਂਟਰ ਸਰਕਾਰ ਅਤੇ ਅਕਾਲੀ ਦਲ ਦੇ ਵਿਚਕਾਰ ਸਿਆਸੀ ਸੌਦੇਬਾਜ਼ੀਆਂ ਤੇ ਸਮਝੌਤਿਆਂ ਦੀਆਂ ਉਣਤੀਆਂ ਬੁਣਤੀਆਂ ਦੇ ਸਬੰਧ ਵਿਚ ਲਗਾਤਾਰ ਜੁਲਾਹਿਆਂ ਦੀ ਨਾਲ ਵਾਂਗ, ਇਧਰ ਉੱਧਰ ਫਿਰਦੇ ਰਹਿਣ ਵਜੋਂ ਭਾਰਤ ਸਰਕਾਰ ਦੀ ਪ੍ਰਮੁੱਖ ਲੀਡਰਸ਼ਿਪ ਤੇ ਨੌਕਰਸ਼ਾਹੀ ਦਾ ਪੂਰਾ ਪੂਰਾ ਹੱਥਠੋਕਾ ਤੇ ਵਿਸ਼ਵਾਸ ਪਾਤਰ ਵਿਅਕਤੀ ਬਣ ਚੁੱਕਾ ਸੀ। ਇਸੇ ਕਰਕੇ ਹੀ ਕੁਝ ਚਿਰ ਪਿੱਛੋਂ ਤਾਂ ਬਲਵੰਤ ਸਿੰਘ ਰਾਮੂਵਾਲੀਏ ਦੇ ਇਸ਼ਾਰੇ ਉੱਪਰ ਸਬੰਧਤ ਫੌਜੀ ਅਫਸਰ ਨੇ ਸ੍ਰ: ਭਾਨ ਸਿੰਘ ਸਕੱਤਰ ਐਸ. ਜੀ. ਪੀ. ਸੀ. ਅਤੇ ਸ੍ਰ. ਅਬਨਾਸ਼ੀ ਸਿੰਘ ਪੀ ਏ, ਸ੍ਰ: ਗੁਰਚਰਨ ਸਿੰਘ ਟੌਹੜਾ, ਨੂੰ ਵੀ ਇਧਰ ਉਧਰ ਫਿਰਨ ਤੁਰਨ ਦੀ ਕਿਸੇ ਹੱਦ ਤੱਕ ਖੁੱਲ੍ਹ ਤੇ ਆਗਿਆ ਦੇ ਦਿੱਤੀ ਸੀ।

ਇਥੇ ਇਕ ਗੱਲ ਵਰਨਣ ਯੋਗ ਹੈ ਕਿ ਫੌਜੀ ਅਫਸਰ ਤੇ ਸੈਣਕ ਸਮੁੰਦਰੀ ਹਾਲ ਚੋਂ ਸਰਾਂ ਵਿਚ ਲਿਆਂਦੇ ਗਏ ਦੋਹਾਂ ਪੰਥਕ ਆਗੂਆਂ ਦੀ ਹਿਫਾਜ਼ਤ ਤਾਂ ਪੂਰੇ ਫੌਜੀ ਢੰਗ ਤਰੀਕੇ ਨਾਲ ਕਰ ਰਹੇ ਸਨ, ਪਰ ਇਸਦੇ ਬਾਵਜੂਦ ਉਥੇ ਮੌਜੂਦਾ ਹਰ ਫੌਜੀ ਦੇ ਵਤੀਰੇ ਤੇ ਉਸਦੇ ਮਾਨਸਿਕ ਰੁਝਾਨ ਤੋਂ ਇਕ ਗੱਲ ਸਾਫ ਨਜ਼ਰੀ ਆ ਰਹੀ ਸੀ ਕਿ ਉਹਨਾਂ ਦੇ ਮਨਾਂ ਵਿਚ ਇਨ੍ਹਾਂ ਆਗੂਆਂ ਪ੍ਰਤੀ ਵੀ ਰਾਈ ਦੇ ਇਕ ਦਾਣੇ ਜਿੰਨੀ ਵੀ ਇਜ਼ਤ ਨਹੀਂ ਸੀ। ਜਿਸ ਕਰਕੇ ਫੌਜੀ ਸੈਣਕ ਸਭ ਕੁਝ ਜਾਣਦਿਆਂ ਬੁਝਦਿਆਂ ਹੋਇਆਂ ਵੀ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਸ੍ਰ: ਗੁਰਚਰਨ ਸਿੰਘ ਟੌਹੜਾ ਦੇ ਸਾਹਮਣੇ ਹੀ ਕਮਰੇ ਦੇ ਅੰਦਰ ਬਾਹਰ ਸਿਗਰਟਾਂ ਦਾ ਧੂਆਂ ਕੁੰਡਲਾਂ ਤੇ ਫਰਾਟਿਆਂ ਦੀ ਸ਼ਕਲ ਵਿਚ ਬੇ ਝਿਜਕ ਹੋ ਛੱਡ ਰਹੇ ਸਨ।

ਪਰ ਜਦ ਸ੍ਰ: ਗੁਰਚਰਨ ਸਿੰਘ ਟੌਹੜਾ ਨੇ ਜ਼ਰਾ ਕੁ ਕੌੜ ਮਨਾਉਂਦਿਆਂ ਹੋਇਆਂ ਉਹਨਾਂ ਫੌਜੀਆਂ ਨੂੰ ਇਹ ਕਿਹਾ ਕਿ 'ਇਸ ਨਾਲੋਂ ਤਾਂ ਸਾਨੂੰ ਗੋਲੀ ਮਾਰ ਦਿਓ ਤਾਂ ਚੰਗਾ ਹੈ। ਤਾਂ ਅਗੋਂ ਇਕ ਗੁੱਸੇ ਨਾਲ ਤੇ ਨਫਰਤ ਨਾਲ ਭਰੇ ਪੀਤੇ ਹੋਏ ਫੌਜੀ ਦਾ ਕੁਝ ਇਸਤਰਾਂ ਦਾ ਜਵਾਬ ਸੀ, 'ਜਾਓ ਰੇ ਜਾਓ ਬੁੜ੍ਹਿਓ ਯੇਹ ਧਮਕੀ ਔਰ ਬਾਤੇਂ ਕਿਸੀ ਔਰ ਕੋ ਸੁਣਾਉ ਜਿਨਹੋਂ ਨੇ ਮਰਨਾ ਹੋਤਾ ਹੈ ਵੋਹ ਐਸੇ ਭੇਡ ਬਕਰੀਓਂ ਕੀ ਤਰ੍ਹਾਂ ਆਗੇ ਲਗ ਕਰ ਨਹੀਂ ਚੱਲ ਪੜਤੇ। ਆਗੂ ਹੋਗਾ ਤੋ ਤੂ ਆਪਣੇ ਕਾ ਹੋਗਾ, ਹਮ ਪਰ ਇਨ ਬਾਤੋਂ ਕਾ ਕੋਈ ਅਸਰ ਨਹੀਂ ਹੈ। ਲੋ, ਪੀਤਾ ਹੂੰ, ਅਗਰ ਬਾਪ ਕਾ ਹੈ ਤੋਂ ਹਟਾ ਕਰ ਦਿਖਾ।'

ਆਖਰਕਾਰ ਜਦ ਸਬੰਧਤ ਫੌਜੀ ਅਫਸਰ ਦੇ ਮੁੜ ਕਮਰੇ ਵਿਚ ਆਉਣ 'ਤੇ ਉਸ ਵੱਲੋਂ ਸਿਪਾਹੀਆਂ ਨੂੰ ਵਰਜਿਆ ਗਿਆ ਤਾਂ ਉਸ ਹਾਲਤ ਵਿਚ ਧੂੰਏਂ ਦੇ ਕੁੰਡਲਾਂ ਦੀ ਤੇ ਫਰਾਟਿਆਂ ਦੀ ਭਰਮਾਰ ਅਤੇ ਤੰਬਾਕੂ ਦੀ ਬੂ ਆਦਿ ਦੇ ਮਾਹੌਲ ਵਿਚ ਪਹਿਲਾਂ ਨਾਲੋਂ ਕੁਝ ਫਰਕ ਪੈ ਜਾਣ ਕਰਕੇ ਪੱਤਲਾ ਪਣ ਆ ਗਿਆ।

ਪਰ ਦੂਸਰੇ ਪਾਸੇ ਸਰਾਂ ਦੇ ਬਰਾਮਦਿਆਂ ਤੇ ਬਾਹਰ ਸੇਹਨ ਵਿਚ ਸੰਗਤਾਂ ਅਰਥਾਤ ਸਿੰਘ

ਸਿਘਣੀਆਂ ਤੇ ਬੱਚੇ ਬੱਚੀਆਂ, ਸ਼ਰਾਬ ਦੇ ਨਸ਼ੇ ਵਿਚ ਗੁੱਟ ਹੋਏ ਤੇ ਥਾਂ ਥਾਂ ਉੱਪਰ ਸਿਗਰਟ ਨੋਸ਼ੀ ਕਰ ਰਹੇ ਫੌਜੀਆਂ ਦੇ ਵਹਿਸ਼ਤ ਭਰੇ ਸਲੂਕ ਤੇ ਵਤੀਰੇ ਦਾ ਬੁਰੀ ਤਰਾਂ ਨਾਲ ਸ਼ਿਕਾਰ ਹੋ ਰਹੇ ਸਨ ਜਿਸ ਕਰਕੇ ਕੋਈ ਵੀ ਵਿਅਕਤੀ ਉਤਾਸਰਨ ਦੀ ਤੇ ਉੱਚੀ ਸਾਹ ਤੱਕ ਲੈਣ ਦੀ ਗੱਲ ਕਰਨ ਵਿਚ ਵਡਿਆਈ ਜਾਂ ਸਿਆਣਪ ਨਹੀਂ ਸੀ ਸਮਝਦਾ ਕਿਉਂਕਿ ਉਸ ਮਾਹੌਲ ਵਿਚ ਫੌਜੀਆਂ ਨੂੰ ਵਰਜਨ ਟੋਕਣ ਦਾ ਮਤਲਬ ਗੋਲੀ ਦਾ ਨਸ਼ਾਨਾ ਬਨਣ ਤੋਂ ਬਿਨਾ ਹੋਰ ਕੁਝ ਵੀ ਨਹੀਂ ਸੀ ਨਿਕਲ ਸਕਦਾ।

ਅਜੇ ਪਹੁਫੁਟਾਲੇ ਦਾ ਸਮਾਂ ਕਰਵਟਾਂ ਹੀ ਲੈ ਰਿਹਾ ਸੀ ਜਿਸ ਕਰਕੇ ਹਨੇਰੇ ਦਾ ਪਸਾਰਾ ਅਜੇ ਕਾਇਮ ਸੀ। ਸਰਾਂ ਤੋਂ ਬਾਹਰ ਤੋਪਾਂ ਦੀਆਂ ਗੂੰਜਾਂ, ਗੜਗੱਜਾਂ ਤੇ ਮਸ਼ੀਨਗੰਨਾਂ ਦੀਆਂ ਆਵਾਜ਼ਾਂ ਨਿਰੰਤਰ ਰੂਪ ਵਿਚ ਸੁਣਾਈ ਦੇ ਰਹੀਆਂ ਸਨ ਅਤੇ ਧਰਤ ਅਕਾਸ਼ ਤੇ ਕੰਪਲੈਕਸ ਦੇ ਅੰਦਰ ਬਾਹਰ ਦੀਆਂ ਸਭ ਇਮਾਰਤਾਂ ਜ਼ਬਰਦਸਤ ਧਮਾਕਾ ਕੰਬਣੀਆਂ ਦੀ ਲਪੇਟ ਵਿਚ ਆਈਆਂ ਹੋਈਆਂ ਸਨ।

ਐਸੀ ਸਥਿਤੀ ਵਿਚ ਸਰਾਂ ਅੰਦਰ ਹਜ਼ਾਰਾਂ ਦੀ ਗਿਣਤੀ ਵਿਚ, ਫੌਜੀ ਦਸਤਿਆਂ ਤੇ ਭਿਆਨਕ ਹਥਿਆਰਾਂ ਦੇ ਪਰਛਾਵੇਂ ਹੇਠ ਦਬਕੀ ਬੈਠੀ ਨਿਹੱਥੀ ਮਜਬੂਰ ਤੇ ਲਾਚਾਰ ਸੰਗਤ ਨੂੰ ਕੁਝ ਪਤਾ ਨਹੀਂ ਸੀ ਲੱਗ ਰਿਹਾ ਕਿ ਆਉਣ ਵਾਲੇ ਕੁਝ ਛਿਣਾ ਪਲਾਂ ਵਿਚ ਕੀ ਵਾਪਰਨ ਵਾਲਾ ਹੈ। ਉਸ ਸਮੇਂ ਲਗਪਗ ਸਭ ਦੇ ਮਨਾਂ ਵਿਚ ਇਹ ਸ਼ੰਕਾ ਵਿਸਵਸਾ ਤੇ ਡਬਕਾ ਬੈਠਾ ਹੋਇਆ ਸੀ ਕਿ ਇਸ ਨਵੇਂ ਦਿਨ ਦਾ ਸੂਰਜ ਉਹਨਾਂ ਲਈ ਚੰਗੇ ਸ਼ਗਨਾਂ ਦਾ ਭਾਗੀ ਸਿਧ ਨਹੀਂ ਹੋਵੇਗਾ। ਪਰ ਇਸਦੇ ਬਾਵਜੂਦ ਉਹ ਸੂਰਜ ਚੜ੍ਹਨ ਦੀ ਆਸ ਵਿਚ ਚੰਗੇ ਮਾੜੇ ਭਾਣੇ ਦੀ ਉਡੀਕ 'ਚ ਬੱਝੀਆਂ ਬੈਠੀਆਂ ਸਨ।

ਮਾਰੂ ਪ੍ਰਭਾਵ ਦੇ ਪਰਛਾਵਿਆਂ ਹੇਠ ਚੁੱਪ ਚਾਪ ਬੈਠੀਆਂ ਹੋਈਆਂ ਸੰਗਤਾਂ ਆਪਣੇ ਹੀ ਖਿਆਲਾਂ ਦੀ ਦੁਨੀਆਂ 'ਚ ਗੁੰਮ ਸਨ ਕਿ ਸਰਾਂ ਦੇ ਸੇਹਨ ਵਿਚ ਬੈਠੇ ਹੋਏ ਭਾਰੀ ਗਿਣਤੀ 'ਚ ਸਿੰਘਾਂ ਸਿੰਘਣੀਆਂ ਉੱਪਰ ਨਿਸੇ ਆਕਾਸ਼ ਬਿਜਲੀ ਦੀ ਤਰ੍ਹਾਂ ਦੇ ਸ਼ਕਤੀਸ਼ਾਲੀ ਬੰਬ ਗੋਲੇ ਉੱਪਰ ਤਲੀ ਦੀ ਆ ਕੇ ਡਿੱਗੇ।

ਇਹ ਬੰਬ ਗੋਲੇ ਕਾਹਦੇ ਸਨ, ਇਕ ਪਰਕਾਰ ਦਾ ਕਹਿਰ ਸਨ ਅਤੇ ਤਬਾਹੀ ਤੇ ਮੌਤ ਦਾ ਨਾਚ ਨਚੱਦੇ ਹੋਏ ਪ੍ਰਤਖ ਵਿਚ ਮੌਤ ਦੇ ਫਿਰਸ਼ਤੇ ਸਨ ਜਿਸ ਕਰਕੇ ਇਨ੍ਹਾਂ ਗੋਲਿਆਂ ਦੇ ਫਟਣ ਅਰਥਾਤ ਬੰਬ ਧਮਾਕਿਆਂ ਦੇ ਨਾਲ ਹੀ ਚੀਖਾਂ ਕੁਰਲਾਹਟਾਂ ਦੀਆਂ ਦਿਲ ਚੀਰਵੀਆਂ ਕੂਕਾਂ ਆਵਾਜ਼ਾਂ ਨਾਲ ਕੰਪਲੈਕਸ ਤੇ ਇਸਦੇ ਆਲੇ ਦੁਆਲੇ ਦਾ ਸਮੁੱਚਾ ਵਾਯੂ ਮੰਡਲ ਭਰ ਗਿਆ ਅਤੇ ਧਰਤੀ ਅਕਾਸ਼ ਕਈ ਪਲਾਂ ਤੱਕ ਕੁਰਲਾਉਂਦਾ ਰਿਹਾ।

ਇਸ ਤੋਂ ਇਲਾਵਾ ਇਨ੍ਹਾਂ ਬੰਬ ਗੋਲਿਆਂ ਦੇ ਡਿਗਣ ਫਟਣ ਦੇ ਨਾਲ ਹੀ ਮਨੁੱਖੀ ਜਿਸਮਾਂ ਦੇ ਮਾਸ ਲੋਥੜਿਆਂ ਤੇ ਥੋਟੀਆਂ ਦੇ ਫੰਬੇ ਅਤੇ ਬਾਹਾਂ ਤੇ ਹੱਥ ਪੈਰ ਚੌਫੇਰੇ ਦੀ ਦੂਰ ਦੂਰ ਤੱਕ ਖਿਲਰ ਗਏ ਅਤੇ ਲਹੂ ਦਾ ਜ਼ਬਰਦਸਤ ਛਰਾਟਾ ਚੌਫੇਰੇ ਹੀ ਆਪਣਾ ਰੰਗ ਤੇ ਅਸਰ ਵਿਖਾ ਗਿਆ। ਇਸ ਤੋਂ ਪਿਛੋਂ ਸਰਾਂ ਅੰਦਰ ਸਭ ਪਾਸੇ ਜ਼ਬਰਦਸਤ ਰੂਪ ਵਿਚ ਅਫਰਾਤਫਰੀ ਤੇ ਭਗਦੜ ਮੱਚ ਗਈ ਅਤੇ ਮਜਬੂਰ ਤੇ ਲਾਚਾਰ ਸੰਗਤਾਂ ਇਕ ਦੂਸਰੇ ਉੱਪਰ ਢੇਰੀ ਹੁੰਦੀਆਂ ਤੇ ਡਿਗਦੀਆਂ ਢਹਿੰਦੀਆਂ ਹੋਈਆਂ ਦਿਸਣ ਲਗੀਆਂ।

ਸਰਾਂ ਦੇ ਸੇਹਨ ਵਿਚ ਬੜਾ ਹੀ ਭਿਆਨਕ ਤੇ ਦਰਦਨਾਕ ਖੂਨੀ ਨਜ਼ਾਰਾ ਵੇਖਣ 'ਚ ਆ ਰਿਹਾ ਸੀ। ਥਾਂ ਥਾਂ ਉੱਪਰ ਮਨੁੱਖੀ ਸਰੀਰਾਂ ਦੇ ਲੋਥੜੇ ਤੇ ਧੋਟੀਆਂ ਦੇ ਟੁਕੜੇ ਖਿਲਰੇ ਹੋਏ ਤੇ ਇਧਰ ਉੱਧਰ ਦੀਵਾਰਾਂ ਨਾਲ ਚਿਪਕੇ ਹੋਏ ਨਜ਼ਰੀ ਪੈ ਰਹੇ ਸਨ। ਭਾਰੀ ਗਿਣਤੀ ਵਿਚ ਤੜਪਦੇ ਤੇ ਲੜਦੇ ਹੋਏ ਛੋਟੇ ਵੱਡੇ ਵਿਅਕਤੀ ਬੇਬਸੀ ਦੇ ਆਲਮ ਵਿਚ ਅੱਖਾਂ ਝਪਕ ਰਹੇ ਅਤੇ ਮੂੰਹ ਦੇ ਦਾਤ ਖੋਹਲਦੇ ਤੇ ਬੰਦ



ਕਰਦੇ ਹੋਏ ਦਿਸ ਰਹੇ ਸਨ ਪਰ ਉਹਨਾਂ ਦੇ ਮੂੰਹ ਵਿਚ ਦੋ ਬੂੰਦਾਂ ਪਾਣੀ ਪਾਉਣਾ ਵੀ ਕਿਸੇ ਨੂੰ ਨਸੀਬ ਨਹੀਂ ਸੀ ਹੋ ਰਿਹਾ।

ਸਰਾਂ ਵਿਚ ਵਾਪਰੇ ਇਸ ਖੂਨੀ ਤੇ ਘਿਨਾਉਣੇ ਵਾਕਿਆ ਤੋਂ ਇਸਤਰਾਂ ਸਪਸ਼ਟ ਹੋ ਰਿਹਾ ਸੀ ਕਿ ਜਿਵੇਂ ਹਿੰਦੂ ਸਾਮਰਾਜ ਸਿਖ ਸੰਗਤਾਂ ਵਿਚਕਾਰ ਮੌਤ ਦੇ ਫਰਿਸ਼ਤੇ ਦਾ ਰੂਪ ਧਾਰਨ ਕਰਕੇ ਤਾਂਡਵ ਨਾਚ ਤੇ ਕਲਜੋਗਨ ਨਾਚ ਨਚਣ ਦੇ ਨਾਲ ਨਾਲ ਕਹਿਰ ਤੇ ਪਰਲੋ ਆਦਿ ਸ਼ਬਦਾਂ ਦੀ ਸਾਕਾਰ ਰੂਪ ਵਿਚ ਵਿਆਖਿਆ ਕਰ ਰਿਹਾ ਹੁੰਦਾ ਹੈ। ਸਰਾਂ ਦੇ ਸੇਹਨ ਵਿਚ ਬੰਬ ਗੋਲੇ ਡਿਗਨ ਦੇ ਫਟਣ ਤੋਂ ਪਹਿਲਾਂ ਸਭ ਫੌਜੀ ਉਥੋਂ ਦੂਰ ਬਰਾਮਦਿਆਂ ਤੇ ਕਮਰਿਆਂ ਦੇ ਅੰਦਰ ਬਾਹਰ ਖਲੋਤੇ ਹੋਏ ਸਨ ਜਿਵੇਂ ਉਹਨਾਂ ਨੂੰ ਇਸ ਗੱਲ ਦੀਆਂ ਹਦਾਇਤਾਂ ਹੋਣ ਕਿ ਸਰਾਂ ਦੇ ਸੇਹਨ ਵਿਚ ਨਹੀਂ ਜਾਣਾ ਜਿਸ ਕਰਕੇ ਇਕ ਵੀ ਫੌਜੀ ਇਨ੍ਹਾਂ ਬੰਬ ਗੋਲਿਆਂ ਦਾ ਨਾ ਹੀ ਸ਼ਕਾਰ ਹੋਇਆ ਸੀ ਤੇ ਨਾ ਹੀ ਜ਼ਖਮੀ।

ਇਨ੍ਹਾਂ ਬੰਬਾਂ ਦੇ ਫਟਣ ਤੋਂ ਫੌਰਨ ਬਾਅਦ ਬਰਾਮਦਿਆਂ ਵਿਚ ਸਰਾਂ ਦੀ ਡਿਓੜੀ ਵਿਚ ਅਤੇ ਸਰਾਂ ਦੀਆਂ ਉਪਰਲੀਆਂ ਮੰਜ਼ਲਾਂ ਨੂੰ ਜਾਂਦੀਆਂ ਸੀਹੜੀਆਂ ਅਤੇ ਸਰਾਂ ਦੇ ਕਮਰਿਆਂ ਦੇ ਅੰਦਰ ਤੇ ਆਸ ਪਾਸ ਖਲੋਤੇ ਹੋਏ ਦਰਜਨਾਂ ਫੌਜੀਆਂ ਨੇ ਅਫਰਾ ਤਫਰੀ ਦਾ ਸ਼ਕਾਰ ਹੋ ਇਕ ਦੂਸਰੇ ਉਪਰ ਡਿੱਗ ਢੱਟ ਰਹੀਆਂ ਤੇ ਇਧਰ ਉਧਰ ਪਨਾਹ ਤੇ ਬੈਠਣ ਲਈ ਆਸਰਾ ਭਾਲ ਰਹੀਆਂ ਸੰਗਤਾਂ ਨੂੰ ਆਪਣਾ ਸ਼ਕਾਰ ਸਮਝ ਕੇ ਉਹਨਾਂ ਉਪਰ ਸਟੇਨ ਗੰਨਾਂ, ਕਾਰਬਾਈਨਜ਼ ਤੇ ਰਾਈਫਲਾਂ ਆਦਿ ਹਥਿਆਰਾਂ ਨਾਲ ਚੌਫੇਰਿਆਂ ਦੀ ਅਨ੍ਹੇ ਵਾਹ ਰੂਪ 'ਚ ਫਾਇਰਿੰਗ ਖੋਹਲ ਦਿਤੀ।

ਐਸੀ ਸਥਿਤੀ ਵਿਚ ਅੱਜ ਜਦੋਂ, ਸੈਂਕੜੇ ਸਾਲਾਂ ਤੱਕ ਵਿਦੇਸ਼ੀਆਂ ਹੱਥੋਂ ਜ਼ਲੀਲ ਤੇ ਰੁਸਵਾ ਹੁੰਦੇ ਰਹੇ ਤੇ ਕੁੱਟਾਂ ਮਾਰਾਂ ਖਾਂਦੇ ਰਹੇ ਹਿੰਦੂਆਂ ਦੀ ਔਲਾਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਜੇ ਨਵਾਜੇ ਹੋਏ ਖਾਲਸਾ ਪੰਥ ਨੂੰ ਬੜੀ ਬੇ ਕਦਰੀ ਨਾਲ ਮੌਤ ਦੇ ਘਾਟ ਉਤਾਰਨ ਲਈ ਚਾਂਬਲੀ ਫਿਰਦੀ ਸੀ ਅਤੇ ਨਿਹੱਥੀਆਂ ਸੰਗਤਾਂ ਦੇ ਲਹੂ ਵਿਚ ਹੱਥ ਰੰਗ ਰਹੀ ਸੀ ਤਾਂ ਉਸ ਸਮੇਂ ਮੈਨੂੰ ਬਾਰ ਬਾਰ ਇਸ ਗੱਲ ਦਾ ਅਹਿਸਾਸ ਹੋ ਰਿਹਾ ਸੀ ਕਿ ਬਲਵਾਨ ਤੇ ਜੁਝਾਰੂ ਕੌਮਾਂ ਦੇ ਵਿਅਕਤੀ ਰਾਜਸੀ ਸ਼ਕਤੀ ਤੇ ਜੰਗੀ ਸਾਧਨ ਵਸੀਲਿਆਂ ਤੋਂ ਵਾਂਝੇ ਹੋਣ ਦੀ ਹਾਲਤ ਵਿਚ ਹਥਿਆਰ ਬੰਦ ਮੂਜ਼ੀ ਤੇ ਕਾਇਰ ਲੋਕਾਂ ਦੇ ਮੁਕਾਬਲੇ ਕਿਵੇਂ ਬੇਬਸ ਤੇ ਲਾਚਾਰ ਹੋਕੇ ਰਹਿੰਦੇ ਜਾਂਦੇ ਨੇ।

ਅੱਜ ਭਾਰਤ ਸਰਕਾਰ ਦੀ ਫੌਜ ਆਪਣੇ ਜੰਗੀ ਸਾਧਨ ਵਸੀਲਿਆਂ ਤੇ ਭਿਆਨਕ ਹਥਿਆਰਾਂ ਅਤੇ ਆਪਣੀ ਪਿਠ 'ਤੇ ਖਲੋਤੇ ਸਮੁੱਚੇ ਹਿੰਦੂ ਸਾਮਰਾਜ ਦੀ ਰਾਜਸੀ ਸ਼ਕਤੀ ਦੇ ਬਲ ਬੋਤੇ ਉੱਪਰ ਸਿੰਘਾਂ ਸਿੰਘਣੀਆਂ ਨੂੰ ਗੁਰੂ ਘਰ ਦੇ ਅੰਦਰ ਹੀ ਇਸ ਕਰਕੇ ਕੁਚਲ ਰਹੀ ਤੇ ਮੌਤ ਦੇ ਘਾਟ ਉਤਾਰ ਰਹੀ ਸੀ ਕਿ ਖਾਲਸਾ ਪੰਥ ਪਾਸ ਮੁਕਾਬਲੇ ਵਿਚ ਆਪਣਾ ਰਾਜ ਭਾਗ ਨਹੀਂ ਸੀ। ਖਾਲਸਾ ਪੰਥ ਦਾ ਅੱਜ ਇਹ ਵੀ ਬਹੁਤ ਵੱਡਾ ਦੁਖਾਂਤ ਸੀ ਕਿ ਪੰਥਕ ਆਗੂਆਂ ਨੇ ਸਿਖ ਕੌਮ ਦੀ ਝੋਲੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਵਿਚਾਰਧਾਰਾ, ਸੋਚ ਨੀਤੀ ਤੇ ਕਾਰਜ ਕਰਮ ਨੂੰ ਪਾਉਣ ਦੀ ਬਜਾਏ 'ਅਹਿੰਸਾ ਪਰਮੋ ਧਰਮਾ ਤੇ ਗਾਂਧੀਵਾਦੀ ਨੀਤੀ' ਅਨੁਸਾਰ ਸ਼ਾਂਤ ਮਈ ਸਤਿਆਗ੍ਰਹਿ ਦੇ ਪੰਥ ਵਿਰੋਧੀ ਅਰਥਾਤ ਗੁਰਮਤ ਵਿਰੋਧੀ ਸਿਧਾਂਤ ਤੇ ਨਜ਼ਰੀਏ ਨੂੰ ਪਾ ਛੱਡਿਆ ਸੀ। ਜਿਸਦੇ ਸਿੱਟੇ ਵਿਚੋਂ ਅੱਜ ਹਿੰਦੂ ਸਾਮਰਾਜ ਦੀ ਸੈਣਾ ਸਿੰਘ ਸਿੰਘਣੀਆਂ ਤੇ ਭੁਝੰਗੀਆਂ ਭੁਝੰਗਣਾਂ ਨੂੰ ਗੁਰੂਘਰ ਦੇ ਅੰਦਰ ਹੀ ਬੁਰੀ ਤਰ੍ਹਾਂ ਨਾਲ ਕੁਚਲ ਰਹੀ ਤੇ ਉਹਨਾਂ ਦੇ ਲਹੂ ਵਿਚ ਹੱਥ ਰੰਗ ਰਹੀ ਸੀ। ਗੱਲ ਕੀ ਕਿ ਸਭ ਫੌਜੀ ਆਪਣੀ ਆਪਣੀ ਥਾਂ 'ਤੇ ਚੰਗੇਜ਼ ਖਾਂ ਬਣੀ ਬੈਠੇ ਸਨ।

ਭਾਰਤੀ ਫੌਜ ਗੁਰੂ ਰਾਮਦਾਸ ਸਰਾਂ ਦੇ ਅੰਦਰ ਆਪਣੇ ਖੂਨੀ ਕਾਰੇ ਦਾ ਇਕ ਪੜਾ ਪਾਰ ਕਰ ਚੁੱਕੀ

ਸੀ ਅਤੇ ਭਾਰੀ ਗਿਣਤੀ ਵਿਚ ਸਿਘ ਸਿਘਣੀਆਂ ਤੇ ਮਾਸੂਮ ਬੱਚੇ ਮੌਤ ਦੇ ਮੂੰਹ ਵਿਚ ਜਾ ਚੁੱਕੇ ਸਨ ਤੇ ਬਹੁਤ ਸਾਰੇ ਨਿਢਾਲ ਤੇ ਜ਼ਖਮੀ ਪਏ ਹੋਏ ਵਿਅਕਤੀਆਂ ਨੂੰ ਮੌਤ ਨਿਗਲਣ ਵਾਸਤੇ ਤਿਆਰ ਬੈਠੀ ਲਗਦੀ ਸੀ।

ਜ਼ਖਮੀ ਹਾਲਤ ਵਿਚ ਪਏ ਹੋਏ ਅਤੇ ਮੌਤ ਦੇ ਮੂੰਹ ਵਿਚ ਜਾ ਚੁੱਕੇ ਵਿਅਕਤੀਆਂ ਨੂੰ ਉਹਨਾਂ ਦੇ ਸਕੇ ਸਬੰਧੀ ਤੇ ਨਾਤੀ ਮਜਬੂਰ ਨਿਗਾਹਾਂ ਨਾਲ ਤੱਕ ਰਹੇ ਸਨ ਪਰ ਉਹਨਾਂ 'ਚੋਂ ਕਿਸੇ ਨੂੰ ਵੀ ਹੱਕ ਨਹੀਂ ਸੀ ਕਿ ਉਹ ਕਿਸੇ ਜ਼ਖਮੀ ਦੇ ਮੂੰਹ ਵਿਚ ਸਿਰਫ ਦੋ ਬੂੰਦਾ ਸਾਫ ਜਾਂ ਮੈਲੇ ਪਾਣੀ ਦੀਆਂ ਹੀ ਦੇ ਸਕੇ ਅਤੇ ਜਾਂ ਸ਼ਹੀਦੀ ਪਾ ਚੁੱਕੇ ਸਿਘਾਂ ਸਿਘਣੀਆਂ ਤੇ ਮਸੂਮ ਬੱਚਿਆਂ ਦੀਆਂ ਖੁਲੀਆਂ ਅੱਖਾਂ ਤੇ ਉਹਨਾਂ ਦੇ ਵਾਤਾਂ (ਵਾਤ ਦੋਹ ਬੁਲ੍ਹਾਂ ਦੇ ਵਿਚਕਾਰ ਜੋ ਖੁੱਲੇ ਮੂੰਹ ਦੀ ਥਾਂ ਹੁੰਦੀ ਹੈ) ਨੂੰ ਬੰਦ ਕਰਕੇ ਉਹਨਾਂ ਦੇ ਚੇਹਰਿਆਂ ਉੱਪਰ ਸਾਫੇ ਜਾਂ ਦਸਤਾਰ ਦਾ ਪਲਾ ਹੀ ਦੇ ਸਕੇ।

ਸਰਾਂ ਦਾ ਖੁੱਲਾ ਕਸ਼ਾਦਾ ਸੋਹਨ ਅਤੇ ਇਸਦੇ ਕਮਰੇ ਤੇ ਬਰਾਮਦੇ ਆਪਣੀ ਆਪਣੀ ਥਾਂ ਉੱਪਰ ਮੌਤ ਦੇ ਦ੍ਰਿਸ਼ ਪੇਸ਼ ਕਰ ਰਹੇ ਸਨ। ਇਸੇ ਤਰ੍ਹਾਂ ਸਰਾਂ ਵਿਚ ਜੋ ਸੈਂਕੜੇ ਵਜੂਦ ਨਜ਼ਰੀਂ ਆ ਰਹੇ ਸਨ ਉਹਨਾਂ ਦਾ ਵੀ ਇਕ ਕਦਮ ਮੌਤ ਦੇ ਤੇ ਦੂਸਰਾ ਜ਼ਿੰਦਗੀ ਵਾਲੇ ਪਾਸੇ ਸੀ। ਜਿਸ ਕਰਕੇ ਉਹ ਵੀ ਜ਼ਿੰਦਗੀ ਮੌਤ ਦੇ ਵਿਚਕਾਰ ਲਟਕੇ ਹੋਏ ਹੋਣ ਕਰਕੇ ਬੜੀ ਹੀ ਘਿਨਾਉਣੀ ਹਾਲਤ 'ਚੋਂ ਦੀ ਲੰਘ ਰਹੇ ਸਨ। ਉਹਨਾਂ 'ਚੋਂ ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਅਗਲੇ ਛਿਣਾ ਵਿਚ ਉਹਨਾਂ ਦੇ ਹਿੱਸੇ ਜ਼ਿੰਦਗੀ ਤੇ ਮੌਤ ਦੇ ਖੇਤਰ 'ਚੋਂ ਕਿਸ ਪਾਸੇ ਵੱਲ ਦੀ ਥਾਂ ਆਉਣੀ ਹੈ।



# 35.

ਧਰਮ ਯੁੱਧ ਮੋਰਚੇ ਵਿਚ ਹਿੱਸਾ ਪਾਉਣ ਲਈ ਆਏ ਹੋਏ ਬਹੁਤ ਸਾਰੇ ਸਿਘ ਸਿਘਣੀਆਂ ਸ਼ਹੀਦੀ ਪਾ ਚੁੱਕੇ ਸਨ। ਜਿਨ੍ਹਾਂ ਵਿਚ ਉਹਨਾਂ ਦਾ ਜਥੇਦਾਰ ਸ੍ਰ. ਨਛੱਤਰ ਸਿਘ ਵੀ ਸ਼ਾਮਲ ਸੀ। ਦਿਨ੍ਹਾਂ ਤੋਂ ਦਿਲਾਵਾ ਗੁਰਚਰਨ ਸਿਘ ਸਕੱਤਰ ਤੇ ਜਥੇਦਾਰ ਬੱਗਾ ਸਿਘ ਵੀ ਮਾਰੇ ਜਾ ਚੁੱਕੇ ਸਨ।

ਸਰਾਂ ਵਿਚਲੇ ਸ਼ਹੀਦਾਂ ਤੇ ਜ਼ਖਮੀਆਂ ਵਿਚ ਭਾਰੀ ਗਿਣਤੀ ਵਿਚ ਯਾਤਰੂ ਸੰਗਤਾਂ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਤੇ ਕਰਮਚਾਰੀ ਵੀ ਸ਼ਾਮਲ ਸਨ। ਸਭ ਪਾਸੇ ਪੰਥਕ ਅਨੁਆਈਆਂ ਦੇ ਸੱਥਰ ਤੇ ਲੰਗਾਰ ਲੱਥੇ ਹੋਏ ਸਾਫ ਦਿਸ ਰਹੇ ਸਨ ਅਤੇ ਜ਼ਖਮੀਆਂ ਦੀ ਹਾਲਤ ਸਭ ਦੇ ਸਾਹਮਣੇ ਸੀ ਪਰ ਇਸ ਸਭ ਕੁਝ ਦੇ ਬਾਵਜੂਦ ਸੰਤ ਹਰਚੰਦ ਸਿਘ ਲੌਂਗੋਵਾਲ, ਸ੍ਰ: ਗੁਰਚਰਨ ਸਿਘ ਟੌਹੜਾ ਅਤੇ ਸ੍ਰ: ਭਾਨ ਸਿਘ ਸਕੱਤਰ ਆਦਿ ਪੰਥਕ ਆਗੂਆਂ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਅਜੇ ਵੀ ਭੁਲੇਖਾ ਸੀ ਕਿ ਫੌਜੀ ਅਫਸਰ ਉਹਨਾਂ ਦੀਆਂ ਗੱਲਾਂ ਵੱਲ ਜ਼ਰੂਰ ਕੰਨ ਧਰਨਗੇ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਜ਼ਖਮੀ ਹੋਏ ਮੁਲਾਜ਼ਮਾਂ ਦੀ ਮਰਹਮ ਪੱਟੀ ਦਾ ਛੇਤੀ ਤੋਂ ਛੇਤੀ ਉਚੇਚਾ ਪ੍ਰਬੰਧ ਕਰਨਗੇ। ਸ. ਭਾਨ ਸਿਘ ਨੂੰ ਤਾਂ ਇਸ ਗੱਲ ਦਾ ਪੂਰਨ ਭਰੋਸਾ ਸੀ ਕਿ ਫੌਜੀ ਅਫਸਰਾਂ ਦੀਆਂ ਹਮਦਰਦੀਆਂ ਨੂੰ ਗਲਾਂ ਬਾਤਾਂ ਤੇ ਬੇਨਤੀਆਂ ਨਾਲ ਜਿੱਤਿਆ ਜਾ ਸਕਦਾ ਹੈ।

ਪਰ ਜਿਸ ਸਮੇਂ ਸ. ਭਾਨ ਸਿਘ ਸਕੱਤਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਮੈਂਬਰ ਸ਼੍ਰੋਮਣੀ ਅਕਾਲੀ ਦਲ ਸ੍ਰ. ਕਰਨੈਲ ਸਿਘ ਨਾਗ ਆਦਿ ਨੂੰ ਨਾਲ ਲੈ ਕੇ ਇਕ ਵੱਡੇ ਫੌਜੀ ਅਫਸਰ ਪਾਸ ਇਸ ਆਸ ਉਮੀਦ ਨਾਲ ਤੇ ਹੁੱਬ ਨਾਲ ਗਿਆ ਕਿ ਉਹ ਸ਼੍ਰੋਮਣੀ ਕਮੇਟੀ ਦੇ ਜ਼ਖਮੀ ਮੁਲਾਜ਼ਮਾਂ ਦੀ ਮਰਹਮ ਪੱਟੀ ਲਈ ਉਹਨਾਂ ਨੂੰ ਜਲਦੀ ਤੋਂ ਜਲਦੀ ਕਿਸੇ ਨੇੜਲੇ ਹਸਪਤਾਲ ਵਿਚ ਭੇਜਣ ਦਾ ਪ੍ਰਬੰਧ ਕਰੇ ਤਾਂ ਅੱਗੋਂ ਜੋ ਸਲੂਕ ਉਸ ਫੌਜੀ ਅਫਸਰ ਨੇ ਸ. ਭਾਨ ਸਿਘ ਨਾਲ ਕੀਤਾ ਉਹ ਆਪਣੇ ਆਪ ਵਿਚ ਇਕ ਘਿਨਾਉਣੇ ਵਾਕਿਆ ਦੀ ਘਿਨਾਉਣੀ ਦਾਸਤਾਨ ਬਣ ਗਈ ਹੈ।

ਸ੍ਰ: ਭਾਨ ਸਿਘ ਉਸ ਫੌਜੀ ਅਫਸਰ ਨੂੰ ਆਪਣੀ ਜਾਣ ਪਛਾਣ ਦੇਣ ਦੇ ਨਾਲ ਹੀ ਉਸਨੂੰ ਸਮਝਾਉਣ ਦੇ ਲਹਿਜੇ ਵਿਚ ਸਿੱਖਿਆ ਦੇਣ ਲਗਾ ਸੀ ਕਿ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਨਿਰੋਲ ਧਾਰਮਕ ਸੇਵਾ ਨਿਭਾਉਂਦੇ ਹਨ ਅਤੇ ਉਹਨਾਂ ਦਾ ਕਿਸੇ ਤਰਾਂ ਸਿਆਸਤ ਨਾਲ ਦੂਰ ਦਾ ਵੀ ਕੋਈ ਸਬੰਧ ਨਹੀਂ। ਇਸ ਲਈ ਜੋ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਫੌਜੀਆਂ ਦੀ ਫਾਇਰਿੰਗ ਤੇ ਬੰਬ ਡਿੱਗਣ ਨਾਲ ਜ਼ਖਮੀ ਹੋ ਗਏ ਹਨ ਉਹਨਾਂ ਦੀ ਮਰਹਮਪੱਟੀ ਕਰਵਾਉਣ ਤੇ ਉਹਨਾਂ ਨੂੰ ਛੇਤੀ ਤੋਂ ਛੇਤੀ ਹਸਪਤਾਲ ਭਿਜਵਾਉਣਾ ਉਸਦਾ ਫਰਜ਼ ਬਣਦਾ ਹੈ।

ਇਸ ਮੂਰਖ ਨੂੰ ਅਰਥਾਤ ਭੋਲੇ ਜਿਹੇ ਤੇ ਕਮਜ਼ੋਰ ਸਰੀਰ ਬੰਦੇ ਨੂੰ ਅਜੇ ਵੀ ਇਸ ਗੱਲ ਦਾ ਭੁਲੇਖਾ ਸੀ ਕਿ ਹਰ ਕੋਈ ਫੌਜੀ ਅਫਸਰ ਉਸਦੀ ਗੱਲ ਜ਼ਰੂਰ ਮੰਨੇਗਾ ਕਿਉਂਕਿ ਉਹ ਉਸਨੂੰ ਇਹ ਸਭ ਕੁਝ ਲੌਂਗੋਵਾਲ ਸਾਹਿਬ ਅਤੇ ਟੌਹੜਾ ਸਾਹਿਬ ਦੇ ਕਹਿਣ ਉੱਪਰ ਕਹਿ ਰਿਹਾ ਸੀ ਅਤੇ ਉਹ ਆਪ ਸਿਖ ਕੌਮ ਦੀ ਸਰਵ ਉੱਚ ਧਾਰਮਕ ਜਥੇਬੰਦੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇੰਤਜ਼ਾਮੀਆ ਦਾ ਸਰਵ ਉੱਚ ਅਧਿਕਾਰੀ ਅਰਥਾਤ ਸੈਕਟਰੀ ਸੀ।

ਸ੍ਰ: ਭਾਨ ਸਿੰਘ ਨੇ ਫੌਜ ਦੇ ਮੇਜਰ ਨੂੰ ਜਦ ਜਾਂਦਿਆਂ ਹੀ ਆਪਣਾ ਅਹੁਦਾ ਦੱਸਿਆ ਤਾਂ ਉਸ ਸਮੇਂ ਉਸ ਫੌਜੀ ਅਧਿਕਾਰੀ ਨੇ ਕੋਈ ਚਾਲੀ ਪੰਜਾਹ ਦੇ ਲਗਪਗ ਸਿਖ ਨੌਜਵਾਨਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਉਣ ਦੇ ਇਰਾਦੇ ਨਾਲ ਇਕ ਲਾਈਨ ਵਿਚ ਖਲਿਆਰਿਆ ਹੋਇਆ ਸੀ। ਐਸੀ ਹਾਲਤ ਵਿਚ ਉਸ ਫੌਜੀ ਅਫਸਰ ਵੱਲੋਂ ਸ੍ਰ: ਭਾਨ ਸਿੰਘ, ਸ੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਸੈਕਤਰ ਸਾਹਿਬ ਨੂੰ ਜੋ ਉੱਤਰ ਦਿੱਤਾ ਗਿਆ ਉਹ ਉਸਦੇ ਮੂੰਹ ਉੱਪਰ ਇਕ ਜ਼ੋਰਦਾਰ ਥੱਪੜ ਸੀ।

ਸ੍ਰ: ਭਾਨ ਸਿੰਘ ਦੇ ਮੂੰਹ ਉੱਪਰ ਥੱਪੜ ਰਸੀਦ ਕਰਨ ਤੋਂ ਬਾਅਦ ਉਸ ਫੌਜੀ ਅਫਸਰ ਦਾ ਹੱਥ ਸ੍ਰ: ਭਾਨ ਸਿੰਘ ਸਾਹਿਬ ਦੇ ਗਲਮੇ ਵੱਲ ਵਧਿਆ ਤੇ ਫਿਰ ਉਸਦੀ ਦਸਤਾਰ ਤੇ ਇਸਦੇ ਨਾਲ ਹੀ ਉਸਦੇ ਕੇਸਾਂ ਵੱਲ ਵਧਿਆ ਜਿਸਦੇ ਨਤੀਜੇ ਵਜੋਂ ਸ੍ਰ: ਭਾਨ ਸਿੰਘ ਦੇ ਕਮੀਜ਼ ਦਾ ਗਲਮਾ ਖੁੱਲ ਗਿਆ, ਦਸਤਾਰ ਫੌਜੀ ਅਫਸਰ ਦੇ ਪੈਰਾਂ ਤੇ ਬੂਟਾਂ ਹੇਠ ਢਹਿ ਪਈ ਤੇ ਕੇਸ ਖੁੱਲ ਗਏ। ਫਿਰ ਗਜ਼ਬ ਤੇ ਕਹਿਰ ਵਿਚ ਆਏ ਹੋਏ ਉਸ ਫੌਜੀ ਅਫਸਰ ਵੱਲੋਂ ਮਾਵਾਂ ਭੈਣਾਂ ਤੇ ਧੀਆਂ ਦੀਆਂ (ਜੋ ਸਾਡੀਆਂ ਵੀ ਮਾਵਾਂ ਧੀਆਂ ਤੇ ਬਚੀਆਂ ਹੀ ਹਨ) ਅੰਤ ਗੰਦੀਆਂ ਗਾਹਲਾਂ ਦਾ ਰਾਗ ਸ੍ਰ: ਭਾਨ ਸਿੰਘ ਉੱਪਰ ਛੱਡ ਦਿੱਤਾ ਗਿਆ।

ਕਿੰਨੀ ਅਜੀਬ ਤੇ ਹੈਰਾਨੀ ਵਾਲੀ ਗੱਲ ਸੀ ਕਿ ਇਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਭਿਆਨਕ ਰੂਪ ਵਿਚ ਬਾਰੂਦੀ ਅੱਗ ਵਰ੍ਹਦੀ ਰਹੀ ਸੀ ਤੇ ਅੱਜ ਵੀ ਵਰ੍ਹ ਰਹੀ ਸੀ। ਪਹਿਲੀ ਜੂਨ ਦੇ ਸੂਰਜ ਛਿਪਣ ਤੋਂ ਬਾਅਦ, ਸ਼ਹੀਦ ਹੋ ਚੁੱਕੇ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਇਨ੍ਹਾਂ ਹੱਥੀਂ ਤੋਰੀਆਂ ਸੀ। ਸ੍ਰੀ ਹਰਿਮੰਦਰ ਸਾਹਿਬ ਭਵਨ ਤੇ ਸੁਨਹਿਰੀ ਗੁੰਬਦ ਛਲਣੀ ਛਲਣੀ ਹੋ ਚੁੱਕਾ ਸੀ, ਸ੍ਰੀ ਅਕਾਲ ਤਖਤ ਸਾਹਿਬ ਢਹਿ ਢੇਰੀ ਹੁੰਦਾ ਜਾ ਰਿਹਾ ਸੀ। ਕੰਪਲੈਕਸ ਦੇ ਅੰਦਰ ਤੇ ਬਾਹਰ ਦੂਰ ਦੂਰ ਤੱਕ ਅੱਗ ਦੇ ਭਾਂਬੜ ਮੱਚਦੇ ਹੋਏ ਦਿਖਾਈ ਦੇ ਰਹੇ ਸਨ। ਤੋਪਾਂ ਦੀ ਗੋਲਾ ਬਾਰੀ ਤੇ ਮਸ਼ੀਨ ਗੰਨਾਂ ਦੀ ਫਾਇਰਿੰਗ ਨਿਰੰਤਰ ਰੂਪ ਵਿਚ ਜਾਰੀ ਸੀ। ਭਾਰਤੀ ਫੌਜ ਦੇ ਟੈਂਕ ਸਮੁੰਦਰੀ ਹਾਲ ਦੇ ਨਾਲੋਂ ਦੀ ਢਹਿ ਕੇ ਪਰਕਰਮਾ ਵਿਚ ਦਾਖਲ ਹੋਏ ਸਨ ਤੇ ਮਸਤ ਜੰਗੀ ਹਾਥੀਆਂ ਦੀ ਤਰ੍ਹਾਂ ਆਪਣਾ ਵਹਿਸ਼ੀ ਕਰਦਾਰ ਨਿਭਾ ਰਹੇ ਸਨ. ਸਰਾਂ ਅੰਦਰ ਸਿੰਘ ਸਿੰਘਣੀਆਂ ਤੇ ਬੱਚਿਆਂ ਦੀਆਂ ਲਾਸ਼ਾਂ ਥਾਂ ਥਾਂ ਉੱਪਰ ਵਿਛੀਆਂ ਪਈਆਂ ਸਨ, ਹਜ਼ਾਰਾਂ ਦੀ ਗਿਣਤੀ ਵਿਚ ਫੌਜ ਪਰਕਰਮਾ ਵਿਚ ਦਾਖਲ ਹੋ ਚੁੱਕੀ ਸੀ ਅਤੇ ਜਿੰਨ੍ਹਾਂ ਵਿਚੋਂ ਸੈਂਕੜੇ ਫੌਜੀ ਸਿੰਘਾਂ ਹੱਥੋਂ ਮਾਰੇ ਵੀ ਜਾ ਚੁੱਕੇ ਤੇ ਗੰਭੀਰ ਰੂਪ ਵਿਚ ਜ਼ਖਮੀ ਹੋ ਚੁੱਕੇ ਸਨ।

ਜੁਝਾਰੂ ਸਿੰਘਾਂ ਦੇ ਮੋਰਚੇ ਢਹਿ ਢੇਰੀ ਹੋ ਚੁੱਕੇ ਸਨ, ਹਜ਼ਾਰਾਂ ਦੀ ਗਿਣਤੀ ਵਿਚ ਫੌਜ ਨੇ ਕੰਪਲੈਕਸ ਦੇ ਆਲੇ ਦੁਆਲੇ ਘੇਰਾ ਘੱਤਿਆ ਹੋਇਆ ਸੀ ਤੇ ਸਭ ਪਾਸੇ ਦੂਰ ਦੂਰ ਤੱਕ ਤੋਪਾਂ ਬੀੜ ਰਖੀਆਂ ਸਨ, ਸੈਂਕੜੇ ਜ਼ਖਮੀ ਵਿਅਕਤੀ ਸਾਹਮਣੇ ਤੜਫਦੇ ਹੋਏ ਦਿਖਾਈ ਦੇ ਰਹੇ ਸਨ ਅਤੇ ਉਹਨਾਂ ਦੀਆਂ ਚੀਖਾਂ ਤੇ ਕੁਰਲਾਹਟਾਂ ਦੇ ਦਿਲ ਚੀਰਨ ਵਾਲੇ ਦਰਦ ਭਰੇ ਬੋਲ ਇਨ੍ਹਾਂ ਦੇ ਆਪਣੇ ਕੰਨਾਂ ਵਿਚ ਛੇਦ ਕਰ ਰਹੇ ਸਨ। ਕੋਈ ਕਿਸੇ ਦਾ ਪੁਰਸਾਨ ਹਾਲ ਨਹੀਂ ਸੀ ਕਿਉਂਕਿ ਸਭ ਪਾਸੇ ਅੱਗ, ਮੌਤ, ਤਬਾਹੀ, ਦਹਿਸ਼ਤ, ਵਹਿਸ਼ਤ, ਚੀਖ ਪੁਕਾਰ ਤੇ ਲੁਛਦੀਆਂ ਹੋਈਆਂ ਜਿੰਦਗੀਆਂ ਦੀ ਪੁਕਾਰ ਤੇ



ਸ਼ੋਰ-ਸ਼ੁਗਲ ਦੀਆਂ ਆਵਾਜ਼ਾਂ ਆਦਿ ਆਪਣੇ ਆਪਣੇ ਰੂਪ ਵਿਚ ਆਪਣੀ ਆਪਣੀ ਰੰਗਤ ਤੇ ਖੇਡ ਰਹੀਆਂ ਸਨ। ਗੱਲ ਕੀ ਕਿ ਸਭ ਪਾਸੇ ਖੂਨੀ ਨਜ਼ਾਰੇ ਤੇ ਘਲੂਘਾਰੇ ਦੇ ਦ੍ਰਿਸ਼ ਸਾਕਾਰ ਵਿਚ ਪਰਗਟ ਸਨ ਪਰ ਸਿਖ ਧਰਮ ਦੇ ਇਨ੍ਹਾਂ ਝੰਡਾ ਬਰਦਾਰਾਂ ਨੂੰ ਅਜੇ ਵੀ ਇਹ ਖਿਆਲ ਤੇ ਭੁਲੇਖਾ ਸੀ ਕਿ ਫੌਜੀ ਅਫਸਰ ਇਨ੍ਹਾਂ ਦੀ ਹਰ ਗੱਲ ਸੁਨਣਗੇ ਤੇ ਮੰਨਣਗੇ।

ਇਨ੍ਹਾਂ ਲੋਕਾਂ ਅਰਥਾਤ ਵਿਅਕਤੀਆਂ ਦੇ ਮਨਾਂ ਵਿਚ ਅਜੇ ਵੀ ਇਹ ਗੱਲ ਸਮਾਈ ਹੋਈ ਸੀ ਕਿ 'ਫੌਜ ਤਾਂ ਸਿਰਫ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਹੀ ਮੌਤ ਦੇ ਘਾਟ ਉਤਾਰਨਾ (ਸ਼ਹੀਦ ਕਰਨਾ) ਚਾਹੁੰਦੀ ਹੈ। ਉਸਦੀਆਂ ਨਜ਼ਰਾਂ ਵਿਚ ਤਾਂ ਸਿਰਫ ਜੁਝਾਰੂ ਸਿੰਘ, ਜਥਾ ਭਿੰਡਰਾਂਵਾਲਿਆਂ ਦੇ ਸਿੰਘ, ਫੈਡਰੇਸ਼ਨ ਦੇ ਜਵਾਨ, ਖਾਲਿਸਤਾਨ ਲਹਿਰ ਦੇ ਸਰਬਰਾਹ ਤੇ ਖਾਲਸਾ ਰਾਜ ਦਾ ਨਜ਼ਰੀਆ ਰੱਖਣ ਵਾਲੇ ਲੋਕ ਹੀ ਖਟਕਦੇ ਹਨ। ਸਾਡੇ ਨਾਲ ਤਾਂ ਫੌਜ ਦੀ ਕੋਈ ਦੁਸ਼ਮਨੀ ਨਹੀਂ ਕਿਉਂਕਿ ਅਸੀਂ ਤਾਂ ਭਾਰਤ ਦੀ ਯਕਜਹਿਤੀ ਹਿੰਦੂ ਸਿਖ ਏਕਤਾ, ਸੈਕੂਲਰਿਜ਼ਮ, ਭਾਰਤਵਰਸ਼ ਦੀ ਜੈ ਅਤੇ ਅਹਿੰਸਾ ਪਰਮੋ-ਧਰਮਾ ਤੇ ਸ਼ਾਂਤਮਈ ਵਿਚਾਰਧਾਰਾ ਦੇ ਵਣਜਾਰੇ ਹਾਂ।

ਅਸਲ ਵਿਚ ਇਹ ਪੰਥਕ ਆਗੂ ਸ੍ਰੋਮਣੀ ਕਮੇਟੀ ਦੇ ਅਧਿਕਾਰੀ ਇਸ ਭੁਲੇਖੇ ਦਾ ਸ਼ਿਕਾਰ ਸਨ ਕਿ ਜਿਸ ਭਾਰਤੀ ਫੌਜ ਦੇ ਅਫਸਰ ਤੇ ਜਵਾਨ ਉਹਨਾਂ ਦੀ ਰਾਖੀ ਕਰ ਰਹੇ ਨੇ ਉਸ ਫੌਜ ਦੇ ਦੂਸਰੇ ਅਫਸਰ ਤੇ ਸੈਨਿਕ ਉਹਨਾਂ ਦੇ ਵਿਰੁਧ ਕਿਵੇਂ ਹੋ ਸਕਦੇ ਹਨ ਅਤੇ ਉਹ ਉਹਨਾਂ ਵਲੋਂ ਕਹੀ ਜਾਣ ਵਾਲੀ ਗੱਲ ਨੂੰ ਮੰਨਣ ਤੋਂ ਇਨਕਾਰੀ ਕਿਵੇਂ ਹੋ ਸਕਦੇ ਹਨ। ਸਰਾਂ ਵਿਚ ਤਾਂ ਜੋ ਕੁਝ ਵਾਪਰਨਾ ਸੀ ਉਹ ਵਾਪਰ ਹੀ ਚੁੱਕਾ ਹੈ ਪਰ ਫੌਜ ਹੁਣ ਸਿਰਫ ਉਹਨਾਂ ਵਿਅਕਤੀਆਂ ਨੂੰ ਹੀ ਮੌਤ ਦੇ ਘਾਟ ਉਤਾਰੇਗੀ ਜਿੰਨਾਂ ਉੱਪਰ ਅੱਤਵਾਦੀ, ਜੁਝਾਰੂ ਤੇ ਖਾਲਿਸਤਾਨੀ ਹੋਣ ਦਾ ਸੰਦੇਹ ਹੋਵੇਗਾ।

ਪਰ ਜਦ ਸ੍ਰ: ਭਾਨ ਸਿੰਘ ਨੇ ਆਪਣੇ ਪ੍ਰਤੀ ਫੌਜੀ ਅਫਸਰ ਵਲੋਂ ਅਖਤਿਆਰ ਕੀਤੇ ਗਏ ਮਾਰੂ ਤੇ ਘਿਨਾਉਣੇ ਵਤੀਰੇ ਨੂੰ ਵੇਖਦਿਆਂ ਹੋਇਆਂ ਮੌਤ ਨੂੰ ਆਪਣੇ ਐਨ ਸਾਹਮਣੇ ਸਨਮੁਖ ਰੂਪ ਵਿਚ ਪ੍ਰਤਖ ਖਲੋਤਿਆਂ ਹੋਇਆਂ ਵੇਖਿਆ ਤਾਂ ਉਸ ਸਮੇਂ ਇਸ ਵਿਅਕਤੀ ਪਾਸ ਹਿੰਦੂ ਸਾਮਰਾਜ ਤੇ ਉਸਦੀ ਫੌਜ ਦੇ ਖਾਸੇ, ਸੁਭਾ ਅਤੇ ਸਿਖ ਕੌਮ ਪ੍ਰਤੀ ਨੀਤੀ, ਇਰਾਦੇ ਤੇ ਨਿਸ਼ਾਨੇ ਆਦਿ ਤਥਾਂ ਸਬੰਧੀ ਸਮਝਨ ਵਿਚਾਰਨ ਦਾ ਵਕਤ ਨਹੀਂ ਸੀ। ਸਗੋਂ, ਉਸ ਹਾਲਤ ਵਿਚ ਤਾ ਸ੍ਰ: ਭਾਨ ਸਿੰਘ ਨੂੰ ਇਸ ਗੱਲ ਦਾ ਹੀ ਫਿਕਰ ਸੀ ਕਿ ਹੁਣ ਇਸ ਗੱਲ ਪਈ ਆਫਤ ਤੋਂ ਜਾਨ ਕਿਵੇਂ ਛੁਡਾਉਣੀ ਤੇ ਬਚਾਉਣੀ ਹੈ।

ਜਿਸ ਸਮੇਂ ਸ੍ਰ: ਭਾਨ ਸਿੰਘ ਉਸ ਫੌਜੀ ਅਫਸਰ ਵਲੋਂ ਜ਼ਰਾ ਕੁ ਢਿੱਲ ਵਖਾਏ ਜਾਣ ਦੇ ਨਾਲ ਹੀ ਉਥੋਂ ਵਾਪਸ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਟੌਹੜਾ ਸਾਹਿਬ ਦੀ ਪਨਾਹਗਾਹ ਅਰਥਾਤ ਉਹਨਾਂ ਦੇ ਸੁਰਖਿਆ ਘਰ ਵੱਲ ਦੌੜਿਆਂ ਤਾਂ ਉਸ ਸਮੇਂ ਉਸਦੇ ਵਾਲ ਖਿਲਰੇ ਹੋਏ ਸਨ, ਮੂੰਹ 'ਚੋਂ ਝੱਗ ਤੇ ਲਹੂ ਇਕੱਠੇ ਵਗ ਰਹੇ ਸਨ, ਚੇਹਰੇ ਉੱਪਰ ਮੁਰਦੇਹਾਨ ਤੇ ਪਲਿਤਨ ਛਾਈ ਹੋਈ ਸੀ। ਪੈਰਾਂ ਵਿਚ ਥਿੜਕਨ ਭਰੀ ਹੋਈ ਸੀ ਅਤੇ ਸਰੀਰ ਸਾਹ-ਸਤ ਹੀਨ ਹੋ ਜਾਣ ਦੇ ਕਾਰਨ ਕੰਬ ਰਿਹਾ ਸੀ। ਜ਼ਬਾਨ ਉੱਕੀ ਹੀ ਸੁੰਨ ਹੋ ਗਈ ਜਾਪਦੀ ਸੀ। ਅੱਖਾਂ ਅੱਗੇ ਹਨੇਰਾ ਛਾਇਆ ਹੋਇਆ ਲਗਦਾ ਸੀ ਤੇ ਬੋਲ ਗਲੇ ਵਿਚ ਗਲ ਘੁੱਟੂ ਬੇਰ ਬਣੇ ਅਟਕੇ ਖਲੋਤੇ ਪ੍ਰਤੀਤ ਹੋ ਰਹੇ ਸਨ। ਪਰ ਇਸ ਤਰਸ ਯੋਗ ਸਥਿਤੀ ਵਿਚ ਵੀ ਸ੍ਰ: ਭਾਨ ਸਿੰਘ ਨੂੰ ਜਾਨ ਬੜੀ ਹੀ ਮਹਿੰਗੀ ਤੇ ਪਿਆਰੀ ਵਸਤੂ ਜਾਪ ਰਹੀ ਸੀ। ਜਿਸ ਕਰਕੇ ਉਹ ਬਰਾਮਦਿਓਂ ਬਰਾਮਦੀ ਸਿੰਘ ਸਿੰਘਣੀਆਂ ਤੇ ਬੱਚਿਆਂ ਦੀਆਂ ਲਾਸ਼ਾਂ ਨੂੰ ਟਪਦਾ, ਜ਼ਖਮੀਆਂ ਤੋਂ ਦੀ ਪੁਲਾਂਘਾ ਭਰਦਾ ਅਤੇ ਸੰਗਤਾਂ 'ਚੋਂ ਦੀ ਕਮਾਨੋ ਛੁੱਟੇ ਤੀਰ ਦੀ ਤਰ੍ਹਾਂ ਛਪਦਾ ਹੋਇਆ ਉੜਿਆ ਤੁਰਿਆ ਜਾ ਰਿਹਾ ਸੀ।

ਆਪਣੇ ਨਾਲ ਵਾਪਰੀ ਇਸ ਘਿਨਾਉਣੀ ਘਟਨਾ ਤੋਂ ਪਿੱਛੋਂ ਸ੍ਰ: ਗਿਆਨ ਸਿੰਘ ਨੇ ਆਪਣੇ ਤਜਰਬੇ ਦੇ ਆਧਾਰ 'ਤੇ ਕੁਝ ਹਫਤੇ ਬਾਅਦ, ਗੁਰੂ ਰਾਮਦਾਸ ਸਰਾਂ ਦੇ ਅੰਦਰ ਤੇ ਬਾਹਰ ਫੌਜ ਵੱਲੋਂ ਸਿੱਖ ਸੰਗਤਾਂ, ਸਿੰਘਾਂ ਤੇ ਨੌਜਵਾਨਾਂ ਉੱਪਰ ਜੋ ਅਤਿਆਚਾਰ ਢਾਹੇ ਅਤੇ ਤਬਾਹੀ ਮਚਾਈ ਸੀ ਉਸ ਸਬੰਧੀ ਥਾਂ ਥਾਂ ਉੱਪਰ ਇਹ ਗੱਲ ਆਪਣੀ ਜ਼ਬਾਨੀ ਵਰਨਣ ਕੀਤੀ ਸੀ:

'ਗੁਰੂ ਰਾਮਦਾਸ ਸਰਾਂ ਦੇ ਅੰਦਰ ਤੇ ਬਾਹਰ ਭਾਰਤੀ ਫੌਜ ਵਲੋਂ ਜੋ ਕਹਿਰ ਕਮਾਇਆ ਗਿਆ ਤੇ ਅਤਿਆਚਾਰ ਢਾਹੇ ਗਏ ਉਹਨਾਂ ਦੀ ਦਾਸਤਾਨ ਬੜੀ ਹੀ ਦਰਦਨਾਕ ਤੇ ਆਂਦਰਾਂ ਨੂੰ ਧੂਹ ਪਾਉਣ ਵਾਲੀ ਹੈ। ਮਾਸੂਮ ਬੱਚਿਆਂ ਦੇ ਅੰਨੇ ਵਾਹ ਆਹੂ ਤੇ ਸੱਥਰ ਲਾਹੇ ਗਏ। ਬੀਬੀਆਂ ਨੂੰ ਬਿਦਬਿਦ ਦੇ ਮੌਤ ਦੇ ਘਾਟ ਉਤਾਰਿਆ ਗਿਆ, ਜੀਉਂਦੇ ਤੇ ਸਹਿਕਦੇ ਹੋਏ ਮਾਸੂਮ ਬੱਚਿਆਂ ਨੂੰ ਮਰੀਆਂ ਪਈਆਂ ਮਾਵਾਂ ਦੀਆਂ ਛਾਤੀਆਂ ਤੇ ਦੁੱਧੀਆਂ ਨਾਲੋਂ ਧੂਹ ਧੂਹ ਕੇ ਲਾਸ਼ਾਂ ਦੀਆਂ ਢੇਰੀਆਂ ਉੱਪਰ ਸੁਟਿਆ ਗਿਆ। ਸਰਾਂ ਦੇ ਸੇਹਨ, ਕਮਰਿਆਂ ਤੇ ਬਰਾਮਦਿਆਂ ਵਿਚ ਸੰਗਤਾਂ ਦਾ ਜੀਅ ਭਰ ਕੇ ਸ਼ਿਕਾਰ ਖੇਡਿਆ ਗਿਆ। ਹਰ ਕਮਰੇ ਵਿਚ ਹੀ ਤਬਾਹੀ ਤੇ ਮੌਤ ਵੰਡੀ ਗਈ। ਕਮਰਿਆਂ ਵਿਚ ਪਹਿਲਾਂ ਗਰਨੇਡ ਸੁੱਟੇ ਜਾਂਦੇ ਅਤੇ ਫਿਰ ਅੱਗ ਲਾਉਣ ਵਾਲੇ ਗੋਲੇ ਤੇ ਇਸ ਤੋਂ ਪਿੱਛੋਂ ਸਟੇਨ ਗੰਨਾ ਦੇ ਰਾਹੇ ਅਰਥਾਤ ਬਰਸਟ ਮਾਰੇ ਜਾਂਦੇ। ਨੌਜਵਾਨਾਂ ਦੀਆਂ ਬਾਹਾਂ ਪਿੱਛੇ ਬਨ੍ਹ ਲਈਆਂ ਜਾਂਦੀਆਂ ਉਹਨਾਂ ਦੇ ਕੇਸ ਖਲਾਰ ਕੇ ਉਹਨਾਂ ਦੇ ਚੇਹਰੇ ਢੱਕ ਦਿੱਤੇ ਜਾਂਦੇ ਤੇ ਫਿਰ ਉਹਨਾਂ ਨੂੰ ਇਕ ਲਾਈਨ ਵਿਚ ਖਲਿਆਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ।'

ਗੱਲ ਕੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜ਼ੁਮਾਵਾਰ ਤੇ ਸੰਗਤਾਂ ਵਿਚ ਜਾਣੇ ਪਛਾਣੇ ਜਾਣ ਵਾਲੇ ਅਧਿਕਾਰੀਆਂ ਕਰਮਚਾਰੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਇਕ ਵਡੇ ਛੋਟੇ ਜਥੇਦਾਰਾਂ ਤੇ ਅਹੁਦੇਦਾਰਾਂ ਵਲੋਂ ਇਨ੍ਹਾਂ ਖ਼ੂਨੀ ਘਟਨਾਵਾਂ ਤੇ ਵਾਕਿਆਤ ਬਾਰੇ ਜੋ ਸਿੱਖ ਜਗਤ ਅੰਦਰ ਥਾਂ ਥਾਂ 'ਤੇ ਆਪਣੀ ਅੱਖੀਂ ਡਿਠੇ ਖ਼ੂਨੀ ਦ੍ਰਿਸ਼ਾਂ ਤੇ ਹਾਲਾਤ ਦੇ ਸਬੰਧ ਵਿਚ ਦਾਸਤਾਨਾਂ ਸੁਣਾਈਆਂ ਉਹਨਾਂ ਦਾ ਸਾਰ ਰੂਪ ਕੁਝ ਇਸਤਰਾਂ ਹੈ:।

'6 ਜੂਨ ਵਾਲੇ ਦਿਨ ਗੁਰੂ ਰਾਮਦਾਸ ਸਰਾਂ ਦੇ ਅੰਦਰ ਉੱਚੀ ਸਾਹ ਲੈਣ, ਉੱਚੀ ਬੋਲਣ, ਆਪਸ ਵਿਚ ਖੁੱਲ ਕੇ ਗੱਲਾਂ ਬਾਤਾਂ ਕਰਨ ਜਾਂ ਇੱਧਰ ਉੱਧਰ ਖੁਲ੍ਹਿਆਂ ਫਿਰਨ ਤੁਰਨ ਤੇ ਕਿਸੇ ਵੀ ਫੌਜੀ ਨਾਲ ਜ਼ਬਾਨ ਸਾਂਝੀ ਕਰਨ ਦਾ ਮਤਲਬ ਮੌਤ ਦੇ ਫਰਿਸ਼ਤੇ ਨੂੰ ਸੱਦਾ ਦੇਣ ਦੇ ਬਰਾਬਰ ਸੀ।

ਬਰਾਮਦਿਆਂ ਤੇ ਕਮਰਿਆਂ ਦੇ ਨਾਲ ਨਾਲ ਗੜਵਾਲੀ ਤੇ ਡੋਗਰੇ ਆਦਿ ਫੌਜੀਆਂ ਦਾ ਜ਼ਬਰਦਸਤ ਪਹਿਰਾ ਸੀ, ਸੰਗਤਾਂ ਪਾਣੀ ਦੀ ਇਕ ਇਕ ਬੂੰਦ ਲਈ ਤਰਸ ਰਹੀਆਂ ਸਨ, ਪਰ ਇਕ ਬੂੰਦ ਪਾਣੀ ਦਾ ਨਸੀਬ ਹੋਣਾ ਵੀ ਕਿਸੇ ਦੀ ਕਿਸਮਤ 'ਚ ਨਹੀਂ ਸੀ ਲਗਦਾ। ਸਰਾਂ ਦੇ ਵੇਹੜੇ ਵਿਚਲੀਆਂ ਟੂਟੀਆਂ ਤਾਂ ਸੁੱਕੇ ਸੜੇ ਹੋਏ ਕਪਾਹ ਟੀਂਡਿਆਂ ਦੇ ਖੋਲਾਂ-ਛਿਲਤਾਂ ਦੀ ਤਰ੍ਹਾਂ ਬਿਲਕੁਲ ਖੁਸ਼ਕ ਹੋਈਆਂ ਪਈਆਂ ਸਨ। ਹਾਂ, ਉਹਨਾਂ ਟੂਟੀਆਂ ਦੇ ਆਸ ਪਾਸ ਪਹਿਲੇ ਦਿਨਾਂ ਦਾ ਗੰਦਾ ਪਾਣੀ ਬਾਹਰ ਵੇਹੜੇ ਵਿਚ ਇਕ ਪੋਤਵੀ ਜਿਹੀ ਛਪੜੀ ਦੇ ਰੂਪ 'ਚ ਆਪਣੇ ਅੰਦਰ ਬਦਬੂ ਤੇ ਸੜਾਂਦ ਨੂੰ ਸਾਂਭੀ ਸੜਦੀ ਬਲਦੀ ਹੋਈ ਧੁੱਪ ਵਿਚ ਲਿਸ਼ਕਦਾ ਹੋਇਆ ਨਜ਼ਰੀ ਜ਼ਰੂਰ ਪੈ ਰਿਹਾ ਸੀ। ਪਰ ਹੁਣ ਤਾਂ ਪਾਣੀ ਦੀ ਇਸ ਪੋਤਲੀ ਜਿਹੀ ਛਪੜੀ ਵਿਚ ਵੀ ਇਨਸਾਨੀ ਲਾਸ਼ਾਂ ਪਈਆਂ ਹੋਈਆਂ ਸਨ, ਜਿਸ ਕਰਕੇ ਉਸ ਵਿਚ ਮਨੁੱਖੀ ਲਹੂ ਰਲਿਆ ਹੋਇਆ ਸੀ। ਪਰ ਦੁਖਾਂਤ ਇਹ ਸੀ ਕਿ ਇਸ ਪਾਣੀ 'ਚੋਂ ਵੀ ਦੋ ਘੁੱਟ ਭਰਨ ਤੇ ਪ੍ਰਾਪਤ ਕਰਨ ਲਈ ਫੌਜੀਆਂ ਅੱਗੇ ਹਾੜੇ ਤਰਲੇ ਕੱਢਣੇ ਤੇ ਵਾਸਤੇ ਪਾਉਣੇ ਪੈਂਦੇ ਸਨ।



ਗੱਲ ਕੀ ਸੰਗਤਾਂ, ਇਸ ਅੰਤਾਂ ਦੇ ਕਹਿਰ ਭਰੇ ਵਾਤਾਵਰਨ ਤੇ ਗਰਮੀ ਦੇ ਹੁਸੜ ਭਰੇ ਮੌਸਮ ਵਿਚ ਵੀ ਲਗਪਗ ਪਿਛਲੇ ਛਤੀਆਂ ਘੰਟਿਆਂ ਤੋਂ ਤ੍ਰਿਹਾਈਆਂ ਅਤੇ ਦੋਹਾਂ ਦਿਨਾਂ ਤੋਂ ਫਾਕੇ ਵਿਚ ਸਨ ਕਿਉਂਕਿ ਕੰਪਲੈਕਸ ਦੇ ਸਮੁੱਚੇ ਪੂਰਬੀ ਭਾਗ ਨੂੰ ਪਾਣੀ ਸਪਲਾਈ ਕਰਨ ਵਾਲੀ ਵੱਡੀ ਟੈਂਕੀ ਤਬਾਹ ਹੋ ਚੁਕੀ ਸੀ ਤੇ ਗੁਰੂ ਰਾਮ ਦਾਸ ਲੰਗਰ ਦੀਆਂ ਲੋਹਾਂ 3 ਜੂਨ ਦੀ ਰਾਤ ਤੋਂ ਬਾਅਦ ਠੰਡੀਆਂ ਪਈਆਂ ਹੋਈਆਂ ਸਨ।

ਸਰਾਂ ਅੰਦਰਲੇ ਫੌਜੀ, ਜ਼ਿੰਦਗੀ ਮੌਤ ਦੇ ਦਰਮਿਆਨ ਲਟਕ ਰਹੀਆਂ ਸੰਗਤਾਂ ਅਤੇ ਉੱਥੇ ਚੌਫੇਰੇ ਹੀ ਵਿਛੀਆਂ ਹੋਈਆਂ ਲਾਸ਼ਾਂ ਉੱਪਰ ਰਾਜ ਕਮਾਉਂਦੇ ਹੋਏ ਪ੍ਰਤੱਖ ਦਿਸ ਰਹੇ ਸਨ ਕਿਉਂਕਿ ਉਹ ਉੱਥੇ ਸਰਵ-ਸਰਵਾ ਸਨ ਤੇ ਸਭ ਪਾਸੇ ਉਹਨਾਂ ਦਾ ਹੀ ਹੁਕਮ ਹਾਸਲ ਚਲਦਾ ਸੀ ਜਿਸ ਕਰਕੇ ਉੱਥੇ ਮੌਜੂਦ ਸਿੰਘ ਸਿੰਘਣੀਆਂ ਤੇ ਜੀਉਂਦੇ ਰਹਿ ਗਏ ਬੱਚਿਆਂ ਦੀ ਜੀਵਨ ਤੰਦ ਉਹਨਾਂ ਦੀਆਂ ਨਜ਼ਰ-ਭੂਰੀਆਂ ਦੇ ਰਹਿਮੋ ਕਰਮ ਉੱਪਰ ਹੀ ਨਿਰਭਰ ਕਰਦੀ ਸਨ।

# 36.

ਹਰ ਫੌਜੀ ਸ਼ਰਾਬ ਦੇ ਨਸ਼ੇ ਵਿਚ ਨਸ਼ਿਆਇਆ ਹੋਇਆ ਸੀ ਅਤੇ ਉਥੇ ਸਿੱਖਾਂ ਸਿਘਨੀਆਂ ਦੇ ਸਾਹਮਣੇ ਸਿਗਰਟ ਪੀਣਾ ਆਪਣਾ ਅਧਿਕਾਰ ਸਮਝੀ ਬੈਠਾ ਸੀ।

ਸਿੱਖ ਕੌਮ ਪਿਛਲੇ ਲੰਮੇ ਸਮੇਂ ਤੋਂ ਅੰਮ੍ਰਿਤਸਰ ਸ਼ਹਿਰ ਦੇ ਸਮੁੱਚੇ ਮਾਹੌਲ ਨੂੰ ਪਵਿੱਤਰ ਕਰਾਰ ਦੇਣ ਲਈ ਜਦੋ-ਜਹਿਦ ਕਰਦੀ ਆ ਰਹੀ ਸੀ, ਜਿਸ ਕਰਕੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਘ ਤੇ ਸਿਖ ਨੌਜਵਾਨ ਸਮੇਂ ਸਮੇਂ ਵੱਡੇ ਵੱਡੇ ਜਲੂਸ ਕਢਦੇ ਤੇ ਹਥਿਆਰ ਬੰਦ ਵਖਾਵੇ ਕਰਦੇ ਰਹੇ ਸਨ। ਪਰ ਅੱਜ ਹਿੰਦੂ ਸਾਮਰਾਜ ਦੀਆਂ ਫੌਜਾਂ ਸ਼ਰਾਬ ਦੇ ਨਸ਼ੇ ਵਿਚ ਚੂਰ ਹੋਕੇ ਅਰਥਾਤ ਅੰਨੀਆਂ ਬੋਲੀਆ ਹੋਕੇ ਸਭ ਪਾਸੇ ਤਬਾਹੀ ਮਚਾਉਂਦੀਆਂ, ਸੰਗਤਾਂ ਦੇ ਲਹੂ ਵਿਚ ਹੱਥ ਰੰਗਦੀਆਂ, ਸਿਖ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰਦੀਆਂ, ਬੰਬ ਤੇ ਗੋਲੀਆਂ ਵਰਸਾਉਂਦੀਆਂ ਅਤੇ ਚੌਫੇਰੇ ਹੀ ਅੱਗ ਦੇ ਭਾਂਬੜ ਬਾਲਦੀਆਂ ਹੋਈਆਂ ਅਤੇ ਪੰਥਕ ਆਗੂਆਂ ਤੇ ਸਿਖ ਸੰਗਤਾਂ ਨੂੰ ਵੰਗਾਰਦੀਆਂ ਹੋਈਆਂ ਖੁੱਲੇ ਆਮ ਤ੍ਰੇਬਾਕੂਨੋਸ਼ੀ ਕਰ ਰਹੀਆਂ ਸਨ।

ਸਭ ਹਿੰਦੂ ਫੌਜੀ ਹਉਮੈ, ਹੰਕਾਰ ਤੇ ਸ਼ਰਾਬ ਦੇ ਨਸ਼ੇ ਵਿਚ ਇਸ ਹੱਦ ਤੱਕ ਅੰਨੇ ਬੋਲੇ ਹੋਏ ਹੋਏ ਸਨ ਕਿ ਤਰਸ ਤੇ ਦਯਾ ਦੇ ਸ਼ਬਦ ਉਹਨਾਂ ਨੇ ਆਪਣੀ ਡਿਕਸ਼ਨਰੀ 'ਚੋਂ ਉੱਕੇ ਹੀ ਮਲੀਆ-ਮੇਟ ਕਰ ਛੱਡੇ ਲਗਦੇ ਸਨ। ਉਹਨਾਂ ਸਾਹਮਣੇ ਸਿਰਫ ਇਕੋ ਇਕ ਇਹੋ ਹੀ ਨਿਸ਼ਾਨਾ ਸੀ ਕਿ ਜਿਸ ਕਿਸੇ ਸਿੱਖ ਦਾ ਸਿਰ ਉਚਾ ਉਠਦਾ ਦਿੱਸੇ ਉਸਨੂੰ ਫੇਹ ਸੁੱਟੋ, ਜਿਸ ਕਿਸੇ ਸਿੱਖ ਦੀ ਜ਼ਬਾਨ 'ਚੋਂ ਹੱਕ, ਨਿਆਂ ਤੇ ਦਲੀਲ ਦੇ ਸ਼ਬਦ ਨਿਕਲਦੇ ਹਨ ਉਸਨੂੰ ਕੱਟ ਸੁਟੋ। ਜਿਸ ਕਿਸੇ ਸਿੱਖ ਦਾ ਬਾਜੂ ਨਾਅਰਿਆਂ ਜੈਕਾਰਿਆਂ ਦੀਆਂ ਆਵਾਜ਼ਾਂ ਤੇ ਗੂੰਜਾਂ ਵਿਚ ਉੱਚਾ ਉਠਦਾ ਹੈ ਉਸਨੂੰ ਵੱਢ ਸੁਟੋ, ਜਿਸ ਕਿਸੇ ਸਿੱਖ ਦੀ ਗਰਦਨ ਵਿਚ ਰੱਤੀ ਮਾਤਰ ਰੂਪ 'ਚ ਆਕੜ ਸਵੈਮਾਨ ਤੇ ਅਣਖ ਦੀ ਗੱਲ ਦਿਸਦੀ ਹੈ ਉਸਨੂੰ ਕਲਮ ਕਰ ਦਿਓ। ਜੇ ਕੋਈ ਸਿੱਖ ਨਜ਼ਰਾਂ ਨਾਲ ਨਜ਼ਰਾਂ ਮਿਲਾ ਕੇ ਤੇ ਉਭਾਸਰ ਕੇ ਗੱਲ ਕਰਨ ਦੀ ਜੁਰਅਤ ਕਰੇ ਤਾਂ ਉਸਦੀਆਂ ਅੱਖਾਂ ਨੋਚ ਲਓ ਅਤੇ ਜਿਸਦੀ ਜ਼ਮੀਰ ਜਾਗਦੀ ਹੋਈ ਜਾਪੇ ਉਸਦੀ ਝੋਲੀ ਮੌਤ ਦੀ ਨੀਂਦ ਪਾ ਦਿਓ।

ਫੌਜੀਆਂ ਦੀ ਬੇਰਹਿਮੀ ਦਾ ਇਹ ਆਲਮ ਸੀ ਕਿ ਜੇ ਕੋਈ ਬੀਬੀ ਆਪਣੇ ਮਾਸੂਮ ਬੱਚੇ ਨੂੰ ਆਪਣੇ ਸ਼ਹੀਦੀ ਪਾ ਚੁੱਕੇ ਪਤੀ ਦੀ ਛਾਤੀ 'ਤੇ ਲਟਾਉਂਦੀ ਅਤੇ ਆਪਣੇ ਬੱਚੇ ਦਾ ਮੂੰਹ ਸਦਾ ਸਦਾ ਲਈ ਚੁੱਪ ਹੋ ਚੁੱਕੇ ਉਸਦੇ ਬਾਪ ਦੇ ਮੂੰਹ ਨਾਲ ਲਾਉਂਦੀ ਹੋਈ ਅਤੇ ਆਪਣੇ ਪਤੀ ਦੀ ਲਾਸ਼ ਨੂੰ ਹਾੜਾ ਤੇ ਤਰਲਾ ਜਿਹਾ ਲੈਕੇ ਸੰਬੋਧਤ ਕਰਦੀ ਹੋਈ ਉਸਨੂੰ ਆਪਣੇ ਬੱਚੇ ਵੱਲ ਵੇਖਣ ਤੇ ਉਠਣ ਲਈ ਵਿਅਰਥ ਰੂਪ 'ਚ ਵਾਸਤਾ ਘੱਤ ਰਹੀ ਹੁੰਦੀ ਤਾਂ ਉਸ ਸਮੇਂ ਹਿੰਦੂ ਫੌਜੀਆਂ ਦੇ ਹਥਿਆਰ ਉਸ ਬੀਬੀ ਵੱਲ ਤਣ ਜਾਂਦੇ ਅਤੇ ਉਸਦੀ ਪਿੱਠ ਉੱਪਰ ਜ਼ਬਰਦਸਤ ਰੂਪ 'ਚ ਬੂਟ ਦੀ ਠੁਡ ਵੱਜਣ ਦੇ ਨਾਲ ਹੀ



ਉਥੋਂ ਉੱਠਣ ਦਾ ਹੁਕਮ ਮਿਲ ਜਾਂਦਾ।

ਫੌਜੀ ਸਿਰਫ ਆਪਣਾ ਰਾਹ ਮੋਕਲਾ ਕਰਨ ਲਈ ਮੌਤ ਦੀ ਗੂਹੜੀ ਨੀਂਦ ਸੌਂ ਚੁੱਕੀਆਂ ਬੀਬੀਆਂ ਨੂੰ ਲੱਤਾਂ ਬਾਹਾਂ ਤੋਂ ਧੂਹ ਕੇ ਪਰੇ ਕਰਨ ਸਮੇਂ ਉਹਨਾਂ ਦੀਆਂ ਛੋਪੀਆਂ ਨਾਲ ਚੰਬੜੇ ਹੋਏ ਜ਼ਖਮੀ ਬੱਚਿਆਂ ਨੂੰ ਵੀ ਬਾਜਰੇ ਦੇ ਸਿੱਟੇ ਵਾਂਗ ਧਰੂਹ ਕੇ ਲਾਸ਼ਾਂ ਦੀ ਕਿਸੇ ਨਾ ਕਿਸੇ ਢੇਰੀ ਵੱਲ ਵਗਾਹ ਮਾਰਦੇ। ਜਦ ਲਾਸ਼ਾਂ ਦੇ ਢੇਰ ਉੱਪਰ ਪਏ ਹੋਏ ਬੱਚੇ ਭੋਰ ਭੋਰੇ ਜਿਹੇ ਹੋ ਡਿਪ-ਡਪਾਈਆਂ ਨਜ਼ਰਾਂ ਨਾਲ ਇਧਰ ਉਧਰ ਝਾਕਦੇ ਹੋਏ ਆਪਣੇ ਬਾਲ ਸੰਸਾਰ ਵਿਚ ਆਈ ਇਸ ਕਰੂਰ ਤੇ ਬੇਰਹਿਮ ਤਬਦੀਲੀ ਨੂੰ ਪੱਥਰ ਵਰਗੀ ਚੁੱਪ ਤੇ ਬੇਹਿਸੀ ਦੀ ਹਾਲਤ ਵਿਚ ਵੇਖ ਰਹੇ ਹੁੰਦੇ ਤਾਂ ਏਨੇ ਚਿਰ ਨੂੰ ਹਿੰਦੂ ਫੌਜੀ ਕਿਸੇ ਨਾ ਕਿਸੇ ਹੋਰ ਸਿੱਘ ਜਾਂ ਸਿਘਣੀ ਦੀ ਲਾਸ਼ ਨੂੰ ਧੂਹ ਕੇ ਜਾਂ ਲੱਤਾ ਬਾਹਾਂ ਤੋਂ ਚੁੱਕ ਕੇ ਉਸ ਮਾਸੂਮ ਦੇ ਰੂੰ-ਗੋਹੜੇ ਵਰਗੇ ਜਿਸਮ ਉਪਰ ਸੁੱਟ ਚੁੱਕੇ ਹੁੰਦੇ ਅਤੇ ਇਸਤਰਾਂ ਨਾਲ ਉਸਨੂੰ ਲਾਸ਼ਾਂ ਦੇ ਢੇਰ ਵਿਚ ਆਖਰੀ ਦਮ ਤੋੜਨ ਲਈ ਦਫਨਾ ਚੁੱਕੇ ਹੁੰਦੇ ਸਨ।

ਪਤਾ ਨਹੀਂ ਕਿ ਕਿਸੇ ਅਦਿੱਖ ਸੰਸਾਰ ਦੇ ਨਰਕ ਦੀ ਅਸਲ ਤਸਵੀਰ ਕਿਹੋ ਜਿਹੀ ਹੋਵੇ ਅਤੇ ਉਥੇ ਕਿਹੋ ਜਿਹੀਆਂ ਅੱਗਾਂ ਬਲਦੀਆਂ ਹੋਣ ਤੇ ਨਰਕ ਦੇ ਵਾਸੀਆਂ ਨੂੰ ਕਿਸ ਪਰਕਾਰ ਦੇ ਤਸੀਹੇ ਦਿਤੇ ਜਾਂਦੇ ਹੋਣ ਅਤੇ ਉਸ ਨਰਕ ਦੀ ਦੁਨੀਆ ਵਿਚ ਆਪਣਾ ਕਰਦਾਰ ਨਿਭਾ ਰਹੇ ਦੂਤਾਂ ਰਾਖਸ਼ਾਂ ਤੇ ਜਮਦੂਤਾਂ ਜਮਰਾਜਾਂ ਨੂੰ ਕਿਹੋ ਜਿਹੀਆਂ ਘਿਨਾਉਣੀਆਂ ਜ਼ੁਮਾਵਾਰੀਆਂ ਨਿਭਾਉਣੀਆਂ ਪੈਂਦੀਆਂ ਹੋਣ ਪਰ ਜਿਸ ਜੀਉਂਦੇ ਨਰਕ ਦੀਆਂ ਝਾਕੀਆਂ ਗੁਰੂ ਰਾਮਦਾਸ ਸਰਾਂ ਦੇ ਅੰਦਰ ਵੇਖਣ ਵਿਚ ਆ ਰਹੀਆਂ ਸਨ ਉਹ ਇਜ ਸਨ ਕਿ ਜਿਵੇਂ ਵੀਹਵੀਂ ਸਦੀ ਦੇ ਕੱਡੇ ਰਾਖਸ਼ਸ਼ਾਂ ਦਾ ਦਲ, ਮਨੁੱਖੀ ਮਾਸ ਲੱਥੜਿਆਂ ਤੇ ਅੰਗਾਂ ਨੂੰ ਕੱਚਿਆਂ ਹੀ ਨਿਗਲਦਾ ਤੁਰਿਆ ਜਾ ਰਿਹਾ ਹੋਵੇ।

ਸਰਾਂ ਵਿਚਲੇ ਹਿੰਦੂ ਫੌਜੀਆਂ ਨੂੰ ਜੋ ਕੰਮ ਸੌਂਪਿਆਂ ਗਿਆ ਲਗਦਾ ਸੀ ਉਹ ਸਿਰਫ ਤਬਾਹੀ ਮਚਾਉਣ, ਅੱਗਾਂ ਲਾਉਣ ਅਤੇ ਸਿੱਘ ਸਿਘਨੀਆਂ ਤੇ ਬੱਚਿਆਂ ਵਿਚ ਮੌਤ ਵੰਡਣ ਤੱਕ ਹੀ ਸੀਮਤ ਨਹੀਂ ਸੀ, ਸਗੋਂ ਤਬਾਹੀ ਬਰਬਾਦੀ ਤੇ ਅੱਗ ਭਾਂਬੜਾਂ ਨਾਲ ਲੱਟ ਲੱਟ ਕਰਕੇ ਬਲਦੇ ਮਚਦੇ ਹੋਏ ਮਾਹੌਲ ਵਿਚ ਸਿੱਖਾਂ ਨੂੰ ਤਿਲ ਤਿਲ ਕਰਕੇ ਪਾਣੀ ਦੀ ਇਕ ਇਕ ਬੂੰਦ ਲਈ ਤਰਸਾ ਤਰਸਾ ਕੇ ਜਿੰਦਗੀ ਤੇ ਮੌਤ ਦੇ ਦਰਮਿਆਨ ਲਟਕਾ ਕੇ, ਤੜਫਾ ਕੇ, ਜ਼ਲੀਲ ਤੇ ਰਸਵਾ ਕਰ ਕਰਕੇ ਅਤੇ ਅੰਤਾਂ ਦੇ ਮਾਨਸਿਕ ਸਰੀਰਕ ਤਸੀਹੇ ਦੇ ਦੇ ਕੇ ਮੌਤ ਵੰਡਨ ਦਾ ਕੰਮ ਸੌਂਪਿਆ ਗਿਆ ਲਗਦਾ ਸੀ।

ਜਿਸ ਸਮੇਂ ਗੁਰੂ ਰਾਮ ਦਾਸ ਸਰਾਂ ਵਿਚ ਜੀਉਂਦੇ ਨਰਕ ਦੀਆਂ ਖੂਨੀ ਝਾਕੀਆਂ ਘਟਨਾਵਾਂ ਦੇ ਭਿਆਨਕ ਦ੍ਰਿਸ਼ ਸਭ ਪਾਸੇ ਦ੍ਰਿਸ਼ਟੀ ਗੋਚਰ ਸਨ ਤਾਂ ਐਨ ਉਸ ਸਮੇਂ ਇਕ ਹੋਰ ਭਿਆਨਕ ਘਟਨਾ ਵਾਪਰਦੀ ਵਾਪਰਦੀ ਅਚਨਚੇਤ ਰੂਪ ਵਿਚ ਹੀ ਟਲ ਗਈ।

ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਕੋਈ ਵੀਹ ਪੰਜੀ ਦੇ ਲਗਪਗ ਜਵਾਨ ਜਿਨਾਂ ਵਿਚ ਭਾਈ ਮਨਜੀਤ ਸਿੱਘ (ਭਾਈ ਅਮਰੀਕ ਸਿੱਘ ਦਾ ਛੋਟਾ ਹਕੀਕੀ ਭਾਈ) ਹਰਮਿੰਦਰ ਸਿੱਘ ਸੰਧੂ, ਵਿਰਸਾ ਸਿੱਘ ਵਲਟੋਹਾ, ਰਾਜਿੰਦਰ ਸਿੱਘ ਮਹਿਤਾ ਅਤੇ ਹਰਮਿੰਦਰ ਸਿੱਘ ਗਿੱਲ ਆਦਿ ਸ਼ਾਮਲ ਸਨ, ਫੌਜੀ ਦਸਤੇ ਦੇ ਸਖਤ ਪਹਿਰੇ ਵਿਚ ਸਰਾਂ ਦੇ ਬਰਾਮਦਿਆਂ ਵੱਲ ਲਿਆਂਦੇ ਜਾ ਰਹੇ ਸਨ। ਇਨ੍ਹਾਂ ਸਿੱਘਾਂ ਦੀ ਜੋ ਉਸ ਸਮੇਂ ਹਾਲਤ ਸੀ ਉਸ ਤੋਂ ਸਾਫ ਜ਼ਾਹਰ ਹੋ ਰਿਹਾ ਸੀ ਕਿ ਜਿਵੇਂ ਫੌਜੀਆਂ ਨੇ ਉਹਨਾਂ ਨਾਲ ਹੱਦ ਦਰਜੇ ਤੱਕ ਦਾ ਘਿਨਾਉਣਾ ਸਲੂਕ ਕੀਤਾ ਹੁੰਦਾ ਹੈ।

ਇਹ ਸਾਰੇ ਦੇ ਸਾਰੇ ਸਿੱਘ ਜਿਸ ਪ੍ਰਸਥਿਤੀ 'ਚੋਂ ਦੀ ਲੰਘ ਕੇ ਇਥੋਂ ਤੱਕ ਪੁਜੇ ਸਨ ਉਹ ਦਸ਼ਾ ਅੱਤ ਭਿਆਨਕ ਸੀ ਕਿਉਂਕਿ ਜਿਸ ਸਮੇਂ ਇਨ੍ਹਾਂ ਸਿੱਘਾਂ ਨੂੰ ਫੌਜ ਨੇ ਘੇਰੇ ਵਿਚ ਲਿਆ ਸੀ ਤਾਂ ਉਸ ਸਮੇਂ ਇਨ੍ਹਾਂ ਸਭਨਾਂ ਨੂੰ ਆਪਣੇ ਆਪ ਵਿਚ ਇਸਤਰਾਂ ਅਨੁਭਵ ਹੋ ਰਿਹਾ ਸੀ ਜਿਵੇਂ ਮੌਤ ਦੇ ਫਰਿਸ਼ਤੇ ਉਹਨਾਂ ਦੇ ਸਨਮੁਖ ਤੇ ਸਿਰ ਉੱਪਰ ਮੰਡਲਾ ਰਹੇ ਹੁੰਦੇ ਹਨ। ਫੌਜੀਆਂ ਨੇ ਸਟੇਨ ਗੰਨਾਂ ਤੇ ਕਾਰਬਾਈਨਜ਼ ਉਹਨਾਂ ਵੱਲ ਸਿਧੀਆਂ ਤਾਨ ਰਖੀਆਂ ਸਨ ਤੇ ਟ੍ਰਾਈਗਰਾਂ 'ਤੇ ਉਹਨਾਂ ਦੀਆਂ

ਤਿਆਰ ਬਰ ਤਿਆਰ ਰੂਪ 'ਚ ਟਿਕੀਆਂ ਹੋਈਆਂ ਉਂਗਲਾਂ ਸਿਰਫ ਇਕ ਮਾੜੇ ਜਿਹੇ ਹੁਕਮ ਦੇ ਇਸ਼ਾਰੇ ਦੀ ਉਡੀਕ ਵਿਚ ਹੀ ਸਨ।

ਫੌਜੀ ਅਫਸਰ ਆਪਣੀ ਸੈਨਕ ਟੁਕੜੀ ਨੂੰ ਇਨ੍ਹਾਂ ਸਭ ਨੌਜਵਾਨਾਂ ਨੂੰ ਸ਼ੂਟ ਕਰ ਦੇਣ ਸਬੰਧੀ ਆਰਡਰ ਦੇਣ ਹੀ ਵਾਲਾ ਸੀ ਕਿ ਭਾਈ ਮਨਜੀਤ ਸਿੰਘ ਬੜੇ ਸਾਹਸ ਤੇ ਹੌਸਲੇ ਨਾਲ ਜ਼ਰਾ ਕੁ ਅੱਗੇ ਵਧਿਆ ਅਤੇ ਇਸਦੇ ਨਾਲ ਹੀ ਉਸਨੇ ਫੌਜੀ ਅਫਸਰ ਨੂੰ ਬੜੀ ਪਕਿਆਈ ਤੇ ਦ੍ਰਿੜਤਾ ਨਾਲ ਇਹ ਦੱਸਿਆ ਕਿ ਉਹ ਸਭ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕਰਮਚਾਰੀ ਹਨ ਤੇ ਉਹ ਆਪ ਸ੍ਰੀ ਦਰਬਾਰ ਸਾਹਿਬ ਦਾ ਅਸਿਸਟੈਂਟ ਮੈਨੇਜਰ ਹੈ।

ਫੌਜੀ ਅਫਸਰ ਨੇ ਭਾਈ ਮਨਜੀਤ ਸਿੰਘ ਦੀ ਜ਼ਬਾਨੀ ਇਹ ਗੱਲ ਸੁਣਕੇ ਆਪਣੀਆਂ ਤਿੱਖੀਆਂ ਕ੍ਰੋਧੀਲੀਆਂ ਨਜ਼ਰਾਂ ਉਸਦੇ ਚੇਹਰੇ ਤੋਂ ਦੀ ਤਾਰਦਿਆਂ ਹੋਇਆਂ ਬਾਕੀ ਦੇ ਸਭ ਜਵਾਨਾਂ ਵੱਲ ਬੜੀਆਂ ਕੌੜੀਆਂ ਅੱਖਾਂ ਨਾਲ ਵੇਖਿਆ ਪਰ ਫਿਰ ਕੁਝ ਛਿਣ ਸੋਚਣ ਤੋਂ ਬਾਅਦ ਉਸਨੇ ਭਾਈ ਮਨਜੀਤ ਸਿੰਘ ਉੱਪਰ ਹੇਠ ਉੱਪਰ ਹੀ ਦੋ ਚਾਰ ਸਵਾਲ ਕੱਸ ਦਿੱਤੇ।

ਜਦ ਫੌਜੀ ਅਫਸਰ ਨੂੰ ਇਸ ਗੱਲ ਦਾ ਭਰੋਸਾ ਜਿਹਾ ਹੋ ਗਿਆ ਕਿ ਭਾਈ ਮਨਜੀਤ ਸਿੰਘ ਵਾਕਿਆ ਹੀ ਦਰਬਾਰ ਸਾਹਿਬ ਦਾ ਅਸਿਟੈਂਟ ਮੈਨੇਜਰ ਹੈ ਤਾਂ ਉਸਦੇ ਨਾਲ ਫੈਡਰੇਸ਼ਨ ਦੇ ਇਸ ਸਾਰੇ ਦੇ ਸਾਰੇ ਗਰੁਪ ਦਾ ਬਚਾ ਹੋ ਜਾਣਾ ਸੁਭਾਵਕ ਹੀ ਸੀ।

ਇਨ੍ਹਾਂ ਨੌਜਵਾਨਾਂ ਦਾ ਬਚਾ ਹੋ ਜਾਣ ਦੇ ਇਸ ਵਾਕਿਆ ਨੂੰ ਆਪਣੇ ਆਪ ਵਿਚ ਇਕ ਅਲੌਕਿਕ ਘਟਨਾ ਕਰਕੇ ਹੀ ਮੰਨਿਆ ਜਾ ਸਕਦਾ ਹੈ ਕਿਉਂਕਿ ਇਸ ਸਮੁੱਚੇ ਗਰੁਪ ਵਿਚ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੀ ਐਗਜੈਕਟਿਵ ਬਾਡੀ ਦੇ ਮੈਂਬਰਾਂ ਤੋਂ ਲੈਕੇ ਜਨਰਲ ਸੈਕਟਰੀ ਤੱਕ ਦੇ ਅਹੁਦੇਦਾਰ ਸ਼ਾਮਲ ਸਨ ਅਤੇ ਇਹ ਸਭ ਸਰਕਾਰ ਦੀਆਂ ਨਜ਼ਰਾਂ ਵਿਚ ਖਤਰਨਾਕ ਕਿਸਮ ਦੇ ਬਾਗੀ ਵਿਅਕਤੀ ਸਨ ਅਤੇ ਇਨ੍ਹਾਂ ਵਿਚੋਂ ਕੋਈ ਇਕ ਐਸਾ ਵਿਅਕਤੀ ਨਹੀ ਸੀ ਜਿਸਦੇ ਖਿਲਾਫ ਵੱਖ ਵੱਖ ਪੁਲੀਸ ਥਾਣਿਆਂ ਵਿਚ ਕੇਸ ਦਰਜ ਨਾ ਹੋਏ ਹੋਣ। ਆਖਰਕਾਰ ਫੈਡਰੇਸ਼ਨ ਦੇ ਇਨ੍ਹਾਂ ਸਭ ਜਵਾਨਾਂ ਨੂੰ ਵੀ ਜ਼ਿੰਦਗੀ ਤੇ ਮੌਤ ਦੇ ਆਸ ਨਰਾਸ਼ੇ ਜਿਹੇ ਚੱਕਰਾਂ ਮੌੜਾਂ 'ਚ ਦੀ ਲੰਘਣ ਤੋਂ ਬਾਅਦ ਸਰਾਂ ਅੰਦਰਲੇ ਜੀਉਂਦੇ ਨਰਕ ਦੇ ਮਾਹੌਲ ਵਿਚ ਮਾਨਸਿਕ ਸਰੀਰਕ ਤਸੀਹੇ ਝੱਲਣ ਦੀ ਖੁਲ੍ਹ ਮਿਲ ਗਈ।

ਸ਼ਾਮ ਦੇ ਚਾਰ ਵਜ ਚੁੱਕੇ ਸਨ, ਪਰ ਪਾਣੀ ਦੀ ਇਕ ਬੂੰਦ ਵੀ ਅਜੇ ਤੱਕ ਕਿਸੇ ਨੂੰ ਨਸੀਬ ਨਹੀਂ ਸੀ ਹੋ ਰਹੀ। ਪਾਣੀ ਦੀ ਉੱਕੀ ਹੀ ਅਣਹੋਂਦ ਦੇ ਕਾਰਨ ਸੰਗਤਾਂ ਅਤੇ ਜ਼ਖਮੀਆਂ ਵਿਚ ਤੜਫਾਹਟ ਮੱਚੀ ਹੋਈ ਸੀ। ਬਹੁਤ ਸਾਰੇ ਵਿਅਕਤੀ ਤਾਂ ਅੰਤਾਂ ਦੀ ਤਪਸ਼, ਗਰਮੀ ਤੇ ਪਿਆਸ ਦੇ ਕਾਰਨ ਕਮਰਿਆਂ ਤੇ ਬਰਾਮਦਿਆਂ ਵਿਚ ਨਿਢਾਲ ਹੋਏ ਪਏ ਸਨ। ਪਰ ਫੌਜੀ ਅਫਸਰਾਂ ਨੂੰ ਇਸ ਗੱਲ ਦਾ ਥੋੜਾ ਜਿਹਾ ਵੀ ਅਹਿਸਾਸ ਨਹੀਂ ਸੀ ਕਿ ਸਰਾਂ ਵਿਚਲੇ ਵਿਅਕਤੀਆਂ ਨੂੰ ਕਿਹੋ ਜਿਹੀ ਭਿਆਨਕ ਸਥਿਤੀ 'ਚੋਂ ਦੀ ਗੁਜ਼ਰਨਾ ਪੈ ਰਿਹਾ ਹੈ ਸਗੋਂ ਉਹ ਤਾਂ ਇਸ ਦਸ਼ਾ ਨੂੰ ਹੋਰ ਘਿਨਾਉਣਾ ਰੂਪ ਦੇਣ ਦੇ ਇੱਛਕ ਜਾਪਦੇ ਸਨ। ਜਿਸ ਕਰਕੇ ਉਹਨਾਂ ਦਾ, ਜ਼ਖਮਾਂ ਕਾਰਨ ਮਰ ਰਹੀਆ ਤੇ ਪਿਆਸ ਹੱਥੋਂ ਤੜਪ ਰਹੀਆਂ ਸੰਗਤਾਂ ਵੱਲ ਕੋਈ ਧਿਆਨ ਨਹੀਂ ਸੀ ਪਰ ਫੌਜ ਦੇ ਅਫਸਰਾਂ ਨੂੰ ਜੇ ਕਿਸੇ ਗੱਲ ਦਾ ਕੋਈ ਥੋੜਾ ਬਹੁਤਾ ਫਿਕਰ ਤੇ ਖਿਆਲ ਸੀ ਤਾਂ ਉਹ ਸਿਰਫ ਸ੍ਰ: ਗੁਰਚਰਨ ਸਿੰਘ ਟੋਹੜਾ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸਰਾਂ ਵਿਚੋਂ ਸੁਰਖਸ਼ਤ ਬਾਹਰ ਕਢੱਣ ਤੇ ਉਹਨਾਂ ਨੂੰ ਆਪਣੇ ਵੜੇ ਫੌਜੀ ਅਫਸਰਾਂ ਦੀ ਸੌਂਪਣਾ ਵਿਚ ਦੇਣ ਦਾ ਸੀ। ਪੁਲਸ ਨੇ 4 ਵਜੇ ਸ਼ਾਮ ਤੋਂ ਪਿਛੋਂ ਪਾਣੀ ਦਾ ਥੋੜਾ ਬਹੁਤਾ ਪ੍ਰਬੰਧ ਕੀਤਾ ਸੀ।

ਕੁਦਰਤ ਦੇ ਰੰਗਾਂ ਤੇ ਭੇਤਾਂ ਦਾ ਕਿਸੇ ਨੇ ਅੱਜ ਤੱਕ ਅੰਤ ਨਹੀਂ ਪਾਇਆ ਇਸੇ ਕਰਕੇ ਹੀ ਤਾਂ ਮਾਨਵ ਸਮਾਜ ਅੰਦਰ ਇਸ ਹਕੀਕਤ ਨੂੰ ਅਟੱਲ ਕਰਕੇ ਮੰਨਿਆਂ ਜਾਂਦਾ ਹੈ ਕਿ 'ਕੁਦਰਤ ਤੇ ਭੇਤ



ਅਥਾਹ, ਅਨੰਤ ਤੇ ਨਿਆਰੇ ਹੋਣ ਦੇ ਨਾਲ ਨਾਲ ਪ੍ਰਾਕਿਰਤੀ ਦੇ ਰੰਗਾਂ, ਨਜ਼ਾਰਿਆਂ, ਵਿਚਰ ਰਹੀਆਂ ਅਲੌਕਿਕ ਰਮਜ਼ਾਂ ਦੇ ਅਦਭੁਤ ਫੈਸਲਿਆਂ ਬਾਰੇ ਜਾਨਣ ਦੀ ਗੱਲ ਮਨੁੱਖੀ ਸੋਚ ਦੀ ਪਕੜ ਤੇ ਪਹੁੰਚ ਤੋਂ ਬਹੁਤ ਉੱਪਰ ਹੈ ਇਸ ਕਰਕੇ ਸੰਸਾਰ ਦੇ ਵੱਡੇ ਵੱਡੇ ਵਿਅਕਤੀਆਂ, ਦੇਸ਼ਾਂ, ਕੌਮਾਂ ਦੇ ਮਹਾਨ ਆਗੂਆਂ, ਗਿਆਨੀਆਂ, ਵਿਗਿਆਨੀਆਂ ਅਤੇ ਮਨੋਵਿਗਿਆਨੀਆਂ ਤੋਂ ਸੰਸਾਰ ਪ੍ਰਸਿਧ ਫਿਲਾਸਫਰਾਂ ਤੱਕ ਨੂੰ ਇਸ ਗੱਲ ਬਾਰੇ ਕੁਝ ਪਤਾ ਨਹੀਂ ਹੁੰਦਾ ਕਿ ਆਉਣ ਵਾਲੇ ਛਿਣ ਪਲ ਦੁਨੀਆਂ ਦੇ ਲੋਕਾਂ ਲਈ ਕੀ ਸੁਨੇਹਾ ਲੈਕੇ ਆ ਰਹੇ ਨੇ।

ਕਈਆਂ ਦੀ ਮੂਰਖਤਾ ਤੇ ਅਗਿਆਨਤਾ ਦੀ ਤਾਂ ਇਸ ਹੱਦ ਤੱਕ ਇੰਤਹਾ ਹੁੰਦੀ ਹੈ ਕਿ ਉਹਨਾਂ ਨੂੰ ਸਮਾਜ ਵਿਚ ਰਹਿੰਦਿਆਂ ਤੇ ਸਮਾਜਕ ਪ੍ਰਸਥਿਤੀਆਂ ਨੂੰ ਪਿੰਡੇ ਹੰਢਾਉਂਦਿਆਂ ਹੋਇਆਂ ਵੀ ਇਸ ਗੱਲ ਦਾ ਅਹਿਸਾਸ ਨਹੀਂ ਹੁੰਦਾ ਕਿ ਇਹ ਉਹਨਾਂ ਨੂੰ ਕਿਸ ਪਾਸੇ ਵੱਲ ਲੈ ਜਾ ਰਹੀਆਂ ਹਨ ਅਤੇ ਉਹ ਇਨ੍ਹਾਂ ਪ੍ਰਸਥਿਤੀਆਂ ਦੇ ਗੇੜ ਵਿਚ ਬੱਝੇ ਹੋਏ ਜਿਨਾਂ ਰਾਹਾਂ ਤੋਂ ਦੀ ਗੁਜ਼ਰ ਰਹੇ ਨੇ ਉਹਨਾਂ ਰਾਹਾਂ ਦਾ ਸੁਭਾ, ਖਾਸਾ ਤੇ ਆਲਾ ਦੁਆਲਾ ਕਿਹੋ ਜਿਹਾ ਹੈ ਅਤੇ ਕੀ ਇਹ ਰਾਹ ਉਹਨਾਂ ਨੂੰ ਸਰਸਬਜ਼ ਵਾਦੀਆਂ ਘਾਟੀਆਂ ਵੱਲ ਲੈ ਜਾ ਰਹੇ ਨੇ ਜਾਂ ਮੌਤ ਵੰਡਦੀਆਂ ਖੱਡਾਂ ਵੱਲ ਲੈ ਜਾ ਰਹੇ ਨੇ?

ਬਦਕਿਸਮਤੀ ਨਾਲ ਜਿਨਾਂ ਕੌਮਾਂ ਦੇ ਪੱਲੇ ਇਸ ਹੱਦ ਤੱਕ ਦੇ ਨੀਵੇਂ ਦਰਜੇ ਵਾਲੇ ਆਗੂ ਪੈ ਜਾਂਦੇ ਨੇ ਉਹਨਾਂ ਕੌਮਾਂ ਦੇ ਕਾਫਲੇ ਤਾਂ ਸਦਾ ਹੀ ਭਰਪੂਰ ਖਤਰਿਆਂ ਤੇ ਭਿਆਨਕ ਹਨੇਰਿਆਂ ਵਿਚ ਘਿਰੇ ਹੋਏ ਪੈਰ ਪੈਰ ਉੱਪਰ ਦਹਿਸ਼ਤ ਤੇ ਵਹਿਸ਼ਤ ਹੱਥੋਂ ਸਟਾਂ ਮਾਰਾਂ ਖਾਂਦੇ ਰਹਿੰਦੇ ਹਨ।

ਚਾਰ ਵਜੇ ਤੋਂ ਪਿਛੋਂ ਜਿਸ ਸਮੇਂ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਸ੍ਰ: ਗੁਰਚਰਨ ਸਿੰਘ ਟੋਹੜਾ ਨੂੰ ਫੌਜੀ ਅਫਸਰਾਂ ਵੱਲੋਂ ਸਰਾਂ 'ਚੋਂ ਬਾਹਰ ਕਢਨ ਦਾ ਪ੍ਰਬੰਧ ਕੀਤਾ ਗਿਆ ਤਾਂ ਉਸ ਸਮੇਂ ਫੌਜੀਆਂ ਨੇ ਇਕ ਵਾਰ ਫਿਰ ਬਰਾਮਦਿਆਂ 'ਚ ਬੈਠੀਆਂ ਹੋਈਆਂ ਸੰਗਤਾਂ ਨੂੰ ਠੁੱਡੇ ਤੇ ਬੂਟ ਮਾਰ ਮਾਰ ਕੇ ਅਤੇ ਰਾਹ ਵਿਚ ਇਧਰ ਉੱਧਰ ਖਿਲਰੀਆਂ ਲਾਸ਼ਾਂ ਨੂੰ ਖੱਬੇ ਸੱਜੇ ਕਰਕੇ ਜ਼ਖਮੀਆਂ ਦੀ ਧੂਹ ਘਸੀਟ ਕਰਨ ਉਪਰੰਤ ਉਹਨਾਂ ਨੂੰ ਇਧਰ ਉਧਰ ਕਰਦਿਆਂ ਹੋਇਆਂ ਰਾਹ ਨੂੰ ਜ਼ਰਾ ਮੋਕਲਾ ਕਰ ਦਿਤਾ।

ਇਨ੍ਹਾਂ ਦੋਹਾਂ ਆਗੂਆਂ ਦੀ ਉਡੀਕ ਵਿਚ ਸਮੇਂ ਤੋਂ ਬਾਹਰ ਬਾਜ਼ਾਰ ਵਿਚ ਐਨ ਉਹਨਾਂ ਟੈਂਕਾਂ ਜਿਹਾ ਇਕ ਟੈਂਕ ਅਰਥਾਤ ਆਰਮਡ ਪਰਸਨਲ ਕੈਰੀਅਰ ਖਲਿਆਰ ਰੱਖਿਆ ਸੀ ਜਿਹੜੇ ਟੈਂਕ ਦਰਬਾਰ ਸਾਹਿਬ ਪਰਕਰਮਾ ਦੇ ਅੰਦਰ ਦਾਖਲ ਹੋਣ ਤੋਂ ਬਾਅਦ ਸਭ ਪਾਸੇ ਤਬਾਹੀ ਮਚਾਉਂਦੇ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਇਮਾਰਤਾਂ ਨੂੰ ਖੰਡਰ ਬਨਾਉਂਦੇ ਅਤੇ ਸਿੰਘਾਂ ਦੇ ਟਿਕਾਣਿਆਂ ਤੇ ਉਹਨਾਂ ਦੇ ਵਜੂਦ ਨੂੰ ਤੋਪਾਂ ਗੋਲਿਆਂ ਨਾਲ ਉਡਾਉਂਦੇ ਰਹੇ ਸਨ।

ਸਿਖ ਕੌਮ ਦੇ ਇਨ੍ਹਾਂ ਦੋਹਾਂ ਆਗੂਆਂ ਨੂੰ ਜਦ ਸਰਾਂ 'ਚੋਂ ਬਾਹਰ ਕੱਢਿਆ ਜਾ ਰਿਹਾ ਸੀ ਤਾਂ ਉਸ ਸਮੇਂ ਜਿਥੇ ਸੈਂਕੜੇ ਸਿੰਘਾਂ ਸਿੰਘਣੀਆਂ ਦੀਆਂ ਚੁੱਪ ਉਦਾਸ ਤੇ ਮੁਰਝਾਈਆਂ ਹੋਈਆਂ ਅਤੇ ਬੇਬਸੀ ਤੇ ਲਾਚਾਰਗੀ ਦੀ ਧੁੰਦ ਵਿਚ ਗਵਾਚੀਆਂ ਹੋਈਆਂ ਨਜ਼ਰਾਂ ਉਹਨਾਂ ਵੱਲ ਟਿਕੀਆਂ ਹੋਈਆਂ ਸਨ ਉਥੇ ਇਨ੍ਹਾਂ ਆਗੂਆਂ ਦੇ ਆਲੇ ਦੁਆਲੇ ਤੇ ਪੈਰਾਂ ਹੇਠ ਸੈਂਕੜੇ ਲਾਸ਼ਾਂ ਵਿਛੀਆਂ ਹੋਈਆਂ ਸਨ।

ਬੀਬੀਆਂ ਤੇ ਬੱਚਿਆਂ ਦੀਆਂ, ਅੰਮ੍ਰਿਤਧਾਰੀ ਸਿੰਘਾਂ ਤੇ ਗੁਰਸਿੱਖਾਂ ਦੀਆਂ ਅਤੇ ਯੁਵਕਾਂ ਤੇ ਨੌਜਵਾਨਾਂ ਦੀਆਂ ਲਾਸ਼ਾਂ। ਸਿਖ ਕੌਮ ਦੇ ਇਹ ਦੋਹਵੇਂ ਆਗੂ ਜੋ ਆਏ ਦਿਨ ਹਜ਼ਾਰਾਂ ਦੀ ਗਿਣਤੀ ਵਿਚ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਜੁੜਨ ਵਾਲੀਆਂ ਸੰਗਤਾਂ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਸ ਗੱਲ ਦਾ ਐਲਾਨ ਕਰਿਆ ਕਰਦੇ ਸਨ ਕਿ 'ਜੇ ਭਾਰਤੀ ਫੌਜ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖਲ ਹੋਵੇਗੀ ਤਾਂ ਉਹ ਸਾਡੀਆਂ ਲਾਸ਼ਾਂ ਤੋਂ ਦੀ ਹੀ ਲੰਘ ਕੇ ਹੋਵੇਗੀ।' ਅੱਜ ਭਾਰਤੀ ਫੌਜ ਦੇ ਨਾਲ ਨਾਲ ਸਰਾਂ ਦੇ ਅੰਦਰ ਬਾਹਰ ਵਿਛੀਆਂ ਹੋਈਆਂ ਸਿੰਘਾਂ ਸਿੰਘਣੀਆਂ ਤੇ ਬੱਚਿਆਂ ਦੀਆਂ ਲਾਸ਼ਾਂ ਨੂੰ ਭੇਡ ਬਕਰੀਆਂ ਵਾਂਗ ਨੀਵੀਂ ਪਾਈ, ਉਲੰਘਦੇ ਹੋਏ ਫੌਜੀ ਟੈਂਕ ਵਿਚ ਸਵਾਰ ਹੋਣ ਲਈ ਬੜੇ ਕਾਹਲੇ ਕਦਮਾਂ ਨਾਲ ਕੰਪਲੈਕਸ 'ਚੋਂ ਬਾਹਰ ਨਿਕਲ ਰਹੇ ਸਨ।

## 37.

ਜਿਸ ਸਮੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਥੇ ਦੇ ਸਿੰਘ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਵਾਨ ਹਿੰਦੂ ਸਾਮਰਾਜੀ ਫੌਜ ਤੇ ਉਸਦੇ ਟੈਂਕਾਂ ਦੇ ਮੁਕਾਬਲੇ ਰਣ-ਤੱਤੇ ਵਿਚ ਉਤਰਨ ਲਈ ਤਿਆਰ ਬੈਠੇ ਸਨ ਤਾਂ ਉਸ ਸਮੇਂ ਚੌਂਕ ਘੰਟਾ ਘਰ ਤੇ ਬਾਜ਼ਾਰ ਮਾਈ ਸੇਵਾ ਵਾਲੇ ਪਾਸੇ ਸਰਕਾਰ ਵਲੋਂ ਫਿਰ ਇਸ ਗੱਲ ਦੀ ਅਨਾਊਂਸਮੈਂਟ ਕੀਤੀ ਜਾ ਰਹੀ ਸੀ ਕਿ 'ਇਸ ਗੱਲ ਦਾ ਐਲਾਨ ਕੀਤਾ ਜਾਂਦਾ ਹੈ ਕਿ ਜੋ ਵੀ ਕੋਈ ਵਿਅਕਤੀ ਇਸ ਸਮੇਂ ਦਰਬਾਰ ਸਾਹਿਬ ਅਕਾਲ ਤਖਤ (ਸਾਹਿਬ) ਤੇ ਕੰਪਲੈਕਸ ਦੇ ਹੋਰ ਕਿਸੇ ਵੀ ਹਿੱਸੇ ਵਿਚ ਹੈ ਉਹ ਖਾਲੀ ਹੱਥੀਂ, ਹੱਥ ਖੜੇ ਕਰਕੇ ਬਾਹਰ ਆ ਜਾਵੇ। ਇਸਤਰਾਂ ਬਾਹਰ ਨਿਕਲਣ ਵਾਲਿਆਂ ਉੱਪਰ ਗੋਲੀ ਨਹੀਂ ਚਲਾਈ ਜਾਵੇਗੀ ਵਰਨਾ ਬਾਅਦ ਵਿਚ ਕਿਸੇ ਨੂੰ ਮੁਆਫ ਨਹੀਂ ਕੀਤਾ ਜਾਵੇਗਾ। ਇਸ ਵਾਰੀ ਇਹ ਆਖਰੀ ਵਾਰਨਿੰਗ ਹੈ।

ਫੌਜ ਵਲੋਂ ਦਿੱਤੀ ਜਾ ਰਹੀ ਇਹ ਵਾਰਨਿੰਗ ਸਿੰਘਾਂ ਲਈ ਕੋਈ ਅਹਿਮੀਅਤ ਨਹੀਂ ਸੀ ਰਖਦੀ ਕਿਉਂਕਿ ਨਾ ਕਿਸੇ ਨੇ ਹਥਿਆਰ ਸੁੱਟ ਕੇ ਤੇ ਹੱਥ ਖੜੇ ਕਰਕੇ ਪੇਸ਼ ਹੋਣਾ ਸੀ ਤੇ ਨਾ ਹੀ ਕੋਈ ਹੋਇਆ ਸੀ। ਸਗੋਂ ਸਿੰਘ ਤਾਂ ਦਰਬਾਰ ਸਾਹਿਬ ਕੰਪਲੈਕਸ ਦੀ ਫੌਜ ਹੱਥੋਂ ਕੀਤੀ ਜਾ ਚੁੱਕੀ ਤਬਾਹੀ ਦਾ ਬਦਲਾ ਲੈਣ ਲਈ ਰਣ-ਤੱਤੇ ਵਿਚ ਉਤਰਨ ਵਾਸਤੇ ਮਨੋ ਚਿਤੋ ਕਮਰ ਕੱਸਾ ਕਰੀ ਬੈਠੇ ਸਨ।

ਉੱਪਰੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਵੇਰ ਦੇ ਕੋਈ 8-30 ਵਜੇ ਦੇ ਲਗਪਗ ਫਿਰ ਸਿੰਘਾਂ ਦੇ ਪਾਸ ਤਖਤ ਸਾਹਿਬ ਵਾਲੀ ਮੰਜ਼ਲ ਉੱਪਰ ਆ ਗਏ ਸਨ ਅਤੇ ਇਸ ਵਾਰੀ ਉਹ ਬਾਕਾਇਦਾ ਕਮਰਕੱਸੇ ਵਿਚ ਸਨ। ਸੰਤਾਂ ਦੇ ਇਕ ਹੱਥ ਵਿਚ ਕਾਰਬਾਈਨ ਸੀ ਅਤੇ ਇਕ ਥੈਲੇ ਵਿਚ ਕਾਰਬਾਈਨ ਦੇ ਸਪੇਅਰ ਮੈਗਜ਼ੀਨ ਸਨ ਜੋ ਗੋਲੀਆਂ ਨਾਲ ਭਰ ਰੱਖੇ ਸਨ।

ਸੰਤਾਂ ਨੇ ਆਉਂਦਿਆਂ ਹੀ ਸਿੰਘਾਂ ਨੂੰ ਬੜੇ ਗਜਵੇਂ ਰੂਪ ਵਿਚ ਫਤਹਿ ਬੁਲਾਈ ਤੇ ਫਿਰ ਜ਼ਰਾ ਕੁ ਹਸਦਿਆਂ ਹੋਇਆਂ ਬੜੇ ਜਲਵੇ ਜਿਹੇ ਨਾਲ ਸਿੰਘਾਂਤੋਂ ਦੋਬਾਰਾ ਪੁਛਿਆ, 'ਕਿਉਂ ਸਿੰਘੋ, ਦੁਸ਼ਟਾਂ ਨੂੰ ਸੋਧਨ ਤੇ ਸ਼ਹੀਦੀਆਂ ਪਾਉਣ ਲਈ ਤਿਆਰ ਹੋ ਨਾ? ਅਧੇ ਆਪਣੀਆਂ ਸ਼ਹੀਦੀਆਂ ਦੁਸ਼ਟਾਂ ਦੇ ਮੁਕਾਬਲੇ ਪਰਕਰਮਾ ਦੇ ਅੰਦਰ ਰਣ-ਤੱਤੇ ਵਿਚ ਜੂਝਦਿਆਂ ਹੋਇਆਂ ਦੇਣੀਆਂ।'

ਜਦ ਸੰਤਾਂ ਨੇ ਆਪਣੇ ਆਸ ਪਾਸ ਹਥਿਆਰ ਬੰਦ ਰੂਪ ਵਿਚ ਡਟੇ ਖਲੋਤੇ ਸਿੰਘਾਂ ਦੇ ਚਿਹਰਿਆਂ ਉੱਪਰ ਲਾਲੀਆਂ ਭਖਦੀਆਂ ਅਤੇ ਉਹਨਾਂ ਦੀਆਂ ਅੱਖਾਂ ਵਿਚ ਪੰਥਕ ਜਜ਼ਬੇ ਦੀ ਸ਼ਕਤੀ ਨਾਲ ਭਰਪੂਰ ਝਲਕਾਂ ਮਾਰ ਰਿਹਾ ਅਗੰਮੀ ਨੂਰ ਵੇਖਿਆ ਤਾਂ ਸੰਤਾਂ ਨੇ ਖੁਸ਼ੀ ਵਿਚ ਆ ਬੜੇ ਜੋਸ਼ ਨਾਲ ਜੈਕਾਰਾ ਛੱਡਿਆ ਜਿਸਦੇ ਉੱਤਰ ਵਿਚ ਸਿੰਘਾਂ ਦੇ ਬੋਲ ਸਦਕਾ ਸਮੁੱਚੀ ਫਜ਼ਾ ਗੜਗਜ ਗੂੰਜ ਨਾਲ ਭਰ ਗਈ।



ਸਿੰਘਾਂ ਦੇ ਇਸ ਚੜ੍ਹਦੀ ਕਲਾ ਵਾਲੇ ਮਾਹੌਲ ਵਿਚ ਜੋ ਇਕ ਹੋਰ ਵਲੱਖਣ ਗੱਲ ਵੇਖਣ 'ਚ ਆ ਰਹੀ ਸੀ ਉਹ ਇਹ ਸੀ ਕਿ ਉਸ ਸਮੇਂ ਸਿੰਘਾਂ ਨੂੰ ਆਪਣੇ ਆਪ ਵਿਚ ਤਖਤ ਸਾਹਿਬ (ਸ੍ਰੀ ਅਕਾਲ ਤਖਤ ਸਾਹਿਬ ਵਿਖੇ) ਦੇ ਹਜ਼ੂਰ ਖਲੋਤਿਆਂ ਹੋਇਆਂ ਹੋਣ ਕਰਕੇ ਆਪਣੇ ਹਥਲੇ ਹਥਿਆਰਾਂ ਉੱਪਰ ਬੜਾ ਹੀ ਗੌਰਵ ਮਹਿਸੂਸ ਹੋ ਰਿਹਾ ਸੀ।

ਇਸ ਪ੍ਰਸੰਗ ਵਿਚ ਗੱਲ ਇਥੇ ਵਰਨਣ ਯੋਗ ਹੈ ਕਿ ਆਗਰੇ ਵਿਖੇ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਸ ਪ੍ਰਸ਼ਨ ਕੀਤਾ ਸੀ ਕਿ (ਗੁਰੂ ਸਾਹਿਬ ਜੀ) ਕਰਾਮਾਤ ਕਿਸ ਨੂੰ ਕਹਿੰਦੇ ਨੇ? ਕਰਾਮਾਤ ਹੈ ਕਿ ਨਹੀਂ? ਜੇ ਹੈ ਤਾਂ ਉਸ ਹਾਲਤ ਵਿਚ ਕੋਈ ਕਰਾਮਾਤ ਵਖਾਉਣ ਦੀ ਕਿਰਪਾ ਕਰੋ।'

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਹਾਦਰ ਸ਼ਾਹ ਦਾ ਇਹ ਪ੍ਰਸ਼ਨ ਸੁਣਕੇ ਮੁਸਕ੍ਰਾਏ ਤੇ ਫਿਰ ਉਸਨੂੰ ਤੇ ਉਸਦੇ ਦਰਬਾਰੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਇਸ ਮਹਾਂਵਾਕ 'ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤਿ ਅਸਾਥੇ ਨਾਹੀਂ' ਦੀ ਰੋਸ਼ਨੀ ਵਿਚ, ਸੰਬੋਧਤ ਕਰਦਿਆਂ ਹੋਇਆਂ ਕਹਿਣ ਲੱਗੇ, ਜਿਸਦਾ ਤੱਤਸਾਰ ਰੂਪ ਕੁਝ ਇਸਤਰਾਂ ਹੈ—

ਕੋਈ ਵੀ ਵਿਅਕਤੀ ਉਸ ਈਸ਼ਵਰੀਯ ਸੱਚ ਨੂੰ ਵੰਗਾਰ ਨਹੀਂ ਸਕਦਾ ਅਰਥਾਤ ਉਸਦੇ ਮੁਕਾਬਲੇ ਕੋਈ ਆਪਣੀ ਸ਼ਕਤੀ ਜਾਂ ਕਰਾਮਾਤ ਨਹੀਂ ਵਖਾ ਸਕਦਾ ਪਰ ਫਿਰ ਵੀ ਇਸ ਸੰਸਾਰ ਵਿਚ ਮੁਖ ਤੌਰ 'ਤੇ ਤਿੰਨ ਗੱਲਾਂ ਨੂੰ ਕਰਾਮਾਤ ਕਰਕੇ ਮੰਨਿਆ ਜਾਂਦਾ ਹੈ। ਪਹਿਲੀ ਕਰਾਮਾਤ ਸਰਬ ਲੋਹ ਅਰਥਾਤ ਹਥਿਆਰਾਂ ਦੀ ਸ਼ਕਤੀ ਹੈ। ਅਸਲ ਵਿਚ ਸਰਬ ਲੋਹ ਦੀ ਸ਼ਕਤੀ ਆਪਣੇ ਆਪ ਵਿਚ ਹੀ ਇਕ ਮਹਾਨ ਕਰਾਮਾਤ ਹੈ। ਇਸ ਲਈ ਜੋ ਲੋਕ ਇਸਦੀ ਵਰਤੋਂ ਤੇ ਕਦਰ ਕਰਦੇ ਨੇ, ਉਹ ਲੋਕ ਸਭ ਪਰਕਾਰ ਦੇ ਪਦਾਰਥ ਤੇ ਬਹੁਪਰਕਾਰ ਦੀਆਂ ਸ਼ਕਤੀਆਂ ਇਸ ਤੋਂ ਪ੍ਰਾਪਤ ਕਰ ਲੈਂਦੇ ਨੇ। ਸਾਰੇ ਤਾਜ ਤਖਤ ਅਰਥਾਤ ਵੱਡੀਆਂ ਵੱਡੀਆਂ ਸਲਤਨਤਾਂ ਬਾਦਸ਼ਾਹੀਆਂ ਇਸ ਸਰਬ ਲੋਹ ਦੀ ਬਦੌਲਤ ਪ੍ਰਾਪਤ ਹੋ ਜਾਂਦੀਆਂ ਨੇ। ਸੰਸਾਰ ਅੰਦਰ ਜੋ ਵੀ ਕੋਈ ਕੌਮ ਸ਼ਸਤਰ ਧਾਰੀ ਹੁੰਦੀ ਹੈ, ਸ਼ਸਤਰਾਂ ਦੀ ਯੋਗ ਵਰਤੋਂ ਕਰਨ ਪੱਖੋਂ ਨਿਪੁੰਨ ਤੇ ਸਮਰਥ ਹੁੰਦੀ ਹੈ ਅਤੇ ਇਨ੍ਹਾਂ ਦੀ ਕਿਸੇ ਉਦੇਸ਼ ਦੀ ਖਾਤਰ ਜਥੇਬੰਦਕ ਰੂਪ ਵਿਚ ਵਰਤੋਂ ਕਰਦੀ ਹੈ ਅਤੇ ਇਨ੍ਹਾਂ ਨੂੰ ਅਰਥਾਤ ਸ਼ਸਤ੍ਰਾਂ ਨੂੰ ਆਪਣਾ ਪੀਰ ਕਰਕੇ ਮੰਨਦੀ ਹੈ ਤਾਂ ਉਸ ਹਾਲਤ ਵਿਚ ਸੰਸਾਰ ਦੀਆਂ ਸਭ ਨਿਆਮਤਾਂ, ਬਰਕਤਾਂ, ਵਡਿਆਈਆਂ, ਦੌਲਤਾਂ, ਜ਼ਮੀਨ-ਜਾਇਦਾਦਾਂ ਅਤੇ ਤਾਜੋ-ਤਖਤ ਤੇ ਹੁਕਮ ਹਾਸਲ ਦੀਆਂ ਸ਼ਕਤੀਆਂ ਉਸਦੇ ਕਦਮਾਂ ਵਿਚ ਹਾਜ਼ਰੀ ਭਰਦੀਆਂ ਤੇ ਬਾਂਦੀਆਂ ਬਣਕੇ ਖਲੋਤੀਆਂ ਰਹਿੰਦੀਆਂ ਨੇ। ਜੇ ਇਸ ਸ਼ਕਤੀ ਦੇ ਵਣਜਾਰਿਆਂ ਦੇ ਦਿਲਾਂ ਵਿਚ ਮਾਨਵਤਾ ਲਈ ਪਿਆਰ ਹੋਵੇ ਤਾਂ ਫਿਰ ਉਸ ਹਾਲਤ ਵਿਚ ਸਰਬ ਲੋਹ ਦੀ ਸ਼ਕਤੀ ਦੇ ਸਾਧਨ ਵਸੀਲਿਆਂ ਨਾਲ ਮਾਨਵ ਸਮਾਜ ਦਾ ਕਾਇਆ ਕਲਪ ਕੀਤਾ ਜਾ ਸਕਦਾ ਹੈ ਅਤੇ ਇਸ ਸੰਸਾਰ ਦੀ ਚੱਪਾ ਚੱਪਾ ਧਰਤੀ ਉੱਪਰ ਮਨੁੱਖਤਾ ਦੀ ਸਰਦਾਰੀ ਕਾਇਮ ਕੀਤੀ ਜਾ ਸਕਦੀ ਹੈ। ਇਹ ਸਭ ਗੱਲਾਂ ਆਪਣੇ ਆਪ ਵਿਚ ਇਕ ਅਗੰਮੀ ਕਰਾਮਾਤ ਹੀ ਤਾਂ ਹਨ।

ਦੂਸਰੀ ਕਰਾਮਾਤ ਬੀਰਤਾ ਤੇ ਬਲ ਹੈ। ਆਤਮਕ ਬਲ, ਸਰੀਰਕ ਬਲ, ਬੌਧਕ ਬਲ, ਸਮਾਜਕ ਬਲ ਤੇ ਰਾਜਸੀ ਬਲ। ਦੁਨੀਆ ਦੇ ਸਭ ਆਰਥਕ ਪਦਾਰਥਕ ਸੁਖ ਸਾਧਨ ਅਤੇ ਵੱਡੀ ਪੱਧਰ ਉੱਪਰ ਜੀਵਨ ਸਮਾਜ ਤੇ ਰਾਜ ਦੇ ਖੇਤਰ ਵਿਚਲੀਆਂ ਮਹਾਨ ਜਿੱਤਾਂ ਇਸੇ ਹੀ ਕਰਾਮਾਤ ਦੀ ਦੇਨ ਨੇ। ਇਸ ਦੁਨੀਆਂ ਵਿਚ ਸਦਾ ਬੀਰਤਾ ਹੀ ਰਾਜ ਕਰਦੀ ਹੈ ਅਤੇ ਸੂਰਮਗਤੀ ਦੀ ਇਹ ਸ਼ਕਤੀ ਮੂਲੀਆਂ ਦੇ ਮਾਰਗ ਉੱਪਰ ਚਲਣ ਵਾਲਿਆਂ ਦੀ ਝੋਲੀ ਵਿਚ ਜਿਥੇ ਅਵੱਸ਼ ਹੀ ਜਿੱਤਾਂ ਪਾਉਂਦੀ ਹੈ ਉੱਥੇ ਨਾਲ ਹੀ ਆਤਮਕ ਤਸਕੀਨ ਤੇ ਪ੍ਰਸੰਨਤਾ ਦੀ ਦਾਤ ਵੀ ਝੋਲੀ ਪਾਉਂਦੀ ਹੈ। ਬਾਹੂਬਲ ਤੇ ਬੀਰਤਾ ਦੇ

ਧਾਰਨੀ ਲੋਕ ਸਦਾ ਹੀ ਸਵੈਮਾਨ ਤੇ ਸਵੈ ਭਰੋਸੇ ਵਾਲਾ ਜੀਵਨ ਭੋਗਦੇ ਨੇ। ਅਜਿਹੇ ਲੋਕ ਆਪ ਵੀ ਸਦਾ ਖੁਸ਼ੀ ਤੇ ਖੇੜੇ ਦੇ ਵਿਚਰਦੇ ਵਿਗਸਦੇ ਨੇ ਅਤੇ ਆਪਣੇ ਆਲੇ ਦੁਆਲੇ ਨਾਲ ਘਿਰੇ ਹੋਏ ਸਮੁੱਚੇ ਵਾਤਾਵਰਨ ਵਿਚ ਵੀ ਲੋਕ ਸੁਖੀ ਪਰਲੋਕ ਸੁਹੇਲੇ ਦੇ ਮਹਾਂਵਾਕ ਵਿਚਲੇ ਸੱਚ ਨੂੰ ਉਜਾਗਰ ਕਰਕੇ ਲੋਕ ਜੀਵਨ ਨੂੰ ਵੱਡੀ ਪੱਧਰ ਤੇ ਸੁਖੀ, ਸਚਿਆਰਾ ਤੇ ਬਲਵਾਨ ਬਣਾਉਂਦੇ ਨੇ ਪਰ ਨਿਰਬਲ, ਨਿਹੱਥੇ ਤੇ ਬੌਰਤਾ ਤੋਂ ਵਾਂਝੇ ਲੋਕ ਸਦਾ ਹੀ ਠੋਕਰਾਂ ਖਾਂਦੇ, ਦੁਖ ਭੋਗਦੇ ਅਤੇ ਮੰਦਭਾਗੀ ਤੇ ਮਨੁਖਤਾ ਮਾਰੂ ਤਾਕਤਾਂ ਹੱਥੋਂ ਆਏ ਦਿਨ ਜਬਰ ਜ਼ੁਲਮ ਤੇ ਅਨਿਆਏ ਦੀ ਚੱਕੀ ਵਿਚ ਪਿਸਦੇ ਰਹਿੰਦੇ ਤੇ ਜੀਵਨ ਭਰ ਸਾਹ ਵਰੋਲਦੇ ਰਹਿੰਦੇ ਨੇ।

ਇਨ੍ਹਾਂ ਦੇ ਮੁਕਾਬਲੇ ਯੋਧਿਆਂ ਤੇ ਸੂਰਬੀਰਾਂ ਦਾ ਜੀਵਨ ਆਪਣੇ ਆਪ ਵਿਚ ਹੀ ਇਕ ਆਦਰਸ਼ ਹੁੰਦਾ ਹੈ ਅਤੇ ਇਸਤਰਾਂ ਦਾ ਜੀਵਨ ਧਰਤੀ ਉੱਪਰ ਭਾਰ ਹੋਣ ਦੀ ਬਜਾਏ ਖੁਸ਼ਬੂ, ਖੁਸ਼ੀ ਤੇ ਖੇੜੇ ਦਾ ਸਰਚਸ਼ਮਾ ਹੋਣ ਦੇ ਨਾਲ ਨਾਲ ਐਸੀ ਕਰਾਮਾਤੀ ਢਾਲ, ਤਲਵਾਰ, ਅਰਥਾਤ ਸ਼ਕਤੀ ਦਾ ਰੂਪ ਤੇ ਮੁਜੱਸਮਾ ਹੁੰਦਾ ਹੈ ਜੋ ਹੱਕ ਸੱਚ ਤੇ ਨਿਆਂ ਦਾ ਰਾਖਾ ਹੁੰਦਾ ਹੈ। ਅਸਲ ਵਿਚ ਸਭ ਪਰਕਾਰ ਦੀਆਂ ਖੁਸ਼ੀਆਂ ਤੇ ਸਰਦਾਰੀਆਂ ਆਤਮਕ ਅਤੇ ਪਦਾਰਥਕ ਸੰਸਾਰ ਦੇ ਦਰ ਘਰ ਦੀਆਂ ਬਾਂਦੀਆਂ ਹੁੰਦੀਆਂ ਨੇ। ਯੋਧੇ ਸੂਰਬੀਰ ਤੇ ਬਲਵਾਨ ਲੋਕ ਮਰ ਕੇ ਵੀ ਆਪਣੇ ਪਿਛੇ ਰੌਸ਼ਨ ਜੁਝਾਰੂ ਤੇ ਜ਼ਿੰਦਗੀ ਬਖਸ਼ ਪੈੜਾਂ ਛੱਡ ਜਾਂਦੇ ਨੇ ਜਦੋਂ ਕਿ ਬਲਹੀਨ ਤੇ ਬੀਰਤਾ ਤੋਂ ਕੋਰੇ ਲੋਕ ਜੀਉਂਦੇ ਹੋਏ ਵੀ ਆਪਣੇ ਆਪ ਵਿਚ ਜ਼ਲਾਲਤ ਬੇਇਜ਼ਤੀ ਤੇ ਗੁਲਾਮੀ ਦੇ ਮਾਹੌਲ ਵਿਚ ਹੀ ਸਾਹ ਵਰੋਲਦੇ ਰਹਿੰਦੇ ਨੇ। ਬਲਵਾਨ ਆਤਮਾ ਬਲਵਾਨ ਸ਼ਹੀਦ, ਬਲਵਾਨ ਸਮਾਜ, ਬਲਵਾਨ ਵਿਚਾਰ ਬਲਵਾਨ ਉਦੇਸ਼ ਬਲਵਾਨ ਕਰਦਾਰ ਅਤੇ ਬਲਵਾਨ ਵਿਰਸਾ ਤੇ ਸਭਿਆਚਾਰ ਆਪਣੇ ਆਪ ਵਿਚ ਇਕ ਐਸੀ ਕਰਾਮਤ ਨੇ ਜੋ ਆਪਣੇ ਅੰਦਰਲੇ ਸੱਚ ਵਰਗੇ ਜੁਗ-ਸਿਰਜਨ ਦੇ ਸਮੱਰਥ ਹੁੰਦੇ ਨੇ। ਵਾਸਤਵ ਵਿਚ ਇਹ ਹੀ ਉਹ ਕਰਾਮਤੀ ਚਮਤਕਾਰ ਨੇ ਜੋ ਜ਼ਾਲਮ ਦਾ ਨਾਸ਼ ਕਰਦੇ ਨੇ ਅਤੇ ਹਨੇਰੀਆਂ ਤੇ ਅੰਨੀਆਂ ਬਲੀਆਂ ਤਾਕਤਾਂ ਦੀ ਲਾਸ਼ ਉੱਪਰ ਖੁਸ਼ਹਾਲੀ ਸਦਾਚਾਰਕ ਕਦਰਾਂ ਕੀਮਤਾਂ ਤੇ ਨਿਆਂ ਦੇ ਦੀਪ ਜਗਾਉਂਦੇ ਨੇ।

ਤੀਸਰੀ ਕਰਾਮਾਤ ਧਨ ਪਦਾਰਥ ਦੀ ਅਮੀਰੀ ਹੁੰਦੀ ਹੈ। ਪਰ ਇਸ ਕਰਮਾਤ ਦਾ ਆਧਾਰ ਸੈਮਾ ਪਹਿਲੀਆਂ ਦੋਂਹ ਸ਼ਕਤੀਆਂ ਦੇ ਸਰੋਤਾਂ ਤੇ ਬਲ ਤੋਂ ਅਮੀਰੀ ਪ੍ਰਾਪਤ ਕਰਕੇ ਆਪਣੀਆਂ ਚਮਤਕਾਰੀ ਖੁਸ਼ੀਆਂ ਨੂੰ ਸਾਕਾਰ ਕਰਦਾ ਹੈ। ਧਨ ਦੀ ਕਰਾਮਾਤ ਇਕ ਐਸੀ ਬਲਵਾਨ ਤੇ ਚਮਤਕਾਰੀ ਕਰਾਮਾਤ ਹੈ ਕਿ ਇਸ ਨਾਲ ਤੁਸੀਂ ਮਨੁਖਤਾ ਦੀ ਸੇਵਾ ਦਾ ਰਸਤਾ ਜਿਨਾਂ ਚਾਹੋ ਸਾਫ਼ ਹਮਵਾਰ ਮੋਕਲਾ, ਸੁਰਖਸ਼ਤ ਅਤੇ ਖੁਸ਼ੀਆਂ ਖੁਸ਼ਬੂਆਂ ਤੇ ਖੇੜਿਆਂ ਭਰਿਆ ਬਣਾ ਸਕਦੇ ਹੋ। ਧਨ ਪਦਾਰਥ ਦੇ ਵਿਸ਼ਾਲ ਸਾਧਨ ਵਸੀਲਿਆਂ ਅਤੇ ਇਸਦੀ ਸਯੋਗ ਵੰਡ ਪ੍ਰਣਾਲੀ ਤੇ ਵਰਤੋਂ ਨਾਲ ਇਕ ਕਰਾਮਾਤ ਤਾਂ ਕੀ ਸਗੋਂ ਤੁਸੀ ਸਮਾਜ ਅੰਦਰ ਉਤਮ ਤੇ ਸਚਿਆਰੇ ਢੰਗ ਦੀ ਬਹੁਤ ਵੱਡੀ ਤਬਦੀਲੀ ਲਿਆ ਸਕਦੇ ਹੋ ਇਥੋਂ ਤੱਕ ਕਿ ਤੁਸੀਂ ਇਨ੍ਹਾਂ ਤਿੰਨ੍ਹਾਂ ਦੀਆ ਸ਼ਕਤੀਆਂ ਅਰਥਾਤ ਰਾਜ ਬਲ ਤੇ ਧਨ ਪਦਾਰਥ ਵਿਚਲੀਆਂ ਸ਼ਕਤੀਆਂ ਦੇ ਸੁਮੇਲ ਨਾਲ ਧਰਤੀ ਅਕਾਸ਼ ਪਾਤਾਲ ਤੇ ਸਾਗਰਾਂ ਦੀ ਦੁਨੀਆਂ ਵਿਚ ਅਨੰਤ ਪ੍ਰਕਾਰ ਦੇ ਚਮਤਕਾਰਾਂ ਦਾ ਪਸਾਰਾ ਕਰ ਸਕਦੇ ਹੋ ਅਤੇ ਇਸ ਸੰਸਾਰ ਨੂੰ ਜੀਊਂਦੇ ਬਹਿਸ਼ਤ ਵਿਚ ਬਦਲ ਸਕਦੇ ਹੋ।'

ਇਨ੍ਹਾਂ ਵਿਚਾਰਾਂ ਤੇ ਅਨਭਵ ਦੀ ਰੋਸ਼ਨੀ ਵਿਚ ਵੇਖਿਆ ਜਾਵੇ ਤਾਂ ਅੱਜ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਜਥੇ ਦੇ ਸਿਘ ਤੇ ਫੈਡਰੇਸ਼ਨ ਦੇ ਜਵਾਨ ਜੋ ਭਾਰਤੀ ਫੌਜਾਂ ਨਾਲ ਲੋਹਾ ਲੈ ਰਹੇ ਸਨ ਉਹ ਆਪਣੇ ਹੱਥਾਂ ਵਿਚਲੇ ਛੋਟੇ ਮੋਟੇ ਹਥਿਆਰਾਂ, ਮਾਨਸਿਕ ਤੇ ਸਰੀਰਕ ਬਲ ਅਤੇ ਸੰਗਤ ਰਾਹੀਂ



ਪ੍ਰਾਪਤ ਹੋਣ ਵਾਲੇ ਥੁਹੜੇ ਬਹੁਤ ਧਨ ਪਦਾਰਥ ਤੋਂ ਪੈਦਾ ਕੀਤੇ ਹੋਏ ਸਾਧਨ ਵਸੀਲਿਆਂ ਅਤੇ ਆਪਣੇ ਅੰਦਰਲੇ ਸੱਚ ਤੇ ਪੰਥਕ ਜਜ਼ਬਿਆਂ ਦੇ ਸਿਰ ਸਦਕਾ ਹੀ ਲੈ ਰਹੇ ਸਨ। ਐਸੀ ਭਿਆਨਕ ਸਥਿਤੀ ਵਿਚ ਭਾਰਤੀ ਫੌਜਾਂ ਦੇ ਲਸ਼ਕਰ ਉਸਦੇ ਟੈਂਕਾਂ ਉਸਦੀਆਂ ਤੋਪਾਂ ਅਤੇ ਉਸਦੇ ਖਤਰਨਾਕ ਜੰਗੀ ਵਸੀਲਿਆਂ ਸਾਧਨਾਂ ਤੇ ਹਥਿਆਰਾਂ ਨਾਲ ਸਿੰਘਾਂ ਵਲੋਂ ਸਿਧੀ ਤੇ ਆਹਮੋ ਸਾਹਮਣੀ ਟੱਕਰ ਲੈਣ ਦਾ ਕਰਮ ਆਪਣੇ ਆਪ ਵਿਚ ਇਕ ਅਦੁੱਤੀ ਤੇ ਅਸਚਰਜ ਜਨਕ ਕਰਾਮਾਤ ਹੀ ਸੀ। ਜੇ ਕਿਤੇ ਉਸ ਸਮੇਂ ਸਿੰਘਾਂ ਦੇ ਅੰਗ ਸੰਗ ਖਾਲਸਾ ਰਾਜ ਦੀ ਸ਼ਕਤੀ ਵੀ ਹੁੰਦੀ ਤਾਂ ਉਸ ਹਾਲਤ ਵਿਚ ਇਹ ਕਰਾਮਾਤ ਆਪਣੇ ਆਪ ਵਿਚ ਕਿਸੇ ਹੋਰ ਹੀ ਅਲੌਕਕ ਚਮਤਕਾਰ ਦੇ ਰੂਪ ਵਿਚ ਜਲਵਾਗਰ ਹੋਣੀ ਸੀ।

ਗੱਲ ਕੀ, ਅੱਜ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜਿਸ ਜੋਸ਼ ਜਜ਼ਬੇ ਸਾਹਸ ਤੇ ਬਲ ਸਦਕਾ ਸਿਖ ਦੁਸ਼ਮਨ ਰਾਜ ਤੇ ਉਸਦੀ ਫੌਜ ਦੇ ਮੁਕਾਬਲੇ ਜੂਝ ਰਹੇ ਸਨ ਉਹਨਾਂ ਦੀ ਸਰਪ੍ਰਸਤੀ ਵਿਚ ਜੂਝ ਰਹੇ ਸਮੂਹ ਸਿੰਘਾਂ ਦਾ ਕਰਮ ਕਾਰਜ ਆਪਣੇ ਆਪ ਵਿਚ ਇਕ ਐਸੀ ਜਲਵਾ ਭਰਪੂਰ ਕਰਾਮਾਤ ਸੀ ਕਿ ਇਤਹਾਸ ਵਿਚ ਇਹ ਕਰਾਮਾਤ ਜੁੱਗਾਂ ਜੁਗਾਂਤਰਾਂ ਤੱਕ ਜੀਉਂਦੀ ਜਾਗਦੀ ਤੇ ਚਮਕਦੀ ਦਮਕਦੀ ਰਹੇਗੀ ਅਤੇ ਸਿਖ ਕੌਮ ਦੀ ਉਤਮ ਤੇ ਬਲਵਾਨ ਰੂਪ ਵਿਚ ਅਗਵਾਈ ਕਰਦੀ ਰਹੇਗੀ।

ਸੰਤ ਭਿੰਡਰਾਂਵਾਲੇ ਦੁਸ਼ਮਨ ਫੌਜਾਂ ਅਤੇ ਉਸਦੇ ਟੈਂਕਾਂ ਤੇ ਬਾਰੂਦੀ ਅੱਗ ਭਾਬੜਾਂ ਦੇ ਰੂਪ ਵਿਚ ਮੌਤ ਵਰ੍ਹਾਉਣ ਵਾਲੇ ਜੰਗੀ ਹਥਿਆਰਾਂ ਦੀ ਸ਼ਕਤੀ ਦੇ ਮੁਕਾਬਲੇ ਪਰਕਰਮਾ ਵਿਚ ਉਤਰਨ ਤੋਂ ਪਹਿਲਾਂ ਸਿੰਘਾਂ ਨਾਲ ਸਮੇਂ ਸਮੇਂ ਜੋ ਵਿਚਾਰ ਵਟਾਂਦਰਾਂ ਕਰਦੇ ਰਹੇ ਸਨ ਉਹਨਾਂ ਨਾਲ ਜੁੜਿਆ ਹੋਇਆ ਸੱਚ ਆਪਣੇ ਆਪ ਵਿਚ ਇਸ ਹੱਦ ਤੱਕ ਬਲਵਾਨ ਹੈ ਕਿ ਉਸ ਵਿਚਲੇ ਤਥ ਹਕੀਕੀ ਅਰਥਾਂ ਵਿਚ ਯੁੱਗਾਂ ਦੇ ਹਾਣੀ ਬਣ ਗਏ ਹਨ।

ਆਖਰ ਸੰਤਾਂ ਨੇ ਤਖਤ ਸਾਹਿਬ ਵਾਲੀ ਮੰਜ਼ਲ ਤੋਂ ਦੁਸ਼ਮਨ ਫੌਜ ਦੇ ਟਾਕਰੇ ਵਿਚ, ਪਰਕਰਮਾ ਅੰਦਰ ਉਤਰਨ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਖਾਲਸਾ ਪੰਥ ਦੀ ਆਜ਼ਾਦੀ ਤੇ ਚੜ੍ਹਦੀ ਕਲਾ ਅਤੇ ਸਿੰਘਾਂ ਦੀਆਂ ਸੇਵਾਵਾਂ ਉਸਦੀਆਂ ਆਪਣੇ ਦਰ ਘਰ ਵਿਚ ਪਰਵਾਨ ਕਰਨ ਲਈ ਅਰਦਾਸ ਕੀਤੀ। ਇਸ ਤੋਂ ਬਾਅਦ ਫਿਰ ਆਪ ਬੋਲੇ ਸੋ ਨਿਹਾਲ ਦਾ ਜੈਕਾਰਾ ਗਜਾਇਆ ਜਿਸਦੇ ਜਵਾਬ ਵਿਚ ਸਤਿ ਸ੍ਰੀ ਅਕਾਲ ਦੇ ਬੋਲਾਂ ਨਾਲ ਸਮੁਚੀ ਫਜ਼ਾ ਗੂੰਜ ਉਠੀ। ਸੰਤਾਂ ਨੇ ਆਪ ਖਾਲਿਸਤਾਨ ਜ਼ਿੰਦਾ ਬਾਦ ਦਾ ਨਾਅਰਾ ਲਾਇਆ ਅਤੇ ਫਿਰ ਸਿੰਘਾਂ ਦੇ ਰਾਜ ਕਰੇਗਾ ਖਾਲਸਾ ਦੇ ਬੋਲਿਆਂ, ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰਿਆਂ ਅਤੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਦਾ ਸਮੁੱਚਾ ਵਾਤਾਵਰਨ ਤੇ ਆਲਾ ਦੁਆਲਾ ਤੇ ਧਰਤ ਆਕਾਸ਼ ਗੂੰਜ ਉੱਠੇ।

ਸੰਤਾਂ ਨੇ ਇਕ ਵਾਰ ਫਿਰ ਆਪਣੇ ਆਸ ਪਾਸ ਖੜੋਤੇ ਹੋਏ ਅਰਥਾਤ ਤਿਆਰ ਬਰਤਿਆਰ ਰੂਪ ਵਿਚ ਰਣ ਤੱਤੇ ਵਿਚ ਉਤਰ ਕੇ ਦੁਸ਼ਮਨ ਫੌਜਾਂ ਨਾਲ ਜੂਝਨ ਤੇ ਸ਼ਹੀਦੀਆਂ ਪਾਉਣ ਲਈ ਤਤਪਰ ਹੋਏ ਸਿੰਘਾਂ ਵੱਲ ਬੜੇ ਹੀ ਪਿਆਰ ਤੇ ਜਲਵੇ ਨਾਲ ਵੇਖਿਆ। ਸਭ ਸਿੰਘਾਂ ਤੇ ਨੌਜਵਾਨਾਂ ਨੂੰ ਥਾਪੜਾ ਦਿਤਾ ਅਤੇ ਰਾਕਟ ਲਾਂਚਰ ਨਾਲ ਪਰਕਰਮਾ ਵਿਚ ਦਾਖਲ ਹੋਣ ਵਾਲੇ ਪਹਿਲੇ ਟੈਂਕ ਨੂੰ ਨਕਾਰਾ ਬਨਾਉਣ ਤੇ ਮੂਧੇ ਮੂੰਹ ਸੁੱਟਣ ਵਾਲੇ ਸਿਘ ਭਾਈ ਰਾਮ ਸਿਘ (ਸੰਤਾਂ ਦਾ ਰਾਗਵਈ) ਨੂੰ ਪਰਕਰਮਾ ਵਿਚ ਨਾਕਾਮ ਪਏ ਹੋਏ ਟੈਂਕ ਵੱਲ ਵੇਖਦਿਆਂ ਹੋਇਆਂ ਦੋ ਤਿੰਨ ਵਾਰ ਥਾਪੜਾ ਦਿੱਤਾ ਅਤੇ ਫਿਰ ਸਭਨਾ ਨੂੰ ਬੜੇ ਗੱਜਵੇਂ ਰੂਪ 'ਚ ਫਤਹਿ ਗਜਾ ਕੇ ਪਰਕਰਮਾ ਵੱਲ ਨੂੰ ਉਤਰਦੀਆਂ ਪੌੜੀਆਂ ਵੱਲ ਹੋ

ਤੁਰੇ। ਸੰਤਾਂ ਨੇ ਪਰਕਰਮਾ ਵਿਚ ਕਦਮ ਟਿਕਾਉਣ ਦੇ ਨਾਲ ਹੀ ਅਤੇ ਆਪਣਾ ਸੀਸ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰ ਝੁਕਾਉਣ ਦੇ ਨਾਲ ਹੀ ਆਪਣਾ ਰੁਖ ਮੀਰੀ ਪੀਰੀ ਦੇ ਨਿਸ਼ਾਨ ਸਾਹਿਬ ਵੱਲ ਨੂੰ, ਜੋ ਉਥੇ ਕੁਝ ਕਦਮਾਂ ਦੇ ਫਾਸਲੇ ਉੱਪਰ ਝੂਲ ਰਹੇ ਸਨ ਮੋੜ ਲਿਆ।

ਜਿਸ ਸਮੇਂ ਸੰਤ ਪਰਕਰਮਾ ਵਿਚ ਉੱਤਰੇ ਤਾਂ ਉਸ ਸਮੇਂ ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨ ਵੀ ਉਹਨਾਂ ਦੇ ਪਿਛੇ ਪਿਛੇ ਸ੍ਰੀ ਹਰਿਮੰਦਰ ਸਾਹਿਬ ਭਵਨ ਵੱਲ ਆਪਣਾ ਆਪਣਾ ਸੀਸ ਝੁਕਾਉਂਦੇ ਹੋਏ ਜੈਕਾਰਿਆਂ ਬੋਲਿਆਂ ਦੀ ਗੂੰਜ ਵਿਚ ਨਾਲ ਹੀ ਪਰਕਰਮਾ 'ਚ ਉੱਤਰ ਰਹੇ ਸਨ। ਉਸ ਸਮੇਂ ਭਾਈ ਅਮਰੀਕ ਸਿੰਘ ਨੇ ਖਤੇ ਹੀ ਤਿਆਰ-ਬਰ-ਤਿਆਰ ਤੇ ਜੁਝਾਰੂ ਢੰਗ ਨਾਲ ਆਪਣੇ ਹੱਥਾਂ ਵਿਚ ਕਾਰਬਾਈਨ ਫੜ ਰੱਖੀ ਸੀ ਅਤੇ ਭਰੇ ਹੋਏ ਮੈਗਜ਼ੀਨਾਂ ਦਾ ਥੈਲਾ ਉਹਨਾਂ ਦੇ ਮੋਢੇ ਤੋਂ ਦੀ ਪਲਮ ਰਿਹਾ ਸੀ। ਰਵਾਲਵਰ ਖਬੇ ਵਖੀ ਦੇ ਅੰਗ ਸੰਗ ਆਪਣੀ ਧੱਖ ਵਿਖਾ ਰਿਹਾ ਸੀ।

ਉਸ ਵੇਲੇ ਸਮਾ ਲਗਪਗ ਦਸ ਸਾਢੇ ਦਸ ਦਾ ਹੋ ਚੁੱਕਾ ਸੀ ਅਤੇ ਜੂਨ ਮਹੀਨੇ ਦੀ ਤਪਸ਼, ਧੁੱਪ ਤੇ ਗਰਮੀ ਨੇ ਪਰਕਰਮਾ ਦੇ ਸੰਗੋ ਮਰਮਰ ਅਤੇ ਬਰਾਮਦਿਆਂ ਇਮਾਰਤਾਂ ਦੇ ਅੰਦਰ ਬਾਹਰ ਹੁਮਸ ਤੇ ਸੇਕ ਭਰਨਾ ਸ਼ੁਰੂ ਕਰ ਦਿਤਾ ਸੀ। ਅਰਥਾਤ ਅੱਗ ਜਿਹੀ ਭਰਨੀ ਸ਼ੁਰੂ ਕਰ ਦਿਤੀ ਸੀ।

ਫੌਜ ਗੁਰੂ ਰਾਮ ਦਾਸ, ਸਰਾਂ, ਸਮੁੰਦਰੀ ਹਾਲ ਗੁਰੂ ਨਾਨਕ ਨਿਵਾਸ ਗੁਰੂ ਰਾਮ ਦਾਸ ਲੰਗਰ, ਪਰਕਰਮਾ ਦੀਆਂ ਉੱਤਰੀ ਤੇ ਦੱਖਣੀ ਦਰਸ਼ਨੀ ਡਿਓੜੀਆਂ ਅਤੇ ਨਾਲ ਨਾਲ ਲਗਦੀਆਂ ਇਮਾਰਤਾਂ ਦੇ ਉੱਪਰ ਟਿੱਡੀ ਦਲ ਦੀ ਤਰ੍ਹਾਂ ਛਾ ਚੁੱਕੀ ਸੀ ਅਤੇ ਪਰਕਰਮਾ ਦੀਆਂ ਉੱਤਰ ਪੂਰਬ ਤੇ ਦੱਖਣ ਵੱਲ ਦੀਆਂ ਬਾਹੀਆਂ ਵਿਚ ਟੈਂਕ ਹੀ ਟੈਂਕ ਖਲੋਤੇ ਹੋਏ ਸਨ। ਇਸ ਸਮੇਂ ਵੀ ਬਹੁਤ ਕਰਕੇ ਅਕਾਲ ਤਖ਼ਤ ਸਾਹਿਬ ਤੇ ਇਸਦੇ ਆਲੇ ਦੁਆਲੇ ਵੱਲ ਨੂੰ ਹੀ ਫਾਇਰਿੰਗ ਆ ਰਹੀ ਸੀ. ਟੈਂਕਾਂ ਦੀਆਂ ਤੋਪਾਂ ਤੇ ਗੰਨਾਂ ਦਾ ਮੁਖ ਟਾਰਗੇਟ ਵੀ ਇਹੋ ਪਾਸਾ ਹੀ ਬਣਿਆ ਹੋਇਆ ਸੀ।

ਇਸ ਜੰਗੀ ਮਾਹੌਲ ਵਿਚ ਸੰਤਾਂ ਨੇ ਮੀਰੀ ਪੀਰੀ ਦੇ ਨਸ਼ਾਨ ਸਾਹਿਬਾਂ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਵੱਲ ਪੈਂਦੇ ਨਿਸ਼ਾਨ ਸਾਹਿਬ ਦੇ ਨਾਲ ਕਰਕੇ ਆਪਣੀ ਪੁਜ਼ੀਸ਼ਨ ਮੱਲੀ ਹੋਈ ਸੀ ਅਤੇ ਆਪਣੀ ਕਾਰਬਾਈਨ ਦੱਖਣੀ ਦਰਸ਼ਨੀ ਡਿਓੜੀ ਵੱਲ ਦੇ ਫੌਜੀਆਂ ਵੱਲ ਸੇਧ ਰੱਖੀ ਸੀ ਤੇ ਤਾਬੜ ਤੋੜ ਰੂਪ 'ਚ ਫਾਇਰਿੰਗ ਸ਼ੁਰੂ ਕਰ ਰੱਖੀ ਸੀ।

ਭਾਈ ਅਮਰੀਕ ਸਿੰਘ ਨੇ ਸੰਤਾਂ ਤੋਂ ਕੁਝ ਕਦਮ ਪਿੱਛੇ ਥੜ੍ਹਾ ਸਾਹਿਬ ਵੱਲ ਦੇ ਰੁਖ ਵਿਚ ਆਪਣੀ ਪੁਜ਼ੀਸ਼ਨ ਮੱਲੀ ਹੋਈ ਸੀ ਅਤੇ ਉਹ ਗੋਲੀਆਂ ਵਰ੍ਹਾਉਂਦੇ ਨਿਸ਼ਾਨ ਸਾਹਿਬ ਵੱਲ ਨੂੰ ਸੈਨਿਕ ਅੰਦਾਜ਼ ਵਿਚ ਲੇਟੇ ਲੇਟੇ ਹੀ ਕੂਹਣੀਆਂ ਦੇ ਸਹਾਰੇ ਅੱਗੇ ਵਧ ਰਹੇ ਸਨ।

ਇਸੇ ਤਰ੍ਹਾਂ ਹੀ ਜਥੇ ਦੇ ਦੂਸਰੇ ਸਿੰਘ ਤੇ ਫੈਡਰੇਸ਼ਨ ਦੇ ਜਵਾਨਾਂ ਨੇ ਵੱਖ ਵੱਖ ਥਾਵਾਂ ਉੱਪਰ ਪਰਕਰਮਾ ਵਿਚਲੇ ਖੁੱਲ੍ਹੇ ਕਸ਼ਾਦਾ ਮਰਮਰੀ ਮੈਦਾਨ ਵਿਚ ਪਧਰੇ ਰੂਪ 'ਚ ਹੀ ਪੁਜ਼ੀਸ਼ਨਾਂ ਮੱਲ ਰਖੀਆਂ ਸਨ।

ਭਾਈ ਅਮਰੀਕ ਸਿੰਘ ਫਾਇਰਿੰਗ ਕਰਦੇ ਹੋਏ ਹੌਲੀ ਕਰਕੇ ਨਸ਼ਾਨ ਸਾਹਿਬ ਵੱਲ ਨੂੰ ਵਧ ਹੀ ਰਹੇ ਸਨ ਕਿ ਉਹਨਾਂ ਦੇ ਸੱਜੇ ਮੋਢੇ ਤੇ ਹੱਸਲੀ (ਹੱਸ) ਤੋਂ ਜ਼ਰਾ ਕੁ ਥੱਲੇ ਕਰਕੇ ਛਾਤੀ ਵਾਲੇ ਭਾਗ ਉੱਪਰ ਜ਼ਬਰਦਸਤ ਰੂਪ 'ਚ ਗੋਲੀਆਂ ਦੀ ਬੁਛਾੜ ਆ ਕੇ ਪਈ ਅਤੇ ਇਸਦੇ ਨਾਲ ਹੀ ਉਹ ਪਰਕਰਮਾ ਉੱਪਰ ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਸੀਸ ਨਿਵਾ ਕੇ ਝੁਕ ਗਏ ਅਤੇ ਫਿਰ ਝੱਟ ਹੀ, ਕੁਝ ਛਿਣਾਂ ਦੀ ਖਾਮੋਸ਼ੀ ਤੇ ਗਤੀ-ਮੁਕਤ ਅਵਸਥਾ 'ਚ ਰਹਿਣ ਤੋਂ ਬਾਅਦ, ਨਸ਼ਾਨ ਸਾਹਿਬਾਂ ਦੇ ਨਾਲ ਕਰਕੇ ਪੈਂਦੀ



ਦਰਸ਼ਨੀ ਡਿਓੜੀ ਦੇ ਇਕ ਪਾਸੇ ਜਿਹੇ ਕਰਕੇ ਪੈਂਦੇ ਕਮਰੇ ਦੇ ਸਾਹਮਣੇ ਬਰਾਮਦੇ ਵਿਚ ਜਾ ਬੈਠੇ।

ਇਸ ਸਮੇਂ ਭਾਈ ਅਮਰੀਕ ਸਿੰਘ ਦੇ ਮਾਨਸਿਕ ਬਲ ਦੀ ਜੋ ਵਲਖਣਤਾ ਤੇ ਸਿਖਰ ਵੇਖਣ ਵਿਚ ਆ ਰਹੀ ਸੀ ਉਹ ਇਹ ਸੀ ਕਿ ਗੰਭੀਰ ਰੂਪ ਵਿਚ ਜ਼ਖਮੀ ਹੋਣ ਤੋਂ ਬਾਅਦ ਵੀ, ਜਦੋਂ ਕਿ ਸ਼ਹੀਦੀ ਦਾ ਜਾਮ ਬੁੱਲਾਂ ਨੂੰ ਛੂਹ ਚੁੱਕਾ ਸੀ, ਉਹਨਾਂ ਦਾ ਚੇਹਰਾ ਉਸੇ ਤਰ੍ਹਾਂ ਹੀ ਦਗ ਦਗ ਕਰ ਰਿਹਾ ਸੀ। ਅੱਖਾਂ ਵਿਚ ਉਹੀ ਚਮਕ, ਜਜ਼ਬਾ ਜੋਸ਼ ਤੇ ਜਲਵਾ ਸੀ। ਕਾਰਬਾਈਨ ਅਜੇ ਵੀ ਹੱਥਾਂ ਵਿਚ ਸੀ ਅਤੇ ਭਰੇ ਹੋਏ ਮੈਗਜ਼ੀਨਾਂ ਦਾ ਥੈਲਾ ਅੰਗ ਸੰਗ ਸੀ।

ਭਾਈ ਅਮਰੀਕ ਸਿੰਘ ਨੂੰ ਇਸ ਸਖ਼ਤ ਜ਼ਖਮੀ ਹਾਲਤ ਵਿਚ ਬੈਠਿਆਂ ਅਜੇ ਕੁਝ ਛਿਣ ਹੀ ਹੋਏ ਸਨ ਕਿ ਫੈਡਰੇਸ਼ਨ ਦੇ ਦੋ ਜਵਾਨ ਉਹਨਾਂ ਵੱਲ ਅੱਗੇ ਵਧੇ ਤੇ ਫਿਰ ਇਸਦੇ ਨਾਲ ਹੀ ਬਰਾਮਦੇ ਨਾਲ ਲਗਦੇ ਇਕ ਖੁੱਲ੍ਹੇ ਤੇ ਜ਼ਰਾ ਕੁ ਸੁਰਖਸ਼ਤ ਜਿਹੇ ਕਮਰੇ ਵਿਚ ਲੈ ਗਏ।

ਫੈਡਰੇਸ਼ਨ ਦੇ ਜਵਾਨਾਂ ਨੇ ਭਾਈ ਅਮਰੀਕ ਸਿੰਘ ਨੂੰ ਅਜੇ ਕਮਰੇ ਵਿਚ ਬਠਾਇਆ ਹੀ ਸੀ ਕਿ ਤੋਪਾਂ ਦੇ ਦੋ ਗੋਲੇ ਅੱਗੜ ਪਿਛੜ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਖੁਲ੍ਹੇ ਕਸ਼ਾਦਾ ਸੰਗਮਰਮਰੀ ਮੈਦਾਨ ਦੇ ਵਿਚਕਾਰ ਆ ਕੇ ਫਟੇ ਅਤੇ ਫਿਰ ਇਸਦੇ ਨਾਲ ਹੀ ਉਸੇ ਹੀ ਥਾਂ ਦੇ ਆਸ ਪਾਸ ਅਤੇ ਆਲੇ ਦੁਆਲੇ ਗੋਲੇ ਵਰ੍ਹਨੇ ਤੇ ਫਟਣੇ ਸ਼ੁਰੂ ਹੋ ਗਏ ਜਿਸਦੇ ਸਿੱਟੇ ਵਜੋਂ ਕਈ ਪੰਜੀ ਤੀਹ ਦੇ ਲਗਪਗ ਸਿੰਘ ਤੇ ਫੈਡਰੇਸ਼ਨ ਦੇ ਜਵਾਨ ਥਾਂ 'ਤੇ ਹੀ ਸ਼ਹੀਦੀਆਂ ਪਾ ਗਏ।

ਵੇਖਦਿਆਂ ਹੀ ਵੇਖਦਿਆਂ ਸਭ ਪਾਸੇ ਧੂੰਆਂ, ਘੱਟਾ ਮਿੱਟੀ ਧੂੜ ਗੁਬਾਰ ਤੇ ਅੱਗ ਲਵੇਟੇ ਭਖਦੇ ਵਰੋਲੇ ਉਡਦੇ ਹੋਏ ਦਿਸਣ ਲੱਗੇ ਜਿਸ ਕਰਕੇ ਉਥੇ ਹੁਣ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਸਭ ਪਾਸੇ ਧੂੜ ਗੁਬਾਰ ਤੇ ਹਨੇਰਾ ਜਿਹਾ ਫੈਲਿਆ ਹੋਇਆ ਹੋਣ ਕਰਕੇ ਅਤੇ ਤਬਾਹੀ ਵਰਤੌਂਦਾ ਭਖਦੀਲਾ ਵਾਤਾਵਰਨ ਹੋਣ ਕਰਕੇ ਸਿਰਫ ਐਵੇਂ ਝੌਲਾ ਮਾਤਰ ਰੂਪ 'ਚ ਜਥੇ ਦੇ ਸਿੰਘ ਤੇ ਫੈਡਰੇਸ਼ਨ ਦੇ ਜਵਾਨਾਂ ਦੀਆਂ ਲਾਸ਼ਾਂ ਹੀ ਥਾਂ ਥਾਂ ਉੱਪਰ ਵਿਛੀਆਂ ਹੋਈਆਂ ਨਜ਼ਰੀਂ ਆ ਰਹੀਆਂ ਸਨ।

ਭਾਈ ਅਮਰੀਕ ਸਿੰਘ ਬਰਾਮਦੇ ਦੇ ਨਾਲ ਲਗਦੇ ਉਸ ਕਮਰੇ ਵਿਚੋਂ ਇਹ ਸਭ ਖੂਨੀ ਨਜ਼ਾਰਾ ਸੀਖਾਂ ਤੇ ਜੰਗਲੇ ਵਾਲੀ ਇਕ ਬਾਰੀ ਦੇ ਨਾਲ ਢਾਸਣਾ ਜਿਹਾ ਲਾ ਕੇ ਬੈਠੇ ਹੋਏ ਰੂਹਸਵੇਂ ਨਜ਼ਰੇ ਵੇਖ ਰਹੇ ਸਨ।

ਸਰੀਰ 'ਚੋਂ ਵਹਿੰਦੇ ਹੋਏ ਲਹੂ ਨੇ ਉਹਨਾਂ ਦੇ ਛਾਤੀ ਦੇ ਥੱਲੇ ਥੱਲੇ ਦੇ ਹਿੱਸੇ ਨੂੰ ਗੜੁੱਚ ਕਰ ਦਿੱਤਾ ਸੀ। ਜਿਸ ਕਰਕੇ ਉਹਨਾਂ ਦਾ ਬਾਣਾ (ਚੋਲਾ ਨੁਮਾ ਕੁੜਤਾ) ਖੂਨ ਨਾਲ ਭਿਜਾ ਪਿਆ ਸੀ ਤੇ ਉਸ ਚੋਂ ਲਹੂ ਚੋ ਰਿਹਾ ਸੀ ਪਰ ਇਸਦੇ ਬਾਵਜੂਦ ਉਹ ਮਾਨਸਿਕ ਤੌਰ 'ਤੇ ਅਜੇ ਵੀ ਪੂਰੀ ਤਰ੍ਹਾਂ ਨਾਲ ਅਡੋਲ ਅਤੇ ਸੋਚਣੀ ਤੇ ਕਥਨੀ ਪਖੋਂ ਚੇਤੰਨ ਸਨ। ਚੇਹਰੇ ਦਾ ਜਲਾਲ ਤੇ ਗੱਲ ਬਾਤ ਦਾ ਜਜ਼ਬਾ ਅਜੇ ਪਹਿਲਾਂ ਵਾਂਗ ਹੀ ਕਾਇਮ ਤੇ ਸਥਿਰ ਸੀ ਅਤੇ ਨਜ਼ਰਾਂ ਸਾਹਮਣੇ ਕੋਈ ਝੌਲਾ ਹਨੇਰਾ ਨਹੀਂ ਸੀ। ਜਿਸ ਕਰਕੇ ਉਹ ਚੇਹਰੇ ਨਜ਼ਰਾਂ ਤੇ ਗੱਲਾਂ ਬਾਤਾਂ ਪੱਖੋਂ ਅਜੇ ਵੀ ਪੂਰਨ ਰੂਪ ਵਿਚ ਨੌ ਬਰ ਨੌ ਤੇ ਚੜ੍ਹਦੀ ਕਲਾ ਵਿਚ ਹੀ ਨਜ਼ਰੀਂ ਆ ਰਹੇ ਸਨ। ਸਗੋਂ ਉਹ ਤਾਂ ਕਮਰੇ ਦੇ ਅੰਦਰ ਸੀਖਾਂ ਵਾਲੀ ਬਾਰੀ ਦੇ ਨਾਲ ਆਪਣੇ ਸੱਜੇ ਮੋਢੇ ਵੱਲ ਦੇ ਪਾਸੇ ਦਾ ਹੀ ਢਾਸਣਾ ਲਾਈ ਛਾਤੀ ਚੋਂ ਵਹਿ ਰਹੇ ਲਹੂ ਵੱਲੋਂ ਬੇਪਰਵਾਹ ਹੋ ਆਪਣੇ ਕੋਲ ਬੈਠੇ ਸਿੰਘਾਂ ਨਾਲ ਬੜੀਆਂ ਚੜ੍ਹਦੀ ਕਲਾ ਵਾਲੀਆਂ ਗੱਲਾਂ ਬਾਤਾਂ ਵੀ ਕਰ ਰਹੇ ਸਨ ਅਤੇ ਬਾਹਰ ਪਰਕਰਮਾ ਵਿਚ ਵਾਪਰ ਰਹੇ ਖੂਨੀ ਸਾਕੇ ਦੇ ਭਿਆਨਕ ਤੇ ਤਬਾਹ ਕੁੰਨ ਦ੍ਰਿਸ਼ਾਂ ਵੱਲ ਵੀ ਵੇਖ ਰਹੇ ਸਨ।

ਭਾਈ ਅਮਰੀਕ ਸਿੰਘ ਦੀ ਮਾਨਸਿਕ ਅਡੋਲਤਾ ਤੇ ਸਥਿਰਤਾ ਅਤੇ ਦਿਮਾਗੀ ਚੇਤੰਨਤਾ ਤੇ ਉਹਨਾਂ ਦੇ ਸਾਹਸ ਅਤੇ ਹੌਂਸਲੇ ਨੂੰ ਅੱਖੀਂ ਨਿਹਾਰਣ ਵਾਲਾ ਮਨੁੱਖ ਉਥੋਂ ਦੇ ਅੱਗ ਲਵੇਟੇ ਤੇ ਮੌਤ ਵੰਡਨ ਦੇ ਵਾਤਾਵਰਨ ਵੱਲ ਵੇਖਦਿਆਂ ਹੋਇਆਂ ਭਾਈ ਜੀ ਦੇ ਸਬੰਧ ਵਿਚ ਆਪਣੀ ਇਹੋ ਹੀ ਰਾਏ ਕਾਇਮ ਕਰ ਸਕਦਾ ਤੇ ਦੇ ਸਕਦਾ ਸੀ ਕਿ ਜੇ ਕਿਸੇ ਵਿਅਕਤੀ ਨੇ ਪ੍ਰਤੱਖ ਰੂਪ ਵਿਚ ਕਿਸੇ ਫੌਲਾਦੀ ਇਨਸਾਨ ਅਰਥਾਤ ਲੋਹ ਪੁਰਸ਼ ਦੇ ਦਰਸ਼ਨ ਕਰਨੇ ਹੋਣ ਤਾਂ ਉਹ ਭਾਈ ਅਮਰੀਕ ਸਿੰਘ ਦੇ ਰੂਪ ਦੀ ਤਸਵੀਰ ਨੂੰ ਨਿਹਾਰ ਲਵੇ।

ਭਾਈ ਜੀ, ਆਪਣੇ ਪਾਸ ਬੈਠੇ ਹੋਏ ਫੈਡਰੇਸ਼ਨ ਦੇ ਦੋਹਾਂ ਸਿੰਘਾਂ ਨਾਲ ਗੱਲਾਂ ਕਰਦੇ ਹੋਏ ਕਹਿ ਰਹੇ ਸਨ, ਸਿੰਘੋ ਆਹ ਜੋ ਸਿੰਘਾਂ ਦੀਆਂ ਗੁਰੂ ਘਰ ਵਿਚ ਸ਼ਹੀਦੀਆਂ ਹੋ ਰਹੀਆਂ ਨੇ ਇਹ ਸਭ ਸ਼ਹੀਦੀਆਂ ਇਕ ਨਾ ਇਕ ਦਿਨ ਖਾਲਿਸਤਾਨ ਦਾ ਨੀਂਹ ਪੱਥਰ ਸਿੱਧ ਹੋਣਗੀਆਂ। ਦੁਸ਼ਟਾਂ ਵੱਲੋਂ ਜੋ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤਾ ਜਾ ਰਿਹਾ ਹੈ ਇਸਦੀ ਉਸਾਰੀ ਤਾਂ ਖਾਲਸਾ ਪੰਥ ਮੁੜ ਦੂਨ ਸਵਾਈ ਸ਼ਾਨ ਨਾਲ ਕਰ ਹੀ ਲਵੇਗਾ ਪਰ ਹੁਣ ਜਦੋਂ ਖਾਲਸਾ ਪੰਥ ਨੇ ਹਿੰਦੂ ਸਾਮਰਾਜ ਦੇ ਸ਼ਾਹੀ ਧੌਲਰ ਢਾਹੁਨ ਦਾ ਰਾਹ ਮੱਲਣਾ ਤਾਂ ਉਸ ਹਾਲਤ ਵਿਚ ਹਿੰਦੂ ਰਾਜ ਦੇ ਢੱਠੇ ਹੋਏ ਧੌਲਰਾਂ ਦੀਆਂ ਬੁਨਿਆਦਾਂ ਨੂੰ ਕਿਸੇ ਤੋਂ ਨਹੀਂ ਉਸਾਰਿਆ ਜਾਣਾ। ਅੱਜ ਤੱਕ ਗੁਰੂ ਘਰ ਉੱਪਰ ਜਿਸ ਕਿਸੇ ਨੇ ਵੀ ਫੌਜਾਂ ਚਾੜ੍ਹੀਆਂ ਤੇ ਇਸਨੂੰ ਢਾਹੁਣ ਦੀ ਕੋਸ਼ਸ਼ ਕੀਤੀ ਆ, ਉਸ ਤਾਕਤ ਦੀਆਂ ਜੜ੍ਹਾਂ ਸੁਕਣ ਤੋਂ ਬਾਅਦ ਮੁੜ ਕਦੀਂ ਵੀ ਹਰੀਆਂ ਨਹੀਂ ਹੋਈਆਂ। ਖਾਲਸਾ ਪੰਥ ਵੀ ਉਸ ਸਮੇਂ ਤੱਕ ਚੈਣ ਤੇ ਆਰਾਮ ਨਾਲ ਨਹੀਂ ਬੈਠਦਾ ਰਿਹਾ ਜਦ ਤੱਕ ਉਸ ਰਾਜਸੀ ਤਾਕਤ ਦੀਆਂ ਬੁਨਿਆਦਾਂ ਨੂੰ ਜੜ੍ਹੋਂ ਖੋਖ ਕੇ ਉਖਾੜ ਨਹੀਂ ਸੁੱਟਦਾ ਰਿਹਾ। ਹੁਣ ਦਿੱਲੀ ਦੇ ਤਖਤ ਤਾਜ ਦਾ ਵੀ ਇਕ ਨਾ ਇਕ ਦਿਨ ਇਹ ਹਸ਼ਰ ਅਵਸ਼ ਹੋਕੇ ਰਹੇਗਾ। ਸਿਰਫ਼ ਖਾਲਸਾ ਪੰਥ ਨੂੰ ਹੁਣ ਜ਼ਰਾ ਹਥਿਆਰ ਬੰਦ ਰੂਪ ਵਿਚ ਜਥੇਬੰਦ ਹੋ ਕੇ ਖਾਲਿਸਤਾਨ ਦੀ ਪ੍ਰਾਪਤੀ ਲਈ ਹੰਭਲਾ ਮਾਰਨ ਦਾ ਰਾਹ ਮੱਲਣਾ ਪੈਣਾ। ਦੁਸ਼ਟਾਂ ਨੇ ਜੋ ਗੁਰੂ ਘਰ ਉੱਪਰ ਟੈਂਕਾਂ ਤੇ ਫੌਜਾਂ ਨਾਲ ਦਲਾਂ ਤੇ ਕਟਕਾਂ ਦੇ ਰੂਪ ਵਿਚ ਹਮਲਾ ਕੀਤਾ ਤੇ ਇਥੇ ਕਾਲੇ ਘਿਨਾਉਣੇ ਕਾਰਨਾਮੇ ਕਰ ਵਿਖਾਏ ਨੇ ਇਸਦਾ ਨਤੀਜਾ ਤਾਂ ਹੁਣ ਦਿੱਲੀ ਰਾਜ ਨੂੰ ਤੇ ਟੋਪੀ ਵਾਲਿਆਂ ਨੂੰ ਭੁਗਤਣਾ ਹੀ ਪੈਣਾ।

ਸਿੰਘੋ, ਸੰਤਾਂ ਦੀ ਗੱਲ ਅਵਸ਼ ਪੂਰੀ ਹੋਕੇ ਰਹੇਗੀ ਕਿ 'ਜਿਸ ਦਿਨ ਭਾਰਤੀ ਫੌਜਾਂ ਨੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਹਮਲਾ ਬੋਲ ਦਿੱਤਾ ਉਸ ਦਿਨ ਖਾਲਿਸਤਾਲ ਦੀ ਨੀਂਹ ਪੱਕੀਆਂ ਬੁਨਿਆਦਾਂ ਉੱਪਰ ਰੱਖੀ ਜਾਵੇਗੀ ਅਤੇ ਟੋਪੀ ਵਾਲਿਆਂ ਦੇ ਰਾਜ ਦੇ ਸ਼ਾਹੀ ਧੌਲਰਾਂ ਦੀਆਂ ਬੁਨਿਆਦਾਂ ਨੂੰ ਢਾਹ ਲੱਗਣੀ ਸ਼ੁਰੂ ਹੋ ਜਾਏਗੀ ਤੇ ਉਹ ਖੁਰਨੀਆਂ ਸ਼ੁਰੂ ਹੋ ਜਾਣਗੀਆਂ। ਭਾਰਤ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਟੈਂਕ ਤੇ ਫੌਜਾਂ ਚੜ੍ਹਾ ਕੇ ਖਾਲਸਾ ਪੰਥ ਨਾਲ ਪੱਕਾ ਵੈਰ ਸਹੇੜ ਲਿਆ ਅਤੇ ਆਪਣੀ ਤਬਾਹੀ ਤੇ ਬਰਬਾਦੀ ਦਾ ਆਪ ਆਪਣੇ ਹਥੀਂ ਢੋਅ ਬਣਾ ਲਿਆ।'

ਭਾਈ ਅਮਰੀਕ ਸਿੰਘ ਦਾ ਸਿੰਘਾਂ ਨਾਲ ਗੱਲਾਂ ਕਰਦਿਆਂ ਹੋਇਆਂ ਜਦ ਪਰਕਰਮਾ ਵੱਲ ਤੇ ਖਾਸ ਕਰਕੇ ਨਿਸ਼ਾਨ ਸਾਹਿਬਾਂ ਵੱਲ ਧਿਆਨ ਗਿਆ ਤਾਂ ਉਹਨਾਂ ਨੇ ਬੜੀ ਕਾਹਲੀ ਨਾਲ, ਸੀਖਾਂ ਵਾਲੀ ਬਾਰੀ ਨਾਲ ਲਾ ਰੱਖੇ ਢਾਸਣੇ ਦੀ ਅਡੋਸ ਛੱਡ ਦਿੱਤੀ ਅਤੇ ਫਿਰ ਪਰਕਰਮਾ ਤੇ ਨਿਸ਼ਾਨ ਸਾਹਿਬਾਂ ਵੱਲ ਸਨਮੁਖ ਰੂਪ 'ਚ ਰੁਖ ਕਰਦਿਆਂ ਹੋਇਆਂ ਬੜੀ ਹੀ ਅਸਚਰਜਤਾ ਨਾਲ ਭਰੀ ਕਾਹਲੀ ਵਿਚ ਕਿਹਾ, ਸਿੰਘੋ, ਭਾਣਾ ਵਰਤ ਗਿਆ ਜੇ ...... ਸੰਤ ਸ਼ਹੀਦੀਆਂ ਪਾ ਗਏ ਨੇ।'

ਭਾਈ ਅਮਰੀਕ ਸਿੰਘ ਦੇ ਮੂੰਹੋਂ ਅਜੇ ਇਹ ਸ਼ਬਦ ਨਿਕਲੇ ਹੀ ਸਨ ਕਿ ਤੋਪਾਂ ਗੋਲਿਆਂ ਤੇ ਮਸ਼ੀਨ



ਗੰਨਾਂ ਦੀ ਫਾਇਰਿੰਗ ਦੀ ਭਰਮਾਰ ਫਿਰ ਤਾਬੜ ਤੋੜ ਰੂਪ ਵਿਚ ਸ਼ੁਰੂ ਹੋ ਗਈ ਪਰ ਇਸ ਹਾਲਤ ਵਿਚ ਵੀ ਭਾਈ ਅਮਰੀਕ ਸਿੰਘ ਦੇ ਪਾਸ ਬੈਠੇ ਹੋਏ ਫੈਡਰੇਸ਼ਨ ਦੇ ਸਿੰਘਾਂ, ਗੁਰਜੀਤ ਸਿੰਘ ਝੱਕ ਹਰੀਹਰ ਤੇ ਅੰਗਰੇਜ਼ ਸਿੰਘ ਨਿਰਾਲਕੇ ਨੇ ਬਾਰ ਬਾਰ ਪਰਕਰਮਾ ਦੇ ਇੱਧਰ ਉੱਧਰ ਤੇ ਨਿਸ਼ਾਨ ਸਾਹਿਬਾਂ ਵੱਲ ਵੇਖਣ ਦੀ ਕੋਸ਼ਸ਼ ਕੀਤੀ, ਪਰਕਰਮਾ ਵਿਚ ਚੌਫੇਰੇ ਹੀ-ਫੈਲੇ ਹੋਏ ਧੂੰਧ ਗੁਬਾਰ, ਘੱਟੇ ਮਿੱਟੀ ਤੇ ਧੂੜ ਦੇ ਲਾਲ ਕਾਲੇ ਪਹਾੜ ਦੇ ਕਾਰਨ ਕੁਝ ਵੀ ਸਾਫ ਦਿਖਾਈ ਨਹੀਂ ਸੀ ਦੇ ਰਿਹਾ। ਉਥੋਂ ਕੁਝ ਫਾਸਲੇ ਉੱਪਰ ਪਰਕਰਮਾ ਵਿਚ ਤੇ ਨਿਸ਼ਾਨ ਸਾਹਿਬ ਦੇ ਇੱਧਰ ਉੱਧਰ ਖਿਲਰੀਆਂ ਤੇ ਵਿੱਛੀਆਂ ਹੋਈਆਂ ਸਿੰਘਾਂ ਦੀਆਂ ਲਾਸ਼ਾਂ ਤਾਂ ਝੌਲੇ ਮਾਤਰ ਵਿਚ ਨਜ਼ਰੀ ਪੈ ਰਹੀਆਂ ਸਨ ਪਰ ਚੇਹਰਿਆਂ ਦੀ ਕੋਈ ਪਛਾਣ ਨਹੀਂ ਸੀ ਹੋ ਰਹੀ ਅਤੇ ਨਾ ਹੀ ਕਿਧਰੇ ਸੰਤਾਂ ਦੀ ਦੇਹ ਹੀ ਸਾਫ ਤੇ ਪ੍ਰਤਖ ਰੂਪ ਵਿਚ ਦਿਖਾਈ ਦੇ ਰਹੀ ਸੀ।

ਨਿਸ਼ਾਨ ਸਾਹਿਬਾਂ ਦੇ ਅਗਲੇ ਪਾਸੇ ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਰੁਖ ਕਰਕੇ ਪਰਕਰਮਾ ਵਾਲੇ ਪਾਸੇ ਕੁਝ ਕੁ ਸ਼ਹੀਦ ਸਿੰਘਾਂ ਦੀਆਂ ਦੇਹਾਂ ਸਪਾਟ ਪਈਆਂ ਹੋਈਆਂ ਸਨ ਪਰ ਉਹ ਵੀ ਨਿਸ਼ਾਨ ਸਾਹਿਬ ਦੇ ਆਦਮ ਕੱਦ ਮਰਮਰੀ ਥੜਿਆਂ ਦੇ ਉਹਲੇ ਹੋਣ ਕਰਕੇ ਉਸ ਧੂੰਦ ਗੁਬਾਰ ਵਿਚ ਆਪਣੀ ਪਛਾਣ ਨਹੀਂ ਦੇ ਰਹੀਆਂ ਸਨ। ਐਸੀ ਧੂੰਦ ਗੁਬਾਰ ਵਾਲੀ ਸਥਿਤੀ ਵਿਚ ਦੋਹਾਂ ਨਿਸ਼ਾਨਾਂ (ਨਿਸ਼ਾਨ ਸਾਹਿਬਾਂ) ਦੇ ਵਿਚਕਾਰ ਜਿਹੇ ਪਰਕਰਮਾ ਦੀ ਗੋਦ ਵਿਚ ਲੇਟੀ ਹੋਈ ਇਕ ਆਮ ਵਿਅਕਤੀਆਂ ਨਾਲੋਂ ਉੱਚੀ ਲੰਮੀ ਤੇ ਬਾਣੇ 'ਚ ਮਲਬੂਸ ਦੇਹ ਵਿਚ ਉਸ ਸਮੇਂ ਅਜੇ ਕੁਝ ਕੁਝ ਹਰਕਤ ਬਾਕੀ ਲਗਦੀ ਸੀ ਅਤੇ ਉਸ ਦੇਹ ਦੇ ਮੁਖਾਰਬਿੰਦ ਵਾਲੇ ਪਾਸਿਓਂ ਪੰਥਕ ਪਿਆਰ ਦੇ ਅਥਾਹ ਜਜ਼ਬੇ ਵਿਚ ਰਸੇ ਰੰਗੇ ਹੋਏ ਬੋਲਾਂ ਦੀ ਧਾਰਨਾ ਬੜੀ ਹੀ ਮਧਮ ਜਿਹੀ ਸੁਰ ਵਿਚ ਸੁਣਾਈ ਦੇ ਰਹੀ ਸੀ।

ਦੂਸਰੇ ਪਾਸੇ ਭਾਈ ਅਮਰੀਕ ਸਿੰਘ ਦੇ ਸਰੀਰ 'ਚੋਂ ਪਹਿਲਾਂ ਧਾਰਾਂ ਫੁਹਾਰਾਂ ਦੀ ਸ਼ਕਲ ਵਿਚ ਤੇ ਫਿਰ ਤਿੱਪ ਤਿੱਪ ਕਰਕੇ ਬਹੁਤ ਸਾਰਾ ਲਹੂ ਨੁੱਚੜ ਚੁੱਕਾ ਸੀ ਤੇ ਹੁਣ ਸਰੀਰ ਹਰ ਛਿਣ ਹਰ ਪਲ ਹਿੱਲਣ ਜੁਲਣ ਤੋਂ ਜਵਾਬ ਦੇਂਦਾ ਤੁਰਿਆ ਜਾ ਰਿਹਾ ਸੀ ਪਰ ਅੰਦਰਲਾ ਜਲਵਾ ਤੇ ਸਾਹ ਸਤ ਅਜੇ ਕਾਇਮ ਸੀ।

ਭਾਈ ਅਮਰੀਕ ਸਿੰਘ ਨੂੰ ਇਸ ਗੱਲ ਦਾ ਸਾਫ ਅਨੁਭਵ ਸੀ ਕਿ ਉਹਨਾਂ ਦੀ ਸ਼ਹਾਦਤ ਕੁਝ ਇਕ ਪਲਾਂ ਦੇ ਵਿਚ ਵਿਚ ਕਿਸੇ ਸਮੇਂ ਵੀ ਸੰਭਵ ਹੋ ਸਕਦੀ ਹੈ। ਪਰ ਉਹ ਇਸ ਹਾਲਤ ਵਿਚ ਵੀ ਆਪਣੇ ਪਾਸ ਬੈਠੇ ਹੋਏ ਨੌਜਵਾਨਾਂ ਨੂੰ ਇਹ ਕਹਿ ਕੇ ਉਤਸ਼ਾਹਤ ਕਰ ਰਹੇ ਸਨ ਕਿ 'ਸਿੰਘੋ, ਜੇ ਵਾਹਿਗੁਰੂ ਨੇ ਤੁਹਾਡੀਆਂ ਜ਼ਿੰਦਗੀਆਂ ਬਚਾ ਲਈਆਂ ਤਾਂ ਮੇਰੇ ਵਲੋਂ ਖਾਲਸਾ ਪੰਥ ਨੂੰ ਇਹ ਸਨੇਹਾ ਬੇਨਤੀ ਰੂਪ ਵਿਚ ਜ਼ਰੂਰ ਪਹੁੰਚਾ ਦੇਣਾ ਕਿ 'ਸਿੰਘੋ ਰਾਜ ਭਾਗ ਤੋਂ ਵਾਂਝੀਆਂ ਤੇ ਕੋਰੀਆਂ ਕੌਮਾਂ ਨੂੰ ਸੰਸਾਰ ਵਿਚ ਕਿਧਰੇ ਵੀ ਢੋਈ ਨਸੀਬ ਨਹੀਂ ਹੁੰਦੀ ਅਤੇ ਨਾ ਹੀ ਦੁਨੀਆਂ ਦੀਆਂ ਆਜ਼ਾਦ ਤੇ ਖੁਦਮੁਖਤਿਆਰ ਕੌਮਾਂ ਦੀ ਕਿਸੇ ਪਰ੍ਹੇ ਪੰਚਾਇਤ ਵਿਚ ਮਾਨ ਪ੍ਰਤਸ਼ਟਾ ਵਾਲਾ ਅਸਥਾਨ ਹੀ ਪ੍ਰਾਪਤ ਹੁੰਦਾ ਹੈ। ਕੋਈ ਵੀ ਗੁਲਾਮ ਕੌਮ ਜ਼ਮੀਨ ਜਾਇਦਾਦ, ਧਨ ਪਦਾਰਥ ਤੇ ਰਹਿਣ ਸਹਿਣ ਪੱਖੋਂ ਕਿੰਨੀ ਵੀ ਸੁੱਖੀ ਤੇ ਖੁਸ਼ਹਾਲ ਕਿਉਂ ਨਾ ਹੋਵੇ, ਉਹ ਇਸ ਸਭ ਕੁਝ ਦੇ ਬਾਵਜੂਦ ਜਦੋਂ ਸੰਸਾਰ ਦੀਆਂ ਆਜ਼ਾਦ ਤੇ ਖੁਦਮੁਖਤਿਆਰ ਕੌਮਾਂ ਵਿਚ ਵਿਚਰਦੀ ਹੈ ਤਾਂ ਉਸ ਹਾਲਤ ਵਿਚ ਉਹ ਉਹਨਾਂ ਦੇ ਸਾਹਮਣੇ ਹਰ ਪੱਖੋਂ ਛੋਟੀ ਤੇ ਨਿਮਾਣੀ ਜਿਹੀ ਅਤੇ ਵੱਟੀ ਵੱਟੀ ਪ੍ਰਤੀਤ ਹੁੰਦੀ ਹੈ। ਇਥੋਂ ਤੱਕ ਕਿ ਉਸਨੂੰ ਜੋ ਆਪਣੀ ਗੁਲਾਮੀ ਦਾ ਅਹਿਸਾਸ ਹੁੰਦਾ ਹੈ ਉਸਦੇ ਕਾਰਨ ਉਸਦੇ ਅੰਤਸ਼ ਕਰਨ ਅੰਦਰ ਪੈਦਾ ਹੋਣ ਵਾਲਾ ਹੀਨ ਭਾਵ ਉਸਨੂੰ ਸੂਲਾਂ ਵਾਂਗ ਚੁਭ ਰਿਹਾ ਹੁੰਦਾ ਹੈ।

ਮੈਨੂੰ ਤਾਂ ਪਿਛਲੇ ਕੁਝ ਸਮੇਂ ਤੋਂ ਹੋਏ ਤਜਰਬੇ ਪੱਖੋਂ ਅੱਜ ਵੀ ਇਸਤਰਾਂ ਮਹਿਸੂਸ ਹੋ ਰਿਹਾ ਹੈ ਕਿ ਗੁਲਾਮੀ ਦਾ ਜੀਵਨ ਹੰਢਾਉਣ ਵਾਲੀ ਕਿਸੇ ਵੀ ਕੌਮ ਦਾ ਅਜ਼ੀਮ ਫਲਸਫਾ, ਸਿਧਾਂਤ, ਵਿਰਸਾ ਤੇ ਇਤਿਹਾਸ ਆਜ਼ਾਦ ਤੇ ਖੁਦਮੁਖਤਿਆਰ ਕੌਮਾਂ ਦੀਆਂ ਨਜ਼ਰਾਂ ਵਿਚ ਜੇ ਬਿਲਕੁਲ ਬੇ ਅਸਰ ਨਹੀਂ ਹੁੰਦਾ ਤਾਂ ਉਸ ਹਾਲਤ ਵਿਚ ਵੀ ਉਸ ਕੌਮ ਦੀਆਂ ਇਹ ਸਭ ਖੂਬੀਆਂ ਤੇ ਮਹਾਨਤਾਵਾਂ ਉਹਨਾਂ ਨੂੰ ਅਮਲੀ ਰੂਪ ਵਿਚ ਪ੍ਰਭਾਵਤ ਤੇ ਆਕਰਸ਼ਤ ਨਹੀਂ ਕਰ ਰਹੀਆਂ ਹੁੰਦੀਆਂ। ਬੀਤੇ ਵਿਚ ਉਸਦਾ ਭਾਵੇਂ ਕਿੰਨਾ ਵੀ ਬੋਲ ਬਾਲਾ ਕਿਉਂ ਨਾ ਰਿਹਾ ਹੋਵੇ, ਪਰ ਦੁਨੀਆਂ ਦੇ ਆਜ਼ਾਦ ਲੋਕ ਤੇ ਸੁਤੰਤਰ ਤਾਕਤਾਂ ਉਸਨੂੰ ਵਰਤਮਾਨ ਸਮੇਂ ਦੀਆਂ ਕਦਰਾਂ ਕੀਮਤਾਂ ਦੀ ਤੱਕੜੀ ਨਾਲ ਤੋਲਦੇ ਹਨ।

ਮੈਨੂੰ ਤਾਂ ਪਿਛਲੇ ਕੁਝ ਸਮੇਂ ਤੋਂ ਇਸ ਗੱਲ ਦਾ ਕੋਈ ਭੁਲੇਖਾ ਨਹੀਂ ਸੀ ਰਿਹਾ ਕਿ ਸਿੱਖ ਕੌਮ ਨੂੰ ਹਿੰਦੂ ਰਾਜ ਵਿਚ ਅੱਜ ਕਿਹੜੇ ਪੱਖੋਂ ਢਾਹ ਲਗੀ ਹੋਈ ਹੈ। ਮੇਰੇ ਸਾਹਮਣੇ ਹੁਣ ਇਹ ਗੱਲ ਸਪਸ਼ਟ ਹੈ ਕਿ ਕਿਸੇ ਗੁਲਾਮ ਕੌਮ ਦੀਆਂ ਮਾਨਸਿਕ ਬੌਧਕ ਤੇ ਸਰੀਰਕ ਸ਼ਕਤੀਆਂ ਅਤੇ ਉਸਦੇ ਹੋਰ ਸਭ ਪਰਕਾਰ ਦੇ ਗੁਣ ਲਖਣਾ ਦੀਆਂ ਖੂਬੀਆਂ ਹੌਲੀ ਹੌਲੀ ਕਰਕੇ ਆਪਣੀ ਜੋਤਨਾ ਤੇ ਸ਼ਕਤੀ ਤੋਂ ਵਾਂਝੀਆਂ ਹੁੰਦੀਆਂ ਰਹਿੰਦੀਆਂ ਨੇ ਅਤੇ ਉਸਦੇ ਆਪਣੇ ਕੌਮੀ ਸਮਾਜਕ ਢਾਂਚੇ ਵਿਚ ਅਨੇਕ ਪ੍ਰਕਾਰ ਦੀਆਂ ਵਿੱਥਾਂ ਤੇ ਤ੍ਰੇੜਾਂ ਪੈ ਜਾਂਦੀਆਂ ਨੇ। ਇਸ ਤੋਂ ਇਲਾਵਾ ਕਿਸੇ ਵੀ ਗੁਲਾਮ ਕੌਮ ਦੀ ਦੋਸਤੀ ਤੋਂ ਕਿਸੇ ਵੀ ਦੂਸਰੀ ਕੌਮ ਨੂੰ ਕਿਸੇ ਪਰਕਾਰ ਦਾ ਕੋਈ ਲਾਭ ਨਹੀਂ ਹੁੰਦਾ ਜਿਸ ਕਰਕੇ ਉਸਦੇ ਦੋਸਤ ਸਹਿਯੋਗੀ ਤੇ ਮਦਦਗਾਰ ਕਿਧਰੇ ਵਿਰਲੇ ਟਾਵੇਂ ਹੀ ਹੁੰਦੇ ਹਨ, ਜਦੋਂ ਕਿ ਉਸਦੇ ਦੁਸ਼ਮਣਾ ਦਾ ਘੇਰਾ ਬਹੁਤ ਵਿਸ਼ਾਲ ਹੁੰਦਾ ਹੈ। ਜੇ ਕਿਧਰੇ ਕਿਸੇ ਗੁਲਾਮ ਕੌਮ ਉਪਰ ਕੋਈ ਭਾਰੀ ਮੁਸੀਬਤ ਤੇ ਔਕੜ ਆ ਜਾਵੇ ਤਾਂ ਉਸ ਹਾਲਤ ਵਿਚ ਉਸ ਪਾਸ ਮੁਨਾਸਬ ਸਾਧਨ ਵਸੀਲੇ ਨਾ ਹੋਣ ਕਰਕੇ ਚਪੂਆਂ ਤੋਂ ਵਾਂਝੀ ਨੌਕਾ ਵਾਂਗ ਦਰਿਆਈ ਵਹਿਣ ਵਿਚਲੀਆਂ ਲਹਿਰਾਂ ਦੇ ਥਪੇੜੇ ਖਾਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਹੁੰਦਾ। ਕਿਸੇ ਵੀ ਗੁਲਾਮ ਕੌਮ ਦੇ ਬੱਚੇ ਤੇ ਜਵਾਨ ਉਹ ਕੁਝ ਪ੍ਰਾਪਤ ਨਹੀਂ ਕਰ ਸਕਦੇ ਜੋ ਆਜ਼ਾਦ ਤੇ ਖੁਦਮੁਖਤਿਆਰ ਕੌਮਾਂ ਦੀਆਂ ਸੰਤਾਨਾਂ ਨੂੰ ਐਵੇਂ ਸੁਤੇ ਸਿਧ ਰੂਪ 'ਚ ਹੀ ਉਹ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ ਅਤੇ ਜੋ ਉਹਨਾਂ ਦੇ ਜੀਵਨ ਨੂੰ ਹਰ ਪੱਖੋਂ ਸਫਲ ਤੇ ਨਿਪੁੰਨ ਬਣਾ ਦੇਂਦਾ ਹੈ। ਗੁਲਾਮ ਕੌਮਾਂ ਦੀਆਂ ਸੰਤਾਨਾਂ ਤਾਂ ਦੁਨੀਆਂ ਦੀ ਕਿਸੇ ਵੀ ਦੌੜ ਵਿਚ ਸ਼ਾਮਲ ਹੋਣ ਦੇ ਅਵਸਰ ਤੋਂ ਅਕਸਰ ਵਾਂਝੀਆਂ ਹੀ ਰਹਿ ਜਾਂਦੀਆਂ ਨੇ। ਇਥੋਂ ਤੱਕ ਕਿ ਉਸਦੀਆਂ ਖੂਬੀਆਂ ਵਡਿਆਈਆਂ ਨੂੰ ਕੋਈ ਖਾਸ ਮਹਾਨਤਾ ਨਹੀਂ ਦਿਤੀ ਜਾਂਦੀ। ਗੁਲਾਮ ਕੌਮ ਦੀ ਤਾਂ ਆਪਣੀ ਹਸਤੀ ਤੱਕ ਅਤੇ ਉਸਦਾ ਵਿਰਸਾ ਸਭਿਆਚਾਰ ਅਤੇ ਉਸਦਾ ਵਰਤਮਾਨ ਤੇ ਭਵਿਖ ਤੱਕ ਸਭ ਕੁਝ ਹੀ ਖਤਰਿਆਂ ਵਿਚ ਘਿਰਿਆ ਰਹਿੰਦਾ ਹੈ ਕਿਉਂਕਿ ਸਮੇਂ ਦੀਆਂ ਹਵਾਵਾਂ ਤੇ ਰੌਆਂ ਅਕਸਰ ਉਸਦੇ ਉਲਟ ਵਗਦੀਆਂ ਤੇ ਚਲਦੀਆਂ ਰਹਿੰਦੀਆਂ ਨੇ। ਜਿਸਦੇ ਸਿੱਟੇ ਵਜੋਂ ਉਸਦੀ ਸ਼ਕਤੀ ਤੇ ਉਸਦਾ ਸਮਾਂ ਪੈਰ ਪੈਰ ਉਪਰ ਐਵੇਂ ਵਾਧੂ ਦੀਆਂ ਔਕੜਾਂ ਮੁਸੀਬਤਾਂ ਨਾਲ ਟਕਰਾ ਟਕਰਾ ਕੇ ਆਪਣਾ ਨੂਰ ਤੇ ਜਲਵਾ ਗਵਾਉਂਦੇ ਰਹਿੰਦੇ ਨੇ।

ਖਾਲਸਾ ਪੰਥ ਲਈ ਤਾਂ ਆਪਣਾ ਰਾਜ ਭਾਗ ਇਸ ਲਈ ਵੀ ਜ਼ਰੂਰੀ ਹੈ ਕਿ ਇਸ ਧਰਤ ਦੁਨੀਆਂ ਦੇ ਕਿਸੇ ਹਿੱਸੇ ਵਿਚ, ਹਰ ਪੱਖੋਂ ਸੰਪੂਰਨ ਕੌਮ ਹੋਣ ਦੇ ਬਾਵਜੂਦ ਬੁਹੜੀ ਜਿੰਨੀ ਧਰਤੀ ਦਾ ਵੀ ਕੋਈ ਐਸਾ ਟੁਕੜਾ ਨਹੀਂ ਜਿਸ ਨੂੰ ਸੰਸਾਰ ਦੇ ਲੋਕ ਸਿੱਖਾਂ ਦੀ ਸਲਤਨਤ ਕਰਕੇ ਮੰਨਦੇ ਹੋਣ ਜਦੋਂ ਕਿ ਇਸ ਦੁਨੀਆਂ ਅੰਦਰ ਮੁਸਲਮਾਨ, ਈਸਾਈ ਤੇ ਯਹੂਦੀ ਆਦਿ ਕੌਮਾਂ ਦਾ ਕਈ ਕਈ ਦੇਸ਼ਾਂ ਉਪਰ ਆਪਣਾ ਰਾਜ ਕਾਇਮ ਹੈ ਅਤੇ ਹਿੰਦੂਆਂ ਦਾ ਦੱਖਣੀ ਏਸ਼ੀਆ ਦੇ ਇਕ ਬਹੁਤ ਵੱਡੇ ਭਾਗ ਉਪਰ



ਜਿਸਨੂੰ ਇਹ ਬੜੇ ਫਖਰ ਨਾਲ ਭਾਰਤੀ ਉਪ ਮਹਾਂਦੀਪ ਅਰਥਾਤ ਭਾਰਤ ਦਾ ਨਾ ਦਈ ਬੈਠੇ ਹਨ, ਕਬਜ਼ਾ ਹੈ। ਇਸ ਲਈ ਸਿੱਖ, ਹੁਣ ਦਮ ਉਦੋਂ ਹੀ ਲੈਣਾ ਹੈ ਜਦੋਂ ਖਾਲਸਾ ਰਾਜ ਦੀ ਸਥਾਪਨਾ ਕਰ ਲੈਣੀ ਹੈ।'

ਜਦ ਭਾਈ ਅਮਰੀਕ ਸਿੰਘ ਆਪਣੇ ਪਾਸ ਬੈਠੇ ਨੌਜਵਾਨਾਂ ਨੂੰ ਖਾਲਸਾ ਪੰਥ ਦੇ ਨਾਂ, ਇਕ ਪਰਕਾਰ ਨਾਲ ਵਸੀਅਤ ਦੇ ਰੂਪ ਵਿਚ ਸੁਨੇਹਾ ਦੇ ਰਹੇ ਸਨ ਤਾਂ ਉਸ ਸਮੇਂ ਉਹਨਾਂ ਉਪਰ ਬੇਹੋਸ਼ੀ ਅਰਥਾਤ ਸਦੀਵੀ ਨੀਂਦ ਦੀ ਖੁਮਾਰੀ ਛਾਉਂਦੀ ਤੁਰੀ ਜਾ ਰਹੀ ਸੀ ਅਤੇ ਆਤਮਾ ਦਾ ਭੌਰ ਸਰੀਰ 'ਚੋਂ ਉਡਾਰੀ ਮਾਰਨ ਲਈ ਪਰ ਤੋਲ ਰਿਹਾ ਲਗਦਾ ਸੀ ਪਰ ਖਾਲਿਸਤਾਨ ਜ਼ਿੰਦਾ ਬਾਦ ਦਾ ਨਾਅਰਾ ਫਿਰ ਵੀ ਭਿੰਨੀ ਭਿੰਨੀ ਤੇ ਮਧਮ ਜਿਹੀ ਸੁਰ ਵਿਚ ਜ਼ਬਾਨ ਤੇ ਬੁਲ੍ਹੀਆਂ 'ਚੋਂ ਸੁੱਚੇ ਮੋਤੀਆਂ ਵਾਂਗ ਕਿਰ ਰਿਹਾ ਸੀ।

ਜਿਸ ਸਮੇਂ ਭਾਈ ਅਮਰੀਕ ਸਿੰਘ ਮਨੁੱਖੀ ਜਾਮੇ ਅਰਥਾਤ ਜੀਵਨ ਯਾਤਰਾ ਦੇ ਅੰਤਮ ਪੜਾ ਚੋਂ ਦੀ ਗੁਜ਼ਰ ਰਹੇ ਸਨ ਤਾਂ ਉਸ ਸਮੇਂ ਉਥੋਂ ਕੁਝ ਫਾਸਲੇ ਉਪਰ ਝੂਲ ਰਹੇ ਮੀਰੀ ਪੀਰੀ ਦੇ ਨਿਸ਼ਾਨ ਸਾਹਿਬਾਂ ਦੇ ਬਿਲਕੁਲ ਕੋਲੋਂ ਇਨ੍ਹਾਂ ਤੁੱਕਾਂ ਦੇ ਬੋਲ ਅਤੇ ਸ੍ਰੀ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਸਾਹਿਬ ਦੀ ਫਜ਼ਾ ਵਿਚ ਮਿਠੀਆਂ ਮਿਠੀਆਂ ਅਤੇ ਅਲਾਹੀ ਮਸਤੀ ਦੇ ਰੰਗ ਤੇ ਸਰੂਰ ਵਿਚ ਰਮੀਆਂ ਰਮੀਆਂ ਹੋਈਆਂ ਸੁਰਾਂ ਹੌਲੀ ਹੌਲੀ ਕਰਕੇ ਘੁਲਦੀਆਂ ਮਿਲਦੀਆਂ ਤੇ ਅਲੋਪ ਹੁੰਦੀਆਂ ਜਾ ਰਹੀਆਂ ਸਨ।

ਧਰਮ ਸਿਰ ਦਿੱਤਿਆਂ ਬਾਜ ਨਹੀਂ ਰਹਿਣਾ
ਧਰਮ ਸਿਰ ਦਿੱਤਿਆਂ ਬਾਜ ਨਹੀਂ ਰਹਿਣਾ

ਇਹ ਤੁੱਕਾਂ ਅਤੇ ਸੁਰਾਂ ਧਾਰਨਾਵਾਂ ਉਸੇ ਹੀ ਆਵਾਜ਼ ਤੇ ਅੰਦਾਜ਼ ਵਿਚ ਅਲਾਪੀਆਂ ਜਾ ਰਹੀਆਂ ਸਨ ਜਿਸ ਆਵਾਜ਼ ਤੇ ਅੰਦਾਜ਼ ਵਿਚ ਇਨ੍ਹਾਂ ਤੁਕਾਂ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਕਸਰ ਸੰਗਤਾਂ ਦੇ ਸਨਮੁਖ ਗਾਇਨ ਕਰਦੇ ਹੁੰਦੇ ਸਨ ਅਤੇ ਸੰਗਤਾਂ ਬੜੇ ਜੋਸ਼ ਤੇ ਉਤਸ਼ਾਹ ਨਾਲ ਇਨ੍ਹਾਂ ਤੁਕਾਂ ਨੂੰ ਉਸੇ ਹੀ ਸੁਰ ਨਾਲ ਤੇ ਅੰਦਾਜ਼ ਵਿਚ ਪਿਛੇ ਪਿਛੇ ਪੜ੍ਹ ਰਹੀਆਂ ਹੁੰਦੀਆਂ ਸਨ।

ਇਸੇ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਸ੍ਰੀ ਹਰਿਮੰਦਰ ਸਾਹਿਬ ਦੇ ਸਨਮੁਖ ਤੇ ਮੀਰੀ ਪੀਰੀ ਦੇ ਨਿਸ਼ਾਨ ਸਾਹਿਬਾਂ ਦੀ ਛਤਰ ਛਾਇਆ ਹੇਠ ਜ਼ਖਮੀ ਹਾਲਤ ਵਿਚ ਵੀ ਹਿੰਦੂ ਸਾਮਰਾਜ ਦੀਆਂ ਫੌਜਾਂ, ਤੋਪਾਂ ਮਸ਼ੀਨ ਗੰਨਾਂ ਅਤੇ ਉਸਦੇ ਟੈਂਕਾਂ ਦੇ ਮੁਕਾਬਲੇ ਜੂਝਦਿਆਂ ਹੋਇਆਂ, ਜੋ ਸਿੰਘ ਸ਼ਹੀਦੀ ਜਾਮ ਬੁੱਲਾਂ ਨੂੰ ਲਾਈ ਬੈਠੇ ਸਨ ਉਹਨਾਂ ਦੇ ਸਾਰਿਆਂ ਦੇ ਬੋਲਾਂ ਦੀਆਂ ਗੜੱਗਜ ਧੁਨੀਆਂ 'ਚੋਂ ਵੀ ਖਾਲਸਾ ਜੀ ਦੇ ਬੋਲ ਬਾਲੇ, ਰਾਜ ਕਰੇਗਾ ਖਾਲਸਾ, ਖਾਲਿਸਤਾਨ ਜ਼ਿੰਦਾ ਬਾਦ ਦੇ ਨਾਅਰੇ ਜੈਕਾਰੇ ਹੀ ਗੂੰਜਦੇ ਹੋਏ ਸੁਣਾਈ ਦੇ ਰਹੇ ਸਨ।

ਗੁਰੂ ਪੰਥ ਦਾ ਦਾਸ
ਲੇਖਕ — ਬਲਬੀਰ ਸਿੰਘ ਸੰਧੂ

## ਸਵੈਯਾ

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ,
ਨਿਸਚੈ ਕਰਿ ਆਪਨੀ ਜੀਤ ਕਰੋਂ॥
ਅਰੁ ਸਿਖਹੋਂ ਆਪਨੇ ਹੀ ਮਨ ਕੌ,
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ॥੨੩੧॥

*Published by:*
**SIKH INFORMATION CENTRE U.K.**
**84 Westbourne Park Road, London W2. U.K.**